# ਅੱਧੀ ਘੜੀ

ਅਨੁਵਾਦ : ਸੋਹਣ ਸਿੰਘ

Ara Nazhika Neram
(Half an Hour Only)
is a Malayalam novel
written by Parappurath
in 1967



www.PunjabiLibrary.com

# ਅੱਧੀ ਘੜੀ

ਪਾਰੱਪੂਰੱਤੂ

ਅਨੁਵਾਦ

ਸੋਹਣ ਸਿੰਘ

ਨੈਸ਼ਨਲ ਬੁਕ ਟਰੱਸਟ, ਇੰਡੀਆ

1989 (ਸ਼ੱਕ ਸੰਮਤ 1911)
ਪੰਜਾਬੀ ਅਨੁਵਾਦ © ਨੈਸ਼ਨਲ ਬੁਕ ਟਰੱਸਟ, ਇੰਡੀਆ
Addhi Ghari by Parappuratttu Punjabi Translation of Aranazhikaneram Originally Published in Malayalam.
ਮੁੱਲ : 26.00
ਡਾਇਰੈਕਟਰ, ਨੈਸ਼ਨਲ ਬੁਕ ਟਰੱਸਟ, ਇੰਡੀਆ, ਏ-5, ਗਰੀਨ ਪਾਰਕ,
ਨਵੀਂ ਦਿੱਲੀ-110016 ਵਲੋਂ ਪ੍ਰਕਾਸ਼ਤ ।

# ਪ੍ਰਸਤਾਵਨਾ

ਕੇਰਲ ਰਾਜ ਵਿਚ ਛਪਾਈ ਦੀ ਕਲਾ ਦਾ ਆਰੰਭ ਪੱਛਮੀ ਧਰਮ ਪ੍ਰਚਾਰਕਾਂ ਦੁਆਰਾ ਕੀਤਾ ਗਿਆ ਸੀ। ਮਲਿਆਲਮ ਗੱਦ ਦੇ ਵਿਕਾਸ ਦੀ ਪ੍ਰੇਰਨਾ ਦਾ ਸਿਹਰਾ ਵੀ ਉਨ੍ਹਾਂ ਦੇ ਸਿਰ ਹੀ ਹੈ। ਇਸ ਸਾਹਿਤ ਵਿਚ 'ਨਾਵਲ' ਧਾਰਾ ਦਾ ਆਰੰਭ ਅੰਗਰੇਜ਼ੀ ਸਿਖਿਆ ਦਾ ਪਰਿਣਾਮ ਸੀ। ਇਸ ਧਾਰਾ ਦੀਆਂ ਸ਼ੁਰੂ ਸ਼ੁਰੂ ਦੀਆਂ ਕਿਰਤਾਂ ਜਾਂ ਤਾਂ ਅੰਗ੍ਰੇਜ਼ੀ ਕਿਰਤਾਂ ਦਾ ਰੂਪਾਂਤਰ ਸਨ ਜਾਂ ਉਨ੍ਹਾਂ ਦੀ ਨਕਲ। ਚਿਦੰਬਰ ਵਾਧਿਯਾਰ ਨੇ ('ਐਜ ਯੂ ਲਾਈਕ ਇਟ' ਨੂੰ 'ਕਾਮਾਕਸ਼ੀ ਚਰਿਤਮ' ਦੇ ਨਾਂ ਹੇਠ ਅਨੁਵਾਦ ਕੀਤਾ। ਆਰਚ-ਤੀਕਨ ਉਮੰਨ ਕੋਸ਼ੀ ਨੇ ਪੱਲੇਲੀਕੰਚੁ ਲਿਖੀ, ਪੀ. ਵੇਲਾਯੁਧਨ ਨੇ ਸ਼ੈਕਸਪੀਅਰ ਦਾ 'ਪੈਰੀਕਲਿਸ' ਨਾਟਕ 'ਪਰਿਕਲੇਸ ਰਾਜ ਦੀ ਕਥਾ' ਦੇ ਨਾਂ ਹੇਠ ਪੇਸ਼ ਕੀਤਾ। ਅਜੇ ਵੀ ਇਸ ਗੱਲ ਤੇ ਵਾਦ-ਵਿਵਾਦ ਚਲਦਾ ਹੈ ਕਿ ਇਨ੍ਹਾਂ ਸੱਜਨਾਂ ਨੂੰ ਪ੍ਰਾਰੰਭਕਾਲ ਦੇ ਨਾਵਲਕਾਰ ਮੰਨਣਾ ਕਿਥੋਂ ਤੱਕ ਠੀਕ ਹੈ। ਕਾਰਨ ਇਹ ਹੈ ਕਿ ਇਨ੍ਹਾਂ ਦੀਆਂ ਰਚਨਾਵਾਂ ਵਿਚ ਉਪਨਿਆਸੀ ਪ੍ਰਵਿਰਤੀਆਂ ਨਹੀਂ ਮਿਲਦੀਆਂ।

ਸਾਹਿਤ-ਇਤਿਹਾਸ ਦੇ ਰਚਨ ਵਾਲਿਆਂ ਸ਼ਾਇਦ ਉਪਰੋਕਤ ਦੁਬਿਧਾ ਦੇ ਕਾਰਨ ਹੀ 'ਕੁੰਦਲਤਾ' ਦੇ ਰਚਨਹਾਰ ਅਧੂ ਨੇਟੁਵਾਦੀ ਨੂੰ ਸਰਵਪ੍ਰਥਮ ਮਲਿਆਲਮ ਉਪਨਿ-ਆਸਕਾਰ ਮੰਨਿਆ ਹੈ। ਇਸ ਪੁਸਤਕ ਦਾ ਪਹਿਲਾ ਸੰਸਕਰਣ ਸੰਨ 1887 ਈਸਵੀ ਵਿਚ ਛਪਿਆ ਸੀ। ਕਥਾ ਵਸਤੂ ਦੇ. ਗਠਨ ਜਾਂ ਚਰਿੱਤਰ ਚਿੱਤਰਣ ਵਿਚ ਉਹ ਭਾਵੇਂ ਅਸਫ਼ਲ ਰਿਹਾ ਹੋਵੇ, ਤਾਂ ਵੀ ਇਹ ਹੀ ਅਜਿਹੀ ਪਹਿਲੀ ਮਲਿਆਲਮ ਰਚਨਾ ਹੈ ਜਿਸ ਵਿਚ ਨਾਵਲ ਦੀਆਂ ਖੂਬੀਆਂ ਮਿਲਦੀਆਂ ਹਨ। ਅਗੇ ਚਲ ਕੇ ਓ. ਚੰਤੂਮੇਨੋਨ ਅਤੇ ਸੀ. ਵੀ. ਰਾਮਨ ਪਿੱਲੇ ਨੇ ਮਲਿਆਲਮ ਨਾਵਲ ਧਾਰਾ ਨੂੰ ਚਿਰ ਪ੍ਰਤਿਸ਼ਠਾ ਅਤੇ ਪ੍ਰਚਾਰ ਦਾ ਗੌਰਵ ਦਿਤਾ। ਚੰਤੂਮੇਨੋਨ ਨੇ 'ਸਾਮੁਦਾਇਕ' (ਸਮੁਦਾਏ ਤੋਂ ਮਤਲਬ ਉਪਜਾਤੀਗਤ ਸਮਾਜ ਤੋਂ ਹੈ) ਘਟਨਾਵਾਂ ਦੇ ਆਧਾਰ ਤੇ ਸਮੁਦਾਇ ਸੁਧਾਰਕ ਨਾਵਲ ਲਿਖੇ। ਸੀ. ਵੀ. ਰਾਮਨ ਪਿੱਲੇ ਨੇ ਇਤਿਹਾਸਕ ਨਾਵਲ ਲਿਖੇ। ਦੇਸ ਦੀਆਂ ਇਤਿਹਾਸਕ ਅਤੇ ਰਾਜਨੀਤਿਕ ਘਟਨਾਵਾਂ ਨੂੰ ਕਥਾ ਵਸਤੂ ਦੇ ਰੂਪ ਵਿਚ ਸਵੀਕਾਰ ਕਰਕੇ ਉਨ੍ਹਾਂ ਨੇ ਆਪਣੀਆਂ ਰਚਨਾਵਾਂ ਵਿਚ ਪੂਰਵਜਾਂ ਦੇ ਸਾਹਸ, ਪੁਰਸ਼ਾਰਥ ਤੇ ਰਾਜਭਗਤੀ ਦਾ ਉਜਲ ਪੱਖ ਪੇਸ਼ ਕੀਤਾ। ਅਜ ਵੀ ਇਹ ਦੋਵੇਂ ਮਲਿਆਲਮ ਨਾਵਲ-ਜਗਤ ਦੇ

ਮਹਾਰਥੀ ਦੇ ਉਚ ਪਦ ਉਤੇ ਬਿਰਾਜਮਾਨ ਹਨ। ਚੰਤੂਮੇਨੋਨ ਦੀ 'ਇੰਦੂਲੇਖਾ' ਅਤੇ 'ਸ਼ਾਰਦਾ' ਦੀ ਲੋਕਪ੍ਰਿਯਤਾ ਤੇ ਪ੍ਰਚਾਰ ਨੇ ਕਈ ਪ੍ਰਤਿਭਾਹੀਨ ਨਕਲੀਏ ਪ੍ਰੇਮੀ ਸਾਹਿਤ-ਕਾਰਾਂ ਨੂੰ ਇਸ ਨਵੀਂ ਦਿਸ਼ਾ ਵਲ ਖਿੱਚ ਲਿਆ। ਇਸ ਦੇ ਫਲਸਰੂਪ ਮਲਿਆਲਮ ਵਿਚ ਕਿੰਨੇ ਹੀ ਸਮਾਜਿਕ ਨਾਵਲ ਲਿਖੇ ਗਏ, ਜਿਨ੍ਹਾਂ ਵਿਚੋਂ ਬਹੁਤੇ ਬਿਲਕੁਲ ਹੀ ਥੋਥੇ ਤੇ ਸਾਧਾਰਨ ਪੱਧਰ ਦੇ ਸਨ। ਸੀ. ਵੀ. ਰਾਮਨ ਪਿੱਲੇ ਦੇ ਪ੍ਰਮੁਖ ਇਤਿਹਾਸਿਕ ਨਾਵਲ 'ਮਾਰਤੰਡ ਵਰਮਾ', 'ਰਾਮਰਾਜਾ ਬਹਾਦੁਰ' ਅਤੇ 'ਧਰਮਰਾਜਾ' ਸਨ। ਸੀ. ਵੀ. ਦੀ ਨਕਲ ਕਰਨ ਵਾਲੇ ਲੋਕ ਬਹੁਤ ਘੱਟ ਸਨ। ਜਿਨ੍ਹਾਂ ਨੇ ਨਕਲ ਦੀ ਕੋਸ਼ਿਸ਼ ਕੀਤੀ ਉਹ ਵੀ ਅਸਫ਼ਲ ਰਹੇ।

ਮਲਿਆਲਮ ਨਾਵਲ-ਜਗਤ ਦਾ ਇਕ ਹੋਰ ਪ੍ਰਮੁੱਖ ਲੇਖਕ ਰਾਮਵਰਮਾ ਅੱਪਨ ਤੰਪੂਰਾਨ ਸੀ। ਉਨ੍ਹਾਂ ਦੀਆਂ ਪ੍ਰਸਿੱਧ ਰਚਨਾਵਾਂ 'ਭੂਤਰਾਯਰ' ਅਤੇ 'ਭਾਸਕਰਮੇਨੋਨ ਪ੍ਰਾਚੀਨ ਕੇਰਲ ਦੇ ਇਤਿਹਾਸ ਨਾਲ ਸੰਬੰਧਿਤ ਲੋਕਗਾਥਾਵਾਂ 'ਤੇ ਆਧਾਰਿਤ ਹਨ। 'ਭਾਸਕਰਮੇਨੋਨ' ਮਲਿਆਲਮ ਦਾ ਸਭ ਤੋਂ ਪਹਿਲਾ ਜਾਸੂਸੀ ਨਾਵਲ ਸੀ। ਉਨੀਵੀਂ ਸਦੀ ਦੇ ਆਖਰੀ ਸਾਲਾਂ ਵਿਚ ਕੁਝ ਸੁਤੰਤਰ-ਚਿੱਤ ਲੇਖਕਾਂ ਨੇ ਰਾਜਨੀਤਿਕ ਨਾਵਲਾਂ ਦੀ ਰਚਨਾ ਕੀਤੀ।

ਇਨ੍ਹਾਂ ਉਪਨਿਆਸਾਂ ਦੀ ਕਥਾ ਵਸਤੂ ਵਿਚ ਰਾਜ ਦੇ ਪ੍ਰਸ਼ਾਸਕਾਂ ਦੀਆਂ ਕਮੀਆਂ ਤੇ ਰੋਸ਼ਨੀ ਪਾਈ ਜਾਂਦੀ ਸੀ—ਪ੍ਰਸ਼ਾਸਕਾਂ ਨੂੰ ਖ਼ੂਬ ਫਿਟਕਾਰ ਪਾਈ ਜਾਂਦੀ ਸੀ। ਕੇ ਨਾਰਾਇਨ ਕੁਰੁੱਕਲ ਦੇ ਲਿਖੇ 'ਪਾਰੱਪੁਰਮ' ਅਤੇ 'ਉਦਯਭਾਨੂ' ਇਸੇ ਸ਼੍ਰੇਣੀ ਦੇ ਗ੍ਰੰਥ ਸਨ। ਇਨ੍ਹਾਂ ਦੋਨਾਂ ਦੇ ਪ੍ਰਕਾਸ਼ਨ ਵਿਚ ਸੁਦੇਸ਼ ਅਭਿਮਾਨੀ ਰਾਮਕ੍ਰਿਸ਼ਨ ਪਿੱਲੇ ਦਾ ਸਕ੍ਰਿਅਕ ਸਹਿਯੋਗ ਬਹੁਤ ਮਹੱਤਵਪੂਰਣ ਸੀ। ਟ੍ਰਾਵਨਕੋਰ ਰਿਆਸਤ ਦੀ ਸਰਕਾਰ ਨੇ ਬਾਅਦ ਵਿਚ ਆਪ ਹੁਦਰੇ ਪ੍ਰਕਾਸ਼ਕਾਂ ਨਾਲ ਸੰਘਰਸ਼ ਦੇ ਫਲਸਰੂਪ ਰਾਮਕ੍ਰਿਸ਼ਨ ਪਿੱਲੇ ਨੂੰ ਰਾਜ ਨਿਕਾਲੇ ਦਾ ਕਠੋਰ ਦੰਡ ਦਿਤਾ।

ਉਨੀਵੀਂ ਸਦੀ ਦੇ ਆਖਰੀ ਪੰਜੀ ਸਾਲਾਂ ਤੇ ਵੀਹਵੀਂ ਸਦੀ ਦੇ ਪਹਿਲੇ ਚਰਨ ਨੇ ਅਨੇਕਾਂ ਮਲਿਆਲਮ ਨਾਵਲ ਵੇਖੇ। ਪਰ ਇਨ੍ਹਾਂ ਵਿਚ ਬਹੁਤੇ ਕੋਰੀ ਨਕਲ ਹੀ ਸਨ ਤੇ ਸਥਾਈ ਗੌਰਵ ਨਾ ਪ੍ਰਾਪਤ ਕਰ ਸਕੇ। ਉਸ ਜਮਾਨੇ ਦੇ ਲੇਖਕ ਸ਼ਾਇਦ ਪੜ੍ਹੀ ਜਾਣ ਲਾਇਕ ਮਨੋਰੰਜਕ ਕਥਾ ਸੁਨਾਣ ਤੋਂ ਵਧ ਕੋਈ ਹੋਰ ਡੂੰਘਾ ਮਨਸ਼ਾ ਨਹੀਂ ਸਨ ਰਖਦੇ। ਮੁੱਠੀਭਰ ਰਚਨਹਾਰ ਬੇਸ਼ਕ ਸਮਾਜਿਕ ਸੁਧਾਰ ਦੇ ਇਰਾਦੇ ਨਾਲ ਲਿਖਦੇ ਸਨ। ਪਰ ਕਲਾ ਦੇ ਪੱਖੋਂ ਕਮਜ਼ੋਰ ਹੋਣ ਕਾਰਨ ਇਹ ਸੁਧਾਰ-ਪ੍ਰਚਾਰਕ ਨਾਵਲ ਵਧੀਆ ਨਾਵਲਾਂ ਦਾ ਰੂਪ ਨਾ ਧਾਰ ਸਕੇ। ਸਵਾਧੀਨਤਾ ਸੰਗ੍ਰਾਮ, ਵਿਦੇਸ਼ੀ ਹਕੂਮਤ ਦੀ ਵਿਰੋਧਤਾ, ਸਮਾਜਿਕ ਕ੍ਰਾਂਤੀ ਦੀ ਅਭਿਲਾਸ਼ਾ ਅਤੇ ਮਾਰਕਸਵਾਦੀ ਵਿਚਾਰਧਾਰਾ ਦੇ ਪ੍ਰਭਾਵ ਜਿੰਨੀਂ ਦਿਨੀਂ ਕੇਰਲ ਦੇ ਸਾਹਿਤਕਾਰਾਂ ਦੀ ਸਿਰਜਣ-ਚੇਤਨਾ ਤੇ ਪੈਣ ਲੱਗੇ, ਉਨ੍ਹਾਂ ਦਿਨਾਂ ਵਿਚ ਮਲਿਆਲਮ ਦੇ ਕਥਾ-ਸਾਹਿਤ ਵਿਚ ਨਵੀਂ ਪ੍ਰਗਤੀ ਹੋਣ ਲਗ ਪਈ। ਪਿਛਲੇ ਪੰਜਾਹ ਸਾਲਾਂ ਦੇ ਦੌਰਾਨ ਮਲਿਆਲਮ ਵਿਚ ਕਈ ਅਜਿਹੇ ਸਿਰਜਨਸ਼ੀਲ ਰਚਨਹਾਰ ਹੋਏ ਜੋ ਕਹਾਣੀ ਲਿਖਣ ਦੇ ਬਾਅਦ ਨਾਵਲ ਦੇ ਖੇਤਰ ਵਿਚ ਆਏ। ਇਨ੍ਹਾਂ ਨੇ ਕਿਰਤਾਂ ਦੇ ਅੰਤਰੀਵ ਤੱਤਾਂ ਅਤੇ ਬਾਹਰਲੀ ਘਾੜਤ ਨੂੰ ਨਵਾਂ ਰੂਪ ਰੰਗ ਦਿਤਾ।

ਇਸ ਲੇਖਕਗਣ ਨੇ ਇਸ ਸਿਧਾਂਤ ਨੂੰ ਮੰਨਦੇ ਹੋਏ ਲਿਖਣਾ ਸ਼ੁਰੂ ਕੀਤਾ ਕਿ ਸਾਹਿਤ ਕੇਵਲ ਮਨੋਰੰਜਨ ਦਾ ਸਾਧਨ ਹੀ ਨਹੀਂ ਹੁੰਦਾ, ਸਮਾਜ ਪ੍ਰਤੀ ਸਾਹਿਤਕਾਰ ਦੀ ਵਿਸ਼ੇਸ਼ ਜ਼ਿੰਮੇਵਾਰੀ ਵੀ ਹੁੰਦੀ ਹੈ। ਸਮਾਜ ਦੇ ਨਵੇਂ ਪੱਧਰ ਦੇ ਲੋਕਾਂ ਦਾ ਵਿਵਹਾਰਿਕ ਜੀਵਨ ਅਤੇ ਨਵੀਆਂ ਇਨਕਲਾਬੀ ਵਿਚਾਰਧਾਰਾਵਾਂ ਦੇ ਪਿਛੇ ਚਲਣ ਵਾਲੇ ਪਾਤਰ ਨਾਵਲ ਵਿਚ ਪੇਸ਼ ਕੀਤੇ ਜਾਣ ਲਗ ਪਏ। ਇਸ ਯੁਗ ਦੇ ਨਾਵਲਕਾਰਾਂ ਵਿਚ ਸਰਵਸ੍ਰੀ ਤਕਜ਼ਿ ਸ਼ਿਵਸ਼ੰਕਰ ਪਿੱਲੇ, ਪੀ. ਕੇਸ਼ਵਦੇਵ ਅਤੇ ਵੈਕਸ ਮੁਹੰਮਦ ਬਸ਼ੀਰ ਪ੍ਰਸਿੱਧ ਹਨ। ਤਕਜ਼ਿ ਦੇ 'ਰੰਟਿਟੰਣਜ਼ਿ' (ਦੋਸੇਰਧਾਨ), 'ਤੋਟਿਯੁਟੇ ਮਕਨ' (ਭੰਗੀ ਦਾ ਬੇਟਾ) ਅਤੇ ਚੇਮੀਨ (ਝੀਂਕਾ ਮੱਛੀ), ਕੇਸ਼ਵਦੇਵ ਦੇ 'ਓਟਯਿਲ ਨਿਨੂ' (ਨਾਲੀ ਚੋਂ), 'ਭ੍ਰਾਤਾਂਲ ਯਮ' (ਪਾਗਲਖਾਨਾ) ਤੇ 'ਅਯੱਲਕਰ' (ਪੜੋਸੀ) ਅਤੇ ਬਸ਼ੀਰ ਦੇ 'ਬਾਲਯਕਾਲਸਖੀ' ਤੇ 'ਨਟੁੱਪੁੱਪਾ-ਕੋਰਾਨੇਟਾਨੁ' (ਤੇਰੇ ਪੜਦਾਦੇ ਦਾ ਇਕ ਹਾਥੀ ਸੀ) ਮਲਿਆਲਮ ਨਾਵਲ ਜਗਤ ਦੇ ਪ੍ਰਗਤੀਪੱਥ ਦੇ ਮੀਲ ਪੱਥਰ ਸਾਬਤ ਹੋ ਚੁਕੇ ਹਨ।

ਇਸ ਦੇ ਬਾਅਦ ਦੇ ਲੇਖਕਾਂ ਵਿਚ ਐਸ. ਕੇ ਪੋਟੇਕਾਟ, ਉਰੂਬ ਆਦਿ ਹਨ। ਹੁਣ ਦੂਜੀ ਪੀੜੀ ਦੇ ਪ੍ਰਤੀਨਿਧੀ ਅਨੇਕ ਯੁਵਕ ਸਾਹਿਤਕਾਰ ਨਾਵਲ ਰਚਨਾ ਵੱਲ ਲੱਗੇ ਹਨ। ਇਨ੍ਹਾਂ ਦੀਆਂ ਰਚਨਾਵਾਂ ਉਪਨਿਆਸਧਾਰਾ ਦੀ ਗੰਭੀਰਤਾ ਤੇ ਵਿਆਪ-ਕਤਾ ਵਿਚ ਵਾਧਾ ਕਰ ਰਹੀਆਂ ਹਨ। ਇਹ ਆਪਣੀਆਂ ਰਚਨਾਵਾਂ ਵਿਚ ਅੰਤਰ-ਰਾਸ਼ਟਰੀ ਸਾਹਿਤਕ ਪ੍ਰਯੋਗ ਵੀ ਆਜਮਾ ਰਹੇ ਹਨ। ਸਰਵਸ੍ਰੀ ਪਾਰੱਪੁਰੱਤੁ, ਐਮ. ਟੀ. ਵਾਸੂਦੇਵਨ ਨਾਇਰ, ਕੇ. ਸੁਰੇਂਦ੍ਰਨ, ਜੀ. ਵਿਵੇਕਾਨੰਦਨ, ਕੋਵਿਲਨ, ਨੰਦਨਾਰ, ਮਲਯਾ-ਟੁੱਰ ਰਾਮਕ੍ਰਿਸ਼ਣ ਅਤੇ ਵਿਲਾਸਿਨੀ ਇਨ੍ਹਾਂ ਚੋਂ ਪ੍ਰਮੁੱਖ ਹਨ। ਮੁਟੱਤੂ ਵਰਕੀ ਇਸਾਈ ਪਰਿਵਾਰਕ ਵਾਤਾਵਰਣ ਨੂੰ ਬੜੇ ਸਹਿਜ ਨਾਲ ਪੇਸ਼ ਕਰਨ ਵਿਚ ਬਹੁਤ ਸਫ਼ਲ ਹੋ ਚੁੱਕੇ ਹਨ। ਇਨ੍ਹਾਂ ਨੇ ਅਨੇਕਾਂ ਨਾਵਲ ਲਿਖੇ ਹਨ। ਇਨ੍ਹਾਂ ਪ੍ਰਤਿਸ਼ਠਿਤ ਲੇਖਕਾਂ ਵਾਂਗ ਬੜੀ ਲਗਣ, ਮਿਹਨਤ ਤੇ ਸ਼ਰਧਾ ਨਾਲ ਨਾਵਲ ਰਚਨਾ ਕਰਨ ਵਾਲੇ ਹੋਰ ਵੀ ਕਈ ਵਰਨਣਯੋਗ ਲੇਖਕ ਮਲਿਆਲਮ ਸਾਹਿਤ ਦੇ ਸੰਸਾਰ ਵਿਚ ਆ ਰਹੇ ਸਨ। ਵਿਸ਼ਵ ਸਾਹਿਤ ਵਿਚ ਪ੍ਰਾਪਤ ਸਭ ਦੇ ਸਭ ਪ੍ਰਸਤੁਤੀ-ਢੰਗ ਮਾਲਿਆਲਮ ਦੇ ਨਾਵਲ ਖੇਤਰ ਵਿਚ ਮਿਲ ਜਾਂਦੇ ਹਨ। ਨਵੇਂ ਨਵੇਂ ਲੇਖਕ ਮੰਗਲਮਈ ਭਵਿਸ਼ ਦੀ ਆਸ਼ਾ ਪ੍ਰਦਾਨ ਕਰਦੇ ਹਨ।

ਸ੍ਰੀ ਕੇ. ਈ ਮੱਤਾਯੀ ਹੀ ਮਾਲਿਆਲਮ ਸਾਹਿਤ ਵਿਚ 'ਪਾਰੱਪੁਰੱਤੂ' ਓਪਨਾਮ ਨਾਲ ਪ੍ਰਸਿੱਧ ਹੋਏ। ਹਾਈ ਸਕੂਲ ਦੀ ਪੜ੍ਹਾਈ ਕਰਕੇ ਉਹ ਫ਼ੌਜ ਵਿਚ ਭਰਤੀ ਹੋ ਗਏ ਤੇ ਲੱਗਭਗ ਅੱਜ ਤੋਂ ਪੰਦਰਾਂ ਸਾਲ ਪਹਿਲਾਂ ਤੱਕ ਫ਼ੌਜੀ ਜੀਵਨ ਹੀ ਬਿਤਾਇਆ। ਉਨ੍ਹਾਂ ਸਾਹਿੱਤ ਦੇ ਪਿੜ ਵਿਚ ਸਭ ਤੋਂ ਪਹਿਲਾਂ ਫ਼ੌਜੀ ਜੀਵਨ ਬਾਰੇ ਕਹਾਣੀਆਂ ਲਿਖ ਕੇ ਹੀ ਪ੍ਰਵੇਸ਼ ਕੀਤਾ। ਇਨ੍ਹਾਂ ਵਿਚ ਫ਼ੌਜੀ ਛਾਉਣੀਆਂ ਦੀ ਅਨਜਾਣੀ ਅਨਪਛਾਣੀ ਜ਼ਿੰਦਗੀ ਦੀ ਧੁੱਪ ਛਾਂ ਦੇ ਚਿੱਤਰ ਹਨ। ਸਰਲ ਪਰ ਦਿਲ ਨੂੰ ਟੁੰਬਣ ਵਾਲੀ ਲੇਖਣੀ ਨਾਲ ਪਾਰੱਪੁਰੱਤੂ ਜਲਦੀ ਹੀ ਇਕ ਚੰਗੇ ਨਾਵਲਕਾਰ ਅਖਵਾਣ ਲਗ ਪਏ। ਦੇਸ ਦੀ ਸੁਰੱਖਿਆ ਲਈ ਜੀਵਨ ਦੀਆਂ ਕੀਮਤੀ ਘੜੀਆਂ ਨਿਛਾਵਰ ਕਰਨ ਵਾਲੇ ਜਵਾਨਾਂ ਦੇ ਬਲੀਦਾਨ, ਮੁਸ਼ਕਿਲਾਂ, ਆਸ਼ਾਵਾਂ ਤੇ ਅਭਿਲਾਸ਼ਾਵਾਂ ਮਲਿਆਲਮ

ਸਾਹਿਤ ਵਿਚ ਸ਼ਕਤੀਸ਼ਾਲੀ ਢੰਗ ਨਾਲ ਸਭ ਤੋਂ ਪਹਿਲਾਂ ਪੇਸ਼ ਕਰਨ ਦਾ ਸਿਹਰਾ ਪਾਰੱਪੂਰੱਤੂ ਸਿਰ ਹੀ ਹੈ। ਇਸ ਦਾ ਇਹ ਮਤਲਬ ਨਹੀਂ ਕਿ ਉਨ੍ਹਾਂ ਦੀ ਦ੍ਰਿਸ਼ਟੀ ਫ਼ੌਜੀ ਜੀਵਨ ਤੱਕ ਹੀ ਸੀਮਤ ਰਹੀ। ਜਿਸ ਪਿੰਡ ਵਿਚ ਉਹ ਜਨਮੇ, ਖੇਲਦੇ ਕੁੱਦਦੇ ਵੱਡੇ ਹੋਏ, ਉਸ ਦੇ ਰਹਿਣ ਵਾਲੇ ਨਿਰਛਲ ਨਰ ਨਾਰੀਆਂ ਦੀ, ਆਪਣੇ ਦੇਸ ਦੇ ਦਿਲ ਦੀ ਵੀ ਧੜਕਨ ਪਾਰੱਪੂਰੱਤੂ ਆਪਣੀਆਂ ਰਚਨਾਵਾਂ ਵਿਚ ਆਸਾਨੀ ਨਾਲ ਪੇਸ਼ ਕਰਦੇ ਰਹੇ ਹਨ। ਈਮਾਨਦਾਰ ਰਚਨਕਾਰ ਆਪਣੇ ਜੀਵਨ ਦਰਸ਼ਨ ਤੋਂ ਨਿਰਪੱਖ ਹੋ ਕੇ ਸਾਹਿਤ ਦੀ ਰਚਨਾ ਨਹੀਂ ਕਰ ਸਕਦਾ। ਪਾਰੱਪੂਰੱਤੂ ਦੀਆਂ ਸਭ ਰਚਨਾਵਾਂ ਵਿਚ ਉਨ੍ਹਾਂ ਦੇ ਜੀਵਨ-ਦਰਸ਼ਨ ਦੀ ਉਜਲ ਧਾਰਾ ਨਜ਼ਰ ਆ ਜਾਂਦੀ ਹੈ। ਉਨ੍ਹਾਂ ਦਾ ਜੀਵਨ ਦਰਸ਼ਨ ਇਸਾਈ ਜੀਵਨ ਦ੍ਰਿਸ਼ਟੀ ਅਤੇ ਅਨੁਭਵੀ ਜੀਵਨ ਨਾਲ ਭਰਿਆ ਹੋਇਆ ਹੈ।

ਪਹਿਲਾਂ ਦੱਸਿਆ ਜਾ ਚੁਕਾ ਹੈ ਕਿ ਪਾਰੱਪੂਰੱਤੂ ਨੇ ਆਪਣੇ ਸਾਹਿਤਿਕ ਜੀਵਨ ਦਾ ਸ਼ੁਭ-ਆਰੰਭ ਫ਼ੌਜੀਆਂ ਦੇ ਬਲੀਦਾਨੀ ਜੀਵਨ ਦੀ ਝਾਕੀ ਨਾਲ ਕੀਤਾ ਸੀ। ਤਿਆਗ ਤੇ ਬਲੀਦਾਨ ਦਾ ਸਿਧਾਂ ਨੇ ਉਨ੍ਹਾਂ ਦੀ ਸਿਰਜਨਸ਼ੀਲ ਪ੍ਰਤਿਭਾ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਉਨ੍ਹਾਂ ਦੀਆਂ ਰਚਨਾਵਾਂ ਵਿਚ ਅਜਿਹੇ ਪਾਤਰ ਮਿਲਦੇ ਹਨ ਜੋ ਵਿਅਕਤੀ, ਸਮਾਜ, ਰਾਸ਼ਟਰ ਤੇ ਆਪਣੇ ਆਪ ਨੂੰ ਨਿਛਾਵਰ ਕਰ ਦਿੰਦੇ ਹਨ। ਆਪਣੀ ਖੁਸ਼ੀ ਨੂੰ ਠੋਕਰ ਮਾਰ ਕੇ, ਹੋਰਨਾਂ ਲਈ ਕਸ਼ਟ ਝੱਲਣਾ ਤੇ ਸੇਵਾ ਵਿਚ ਹੀ ਜੀਵਨ ਦਾ ਸਾਰ ਢੂੰਡਣਾ—ਇਹੀ ਆਸ਼ਾ ਲੇਖਕ ਦੇ ਜੀਵਨ ਦਰਸ਼ਨ ਦਾ ਆਸ਼ਾ ਹੈ।

ਪਾਰੱਪੂਰੱਤੂ ਦੀਆਂ ਰਚਨਾਵਾਂ ਮੁੱਖ ਰੂਪ ਵਿਚ ਆਦਰ ਭਾਵ ਤੇ ਕੋਮਲ ਅਨੁਭੂਤੀ ਨੂੰ ਜਗਾਂਦੀਆਂ ਹਨ। ਉਨ੍ਹਾਂ ਦੇ ਪਾਤਰ ਆਮ ਤੌਰ ਤੇ ਸਾਧਾਰਨ ਸਤਹ ਦੇ ਪਿੰਡਾਂ ਦੇ ਵਾਸੀ ਹਨ। ਇਨ੍ਹਾਂ ਵਿਚ ਦੰਭੀ, ਮੂਰਖ, ਧੋਖੇਬਾਜ ਆਦਿ ਵੀ ਮਿਲ ਸਕਦੇ ਹਨ। ਪਰ ਉਨ੍ਹਾਂ ਦੇ ਹਿਰਦੇ ਵਿਚ ਵੀ ਮਾਨਵੀ ਭਾਵਾਂ ਦੀ ਝਲਕ ਵੇਖੀ ਜਾ ਸਕਦੀ ਹੈ। ਇਸ ਤਰ੍ਹਾਂ ਦੇ ਪਾਤਰਾਂ ਦੇ ਜੀਵਨ ਚਿੱਤਰਣ ਵਿਚ ਬਹੁਤੀ ਭਾਵੁਕਤਾ ਦੀ ਗੁੰਜਾਇਸ਼ ਨਹੀਂ ਹੁੰਦੀ। ਅਜੀਬ ਭਾਵੁਕਤਾ ਦੇ ਚਮਤਕਾਰ ਨਾਲ ਦ੍ਰਿਸ਼ਾ ਤੇ ਘਟਨਾਵਾਂ ਵਿਚ ਰੰਗ ਚੜ੍ਹਾ ਕੇ ਪਾਠਕਾਂ ਨੂੰ ਹੈਰਾਨ ਕਰ ਦੇਣ ਵਿਚ ਪਾਰੱਪੂਰੱਤੂ ਪੂਰਨ ਸਫ਼ਲ ਹੈ। ਉਨ੍ਹਾਂ ਦੇ ਪਾਤਰ ਔਸਤ ਦਰਜੇ ਦੇ ਹੁੰਦੇ ਹਨ ਤੇ ਸਾਡੇ ਸਾਹਮਣੇ ਸਹਿਜ ਰੂਪ ਵਿਚ ਹੀ ਆਉਂਦੇ ਹਨ। ਉਹ ਸਾਡੇ ਨਾਲ ਦਿਲ ਖੋਲ ਕੇ ਗੱਲਬਾਤ ਕਰਦੇ ਹਨ। ਸਹਿਜਤਾ ਅਤੇ ਸਰਲਤਾ ਦੇ ਕਾਰਨ ਉਹ ਸਾਡੇ ਮਨ ਵਿਚ ਪੁਰਾਣੇ ਜਾਣੇ ਪਛਾਣੇ ਮਿੱਤਰਾਂ ਵਾਂਗ ਜੰਮ ਜਾਂਦੇ ਹਨ।

ਪਾਰੱਪੂਰੱਤੂ ਦਾ ਕਥਾ ਬਿਆਨਣ ਦਾ ਢੰਗ ਵਸਤੂ ਅਤੇ ਪਾਤਰਾਂ ਦੇ ਹਮੇਸ਼ਾ ਅਨੁਕੂਲ ਹੁੰਦਾ ਹੈ। ਧਾਰਾਵਾਹੀ ਸ਼ਬਦਾਵਲੀ ਦੀ ਆਤਿਸ਼ਬਾਜ਼ੀ ਨਾਲ ਉਹ ਪਾਠਕਾਂ ਨੂੰ ਕਦੀ ਚਕਾਚੌਂਦ ਨਹੀਂ ਕਰਦੇ। ਲੇਖਕ ਪਾਠਕ ਅਤੇ ਪਾਤਰ ਦੇ ਵਿਚ ਕਦੀ ਦਖ਼ਲ ਨਹੀਂ ਦਿੰਦਾ। ਉਹ ਵਿਚ ਬੋਲਦਾ ਵੀ ਨਜ਼ਰ ਨਹੀਂ ਆਉਂਦਾ। ਸਮਾਜਿਕ ਸਜਗਤਾ ਦੇ ਧਨੀ ਬੌਧਿਕ ਵਿਅਕਤੀ ਦੀ ਹੈਸੀਅਤ ਵਿਚ ਪਾਰੱਪੂਰੱਤੂ ਵੀ ਸਮਾਜ ਦੇ ਹਰੇਕ ਸਵਸਥ ਪਰੀਵਰਤਨ ਦਾ ਪਰੀਵਰਤਨ ਦੀ ਦ੍ਰਿਸ਼ਟੀ ਨਾਲ ਸਵਾਗਤ ਕਰਦੇ ਹਨ।

ਪਰੀਵਰਤਨ ਦੀ ਅਭਿਲਾਸ਼ਾ ਪਾਤਰਾਂ ਦੇ ਵਿਵਹਾਰ ਜਰੀਏ ਸਰਗਰਮ ਰੂਪ ਵਿਚ ਪ੍ਰਤਿਬਿੰਬਤ ਹੁੰਦੀ ਹੈ। ਇਸ ਦਾ ਸਥਾਈ ਪ੍ਰਭਾਵ ਪਾਠਕਾਂ ਦੇ ਮਨਾਂ ਵਿਚ ਜੰਮ ਜਾਂਦਾ ਹੈ। ਲੇਖਕ ਕਦੀ ਵੀ ਪਾਤਰਾਂ ਤੋਂ ਲੰਮਾ ਚੌੜਾ ਭਾਸ਼ਣ ਕਰਾਉਣ, ਪ੍ਰਚਾਰ ਦਾ ਢੰਡੋਰਾ ਫਿਰਾਨ ਦਾ ਲੋਭ ਨਹੀਂ ਕਰਦਾ। ਇਹ ਗੱਲ ਉਸੇ ਲੇਖਕ ਲਈ ਹੀ ਸੰਭਵ ਹੈ, ਜਿਸ ਦੀ ਨਜ਼ਰ ਉੱਚ ਕਲਾ ਵਲ ਹੋਵੇ।

ਵਿਆਪਕ ਅਨੁਭਵ ਤੇ ਡੂੰਘੀ ਜੀਵਨ ਦ੍ਰਿਸ਼ਟੀ ਦੇ ਧਨੀ ਨਾਵਲਕਾਰ ਲਈ ਹੀ ਅਨੇਕ ਤਰ੍ਹਾਂ ਦੇ ਜੀਵਨ ਦ੍ਰਿਸ਼ਾਂ ਤੇ ਪਾਤਰਾਂ ਦਾ ਪੇਸ਼ ਕਰਨਾ ਸੰਭਵ ਹੁੰਦਾ ਹੈ। ਪਾਰੱਪੂਰੱਤੂ ਇਸੇ ਤਰ੍ਹਾਂ ਦੇ ਉਪਨਿਆਸਕਾਰ ਹਨ। 'ਨਿਣਮਣਿਯਮ ਕਾਲਮਾਟੁ ਕਲ' (ਖੂਨ ਨਾਲ ਲਿਬੜੇ ਪੈਰ ਦੇ ਨਿਸ਼ਾਨ) ਵਿਚ ਉਹ ਇਕ ਛੋਜੀ ਦੀ ਦਿਲ ਟੁੰਬਵੀਂ ਕਹਾਣੀ ਸੁਣਾਂਦੇ ਹਨ ਜੋ ਕਠੋਰ ਜੀਵਨ ਦੇ ਅਨੁਭਵਾਂ ਨਾਲ ਝੂਜਦਾ ਟਕਰਾਂਦਾ ਅੱਗੇ ਵਧਦਾ ਤੇ ਭਟਕਦਾ ਜਾਂਦਾ ਹੈ। ਮੈਤਯੂ ਨਾਂ ਦੇ ਪਾਤਰ ਦੇ ਜਰੀਏ ਉਹ ਤਿਆਗ ਦੀ ਇਕ ਵਧੀਆ ਉਦਾਹਰਣ ਪੇਸ਼ ਕਰਦੇ ਹਨ।

'ਅਨਵੇਸ਼ਿਚੁ ਕੰਟੇਤਿੱਯਿੱਲਾ' (ਢੂੰਡਿਆ ਪਰ ਲੱਭਾ ਨਹੀਂ) ਪਾਰੱਪੂਰੱਤੂ ਦਾ ਇਕ ਹੋਰ ਨਾਵਲ ਹੈ। ਇਸ ਵਿਚ ਇਕ ਨਰਸ ਦੀ ਜੀਵਨੀ ਦੇ ਜਰੀਏ ਇਕ ਵਿਅਰਥ-ਪੂਰਣ ਤੇ ਤਿਆਗ ਅਤੇ ਮਧੁਰ ਜੀਵਨ ਦੀ ਦੁਖਾਂਤ ਸਮਾਪਤੀ ਦਾ ਚਿੱਤਰ ਪੇਸ਼ ਕੀਤਾ ਹੈ। ਬੱਚੀ ਸੂਸੀ ਦੇ ਜੰਮਦਿਆਂ ਹੀ ਉਸ ਦੇ ਪਿਤਾ ਨੇ ਉਸ ਦਾ ਗਲਾ ਘੁੱਟ ਕੇ ਉਸ ਨੂੰ ਮਾਰ ਦੇਣ ਦੀ ਕੋਸ਼ਿਸ਼ ਕੀਤੀ ਸੀ। ਮਾਂ ਮਹਿਟਰ ਸੂਸੀ ਨਿਰਦਈ ਪਿਤਾ ਤੇ ਮਤਰੇਈ ਮਾਂ ਦੇ ਹੱਥੋਂ ਕਸ਼ਟ ਤੇ ਕਸ਼ਟ ਝਲਦੀ ਹੈ। ਉਹ ਮਾਮੇ ਦੇ ਘਰ ਵੱਡੀ ਹੁੰਦੀ ਹੈ, ਫ਼ੌਜ ਵਿਚ ਨਰਸ ਦੇ ਰੂਪ ਵਿਚ ਭਰਤੀ ਹੋ ਜਾਂਦੀ ਹੈ। ਉਹ ਉੱਤਰ ਭਾਰਤ ਦੇ ਕਈ ਹਸਪਤਾਲਾਂ ਵਿਚ ਨੌਕਰੀ ਕਰਦੀ ਏ। ਇਸ ਦੌਰਾਨ ਉਹ ਕਈ ਕਠਿਨ ਅਗਨੀ ਪ੍ਰੀਖਿਆਵਾਂ ਵਿਚ ਵੀ ਆਪਣੇ ਜੀਵਨ ਦੀ ਪਵਿੱਤ੍ਰਤਾ ਨੂੰ ਬਣਾਈ ਰਖਦੀ ਹੈ। ਨਾਲ ਹੀ ਉਹ ਆਪਣੀ ਮਰਜੀ ਦਾ ਜੀਵਨ ਸਾਥੀ ਹਾਸਿਲ ਕਰਨ ਦੀ ਇੱਛਾ ਵੀ ਮਨ ਵਿਚ ਰਖਦੀ ਹੈ। ਸੂਸੀ ਦੁਆਰਾ ਆਨੰਦ ਦੀ ਭਾਲ ਤੇ ਇਸ ਭਾਲ ਵਿਚ ਉਸ ਦੀ ਅਸਫ਼-ਲਤਾ ਦਾ ਚਿੱਤਰਣ ਅਜਿਹਾ ਖਿਚਿਆ ਹੈ ਕਿ ਪੜ੍ਹ ਕੇ ਪਾਠਕ ਦਾ ਦਿਲ ਭਰ ਜਾਂਦਾ ਏ।

ਪਾਰੱਪੂਰੱਤੂ ਦਾ ਇਕ ਹੋਰ ਪ੍ਰਸਿੱਧ ਨਾਵਲ 'ਆਦਯਕਿਰੰਣੰਵਲੇ' (ਪਹਿਲੀਆਂ ਕਿਰਨਾਂ) ਹੈ। ਰਚਨਕਾਰ ਨੇ ਇਸ ਵਿਚ ਕੇਰਲ ਦੇ ਕਿਸੇ ਕੋਨੇ ਵਿਚ ਸਥਿਤ ਮਾਮੂਲੀ ਜਿਹੇ ਪਿੰਡ ਦੇ ਦਿਲ ਦੀ ਧੜਕਨ ਪੂਰੀ ਯਥਾਰਥ ਚੇਤਨਾ ਨਾਲ ਪੇਸ਼ ਕੀਤੀ ਹੈ। ਉਸ ਪੱਛੜੇ ਤੇ ਅਵਿਕਸਿਤ ਪ੍ਰਦੇਸ਼ ਵਿਚ ਪਹੁੰਚ ਕੇ ਗ੍ਰਾਮ ਸੇਵਕਾ ਮੇਰੀਕੁੱਟੀ ਪੂਰੇ ਪ੍ਰਦੇਸ਼ ਦਾ ਰੰਗ ਰੂਪ ਇਕ ਦਮ ਬਦਲ ਦਿੰਦੀ ਹੈ। ਇਹ ਬਹੁਤ ਉੱਤਮ ਨਾਵਲ ਹੈ। ਆਰੰਭ ਤੋਂ ਅੰਤ ਤੱਕ ਭਾਵਪੂਰਣ। 'ਆਦਯਕਿਰੰਣਵਲੇ' ਸਾਡੀਆਂ ਸਮਾਜ ਵਿਕਾਸ ਯੋਜਨਾਵਾਂ ਦਾ ਸਮਰਥਨ ਕਰਦਾ ਹੈ। ਪਣਿਤੀਗਤ ਵੀਟੂ (ਅਧੂਰਾ ਘਰ), ਮਕੇਨ ਨਿਨੱਕੁਵੇਸ਼ਟੀ (ਬੇਟੇ। ਤੇਰੇ ਲਈ) ਆਦਿ ਵੀ ਪਾਰੱਪੂਰੱਤੂ ਦੇ ਅੱਛੇ ਨਾਵਲ ਹਨ। ਪਰ ਉਨ੍ਹਾਂ ਦੀਆਂ ਰਚਨਾਵਾਂ ਵਿਚ ਨਿਰਸੰਦੇਹ ਸਭ ਤੋਂ ਵਧ ਲੋਕਪ੍ਰਿਯ ਤੇ ਸ਼ਕਤੀਸ਼ਾਲੀ ਨਾਵਲ

'ਅਰਨਾਸ਼ਿਕਨੇਰਮ' (ਅੱਧੀ ਘੜੀ) ਹੀ ਹੈ ।

"ਆਕਾਸ਼ ਹੇਠ ਜੋ ਕੁਝ ਵੀ ਹੁੰਦਾ ਹੈ, ਮੈਂ ਉਸ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ । ਪਰਮਾਤਮਾ ਨੇ ਮਨੁੱਖਾਂ ਨੂੰ ਬਹੁਤ ਹੀ ਦੁਖ ਦਿਤਾ ਹੈ । ਧਰਤੀ ਉਤੇ ਸੂਰਜ ਹੇਠ ਜੋ ਵੀ ਕੰਮ ਚਲਦਾ ਏ, ਮੈਂ ਉਸ ਨੂੰ ਵੇਖਿਆ ਹੈ । ਇਹ ਸਭ ਮਾਇਆ ਹੈ । ਵਿਅਰਥ ਕੋਸ਼ਿਸ਼ ਹੈ ।"

ਬਾਈਬਲ ਦਾ ਇਹ ਉਦਾਹਰਣ 'ਅਰਨਾਸ਼ਿਕਨੇਰਮ' ਦੇ ਮੱਥੇ ਦਾ ਟਿੱਕਾ ਏ ਜੋ ਪਾਠਕ ਦੇ ਧਿਆਨ ਨੂੰ ਤੁਰੰਤ ਆਪਣੇ ਵਲ ਖਿੱਚ ਲੈਂਦਾ ਹੈ । ਇਸੇ ਵਾਕ ਵਿਚ ਹੀ ਸਾਰੇ ਨਾਵਲ ਦਾ ਸਾਰ ਆ ਜਾਂਦਾ ਹੈ । ਟ੍ਰਾਵਨਕੋਰ ਰਿਆਸਤ ਦੇ ਮੱਧ ਭਾਗ ਦੇ ਨਿਵਾਸੀ ਇਸਾਈ ਸਮਾਜ ਦਾ ਜੀਵਨ ਹੀ ਇਸ ਨਾਵਲ ਦੀ ਪ੍ਰਿਸ਼ਠ ਭੂਮੀ ਹੈ । ਉਪਨਿਆਸ ਦਾ ਧੁਰਾ ਹੈ ਕੁੰਏਨਾਚਨ । ਉਸ ਨੇ ਨੱਬੇ ਸਾਲ ਦੀ ਲੰਮੀ ਉਮਰ ਵਿਚ ਥੋੜ੍ਹਾ ਬਹੁਤ ਪ੍ਰਾਪਤ ਕੀਤਾ ਹੈ । ਬਹੁਤ ਕੁਝ ਗਵਾਇਆ ਵੀ ਹੈ । ਉਸ ਦਾ ਜੀਵਨ ਘਟਨਾਵਾਂ ਨਾਲ ਭਰਿਆ ਪਿਆ ਹੈ । ਕਥਾਵਸਤੂ ਦੀ ਭੂਮਿਕਾ ਦੇ ਤੌਰ ਤੇ ਲੇਖਕ ਦਾ ਮੰਤਵ ਸੁਣੋ — "ਜਿਸ ਦਿਨ ਤੋਂ ਮੈਂ ਹੋਸ਼ ਸੰਭਾਲੀ ਹੈ, ਉਸੇ ਦਿਨ ਤੋਂ ਲੈ ਕੇ ਇਸ ਪਾਤਰ ਦਾ ਮੇਰੇ ਜੀਵਨ ਨਾਲ ਗੂੜ੍ਹਾ ਸੰਬੰਧ ਕਈ ਨਾਵਾਂ ਵਿਚ, ਕਈ ਰੂਪਾਂ 'ਚ ਰਿਹਾ ਹੈ । ਕੁੰਏਨਾਚਨ ਇਕ ਪੀੜ੍ਹੀ ਦੀ ਅੰਤਿਮ ਕੜੀ ਹੈ ।" ਇਥੇ ਲੇਖਕ ਨੇ ਅਤਿਅੰਤ ਛੋਟੀ ਉਮਰ — ਹੋਸ਼ ਸੰਭਾਲਣ ਦੇ ਦਿਨ ਤੋਂ ਲੈ ਕੇ ਆਪਣੇ ਮਨ ਵਿਚ ਵਸੇ ਹੋਏ ਇਕ ਪਾਤਰ ਨੂੰ ਬਹੁਮੁੱਖੀ ਜੀਵਨ ਦੇ ਅਨੁਭਵ ਤੇ ਕਲਾ ਕੁਸ਼ਲਤਾ ਦੇ ਸੱਚੇ ਵਿਚ ਢਾਲ ਦਿੱਤਾ ਹੈ । ਇਹ ਹੀ ਹੈ ਕੁੰਏਨਾਚਨ । ਉਹ ਬਜ਼ੁਰਗ ਅਤੀਤ ਦੀਆਂ ਘਟਨਾਵਾਂ ਦੀਆਂ ਲਹਿਰਾਂ ਦੀ ਗਰਜ ਨਾਲ ਗੂੰਜ ਰਹੇ ਤਟ ਤੇ ਬੈਠੇ ਬੈਠੇ ਹਿਸਾਬ ਲਗਾਂਦਾ ਹੈ ਕਿ ਹੁਣ ਬਹੁਤ ਹੋਇਆ ਤਾਂ ਅੱਧੀ ਘੜੀ ਹੀ ਬਾਕੀ ਹੈ । ਉਹ ਵਿਚ ਵਿਚ ਅਫੀਮ ਖਾ ਕੇ ਊਂਘਣ ਲਗ ਪੈਂਦਾ ਹੈ । ਇਸ ਪਾਤਰ ਦੀ ਅਪੂਰਣ ਪਰ ਵਿਸ਼ਮ ਚੇਤਨਾ ਭੂਮੀ ਦੇ ਮਾਧਿਅਮ ਨਾਲ ਨਾਵਲਕਾਰ ਨੇ ਸਮਾ ਪ੍ਰਵਾਹ ਦੇ ਬੰਧਨ 'ਚੋਂ ਨਿਕਲ ਕੇ ਤਿੰਨ ਪੀੜ੍ਹੀਆਂ ਦਾ ਉਠਾਣ ਤੇ ਪੱਤਨ ਬੜੇ ਭਾਵਪੂਰਣ ਢੰਗ ਨਾਲ ਕੀਤਾ ਹੈ । ਉਹ ਬਜ਼ੁਰਗ ਹਰ ਛਿਣ ਧੁੰਦਲਿਆ ਰਹੇ ਯਾਦ ਦੇ ਸ਼ੀਸ਼ੇ ਨੂੰ ਵਾਰ ਵਾਰ ਮਾਂਜਦਾ ਤੇ ਸਾਫ਼ ਕਰਦਾ ਹੈ ਤੇ ਨਾਲ ਹੀ ਮੌਤ ਦੀ ਉਡੀਕ ਵੀ ਕਰਦਾ ਹੈ । ਉਹ ਮਲਿਆਲਮ ਸਾਹਿਤ ਵਿਚ ਇਕ ਬਹੁਤ ਹੀ ਸ਼ਕਤੀਸ਼ਾਲੀ ਪਾਤਰ ਹੈ । ਇਸ ਪੁਸਤਕ ਵਿਚ ਅੱਠ ਪਹਿਰ ਡਰਾਂਦੀ ਬੇਚੈਨ ਕਰਦੀ ਭਿਆਨਕ ਜ਼ਰੂਰੀ ਜੀਵਨ ਸਮਾਪਤੀ ਦਾ ਭਿਆਨਕ ਪਰੀਚੇ ਬਾਈਬਲ ਦੇ ਯੋਗ ਉਦਾਹਰਣਾ ਦੇ ਸ਼ਕਤੀਸ਼ਾਲੀ ਰੂਪ ਵਿਚ ਕਈ ਵਾਰ ਦਿੱਤਾ ਗਿਆ ਹੈ । ਇਸ ਨਾਲ ਪਾਠਕਾਂ ਨੂੰ ਇਹ ਅਨੁਭਵ ਹੋ ਜਾਂਦਾ ਹੈ ਕਿ ਮਾਨਵ ਮਨ ਸੁਖ ਦੀ ਪ੍ਰਾਪਤੀ ਵਾਸਤੇ ਚੌਂਹੀ ਪਾਸੀ ਬੇਤਹਾਸ਼ਾ ਭਟਕਦਾ ਹੈ ਤੇ ਸੁਖ ਦਾ ਖੋਖਲਾਪਨ ਪਛਾਣ ਕੇ ਤਿਤਰ-ਬਿਤਰ ਹੋ ਜਾਂਦਾ ਹੈ । ਇਹ ਭਾਵਮੰਡਲ ਇਸ ਸਮੇਂ ਦੇ ਯਥਾਰਥਵਾਦ ਦੇ ਮੰਡਲ ਤੋਂ ਕਿਤੇ ਉੱਚਾ ਹੈ ।

ਲੇਖਕ ਨੇ ਜਿਸ ਸ਼ੈਲੀ ਦਾ ਪ੍ਰਯੋਗ ਕੀਤਾ ਹੈ ਉਸ ਨਾਲ ਵੀ 'ਅਰਨਾਸ਼ਿਕਨੇਰਮ' ਦਾ ਕਥਾ ਬਿਆਨ ਬਹੁਤ ਉਤਮ ਹੋ ਗਿਆ ਹੈ । ਇਸ ਵਿਚ ਕੁੰਏਨਾਚਨ ਦੀ ਜੀਵਨੀ ਇਕ

ਸਿਲਸਿਲੇ ਵਿਚ ਨਹੀਂ ਦੱਸੀ ਗਈ। ਵਰਤਮਾਨ ਦੀਆਂ ਘਟਨਾਵਾਂ ਸੁਣਦੇ ਸੁਣਾਂਦੇ ਕੁੰਦੇਨਾਚਨ ਦਾ ਮਨ ਖੁਦਬਖੁਦ ਹੀ ਅਤੀਤ ਦੀਆਂ ਡੂੰਘਾਣਾਂ ਵਿਚ ਜਾ ਪੈਂਦਾ ਹੈ ਤੇ ਉਸ ਯੁਗ ਦੀਆਂ ਘਟਨਾਵਾਂ ਦੀਆਂ ਗੱਲਾਂ ਸ਼ੁਰੂ ਕਰ ਦਿੰਦਾ ਹੈ। ਅਤੀਤ ਵਲ ਮਨ ਦੀ ਸੈਰ ਇਸ ਪਾਤਰ ਦੇ ਬੁਢਾਪੇ ਦੀ ਕਮਜ਼ੋਰੀ ਹੈ। ਇਸ ਵਿਚ ਕੁਝ ਵੀ ਅਣਹੋਣਾ ਨਜ਼ਰ ਨਹੀਂ ਆਉਂਦਾ। ਨਾਲ ਹੀ ਇਹ ਘਟਨਾਵਾਂ ਬਹੁਤ ਹੀ ਸਰਸ ਤੇ ਪ੍ਰਮਾਣਯੋਗ ਹੁੰਦੀਆਂ ਹਨ। ਪਾਰੱਪੂਰੱਤੂ ਨੇ ਇਸ ਨਾਵਲ ਵਿਚ ਚੇਤਨਾ ਪ੍ਰਵਾਹ ਅਤੇ ਘਟਨਾ ਜਾਲ ਦਾ ਕਲਾਪੂਰਣ ਮੇਲ ਕਰ ਕੇ ਇਕ ਨਵੀਂ ਅਭਿਵਿਅੰਜਨਾ ਪ੍ਰਣਾਲੀ ਦਾ ਸਫ਼ਲ ਪ੍ਰਯੋਗ ਕੀਤਾ ਹੈ।

ਇਸ ਨਾਵਲ ਵਿਚ ਇਕ ਖਾਸ ਪ੍ਰਸੰਗ ਆਉਂਦਾ ਏ। ਕੁੰਦੇਨਾਚਨ ਅੰਤਿਮ ਲੋਅ ਤੇ ਪਹੁੰਚੀ ਆਪਣੀ ਜ਼ਿੰਦਗੀ ਦੇ ਭਿੰਨ ਭਿੰਨ ਪਰਿਣਾਮਾਂ ਦਾ ਸਿਸਿਲੀ ਮੁੰਨੀ ਨਾਂ ਦੀ ਛੋਟੀ ਮੁੰਨੀ ਦੇ ਭਵਿਸ਼ ਦੇ ਜੀਵਨ ਦੇ ਪਰਿਣਾਮਾਂ ਨਾਲ ਜੋੜ ਕੇ ਉਸ ਦਾ ਵਿਸਤਾਰ ਸਹਿਤ ਵਰਨਣ ਕਰਦਾ ਹੈ।

"ਉਹ ਉਛਲਦੀ ਛਾਲਾਂ ਮਾਰਦੀ ਮਾਰਦੀ ਦੌੜਦੀ ਗਈ। ਦੌੜਨ ਦੀ ਆਵਾਜ਼ ਹੀ ਸੁਣਾਈ ਦਿੱਤੀ। ਮੱਥੇ ਤੇ ਖਿਲਰੇ ਵਾਲਾਂ ਨੂੰ ਉਹ ਇਕ ਹੱਥ ਨਾਲ ਸਮੇਟਦੀ। ਦੂਜੇ ਹੱਥ ਵਿਚ ਰਬੜ ਨਾਲ ਬੱਝਾ ਬਸਤਾ ਤੇ ਸਲੇਟ ਜਿਹਾ ਕਿ ਸਰੇਸ਼ਟ ਗੀਤਾ ਵਿਚ ਕਿਹਾ ਹੈ, ਤੂੰ ਫਿਰੌਣ ਦੇ ਰੱਥਾਂ ਵਿਚ ਜੜੀ ਘੋੜੀ ਸਮਾਨ, ਰਨਰਾਦੀ ਦੀ ਦਾਖ ਦੀਆਂ ਬਾਰੀਆਂ ਵਿਚ ਮਹਿੰਦੀ ਦੇ ਫੁੱਲ ਦੇ ਗੁੱਛੇ ਵਾਂਗ ਤੇ ਸ਼ਾਰੋਣ ਦੇਸ ਦੇ ਗੁਲਾਬ ਵਰਗੀ ਸੁੰਦਰ ਹੈ। ਤੇਰੀਆਂ ਅੱਖਾਂ ਕਬੂਤਰੀ ਵਾਂਗ ਹਨ, ਤੇ ਕੇਸ ਗਿਲੇਯਾਦ ਤਰਾਈ ਦੇ ਬਕਰਿਆਂ ਦੇ ਝੁੰਡ ਸਮਾਨ ਹਨ। ਤੇਰੇ ਹੋਠ ਲਾਲ ਧਾਗੇ ਵਰਗੇ, ਤੇਰੇ ਕੰਨ ਅਨਾਰ ਦੇ ਦਾਣਿਆਂ ਵਾਂਗ, ਛੋਟੀ ਹਿਰਣੀ ਵਾਂਗ ਛਾਲਾਂ ਮਾਰਦੀ ਚਲਣੀ ਏਂ।

"ਚਾਰ ਪੰਜ ਵਰ੍ਹੇ ਗੁਜਰਨ ਤੇ ਤੂੰ ਸਿਆਣੀ ਹੋ ਜਾਵੇਂਗੀ। ਤੇਰੀਆਂ ਗਲ੍ਹਾਂ ਤੇ ਚਮਕ ਹੋਵੇਗੀ, ਅੱਖਾਂ ਵਿਚ ਰੌਣਕ ਆ ਜਾਏਗੀ। ਲਹਿੰਗਾ ਗਿਟਿਆਂ ਨਾਲ ਲਿਪਟਿਆ ਹੋਵੇਗਾ। ਤੇਰੀ ਉਮਰ ਦਸ ਬਾਰਾਂ ਸਾਲ ਦੀ ਹੋਵੇਗੀ ਫਿਰ ਵੀ ਤੇਰੀ ਮਾਂ ਆਖੇਗੀ — 'ਕਿਸੇ ਮਰਦ ਨਾਲ ਘਰ ਵਸਾਣ ਦੀ ਉਮਰ ਹੋ ਚੁਕੀ ਏ, ਪਰ ਛੋਕਰੀ ਨੂੰ ਅਜੇ ਤੱਕ ਚਟਨੀ ਪੀਸਣੀ ਨਹੀਂ ਆਉਂਦੀ।'

"ਅੱਗੇ ਤਿੰਨ ਚਾਰ ਸਾਲਾਨਾ ਮੇਲੇ ਤਿਓਹਾਰ। ਹੁਣ ਹੱਸਣ ਦੀ ਖਿਲਖਿਲਾਹਟ ਸੁਣਾਈ ਨਹੀਂ ਦਿੰਦੀ। ਅਗਲ ਬਗਲ ਝਾਕਦੀ ਤੱਕ ਨਹੀਂ। ਕਈ ਨਵੇਂ ਰੰਗ ਢੰਗ ਸਿਖੇ ਹਨ। ਕੁਝ ਨਾ ਜਾਨਣ ਵਰਗੀ ਚਿਹਰੇ ਦੀ ਦੱਖ। ਦਿਮਾਗ ਖਾਲੀ ਰਹਿੰਦਾ ਹੈ। ਫਿਰ ਵੀ ਚਿੰਤਾ ਵਿਚ ਮਗਨ ਬਹਿਕਦੀ ਜਿਹੀ ਚਲਦੀ ਹੈ। ਖਾਲੀ ਬੈਠੇ ਬੈਠੇ ਬੇਮਤਲਬ ਮਿੱਠਾ ਮਿੱਠਾ ਹਾਸਾ ਫੁਟ ਪੈਂਦਾ ਹੈ।

ਇਹ ਜੀਵਨ ਦਾ ਮੋੜ ਹੈ। ਹੁਣ ਤੈਨੂੰ ਕਿਸੇ ਆਦਮੀ ਦੇ ਸੰਗ ਦੀ ਲੋੜ ਹੈ। ਚੇਤ ਵਿਚ ਵਿਆਹ ਮੰਡਪ ਵਿਚ ਕਦਮ ਰਖਦੀ ਏ ਤੇ ਦੂਜੇ ਸਾਲ ਇਕ ਬੱਚਾ ਗੋਦ ਵਿਚ ਖੇਡਣ ਲਗ ਪੈਂਦਾ ਹੈ। ਅਗੇ ਜਾ ਕੇ ਇਕ ਕੁਸ਼ਲ ਸੁਸ਼ੀਲ ਗ੍ਰਹਿਣੀ ਬਣ ਜਾਂਦੀ ਹੈ। ਇਸ ਤਰ੍ਹਾਂ ਬੈਠਿਆਂ ਬੈਠਿਆਂ ਕੁੰਦੇਨਾਚਨ ਆਪਣੇ ਮਨ ਦੇ ਸ਼ੀਸ਼ੇ ਵਿਚ ਛੋਟੀ ਮੁੰਨੀ ਦਾ

ਪੂਰਾ ਭਵਿਸ਼ ਵੇਖ ਲੈਂਦਾ ਹੈ, ਚਿੱਤਰ ਖਿਚ ਦਿੰਦਾ ਹੈ, ਇਸ ਵਰਨਣ ਵਿਚ ਭਾਵਗੀਤ ਵਰਗੀ ਮਧੁਰਤਾ ਹੈ। ਮੈਂ ਇਹ ਉਦਾਹਰਣ ਇਹ ਵਖਾਣ ਲਈ ਪੇਸ਼ ਕੀਤੀ ਹੈ ਕਿ 'ਅਰਨਾਸ਼ਿਕਨੇਰਮ' ਵਿਚ ਭਾਵਗੀਤ ਦੀ ਲੈਅ ਨਾਲ ਮਿੱਠੀ ਤੇ ਅਨੂਠੀ ਸੁੰਦਰਤਾ ਨਾਲ ਮੋਹ ਲੈਣ ਵਾਲੀ ਆਖਿਆਨ ਸ਼ੈਲੀ ਬਣ ਗਈ ਹੈ।

ਇਸ ਰਚਨਾ ਵਿਚ ਚਰਮ ਸੀਮਾ ਤੇ ਪੁੱਜੀ ਸਿਰਜਨਸ਼ੀਲ ਪ੍ਰਤਿਭਾ ਅਤੇ ਵਰਨਣ ਕੁਸ਼ਲਤਾ ਦਾ ਪ੍ਰਮਾਣ ਮਿਲ ਜਾਂਦਾ ਹੈ। ਇਕ ਪ੍ਰਸਿੱਧ ਸਮੀਖਿਅਕ ਦੇ ਸ਼ਬਦਾਂ ਦਾ ਉਦਾਹਰਣ ਦਿੰਦਾ ਹਾਂ — "ਉੱਚ ਨੈਤਿਕ ਚੇਤਨਾ ਦੇ ਧਨੀ ਕਲਾਕਾਰ ਨੇ ਜਦ ਜੀਵਨ ਦਾ ਨਿਰੀਖਣ ਦੁੱਖ ਭਰੀ ਦ੍ਰਿਸ਼ਟੀ ਨਾਲ ਕੀਤਾ, ਤਾਂ ਹੀ ਇਹ ਉੱਤਮ ਕਲਾਕ੍ਰਿਤੀ ਹੋਂਦ ਵਿਚ ਆਈ। ਇਸ ਕਥਾ ਵਿਚ ਗੰਭੀਰ ਜੀਵਨ ਦਾ ਸੰਪੂਰਣ ਦੁਖਾਂਤ ਪੇਸ਼ ਕੀਤਾ ਗਿਆ ਹੈ।"

**—ਡੀ. ਸੀ. ਕਿੱਸ਼ਕੇਮੂਰੀ**

# ਇਕ

ਜਾਪਦਾ ਏ ਕੋਈ ਪਸਲੀਆਂ ਵਿਚ ਕੰਡਾ ਚੋਭ ਕੇ ਖਿੱਚ ਰਿਹਾ ਏ। ਕੁੰਏਨਾਚੰਨ ਨੇ ਕਰਵਟ ਬਦਲੀ। ਨਹੀਂ ਹੁਣ ਪਾਰ ਨਹੀਂ ਲਗਣਾ। ਵਿਹੜੇ ਵਿਚ ਕੁਝ ਪਲ ਟਹਿਲ ਲੈਂਦਾ ਤਾਂ ਠੀਕ ਹੁੰਦਾ। ਚਲਦੇ ਵਕਤ ਲੇਟ ਜਾਣ ਦੀ ਇੱਛਾ ਹੁੰਦੀ ਹੈ ਤੇ ਲੇਟਣ ਵੇਲੇ ਚਲਣ ਦੀ। ਚਲਣਾ ਵੀ ਹੋਵੇ ਤਾਂ ਸੋਟੀ ਕਿੱਥੇ ਏ ? ਉਨ੍ਹਾਂ ਸ਼ੈਤਾਨ ਬੱਚਿਆਂ ਨੇ ਸੋਟੀ ਖੋਹ ਲਈ ਤੇ ਅੰਬ ਦੇ ਦਰੱਖਤ ਦੀ ਉੱਚੀ ਟਹਿਣੀ ਤੇ ਅੜਾ ਦਿੱਤੀ ਹੈ। ਕਲਮੂੰਹ ਬੱਚੇ। ਹੁਣ ਕਿੰਨੇ ਵਜ ਗਏ ਹੋਣਗੇ ? ਛੋਟੀ ਬੱਚੀ ਆਉਂਦੀ ਤਾਂ ਉਸ ਨਾਲ ਹੀ ਮੂੰਹ ਖੋਲ੍ਹ ਕੇ ਕੁਝ ਗੱਲਾਂ ਕਰ ਲੈਂਦਾ, ਨਹੀਂ ਤਾਂ ਕੁਰੁਪ ਦੇ ਆਉਣ ਤੇ ਹੀ ਗੱਲਾਂ ਹੋ ਸਕਦੀਆਂ ਹਨ। ਦੂਜਿਆਂ ਦੀ ਦੁਕਾਨਾਂ ਤੇ ਮੁਨੀਮੀ ਕਰਨ ਵਾਲੇ ਕੁਰੁਪ ਤੋਂ ਕਿਵੇਂ ਆਸ ਕੀਤੀ ਜਾਵੇ ਕਿ ਇਥੇ ਆ ਕੇ ਬੈਠਾ ਰਹੇ ? ਫਿਰ ਵੀ ਭਲਾਮਾਣਸ ਹੋਣ ਕਾਰਨ ਉਹ ਕਈਆਂ ਦੀ ਖੁਸ਼ਾਮਦ ਕਰਕੇ ਥੋੜ੍ਹੀ ਜਿਹੀ ਅਫੀਮ ਲੈ ਕੇ ਕਦੀ-ਕਦੀ ਹਫ਼ਤੇ ਵਿਚ ਇਕ ਵਾਰ ਤਾਂ ਆ ਹੀ ਜਾਂਦਾ ਹੈ।

''ਬਹੂ !''

ਜਵਾਬ ਨਹੀਂ ਮਿਲਿਆ। ਸੁਣਿਆ ਨਹੀਂ ਹੋਣਾ।

''ਦੀਨਾਮਾ''

''ਜੀ !''

ਹਾਂ ਸੁਣ ਲਿਆ !

''ਜ਼ਰਾ ਇਧਰ ਆ''

''ਆਈ ਬਾਬੂ ਜੀ, ਵੱਛੇ ਨੂੰ ਜ਼ਰਾ ਪਿੱਛ ਪਿਆ ਲਵਾਂ।''

ਵਿਚਾਰੀ ਬਹੂ, ਹਰ ਕੰਮ ਉਸੇ ਦੀ ਹੱਥੀਂ ਹੀ ਹੁੰਦਾ ਹੈ। ਉਹ ਤਾਂ ਸਮਝੋ ਦੀਵਾਨੀ ਕਰਦਾ ਏ। ਮਹੱਲੇ ਭਰ ਦੀ ਹਕੂਮਤ ! ਮੂੰਹ ਹਨੇਰੇ ਘਰੋਂ ਨਿਕਲ ਜਾਂਦਾ ਏ। ਫਿਰ ਕਦੋਂ ਮੁੜਦਾ ਏ, ਕੋਈ ਪਤਾ ਨਹੀਂ। ਉਸ ਨੂੰ ਕੀ ਪਤਾ ਕਿ ਘਰ ਨਮਕ ਹੈ, ਮਿਰਚ ਹੈ ਕਿ ਸਬਜ਼ੀ ਹੈ। ਲੋਕ ਉਸ ਨੂੰ ਆਪਣੇ ਘਰ-ਬਾਹਰ ਦਾ ਕੰਮ-ਕਾਜ ਕਰ ਕੇ ਸ਼ਾਂਤੀ ਨਾਲ ਰਹਿਣ ਦੇਣ ਤਾਂ ਏ ਨਾ ? ਜੇ ਗਿਰਜੇਘਰ ਦਾ ਤਿਉਹਾਰ ਮਨਾਉਣਾ ਹੋਵੇ ਤਾਂ ਮਾਤੁਕੁੱਟੀ ਦੀ ਹਾਜ਼ਰੀ ਚਾਹੀਦੀ ਏ। ਬਿਸ਼ਪ ਦੇ ਕੋਲ ਕਿਸੇ ਗੱਲ ਦੀ ਬੇਨਤੀ

ਕਰਨੀ ਹੋਵੇ ਤਾਂ ਚਾਹੀਦਾ ਏ ਮਾਤੁਕੁੱਟੀ। ਇਸ ਪਿੰਡ ਵਿਚ ਉਸ ਬਗੈਰ ਕੋਈ ਕੰਮ ਨਹੀਂ ਚਲਦਾ। ਅਮੀਰ ਨਾ ਸਹੀ, ਪਰ ਨਾਮੀ ਤਾਂ ਹੈ ਈ। ਰਾਹ ਜਾਂਦਿਆਂ ਪਿੰਡ ਦੇ ਮੁੰਡੇ ਮੈਨੂੰ ''ਮਾਤੁਕੁੱਟਿਸਾਰ ਦੇ ਪਿਤਾ ਜੀ'' ਆਖਦੇ ਹਨ। ਠੇਕੇਦਾਰ ਕੁੰਯੁਨੈਨਾ ''ਫਿਲਿਪਿਓਸ ਦੇ ਪਿਤਾ ਜੀ'' ਨਹੀਂ ਆਖਦੇ। ਮਨੁੱਖ ਦੀ ਇੱਜ਼ਤ ਦਾ ਅਨੁਮਾਨ ਇਸੇ ਤਰ੍ਹਾਂ ਹੀ ਲਾਇਆ ਜਾਂਦਾ ਹੈ......

''ਬਾਬੂ ਜੀ ਨੇ ਕਿਓਂ ਬੁਲਾਇਆ ਸੀ ?''

''ਤੂੰ ਕੀ ਕਰ ਰਹੀਂ ਸੈਂ ?''

''ਵੱਛੇ ਨੂੰ ਪਿੱਛ ਪਿਲਾ ਰਹੀ ਸਾਂ। ਮੈਂ ਤਾਂ ਤੁਹਾਨੂੰ ਉਸੇ ਵੇਲੇ ਆਵਾਜ਼ ਵੀ ਦਿੱਤੀ ਸੀ।''

''ਕੀ ਆਵਾਜ਼ ਦਿੱਤੀ ਸੀ ?''

''ਬਾਬੂ ਜੀ ਬੜੀ ਜਲਦੀ ਭੁਲ ਜਾਂਦੇ ਨੇ। ਜੋ ਹੁਣੇ-ਹੁਣੇ ਆਖਦੇ ਨੇ, ਉਸ ਨੂੰ ਵੀ ਤੁਰੰਤ ਭੁਲ ਜਾਂਦੇ ਨੇ।''

''ਜਾਣ ਦਾ ਵਕਤ ਜਦੋਂ ਆਉਂਦਾ ਏ ਤਾਂ ਇਹੀ ਹਾਲਤ ਹੋ ਜਾਂਦੀ ਏ।''

''ਕਿੱਥੇ ਜਾਣ ਦਾ ?''

''ਇਥੇ ਦੀਆਂ ਗੱਲਾਂ ਖਤਮ ਹੋ ਗਈਆਂ ਹਨ। ਸ਼ਾਮ ਪੈ ਗਈ ਏ। ਹੁਣ ਬਹੁਤ ਹੋਇਆ ਤਾਂ ਹੋਰ ਅੱਧੀ ਘੜੀ।''

''ਜਿਵੇਂ ਸਾਰਾ ਹਿਸਾਬ ਬਾਬੂ ਜੀ ਦੇ ਹੱਥ ਵਿਚ ਹੀ ਹੋਵੇ।''

''ਬਹੁ ਹਿਸਾਬ ਜਾਨਣਾ ਵਾਂ। ਮੂਸਾ ਦੀ ਤਰ੍ਹਾਂ ਮੈਂ ਥੇਰੀਹੋ ਦੇ ਸਾਹਮਣੇ ਵਾਲੇ ਨੇਬੋ ਪਰਬਤ ਤੇ ਚੜ ਰਿਹਾ ਹਾਂ। ਉਸ ਦੀ ਉਚਾਈ ਆਖਰੀ ਮੰਜਿਲ ਏ। ਯੇਹੋਵਾ ਨੇ ਮੂਸਾ ਨੂੰ ਕੀ ਆਖਿਆ ਸੀ ? ਜਿਸ ਤਰ੍ਹਾਂ ਤੇਰਾ ਭਰਾ ਅਹਰੋਨ ਹੋਰ ਪਰਬਤ ਤੇ ਮਰਨ ਦੇ ਬਾਅਦ ਆਪਣੇ ਜਨ ਨਾਲ ਮਿਲ ਗਿਆ ਸੀ ਉਸੇ ਤਰ੍ਹਾਂ ਜਿਸ ਪਹਾੜ ਤੇ ਚੜ ਰਿਹਾ ਏ ਉਸੇ ਉਤੇ ਤੂੰ ਵੀ ਮਰਕੇ ਆਪਣੇ ਜਨ ਨਾਲ ਮਿਲ ਜਾਏਗਾ।''

''ਚੁੱਪ ਰਹੋ ਬਾਬੂ ਜੀ। ਤੁਸੀ ਐਵੇਂ ਹੀ ਸੋਚਾਂ-ਸੋਚਦੇ ਰਹਿੰਦੇ ਹੋ।''

''ਹਾਂ......ਤੇਰਾ ਪਤੀ ਕੱਲ ਬਾਹਰ ਗਿਆ ਸੀ, ਅਜੇ ਮੁੜਿਆ ਤਾਂ ਨਹੀਂ ਨਾ ?''

''ਨਹੀਂ।''

''ਅਵਰਾਨ ਦੇ ਪੁੱਤਰ ਨੂੰ 'ਡੀਕਨ' ਦੀ ਪਦਵੀ ਦੇਣ ਤੇ ਚੇਰਾਵਲੀ ਪਿੰਡ ਦੇ ਵਸਨੀਕ ਖਿਲਾਫ਼ ਹਨ। ਉਹ ਅਵਰਾਨ ਵਾਸਤੇ ਬਿਸ਼ਪ ਕੋਲ ਪੈਰਵੀ ਕਰਨ ਗਿਆ ਹੈ।''

''ਪੈਰਵੀ ਕਰ ਜਿੱਤ ਆਉਣ।''

''ਹੈਂ (ਕੀ ਆਖਿਆ ?)''

''ਆਖਿਆ ਹੈ ਕਿ ਜਿੱਤ ਕਿ ਆਉਣ''

ਕੁੰਏਨਾਚੰਨ ਹੱਸ ਪਏ।

ਹਾਂ, ਜਾਣ ਦੇ, ਚਾਰ ਆਦਮੀਆਂ ਵਿਚ ਬੋਲਣ ਲਾਇਕ ਹੋਰ ਹੈ ਵੀ ਕੌਣ

ਇਸ ਪਰਿਵਾਰ ਵਿਚ ?

ਦੀਨਾਮਾ ਕੁਝ ਨਾ ਬੋਲੀ। ਸੋਚਣ ਲਗੀ ਕਿ ਬਾਬੂ ਜੀ ਦਾ ਕਹਿਣਾ ਠੀਕ ਹੈ। ਮੁਹੱਲੇ ਦੇ ਵੱਡੇ-ਵੱਡੇ ਲੋਕ ਮਿਲਣ ਆਉਂਦੇ ਨੇ, ਵੱਡੀਆਂ-ਵੱਡੀਆਂ ਗੱਲਾਂ ਦੀ ਚਰਚਾ ਹੁੰਦੀ ਹੈ। ਲੋਕਾਂ ਨਾਲ ਗੱਲਾਂ ਕਰਨ ਵਿਚ ਬੜੇ ਹੀ ਸਮਰੱਥ ਆਦਮੀ ਹਨ।

ਦੀਨਾਮਾ ਜਾਣ ਲਗੀ। ਕੁੰਏਨਾਚੰਨ ਨੇ ਪੁਛਿਆ "ਪਹਾੜ ਦੇ ਅਹਾਤੇ ਦੇ ਪਲੇਯਰਾਂ(ਹਰੀਜਨਾਂ) ਵਿਚੋਂ ਕੋਈ ਉਥੇ ਹੈ ?"

"ਕੀ ਚਾਹੀਦਾ ਹੈ ਬਾਬੂ ਜੀ ?"

"ਉਨ੍ਹਾਂ ਮੁੰਡਿਆਂ ਨੇ ਮੇਰੀ ਸੋਟੀ ਲੈ ਕੇ ਅੰਬ ਦੀ ਉਚੀ ਸਾਰੀ ਡਾਲੀ ਤੇ ਫਸਾ ਦਿੱਤੀ ਹੈ। ਉਸ ਨੂੰ ਕੱਢਣਾ ਹੈ। ਕੀ ਤੂੰ ਨਹੀਂ ਵੇਖੇ ?"

"ਨਹੀਂ ਕਿਹੜੇ ਮੁੰਡੇ ?"

"ਮੱਲੂਪਰੰਪ ਦੇ ਕੀਵਰੀਤ ਦਾ ਛੋਟਾ ਮੁੰਡਾ ਤੇ ਮੰਝਲੇ ਦਾ ਚੋਥਾ ਮੁੰਡਾ—ਆਗੂ ਇਹ ਹੀ ਹੈ—ਉਸ ਦਾ ਕੀ ਨਾਂ ਹੈ ?"

"ਕਿ ਸੰਣਿ ਹੈ ?"

"ਹਾਂ ਸੰਣਿ ਹੀ ਤਾਂ ਹੈ। ਪੰਜ-ਛੇ ਛੋਕਰੇ ਸਨ। 'ਹੁਣੇ ਦੇਨੇ ਹਾਂ' ਕਹਿ ਕੇ ਦੌੜ ਆਏ ਤੇ ਸੋਟੀ ਲੈ ਗਏ। ਬਾਂਸ ਦੇ ਸਿਰੇ ਤੇ ਬੰਨ੍ਹ ਕੇ ਅੰਬ ਤੋੜ ਲਏ। ਕਿਸੇ ਡਾਲੀ ਵਿਚ ਫਸ ਕੇ ਬਾਂਸ ਨਿਕਲ ਗਿਆ। ਛੋਕਰਿਆਂ ਦਾ ਤਾਂ ਬਾਅਦ ਵਿਚ ਪਤਾ ਹੀ ਨਹੀਂ ਲਗਾ। ਸਾਡੀ ਛੋਟੀ ਬੱਚੀ ਵੀ ਨਾਲ ਸੀ।"

"ਸਭ ਦੇ ਸਭ ਬਦਮਾਸ਼ ਹਨ।"

"ਪਲੇਅਰਾਂ 'ਚੋਂ ਕੋਈ ਹੈ ਉਥੇ ? ਸੋਟੀ ਦੇ ਬਿਨਾਂ 'ਪਾਰੀ ਵੱਲ ਕਿਵੇਂ ਜਾਵਾਂ ?"

"ਅੱਜ ਕਿੱਤੇ ਹੈ ?"

"ਕੀਵਰੀਤ ਦੇ ਘਰ। ਠੀਕ ਵਕਤ ਤੇ ਗਿਆਂ ਹੀ ਕੁਝ ਮਿਲੇਗਾ।
ਛਟਾਂਕੀ ਭਰ ਚੌਲਾਂ ਲਈ ਸੋਟੀ ਟੇਕਦਿਆਂ-ਟੇਕਦਿਆਂ ਪੂਰੇ ਰਸਤੇ ਦੀ ਖ਼ਾਕ ਛਾਨਣਾ। ਕਿਸੇ ਦਾ ਫੁੱਲਿਆ ਹੋਇਆ ਮੂੰਹ ਤੱਕਣਾ। ਕਿਧਰੇ ਆਰਾਮ ਨਾਲ ਬੈਠ ਕੇ ਥੋੜ੍ਹਾ ਪਾਣੀ ਗਰਮ ਕਰਕੇ ਪੀਣ ਜੋਗਾ ਮੈਂ ਕੁਝ ਜਮ੍ਹਾਂ ਕਰਕੇ ਰਖਿਆ ਹੀ ਕੀ ਹੈ ?"

"ਇਸ ਪਿੰਡ ਦਾ ਕਿਹੜਾ ਆਦਮੀ ਇਸ ਤਰ੍ਹਾਂ ਕਹੇਗਾ ਬਾਬੂ ਜੀ ?" ਪਰ ਆਪਣਾ ਵੱਸ ਆਪ ਹੀ ਛੱਡ ਦੇਣ ਨਾਲ ਇਸ ਤਰ੍ਹਾਂ ਹੁੰਦਾ ਹੈ। ਇਥੇ ਜੋ ਕੁਝ ਪੱਕਦਾ ਹੈ ਉਸੇ 'ਚੋਂ ਖਾ ਕੇ ਇਥੇ ਰਹਿੰਦੇ। ਪਰ ਬਾਬੂ ਜੀ ਮੰਨਣ ਤਾਂ ਏ ਨਾ ?"

"ਹਾਂ ਜਦੋਂ ਬਿਲਕੁਲ ਨਾ ਚਲ ਸਕਾਂਗਾ ਤਦ ਵੇਖਿਆ ਜਾਏਗਾ।"

"ਬਾਬੂ ਜੀ ਵੇਖ ਆਵਾਂ ਕਿ ਚਾਤੱਪੂਲਯਨ ਨੇੜੇ ਹੈ ਕਿ ਨਹੀਂ।"

ਦੀਨਾਮਾ ਅੰਦਰ ਗਈ। ਕੁੰਏਨਾਚੰਨ ਨੇ ਇਕ ਵਾਰ ਫਿਰ ਕਰਵਟ ਬਦਲੀ। "ਹਾਏ ! ਪਿੱਠ ਆਕੜ ਈ ਗਈ ਏ।"

ਮੁੰਡਿਆਂ ਨੇ ਪੱਥਰ ਮਾਰ-ਮਾਰ ਕੇ ਸੋਟੀ ਨੂੰ ਹੇਠਾਂ ਸੁਟਣ ਦੀ ਬਹੁਤ ਕੋਸ਼ਿਸ਼ ਕੀਤੀ। ਜਦ ਸੋਟੀ ਨਾ ਉਤਾਰ ਸਕੇ ਤਾਂ ਨੱਸ ਗਏ। ਮੰਝਲੇ ਦਾ ਮੁੰਡਾ ਪਿਓ ਜਿਹਾ

ਹੀ ਹੈ। ਬੜਾ ਚਾਤੁਰ, ਹੱਠ, ਨਿਡੱਰ। ਉਸ ਦਾ ਪਿਓ ਬਚਪਨ ਵਿਚ ਦੋਹਾਂ ਵੱਡੇ ਭਰਾਵਾਂ ਨੂੰ ਢਾਹ ਲੈਂਦਾ ਸੀ ਨਾ ? ਇਸ ਲਈ ਕਿਸੇ ਕਾਰਨ ਦੀ ਲੋੜ ਨਹੀਂ ਸੀ ਹੁੰਦੀ। ਜਾਂ ਤਾਂ ਉਸ ਨੂੰ ਮੰਗੀ ਹੋਈ ਚੀਜ਼ ਨਹੀਂ ਮਿਲੀ ਜਾਂ ਉਸ ਨੂੰ ਕੋਈ ਚੰਗੀ-ਮੰਦੀ ਗੱਲ ਕਹਿ ਦਿਤੀ। ਬਸ ! ਭੈਣ ਨੂੰ ਤਾਂ ਉਹ ਬਾਕੀ ਚੌਹਾਂ ਭਰਾਵਾਂ ਨਾਲੋਂ ਵਧੇਰੇ ਮੰਨਦਾ ਸੀ। ਉਸ ਨੂੰ ਵੀ ਕੁੰਯੁਚੇਰੁੱਕਨ ਭਾਈਆ ਜਾਨ ਨਾਲੋਂ ਪਿਆਰਾ ਸੀ। ਸੋਚਿਆ ਸੀ ਕਿ ਉਹ ਪੰਜਾਂ 'ਚੋਂ ਚਤੁਰ ਨਿਕਲੇਗਾ, ਪਰ ਨਿਕਲਿਆ ਬਦਕਿਸਮਤ। ਜਿਸ ਕਿਸੇ ਨੂੰ ਹੱਥ ਪਾਉਂਦਾ ਉਸੇ ਵਿਚ ਹੀ ਹਾਰ ਜਾਂਦਾ। ਬਲਦਾਂ ਦਾ ਸੌਦਾ ਕਰਕੇ ਜ਼ਮੀਨ ਵੇਚੀ। ਲੱਕੜੀ ਦੀ ਦੁਕਾਨ ਕਰਕੇ ਛੋਟਾ ਅਹਾਤਾ ਵੇਚ ਬੈਠਾ। ਉਹ ਤਾਂ ਬਦਕਿਸਮਤ ਹੈ। ਉਸ ਨਾਲ ਜੋ ਵੱਸਣ ਆਈ ਉਹ ਤਾਂ ਨਿਕੰਮੀ ਤੇ ਲਾਲਚੀ ਵੀ ਸੀ। ਹਾਥੀ ਵੀ ਮਿਲੇ ਤਾਂ ਵੀ ਇਕ ਡੰਗ ਦੀ ਸਬਜ਼ੀ ਹੀ ਬਣਾਉਂਦੀ। ਟੱਸ ਤੋਂ ਮੱਸ ਨਹੀਂ ਹੁੰਦੀ। ਕੁਝ ਪੁੱਛਿਆ ਜਾਏ ਜਾਂ ਕਿਹਾ ਜਾਏ ਤਾਂ ਇਕਦਮ ਚੁੱਪ। ਪਰ ਐਨ ਮੌਕੇ ਤੇ ਰੁਕਾਵਟ ਬਣ ਜਾਂਦੀ ਹੈ। ਵੱਡਾ ਕਿਧਰੇ ਕੰਮ 'ਤੇ ਗਿਆ ਏ। ਅੱਠ-ਦਸ ਸਾਲ ਹੋ ਗਏ ਨੇ। ਕਿਸੇ ਨੂੰ ਠੀਕ ਪਤਾ ਨਹੀਂ ਕਿ ਕੀ ਕੰਮ ਕਰਦਾ ਹੈ ਤੇ ਕਿੱਥੇ ਹੈ। ਉਸ ਦਾ ਪਿਓ ਆਖਦਾ ਹੈ ਕਿ ਕੁਝ ਨਹੀਂ ਦਿੰਦਾ। ਦੂਜੇ ਲੋਕ ਆਖਦੇ ਹਨ ਕਿ ਅੱਧੀ ਰਾਤੀਂ ਜਾਂ ਮੂੰਹ ਹਨੇਰੇ ਆਉਂਦਾ ਹੈ ਤੇ ਰੁਪਏ ਦੇ ਜਾਂਦਾ ਹੈ। ਰਹਿੰਦਾ ਤਾਂ ਅਜੇ ਵੀ ਝੁੱਗੀ ਵਿਚ ਹੀ ਹੈ। ਮਾਤੁਕੁੱਟੀ ਆਖਦਾ ਹੈ ਕਿ ਗਰੀਬੀ ਵਿਖਾਉਣ ਲਈ ਸਭ ਕੁਝ ਛੁਪਾ ਰਖਿਆ ਹੈ। ਕੀ ਕੋਈ ਇਸ ਤਰ੍ਹਾਂ ਛੁਪਾਉਂਦਾ ਹੈ ? ਕੌਣ ਜਾਣੇ ? ਦੂਜੇ ਨੂੰ ਵੱਡਾ ਲੈ ਗਿਆ ਹੈ। ਆਖਦੇ ਨੇ ਕਿ ਉਸ ਦੀ ਨੌਕਰੀ ਨਹੀਂ ਲੱਗੀ......

"ਕੀ ਵੱਡੇ ਸਰਕਾਰ ਨੇ ਬੁਲਾਇਆ ਹੈ ?" ਸਿਰ ਚੁੱਕ ਕੇ ਵੇਖਿਆ ਪਰ ਪਹਿਚਾਣ ਨਹੀਂ ਸਕੇ।

"ਕੌਣ ਏਂ ਓਏ ?"

"ਚਾਤੱਨ।"

"ਕਿਹੜਾ ਚਾਤੱਨ ?"

"ਵੱਡੇ ਸਰਕਾਰ ਨੂੰ ਦੱਸੋ ਕਿ ਕਿਹੜਾ ਚਾਤੱਨ ਹੈ। ਗਵਾਂਢੀ ਤੇਵਨ ਦਾ ਪੁੱਤਰ ਚਾਤੱਨ।"

"ਹਾਂ ਇਹ ਹੀ ਜਾਨਣਾ ਚਾਹੁੰਦਾ ਸਾਂ, ਇਸੇ ਲਈ ਹੀ ਪੁੱਛਿਆ ਸੀ।"

"ਲੱਗ ਗਿਐ ਨਾ ਪਤਾ ? ਹੁਣ ਦੱਸੋ ਕੀ ਚਾਹੀਦਾ ਹੈ ?"

"ਕਿਉਂ ਓਏ, ਹੁਣ ਦੱਸੋ ! ਕਟਹਿਰੇ 'ਚ ਖੜਾ ਕਰਕੇ ਵਕੀਲ ਜਿਵੇਂ ਜਿਰ੍ਹਾ ਕਰਦੇ ਨੇ। ਗੱਲ ਕਰਨ ਵਿਚ ਥੋੜ੍ਹੀ ਦੇਰ ਹੋ ਗਈ ਤਾਂ ਕੀ ਹੋ ਗਿਆ ? ਨਮਕਹਰਾਮ। ਹਾਂ ਤੇ......ਨਹੀਂ। ਇਹ ਸਾਰੀਆਂ ਗੱਲਾਂ ਹੁਣ ਇਸ ਨੂੰ ਕਹਿਣ ਦਾ ਕੀ ਲਾਭ। ਇਸ ਦੇ ਪਿਓ ਨੂੰ ਮੈਂ ਪੈਲੀ ਵਿਚ ਜੰਗਲੀ ਅਨਾਨਾਸ ਦੇ ਮੋਟੇ ਡੰਡੇ ਨਾਲ ਕੁਟਿਆ ਸੀ। ਮੁੰਜੀ ਦੀ ਵਾਢੀ ਦਾ ਆਖਰੀ ਦਿਨ ਸੀ। ਬੀਜਾਈ ਦੇ ਬਾਅਦ ਵਾਢੀ ਖਤਮ ਕਰਕੇ ਮੁੜਨ ਤੱਕ ਤੇਵਨ ਨੂੰ ਨੀਂਦ ਨਹੀਂ ਸੀ ਆਉਂਦੀ। ਕੁਝ ਹਿਸਾਬ ਮਨ ਵਿਚ ਛੁਪਾ ਕੇ ਉਸ ਨੇ ਗਲਤੀ ਕੀਤੀ ਸੀ। ਉਸ ਸਮੇਂ ਅਨਾਨਾਸ ਦਾ ਮੋਟਾ ਤਣਾ ਹੀ

ਹੱਥ ਲੱਗਾ । ਉਹ ਚੁੱਪ ਕਰਕੇ ਸਹਿੰਦਾ ਗਿਆ । ਹਾਂ, ਉਸ ਦੀ ਵੀ ਵਜ੍ਹਾ ਹੋਵੇਗੀ । ਏਨਾਕਾਟ ਪਿੰਡ ਤੋਂ ਜਦ ਉਸ ਨੂੰ ਲਿਆਇਆ ਸਾਂ ਤਾਂ ਉਹ ਬਾਰ੍ਹਾਂ ਵਰ੍ਹਿਆਂ ਦਾ ਹੀ ਸੀ । ਰਹਿਣ ਵਾਸਤੇ ਝੁੱਗੀ ਪਾ ਦਿਤੀ ਤੇ ਉਸ ਨੇ ਖਵਾਇਆ-ਪਿਆਇਆ । ਪੁਲਈ ਲਿਆਉਣ ਵਾਸਤੇ ਬਹੂ ਦੇ ਘਰ ਵਾਲਿਆਂ ਨੂੰ ਦਹੇਜ ਦਿਤਾ ।

''ਵੱਡੇ ਸਰਕਾਰ !''

''ਹਾਂ......ਹਾਂ ਸੁਣ ਲਿਆ ਏ ।''

''ਤੁਸਾਂ ਮੈਨੂੰ ਬੁਲਾਇਆ ਕਿਉਂ ਸੀ ?''

''ਓਏ ਮੇਰੀ ਸੋਟੀ ਅੰਬ ਦੇ ਉਤੇ ਟੰਗੀ ਏ ! ਤੂੰ ਜ਼ਰਾ ਅੰਬ ਉਤੇ ਚੜ੍ਹ ਕੇ ਉਤਾਰ ਦੇ ।''

''ਸੋਟੀ ਅੰਬ ਉਤੇ ਕਿਵੇਂ ਟੰਗੀ ਗਈ ?''

''ਛੋਕਰਿਆਂ ਨੇ ਬਾਂਸ ਦੇ ਸਿਰੇ 'ਤੇ ਬੰਨ੍ਹ ਕੇ ਅੰਬ ਤੋੜੇ ਸਨ ।''

''ਮੈਂ ਹੁਣ ਉਨ੍ਹਾਂ ਲਾਲ ਕੀੜਿਆਂ ਤੋਂ ਕਟਵਾਉਣ ਨੂੰ ਨਹੀਂ ਤਿਆਰ । ਜਦ ਕਲਾਰ ਆਉਣ ਤਾਂ ਕਹਿਣਾ ਤਾਂ ਪੌੜੀ ਲਾ ਕੇ ਉਤਾਰ ਦੇਵੇਗਾ ।''

ਦੀਨਾਮਾ ਮਦਦ ਲਈ ਆਈ ।

''ਮੇਰੇ ਚਾਤੱਪੁਲਯਨ, ਉਹ ਜ਼ਰਾ ਉਤਾਰ ਦੇ ਨਾ । ਬਿਨਾਂ ਸੋਟੀ ਦੇ ਬਾਬੂ ਜੀ ਬਾਹਰ ਕਿਵੇਂ ਜਾਣਗੇ ?''

''ਬੱਚੀ ਕੀ ਆਖਦੀ ਏ । ਲਾਲ ਕੀੜਿਆਂ ਦੇ ਕੱਟਣ ਦੀ ਪੀੜ ਝੱਲਣ ਵਾਲੇ ਨੂੰ ਹੀ ਮਾਲੂਮ ਹੰਦੀ ਹੈ । ਹਾਂ ਤੇ । ਇਹ ਓਨਮ ਤੇ ਸੰਗਰਾਂਦ ਤੇ ਖੂਬ ਝੋਲੀਆਂ ਭਰ ਕੇ ਦਿੰਦੇ ਨਾ ? ਜੋ ਕੰਮ ਕਰਨੇ ਆਂ ਉਸੇ ਦੀ ਮਜ਼ਦੂਰੀ ਹੀ ਤਾਂ ਮਿਲਦੀ ਹੈ ।''

ਚਾਤੱਨ ਨੇ ਇਉਂ ਆਖਿਆ ਤਾਂ ਜ਼ਰੂਰ ਸੀ ਪਰ ਤਾਂ ਵੀ ਉਹ ਅੰਬ ਉਤੇ ਚੜ੍ਹਨ ਦੀ ਤਿਆਰੀ ਕਰ ਰਿਹਾ ਸੀ । ਉਸ ਨੇ ਗੱਲ ਤਾਂ ਠੀਕ ਆਖੀ ਸੀ । ਪਹਿਲਾਂ ਖੁਲ੍ਹੇ ਹੱਥੀਂ ਵੰਡਦੇ ਸਨ । ਹੁਣ ਮੁੱਠੀ ਭਰ ਦਾ ਵੀ ਹਿਸਾਬ ਹੁੰਦਾ ਸੀ । ਨਿਕਟੀ ਸੰਬੰਧਾਂ ਦਾ ਵੀ ਉਸੇ ਤਰ੍ਹਾਂ ਲੋਪ ਹੋ ਗਿਆ ਸੀ ।

ਬਹੂ ਦੀ ਗੱਲ ਤਾਂ ਹਰ ਕੋਈ ਮੰਨਦਾ ਏ । ਉਸ ਦੀ ਗੱਲ ਕੋਈ ਟਾਲਦਾ ਨਹੀਂ । ਦੂਜਿਆਂ ਨਾਲ ਵਿਹਾਰ ਕਰਨ ਵਿਚ ਉਹ ਬੜੀ ਚਾਤੁਰ ਹੈ । ਘਰ ਵਿਚ ਆਈਆਂ ਬਹੂਆਂ ਵਿਚੋਂ ਉਸ ਦੀ ਬਰਾਬਰੀ ਹੋਰ ਕੋਈ ਨਹੀਂ ਕਰ ਸਕਦੀ......।

''ਚਾਤੱਪੁਲਯਨਾ !''

''ਹਾਂ, ਛੋਟੀ ਬੱਚੀ ਆ ਗਈ ।''

''ਵੱਡੀ ਸਰਕਾਰ ਆਈ ?''

''ਮੈਂ ਵੱਡੀ ਸਰਕਾਰ ਨਹੀਂ, ਛੋਟੀ ਸਰਕਾਰ ਹਾਂ ।''

''ਠੀਕ ਹੈ, ਪਰ ਹੁਣ ਤਾਂ ਸਰਕਾਰ ਜਾਂ ਮਾਲਕ ਕੁਝ ਵੀ ਨਹੀਂ ।''

''ਫੇਰ ਕਿਉਂ ਦਾਦਾ ਜੀ ਨੂੰ ਵੱਡੇ ਸਰਕਾਰ ਆਖਦੇ ਹੋ ?''

''ਵੇਖੋ ਨਾ ਦਾਦਾ ਜੀ ਦੀ ਸੋਟੀ ਅੰਬ ਉਤੇ ਚੜ੍ਹੀ ਬੈਠੀ ਹੈ ।''

"ਸੁਣਾ ਚਾਤੱਪੂਲਯਨ, ਸੰਣਿਅੱਚਾਯਨ ਹੋਰਾਂ ਸੋਟੀ ਨਾਲ ਅੰਬ ਤੋੜੇ ਸਨ ।"

"ਸੰਣਿ ਭਈਆ, ਪੋਣਿ ਭਈਆ ਹੁਣ ਇਥੇ ਆਉਣ ਤਾਂ ਮੈਂ ਸਭ ਨੂੰ ਨਸਾ ਦੇਵਾਂਗੀ ।"

ਕੁੰਏਨਾਚਨ ਦੀ "ਮੁੰਨੀ" ਸਿਸਿਲੀ ਚਾਤੱਪੂਲਯਨ ਦਾ ਅੰਬ ਉਤੇ ਚੜ੍ਹਨਾ ਬੜੇ ਅਚੰਬੇ ਨਾਲ ਵੇਖਦੀ ਰਹੀ । ਚਾਤੱਪੂਲਯਨ ਹੁਸ਼ਿਆਰ ਹੈ । ਸੰਣਿ ਭਈਆ ਵੱਡੇ ਆਦਮੀ ਹੁੰਦੇ ਹੋਏ ਵੀ ਅੱਧੇ ਪੇੜ ਤੱਕ ਹੀ ਚੜ੍ਹੇ ਕਿ ਲਾਲ ਕੀੜਿਆਂ ਨੇ ਅਜਿਹਾ ਕੱਟਿਆ ਕਿ ਉਤਰਨਾ ਹੀ ਪੈ ਗਿਆ ।

"ਕੀ ਮੈਨੂੰ ਪੱਕੇ ਅੰਬ ਤੋੜ ਦਿਉਗੇ ?"

"ਚੁੱਪ ਖੜੀ ਰਹੋ । ਤੂੰ ਪੂੜਾ ਤੇ ਪੁੱਟੂ ਖਾਣ ਵੇਲੇ ਚਾਤੱਪੂਲਯਨ ਨੂੰ ਕੀ ਦੇਂਦੀ ਸੈਂ ?"

"ਅੱਗੋਂ ਦਿਆਂਗੀ ।"

' ਅੰਬ ਵੀ ਅੱਗੋਂ ਤੋੜ ਦਿਆਂਗਾ ।"

ਇਸ ਤਰ੍ਹਾਂ ਕਹਿਣ ਤੇ ਵੀ ਚਾਤੱਪੂਲਯਨ ਅੰਬ ਜ਼ਰੂਰ ਤੋੜ ਦੇਵੇਗਾ । ਝੁੱਗੀ ਦੇ ਨੇੜਿਉਂ ਜਦ ਸਕੂਲ ਜਾਂਦੀ ਤਾਂ ਚਾਤੱਪੂਲਯਨ ਦੀ ਮਾਂ ਅਝਕੀਪੁਲਯੀ ਆਖਦੀ......।

"ਵੱਡੀ ਸਰਕਾਰ ਕੀ ਸਕੂਲ ਜਾ ਰਹੀ ਹੈ ?"

ਇਹ ਸੁਣ ਕੇ ਹੀ ਚਾਤੱਪੂਲਯਨ ਵੀ ਵੱਡੀ ਸਰਕਾਰ ਆਖਣ ਲੱਗ ਪਿਆ ਸੀ ।

ਚਾਤੱਪੂਲਯਨ ਨੇ ਇਕ ਟਹਿਣੀ ਫੜ ਕੇ ਖੂਬ ਹਿਲਾਈ । ਚਾਰ-ਪੰਜ ਅੰਬ ਡਿਗ ਪਏ । ਸਿਸਿਲੀ ਚੁੱਕਣ ਵਾਸਤੇ ਦੌੜੀ ਤਾਂ ਚਾਤੱਪੂਲਯਨ ਨੇ ਆਵਾਜ਼ ਦਿਤੀ— "ਹਟ ਜਾਓ ! ਅੰਬ ਪਿੰਡੇ ਉਤੇ ਡਿੱਗ ਪਏਗਾ । ਬਾਅਦ ਵਿਚ ਚੁਣ ਲੈਣੇ ।"

ਸਾਰੀਆਂ ਟਹਿਣੀਆਂ ਹਿਲਾਈਆਂ ਤਾਂ ਅੰਬ ਬਰਸਾਤ ਵਾਂਗ ਟਪ-ਟਪ ਟਪਕਣ ਲੱਗ ਪਏ । ਸੋਟੀ ਲੈ ਕੇ ਹੇਠ ਉਤਰਿਆ ਤਾਂ ਚਾਤੱਪੂਲਯਨ ਦੇ ਸਾਰੇ ਸਰੀਰ ਉਤੇ ਲਾਲ ਕੀੜੇ ਚਿਮਟੇ ਹੋਏ ਸਨ ।

ਮਾਂ ਨੇ ਸਾਰੇ ਅੰਬ ਟੋਕਰੇ ਵਿਚ ਭਰ ਲਏ । ਸੋਟੀ ਲੈ ਕੇ ਸਿਮਿਲੀ ਦਾਦਾ ਜੀ ਦੇ ਕੋਲ ਦੌੜੀ ।

"ਸੋਟੀ ਮਿਲ ਗਈ ਦਾਦਾ ਜੀ !"

ਕੁੰਏਨਾਚੰਨ ਉਠ ਬੈਠੇ । ਸੋਟੀ ਫੜੀ । ਜ਼ਮੀਨ ਉਤੇ ਟੇਕ ਕੇ ਵੇਖੀ । ਬੋਲੇ—

"ਇਨ੍ਹਾਂ ਮੁੰਡਿਆਂ ਨੂੰ ਹੁਣ ਇਥੇ ਆਉਣ ਦਿਉ । ਸਭ ਦੀ ਪਿੱਠ ਦੀ ਮੁਰੰਮਤ ਕਰ ਦਿਆਂਗਾ ।"

"ਕੀ ਇਸ ਸੋਟੀ ਨਾਲ ?"

"ਹੂੰ ।"

"ਮੈਨੂੰ ਵੀ ਮਾਰੋਗੇ ?"

"ਹੋਰ ਕੀ ?"

"ਕੀ ਪੀੜ ਨਹੀਂ ਹੋਣ ਲੱਗੀ ?"

''ਹੋਵੇ ਪਈ ਪੀੜ ।''

''ਨਹੀਂ ਮਾਰਨਾ, ਦਾਦਾ ਜੀ !''

''ਹੂੰ ਸੋਚਾਂਗੇ......ਤੇਰੀਆਂ ਸਹੇਲੀਆਂ ਕੀ ਅਜ ਸਕੂਲ ਗਈਆਂ ਸਨ ?''

''ਆਈਆਂ ਸਨ ।''

''ਉਨ੍ਹਾਂ ਦੇ ਨਾਂ ਕੀ ਹਨ ?''

''ਲਤਾ ਅਤੇ ਅੰਮੁਕੁੱਟਿ ! ਕਲ੍ਹ ਤੇ ਪਰਸੋਂ ਕਿੰਨੀ ਵਾਰ ਮੈਂ ਦਸਿਆ ਏ ? ਦਾਦਾ ਜੀ ਵਾਰ-ਵਾਰ ਪੁੱਛੀ ਜਾਂਦੇ ਹਨ ।''

''ਤਨੂੰ ਸਕੂਲ ਕਿਸ ਨਾਂ ਨਾਲ ਬੁਲਾਉਂਦੇ ਨੇ ?''

ਹਾਏ ! ਇਹ ਦਾਦਾ ਜੀ ਕੁਝ ਨਹੀਂ ਜਾਣਦੇ...ਬੁਲਾਉਂਦੇ ਨੇ ਮਹਿਆਮਾ ਮਾਤਯੂ ।''

ਸਿਸਿਲੀ ਅੰਦਰ ਚਲੀ ਗਈ । ਕੁੰਏਨਾਚੰਨ ਉਠ ਖੜੋਤੇ । ਪੈਰ ਜੰਮਦਾ ਨਾ ਵੇਖ ਕੇ ਉਥੇ ਹੀ ਬੈਠ ਗਏ । ਸੋਟੀ ਨੂੰ ਮੁੜ ਫੜ ਕੇ ਬੜੀ ਸਾਵਧਾਨੀ ਨਾਲ ਹੌਲੀ-ਹੌਲੀ ਤੁਰਦੇ ਵਿਹੜੇ ਵਿਚ ਪਹੁੰਚ ਗਏ......

''ਬਹੂ ਮੈਂ ਜਾ ਰਿਹਾ ਹਾਂ ।''

ਸੁਣਿਆ ਕਿ ਨਹੀਂ ! ਚਲ ਪਏ। ਕੁਝ ਦੂਰ ਚੱਲਣ ਤੇ ਸਰੀਰ ਵਿਚ ਕੁਝ ਫੁਰਤੀ ਆ ਗਈ । ਹੁਣ ਦੋ ਚਾਰ ਮੀਲ ਚੱਲ ਸਕਦੇ ਹਨ......

''ਦਾਦਾ ਜੀ ਕਿਧਰ ਚੱਲੇ ਨੇ ?''

ਸੋਟੀ ਦੇ ਸਹਾਰੇ ਖੜੋ ਗਏ । ''ਕੌਣ ਹੋ ?''

''ਮੱਲੂ ਪਰੰਪੂ ਤੱਕ ਚੱਲਿਆਂ । ਤੈਨੂੰ ਪਛਾਣਿਆ ਨਹੀਂ । ਘਟ ਦਿਖਾਈ ਦਿੰਦਾ ਹੈ ।''

''ਚੱਕਾਲੇ ਦੇ......''

''ਤੋਮਾ ਦੇ ਪੁੱਤਰ ਓ ?''

''ਹਾਂ ।''

''ਉਸ ਦਾ ਵੱਡਾ ਪੁੱਤਰ ਏਂ ?''

''ਹਾਂ ।''

''ਤੂੰ ਤਾਂ ਇਥੇ ਨਹੀਂ ਸੈਂ ਨਾ ?''

''ਮਦਰਾਸ ਸਾਂ, ਪਰਸੋਂ ਹੀ ਆਇਆਂ ।''

''ਅੱਛਾ, ਤਾਂ ਆ ।''

ਚੌਰਾਹੇ ਤੇ ਪੁੱਜਣ ਤੇ ਵਕੀਲ ਦਾ ਗੁਮਾਸ਼ਤਾ ਮਾਕਰਨਪਿੱਲੇ ਮਿਲਿਆ ਤੇ ਲੱਗਾ ਸੁਖ-ਸਾਂਦ ਪੁੱਛਣ......

''ਕਿਥੇ ਚੱਲੇ ਓ, ਕੁੰਯੇਨਾਮਾਪਿਲਾ ?''

''ਰੁਕੇ ਨਹੀਂ । ਚਲਦਿਆਂ-ਚਲਦਿਆਂ ਹੀ ਜਵਾਬ ਦਿਤਾ ।'' ਹੋਰ ਵੀ ਕਈਆਂ ਨੇ ਪੱਛਿਆ—''ਭਈ ਕਿਧਰ ਚੱਲੇ ਓ ?''

"ਚਾਚਾ ਜੀ ਕਿਧਰ ਜਾ ਰਹੇ ਨੇ ?"

ਕਿਸੇ ਨੂੰ ਵੀ ਜਵਾਬ ਦੇਣ ਨਹੀਂ ਰੁਕਦੇ। ਚੱਲਦੇ ਗਏ। ਪੁੱਤਨਚਿਰਾਵਾਲਿਆਂ ਦੀ ਦੁਕਾਨ ਦੇ ਸਾਹਮਣੇ ਪੁੱਜੇ ਤਾਂ ਇਕ ਕੁੜੀ ਨੇ ਹੱਸਦਿਆਂ ਹੋਇਆਂ ਸਾਹਮਣੇ ਆ ਕੇ ਆਵਾਜ਼ ਦਿਤੀ, "ਦਾਦਾ ਜੀ।"

ਆਵਾਜ਼ ਜਾਣੀ ਪਛਾਣੀ ਹੈ। ਰੁਕ ਗਏ ਤੇ ਗੌਰ ਨਾਲ ਵੇਖਣ ਲੱਗ ਪਏ।

"ਮੈਂ ਹਾਂ ਦਾਦਾ ਜੀ, ਕੁੱਟਿਅੰਮਾ। ਇੰਨੀ ਦੇਰ ਕਿਸ ਤਰ੍ਹਾਂ ਹੋ ਗਈ ?"

"ਹਾਂ ਸਮਝ ਗਿਆ......ਕੀਵਰੀਤ ਦੀ ਲੜਕੀ......ਗੁਰੂਆਇਨ।"

"ਤੂੰ ਸਕੂਲ ਜਾ ਰਹੀ ਏਂ ?"

"ਹਾਂ, ਸੋਚ ਰਹੀ ਸਾਂ ਕਿ ਦਾਦਾ ਜੀ ਨੂੰ ਖਾਣਾ ਖਵਾ ਕੇ ਜਾਵਾਂ।"

"ਅੱਛਾ ! ਤਾਂ ਤੈਨੂੰ ਪਤਾ ਸੀ ਕਿ ਅਜ ਵਾਰੀ ਤੁਹਾਡੇ ਘਰ ਦੀ ਹੈ।"

"ਵਾਰੀ ?" ਕੁੱਟਿਅੰਮਾ ਹੱਸ ਪਈ।

"ਕਿੰਨੇ ਦਿਨਾਂ ਦੀ ਆਖਣੀ ਆਂ ਕਿ ਦਾਦਾ ਜੀ ਸਾਡੇ ਕੋਲ ਰਹੋ।"

"ਤੇਰਾ ਬਾਪ ਕਿਥੇ ਹੈ ?"

"ਘਰ ਨਹੀਂ।"

"ਸੁਣਿਆ ਏ ਕਿ ਤੇਰੇ ਬਾਰੇ ਕਿਸੇ ਨੇ ਗੱਲ ਕੀਤੀ ਸੀ। ਕੀ ਬਣਿਆ ?"

ਕੁੱਟਿਅੰਮਾ ਜਵਾਬ ਦਿਤੇ ਬਗੈਰ ਹੱਥ 'ਚ ਫੜੀ ਕਾਪੀ ਤੇ ਨਹੁੰ ਖੁਰਚਦੀ ਖੜੀ ਰਹੀ। ਫਿਰ ਪੁਛਿਆ ਤਾਂ ਬੋਲੀ—

"ਮੈਨੂੰ ਕੁਝ ਨਹੀਂ ਪਤਾ ਦਾਦਾ ਜੀ ! ਹੋਰਨਾਂ ਨੂੰ ਵੀ ਖਿਆਲ ਹੋਵੇ ਤਾਂ ਹੀ ਤੇ ਗੱਲ ਬਣੇਗੀ।"

"ਕੀ ਪੈਸੇ ਨਹੀਂ ?"

ਕੁੱਟਿਅੰਮਾ ਚੁੱਪ ਰਹੀ।

"ਕਿਉਂ ਕੁੜੀਏ ?"

ਕੁੰਏਨਾਚੰਨ ਨੇ ਧਿਆਨ ਨਾਲ ਵੇਖਿਆ ਤਾਂ ਕੁੱਟਿਅੰਮਾ ਦੀਆਂ ਅੱਖਾਂ ਭਰ ਆਈਆਂ ਸਨ।

"ਕੁੜੀਏ ਬੋਲ ਵੀ।"

"ਕੀ ?"

"ਜਾਹ ! ਰਸਤੇ 'ਚ ਖੜੀ ਹੋ ਕੇ ਨਾ ਰੋ।"

"ਕੁੱਟਿਅੰਮਾ ਗਈ ਨਹੀਂ।"

"ਮੈਂ ਆਪਣਾ ਆਪ ਭੁੱਲ ਕੇ ਘਰ ਦੀ ਮਦਦ ਕੀਤੀ ਹੈ, ਇਸ ਤਰ੍ਹਾਂ ਕਰਨ ਦਾ ਬਦਲਾ ਮੈਨੂੰ ਮਿਲ ਰਿਹਾ ਏ। ਪਿਤਾ ਜੀ ਨੂੰ ਹਰ ਮਹੀਨੇ ਪੈਸੇ ਚਾਹੀਦੇ ਨੇ।"

"ਕਿਉਂ ?"

"ਚੁੰਨਕਰਾ ਤੋਂ ਕੋਈ ਆਏ ਸਨ ਪਰ ਪਿਤਾ ਜੀ ਨੇ ਉਨ੍ਹਾਂ ਨੂੰ ਗਾਲ੍ਹੀ ਕੱਢ ਕੇ ਨਸਾ ਦਿਤਾ।

"ਕੀ ?"

"ਇਸ ਵੇਲੇ ਤਾਂ ਸਾਰੇ ਨੇ। ਜਦ ਮੇਰੇ ਸਰੀਰ 'ਚ ਬਲ ਨਹੀਂ ਰਹੇਗਾ ਤਾਂ ਕੋਈ ਨਹੀਂ ਹੋਣ ਲੱਗਾ।"

"ਨਾ, ਨਾ, ਰੋ ਨਾ ! ਚਲੀ ਜਾਹ ! ਕੋਈ ਨਾ ਕੋਈ ਉਪਾ ਜ਼ਰੂਰ ਨਿਕਲ ਆਵੇਗਾ।

ਕੁੱਟਿਅੰਮਾ ਨੇ ਸਾੜ੍ਹੀ ਦੇ ਪੱਲੇ ਨਾਲ ਅੱਖਾਂ ਪੂੰਝਦੇ ਹੋਏ ਆਖਿਆ—

"ਮੇਰੇ ਸਕੂਲੋਂ ਆ ਜਾਣ ਦੇ ਬਾਅਦ ਹੀ ਤੁਸੀਂ ਜਾਇਆ ਜੇ।"

"ਅੱਛਾ, ਹੋ ਆ।"

ਫਿਰ ਸਿੱਧੇ ਚੱਲ ਪਏ। ਇਹ ਲੜਕੀ ਕਦੀ ਇੰਨੀਆਂ ਖੁਲ੍ਹ ਕੇ ਗੱਲਾਂ ਕਰਨ ਵਾਲੀ ਨਹੀਂ ਸੀ। ਹੁਣ ਵਿਚਾਰੀ ਲਾਚਾਰ ਹੋ ਕੇ ਇੰਨਾ ਕਹਿ ਗਈ, ਉਸ ਨੇ ਬਿਲਕੁਲ ਠੀਕ ਹੀ ਆਖਿਆ ਹੈ। ਇਹੀ ਨਵੱਈਆ ਰਿਹਾ ਤਾਂ ਉਸ ਨੂੰ ਬੁਢਾਪੇ ਵਿਚ ਗਰਮ ਪਾਣੀ ਵੀ ਕੌਣ ਪੁੱਛੇਗਾ ? ਮਾਂ-ਬਾਪ ਮਿੱਟੀ ਵਿਚ ਮਿਲ ਚੁਕੇ ਹੋਣਗੇ। ਭੈਣਾਂ ਦੇ ਪਤੀ ਹਨ ਤੇ ਭਰਾਵਾਂ ਦੀਆਂ ਆਪਣੀਆਂ ਵਹੁਟੀਆਂ......ਬਸ ਇਹ ਹੀ ਇਕੱਲੀ ਰਹਿ ਜਾਏਗੀ। ਕਿਸੇ ਦੀ ਗ਼ੁਲਾਮੀ ਕਰ ਸਕਦੀ ਏ। ਪੈਸੇ ਹੋਏ ਤਾਂ ਖਿਲਾਉਣਗੇ, ਪਿਲਾਉਣਗੇ, ਨਹੀਂ ਤਾਂ ਮੁਰਦਾ ਹੀ ਜਾਨਣਗੇ।

ਕੋਈ 30 ਵਰ੍ਹਿਆਂ ਦੀ ਹੋਵੇਗੀ...... ਦੋ ਵੱਡੀਆਂ ਭੈਣਾਂ ਦੀ ਸ਼ਾਦੀ ਹੋ ਚੁਕੀ ਹੈ। ਵੱਡੀ ਬੀਮਾਰ ਹੋ ਗਈ। ਪ੍ਰਭੂ ਨੇ ਉਸ ਨੂੰ ਪ੍ਰਿਥਵੀ ਤੇ ਨਰਕ ਦਿਤਾ ਹੋਇਆ ਹੈ। ਪਤਾ ਨਹੀਂ ਕਿਹੋ ਜਿਹਾ ਪਾਪ ਕੀਤਾ ਸੂ। ਜਿਵੇਂ ਯਹੋਬਾ ਨੇ ਨਿਰਛਲ, ਸਤਵਾਦੀ, ਭਗਤ ਅਤੇ ਨਿਰਦੋਸ਼ ਅਯੂਬ ਨਾਲ ਕੀਤਾ। ਦੂਜੀ ਦੇ ਚਾਰ-ਪੰਜ ਬੱਚੇ ਨੇ। ਕੁੱਟਿਅਮਾ ਤੋਂ ਬਾਅਦ ਦੀ ਲੜਕੀ ਦੇ ਵੀ ਦੋ-ਤਿੰਨ ਬੱਚੇ ਹਨ। ਸੁਣਿਐ ਕਿ ਸਭ ਤੋਂ ਛੋਟੀ ਦੇ ਵੀ ਪੈਰ ਭਾਰੇ ਨੇ......।

ਇਹ ਲੜਕੀ ਪੜ੍ਹਨ ਵਿਚ ਬਹੁਤ ਹੁਸ਼ਿਆਰ ਸੀ। ਹਰ ਵਿਸ਼ੇ ਵਿਚ ਹੁਸ਼ਿਆਰ। ਮਟਿੰਗਲੀਸ਼ (ਮੈਟ੍ਰਿਕ) ਪਾਸ ਕਰ ਲਈ ਤਾਂ ਸਕੂਲ ਵਿਚ ਨੌਕਰੀ ਮਿਲ ਗਈ। ਉਸੇ ਦਿਨ ਤੋਂ ਹੀ ਬਾਪ ਦੀ ਰੋਟੀ ਬੇਟੀ ਦੀ ਤਨਖਾਹ ਨਾਲ ਚਲਦੀ ਹੈ। ਬੇਟੀ ਦੀ ਸ਼ਾਦੀ ਹੋ ਜਾਣ ਨਾਲ ਸ਼ਾਇਦ ਉਸ ਨੂੰ ਭੁੱਖਾ ਰਹਿਣਾ ਪਏ। ਇਹ ਹੀ ਸੋਚ ਕੇ ਗੱਲਬਾਤ ਹੋਣ ਤੇ ਸਿੱਧਾ ਜਵਾਬ ਨਹੀਂ ਦਿੰਦਾ। ਕਿੰਨੀ ਵਾਰ ਆਖਿਆ ਏ ਕਿ ਤੂੰ ਇਸ ਲੜਕੀ ਦੇ ਗਲੇ ਤੇ ਮੰਗਲਸੂਤਰ ਬੰਨ੍ਹਵਾ ਕੇ ਇਸ ਨੂੰ ਵਿਦਿਆ ਕਰ। ਉਸ ਦੀ ਉਮਰ ਦੀਆਂ ਲੜਕੀਆਂ ਦੇ ਤਿੰਨ-ਤਿੰਨ ਚਾਰ-ਚਾਰ ਬੱਚੇ ਹੋ ਚੁਕੇ ਹਨ। ਇਹ ਗੱਲ ਸੁਣਦਿਆਂ ਹੀ ਉਸ ਦਾ ਚਿਹਰਾ ਗੁੱਸੇ ਨਾਲ ਲਾਲ-ਪੀਲਾ ਹੋ ਜਾਂਦਾ ਹੈ। ਆਦਮੀ ਤਾਂ ਸਿੱਧਾ ਹੈ, ਪਰ ਬੜਾ ਗੁੱਸੇ ਵਾਲਾ ਹੈ। ਉਸ ਜੀਊਣ ਦੇ ਕਿੰਨੇ ਹੀ ਉਪਾ ਕੀਤੇ। ਪ੍ਰਭੂ ਨੇ ਚਾਰ-ਪੰਜ ਲੜਕੀਆਂ ਹੀ ਤਾਂ ਦਿਤੀਆਂ ਨੇ। ਚਲਾਕੀ ਨਾ ਕਰੇ ਤਾਂ ਹੋਰ ਕੀ ਕਰੇ ?... :

"ਕਿਥੇ ਜਾਂਦੇ ਓ /"

ਜਿਵੇਂ ਗੂੰਗਾ ਹਾਂ, ਹੱਥਾਂ ਨਾਲ ਇਸ਼ਾਰੇ ਕਰਕੇ ਪੁੱਛਦਾ ਏ ਇਹ ਸ਼ੇਖ ਕੌਣ ਏ ?

''ਹੂੰ ।''

''ਇਸ ਕਮਜ਼ੋਰੀ ਦੇ ਦਿਨਾਂ ਵਿਚ ਸੋਟੀ ਟੇਕਦੇ-ਟੇਕਦੇ ਕਿਥੇ ਚੱਲੇ ਓ ?''

ਪਛਾਣ ਗਿਆ । ਕਸਾਈ ਮਾਤੱਨ ਦਾ ਪੁੱਤਰ ਅਵਰਾਨ । ਇਹ ਅਜਕਲ ਇਕ ਛੋਟਾ ਮਾਲਕ ਤੇ ਇਕ ਨਵਾਂ ਪੈਸੇ ਵਾਲਾ ਬਣ ਗਿਆ ਹੈ । ਨਵਾਂ-ਨਵਾਂ ਅਮੀਰ ਹੋਇਆ ਹੈ । ਸ਼ੁਰੂ-ਸ਼ੁਰੂ ਵਿਚ ਫਿਲਿਪਿਓਸ ਦੀ ਠੇਕੇਦਾਰੀ 'ਚ ਨੌਕਰੀ ਕਰਦਾ ਸੀ । ਆਖਦੇ ਨੇ ਕੁਝ ਪੈਸੇ ਉਡਾ ਕੇ ਅੱਡ ਹੋ ਗਿਆ ਤੇ ਫਿਰ ਆਪਣਾ ਧੰਦਾ ਸ਼ੁਰੂ ਕਰ ਦਿਤਾ ।

''ਫਿਲਿਪਿਓਸ ਭਈਆ ਹਮੇਸ਼ਾ ਆਖਦੇ ਨੇ ਕਿ ਇਥੇ ਹੀ ਆ ਕੇ ਰਹੋ । ਪਰ ਸੁਣੇ ਤਾਂ ਹੀ ਨਾ ?''

''......! ਕਸਾਈ ਦਾ ਪੁੱਤਰ......ਜਾ, ਜਾ ! ਆਪਣਾ ਕੰਮ ਕਰ, ਮੈਨੂੰ ਸਲਾਹ ਮਸ਼ਵਰਾ ਦੇਣ ਵਾਲਾ ਤੂੰ ਕੌਣ ਹੁੰਦਾ ਏਂ ?''

ਅਵਰਾਨ ਸਹਿਮ ਗਿਆ । ਇਥੋਂ ਤੱਕ ਨਹੀਂ ਸੀ ਸੋਚਿਆ । ਲੋਕ ਜਮ੍ਹਾਂ ਹੋ ਗਏ । ਸਭ ਨੇ ਅਵਰਾਨ ਨੂੰ ਕਸੂਰਵਾਰ ਠਹਿਰਾਇਆ । ਕੁੰਏਨਾਚੰਨ ਨੂੰ ਠੰਡਾ ਕੀਤਾ......।

''ਜਾਣ ਦਿਓ ਭਈਆ, ਕੋਈ ਨਾਸਮਝ ਕੁਝ ਕਹੇ ਤਾਂ ਪਰਵਾਹ ਨਾ ਕਰੋ......''

ਕੁੰਏਨਾਚੰਨ ਨੇ ਫਿਰ ਵੀ ਗੱਲ ਛੱਡੀ ਨਹੀਂ......

''ਤੇਰਾ ਪਿਓ ਮੇਰੇ ਸਾਹਮਣੇ ਖੜਾ ਹੋ ਕੇ ਅੱਜ ਤੱਕ ਨਹੀਂ ਬੋਲਿਆ ।''

''ਜਾਏ ਪਰ੍ਹਾਂ ! ਠੀਕ ਵਕਤ ਤੇ ਜੇ ਨਾ ਡਾਂਟਿਆ ਤਾਂ ਸਿਰ ਤੇ ਚੜ੍ਹ ਜਾਏਗਾ । ਜੈਸੇ ਕੋ ਤੈਸਾ......ਜਾ ।''

ਤੰਗ ਗਲੀ ਦੇ ਮੋੜ ਤੇ ਪੁੱਜੇ ਤਾਂ ਕੁਝ ਦੇਰ ਹਫਦੇ ਰਹੇ । ਫਿਰ ਹਿੰਮਤ ਬੰਨ੍ਹ ਕੇ ਅੱਗੇ ਚਲ ਪਏ । ਪੌੜੀਆਂ ਪਾਰ ਕਰ ਗਏ । ਕੀਵਰੀਤ ਬਰਾਂਡੇ ਵਿਚ ਕਿਰਮਚ ਦੀ ਕੁਰਸੀ ਤੇ ਲੇਟਿਆ ਹੋਇਆ ਸੀ ।

ਪਿਤਾ ਜੀ ਨੂੰ ਵੇਖ ਕੇ ਉਠ ਗਿਆ ਤੇ ਵਿਹੜੇ ਵਿਚ ਟਹਿਲਣ ਲਗ ਪਿਆ । ਕੁੰਨਾਚਨ ਮੰਜੀ ਤੇ ਬੈਠ ਗਏ ।

''ਅਜੇ ਤੂੰ ਬਾਜ਼ਾਰ ਨਹੀਂ ਗਿਆ ?''

ਕੁਝ ਤਾਂ ਪੁਛਣਾ ਹੋਇਆ । ਕਾਲੀ ਮਿਰਚ ਦੇ ਮਾਮੂਲੀ ਸੌਦੇ ਕਰਦਾ ਹੈ । ਪਹਿਲਾਂ ਥੋਕ ਵਪਾਰ ਦਾ ਕੰਮ ਕੀਤਾ ਸੀ । ਜਿਥੇ ਪਹਿਲਾਂ ਫੁਲ ਵਿਕਦੇ ਸਨ, ਉਥੇ ਹੁਣ ਕੇਵਲ ਘਾਹ ਹੀ ਵਿਕਦਾ ਹੈ । ਥੋੜ੍ਹੀ ਦੇਰ ਤੱਕ ਕੋਈ ਜਵਾਬ ਨਹੀਂ । ਇਧਰ-ਉਧਰ ਟਹਿਲਦਾ ਹੀ ਰਿਹਾ ।

''ਬਾਜ਼ਾਰ ਜਾਣ ਲਈ ਪੈਸਾ ਚਾਹੀਦਾ ਏ ਨਾ ?''

ਇੰਨੀ ਦੇਰ ਦੇ ਬਾਅਦ ਹੁਣ ਜਵਾਬ ਮਿਲਿਆ । ਹੁਣ ਤੱਕ ਸੋਚਦਾ ਹੀ

ਰਿਹਾ। ਕੁੰਏਨਾਚੰਨ ਵੀ ਸੋਚ ਵਿਚ ਸਨ। ਕੁੱਟਿਅੰਮਾ ਦੀ ਗਲ ਤਾਂ ਕਰਨੀ ਹੈ।

'ਓਏ!"

"ਕੀ ਏ?"

"ਮੰਝਲੀ ਲੜਕੀ ਨੂੰ ਇਸ ਤਰ੍ਹਾਂ ਕਵਾਰੀ ਬਿਠਈ ਰਖਣਾ ਠੀਕ ਏ?"

"ਮੈਂ ਕੀ ਕਰਾਂ?"

' ਕੀ ਉਸ ਦੇ ਗਲੇ 'ਚ ਮੰਗਲਸੂਤਰ ਨਹੀਂ ਬੰਨ੍ਹਵਾਉਣਾ?"

"ਹਾਂ ਬਣਵਾਉਣਾ ਹੈ।"

"ਕਿਸ ਤਰ੍ਹਾਂ ਬੱਝੇਗਾ?"

"ਕੌਣ ਜਾਣੇ। ਜੇ ਤੁਹਾਡੇ ਕੋਲ ਕੁਝ ਹੈ ਤਾਂ ਦਿਓ।"

"ਅੱਛਾ! ਮੇਰੇ ਹੱਥ ਵਿਚ ਜਦ ਕੁਝ ਹੈ ਸੀ ਤਾਂ ਦਿੱਤਾ ਵੀ ਸੀ।"

"ਉਦੋਂ? ਤੁਸੀ ਤਾਂ ਗੱਲਾਂ ਇਸ ਤਰ੍ਹਾਂ ਕਰਦੇ ਹੋ ਜਿਵੇਂ ਕੁਝ ਜਾਣਦੇ ਹੀ ਨਹੀਂ। ਮੇਰੇ ਕੋਲ ਤਾਂ ਜ਼ਹਿਰ ਖਾਣ ਵਾਸਤੇ ਵੀ ਚਾਰ ਪੈਸੇ ਨਹੀਂ। ਤਨਖਾਹ ਮਿਲਣ ਤੇ ਘਰ ਚਾਲੀ-ਪੰਜਾਹ ਰੁਪਏ ਜ਼ਰੂਰ ਦਿੰਦੀ ਹੈ। ਪਰ ਉਨ੍ਹਾਂ ਨਾਲ ਕੀ ਬਣਦਾ ਹੈ। ਸ਼ਾਦੀ ਦੀ ਗੱਲ ਤਾਂ ਅਲਗ ਰਹੀ। ਸੁਣਿਆ ਹੈ ਛੋਟੀ ਦੇ ਪੈਰ ਭਾਰੇ ਹਨ। ਕੀ ਉਸ ਨੂੰ ਨਹੀਂ ਲਿਆਉਣਾ?"

ਜਵਾਬ ਵੀ ਕੀਵਰੀਤ ਨੇ ਖੁਦ ਹੀ ਦਿੱਤਾ...

"ਪੈਸੇ ਦਾ ਬੰਦੋਬਸਤ ਹੋ ਸਕਿਆ ਤਾਂ ਲੈ ਆਵਾਂਗੇ। ਨਹੀਂ ਤਾਂ ਉਥੇ ਹੀ ਜਨੇਪਾ ਕੱਟੇ।"

ਇਸ ਸਮੇਂ ਕੀਵਰੀਤ ਦੀ ਬੀਵੀ ਕੂੰਯੂਮਰਿਆ ਬਾਹਰ ਆ ਗਈ। ਕਹਿਣ ਲਗੀ:

"ਬੜਾ ਨੱਕ ਰਹੇਗਾ। ਭੁੱਖ ਤਾਂ ਪੇਟ ਹੀ ਜਾਣਦਾ ਹੈ। ਬੇਟੀ ਨੂੰ ਪਰਾਏ ਘਰ ਵਿਚ ਰਹਿਣਾ ਪਏਗਾ......"

ਗੱਲ ਪੂਰੀ ਕਰਨ ਹੀ ਨਹੀਂ ਦਿੱਤੀ।

"ਤਾਂ ਆਪਣੇ ਪੇਕਿਓਂ ਰੁਪੈ ਦਾ ਪ੍ਰਬੰਧ ਕਰ ਕੇ ਬੇਟੀ ਨੂੰ ਬੁਲਾ ਲਿਆ।"

"ਮੇਰੇ ਪੇਕੇ ਖਾਣ-ਪੀਣ ਵਾਲੇ ਮਰਦ ਨੇ। ਬਾਬੂ ਜੀ ਵੀ ਇਥੇ ਹੀ ਬੈਠੇ ਨੇ। ਮੈਂ ਜੱਦ ਪੇਕਿਓਂ ਆਈ ਸਾਂ ਤਾਂ ਵੱਡੀ ਕਿਸ਼ਤੀ ਭਰ ਕੇ ਲਿਆਈ ਸਾਂ। ਕੀ ਭੁਲ ਗਏ? ਤਿੰਨ ਬੱਚਿਆਂ ਦਾ ਜਨਮ ਮੇਰੇ ਪੇਕੇ ਹੀ ਹੋਇਆ ਸੀ।"

"ਤਾਂ ਜੋ ਉਸ ਸਮੇਂ ਲਿਆਈ ਸੈਂ ਉਸ ਦਾ ਹਿੱਸਾ ਵੰਡ ਲੈ ਤੇ ਬੁਲਾ ਲਿਆ।"

"ਇਹੋ ਜਹੀਆਂ ਗੱਲਾਂ ਸੁਣ ਕੇ ਮੇਰਾ ਅੰਗ-ਅੰਗ ਫੜਕਣ ਲੱਗ ਪੈਂਦੇ। ਮੇਰੀਆਂ ਲਿਆਂਦੀਆਂ ਸਭ ਚੀਜ਼ਾਂ ਵੇਚ-ਵੇਚ ਕੇ ਖਾ ਗਏ......।"

"ਚੱਲ ਨੀ ਅੰਦਰ।"

"ਹਾਂ ਹੋਰ ਅੱਗੇ ਨਹੀਂ ਵਧਣ ਦੇਣਾ ਚਾਹੀਦਾ। ਕੁੰਏਨਾਚੰਨ ਬੋਲੇ—

ਕੁੰਯੂਮਰੀਆ, ਆਪਣਾ ਕੰਮ ਕਰ ! ਗਲਾ ਪਾੜ-ਪਾੜ ਕੇ ਗਵਾਂਢੀਆਂ ਨੂੰ ਗੱਲਾਂ ਕਰਨ ਦਾ ਮੌਕਾ ਕਿਉਂ ਦੇਨੀ ਏਂ?''

''ਤੇ ਮੈਂ ਕੀ ਕਰਾਂ ? ਜ਼ਹਿਰ ਖਾ ਕੇ ਕਿ ਖੂਹ ਵਿਚ ਛਾਲ ਮਾਰ ਕੇ ਜਾਨ ਦੇ ਦੇਵਾਂ ? ਬੋਲੋ ! ਜਦ ਮਿਹਨਤ ਕਰ ਸਕਦਾ ਸਾਂ ਉਦੋਂ ਭਾਰ ਢੋ-ਢੋ ਕੇ ਤੇ ਬੈਲ ਚਲਾ ਕੇ ਬਾਪ ਦੇ ਨਾਲ-ਨਾਲ ਕੰਮ ਕਰਦਾ ਸਾਂ । ਫਿਰ ਛੋਟੇ ਭਰਾਵਾਂ ਨੂੰ ਪਾਲ ਪੋਸ ਕੇ ਜੀਵਨ ਜੋਗਾ ਬਣਾਇਆ । ਇਕ ਤਾਂ ਹੁਣ ਲਖਪਤੀ ਬਣ ਗਿਆ ਹੈ । ਸਾਡੇ ਕੋਲ ਤਾਂ ਪਕਾਣ ਲਈ ਇਕ ਛਟਾਕੀ ਚੌਲਾਂ ਦੀ ਵੀ ਨਹੀਂ । ਜ਼ਮੀਨ ਬਚਾਉਣ ਲਈ ਨਾਦਿਰਾਂ ਨਾਲ ਮਾਰ-ਕੁਟਾਈ ਤੇ ਛੁਰੇਬਾਜ਼ੀ ਕੀਤੀ, ਜਿਸ ਕਾਰਨ ਸੱਜੇ ਹੱਥ ਦਾ ਅੰਗੂਠਾ ਵੀ ਗਵਾ ਬੈਠਾ ਹਾਂ । ਪੱਥਰ ਮਾਰ ਕੇ ਅੰਬ ਤੱਕ ਵੀ ਨਹੀਂ ਤੋੜ ਸਕਦਾ ।''

ਹੁਣ ਕਲਈ ਖੁਲ੍ਹੀ ! ਗੱਲ ਵਧਣ ਨਾਲ ਗੜਬੜ ਹੋ ਜਾਏਗੀ । ਨਹੀਂ ! ਹੁਣ ਠੰਡਾ ਹੋ ਜਾਏਗਾ ।

''ਬੱਚੀ ਕੁਝ ਗਰਮ ਚੀਜ਼ ਹੋਵੇ ਤਾਂ ਦੇ ਦੇ । ਮੈਂ ਫਿਰ ਚੱਲਾਂ । ਜਾ ਕੇ ਕਿਧਰੇ ਜ਼ਰਾ ਲੇਟ ਜਾਵਾਂ ।'' ਇੰਨੇ ਵਿਚ ਕੀਵਰੀਤ ਵੀ ਕੁਝ ਠੰਡਾ ਹੋ ਗਿਆ । ਇਸ ਦੀ ਇਹੀ ਆਦਤ ਹੈ ।

''ਕੀ ਇਥੇ ਲੇਟਣ ਲਈ ਮੰਜੀ ਚਟਾਈ ਕੋਈ ਨਹੀਂ ?''

''ਹਾਂ ਹੈ ਤਾਂ, ਫਿਰ ਵੀ ਜਾਣ ਦਿਓ ।''

ਅੰਦਰੋਂ ਕੁੰਯੂਸਰਿਆ ਨੇ ਆਵਾਜ਼ ਦਿਤੀ ।

ਹੁਣੇ ਲਿਆਈ ਬਾਬੂ ਜੀ ।

ਹੁਣ ਖਾਮੋਸ਼ੀ ਹੈ । ਕੀਵਰੀਤ ਵਿਹੜੇ ਵਿਚ ਟਹਿਲ ਰਿਹਾ ਹੈ । ਕੁੰਯੂਮਰਿਆ ਥਾਲੀ ਵਿਚ ਚਾਵਲ ਲੈ ਆਈ । ਸਹੁਰਾ ਜੀ ਦੇ ਹੱਥ ਧੁਆ ਦਿਤੇ ।

''ਉਸ ਨੂੰ ਖਾਣਾ ਖਵਾਇਆ ?''

''ਬਾਬੂ ਜੀ ਖਾਓ ! ਉਨ੍ਹਾਂ ਨੂੰ ਬਾਅਦ ਵਿਚ ਖਵਾਵਾਂਗੀ ।''

''ਤੁਹਾਡਾ ਮੁੰਡਾ ਸਕੂਲੋਂ ਨਹੀਂ ਆਇਆ ?''

''ਆ ਕੇ ਮੁੜ ਗਿਐ ।''

ਸਾਥੀਆਂ ਦੇ ਨਾਲ ਆ ਕੇ ਉਸ ਨੇ ਜੋ ਸੋਟੀ ਅੰਬ ਦੇ ਰੁੱਖ ਉਤੇ ਅੜਾ ਦਿਤੀ ਸੀ ਉਸ ਦਾ ਜ਼ਿਕਰ ਨਹੀਂ ਕੀਤਾ, ਵਿਚਾਰੇ ਨੂੰ ਮਾਰ ਕਿਉਂ ਪਵਾਵਾਂ ।

ਦੋ ਤਿੰਨ ਗਰਾਹੀਆਂ ਖਾਣ ਦੇ ਬਾਅਦ ਉਠ ਬੈਠੇ ।

''ਬਾਬੂ ਜੀ ਨੇ ਖਾਧਾ ਹੀ ਨਹੀਂ ।''

''ਬਸ, ਖਾ ਲਿਆ ਹੈ ।''

''ਸਬਜ਼ੀ ਪਸੰਦ ਨਹੀਂ ਆਈ ?''

ਤੇਰੀ ਸਬਜ਼ੀ ਪਸੰਦ ਨਾ ਆਈ ਤਾਂ ਹੋਰ ਕਿਹੜੀ ਚੀਜ਼ ਪਸੰਦ ਆਵੇਗੀ । ਇਸ ਤੋਂ ਵਧ ਨਹੀਂ ਖਾਧਾ ਜਾਂਦਾ, ਬਹੂ ।

ਮੁੜਨ ਲਗੇ, ਹੁਣ ਵੱਡੀ ਲੜਕੀ ਗਹੇਲੰਮਾ ਨੇ ਚਬੂਤਰੇ ਦੇ ਬੂਹੇ ਅੱਗੇ ਆ

ਆਪਣਾ ਮੂੰਹ ਵਿਖਾਇਆ । ਪੰਜਾਂ ਦਿਨਾਂ ਵਿਚ ਉਹ ਇਕ ਵਾਰ ਆਉਂਦੇ, ਉਸ ਨੂੰ ਕੇਵਲ ਉਦੋਂ ਹੀ ਵੇਖਣ ਦਾ ਨਿਯਮ ਬਣ ਚੁਕਾ ਹੈ । ਉਹ ਤਾਂ ਇਕ ਤਰ੍ਹਾਂ ਦੇ ਕੈਦਖਾਨੇ ਵਿਚ ਰਹਿੰਦੀ ਹੈ । ਉਸ ਦਾ ਆਪਣਾ ਕੋਈ ਨਹੀਂ, ਇਕੱਲੀ ਹੈ । ਘਰ ਕੋਈ ਆਵੇ ਤਾਂ ਉਸ ਲਈ ਉਸ ਦੇ ਸਾਹਮਣੇ ਆਉਣਾ ਮਨ੍ਹਾ ਹੈ ।

''ਬੇਟੀ !''

''ਕੀ ?''

''ਤੂੰ ਕੁਝ ਖਾਧਾ ਹੈ ?''

ਜਵਾਬ ਕੋਈ ਨਹੀਂ । ਚਿਹਰੇ ਵਲ ਧਿਆਨ ਨਾਲ ਵੇਖਿਆ । ਰੁਪੈ ਜਿੱਡੇ ਗੰਜ ਦੇ ਮੋਟੇ-ਮੋਟੇ ਲਾਲ ਦਾਗ । ਵਾਲ ਝੜ ਗਏ ਨੇ । ਕੰਨ ਸੁੱਜ ਗਏ ਹਨ । ਦੇਖਿਆਂ ਡਰ ਲੱਗਦਾ ਹੈ ।

''ਦਿਨ ਵੇਲੇ ਸੌਣਾ ਨਹੀਂ । ਬਾਈਬਲ ਪੜ੍ਹੋ । ਪ੍ਰਾਰਥਨਾ ਕਰੋ । ਫ਼ੌਜਾਂ ਦੇ ਦੇਵਤਾ ਯਹੋਬਾ ਵਾਸਤੇ ਕੁਝ ਵੀ ਅਸੰਭਵ ਨਹੀਂ । ਉਹ ਸਮੁੰਦਰ ਦੇ ਘਮੰਡ ਨੂੰ ਦੂਰ ਕਰ ਦਿੰਦਾ ਹੈ । ਲਹਿਰਾਂ ਉਠਣ ਤੇ ਉਹ ਦਬਾ ਦਿੰਦਾ ਹੈ । ਉਸ ਨੇ ਰੋਹਬ ਨੂੰ ਤਹਿਸ ਨਹਿਸ ਕਰ ਦਿਤਾ । ਆਪਣੀਆਂ ਸ਼ਕਤੀਸ਼ਾਲੀ ਭੁਜਾਵਾਂ ਨੂੰ ਤਿਤਰ-ਬਿਤਰ ਕਰ ਦਿਤਾ, 89ਵਾਂ ਕੀਰਤਨ ਪੜ੍ਹ ਕੇ ਵੇਖੋ ।''

ਰਾਹੇਲੰਮਾਂ ਦੀਆਂ ਅੱਖੀਆਂ ਭਰ ਆਈਆਂ ।

''ਦਾਦਾ ਜੀ ਚੱਲਾਂ ?''

''ਹੂੰ ।''

ਉਹ ਸੋਟੀ ਲੈ ਕੇ ਨਿਕਲ ਪਏ ਤੇ ਚਲਦੇ ਗਏ । ਘਰ ਦੀ ਮੰਜੀ ਤੇ ਲੇਟ ਜਾਣਾ ਹੈ । ਕਦੀ-ਕਦੀ ਕੁਰੁਪ ਅਫ਼ੀਮ ਖਰੀਦ ਲਿਆਉਂਦਾ ਹੈ ਵਿਚਾਰਾ । ਕਿਸੇ ਦੀ ਵੀ ਖੁਸ਼ਾਮਦ ਕਰੇ ਲੈ ਜ਼ਰੂਰ ਆਓਂਦਾ ਹੈ । ਦੁਪਹਿਰ ਵੇਲੇ ਇਕ ਗੋਲੀ ਗਲੇ ਤੋਂ ਹੇਠਾਂ ਲੰਘਾਉਣ ਨਾਲ ਦੂਣੀ ਤਾਕਤ ਆ ਜਾਂਦੀ ਹੈ । ਵਰਨਾ ਬੜੀ ਥਕਾਵਟ ਮਹਿਸੂਸ ਹੁੰਦੀ ਹੈ ।

ਪਨੱਚਿਮੂਟ ਚੌਰਾਹੇ ਤੇ ਪੁੱਜੇ ਤਾਂ ਕੁੰਏਨਾਚੇਨ ਨੇ ਮਹਿਸੂਸ ਕੀਤਾ ਕਿ ਪੈਰ ਜ਼ਮੀਨ ਤੇ ਜੰਮ ਨਹੀਂ ਸਨ ਰਹੇ । ਸੋਟੀ ਤੇ ਜ਼ੋਰ ਪਾਉਣ ਨਾਲ ਵੀ ਉਹ ਡਟਿਆ ਨਹੀਂ ਰਹਿ ਸਕਦੇ । ਮਨ ਨੂੰ ਤਾਕਤ ਬੰਧਾਈ ਕਿ ਡਿਗਣਾ ਨਹੀਂ । ਘਰ ਦੀ ਮੰਜੀ ਤੇ ਹੀ ਡਿਗਣਾ ਚਾਹੀਦਾ ਹੈ । ਪਰ ਇਉਂ ਜਾਪਿਆ ਜਿਵੇਂ ਭੂ ਮੰਡਲ ਡਗਮਗਾਉਣ ਲਗ ਪਿਆ । ਅੱਖਾਂ ਅੱਗੇ ਹਨੇਰਾ ਆ ਗਿਆ । ਬਸ ਓਦੋਂ ਤੋਂ ਅੱਗੇ ਕੁਝ ਯਾਦ ਨਹੀਂ ।

ਚਿਹਰਾ ਗਿੱਲਾ ਲੱਗਾ ਤਾਂ ਅੱਖਾਂ ਖੁਲ੍ਹ ਗਈਆਂ । ਚੌਹੀਂ ਪਾਸੀਂ ਲੋਕ ਇਕੱਠੇ ਹਨ । ਕਿਸੇ ਨੂੰ ਆਖਦੇ ਸੁਣਿਆ—

''ਮੰਜੀ ਲਿਆਉਂਦੇ ਆਂ । ਮੰਜੀ ਤੇ ਲੈ ਚੱਲਾਂਗੇ ।''

''ਨਹੀਂ, ਮੰਜੀ ਨਹੀਂ ਚਾਹੀਦੀ । ਮੇਰੀ ਸੋਟੀ ਦੇ ਦਿਓ ।''

ਤਾਂ ਵੀ ਉਹ ਦੋ ਆਦਮੀਆਂ ਦੇ ਸਹਾਰੇ ਹੀ ਚਲ ਸਕੇ। ਉਸੇ ਵੇਲੇ ਹੀ ਮਾਤੱਨ ਕਸਾਈ ਦੇ ਪੁੱਤਰ ਅਵਰਾਨ ਨੂੰ ਲੋਕਾਂ ਵਿਚ ਕਹਿੰਦੇ ਸੁਣਿਆ—"ਨੱਬੇ ਵਰ੍ਹੇ ਦਾ ਆਦਮੀ ਇਸ ਤਰ੍ਹਾਂ ਕਿਉਂ ਚੱਕਰ ਲਗਾਏ ? ਮੈਂ ਜਦ ਇਹ ਆਖਿਆ ਤਾਂ ਮੈਨੂੰ ਮਾਰਨ ਨੂੰ ਪੈ ਗਏ।"

## ਦੋ

ਪੀਲਿਪੋਚਨ (ਫਿਲਿਪਿਓਸ) ਹੀ ਸਭ ਤੋਂ ਬਾਅਦ ਪੁੱਜਾ। ਉਸ ਨੇ ਸਾਈਕਲ ਸਟੈਂਡ ਦੇ ਖੜ੍ਹਾ ਕਰ ਦਿੱਤਾ ਤੇ ਤੌਲੀਏ ਨਾਲ ਚਿਹਰੇ ਦਾ ਪਸੀਨਾ ਪੂੰਜਣ ਲਗ ਪਿਆ। ਆਪਣੀ ਮੋਟਰ ਗੱਡੀ ਤਾਂ ਹੈ, ਤਾਂ ਵੀ ਅਕਸਰ ਸਾਈਕਲ ਤੇ ਹੀ ਆਉਂਦਾ ਜਾਂਦਾ ਹੈ। ਕੀਵਰੀਚਨ (ਗੀਵਰਗੀਸ) ਅਤੇ ਮਾਤੁਕੁੱਟੀ ਵਿਹੜੇ ਵਿਚ ਖੜੇ ਹਨ। ਕੁੰਯੂਚੇਰੁੱਕਰ ਪਿਤਾ ਦੀ ਮੰਜੀ ਦੇ ਕੋਲ ਬੈਠਾ ਹੈ। ਕੁੰਏਨਾਚੰਨ ਦੇ ਸਭ ਦੇ ਵੱਡੇ ਪੁੱਤਰ ਕੁੰਯੋਮਾ (ਜੋ ਹੁਣ ਜੀਵਤ ਨਹੀਂ) ਦਾ ਲੜਕਾ ਕੁਯੰਪੀ ਵੀ ਆਇਆ ਹੈ।

ਗ੍ਰਿਹਸਥ ਦੀ ਹੈਸੀਅਤ ਵਿਚ ਮਾਤੁਕੁੱਟੀ ਨੇ ਪੁਛਿਆ—

"ਭਈਆ ਦੇਰ ਨਾਲ ਕਿਵੇਂ ਆਏ ?"

"ਸਵੇਰੇ ਪੰਤਲਮ ਗਿਆ ਸਾਂ। ਇਕ ਪੁਲ ਦਾ ਕੰਮ ਚਲ ਰਿਹਾ ਹੈ।"

ਫਿਰ ਖਾਮੋਸ਼ੀ। ਸਭ ਜਾਣਦੇ ਹਨ ਕਿ ਸਭ ਲੋਕ ਕਿਉਂ ਇਕੱਠੇ ਹੋਏ ਹਨ। ਪਰ ਕਿਸੇ ਦੇ ਮੂੰਹੋਂ ਕੋਈ ਗੱਲ ਨਹੀਂ ਨਿਕਲਦੀ। ਫਿਲਿਪਿਓਸ ਪਿਤਾ ਦੇ ਕੋਲ ਜਾਕੇ ਕਾਫੀ ਦੇਰ ਉਨ੍ਹਾਂ ਵਲ ਵੇਖਦਾ ਰਿਹਾ। ਇਸ ਦੇ ਬਾਅਦ ਪੁਛਿਆ—"ਕਮਜ਼ੋਰੀ ਦੀ ਹਾਲਤ ਵਿਚ ਪਿਤਾ ਜੀ ਬਾਹਰ ਫਿਰਨ ਵਾਸਤੇ ਕਿਉਂ ਗਏ ਸਾਓ।"

ਕੁੰਏਨਾਚੰਨ ਦੇ ਹੋਂਠ ਨਹੀਂ ਹਿੱਲੇ। ਮਾਤੁਕੁੱਟੀ ਨੇ ਅਖਿਆ "ਅੱਜ ਤੋਂ ਬਾਅਦ ਪਿਤਾ ਜੀ ਨੂੰ ਮਾਰੇ-ਮਾਰੇ ਫਿਰਨ ਦੀ ਲੋੜ ਨਹੀਂ ਪੈਣੀ ਚਾਹੀਦੀ। ਕੀਵਰੀਤ ਭਈਆ ਨੇ ਇਹ ਸਮਝਾਣ ਵਾਸਤੇ ਹੀ ਸਭ ਨੂੰ ਬੁਲਾਇਆ ਹੈ।"

ਹੂੰ ਤੇ ਹੁਣ ਉਨ੍ਹਾਂ ਲਈ ਕੀ ਚਾਹੀਦਾ ਹੈ ? ਕਈ ਦਿਨਾਂ ਤੋਂ ਕਹਿ ਰਿਹਾ ਹਾਂ ਕਿ ਘਰ ਆ ਕੇ ਮੇਰੇ ਕੋਲ ਹੀ ਠਹਿਰਣ। ਪਰ ਕਹਿਣਾ ਮੰਨਣ ਤਾਂ ਹੀ ਨਾ ? ਜਿਉਂ-ਜਿਉਂ ਉਮਰ ਵੱਧਦੀ ਹੈ, ਤਿਉਂ-ਤਿਉਂ ਛੋਟੇ ਬੱਚਿਆਂ ਵਰਗਾ ਹੱਠ ਵਧੀ ਜਾਂਦਾ ਹੈ।

ਕੁੰਯੂਚੇਰੁੱਕਨ ਨੇ ਕਿਹਾ :

"ਨਵੇਂ ਵਰ੍ਹੇ ਦੀ ਇਸ ਪੱਕੀ ਉਮਰ ਵਿਚ ਕੀ ਪਿਤਾ ਜੀ ਤੋਂ ਆਪਣਾ ਹੁਕਮ ਮੰਨਵਾ ਸਕਦੇ ਹੋ ?"

ਮਾਤੁਕੁੱਟੀ ਬੋਲਿਆ : "ਜਾਣਦੇ ਹੋ ਨਾ ਕਿ ਪਿਤਾ ਜੀ ਕਿਸੇ ਦੇ ਸਹਾਰੇ ਤੇ

ਨਹੀਂ ਰਹਿੰਦੇ :''

''ਅਰੇ, ਇਹ ਗੱਲ ਤਾਂ ਰਹੀ ਚੰਗੇ ਦਿਨਾਂ ਦੀ। ਕਮਜ਼ੋਰੀ ਵਿਚ ਤਾਂ ਆਪਣੇ ਆਪ ਸੋਚ ਸਮਝ ਕੇ ਕਿਧਰੇ ਚੁਪਚਾਪ ਪਏ ਰਹਿਣਾ ਚਾਹੀਦਾ ਹੈ।''

''ਇਹ ਸਭ ਗੱਲਾਂ ਦਸਣੀਆਂ ਹੁਣ ਬੇਕਾਰ ਹਨ। ਜੋ ਵੀ ਹੋਵੇ, ਇਸ ਤੋਂ ਬਾਅਦ ਪਿਤਾ ਜੀ ਨੂੰ ਪੁੱਤਰਾਂ ਦੇ ਘਰ (ਖਾਣੇ ਦੀ) ਵਾਰੀ ਤੇ ਜਾਣ ਦੀ ਜ਼ਰੂਰਤ ਨਹੀਂ ਪੈਣੀ ਚਾਹੀਦੀ। ਉਨ੍ਹਾਂ ਦਾ ਖਰਚ ਕਿਸੇ ਇਕ ਜਗ੍ਹਾ ਤੇ ਮਿਲਦਾ ਰਹੇ।''

ਫਿਰ ਖ਼ਾਮੋਸ਼ੀ। ਕੀਵਰੀਚਨ ਹੁਣ ਵਿਹੜੇ ਵਿਚ ਗੋਡਿਆਂ ਭਾਰ ਬੈਠਾ ਹੈ। ਉਂਗਲੀਆਂ ਮੱਥਾ ਉਖਾੜ ਰਹੀਆਂ ਹਨ। ਉਹ ਕਿਸੇ ਦੇ ਚਿਹਰੇ ਤੇ ਵੀ ਨਜ਼ਰ ਨਹੀਂ ਮਾਰ ਰਿਹਾ। ਕੁੰਯੂਚੇਰੁਕਨ, ਕੁਯੱਪੀ ਅਤੇ ਮਾਤੁਕੁੱਟੀ ਵੀ ਸੋਚਾਂ ਵਿਚ ਡੁੱਬੇ ਹਨ। ਪਰ ਫਿਲਿਪਿਓਸ ਨੂੰ ਫੁਰਸਤ ਨਹੀਂ।

''ਤਾਂ ਕਹੋ ਹੁਣ ਕੀਤਾ ਕੀ ਜਾਏ ? ਮੈਨੂੰ ਜਲਦੀ ਹੈ।''

''ਕਿਹਾ ਤਾਂ ਹੈ, ਪਿਤਾ ਜੀ ਦਾ ਖਰਚ ਇਥੇ ਹੀ ਦੇਣਾ ਚਾਹੀਦਾ ਹੈ।''

''ਇਹ ਕਿਉਂ ? ਪਿਤਾ ਜੀ ਨੂੰ ਨਾਲ ਲੈ ਜਾਵਾਂ ਤਾਂ ?''

''ਹਾਂ, ਹਾਂ।''

ਫਿਲਿਪਿਓਸ ਨੇ ਜ਼ੋਰ ਨਾਲ ਆਵਾਜ਼ ਦਿਤੀ—

''ਪਿਤਾ ਜੀ !''

ਕੁੰਏਨਾਚੰਨ ਨੇ ਮਹਿਸੂਸ ਕੀਤਾ ਕਿ ਉਹ ਕਹੇ ਕਿ ਮੇਰੇ ਕੰਨ ਅਜੇ ਬੋਲੇ ਨਹੀਂ ਹੋਏ। ਤੁਹਾਡੇ ਸਭਨਾਂ ਦੀ ਬਹਿਸ ਸੁਣ ਰਿਹਾ ਹਾਂ। ਕੁਝ ਥੱਕਿਆ ਤਾਂ ਹਾਂ, ਕਮਜ਼ੋਰ ਹਾਂ। ਪਰ ਇਸ ਕਾਰਨ ਮੈਨੂੰ ਕਿੱਲੇ ਤੇ ਬੰਨ੍ਹੀ ਰਖਣ ਦਾ ਵਿਚਾਰ ਛੱਡ ਦਿਉ। ਮੈਂ ਦੁਨੀਆਂ ਵੇਖੀ ਹੈ। ਇਹ ਤਾਂ ਤੁਸੀਂ ਸਾਰੇ ਜਾਣਦੇ ਹੋ। ਤੁਹਾਡੇ ਬੰਗਲੇ ਵਿਚ ਸ਼ਾਨਦਾਰ ਪਲੰਘ ਤੇ ਲੇਟਣ ਦੀ ਮੇਰੇ ਮਨ ਵਿਚ ਉੱਕਾ ਹੀ ਕੋਈ ਇੱਛਾ ਨਹੀਂ। ਮੈਨੂੰ ਤੁਸੀਂ ਚਾਂਦੀ ਦੀ ਪਿਆਲੀ ਵਿਚ ਅੰਗੂਰੀ ਨਾ ਪਿਆਉਣਾ। ਸੁਗੰਧੀ ਇਤਰ ਨਾਲ ਤਰ ਨਾ ਕਰਨਾ।

ਕੋਲੰਬ ਕੋਚਾਮੀ ਤੋਂ ਇਹ ਘਰ ਖਰੀਦਣ ਦੇ ਬਾਅਦ ਕੁਬੜ ਵੇਲੁੱਪਣਿਕਨ ਤੋਂ ਇਹ ਖਾਟ ਬਣਵਾਈ ਸੀ। ਮੈਂ ਆਖਰੀ ਸਾਹ ਇਸੇ ਖਾਟ ਤੇ ਹੀ ਲਵਾਂਗਾ। ਤੁਹਾਡੀ ਕੋਸ਼ਿਸ਼ ਯਾਕੂਬ ਦੀ ਕੋਸ਼ਿਸ਼ ਹੈ। ਇਸਹਾਕ ਦੀਆਂ ਅੱਖੀਆਂ ਜਦ ਦੇਖਣ ਦੀ ਸ਼ਕਤੀ ਤੋਂ ਵਾਂਝੀਆਂ ਗਈਆਂ ਤਦ ਯਾਕੂਬ ਇਸਹਾਕ ਨੂੰ ਧੋਖਾ ਦੇ ਕੇ ਉਸ ਦਾ ਆਸ਼ੀਰਵਾਦ ਲੈ ਚਲਿਆ। ਇਸਹਾਕ ਜਦ ਬਹੁਤ ਬੁੱਢਾ ਹੋ ਗਿਆ ਅਤੇ ਅੱਖੀਆਂ ਬਹੁਤ ਕਮਜ਼ੋਰ ਹੋ ਗਈਆਂ ਤਾਂ ਵੱਡੇ ਪੁੱਤਰ ਏਸ਼ਾ ਨੂੰ ਬੁਲਾ ਕੇ ਆਖਿਆ—''ਬੇਟਾ, ਤੂੰ ਮੇਰਾ ਤੀਰ ਤਰਕਸ਼ ਲੈ ਕੇ ਜੰਗਲ 'ਚ ਜਾਹ ਤੇ ਸ਼ਿਕਾਰ ਕਰਕੇ ਮੇਰੇ ਲਈ ਮਨਪਸੰਦ ਤੇ ਸਵਾਦਲਾ ਭੋਜਨ ਲੈ ਆ। ਮਰਨ ਤੋਂ ਪਹਿਲਾਂ ਤੈਨੂੰ ਆਸ਼ੀਰਵਾਦ ਦੇਵਾਂ।'' ਏਸ਼ਾ ਸ਼ਿਕਾਰ ਦੀ ਤਲਾਸ਼ ਵਿਚ ਜੰਗਲ ਵਿਚ ਚਲਾ ਗਿਆ। ਇਸਹਾਕ ਤੇ ਏਸ਼ਾ ਦੀ ਗੱਲਬਾਤ ਇਸਹਾਕ ਦੀ ਇਸਤ੍ਰੀ ਰੇਬੇਕਾ ਨੇ ਸੁਣ ਲਈ ਸੀ। ਉਸ ਨੇ ਛੋਟੇ ਪੁੱਤਰ ਯਾਕੂਬ ਨੂੰ ਸਭ ਸਮਝਾ ਦਿਤਾ। ਯਾਕੂਬ ਸਮਝਾਏ ਅਨੁਸਾਰ ਆਪਣੇ ਬੱਕਰੀਆਂ

ਦੇ ਵਾੜੇ ਵਿਚ ਗਿਆ ਤੇ ਦੋ ਚੰਗੇ ਛੋਟੇ-ਛੋਟੇ ਬੱਕਰੇ ਲੈ ਆਇਆ। ਰੇਬੇਕਾ ਨੇ ਇਸਹਾਕ ਲਈ ਬੱਕਰਿਆਂ ਦੇ ਮਾਸ ਦਾ ਸਵਾਦੀ ਭੋਜਨ ਤਿਆਰ ਕਰ ਦਿਤਾ। ਯਾਕੂਬ ਏਸ਼ਾ ਦੇ ਭੇਸ ਵਿਚ ਪਿਤਾ ਜੀ ਦੇ ਕੋਲ ਗਿਆ। ਬ੍ਰਿਧ ਤੇ ਅੰਨ੍ਹੇ ਇਸਹਾਕ ਨੇ ਯਾਕੂਬ ਨੂੰ ਆਸ਼ੀਰਵਾਦ ਦੇ ਦਿਤਾ—

ਪ੍ਰਮੇਸ਼ਰ ਤੈਨੂੰ ਆਕਾਸ਼ ਤੋਂ ਤੇਲ,
ਅਤੇ ਭੂਮੀ ਦੇ ਉੱਤਮ ਤੋਂ ਉੱਤਮ ਉਪਜ
ਅਤੇ ਬਹਤ ਸਾਰਾ ਅਨਾਜ ਤੇ ਨਵੀਂ ਦਾਖ ਸ਼ਹਿਦ ਦੇਵੇ,
ਰਾਜ-ਰਾਜ ਦੇ ਲੋਕ ਤੇਰੇ ਅਧੀਨ ਹੋਣ,
ਤੂੰ ਆਪਣੇ ਭਰਾਵਾਂ ਦਾ ਸਵਾਮੀ ਹੋਵੇਂ,
ਅਤੇ ਤੇਰੀ ਮਾਤਾ ਦੇ ਪੁੱਤਰ ਤੈਨੂੰ ਦੰਡਵਤ ਕਰਨ।

"ਪਿਤਾ ਜੀ!"

ਇਹ ਹੀ ਕਿਹਾ ਸੀ। ਮੇਰੀਆਂ ਅੱਖੀਆਂ ਵਿਚ ਧੂੜ ਧੂੜਨ ਦੀ ਕੋਸ਼ਿਸ਼ ਨਾ ਕਰੋ। ਮੇਰੀਆਂ ਅੱਖੀਆਂ ਅਜੇ ਵੇਖ ਸਕਦੀਆਂ ਹਨ। ਤੈਨੂੰ, ਵੱਡੇ ਭਰਾਂਵਾਂ ਨੂੰ ਤੇ ਛੋਟੇ ਭਾਈ ਨੂੰ...ਸਭ ਨੂੰ...ਹਰੇਕ ਨੂੰ ਪਹਿਚਾਣ ਸਕਦਾ ਹਾਂ। ਤੁਸੀਂ ਹੁਣੇ ਧੂਮਧਾਮ ਨਾਲ ਮੋਟਰ ਵਿਚ ਬੈਠਾ ਕੇ ਮੈਨੂੰ ਲੈ ਚਲੋਗੇ। ਸੁਣਨ ਵਾਲੇ ਆਖਣਗੇ, "ਫਿਲਿਪਿਓਸ ਪਿਤਾ ਜੀ ਨੂੰ ਆਪਣੇ ਘਰ ਲੈ ਗਿਆ ਹੈ ਤੇ ਉਨ੍ਹਾਂ ਦੀ ਟਹਿਲ ਸੇਵਾ ਕਰਦਾ ਹੈ।" ਇਹੀ ਰਹੀ ਸੁਣਨ ਵਾਲੀ ਗੱਲ। ਅੰਦਰ? ਦਸ ਦਿਨ ਬੀਤਣ ਤੱਕ ਹੀ ਤੇਰੀ ਬੀਵੀ ਬੁੜਬੁੜਾਨ ਲੱਗ ਪਏਗੀ। ਪੂਰੀ ਕਮਾਈ ਦੂਜੇ ਮੁੰਡਿਆਂ 'ਚ ਵੰਡ ਦਿਤੀ। ਅੱਖੀਆਂ ਮੀਟਣ ਦਾ ਵੇਲਾ ਆਇਆ ਤਾਂ ਇਹ ਪੁੱਤਰ ਹੀ ਦੇਖਣ ਭਾਲਣ ਜੋਗਾ ਰਹਿ ਗਿਆ। ਕਿਸੇ ਨੂੰ ਜ਼ਿਆਦਾ ਜਾਂ ਘਟ ਨਹੀਂ ਦਿਤਾ। ਫਿਰ ਵੀ ਔਰਤਾਂ ਇਸ ਤਰ੍ਹਾਂ ਦੀਆਂ ਗੱਲਾਂ ਕਰਦੀਆਂ ਹੀ ਹਨ। ਉਨ੍ਹਾਂ ਦੀ ਆਦਤ ਜੋ ਠਹਿਰੀ। ਇਹ ਗੱਲਾਂ ਸੁਣ ਕੇ ਨਫ਼ਰਤ ਦਾ ਖਾਣਾ ਖਾਣ ਲਈ ਤਾਂ ਮੇਰਾ ਕੁੱਤਾ ਆਏਗਾ ਜਾ ਓਏ ਜਾ!......

"ਪਿਤਾ ਜੀ ਨੇ ਮੇਰੀ ਗੱਲ ਨਹੀਂ ਸੁਣੀ?"

"ਏਂ ਏਂ ਕੀ ਹੈ?"

"ਪਿਤਾ ਜੀ ਮੇਰੇ ਨਾਲ ਚੱਲੋ। ਗੱਡੀ ਲਿਆਉਣਾ ਵਾਂ।"

"ਓਏ ਇਥੇ ਹੀ ਪਿਆ ਰਹਾਂਗਾ।"

"ਓਏ ਇਥੇ ਹੀ ਪਿਆ ਰਹਾਂਗਾ। ਸਮਝ ਕੇ ਵੀ ਗੱਲ ਸਮਝਦੇ ਨਹੀਂ।"

"ਸਮਝ ਗਿਆ। ਜਾਓ! ਪਿਤਾ ਜੀ ਦੀ ਚਿੰਤਾ ਨਾ ਕਰੋ। ਮੇਰੇ ਲਈ ਹੁਣ ਵੱਧ ਤੋਂ ਵੱਧ ਅੱਧੀ ਘੜੀ ਹੀ ਰਹਿ ਗਈ ਹੈ।"

ਫਿਲਿਪਿਓਸ ਕੁਝ ਆਪਣੇ ਆਪ ਨੂੰ ਤੇ ਕੁਝ ਦੂਜਿਆਂ ਨੂੰ ਸਮਝਾਉਣ ਲਈ ਬੋਲਿਆ।

"ਇਹੀ ਢੰਗ ਰਿਹਾ ਤਾਂ ਕੀ ਕੀਤਾ ਜਾਏ?"

ਮਾਤੁਕੁੱਟੀ ਨੇ ਆਪਣੀ ਜਿੱਤ ਮਹਿਸੂਸ ਕਰਕੇ ਆਖਿਆ।

"ਇਹ ਹੀ ਤਾਂ ਆਖਿਆ ਸੀ। ਪਿਤਾ ਜੀ ਇਥੇ ਹੀ ਰਹਿਣ। ਸਭ ਮਿਲ ਕੇ

ਪਿਤਾ ਜੀ ਦੇ ਖਰਚ ਦਾ ਪੈਸਾ ਦੇਣ ।"

ਹੁਣ ਤੱਕ ਚੁਪ ਬੈਠੇ ਕੀਵਰੀਚਨ ਨੇ ਆਖਿਆ ।

"ਤਾਂ ਬੋਲੋ ਕਿੰਨਾ ਚਾਹੀਦਾ ਹੈ ।"

"ਮੈਂ ਕੀ ਆਖਾਂ, ਭਈਆ ਹੀ ਸਭ ਤੋਂ ਵੱਡੇ ਨੇ ? ਆਪ ਹੀ ਆਖਣ ।"

ਇਸ ਗੱਲ ਤੇ ਵੱਡੇ ਛੋਟੇ ਦਾ ਸਵਾਲ ਨਹੀਂ । ਪਿਤਾ ਜੀ ਨੇ ਵੱਡੇ ਨੂੰ ਕੁਝ ਖਾਸ ਦਿਤਾ ਵੀ ਨਹੀਂ । ਲੰਗੋਟੀ ਪਹਿਨਣ ਦੇ ਦਿਨਾਂ ਤੋਂ ਮੈਂ ਪਿਤਾ ਜੀ ਦੇ ਨਾਲ ਇਸ ਘਰ ਦਾ ਕੰਮ ਕਰ ਰਿਹਾ ਹਾਂ । ਕੁਝ ਚੁਰਾ ਛਿਪਾ ਕੇ ਨਹੀਂ ਕਮਾਇਆ । ਤੁਸੀਂ ਜਿਸ ਖੇਤ ਦਾ ਚਾਵਲ ਖਾਂਦੇ ਹੋ ਉਸ ਨੂੰ ਆਪਣੇ ਹੱਥਾਂ 'ਚੋਂ ਨਾ ਜਾਣ ਦੇਣ ਲਈ ਨਾਇਰਾਂ ਦੇ ਹੱਥੋਂ ਚੰਗੀ ਤਰ੍ਹਾਂ ਮਾਰ ਖਾਧੀ, ਹੱਡੀਆਂ ਤੁੜਾਈਆਂ । ਇਹ ਫ਼ਾਇਦਾ ਮਿਲਿਆ ! ਮੇਰੇ ਬੱਚਿਆਂ ਨੂੰ ਕਦੀ-ਕਦਾਈਂ ਹੀ ਥੋੜ੍ਹੀ ਜਹੀ ਕਾਂਜੀ ਨਸੀਬ ਹੁੰਦੀ ਹੈ । ਬਟਵਾਰੇ ਦੇ ਸਮੇਂ ਵੀ ਪਿਤਾ ਜੀ ਨੇ ਛੋਟਿਆਂ ਦਾ ਹੀ ਖਾਸ ਖਿਆਲ ਰਖਿਆ ਸੀ......"

ਇਹ ਸੁਣ ਕੇ ਕੁੰਯੂਚੇਰੁੱਕਨ ਤੋਂ ਜਵਾਬ ਦਿਤੇ ਬਗੈਰ ਰਿਹਾ ਨਾ ਗਿਆ......

"ਗੱਲਾਂ ਪੂਰੀਆਂ ਕਰੋ ਜੀ ! ਮਾਰ ਤਾਂ ਮੈਨੂੰ ਵੀ ਪਵਾਈ ਗਈ ਸੀ । ਸਭ ਤੋਂ ਵੱਡੇ ਭਾਈ ਸਾਹਿਬ ਦੀ ਮੌਤ ਤਾਂ ਉਨ੍ਹਾਂ ਦੇ ਵਾਰ ਨਾਲ ਹੀ ਹੋਈ ਨਾ ? ਸੋ ਇਹ ਭੁਲ ਗਏ ? ਪਿਤਾ ਜੀ ਨੇ ਕਿਹੜੀ ਛੁਪਾ ਕੇ ਰਖੀ ਦੌਲਤ ਹੋਰਾਂ ਨੂੰ ਦਿਤੀ ਹੈ ? ਪਿਤਾ ਜੀ ਦੇ ਨਾਲ ਰਹਿਣ ਦਾ ਫ਼ਾਇਦਾ ਵੀ ਤਾਂ ਹੋਇਆ ਹੀ ਹੈ । ਪਰਿਵਾਰ ਦੀ ਸਾਂਝੀ ਮਲਕੀਅਤ ਵਿਚੋਂ ਤੁਹਾਡੇ ਲਈ ਘਰ ਬਣਵਾ ਦਿਤਾ ਗਿਆ, ਵੱਡੀ ਲੜਕੀ ਦੀ ਸ਼ਾਦੀ ਕਰਾ ਦਿਤੀ ਗਈ, ਹੈ ਕਿ ਨਹੀਂ ?" "ਹਾਂ ਹਾਂ, ਪਿਤਾ ਜੀ ਦੀ ਸ਼ਾਦੀ ਕਰਾਈ ਹੋਈ ਲੜਕੀ ਮੇਰੇ ਘਰ ਹੀ ਬੈਠੀ ਹੋਈ ਹੈ ।"

"ਇਹ ਤਾਂ ਕਿਸਮਤ ਦੀ ਗੱਲ ਹੈ, ਕੀ ਕਿਸੇ ਦੇ ਕੁਝ ਕਰਨ ਨਾਲ ਉਹ ਬੀਮਾਰ ਹੋਈ ਹੈ ? ਬਾਕੀ ਦੇ ਤਾਂ ਅਜੇ ਵੀ ਝੌਂਪੜੀ ਵਿਚ ਹੀ ਰਹਿੰਦੇ ਨੇ । ਫਿਲਿਪਿਓਸ ਨੂੰ ਵੱਡਾ ਭਰਾ ਕਹਿਣ ਵਿਚ ਵੀ ਮੈਨੂੰ ਸ਼ਰਮ ਆਉਂਦੀ ਹੈ ।"

ਬਹਿਸ ਵਧ ਰਹੀ ਸੀ । ਫਿਲਿਪਿਓਸ ਨੇ ਤੁਕ ਪਕੜ ਕੇ ਅੱਗੋਂ ਤੋਰੀ :

"ਮੈਨੂੰ ਤਾਂ ਤੁਹਾਡੇ ਵਿਚੋਂ ਕਿਸੇ ਨੇ ਵੀ—ਪਿਓ ਜਾਂ ਭਰਾਵਾਂ ਨੇ—ਕੁਝ ਨਹੀਂ ਦਿਤਾ । ਦਿਤਾ ਹੈ ਤਾਂ ਈਸ਼ਵਰ ਨੇ । ਹੋਰਾਂ ਵਾਂਗ ਮੈਨੂੰ ਵੀ ਪੰਜ 'ਪਰਾ' ਧਾਨ ਦੇ ਖੇਤ ਅਤੇ ਤ੍ਰੇਹਠ ਸੈਂਟ ਜ਼ਮੀਨ ਹੀ ਮਿਲੀ । ਮੈਂ ਮਿਹਨਤ ਕਰਕੇ ਚਾਰ ਪੈਸੇ ਕਮਾਏ ਨੇ । ਜੇ ਇਹ ਅੱਖੀਆਂ 'ਚ ਰੜਕਦੇ ਨੇ ਤਾਂ ਹੋਰ ਕਿਧਰੇ ਜਾ ਵੱਸਾਂਗਾ ।"

ਕੀਵਰੀਚਨ ਕੁਝ ਠੰਡਾ ਪੈ ਗਿਆ । ਕਦੀ-ਕਦੀ ਬਹਿਸ ਕਰਦਿਆਂ ਕੁਝ ਕਹਿ ਬੈਠਾ ਤਾਂ ਕੀ ਹੋਇਆ ? ਫਿਰ ਵੀ ਉਹ ਜਲਦੀ ਹੀ ਆਪਣੇ ਦਿਲ 'ਤੇ ਕਾਬੂ ਪਾ ਲੈਂਦਾ ਹੈ ਤੇ ਆਖੀ ਹੋਈ ਗੱਲ ਤੇ ਮੁੜ ਸੋਚ ਕਰਦਾ ਹੈ । ਪਰ ਕੁੰਯੂਚੇਰੁੱਕਨ ਅਜਿਹਾ ਨਹੀਂ ।

"ਤੂੰ ਕਿਉਂ ਜਾਨਾ ਏਂ ? ਦੇਸ ਛੱਡਣਾ ਹੈ ਤਾਂ ਮੈਂ ਹੀ ਛੱਡ ਦੇਨੈਂ । ਸੋਚਦਾ ਹਾਂ ਕਿ ਕਾਨਰਾ ਜਾਂ ਕਾਸਰਗੋੜ ਕਿਧਰੇ ਚਲਾ ਜਾਵਾਂ । ਤੂੰ ਤੇ ਤੇਰੇ ਛੋਟੇ ਭਰਾ ਜਿਥੇ

ਲੀਡਰ ਬਣ ਕੇ ਸ਼ਾਨ ਨਾਲ ਰਹਿੰਦੇ ਹੋ ਉਥੇ ਇਹ ਗਰੀਬ ਅੱਧਫਾਕਾ ਵੱਡਾ ਭਰਾ ਕਿਉਂ ਰਹੇ ?''

ਇਹ ਚੋਭ ਮਾਤੁਕੁੱਟੀ ਨੂੰ ਬਹੁਤ ਚੁਭੀ ।

''ਮੇਰੀ ਗੱਲ ਰਹਿਣ ਦੇ । ਮੈਂ ਭੀਖ ਮੰਗ ਕੇ, ਹੱਥ ਪਸਾਰ ਕੇ ਕਿਸੇ ਤਰ੍ਹਾਂ ਦਿਨ ਗੁਜ਼ਾਰ ਲਵਾਂਗਾ । ਤੁਹਾਡੇ ਵਿਚੋਂ ਕਿਸੇ ਦੇ ਚੌਂਕੇ ਵਿਚ ਇਕ ਡੰਗ ਵੀ ਖਾਣ ਵਾਸਤੇ ਨਹੀਂ ਆਵਾਂਗਾ ।''

ਕੁਜੋਮਾ ਦਾ ਪੁਤਰ ਕੁਜੰਪੀ ਬੋਲਿਆ :

''ਇਧਰ ਉਧਰ ਦੀਆਂ ਗੱਲਾਂ ਕਿਉਂ ਕਰਦੇ ਓ ਦਾਦਾ ਜੀ ? ਜਿਸ ਗੱਲ ਲਈ ਆਏ ਹਾਂ ਉਸ ਨੂੰ ਨਿਪਟਾਈਏ ਤੇ ਚੱਲੀਏ ।''

ਮਾਤੁਕੁੱਟੀ ਨੇ ਆਖਿਆ—

''ਇਹੀ ਤਾਂ ਕਹਿ ਰਿਹਾ ਹਾਂ । ਸਭ ਮਿਲ ਕੇ ਪਿਤਾ ਜੀ ਦੇ ਖਰਚ ਦਾ ਪੈਸਾ ਦੇਣ । ਪਿਤਾ ਜੀ ਨੂੰ ਖਾਣ ਲਈ ਅਫ਼ੀਮ ਚਾਹੀਦੀ ਹੈ । ਖਾਣਾ-ਪੀਣਾ ਵੀ ਹੈ । ਪਹਿਨਣ-ਓੜਣ ਲਈ ਕਪੜਾ ਵੀ ਚਾਹੀਦਾ ਹੈ । ਇਕ ਦੁਪਹਿਰ ਦਾ ਖਾਣਾ ਛੱਡ ਕੇ ਬਾਕੀ ਮੈਂ ਹੀ ਸੰਭਾਲਦਾ ਆਇਆ ਹਾਂ । ਮੈਨੂੰ ਕੋਈ ਵਾਧੂ ਨਹੀਂ ਮਿਲਿਆ ਹੋਇਆ । ਮੇਰੇ ਵਿਚ ਹੁਣ ਸ਼ਕਤੀ ਵੀ ਨਹੀਂ ਤੇ ਬਟਵਾਰੇ ਦੇ ਕਾਗਜ਼ ਵਿਚ ਵੀ ਇਹੀ ਸ਼ਰਤ ਲਿਖੀ ਹੋਈ ਹੈ ।

ਕੀਵਰੀਚਨ ਨੇ ਸਵਾਲ ਪੁਛਿਆ—

''ਤੇ ਤੁਹਾਡੇ ਹਿਸਾਬ ਹਰ ਆਦਮੀ ਦਾ ਹਿੱਸਾ ਕਿੰਨਾ ਹੋਣਾ ਚਾਹੀਦਾ ਹੈ ?''

''ਜ਼ਿਆਦਾ ਨਹੀਂ, ਹਰ ਘਰ ਪੰਝੀ ਰੁਪੈ ਦੇ ਹਿਸਾਬ ਦੇਵੇ ।''

ਕੁੰਯੂਚੇਰੁੱਕਨ ਨੇ ਉਂਗਲੀਆਂ ਤੇ ਹਿਸਾਬ ਜੋੜਿਆ । ''ਪੰਝੀ ਗੁਣਾ ਪੰਜ, ਸਵਾ ਸੌ ਹੋਏ । ਸ਼ਾਬਾਸ਼ ! ਤੁਹਾਡਾ ਖਰਚ ਵੀ ਇਸੇ ਵਿਚ ਆ ਗਿਆ ।''

ਮਾਤੁਕੁੱਟੀ ਉਠ ਖਲੋਤਾ । ਕੁੰਯੂਚੇਰੁੱਕਨ ਨੂੰ ਉਂਗਲੀ ਦੇ ਇਸ਼ਾਰੇ ਨਾਲ ਚੇਤਾਵਨੀ ਦਿੰਦਾ ਹੋਇਆ ਕਹਿਣ ਲੱਗਾ—

''ਬਕਵਾਸ ਨਾ ਕਰ ! ਕਿਸੇ ਦੀ ਮਿਹਰਬਾਨੀ ਨਾਲ ਨਹੀ ਜੀ ਰਿਹਾ । ਮੇਰਾ ਬੇਟਾ ਹਰ ਮਹੀਨੇ ਪੰਜਾਹ ਰੁਪੈ ਦੀ ਅਲਾਟਮੈਂਟ ਭਿਜਵਾਂਦਾ ਹੈ । ਉਸੇ ਨਾਲ ਕੰਮ ਚਲਦਾ ਹੈ । ਭਾਵੇਂ ਭਾਰ ਢੋਅ ਕੇ ਕਰਾਂ ਤੇ ਭਾਵੇਂ ਕਹੀ ਚਲਾ ਕੇ ਕਰਾਂ, ਕਿਸੇ ਨਾ ਕਿਸੇ ਤਰ੍ਹਾਂ ਆਪਣੇ ਪਿਓ ਦੀ ਦੇਖਭਾਲ ਕਰ ਲਵਾਂਗਾ ।''

ਵੱਡੇ ਨੇ ਵਿਚ ਦਖਲ ਦਿਤਾ—

''ਇਸ ਤਰ੍ਹਾਂ ਆਕੜਨਾ ਠੀਕ ਨਹੀਂ ਮਾਤੁਕੁੱਟੀ ! ਕੁੰਯੂਚੇਰੁੱਕਨ ਨੇ ਵੀ ਸੱਚ ਹੀ ਆਖਿਆ ਸੀ । ਲੜਕੇ ਜਦ ਸ਼ਹਿਰ ਤੋਂ ਛੁੱਟੀ ਪਿੰਡ ਆਉਂਦੇ ਹਨ ਤਾਂ ਪਿਤਾ ਜੀ ਨੂੰ ਧੋਤੀ, ਦੁਪੱਟਾ, ਪੰਜ, ਦਸ ਰੁਪਏ ਦੇ ਹੀ ਜਾਂਦੇ ਨੇ । ਲੜਕੀਆਂ ਜਦੋਂ ਸਹੁਰਿਉਂ ਪੇਕੇ ਆਉਂਦੀਆਂ ਨੇ ਤਾਂ ਉਹ ਵੀ ਪਿਤਾ ਜੀ ਨੂੰ ਕੁਝ ਨਾ ਕੁਝ ਜ਼ਰੂਰ ਦੇ ਜਾਂਦੀਆਂ ਹਨ । ਬਾਕੀ ਤਾਂ ਸਿਰਫ਼ ਤਿੰਨ ਵੇਲੇ ਦੇ ਖਾਣੇ ਦੀ ਗੱਲ ਹੀ ਰਹਿ ਗਈ ਨਾ । ਉਸ ਲਈ ਕੀ ਪੰਝੀ-ਪੰਝੀ ਰੁਪਏ ਚਾਹੀਦੇ ਨੇ ?''

ਕੁੰਯੂਚੇਰੁੱਕਨ ਦਾ ਪੱਖ ਹੁਣ ਕਮਜ਼ੋਰ ਨਹੀਂ ਰਿਹਾ "ਦੇਖਿਆ ਨਾ ? ਸਹੀ ਗੱਲ ਆਖੋ ਤਾਂ ਮਾਰਨ ਨੂੰ ਆਉਂਦੈ ।"

"ਤਾਂ ਤੁਹਾਡੇ 'ਚੋਂ ਕੋਈ ਵੀ ਪਿਤਾ ਜੀ ਨੂੰ ਲੈ ਜਾਉ ਤੇ ਉਨ੍ਹਾਂ ਦੀ ਸੇਵਾ-ਟਹਿਲ ਕਰੋ ।"

"ਹੁਣ ਆਉਣਗੇ ਕਿਵੇਂ ? ਤੂੰ ਉਨ੍ਹਾਂ ਦੇ ਕੰਨ ਭਰ ਦਿਤੇ ਨੇ ਨਾ ? ਇਹ ਹੀ ਨਹੀਂ, ਅੱਜ ਤੱਕ ਕਿਸੇ ਤੋਂ ਦੱਬੇ ਬਗੈਰ ਮੌਜ ਨਾਲ ਜ਼ਿੰਦਗੀ ਗੁਜ਼ਾਰਦੇ ਰਹੇ ਹਨ ।"

ਮਾਤੁਕੁੱਟੀ ਭੜਕ ਉਠਿਆ—

"ਇਕ ਗੱਲ ਸਾਫ਼ ਕਹਿ ਦਿਆਂ । ਮੇਰੇ ਨਿਰਬਲ ਪਿਤਾ ਜੀ ਬਾਰੇ ਹੁਣ ਕਿਸੇ ਦੇ ਮੂੰਹੋਂ ਕੋਈ ਸ਼ਬਦ ਨਾ ਨਿਕਲੇ । ਕੁਝ ਵੀ ਨਾ ਦਿਉ ਮੇਰੀ ਬਲਾ ਤੋਂ । ਜਾਓ ! ਪਰ ਯਾਦ ਰਖਣਾ ਪਿਤਾ ਜੀ ਦਾ ਸਰਾਪ ਸੱਤ-ਸੱਤ ਪੀੜ੍ਹੀਆਂ ਤੱਕ ਨਹੀਂ ਛਡਦਾ ।"

ਕੁੰਯੂਚੇਰੁੱਕਨ ਨੇ ਵਿਅੰਗ ਨਾਲ ਦੰਦ ਝਕਾਂਦੇ ਹੋਏ ਕਿਹਾ—

"ਇਸੇ ਦਾ ਹੀ ਬਾਪ ਹੈ, ਹੋਰ ਕਿਸੇ ਦਾ ਹੈ ਹੀ ਨਹੀਂ ?"

ਗੱਲ ਇੰਨੀ ਵਧ ਗਈ ਤਾਂ ਫਿਲਿਪਿਓਸ ਨੇ ਆਪਣਾ ਬਟੂਆ ਖੋਲ੍ਹ ਕੇ ਦਸ-ਦਸ ਰੁਪੈ ਦੇ ਦਸ ਨੋਟ ਕੱਢੇ, ਸਭ ਨੂੰ ਦਿਖਾਏ ਤੇ ਸਰਹਾਣੇ ਹੇਠ ਰਖ ਦਿਤੇ । ਕਹਿਣ ਲੱਗਾ—ਇਹ ਖਤਮ ਹੋ ਜਾਣ ਤੇ ਪਿਤਾ ਜੀ ਲਈ ਜਿੰਨੀ ਵੀ ਲੋੜ ਪਵੇ, ਆਦਮੀ ਭੇਜ ਦੇਣਾ ਮੈਂ ਪੈਸੇ ਭੇਜ ਦਿਆਂਗਾ ।"

ਵਿਹੜੇ 'ਚੋਂ ਨਿਕਲਿਆ, ਸਟੈਂਡ 'ਤੋਂ ਸਾਈਕਲ ਚੁਕਿਆ ਤੇ ਜਾਂਦਾ ਹੋਇਆ ਬੋਲਦਾ ਗਿਆ—

"ਬਦਬੂ ਤੇ ਖੁਸ਼ਬੂ ਨੂੰ ਪਹਿਚਾਣਦੇ ਹੀ ਨਹੀਂ ਮੂਰਖ !"

ਕੁੰਯੂਚੇਰੁੱਕਨ ਕੋਈ ਜਵਾਬ ਦੇਣ ਹੀ ਵਾਲਾ ਸੀ ਕਿ ਫਿਲਿਪਿਓਸ ਉਸ ਸਾਈਕਲ ਤੇ ਸਵਾਰ ਹੋ ਕੇ ਗਾਇਬ ਹੋ ਗਿਆ ।

ਕਾਫੀ ਦੇਰ ਬਾਅਦ ਕੀਵਰੀਚਨ ਤੇ ਕੁੰਯੂਚੇਰੁੱਕਨ ਨੇ ਆਪਣੇ-ਆਪਣੇ ਘਰ ਜਾਣ ਲਈ ਪਿਤਾ ਜੀ ਦੀ ਆਗਿਆ ਮੰਗੀ—"ਪਿਤਾ ਜੀ, ਜਾ ਰਿਹਾ ਹਾਂ ।"

ਤੰਬਾਕੂ ਵਾਲਾ ਅਵਰਾਨ ਕਿਸੇ ਮੁਕੱਦਮੇ ਦੇ ਮਾਮਲੇ ਵਿਚ ਮਾਤੁਕੁੱਟੀ ਨੂੰ ਲੈਣ ਆਇਆ ਸੀ । ਮਾਤੁਕੁੱਟੀ ਉਸ ਦੇ ਨਾਲ ਚਲਾ ਗਿਆ । ਕੁਯੰਪੀ ਨੇ ਦੀਨਾਮਾ ਦੇ ਕੋਲ ਜਾ ਕੇ ਆਖਿਆ—

"ਚੱਲਾਂ, ਚਾਚੀ ? ਸ਼ਨਿਚਰਵਾਰ ਆਵਾਂਗਾ । ਦਾਦਾ ਜੀ ਦੇ ਖਰਚ ਲਈ ਜੋ ਵੀ ਜ਼ਰੂਰੀ ਹੈ ਲਈ ਆਵਾਂਗਾ । ਇਹ ਵੀ ਕੋਈ ਹਿਸਾਬ ਕਿਤਾਬ ਦੀ ਘੜੀ ਹੈ ?"

"ਮੇਰੇ ਕੁਯੰਪੀ ਕੀ ਦੱਸਾਂ ? ਚਾਚਿਆਂ ਨੂੰ ਤਾਂ ਜਾਣਨਾ ਹੀ ਏਂ । ਮੈਂ ਇਨ੍ਹਾਂ ਨੂੰ ਆਖਿਆ ਸੀ ਕਿ ਭਰਾਵਾਂ ਨੂੰ ਨਾ ਬੁਲਾਉ । ਵੱਡੀ ਤੋਂ ਵੱਡੀ ਮੁਸ਼ਕਿਲ ਪੇਸ਼ ਆਉਣ ਤੇ ਵੀ ਪਿਤਾ ਜੀ ਨੂੰ ਖਬਰ ਨਹੀਂ ਹੋਣ ਦਿਤੀ ।"

"ਇਹ ਤਾਂ ਮੈਂ ਜਾਣਦਾ ਹਾਂ ਚਾਚੀ ।"

ਕੁਯੰਪੀ ਦਾਦਾ ਜੀ ਦੀ ਮੰਜੀ ਦੇ ਕੋਲ ਖੜਾ ਹੋ ਕੇ ਜ਼ੋਰ ਦੀ ਆਵਾਜ਼ ਦੇਣ ਲੱਗਾ—

"ਦਾਦਾ ਜੀ !"

"ਕੌਣ ?"

"ਮੈਂ ਹੀ...ਕੁਯੰਪੀ।"

"ਹਾਂ...ਜਾਉ।"

"ਦਾਦਾ ਜੀ ਮੇਰੇ ਨਾਲ ਘਰ ਚਲੋਗੇ ?"

"ਵਕਤ ਨਹੀਂ ਓਏ।"

"ਵਕਤ ?......"

"ਮੇਰੇ ਕਪੜੇ ਧੋਬੀ ਦੇ ਪਾਸ ਹਨ। ਅਜੇ ਮਿਲੇ ਨਹੀਂ"

ਕੁਯੰਪੀ ਨੇ ਹੈਰਾਨ ਹੋ ਕੇ ਦੀਨਾਮਾ ਵਲ ਵੇਖਿਆ। ਦੀਨਾਮਾ ਹੌਲੀ ਜਹੀ ਬੋਲੀ—

"ਇਨ੍ਹਾਂ ਨੂੰ ਕਦੀ-ਕਦੀ ਗੱਲਾਂ ਯਾਦ ਨਹੀਂ ਰਹਿੰਦੀਆਂ।"

"ਤੇਰੀ ਛੋਟੀ ਭੈਣ ਦੇ ਸਹੁਰੇ ਦੀ ਤਬੀਅਤ ਕਿਸ ਤਰ੍ਹਾਂ ਦੀ ਹੈ ?"

"ਪਹਿਲਾਂ ਵਾਂਗ ਹੀ ਹੈ।"

"ਉਹ ਮੇਰੇ ਤੋਂ ਦਸ ਮਹੀਨੇ ਛੋਟੇ ਨੇ।"

"ਤਾਂ ਮੈਂ ਚੱਲਾਂ ਦਾਦਾ ਜੀ ? ਦਫਤਰ ਜਾਣਾ ਹੈ।"

"ਜਾ !"

"ਸ਼ਨਿਚਰਵਾਰ ਆਵਾਂਗਾ।"

"ਹੂੰ !"

ਅੱਖੀਆਂ ਕੁਯੰਪੀ ਤੇ ਹੀ ਲਗੀਆਂ ਰਹੀਆਂ। ਪਿਓ ਵਾਂਗ ਹੀ ਸ਼ਾਂਤ। ਕੰਮ ਵਿਚ ਕੁਸ਼ਲ। ਕੁੰਜਪੀ ਜੇ ਜੀਊਂਦਾ ਰਹਿੰਦਾ ਤਾਂ ਇਨ੍ਹਾਂ ਵਿਚੋਂ ਕੋਈ ਦੁੰਮ ਨਾ ਹਿਲਾਂਦਾ। ਈਸਾ ਦੇ ਸਤ ਪੁੱਤਰਾਂ 'ਚੋਂ ਯਹੋਵਾ ਦੀ ਆਸ਼ੀਰਵਾਦ ਪਾਏ ਹੋਏ ਪੁੰਨ ਦੇ ਸਮਾਨ ਸੀ। ਵੀਹ ਸਾਲ ਦੀ ਉਮਰ ਵਿਚ ਸੀਨਾਤਾਣੀ, ਹੱਥ ਹਿਲਾਂਦੇ ਹੋਏ ਉਸ ਦਾ ਚਲਣਾ ਦੇਖਣ ਲਾਇਕ ਹੁੰਦਾ ਸੀ। ਚਾਕੋ ਕਹਿੰਦਾ ਹੁੰਦਾ ਸੀ ਕਿ ਕੁੰਯੋਮਾ ਦਾ ਬਲ ਅਤੇ ਬਦਨ ਵੱਡੇ ਲੜਕੇ ਨੂੰ ਹੀ ਮਿਲੇ ਹਨ। ਪਰ ਕੱਚੀ ਉਮਰ ਵਿਚ ਯਹੋਬਾ ਨੇ ਉਸ ਨੂੰ ਖੋਹ ਲਿਆ। ਉਸੇ ਨੇ ਦਿਤਾ, ਉਸੇ ਨੇ ਲੈ ਲਿਆ, ਧੰਨ ਹੈ ਉਸ ਦਾ ਨਾਂ......।

"ਕੀਚੇਰੀ ਖੇਤ ਵਿਚ ਪੁਲਯ ਲੋਕ ਹਲ ਚਲਾ ਰਹੇ ਸਨ। ਉਹ ਉਨ੍ਹਾਂ ਦੇ ਕੰਮ ਦੀ ਨਿਗਰਾਨੀ ਕਰਦਾ ਬਨੇਰੇ ਤੇ ਬੈਠਾ ਸੀ। ਛਾਤੀ 'ਚ ਕੁਝ ਦਰਦ ਹੋਣ ਕਾਰਨ ਹੇਠਾਂ ਬੈਠ ਗਿਆ। ਘਰ ਲਿਆਉਣ ਤੱਕ ਉਸ ਦੇ ਪ੍ਰਾਣ ਨਿਕਲ ਗਏ ਸਨ। ਆਖਦੇ ਹਨ ਕਿ ਨਾਇਰ ਲੋਕਾਂ ਨਾਲ ਜੋ ਝਗੜਾ ਹੋਇਆ ਸੀ, ਉਸੇ ਵਿਚ ਲੱਗੀ ਸੱਟ ਦਾ ਹੀ ਇਹ ਫਲ ਸੀ। ਉਸ ਦਿਨ ਛੋਟੇ ਭਰਾਵਾਂ ਨੂੰ ਮਾਰ ਪੈਂਦੀ ਵੇਖ ਕੇ ਵੀ ਉਸ ਨੇ ਵਿਚ ਪੈ ਕੇ ਬਚਾਅ ਕਰਾਉਣ ਦੀ ਕੋਸ਼ਿਸ਼ ਕੀਤੀ ਸੀ। ਵਾਸੂਕੁਰੁਪ ਨੇ ਜਦ ਲੋਹੇ ਦੇ ਮੁਰਾਦਰ ਨਾਲ ਉਸ 'ਤੇ ਹਮਲਾ ਕੀਤਾ ਤਾਂ ਹੀ ਉਸ ਨੂੰ ਗੁੱਸਾ ਆਇਆ। ਸ਼ੌਲ ਅਤੇ ਉਸ ਦੀ ਫ਼ੌਜ ਨਾਲ ਲੜਨ ਵਾਲੇ ਦਾਵੀਦ ਸਮਾਨ ਸੀ ਉਹ। ਸ਼ੌਲ ਨੇ ਹਜ਼ਾਰ ਨੂੰ ਮਾਰਿਆ ਤਾਂ ਦਾਵੀਦ ਨੇ ਦਸ ਹਜ਼ਾਰ ਨੂੰ। ਉਸੇ ਨੇ ਉਸ ਦਿਨ ਇਜ਼ਤ ਬਚਾਈ ਸੀ। ਭਾਵੇਂ ਦੇਰ

ਨਾਲ ਹੀ, ਪਰ ਉਸ ਦੀ ਕੀਮਤ ਚੁਕਾਉਣੀ ਪਈ।

ਜਦ ਕੁੰਯੋਮਾ ਮੋਇਆ ਤਾਂ ਛੋਟਾ ਕੁਯੰਪੀ ਦਸ ਬਾਰਾਂ ਸਾਲ ਦਾ ਹੀ ਹੋਵੇਗਾ। ਦੋ ਛੋਟੀਆਂ ਭੈਣਾਂ ਸਨ। ਉਸ ਦੀ ਮਾਂ ਨੇ ਬੱਚਿਆਂ ਨੂੰ ਪਾਲਣ ਤੇ ਸਿਖਾਉਣ ਆਦਿ ਵਿਚ ਬਹੁਤ ਤਕਲੀਫ਼ ਝਲੀ। ਜਦ ਹਾਰ ਜਾਂਦੀ ਤਾਂ ਛੋਕਰੇ ਨੂੰ ਭੇਜਦੀ। ਛੋਕਰਾ ਰਿਹਾ ਦਬੰਗ। ਉਹੋ ਜਿਹੀ ਹੀ ਮਾਂ। ਸਤ ਦਿਨ ਭੁੱਖੀ ਰਹੇ ਤਾਂ ਵੀ ਕਿਸੇ ਨੂੰ ਪਤਾ ਨਹੀਂ ਲੱਗਣ ਦਿੰਦੀ। ਬੂਹੇ ਅੱਗੇ ਲਾਪਰਵਾਹੀ ਨਾਲ ਖੜਾ ਹੋ ਜਾਂਦਾ ਤੇ ਆਖਦਾ—

"ਮਾਂ ਨੇ ਅਖਵਾ ਭੇਜਿਆ ਏ..."

ਤੇ ਫੇਰ ਪੁਛਦਾ ਛਡਣ ਲਈ ਹੀ......

"ਤੇਰੇ ਬਾਪ ਨੇ ਕੀ ਮੈਨੂੰ ਕੁਝ ਸੌਂਪਿਆ ਸੀ ?"

ਚੁਪਚਾਪ ਨਿਕਲ ਜਾਂਦਾ।

"ਉਹ ਇਧਰ ਆ।"

ਉਹ ਜੋ ਮੰਗਦਾ ਦੇ ਦਿੰਦਾ। ਬਾਪ ਦੇ ਪੈਰਾਂ ਦੀ ਛੋਟੀ ਜਹੀ ਭਚਕ ਤੱਕ ਵੀ ਇਸ ਨੂੰ ਵਿਰਸੇ ਵਿਚ ਮਿਲੀ ਹੈ। ਇਸ ਨੂੰ ਮੇਰੇ ਨਾਲ ਬਹੁਤ ਪਿਆਰ ਹੈ। ਹਫਤੇ ਵਿਚ ਇਕ ਦਿਨ ਮਾਸ ਤੇ ਮਛਲੀ ਖਵਾਉਂਦਾ ਹੈ। ਧੋਤੀ ਦੁਪੱਟਾ ਖਰੀਦ ਦਿੰਦਾ ਹੈ। ਉਸ ਦੇ 'ਦਾਦਾ" ਪੁਕਾਰਨ ਨੂੰ ਸੁਣਨ ਵਿਚ ਕਿੰਨੀ ਮਿਠਾਸ ਏ......

"ਤੇਰੇ ਸਹੁਰੇ ਵਾਲਿਆਂ ਵਲ ਪੰਜ ਸੌ ਰੁਪਿਆ ਬਕਾਇਆ ਸੀ, ਕੀ ਉਨ੍ਹਾਂ ਦਿਤਾ ਏ ?"

"......"

"ਬੋਲਿਆ ਕਿਉਂ ਨਹੀਂ ?"

"ਚੁਪ ਕਿਉਂ ਹੋ ਗਿਆ ਏਂ ?"

ਦੀਨਾਮਾ ਚੌਂਕੇ 'ਚੋਂ ਆਈ।

"ਬਾਬੂ ਜੀ ਕਿਸ ਨਾਲ ਗੱਲਾਂ ਕਰਦੇ ਓ ?"

"ਛੋਕਰਾ ਕੁਯੰਪੀ......"

"ਕੁਯੰਪੀ ਨੂੰ ਗਿਆਂ ਦੋ ਘੰਟੇ ਹੋ ਗਏ ਨੇ। ਵਿਦਾ ਲੈ ਕੇ ਹੀ ਗਿਆ ਸੀ।"

"ਉਹ ਹੋ।"

"ਕੁੰਜੀ ਲੈ ਆਵਾਂ ?"

"ਥੋੜੀ ਦੇਰ ਬਾਅਦ।"

"ਸੌਂਵਿਆ ਜੇ ਨਾ ! ਸੌਂ ਕੇ ਬੜਾਨ ਲੱਗ ਪੈਂਦੇ ਓ।"

"ਬਹੂ !"

"ਕੀ ?"

"ਗਿਆਨੀ ਪੁੱਤਰ ਪਿਤਾ ਨੂੰ ਪ੍ਰਸੰਨ ਰਖਦਾ ਹੈ। ਮੂਰਖ ਪੁੱਤਰ ਮਾਤਾ ਦੇ ਦੁਖ ਦਾ ਕਾਰਨ ਬਣਦਾ ਹੈ।"

"ਨੀਤੀਵਚਨ ਅਧਿਆਇ 90, ਪਹਿਲੇ ਵਾਕ ਨੂੰ ਪੜ੍ਹਿਆ ਹੈ ?"

"ਯਾਦ ਨਹੀਂ। ਉਸ ਦਾ ਜ਼ਿਕਰ ਹੁਣ ਇਸ ਵੇਲੇ ਕਿਉਂ ਕਰ ਰਹੇ ਹੋ ?"

ਕੁੰਸੋਮਾ ਦੀ ਯਾਦ ਆ ਰਹੀ ਸੀ। ਉਸ ਨੇ ਮੇਰੀ ਮਰਜ਼ੀ ਦੇ ਖਿਲਾਫ਼ ਕੁਯੰਪੀ ਦੀ ਮਾਂ ਨਾਲ ਸ਼ਾਦੀ ਕੀਤੀ ਸੀ। ਤੈਨੂੰ ਪਤਾ ਏ ਇਸ ਗੱਲ ਦਾ ?''

''ਕਿਉਂ ਨਹੀਂ ? ਦਾਦਾ ਜੀ ਕਈ ਵਾਰ ਇਹ ਗੱਲ ਤੁਸਾਂ ਆਪ ਮੈਨੂੰ ਦਸੀ ਹੈ ? ਸੁਣਦੇ ਰਹਿਣ ਵਾਸਤੇ ਵਕਤ ਕਿਥੇ ਹੈ ? ਛੋਟੀ ਬੱਚੀ ਹੁਣੇ ਸਕੂਲੋਂ ਆਉਣ ਵਾਲੀ ਹੈ।''

ਕੋਈ ਵੱਡੀ ਗੱਲ ਤਾਂ ਨਹੀਂ। ਮੇਰਾ ਹੱਠ ਸੀ ਕਿ ਆਪਣੇ ਪੁੱਤਰ ਲਈ ਬਹੂ ਦੀ ਚੋਣ ਮੈਂ ਆਪ ਕਰਾਂਗਾ। ਕਿਸੇ ਦਿਨ ਮੈਂ ਇਹ ਵੀ ਕਹਿ ਬੈਠਾ ਕਿ ''ਤੂੰ ਮੇਰਾ ਬੇਟਾ ਨਹੀਂ। ਕਿਧਰੇ ਚਲਾ ਜਾ।'' ਪਰ ਬੇਮਤਲਬ ਬੇਕਾਰ ਸ਼ਬਦ। ਹੋਰ ਕੀ ? ਡੇਵਿਡ ਦਾ ਪੁੱਤਰ ਸੋਲਮਨ ਆਖਦਾ ਏ...ਮੈਂ ਚਾਰ ਚੀਜ਼ਾਂ ਨਹੀਂ ਜਾਣਦਾ। ਆਸਮਾਨ ਉਤੇ ਗੀਧ ਦਾ ਰੁੱਖ, ਚਟਾਨ ਉਤੇ ਸੱਪ ਦੀ ਚਾਲ, ਸਮੁੰਦਰ ਵਿਚ ਜਹਾਜ਼ ਦੀ ਗਤੀ ਅਤੇ ਯੁਵਤੀ ਨਾਲ ਪੁਰਸ਼ ਦਾ ਰਾਹ...ਉਸ ਦੀ ਪਸੰਦ ਕੀਤੀ ਹੋਈ ਲੜਕੀ। ਵੱਡੇ ਮਾਮਾ ਦੇ ਘਰ ਰਹਿੰਦਿਆਂ ਉਸ ਨੂੰ ਵੇਖਿਆ ਤੇ ਪਸੰਦ ਕੀਤਾ ਸੀ। ਲੜਕੀ ਚੰਗੀ ਸੀ ਤੇ ਘਰ ਵਾਲੇ ਵੀ ਚੰਗੇ ਸਨ। ਪਰ ਹੱਠ ਇਹ ਹੀ ਸੀ ਕਿ ਇਸ ਸੰਬੰਧੀ ਪ੍ਰਸਤਾਵ ਉਸ ਦੇ ਮਾਮਾ ਦਾ ਸੀ। ਉਨ੍ਹਾਂ ਦਿਨਾਂ ਵਿਚ ਉਨ੍ਹਾਂ ਨਾਲ ਕੁਝ ਅਨਬਣ ਸੀ। ਖ਼ੈਰ ਸ਼ਾਦੀ ਹੋ ਗਈ। ਪਰਿਵਾਰ ਦਾ ਨਿੱਘ ਤੇ ਪਰਮੇਸ਼ਰ ਦਾ ਭੈ, ਇਹ ਦੋਨੋਂ ਗੁਣ ਹੀ ਲੜਕੀ ਵਿਚ ਸਨ। ਉਹ ਉਸ ਦੀਆਂ ਬਾਹਵਾਂ ਦੀ ਸ਼ਕਤੀ ਤੇ ਰਸਤੇ ਦਾ ਦੀਵਾ ਬਣ ਗਈ। ਉਸ ਕਮਾਇਆ ਤੇ ਨਹੀਂ ਪਰ ਇਜ਼ਤ ਤੇ ਚੈਨ ਨਾਲ ਰਿਹਾ। ਬਾਪ ਅਤੇ ਛੋਟੇ ਭਰਾਵਾਂ ਲਈ ਆਪਣੀ ਜਾਣ ਦੇ ਦਿਤੀ। ਉਸ ਦੀ ਸੰਤਾਨ ਦਾ ਮੰਗਲ ਹੋਵੇਗਾ। ਜੋ ਮਾਤਾ-ਪਿਤਾ ਦੀ ਇਜ਼ਤ ਕਰਦਾ ਹੈ, ਭੈਣ-ਭਰਾਵ ਨੂੰ ਪਿਆਰ ਕਰਦਾ ਹੈ, ਪ੍ਰਭੂ ਤੋਂ ਡਰਦਾ ਹੈ, ਉਹ ਕਦੀ ਬਰਬਾਦ ਨਹੀਂ ਹੁੰਦਾ। ਉਸ ਦੀਆਂ ਭੁੱਲਾਂ ਨੂੰ ਯਹੋਬਾ ਮਾਫ ਕਰ ਦਿੰਦੇ ਹਨ। ਯਹੋਬਾ ਨੇ ਡੇਵਿਡ ਨੂੰ ਮਾਫ ਕਰ ਦਿਤਾ ਸੀ। ਡੇਵਿਡ ਦਾ ਗੁਨਾਹ ਬਹੁਤ ਭਾਰਾ ਸੀ। ਇਕ ਦਿਨ ਸੂਰਜ ਡੁਬਣ ਦੇ ਵੇਲੇ ਉਹ ਮਹੱਲ ਦੇ ਛੱਜੇ ਉਤੇ ਟਹਿਲ ਰਿਹਾ ਸੀ ਤਾਂ ਉਸ ਨੇ ਇਕ ਔਰਤ ਨੂੰ ਅਸ਼ਨਾਨ ਕਰਦੇ ਵੇਖਿਆ। ਉਸ ਦੇ ਰੂਪ ਉਤੇ ਮੋਹਿਤ ਹੋ ਉਸ ਨੇ ਆਪਣੀਆਂ ਟਹਿਲਣੀਆਂ ਤੋਂ ਪਤਾ ਲਵਾਇਆ ਤਾਂ ਮਾਲੂਮ ਹੋਇਆ ਕਿ ਉਹ ਇਸਤ੍ਰੀ ਉਸ ਦੇ ਹੀ ਇਕ ਸੈਨਿਕ ਉਰੀਆ ਦੀ ਪਤਨੀ ਬਤਸ਼ੇਬਾ ਹੈ। ਡੇਵਿਡ ਨੇ ਬਤਸ਼ੇਬਾ ਨੂੰ ਮਹੱਲ ਵਿਚ ਬੁਲਾਇਆ ਤੇ ਕੁਝ ਦਿਨ ਆਪਣੇ ਕੋਲ ਰਖਣ ਦੇ ਬਾਅਦ ਵਾਪਸ ਭੇਜਿਆ। ਉਹ ਗਰਭਵਤੀ ਹੋ ਗਈ। ਇਸ ਤੇ ਡੇਵਿਡ ਨੇ ਉਰੀਆ ਨੂੰ ਯੁੱਧ ਖੇਤਰ 'ਚੋਂ ਬੁਲਵਾ ਲਿਆ ਤੇ ਉਸ ਨੂੰ ਪਤਨੀ ਦੇ ਕੋਲ ਭੇਜਣਾ ਚਾਹਿਆ। ਉਸ ਨੇ ਉਰੀਆ ਉਤੇ ਬਤਸ਼ੇਬਾ ਦੇ ਗਰਭ ਦੀ ਜ਼ਿੰਮੇਵਾਰੀ ਪਾਉਣੀ ਚਾਹੀ। ਉਰੀਆ ਤਾਂ, ਰਾਜੇ ਦੇ ਸੇਵਕਾਂ ਨਾਲ ਰਾਜ ਮਹੱਲ ਦੇ ਬਾਹਰ ਸੁੱਤਾ। ਸ਼ਰਾਬ ਪਿਲਾ ਕੇ ਉਸ ਨੂੰ ਮਦਹੋਸ਼ ਕਰ ਦੇਣ ਤੇ ਵੀ ਉਹ ਪਤਨੀ ਪਾਸ ਜਾਣ ਲਈ ਤਿਆਰ ਨਾ ਹੋਇਆ। ਆਖਿਰ ਉਸ ਨੂੰ ਲੜਾਈ ਦੇ ਮੋਰਚੇ ਤੇ ਭੇਜ ਕੇ ਯੁੱਧ ਵਿਚ ਮਰਵਾ ਦਿਤਾ ਗਿਆ। ਇਸ ਦੇ ਬਾਅਦ ਡੇਵਿਡ ਨੇ ਬਤਸ਼ੇਬਾ ਨੂੰ ਪਤਨੀ ਦੇ ਰੂਪ ਵਿਚ ਅਪਣਾ ਲਿਆ। ਯਹੋਬਾ ਨੇ ਉਸ ਨੂੰ

ਦੰਡ ਦਿਤਾ। ਸਖਤ ਸਜ਼ਾ ਦਿਤੀ। ਬਤਸ਼ੇਬਾ ਤੋਂ ਜੋ ਉਸ ਦਾ ਲੜਕਾ ਪੈਦਾ ਹੋਇਆ ਉਸ ਨੂੰ ਮਾਰ ਦਿਤਾ। ਆਪਣੇ ਪੁੱਤਰ ਅਵਸ਼ਾਲੋਮ ਤੋਂ ਡਰ ਕੇ ਮਰੂਥਾਨ ਤੋਂ ਨੱਸਣਾ ਪਿਆ। ਪਰ ਯਹੋਵਾ ਨੇ ਉਸ ਦਾ ਸਰਬਨਾਸ਼ ਤਾਂ ਨਹੀਂ ਸੀ ਕੀਤਾ। ਉਸ ਦਾ ਪਛਤਾਵਾ ਸੁਣਿਆ। ਇਜ਼ਰਾਈਲ ਦਾ ਤੇਜਸਵੀ ਰਾਜਾ ਬਣਾ ਦਿਤਾ। ਬਤਸ਼ੇਬਾ ਤੋਂ ਹੀ ਉਸ ਦੇ ਦੂਜੇ ਪੁੱਤਰ ਸੋਲਮਨ ਨੇ ਜਨਮ ਲਿਆ। ਇਹ ਸੋਲਮਨ ਗਿਆਨੀਆਂ ਵਿਚੋਂ ਮਹਾਂ ਗਿਆਨੀ ਹੋਇਆ ਹੈ।

"ਕੀ ਕੁੰਏਨਾਮਾਪਿੱਲਾ ਸੌਂ ਰਹੇ ਨੇ ?"

"ਕੌਣ ?"

"ਮੈਂ ਹਾਂ...ਸ਼ਿਵਰਾਮ ਕੁਰੁਪ।"

"ਕੀ ਤੂੰ ਇਥੇ ਨਹੀਂ ਸੈਂ ? ਆਇਆਂ ਪੰਜ ਛੇ ਦਿਨ ਹੋ ਗਏ।"

"ਘਰ ਗਿਆ ਸਾਂ। ਸੁਣਿਐ ਚੱਕਰ ਆਉਣ ਤੇ ਤੁਸੀਂ ਰਸਤੇ ਵਿਚ ਕਿਧਰੇ ਡਿਗ ਪਏ ਸੀ।"

"ਕੀ ਆਖਿਆ ?"

"ਸੁਣਿਐ ਕਿਧਰੇ ਡਿਗ ਪਏ ਸਓ।"

"ਇਹ ਸੁਣ ਲਿਐ ? ਕੋਈ ਚੰਗੀ ਗੱਲ ਹੁੰਦੀ ਤਾਂ ਏਡੀ ਜਲਦੀ ਨਾ ਸੁਣਦਾ।"

ਸ਼ਿਵਰਾਮ ਕੁਰੁਪ ਦਾ ਹਾਸਾ ਗੂੰਜ ਉਠਿਆ—

"ਦੁਨੀਆਂ ਦੀ ਆਦਤ ਜੂ ਠਹਿਰੀ—ਅੱਛੀ ਗੱਲ ਸੁਣ ਕੇ ਵੀ ਦੁਸ਼ਟ ਲੋਕ ਬੁਰੇ ਭਾਵ ਹੀ ਸਮਝਦੇ ਨੇ। ਗਾਂ ਦੇ ਸੀਰ ਭਰੇ ਥਣ 'ਚੋਂ ਵੀ ਮੱਛਰ ਖੂਨ ਹੀ ਚੂਸਦਾ ਹੈ।"

ਕੁੰਏਨਾਚੰਨ ਦੇ ਚਿਹਰੇ ਉਤੇ ਕੁਝ ਤਾਜ਼ਗੀ ਜਹੀ ਆ ਗਈ। ਬੜੀ ਮੁਸ਼ਕਿਲ ਨਾਲ ਉਠ ਕੇ ਬੈਠ ਗਏ।

" 'ਸੀਰ' ਦਾ ਅਰਥ ਦੁੱਧ ਹੈ ਨਾ ?"

ਸ਼ਿਵਰਾਮ ਕੁਰੁਪ ਦੇ ਹੋਠਾਂ ਉਤੇ ਭੇਦਭਰੀ ਹਾਸੀ ਖਿੜ ਗਈ, ਮਾਨੋ ਕਿਸੇ ਭੇਦ ਦੀ ਖਿੜਕੀ ਖੁਲ੍ਹ ਗਈ ਹੋਵੇ। ਉਸ ਨੇ ਸਾਬਣ ਦੀ ਡੱਬੀ ਜਿੱਡੀ ਡੱਬੀ ਆਪਣੀ ਕਮਰ ਤੋਂ ਖੋਲ੍ਹੀ ਤੇ ਪਾਨ ਬਣਾਉਣ ਲੱਗ ਪਿਆ। ਸੁਗੰਧੀ ਵਾਲਾ ਤੰਮਾਕੂ, ਨਰਮ-ਨਰਮ ਤਾਜ਼ਾ ਪਾਨ, ਰੰਗੀਨ ਚੂਨਾ ਸਭ ਕੁਝ ਪਾਨਦਾਨ ਵਿਚ ਹੈ ਸੀ।

"ਓਹ !"

ਕੁੰਯੇਨਾਮਾਪਿੱਲਾ ਸੰਸਕ੍ਰਿਤ ਵੀ ਜਾਣਦੇ ਹਨ।"

ਕੁੰਏਨਾਚੰਨ ਨੇ ਇਸ਼ਾਰੇ ਨਾਲ ਦਸਿਆ ਕਿ ਸਭ ਜਾਣਦਾ ਹਾਂ। ਅਗੋਂ ਬੋਲੇ...

"ਹਾਂ, ਹਾਂ...ਥੋੜ੍ਹਾ ਜਿਹਾ ਵੇਦ ਗਿਆਨ ਮੈਨੂੰ ਵੀ ਹੈ ਕੁਰੁਪ ਜੀ।"

"ਕੁੰਯੇਨਾਮਾਪਿੱਲਾ, ਵੇਦ ਸਭ ਇਕ ਹੀ ਹਨ। ਬਾਈਬਲ, ਗੀਤਾ, ਕੁਰਾਨ, ਉਪਨਿਸ਼ਦ ਸਭ ਇਕ ਹਨ। ਦੇਵਤਿਆਂ ਵਿਚ ਵੀ ਫਰਕ ਨਹੀਂ। ਨਾਂ ਹੀ ਅਲੱਗ-

ਅਲੱਗ ਹਨ। ਮਾਨਵ ਦੇ ਅਧਰਮ ਦਾ ਜਦ ਬੋਲਬਾਲਾ ਹੁਦਾ ਹੈ ਤਾਂ ਭਗਵਾਨ ਪ੍ਰਤੱਖ ਦਰਸ਼ਨ ਦਿੰਦੇ ਹਨ। ਦਸ ਅਵਤਾਰਾਂ ਦੀ ਕਥਾ ਇਹ ਹੀ ਹੈ ਨਾ ?

ਯਦਾ ਯਦਾ ਹਿ ਧਰਮਸੵਯ
ਗ੍ਲਾਨਿਰਮ੍ਵਤਿ ਭਾਰਤ।
ਅਭ੍ਯੁਤ੍ਥਾਨਮ ਬਰਮਸੵਯ
ਤਦਾਤ੍ਮਾਨਮ ਸਰਜਾਮ੍ਯਹਮ੍।
ਪਰਿਤ੍ਰਾਣਾਯ ਸਾਧੂਨਾਮ੍
ਵਿਨਾਸ਼ਾਪ ਚ ਦੁਸ਼ਕਰਿ੍ਤਾਮੁ।
ਧਰ੍ਮ ਸੰਸਥਾਪਨਾਰਥਾਪ
ਸੰਭਵਾਮੈ ਯੁਗੇ ਪੁਗੇ।''

ਸ਼ਿਵਰਾਮ ਕੁਰੁਪ ਨੇ ਸ਼ਲੋਕ ਦੀ ਵਿਆਖਿਆ ਕੀਤੀ ਤਾਂ ਕੁੰਏਨਾਚਨ ਵਿਚ ਵੀ ਕੁਝ ਚੁਸਤੀ ਆ ਗਈ।

''ਹਾਂ, ਹਾਂ, ਸਦੋਮ ਅਤੇ ਅਯੋਗ ਵਿਚ ਅਧਰਮ ਵਧਿਆ ਤਾਂ ਯਹੋਵਾ ਨੇ ਗੰਧਕ ਅਤੇ ਅੱਗ ਵਸਾਈ। ਯਹੋਵਾ ਨੇ ਬਹੁਤ ਜ਼ਿਆਦਾ ਖਿਮਾ ਵਿਖਾਈ। ਆਖਰ ਜਦ ਉਨ੍ਹਾਂ ਦਾ ਪਾਪ ਬਹੁਤ ਸਖਤ ਹੋ ਗਿਆ ਤਾਂ ਦੋ ਦੂਤਾਂ ਨੂੰ ਉਧਰ ਭੇਜਿਆ। ਉਨ੍ਹਾਂ ਦੂਤਾਂ ਨੇ ਯਹੋਵਾ ਦੇ ਦਾਸ ਲੂਤ ਦੇ ਘਰ ਰਾਤ ਬਿਤਾਈ। ਇਹ ਸੁਣ ਕੇ ਪਾਪੀ ਲੋਕਾਂ ਨੇ ਲੂਤ ਦੇ ਘਰ ਨੂੰ ਘੇਰ ਲਿਆ। ਲੂਤ ਨੂੰ ਪੁਕਾਰ ਕੇ ਆਖਣ ਲਗੇ ਕਿ ਜੋ ਲੋਕ ਅਜ ਰਾਤ ਤੇਰੇ ਕੋਲ ਆਏ ਹਨ ਉਹ ਕਿਥੇ ਹਨ ? ਉਨ੍ਹਾਂ ਨੂੰ ਬਾਹਰ ਸਾਡੇ ਕੋਲ ਲੈ ਆਓ। ਲੂਤ ਨੇ ਉਨ੍ਹਾਂ ਨੂੰ ਆਖਿਆ, ''ਭਾਈਓ ਐਸੀ ਬੁਰਾਈ ਨਾ ਕਰੋ। ਸੁਣੋ ਮੇਰੀਆਂ ਦੋ ਬੇਟੀਆਂ ਹਨ ਜਿਨ੍ਹਾਂ ਨੇ ਅਜੇ ਤੱਕ ਪੁਰਸ਼ ਦਾ ਮੂੰਹ ਨਹੀਂ ਵੇਖਿਆ। ਇੱਛਾ ਹੋਵੇ ਤਾਂ ਮੈਂ ਉਨ੍ਹਾਂ ਨੂੰ ਬਾਹਰ ਤੁਹਾਡੇ ਕੋਲ ਲੈ ਆਉਂਦਾ ਹਾਂ ਤੇ ਤੁਸੀਂ ਜਿਵੇਂ ਵੀ ਚਾਹੋ ਉਨ੍ਹਾਂ ਨਾਲ ਵਰਤਾਓ ਕਰੋ। ਪਰ ਇਨ੍ਹਾਂ ਪੁਰਸ਼ਾਂ ਨੂੰ ਕੁਝ ਨਾ ਕਹੋ, ਕਿਉਂਕਿ ਉਹ ਮੇਰੀ ਸ਼ਰਨ ਹੇਠ ਆਏ ਹਨ।......ਪਾਪ 'ਚ ਡੁੱਬੇ ਲੋਕ ਨਹੀਂ ਮੰਨੇ, ਤਾਂ ਦੇਵਦੂਤਾਂ ਨੇ ਉਨ੍ਹਾਂ ਨੂੰ ਅੰਨ੍ਹਾ ਕਰ ਦਿਤਾ। ਲੂਤ ਅਤੇ ਉਸ ਦੇ ਪਰਿਵਾਰ ਨੂੰ ਯਹੋਵਾ ਨੇ ਇਹ ਹੀ ਆਖਿਆ ਕਿ ਨੱਸ ਕੇ ਆਪਣੀ ਜਾਨ ਬਚਾ ਲਵੋ। ਪਿਛੇ ਮੁੜ ਕੇ ਨਾ ਵੇਖਣਾ। ਉਹ ਉਸੇ ਤਰ੍ਹਾਂ ਦੌੜ ਪਏ। ਪਰ ਲੂਤ ਦੀ ਪਤਨੀ ਨੇ ਪਿਛੇ ਮੁੜ ਕੇ ਦੇਖਿਆ ਤੇ ਨਮਕ ਦਾ ਖੰਭਾ ਬਨ ਗਈ। ਯਹੋਵਾ ਨੇ ਆਸਮਾਨ ਤੋਂ ਗੰਧਕ ਅਤੇ ਅੱਗ ਵਸਾ ਕੇ ਸਾਰਾ ਨਗਰ ਤਬਾਹ ਕਰ ਦਿਤਾ। ਇਸ ਤਰ੍ਹਾਂ ਲੂਤ ਸੋਅਰ ਨਗਰ ਅਤੇ ਉਥੋਂ ਪਹਾੜ ਨੂੰ ਨੱਸ ਗਿਆ। ਉਥੇ ਪਹਾੜ ਦੀ ਗੁਫ਼ਾ ਵਿਚ ਰਹਿਣ ਲਗ ਪਿਆ। ਉਨ੍ਹਾਂ ਦਿਨਾਂ ਵਿਚ ਲੂਤ ਦੀ ਆਪਣੀ ਬੇਟੀ ਤੋਂ ਸੰਤਾਨ ਹੋਈ।

''ਉਹ ਕਿਵੇਂ ? ਉਹ ਕਿਵੇਂ ? ਸੁਣਾਓ ਤਾਂ।''

ਕੁੰਏਨਾਚੰਨ ਨੇ ਆਪਣੀ ਕਹਾਣੀ ਅੱਗੇ ਤੋਰੀ। ਸ਼ਿਵਰਾਮ ਕੁਰੁਪ ਨੂੰ ਮਾਨੋ ਏਕਾਇਕ ਕੋਈ ਗੱਲ ਯਾਦ ਆ ਗਈ ਤੇ ਉਸ ਨੇ ਸਵਾਲ ਕੀਤਾ—

''ਤੇ...ਕੀ ਇਥੇ ਹੋਰ ਕੋਈ ਨਹੀਂ ?''

''ਸਭ ਹਨ।''

ਕੁਰੁਪ ਜੀ ਨੇ ਜ਼ੋਰ ਦੀ ਸਵਾਲ ਕੀਤਾ—

''ਇਹ ਕੀ ? ਘਰ ਕਿਸੇ ਆਦਮੀ ਦੇ ਆਉਣ ਤੇ ਕੀ ਇਹ ਲੋਕ ਬਲਦੇ ਨਹੀਂ ? ਕੀ ਕੁਝ ਮਿੱਠੇ ਸ਼ਬਦ ਤੱਕ ਵੀ ਨਹੀਂ ਬੋਲ ਸਕਦੇ ?''

ਦੀਨਾਮਾ ਦਵਾਰ ਤੇ ਆਈ।

''ਕੀ ਬਾਬੂ ਜੀ ਦੇ ਸ਼ਬਦ ਖੱਟੇ ਸਨ ?''

''ਉਹ, ਇਸੇ ਲਈ ਚੁਪ ਹੋ।''

''ਹੋਰ ਕੀ। ਘਰ ਮਰਦ ਆਉਂਦੇ ਨੇ ਤੇ ਮਰਦਾਂ ਨਾਲ ਗੱਲ ਕਰਦੇ ਨੇ।''

''ਮੰਨ ਲਿਆ।''

''ਮੰਨਣ ਲਈ ਨਹੀਂ ਕਿਹਾ। ਅਸੀਂ ਅਮੀਰ ਤਾਂ ਨਹੀਂ ਹਾਂ, ਪਰ ਮਹਿਮਾਨਾਂ ਦੀ ਖਾਤਰ ਕਰਨੀ ਜਾਣਦੇ ਹਾਂ। ਇਜ਼ਤ-ਮਾਨ ਨਾਲ ਪੇਸ਼ ਆਉਣਾ ਨਹੀਂ ਭੁੱਲਦੇ। ਤੇ ਕੀ ਕੁਰੁਪ ਜੀ ਇਥੇ ਮਹਿਮਾਨ ਹਨ ?"

ਦੀਨਾਮਾ ਅੰਦਰ ਚਲੀ ਗਈ। ਕੁੰਏਨਾਚੰਨ ਦੇ ਮਨ ਵਿਚ ਆਇਆ—ਸ਼ਰੀਫ ਘਰ ਦੀ ਲੜਕੀ ਦੀ ਇਹ ਹੀ ਨਿਸ਼ਾਨੀ ਹੈ। ਉਸ ਦੇ ਸ਼ਬਦਾਂ ਵਿਚ ਭਾਵ, ਗਿਆਨ, ਪ੍ਰਤਿਸ਼ਠਾ ਸਭ ਹਨ।

ਇਉਂ ਆਖਿਆ ਤਾਂ ਜ਼ਰੂਰ। ਪਰ ਥੋੜ੍ਹੀ ਦੇਰ ਬਾਅਦ ਦੀਨਾਮਾ ਦੋ ਗਿਲਾਸ ਕਾਫ਼ੀ (ਬਿਨਾਂ ਦੁੱਧ ਦੇ) ਲੈ ਆਈ।

''ਦੁੱਧ ਹੈ ਨਹੀਂ। ਬਾਬੂ ਜੀ ਦੁੱਧ ਦੇ ਬਗੈਰ ਹੀ ਕਾਫ਼ੀ ਪਸੰਦ ਕਰਦੇ ਹਨ। ਕੁਰੁਪ ਜੀ ਘਰ ਜਾ ਕੇ ਥੋੜ੍ਹਾ ਦੁੱਧ ਪੀ ਲੈਣਾ।''

ਕੁਰੁਪ ਜ਼ੋਰ ਦੀ ਹੱਸ ਪਿਆ।

''ਹਾਂ ਜੋ ਮਿਲਿਆ ਗਨੀਮਤ ਹੈ।''

ਕਾਫ਼ੀ ਪੀਂਦਿਆਂ ਕੁਰੁਪ ਜੀ ਨੂੰ ਯਾਦ ਆ ਗਿਆ—

''ਕਹਾਣੀ ਪੂਰੀ ਨਹੀਂ ਹੋਈ ਕੁੰਯੇਨਾਮਾਪਿਲੇ।''

''ਕੀ ?''

''ਕਹਾਣੀ।''

''ਹਾਂ, ਲੂਤ ਅਤੇ ਉਸ ਦੀਆਂ ਪੁੱਤਰੀਆਂ ਗੁਫਾ ਵਿਚ ਰਹਿੰਦੀਆਂ ਸਨ। ਵੱਡੀ ਨੇ ਛੋਟੀ ਨੂੰ ਆਖਿਆ—ਸਾਡੇ ਪਿਤਾ ਬੁੱਢੇ ਹੋ ਚਲੇ ਹਨ। ਸੰਸਾਰ ਦੇ ਨਿਯਮ ਦੇ ਮੁਤਾਬਕ ਸਾਡੇ ਕੋਲ ਅਜੇ ਤੱਕ ਕੋਈ ਪੁਰਸ਼ ਨਹੀਂ ਆਇਆ। ਸਾਨੂੰ ਪਿਤਾ ਜੀ ਕੋਲੋਂ ਸੰਤਾਨ ਮਿਲਣੀ ਚਾਹੀਦੀ ਹੈ। ਇਸ ਲਈ ਉਨ੍ਹਾਂ ਨੂੰ ਅੰਗੂਰੀ ਪਿਲਾ ਕੇ ਨਾਲ ਸਵਾਂਗੀਆਂ। ਇਸ ਦੇ ਅਨੁਸਾਰ ਵੱਡੀ ਲੜਕੀ ਉਸ ਰਾਤ ਪਿਤਾ ਨੂੰ ਸ਼ਰਾਬ ਪਿਲਾਣ ਦੇ ਬਾਅਦ ਉਨ੍ਹਾਂ ਨਾਲ ਸੌਂ ਗਈ। ਪਿਤਾ ਨੂੰ ਉਸ ਨਾਲ ਸੌਣ ਅਤੇ ਜਾਗਣ ਦਾ ਪਤਾ ਨਹੀਂ ਲੱਗਾ। ਦੂਜੇ ਦਿਨ ਛੋਟੀ ਨੇ ਵੀ ਉਸੇ ਤਰ੍ਹਾਂ ਕੀਤਾ। ਇਸ ਤਰ੍ਹਾਂ ਉਨ੍ਹਾਂ ਦੇ ਗਰਭ ਠਹਿਰ ਗਏ, ਤੇ ਉਨ੍ਹਾਂ ਨੇ ਬੱਚਿਆਂ ਨੂੰ ਜਨਮ ਦਿਤਾ। ਮੋਵੋਬੀਯਾ ਅਤੇ ਅੰਮੋਨੀਓਂ ਦੀ ਪੀੜ੍ਹੀ ਦਾ ਆਰੰਭ ਇਸ ਤਰ੍ਹਾਂ ਹੋਇਆ। ਇਹ ਵਾਕਿਆ ਧਰਮ

ਗ੍ਰੰਥਾਂ ਵਿਚ ਲਿਖਿਆ ਹੈ।

ਕੁਰੁਪ ਹੱਸਦੇ-ਹੱਸਦੇ ਲੋਟ-ਪੋਟ ਹੋ ਗਏ।

ਕੁੰਏਨਾਚੰਨ ਨੂੰ ਨਵਾਂ ਜੋਸ਼ ਮਿਲ ਗਿਆ। ਕਥਾ ਸੁਣਾ ਕੇ ਲੋਕਾਂ ਨੂੰ ਹਸਾਣ ਦੀ ਆਪਣੀ ਸ਼ਕਤੀ ਉਤੇ ਉਨ੍ਹਾਂ ਨੂੰ ਅਜੇ ਵੀ ਮਾਣ ਸੀ। ਕੁਰੁਪ ਦਾ ਮੁਖ ਕਿੰਨਾ ਖੁਸ਼ੀ ਪੂਰਣ ਹੈ। ਚੰਦਨ ਦਾ ਟਿੱਕਾ, ਕੰਨ ਦੇ ਪਿੱਛੇ ਦਾ ਤੁਲਸੀਦਲ। ਪੂਰਾ ਸਵਸਥ। ਆਰੰਮੁਲਾ ਪਿੰਡ ਦਾ ਇਹ ਨਿਵਾਸੀ ਨਾਣੂਨਾਇਰ ਦੀ ਲੜਕੀ ਨਾਲ ਸ਼ਾਦੀ ਕਰਕੇ ਇਥੇ ਆਇਆ, ਸੋ ਅਜੇ ਤੱਕ ਉਸੇ ਰੂਪ ਅਤੇ ਉਸੇ ਬਦਨ ਦਾ ਹੈ। ਉਹ ਸ਼ਾਦੀ ਜਲਦੀ ਹੀ ਟੁਟ ਗਈ ਸੀ। ਨਾਣੂਨਾਇਰ ਦੀ ਬੁਰਾਈ ਕਾਰਨ ਕੁਝ ਦਿਨਾਂ ਬਾਅਦ ਸੰਤੋਸ਼ਮ ਕੇਸ਼ਵਮ ਨਾਇਰ ਦੀ ਬੇਟੀ ਦਾ ਪਤੀ ਹੋ ਗਿਆ। ਉਹ ਇਸਦ੍ਰੀ ਬਦਚਲਣ ਸੀ। ਕੁਝ ਦਿਨ ਤੱਕ ਇਉਂ ਹੀ ਚਲਦਾ ਰਿਹਾ। ਪਰ ਹੁਣ ਕੁਰੁਪ ਬਿਲਕੁਲ ਸੁਤੰਤਰ ਹੈ। ਸੁਨਮੁਖਮਪਿੱਲੇ ਦੀ ਕਰਿਆਨੇ ਦੀ ਦੁਕਾਨ ਵਿਚ ਮੁਨੀਮ ਹੈ। ਖੁਦ ਖਾਣਾ ਪਕਾ ਕੇ ਖਾਂਦਾ ਹੈ ਤੇ ਕਿਰਾਏ ਦੇ ਮਕਾਨ ਵਿਚ ਰਹਿੰਦਾ ਹੈ।

"ਕਹਾਣੀ ਚੰਗੀ ਹੈ। ਪਰ ਕੀ ਇਸ ਦਾ ਯਕੀਨ ਕੀਤਾ ਜਾ ਸਕਦਾਂ ਹੈ ਕਿ ਬੁੱਢੇ ਨੂੰ ਕੁਝ ਪਤਾ ਨਾ ਲੱਗਾ?"

"ਯਕੀਨ ਕਰਨਾ ਚਾਹੀਦਾ ਹੈ। ਸੱਚੀਆਂ ਘਟਨਾਵਾਂ ਹਨ। ਮੇਰੀ ਗੱਲ ਛਡੋ। ਸਾਡੇ ਕੁੰਯੂਪੋਤਾ ਦਾ ਇਕ ਪੁੱਤਰ ਫ਼ੌਜ ਵਿਚ ਹੈ ਨਾ? ਫ਼ੌਜ ਵਿਚ ਹਵਾਈ ਜਹਾਜ਼ ਉਡਾਉਣ ਦਾ ਕੰਮ ਕਰਦਾ ਹੈ।"

"ਏਅਰਫੋਰਸ!"

"ਹਾਂ, ਉਹ ਹੀ। ਉਸ ਨੇ ਇਹ ਸਭ ਸਥਾਨ ਵੇਖੇ ਹਨ।"

"ਹਾਂ, ਹਾਂ,, ਦੇਖੇ ਹੋਣਗੇ। ਯਕੀਨ ਦੀ ਗੱਲ ਤਾਂ ਅਜੀਬ ਹੈ। ਹਿੰਦੂ ਪੁਰਾਣਾ ਵਿਚ ਗਣੇਸ਼, ਸ਼ਾਸਤਾ ਆਦਿ ਦੇ ਜਨਮ ਦੀ ਕਥਾ ਵਚਿੱਤਰ ਹੈ ਨਾ? ਕੀ ਜਾਣਦੇ ਹੋ?"

ਕੁਰੁਪ ਉਹ ਕਹਾਣੀ ਸੁਣਾਉਂਦਾ ਪਰ ਮਾਤੁਕੱਟੀ ਆ ਗਿਆ।

"ਓਹੋ, ਤੁਸੀਂ ਇਥੇ ਸਾਓ?"

"ਘਰ ਆਉਣ ਤੇ ਤੁਸੀਂ ਕਦੀ ਨਹੀਂ ਮਿਲਦੇ। ਸੋ ਕੁੰਯੇਨਾਮਾਪਿਲੇ ਨਾਲ ਗੱਲਾਂ ਕਰ ਰਿਹਾ ਸਾਂ।"

"ਹੂੰ, ਪਿਤਾ ਜੀ ਦੀ ਤਬੀਅਤ ਠੀਕ ਨਹੀਂ।"

"ਪਤਾ ਲਗੈ।"

ਕੁਰੁਪ ਨੇ ਸਮਝ ਲਿਆ। ਮਾਤੁਕੱਟੀ ਦਾ ਇਸ਼ਾਰਾ ਸੀ ਕਿ ਬਿਮਾਰ ਪਿਤਾ ਜੀ ਨੂੰ ਗੱਲਬਾਤ ਨਾਲ ਕਸ਼ਟ ਨਾ ਦਿਓ। ਪਾਨਦਾਨ ਖੋਲ੍ਹ ਕੇ ਇਕ ਵਾਰ ਪਾਨ ਖਾਣ ਦੇ ਬਾਅਦ ਉਠ ਬੈਠਾ।

"ਕੁੰਏਨਾਮਾਪਿਲਾ!"

"ਹੂੰ।"

"ਚੀਜ਼ ਕਲ੍ਹ ਲਿਆਵਾਂਗਾ।"

''ਕੀ ?''

''ਅਫ਼ੀਮ ਕਲ੍ਹ ਲਿਆਵਾਂਗਾ। ਮੁਸ਼ਕਿਲ ਨਾਲ ਮਿਲਦੀ ਹੈ। ਇਕ ਅੱਧ ਵੈਦ ਕੋਲੋਂ ਇੰਤਜ਼ਾਮ ਕੀਤਾ ਸੀ ਪਰ ਉਨ੍ਹਾਂ ਨੇ ਉਸ ਦੀ ਦਵਾਈ ਬਣਾ ਲਈ ਹੈ। ਹੁਣ ਇਕ ਜਗ੍ਹਾ ਹੋਰ ਕੋਸ਼ਿਸ਼ ਕਰਨੀ ਹੈ। ਕੁਝ ਵੀ ਹੋਵੇ ਕਲ੍ਹ ਲਿਆਵਾਂਗਾ। ਜਾਵਾਂ ਮਾਤੁਕੁੱਟੀ ?''

''ਅੱਛਾ।''

ਕੁਰੁਪ ਦੇ ਜਾਣ ਦੇ ਬਾਅਦ ਮਾਤੁਕੁੱਟੀ ਘਰ ਦੇ ਅੰਦਰ ਗਿਆ ਅਤੇ ਦੀਨਾਮਾ ਨੂੰ ਆਖਿਆ—

''ਮੈਂ ਸ਼ਾਮ ਨੂੰ ਤਿਰੂਵਨੰਤਪੁਰਮ ਜਾ ਰਿਹਾ ਹਾਂ। ਸ਼ਾਇਦ ਦੋ ਤਿੰਨ ਦਿਨ ਬਾਅਦ ਹੀ ਆ ਸਕਾਂਗਾ।''

''ਤਿਰੂਵਨੰਤਪੁਰਮ ਵਿਚ ਕੀ ਖਾਸ ਕੰਮ ਹੈ ? ਜੇ ਸ਼ਹਿਰ ਦੇਖਣ ਜਾਣਾ ਹੈ ਤਾਂ ਮੈਂ ਵੀ ਨਾਲ ਚੱਲਾਂਗੀ। ਕਿੰਨੇ ਲੋਕ ਪਿੱਛੇ ਪਏ ਨੇ ਕਿ ਉਹ ਪਿਤਾ ਜੀ ਨੂੰ ਆਪਣੇ ਕੋਲ ਰਖਣਾ ਚਾਹੁੰਦੇ ਹਨ। ਉਹ ਉਨ੍ਹਾਂ ਦੇ ਕੋਲ ਰਹਿਣ।''

''ਸ਼ਹਿਰ ਵੇਖਣ ਜਾ ਰਿਹਾ ਹਾਂ। ਅੱਛੀ ਗੱਲ ਕਹੀ ਹੈ। ਵਾਝਵਿਲਾ ਘਰ ਦੇ ਦਾਨਿਯਲ ਦੇ ਲੜਕੇ ਲਈ ਇਕ ਨੌਕਰੀ ਦੀ ਤਲਾਸ਼ ਵਿਚ ਜਾ ਰਿਹਾ ਹਾਂ।'' ''ਐਰੇ ਦੇ ਲੜਕੇ ਲਈ ਨੌਕਰੀ ਤੇ ਗੈਰੇ ਦੀ ਲੜਕੀ ਲਈ ਦੂਲ੍ਹਾ। ਪਾਦਰੀਆਂ ਦਾ ਝਗੜਾ ਨਿਪਟਾ ਲੈਣ ਦਾ ਮੁਕੱਦਮਾ। ਇਸ ਤਰ੍ਹਾਂ ਘੁੰਮਦੇ ਫਿਰਨ ਨਾਲ ਸਾਨੂੰ ਕੀ ਫਾਇਦਾ ?''

''ਗੱਲ-ਗੱਲ ਪਿੱਛੇ ਨਫ਼ਾ-ਨੁਕਸਾਨ ਵੇਖਿਆ ਜਾ ਸਕਦੈ ?''

''ਸਭ ਗੱਲਾਂ ਤੇ ਨਹੀਂ। ਪਰ ਆਪਣੀ ਘਰ ਗ੍ਰਹਿਸਥੀ ਦੀ ਗੱਲ ਨੂੰ ਭੁਲ ਬਰਾਦਰੀ ਦੇ ਲੋਕਾਂ ਨੂੰ ਸੁਧਾਰਨ ਦੀ ਕੋਸ਼ਿਸ਼ ਕਿਉਂ ਕਰੀਏ ?''

''ਵਾਹ ! ਘਰ ਪਰਿਵਾਰ ਨਾਲ ਚੰਬੜਿਆ ਰਹਾਂ ਤਾਂ ਸਭ ਠੀਕ ਹੋ ਜਾਏਗਾ ?''

ਆਖਿਆ ਤਾਂ ਜ਼ੋਰ ਦੇ ਕੇ ਸੀ, ਪਰ ਮਨ ਹੀ ਮਨ ਵਿਚ ਮਾਤੁਕੁੱਟੀ ਦੀ ਗੱਲ ਵੀ ਠੀਕ ਹੀ ਜਾਪੀ। ਉਸ ਨੂੰ ਆਪਣੀ ਗਲਤੀ ਮਹਿਸੂਸ ਹੋ ਗਈ। ਉਹ ਖ਼ੁਦ ਪਿੰਡ ਦਾ ਸ਼ਰੀਫ਼, ਕੰਮ ਦੇ ਲਾਇਕ ਤਾਂ ਆਦਮੀ ਜ਼ਰੂਰ ਹੈ, ਪਰ ਘਰ ਦਾ ਕੰਮ ਸੰਭਾਲਣ ਦੀ ਫੁਰਸਤ ਉਸ ਨੂੰ ਕਦੀ ਨਹੀਂ ਮਿਲਦੀ। ਜਵਾਨ ਬੀਵੀ ਨੂੰ ਪੂਰਾ ਪੂਰਾ ਪਿਆਰ ਦੁਲਾਰ ਕਦੀ ਨਹੀਂ ਦੇ ਸਕਦਾ। ਦੀਨਾਮਾ ਅਠਾਈ ਸਾਲਾਂ ਦੀ ਹੈ ਤੇ ਮਾਤੁਕੁੱਟੀ ਦੀ ਉਮਰ ਹੈ ਸੰਤਾਲੀ ਸਾਲ। ਉਸ ਨੂੰ ਇਹ ਗੱਲ ਵੀ ਯਾਦ ਆ ਗਈ। ਇਕ ਬੱਚੀ ਨੂੰ ਜਨਮ ਦਿਤਾ ਹੈ ਜੋ ਹੁਣ ਵੱਡੀ ਵੀ ਹੋ ਚੱਲੀ ਹੈ। ਫਿਰ ਵੀ ਹਾਰ ਸ਼ਿੰਗਾਰ ਕਰਕੇ ਬਾਹਰ ਨਿਕਲੇ ਤਾਂ ਪਿੰਡ ਦੀ ਕੋਈ ਔਰਤ ਵੀ ਦੀਨਾਮਾ ਦਾ ਮੁਕਾਬਲਾ ਨਹੀਂ ਕਰ ਸਕਦੀ। ਉਸ ਦਾ ਤ੍ਰਿਸਕਾਰ ਕਰਨਾ ਪਾਪ ਹੈ। ਉਸ ਨੂੰ ਇਹ ਸਭ ਗੱਲਾਂ ਯਾਦ ਹਨ, ਫਿਰ ਵੀ ਪਿੰਡ ਦੀਆਂ ਸਮੱਸਿਆਵਾਂ ਵਿਚ ਉਲਝਿਆ ਰਹਿੰਦਾ ਹੈ।

ਪਹਿਲੀ ਪਤਨੀ ਦਾ ਪੁੱਤਰ ਫ਼ੌਜ 'ਚੋਂ ਹਰ ਮਹੀਨੇ ਚਾਲ੍ਹੀ ਪੰਜਾਹ ਰੁਪੈ ਭੇਜਦਾ

ਹੈ। ਇਸ ਨਾਲ ਦਿਨ ਸੌਖੇ ਗੁਜ਼ਰੀ ਜਾਂਦੇ ਹਨ।

ਮਾਤੁਕੁੱਟੀ ਜਦ ਘਰੋਂ ਚੱਲਣ ਲੱਗਾ ਤਾਂ ਦੀਨਾਮਾ ਨੇ ਆਖਿਆ—

''ਰਾਜਨ ਦਾ ਸਾਥੀ ਛੁੱਟੀ ਦੇ ਬਾਅਦ ਅਗਲੇ ਹਫ਼ਤੇ ਜਾਏਗਾ। ਉਸ ਦੇ ਹੱਥ ਰਾਜਨ ਲਈ ਕੁਝ ਭੇਜਣਾ ਹੈ ਨਾ ?''

''ਹਾਂ ਭੇਜਣਾ ਹੈ।''

''ਹਾਂ ਕਹਿ ਦੇਣ ਨਾਲ ਕੰਮ ਚਲੇਗਾ ?''

''ਮੈਂ ਦੋ ਤਿੰਨ ਦਿਨਾਂ ਵਿਚ ਹੀ ਤਾਂ ਵਾਪਸ ਆ ਜਾਵਾਂਗਾ। ਕੀ ਉਥੇ ਹੀ ਜੰਮ ਜਾਣ ਲਈ ਜਾ ਰਿਹਾ ਹਾਂ ?''

ਮਾਤੁਕੁੱਟੀ ਦਹਿਲੀਜ਼ ਪਾਰ ਕਰ ਰਿਹਾ ਸੀ। ਦੀਨਾਮਾ ਉਸ ਨੂੰ ਦੇਖਦੀ ਹੀ ਰਹੀ।

## ਤਿੰਨ

ਪਗਡੰਡੀ ਦੇ ਦੋਵੇਂ ਪਾਸੇ ਜੰਗਲੀ ਅਨਾਨਾਸ ਦੇ ਬੂਟੇ ਸਨ। ਕੋਈ ਜੇ ਇਨ੍ਹਾਂ ਵਿਚ ਛੁਪ ਕੇ ਪਗਡੰਡੀ ਦੇ ਕਿਸੇ ਆਉਣ ਜਾਣ ਵਾਲੇ 'ਤੇ ਵਾਰ ਕਰ ਦੇਵੇ ਤਾਂ ਉਸ ਲਈ ਆਫ਼ਤ ਹੀ ਸਮਝੋ। ਸ਼ੇਖਰਨ ਨਾਇਰ ਅਤੇ ਉਸ ਦੇ ਸਾਥੀਆਂ ਨੇ ਖਾਰ ਖਾਧੀ ਹੋਈ ਸੀ। ਕੁੰਯੋਮਾ ਨੂੰ ਜਾਨੋਂ ਮਾਰ ਦੇਣ ਦੀ ਧਮਕੀ ਦੇ ਰਹੇ ਸਨ। ਵੱਡਾ ਤਾਂ ਮੰਨਿਆ ਹੋਇਆ ਅਭਿਆਸੀ ਸੀ। ਇਸ ਅਭਿਆਸ ਦੇ ਬਾਵਜੂਦ ਜਦ ਉਹ ਸਾਹਮਣੇ ਆਇਆ ਤਾਂ ਇਕ ਵਾਰ ਵੀ ਨਾ ਝਲ ਸਕਿਆ।......ਜੋ ਵੀ ਹੋਵੇ ਉਹ ਖੁਲ੍ਹਾ ਛੁਰਾ ਹੱਥ ਵਿਚ ਹੀ ਰਖਦਾ ਸੀ। ਕੋਈ ਵੇਖੇ ਤਾਂ ਇਉਂ ਹੀ ਭਾਸੇ ਜਿਵੇਂ ਉਹ ਨਹੁੰ ਕੱਟ ਰਿਹਾ ਹੋਵੇ ਜਾਂ ਸੁਪਾਰੀ ਦੇ ਟੁਕੜੇ ਕਰ ਰਿਹਾ ਹੋਵੇ। ਤੂੰ ਜਾ ਓਏ......।

ਸਾਰੀ ਬਸਤੀ ਵਾਲੇ ਇਕ ਫ਼ੌਜ ਦੀ ਫ਼ੌਜ ਵਾਂਗ ਆ ਧਮਕੇ ਸਨ। ਨੇਤਾ ਸੀ ਸ਼ੇਖਰਨ ਨਾਇਰ। ਆਰਾਮ ਦੇ ਰਾਜਾ ਬੇਨ-ਹਦਦ ਜਿਸ ਤਰ੍ਹਾਂ ਬੱਤੀ ਸਾਮੰਤਾਂ, ਘੋੜਿਆਂ ਅਤੇ ਰਥਾਂ ਨਾਲ ਇਜ਼ਰਾਈਲ ਦੇ ਹਾਕਮ ਆਹਾਬ ਨਾਲ ਲੜਨ ਚੱਲੇ ਸਨ। ਤਦ ਯਹੋਬਾ ਨੇ ਆਹਾਬ ਨੂੰ ਆਖਿਆ ਕਿ ਇਹ ਪੂਰਾ ਦਲ ਮੈਂ ਤੈਨੂੰ ਸੌਂਪ ਦਿਆਂਗਾ। ਉਸੇ ਤਰ੍ਹਾਂ ਹੀ ਇਜ਼ਰਾਈਲ ਦੀ ਜਨਤਾ ਨੇ ਆਰਾਮ ਨਰੇਸ਼ ਦੇ ਘੋੜਿਆਂ ਅਤੇ ਰਥਾਂ ਨੂੰ ਘੇਰ ਲਿਆ—

''ਦਾਦਾ ਜੀ''

''ਹੂੰ, ਹੂੰ—''

''ਸੌਂ ਰਹੇ ਹੋ ?''

''ਨਹੀਂ, ਨਹੀਂ।''

''ਕਿੰਨੀ ਦੇਰ ਦੀ ਬੁਲਾ ਰਹੀ ਹਾਂ ।''

''ਤੂੰ ਕਦੋਂ ਆਈ ?''

''ਕਾਫੀ ਚਿਰ ਹੋ ਗਿਐ ।''

''ਤੇਰਾ ਦੂਲ੍ਹਾ ਕਿਥੇ ਹੈ ?''

''.........''

''ਕੀ ਬੱਚਿਆਂ ਨੂੰ ਛੱਡ ਆਈ ਏਂ ?''

ਸਿਸਿਲੀ ਅੱਖਾਂ ਝਪਕੇ ਬਗੈਰ ਦਾਦਾ ਜੀ ਵਲ ਵੇਖਦੀ ਰਹੀ । ਉਸ ਨੂੰ ਡਰ ਲੱਗਾ । ਉਹ ਜ਼ੋਰ ਦੀ ਚਿੱਲਾ ਪਈ ।

''ਮਾਤਾ ਜੀ !''

''ਕੀ ਏ ਬੇਟਾ ?''

ਦੀਨਾਮਾ ਦੌੜ ਕੇ ਆਈ ।

''ਦਾਦਾ ਜੀ ਮੈਨੂੰ ਡਰਾ ਰਹੇ ਨੇ ਮਾਂ !''

''ਰਾਇਆ ਏ ?''

''ਅੱਖਾਂ ਬੰਦ ਕੀਤੇ ਲੇਟੇ-ਲੇਟੇ ਪੁੱਛਦੇ ਨੇ ਤੇਰਾ ਦੂਲ੍ਹਾ ਕਿਥੇ ਹੈ ?''

ਦੀਨਾਮਾ ਹੱਸ ਪਈ ।

''ਦਾਦਾ ਜੀ ਅਫ਼ੀਮ ਖਾ ਕੇ ਉਸ ਦੀ ਖੁਮਾਰੀ ਵਿਚ ਪਏ ਨੇ ਬੇਟੀ ।''

''ਏਂ......ਏਂ......''

''ਬਾਬੂ ਜੀ ਨੇ ਮੁੰਨੀ ਨੂੰ ਕੀ ਪੁੱਛਿਆ ਸੀ ?''

''ਮੁੰਨੀ ਸੀ ?''

''ਹੋਰ ਕੌਣ ਸੀ ?''

''ਕੁਸੰਮਾ ਦੀਆਂ ਗੱਲਾਂ ਮੇਰੇ ਮਨ ਵਿਚ ਫਿਰ ਰਹੀਆਂ ਹਨ ।''

''ਇਹ ਤਾਂ ਠੀਕ ਹੈ, ਪਰ ਕੁਸੰਮਾ ਮੰਗਨੀ ਦੇ ਬਾਅਦ ਸ਼ਾਦੀ ਤੋਂ ਪਹਿਲਾਂ ਹੀ ਮਰ ਗਈ ਸੀ ਨਾ ? ਫਿਰ ਦੂਲ੍ਹਾ ਕਿਥੋਂ ਆਇਆ ?''

''ਉਹ—ਹੁਣੇ ਵੇਖਿਆ ਸੀ ਕਿ ਉਹ ਸਹੁਰਿਉਂ ਆ ਰਹੀ ਸੀ । ਤੂੰ ਉਸ ਨੂੰ ਵੇਖਿਆ ਹੈ ?''

''ਇਹ ਕੀ ਤਮਾਸ਼ਾ ਹੈ ! ਤੁਸਾਂ ਹੀ ਤਾਂ ਕਿਹਾ ਹੈ ਕਿ ਆਖਣੀ ਪੁੱਤਰ ਨਾਲੋਂ ਚਾਰ ਸਾਲ ਛੋਟੀ ਸੀ । ਮੰਗਨੀ ਤੋਂ ਬਾਅਦ ਮਰ ਵੀ ਗਈ । ਫਿਰ ਮੈਂ ਕਿਵੇਂ ਵੇਖਦੀ ?''

''ਬਚਪਨ ਵਿਚ ਉਹ ਤੇਰੀ ਇਸ ਮੰਨੀ ਵਰਗੀ ਲਗਦੀ ਸੀ । ਉਹ ਅਜੇ ਦਸ ਵਰ੍ਹੇ ਦੀ ਸੀ ਕਿ ਤੇਰੀ ਸੱਸ ਚਲ ਵਸੀ । ਫਿਰ ਵੀ ਅਸਾਂ ਉਸ ਨੂੰ ਮਾਂ ਦੀ ਥੁੜ ਨਹੀਂ ਸੀ ਮਹਿਸੂਸ ਹੋਣ ਦਿਤੀ । ਪੰਜ ਭਰਾਵਾਂ ਦੀ ਇਕੱਲੀ ਭੈਣ । ਪਿਆਰ ਦੁਲਾਰ ਨਾਲ ਪਾਲਿਆ । ਦਸ ਵਰ੍ਹਿਆਂ ਦੀ ਹੋ ਗਈ । ਮੈਂ ਹਰ ਗੱਲ ਉਸੇ ਨੂੰ ਆਖਦਾ ਸਾਂ । ਭਰਾਵਾਂ ਦਾ ਕੋਈ ਕੰਮ ਹੁੰਦਾ ਤਾਂ ਉਹ ਭੈਣ ਤੋਂ ਸਿਫਾਰਸ਼ ਕਰਾਉਂਦੇ । ਤੇਰ੍ਹਾਂ ਚੌਦ੍ਹਾਂ ਵਰ੍ਹਿਆਂ ਦੀ ਉਮਰ ਵਿਚ ਉਹ ਜਦ ਕਪੜੇ ਪਾ ਕੇ ਗਿਰਜਾ ਘਰ ਜਾਂਦੀ ਤਾਂ ਉਸ

ਸੋਟੀ ਟੇਕਣ ਦੀ ਆਵਾਜ਼। ਨਜਦੀਕ ਆਉਣ ਤੇ ਹੀ ਆਦਮੀ ਨੂੰ ਪਹਿਚਾਣਿਆ—

''ਈਮਾਨਦਾਰ ਪਾਪੀ।''

''ਹਾਂ, ਤੇ ਤੂੰ ਅਜੇ ਵੀ ਇਸੇ ਦੁਨੀਆਂ ਵਿਚ ਹੈ, ਹੈਂ ਨਾ ?''

''ਇਓਂ ਹੀ ਜਾਪਦੇ।''

''ਕਲ ਵੀ ਤੇਰੀ ਯਾਦ ਆਈ ਸੀ। ਕਾਰਨ ਇਹ ਕਿ ਇਥੇ ਇਕ ਆਦਮੀ ਵਿਆਹ ਦਾ ਸੱਦਾ ਦੇਣ ਆਇਆ ਸੀ।''

''ਕੌਣ ?''

''ਸਾਡੇ ਇਸ ਲੰਮੇ ਮਾਤੱਨ ਦਾ ਇਕ ਲੜਕਾ। ਮਿਰਚ ਸੁਕਾਣ ਵਿਚ ਤੇਰੀ ਮਦਦ ਕਰਦਾ ਹੁੰਦਾ ਸੀ ਨਾ। ਉਹ ਹੀ ਉਸ ਦਾ ਨਾਂ ਕੀ ਹੈ।''

''ਕੋਚੋਈ''

''ਇਹੀ, ਇਹੀ''

ਈਮਾਨਦਾਰ ਸਿਰ ਹਿਲਾਂਦਾ ਬੋਲਿਆ—

''ਉਸ ਦੇ ਪੁੱਤਰ ਦੀ ਸ਼ਾਦੀ ਹੈ।''

''ਹਾਂ, ਮੈਂ ਉਸ ਨੂੰ ਪਹਿਚਾਣ ਨਹੀਂ ਸਕਿਆ। ਘੜੀ, ਜੁੱਤੀ, ਹਾਰ, ਜ਼ੱਰੀਦਾਰ ਦੁਪੱਟਾ, ਕੁਝ ਪੁੱਛੋ ਨਾ !''

''ਦਾਜ ਦਸ ਹਜ਼ਾਰ ਹੈ।''

''ਆਖਿਆ ਸੀ ਸਮੇਂ ਦੀ ਖੇਡ। ਤੂੰ ਉਸ ਨੂੰ ਦੋ-ਚਾਰ ਪੈਸੇ ਦਿੰਦਾ ਸੀ। ਉਸੇ ਨਾਲ ਉਸ ਦੀ ਮਾਂ ਤੇ ਛੋਟਾ ਭਾਈ ਮੁਸ਼ਕਲ ਨਾਲ ਢਿਡ ਭਰਦੇ ਸਨ। ਮਾਤੱਨ ਸ਼ਰਾਬ ਪੀ ਕੇ ਮਾਰ ਕੁਟਾਈ ਕਰਦਾ, ਅਵਾਰਾਗਰਦੀ ਕਰਦਾ ਰਹਿੰਦਾ ਸੀ। ਕੌਣ ਕਹਿ ਸਕਦਾ ਸੀ ਕਿ ਉਸ ਨੂੰ ਇੰਨੇ ਭਾਗ ਲਗਣਗੇ। ਭੈੜੇ ਦਿਨ ਆਉਂਦੇ ਨੇ ਤਾਂ ਬਾਅਦ ਵਿਚ ਚੰਗੇ ਦਿਨ ਵੀ ਆਉਂਦੇ ਨੇ। ਬਿਜਾਈ ਦੇ ਦਿਨ ਆਉਂਦੇ ਹਨ ਤਾਂ ਬਾਅਦ ਵਿਚ ਵਾਢੀ ਦੇ ਵੀ ਆਉਂਦੇ ਨੇ।''

'ਸੱਚ ਹੈ।''

''ਤੂੰ ਉਨ੍ਹਾਂ ਦੋਨਾਂ ਈਸ਼ੋਚਨ ਤੋਂ ਪੰਝੀ ਟਰਾਵਨਕੋਰ ਰੁਪੈ ਉਧਾਰ ਲੈ ਕੇ ਦਸਵੇਂ ਦਿਨ ਵੀਹ ਬ੍ਰਿਟਿਸ਼ ਰੁਪੈ ਵਾਪਸ ਦੇਂਦਾ ਹੁੰਦਾ ਸੀ। ਲੈਣ ਦੇਣ ਹੀ ਬਚੀ ਸਹੀ। ਸਚਾਈ ਬਹੁਤ ਹੋਵੇ ਤਾਂ ਇਹ ਹੀ ਨਤੀਜਾ ਨਿਕਲਦਾ ਹੈ।''

''ਠੀਕ ਹੈ। ਪਰ ਮੈਂ ਛਲ ਕਰਨਾ ਨਹੀਂ ਜਾਣਦਾ।''

''ਕੀ ?''

''ਛਲ ਕਰਨਾ ਨਹੀਂ ਜਾਣਦਾ।''

''ਹੂੰ, ਇਹ ਛਲ ਕੀ ਹੁੰਦੈ ?''

''ਤੂੰ ਹੀ ਦੱਸ ?''

''ਸੌਦੇ ਵਿਚ ਬੇਈਮਾਨੀ ਨਹੀਂ। ਤੂੰ ਨੁੱਕਰ ਵਿਚ ਥੈਲਾ ਤੇ ਕੰਡਾ ਲਈ ਬੈਠਾ ਹੋਵੇਂ ਤੇ ਕਿਸਾਨ ਛੋਟੀ ਜਹੀ ਟੋਕਰੀ ਵਿਚ ਸੇਰ ਭਰ ਕਾਲੀ ਮਿਰਚ ਲੈ ਆਵੇ। ਉਸ

ਤੋਂ ਖਰੀਦ ਕੇ ਹੋਰ ਕਿਸੇ ਕੋਲ ਮਿਰਚ ਵੇਚ ਦਿੱਤੀ ਤਾਂ ਦੋ ਆਨੇ ਦੇ ਪੈਸੇ ਮਿਲਣਗੇ। ਈਮਾਨਦਾਰੀ ਦਾ ਲਾਭ ਦੋ ਆਨਿਆਂ ਦੇ ਪੈਸੇ ਦਾ ਚੌਥਾਈ ਹਿੱਸਾ ਹੀ ਹੈ। ਤਾਂ ਕੀ ਤੂੰ ਉਸ ਤੋਂ ਪੌਣੇ ਦੋ ਆਨਿਆਂ ਵਿਚ ਹੀ ਮਿਰਚ ਖਰੀਦੇਂਗਾ ? ਨਹੀਂ। ਅੱਧ ਆਨੇ ਤੋਂ ਸ਼ੁਰੂ ਕਰ ਕੇ ਇੱਕ ਆਨੇ ਤੇ ਹੀ ਸੌਦਾ ਮੁਕਾਓਗੇ। ਕੀ ਇਹ ਬੇਈਮਾਨੀ ਨਹੀਂ ?''

''ਇਸ ਤਰ੍ਹਾਂ ਕਰਨ ਨਾਲ ਕੰਮ ਚਲੇਗਾ ?''

''ਕਿਸ ਤਰ੍ਹਾਂ ਚਲੇਗਾ, ਦੱਸ ਨਾ ! ਦੇਖੋ ਜੀ ਭੀਖ ਮੰਗਣ ਵਾਲੇ ਨੂੰ ਹੀ ਈਮਾਨਦਾਰ ਆਖਦੇ ਹਨ। ਨਿਕੰਮੇ, ਸਿੱਧੇ, ਈਮਾਨਦਾਰ ਦੱਬੂ ਅਤੇ ਘੱਟ ਬੋਲਣ ਵਾਲੇ ਨੂੰ। ਠੀਕ ਹੈ ਨਾ ?''

''ਹੋ ਸਕਦਾ ਹੈ।''

''ਜ਼ਿੰਦਗੀ ਗੁਜ਼ਾਰਨ ਲਈ ਥੋੜ੍ਹੀ ਜਿਹੀ ਚਤੁਰਾਈ ਚਾਹੀਦੀ ਹੁੰਦੀ ਹੈ। ਵੇਦਾਂ ਵਿਚ ਜਿਹੜੀ ਗੱਲ ਮਨ੍ਹਾ ਕੀਤੀ ਗਈ ਹੈ ਉਹ ਨਹੀਂ ਕਰਨੀ ਚਾਹੀਦੀ। ਵਿਧਵਾ ਇਸਤ੍ਰੀਆਂ ਅਤੇ ਅਨਾਥਾਂ ਨੂੰ ਹਾਨੀ ਨਹੀਂ ਪਹੁੰਚਾਣੀ ਚਾਹੀਦੀ। ਪਰ ਮਿਹਨਤ ਤਾਂ ਜ਼ਰੂਰ ਕਰਨੀ ਹੈ। ਕੁਝ ਹੁਸ਼ਿਆਰੀ ਵੀ ਚਾਹੀਦੀ ਹੈ। ਕੀ ਯੁੱਧ ਵਿਚ ਕੂਟਨੀਤੀ ਨਹੀਂ ਹੁੰਦੀ ? ਜੀਵਨ ਵੀ ਤਾਂ ਇਕ ਪ੍ਰਕਾਰ ਦਾ ਯੁੱਧ ਹੀ ਹੈ। ਜੋ ਚਤੁਰਾਈ ਨਹੀਂ ਜਾਣਦਾ, ਉਸ ਨੂੰ ਵਿਰੋਧੀ ਹਰਾ ਦੇਵੇਗਾ। ਕਈ ਲੋਕ ਕਹਿ ਸਕਦੇ ਹਨ ਕਿ ਇਸ ਵਿਚ ਇਜ਼ਤ ਨਹੀਂ, ਇਹ ਸਨਕ ਹੈ। ਇਸ ਤਰ੍ਹਾਂ ਦੀਆਂ ਗੱਲਾਂ ਦੀ ਪਰਵਾਹ ਨਹੀਂ ਕਰਨੀ। ਕੁੱਤੇ ਨੂੰ ਖਾਓ ਤਾਂ ਵੀ ਦਸ ਦਿਨ ਤੱਕ ਸਨਕ ਰਹਿੰਦੀ ਹੈ। ਮੈਂ ਵੇਟਿਆਰ ਦੀ ਜਿਹੜੀ ਜ਼ਮੀਨ ਖਰੀਦੀ ਸੀ ਉਸ ਦੀ ਕਹਾਣੀ ਦਾ ਤੈਨੂੰ ਪਤਾ ਹੀ ਹੋਵੇਗਾ ?''

''ਕੋਚੂਪਾਪੀ ਇਸ ਤਰ੍ਹਾਂ ਬੈਠਾ, ਮਨੋ ਤੂੰ ਇਹ ਗੱਲ ਕਿੰਨੀ ਵਾਰ ਕਹਿ ਚੁਕਾ ਹੈਂ ਤਾਂ ਵੀ ਇਕ ਵਾਰ ਹੁਣ ਵੀ ਸੁਣਾ ਲੈ। ਤੇਰੇ ਪੰਜੇ ਵਿਚੋਂ ਛੁਟਣਾ ਆਸਾਨ ਨਹੀਂ।''

ਪਰ ਪਹਿਲਾਂ ਵਾਂਗ ਕਿੱਸਾ ਕਹਾਣੀ ਸੁਨਾਣ ਜੋਗੀ ਹੁਣ ਕੁੰਏਨਾਚਨ ਦੀ ਸਿਹਤ ਨਹੀਂ ਰਹੀ, ਹਫ ਜਾਂਦਾ ਹੈ। ਦੀਨਾਮਾ ਚੌਂਕੇ 'ਚੋਂ ਆ ਗਈ ਤੇ ਕਹਿਣ ਲਗੀ—

''ਭੋਜਣ ਦੇ ਬਾਅਦ ਜ਼ਿਆਦਾ ਗੱਲਾਂ ਕਰਨ ਨਾਲ ਪਿਤਾ ਜੀ ਨੂੰ ਥਕਾਵਟ ਹੋ ਜਾਏਗੀ। ਕੁਝ ਦੇਰ ਆਰਾਮ ਕਰੋ ਨਾ ? ਦਸ ਕਦਮ ਚਲਣ ਨਾਲ ਪਿਤਾ ਜੀ ਨੂੰ ਚੱਕਰ ਆ ਜਾਂਦਾ ਹੈ।''

''ਨਹੀਂ, ਥਕਾਨ ਕਮਜ਼ੋਰੀ ਕੁਝ ਨਹੀਂ, ਤੂੰ ਅੰਦਰ ਜਾ। ਮੂੰਹ ਬੰਦ ਕਰੀ ਰਖਣ ਨਾਲ ਕੀ ਆਦਮੀ ਮੌਤ ਤੋਂ ਬਚ ਜਾਂਦਾ ਹੈ ? ਆਦਮ ਵਾਂਗ ਨੌਂ ਸੌ ਤੀਹ ਵਰ੍ਹੇ ਜੀਵੇਗਾ। ਛੇ ਮਹੀਨੇ ਜਾਂ ਸਾਲ ਭਰ ਉਮਰ ਵਧਾ ਲੈਣ ਦਾ ਲਾਭ ਹੀ ਕੀ ਹੈ ?— ਅੱਛਾ ! ਤੇ ਮੈਂ ਕਹਿ ਰਿਹਾ ਸਾਂ—ਵੇਟਿਆਰ ਪਿੰਡ ਦਾ ਇਕ ਠਾਠ ਵਾਲਾ ਨਾਇਰ ਸੀ—''

ਦੀਨਾਮਾ ਨੇ ਈਮਾਨਦਾਰ ਕੋਚੂਪਾਪੀ ਤੋਂ ਪੁਛਿਆ—''ਕੀ ਕਾਕਾ ਜੀ ਪਾਨ ਨਹੀਂ ਖਾਣਗੇ ?''

''ਹੈ ਤਾਂ ਖਵਾਓ ! ਪਾਨ ਸੁਪਾਰੀ ਕੁਟਣੀ ਪਵੇਗੀ।''

"ਪੰਜ ਸੇਰ ਦੁੱਧ ਦਾ ਮੱਠਾ ਭਰੀ ਗਾਗਰ ਟੋਕਰੀ ਵਿਚ ਰਖ ਕੇ ਹਰ ਤੀਜੇ ਰੋਜ਼ ਆ ਜਾਂਦਾ। ਪੈਸੇ ਦੋ ਪੈਸੇ ਦਾ ਮੱਠਾ ਵੇਚਦਾ-ਵੇਚਦਾ ਸ਼ਾਮ ਨੂੰ ਨਮਕ-ਮਿਰਚ ਖਰੀਦ ਕੇ ਘਰ ਮੁੜ ਜਾਂਦਾ। ਦਿਨ ਭਰ ਚੱਕਰ ਲਗਾਉਣ ਤੇ ਪਰੇਸ਼ਾਨ ਹੋਣ ਨਾਲ ਮਿਲਦਾ ਕੀ ? ਇਕੱਨੀ-ਦੁਅੱਨੀ ਮਿਲਦੀ ਹੋਵੇਗੀ। ਇਕ ਦਿਨ ਵਾਹ—ਉਸ ਦਾ ਨਾਂ ਕੀ ਸੀ—ਸ਼ੰਕਰਨ ਨਾਇਰ — ਸ਼ੰਕਰਨ ਨਾਇਰ ਮੇਰੇ ਕੋਲ ਆ ਕੇ ਬੋਲਿਆ — ਕੁੰਏਨਾਮਾਪਿਲਾ ! ਥੋੜ੍ਹੀ ਜਹੀ ਮਦਦ ਕਰੋ ਨਾ ? ਮੈਨੂੰ ਪੰਜਾਹ ਰੁਪਏ ਚਾਹੀਦੇ ਨੇ। ਪਤਨੀ ਹਸਪਤਾਲ ਹੈ। ਦਵਾਈ ਲੈਣੀ ਹੈ।" ਛਟਪੁੱਟ ਸੌਦੇ ਵਿਚੋਂ ਮੇਰੇ ਪਾਸ ਕੁਝ ਪੈਸੇ ਜਮ੍ਹਾਂ ਸਨ। ਪੈਸੇ ਇਸੇ ਤਰ੍ਹਾਂ ਕਿਵੇਂ ਦੇ ਦਿੰਦਾ ? ਉਸ ਨੇ ਇਕ ਰਾਹ ਵੀ ਦਸਿਆ। ਉਸ ਕੋਲ ਪੰਜ ਪਗ ਜ਼ਮੀਨ ਹੈ। ਸੱਤ ਹਿੱਸੇਦਾਰ ਹਨ। ਆਪਣਾ ਹਿੱਸਾ ਦੇ ਦੇਵੇਗਾ। ਬਾਕੀ ਦੇ ਛੇ ਹਿੱਸੇਦਾਰ ਦੂਜੇ ਪਿੰਡਾਂ ਵਿਚ ਰਹਿੰਦੇ ਹਨ। ਦੋ ਭੈਣਾਂ ਤੇ ਉਨ੍ਹਾਂ ਦੀ ਸੰਤਾਨ। ਖੇਤੀ ਦਾ ਹੱਕ ਦੇ ਦੇਵੇਗਾ। ਬਸ ਦੂਜੇ ਹਿੱਸੇਦਾਰਾਂ ਦੀ ਮਾਲ-ਗੁਜ਼ਾਰੀ ਦਈ ਜਾਣਾ।"

ਮੈਂ ਸੋਚਿਆ ਸੌਦਾ ਕਰਾਂ ਕਿ ਨਾ ? ਮਿਹਨਤ ਦੀ ਕਮਾਈ ਦੇ ਚਾਰ ਪੈਸਿਆਂ ਤੇ ਪਾਣੀ ਫਿਰ ਜਾਏ ਤਾਂ ? ਸਾਡੇ ਦਖਣੀ ਘਰ ਦੇ ਮਾਮਾ ਜੀ ਉਨ੍ਹਾਂ ਦਿਨਾਂ ਵਿਚ ਜ਼ਿੰਦਾ ਸਨ। ਉਨ੍ਹਾਂ ਕੋਲੋਂ ਸਲਾਹ ਲੈਣੀ ਚਾਹੀ, ਪਰ ਉਨ੍ਹਾਂ ਦੀ ਸਲਾਹ ਲਿਆਂ ਸੌਦਾ ਕਦੇ ਸਿਰੇ ਨਹੀਂ ਚੜ੍ਹਦਾ। ਕਹਿੰਦੇ—"ਕੰਮ ਬਣ ਗਿਆ ਤਾਂ ਠੀਕ, ਨਹੀਂ ਤੇ ਤੇਰੀ ਤਕਦੀਰ।" ਬਚਪਨ ਤੋਂ ਹੀ ਮੇਰੀ ਇਹ ਆਦਤ ਬਣ ਚੁਕੀ ਸੀ ਕਿ ਮੈਂ ਕੋਈ ਕੰਮ ਕੇਵਲ ਕਿਸੇ ਦੇ ਕਹਿਣ ਤੇ ਹੀ ਨਹੀਂ ਸੀ ਕਰਦਾ। ਹੋਰਾਂ ਦੀ ਸੁਣਦਾ ਜ਼ਰੂਰ ਪਰ ਜੋ ਠੀਕ ਸਮਝ ਆਉਂਦੀ ਕਰਦਾ ਉਹ ਹੀ। ਮੇਰਾ ਯਕੀਨ ਸੀ ਕਿ ਹਰ ਗੱਲ ਤੇ ਪ੍ਰਭੂ ਸਾਥ ਦੇਣਗੇ। ਕੇਸ਼ਵਨ ਨਾਇਰ ਨੂੰ ਰੁਪੈ ਦੇ ਦਿਤੇ—।"

ਕੋਚੂਪਾਪੀ ਨੇ ਭੁਲ ਸੁਧਾਰਦੇ ਹੋਏ ਆਖਿਆ—

"ਸ਼ੰਕਰਨ ਨਾਇਰ ਨੂੰ।"

"ਹਾਂ ਸ਼ੰਕਰਨ ਨਾਇਰ ਨੂੰ। ਉਸ ਨੇ ਆਪਣਾ ਹਿੱਸਾ ਲਿਖ ਵੀ ਦਿਤਾ। ਉਸ ਸਮੇਂ ਮੁੰਕੀ ਪੱਨੀ ਹੋਈ ਸੀ। ਵਾਢੀ ਤੋਂ ਬਾਅਦ ਮੈਂ ਇਕ ਬੈਲ ਅਤੇ ਇਕ ਬੈਲ ਵਾਲਾ ਲੈ ਕੇ ਖੇਤ ਦੀ ਜੁਤਾਈ ਕਰਨ ਚਲਾ ਗਿਆ। ਉਦੋਂ ਹੀ ਬਾਕੀ ਦਿਆਂ ਨੂੰ ਸਾਰੀ ਗੱਲ ਦਾ ਪਤਾ ਲੱਗਾ। ਸ਼ੰਕਰਨ ਨਾਇਰ ਕੰਗਾਲ ਸੀ, ਪਰ ਉਸ ਦੇ ਭਨੇਵੇਂ ਖਾਂਦੇ ਪੀਂਦੇ ਆਦਮੀ ਸਨ। ਇਕ ਗੁੰਡੇ ਨੇ ਪੁਛਿਆ—ਤੂੰ ਕੌਣ ਏਂ ?" ਝਗੜਾ। ਬਹਿਸ। ਈਸਾਈ ਨਾ ਹੋਵੇ ਕਿਸੇ ਥਾਂ ਦਾ। ਜ਼ਬਰਦਸਤੀ ਖੇਤ ਦੀ ਵਾਹੀ ਕਰਨ ਲੱਗਾ ਹੈ। ਜਦ ਸਾਰੀ ਗੱਲ ਦੱਸੀ ਗਈ ਤਾਂ ਉਨ੍ਹਾਂ ਪੁੱਛਿਆ ਕਿ ਕੀ ਦੂਜਿਆਂ ਦੀ ਹਿੱਸੇਦਾਰੀ ਦਾ ਪਟਾ ਲਿਖਵਾ ਲਿਆ ਹੈ ?.ਮੈਂ ਹਾਰ ਗਿਆ। ਬੈਲ ਖੋਲ੍ਹ ਕੇ ਘਰ ਨੂੰ ਮੁੜ ਪਿਆ। ਗੱਲ ਵਧਾਉਂਦਾ ਤਾਂ ਲੱਤਾਂ ਪੈਂਦੀਆਂ। ਦੁਧਾਰੂ ਗਾਂ ਦੇ ਕੇ ਮਾਰੂ ਬੈਲ ਖਰੀਦਣ ਵਰਗਾ ਮਾਮਲਾ ਹੋ ਗਿਆ।

ਕੁੰਏਨਾਚੰਨ ਨੇ ਕੁਝ ਦਮ ਲਿਆ। ਥਕਾਵਟ ਮਹਿਸੂਸ ਹੋ ਰਹੀ ਸੀ। ਹੁਣ ਦੀਨਾਮਾ ਵੀ ਦਰਵਾਜ਼ੇ ਦੇ ਪਿੱਛੇ ਖੜੀ ਕਹਾਣੀ ਸੁਣ ਰਹੀ ਸੀ, ਭਾਵੇਂ ਕਿ ਉਸੇ ਨੇ ਹੀ

ਸਹੁਰੇ ਨੂੰ ਗੱਲਾਂ ਕਰਨ ਤੋਂ ਪਹਿਲਾਂ ਰੋਕਿਆ ਸੀ। ਪਹਿਲਾਂ ਸੁਣੀਆਂ ਹੋਈਆਂ ਕਹਾਣੀਆਂ ਹੁਣ ਵੀ ਮਜ਼ੇਦਾਰ ਹਨ। ਸਰੀਰ ਵਿਚ ਤਾਕਤ ਹੁੰਦੀ ਤਾਂ ਕਥਾ ਸੁਣਾਉਣ ਦੇ ਨਾਲ-ਨਾਲ ਨਾਟਕੀ ਅਭਿਨੈ ਵੀ ਕਰਦੇ।

ਕੁੰਏਨਾਚੰਨ ਨੇ ਕਹਾਣੀ ਫਿਰ ਸ਼ੁਰੂ ਕੀਤੀ। ਉਸੇ ਵੇਲੇ ਸ਼ਿਵਰਾਮ ਕੁਰੁਪ ਆ ਨਿਕਲਿਆ। ਉਸ ਦੀ ਚਾਲ ਵੀ ਤਾਲਬੱਧ ਸੀ। ਆਹਟ ਤੋਂ ਹੀ ਆਦਮੀ ਪਛਾਣਿਆ ਜਾ ਸਕਦਾ ਹੈ। ਦੀਨਾਮਾ ਅੰਦਰ ਚਲੀ ਗਈ।

"ਕੁਰੁਪ ਜੀ ਆਓ, ਬੈਠੋ—" ਇਹ ਆਖਿਆ ਸੀ ਕੋਚੂਪਾਪੀ ਨੇ। ਕੁੰਏਨਾਚਨ ਸਭ ਕੁਝ ਭੁਲ ਕੇ ਕਹਾਣੀ ਵਿਚ ਮਗਨ ਸਨ।

"ਮੈਂ ਤਾਂ ਇਥੇ ਨਹੀਂ ਸਾਂ ਆਇਆ। ਕੋਚੂ ਕ੍ਰਿਸ਼ਨਨ ਨੂੰ ਕਹਿ ਦਿਤਾ ਕਿ ਬੇਲ ਲੈ ਜਾ।"

"ਕਿਹੜਾ ਕੋਚੂ ਕ੍ਰਿਸ਼ਨਨ ?"

"ਬੇਲ ਵਾਲਾ—। ਤੂੰ ਬੈਠਾ ਕੀ ਸੁਣਨੈ ? ਕੋਚੂ ਕ੍ਰਿਸ਼ਨਨ ਨਹੀਂ, ਉਮਿਨੀ।"

"ਹਾਂ, ਉਮਿਨੀ ! ਕੋਚੂ ਕ੍ਰਿਸ਼ਨਨ ਉਮਿਨੀ ਦਾ ਵੱਡਾ ਭਰਾ ਹੈ। ਮੈਂ ਖੁਦ ਸਿਧਾ ਚੋਪਾਟ ਪਿੰਡ ਚਲਾ ਗਿਆ। ਮਨ ਤਿਲਮਿਲਾ ਉਠਿਆ ਸੀ। ਕਿਸੇ ਤਰ੍ਹਾਂ ਵੀ ਬਚ ਕੇ ਮੁੜਨਾ ਚਾਹੀਦਾ ਸੀ। ਜ਼ਮੀਨ ਛੱਡ ਦਿਆਂਗੇ। ਰੁਪਿਆ ਮਿਲ ਜਾਏ ਤਾਂ ਉਹ ਹੀ ਗਨੀਮਤ ਹੈ। ਪੁਛਦਾ ਪੁਛਾਂਦਾ ਪਿੰਡ ਪੁੱਜਾ। ਉਹ ਵੀ ਖਾਂਦੇ ਪੀਂਦੇ ਲੋਕ ਸਨ। ਉਨ੍ਹਾਂ ਵਿਚੋਂ ਇਕ ਸੱਜਣ ਨੂੰ ਪਟਾ ਲਿਆ। ਉਹ ਸੀ ਗੁਰੂ, ਸ਼ਰਾਬੀ ਵੀ। ਉਸ ਦੀ ਅੱਛੀ ਖਾਤਰਦਾਰੀ ਕੀਤੀ। ਸੰਖੇਪ ਵਿਚ ਕਹਾਂ ਕਿ ਮਾਲਗੁਜ਼ਾਰੀ ਦਾ ਪਟਾ ਲਿਖਣ ਗਿਆ ਸਾਂ। ਮੁੜਨ ਤੱਕ ਇਕ ਪੈਸਾ ਵੀ ਨਕਦ ਦਿਤੇ ਬਗੈਰ ਪੂਰੇ ਖੇਤ ਦੀ ਵਿਕਰੀ ਦਾ ਕਾਗਜ਼ ਲਿਖਵਾ ਲਿਆ। ਰਕਮ ਕਿਸ਼ਤਾਂ ਵਿਚ ਹੀ ਦਿੱਤੀ।"

ਸ਼ਿਵਰਾਮ ਕੁਰੁਪ ਕਹਿਣ ਲੱਗਾ—

"ਮੈਂ ਸਾਰੀਆਂ ਕਹਾਣੀਆਂ ਪਹਿਲਾਂ ਹੀ ਸੁਣੀਆਂ ਹੋਈਆਂ ਹਨ।"

"ਕੀ ?"

"ਇਹ ਕਹਾਣੀਆਂ ਪਹਿਲਾਂ ਹੀ ਸੁਣੀਆਂ ਹੋਈਆਂ ਹਨ।"

"ਹਾਂ, ਸੁਣੀਆਂ ਹੋਣਗੀਆਂ। ਕੋਈ ਸ਼ੇਰ ਦੀ ਕਹਾਣੀ ਨਹੀਂ। ਠੀਕ ਹੈ ਨਾ ?"

"ਬਿਲਕੁਲ ਨਹੀਂ।"

ਕੋਚੂਪਾਪੀ ਉਠ ਬੈਠਾ ਤੇ ਕਹਿਣ ਲੱਗਾ—

"ਚੱਲਾਂ, ਇਕ ਬੱਕਰਾ ਘਰ ਭੁੱਖਾ ਤੜਫਦਾ ਹੋਵੇਗਾ। ਕਿਧਰੋਂ ਕਟਹਿਰੇ ਦੀਆਂ ਥੋੜ੍ਹੀਆਂ ਜਹੀਆਂ ਪੱਤੀਆਂ ਲੈਣ ਲਈ ਨਿਕਲਿਆ ਸਾਂ।"

"ਤਾਂ ਜਾਓ।"

ਕੋਚੂਪਾਪੀ ਦੇ ਚਲੇ ਜਾਣ ਦੇ ਬਾਅਦ ਕੁੰਏਨਾਚੰਨ ਨੇ ਸ਼ਿਵਰਾਮ ਕੁਰੁਪ ਤੋਂ ਪੁੱਛਿਆ—

"ਚੀਜ਼ ਮਿਲੀ ਕੁਰੁਪ ?"

"ਹਾਂ, ਕੀ ਉਸ ਦੇ ਬਗੈਰ ਮੈਂ ਆਉਣਾ ਸੀ ?"

"ਗੰਢ 'ਚੋਂ ਇਕ ਪੋਟਲੀ ਕਢੀ।"

"ਪਰੇਸ਼ਾਨ ਸਾਂ ਕਿ ਅੱਜ ਲਈ ਕੁਝ ਵੀ ਨਹੀਂ ਬਚਿਆ ਹੋਇਆ। ਇਸ ਦੇ ਬਗੈਰ ਕੰਮ ਨਹੀਂ ਚਲਦਾ ਕੁਰੁਪ ਜੀ। ਲੜਕਪਨ ਤੋਂ ਹੀ ਇਸ ਦੀ ਆਦਤ ਜੂ ਪੈ ਗਈ। ਜਾਣਦੇ ਹੋ ਉਹ ਕੀ ਸੀ ?"

"ਸੁਣਿਆ ਹੋਇਆ ਹੈ।"

"ਹਾਂ, ਕੀ ਕੀ ਨਹੀਂ ਕੀਤਾ। ਸਾਰੀ ਗੱਲ ਕਲ੍ਹ ਦੀ ਜਾਪਦੀ ਹੈ। ਅੱਸੀ ਨੱਬੇ ਵਰ੍ਹੇ ਪਲ ਭਰ ਵਿਚ ਖਤਮ।"

"ਆਦਮੀ ਕੀ ਸੋਚਦਾ ਹੈ ? ਇਉਂ ਬੇਤਹਾਸ਼ਾ ਦੌੜਦਾ ਹੈ ਕਿ ਮਾਨੋ ਸੰਸਾਰ ਦੇ ਅੰਤ ਤੱਕ ਰਹੇਗਾ।"

"ਇਹ ਤਾਂ ਮਾਇਆ ਹੈ। ਪਰਮਾਤਮਾ ਮਨੁੱਖ ਨੂੰ ਮਾਇਆ ਦੇ ਪਿੱਛੇ ਚੱਕਰ ਲਵਾਉਂਦਾ ਹੈ। ਕਟਹਿਰ ਦੀਆਂ ਪੱਤੀਆਂ ਦੇ ਪਿੱਛੇ ਭੱਜਦੇ ਬਕਦੇ ਦੀ ਤਰ੍ਹਾਂ..."

"ਸੱਚੀ ਗੱਲ !" "ਸਹੀ ਗੱਲ !"

"ਕੁਰੁਪ ਮਾਮਾ !"

ਚੌਂਕੇ 'ਚੋਂ ਸਿਸਿਲੀ ਬੇਟੀ ਦੌੜਦੀ ਆਈ।

"ਉਹ ਹੋ ! ਸਿਸਿਲੀ ਮੁੰਨੀ। ਆ, ਆ।"

ਕੁਰੁਪ ਨੇ ਸਿਸਿਲੀ ਨੂੰ ਗੋਦੀ ਵਿਚ ਬਿਠਾ ਲਿਆ।

"ਮਾਮਾ ਨਾਲ ਮੇਰੀ ਕੁੱਟੀ। ਕੁਰੁਪ ਮਾਮਾ ਨੇ ਕਹਾਣੀ ਦੀ ਗੱਲ ਕਰਦਿਆਂ ਬਹਿਕਾ ਦਿਤਾ ਏ ਨਾ ?"

"ਬਸ ਇੰਨੀ ਕੁ ਗੱਲ ਤੇ ! ਸਿਸਿਲੀ ਮੁੰਨੀ ਨੂੰ ਕਿੰਨੀਆਂ ਕਹਾਣੀਆਂ ਸੁਣਾਵਾਂ ? ਮਾਮਾ ਸੁਣਾਉਣਗੇ। ਰਾਜਕੁਮਾਰ ਅਤੇ ਰਾਜਕੁਮਾਰੀ ਦੀ ਕਹਾਣੀ। ਵੱਟੇ ਅਤੇ ਪੱਤੇ ਦੀ ਕਾਸ਼ੀ ਯਾਤਰਾ ਦੀ ਕਥਾ !..."

"ਕਹਾਣੀ ਸੁਣ ਕੇ ਮਾਮਾ ਨੂੰ ਕੀ ਦਿਓਗੀ ?"

"ਖੀਰ।"

"ਕਿਥੇ ?"

"ਮਾਂ ਉਬਾਲ ਰਹੀ ਹੈ।"

ਕੁਰੁਪ ਜ਼ੋਰ ਦੀ ਹੱਸ ਪਿਆ।

"ਅੱਛਾ ਸਿਸਿਲੀ ਮੁੰਨੀ ਦੀ ਮਾਂ ਖੀਰ ਉਬਾਲ ਰਹੀ ਹੈ ਤਾਂ ਖਾ ਕੇ ਹੀ ਜਾਵਾਂਗਾ।"

ਕੁਰੁਪ ਨੇ ਗੱਲ ਜ਼ੋਰ ਦੀ ਦੋਹਰਾਈ। ਹੁਣ ਗੱਲ ਕੁੰਏਨਾਚੰਨ ਦੀ ਸਮਝ ਵਿਚ ਆ ਈ। ਉਹ ਵੀ ਹੱਸ ਪਏ।

ਸਿਸਿਲੀ ਨੇ ਪੁੱਛਿਆ—

"ਕੀ ਖੀਰ ਨੂੰ ਭੁਨਦੇ ਹਨ ?"

"ਪਿਆਰ ਨਾਲ ਕੁਰੁਪ ਨੇ ਸਿਸਿਲੀ ਦੀ ਗਲ੍ਹ ਚੁੰਮ ਲਈ। ਉਸੇ ਵੇਲੇ

ਕੁਯੂਚੇਰੁਕਨ ਆ ਗਿਆ। ਉਸ ਦੇ ਹੱਥ ਵਿਚ ਕੇਲੇ ਦੇ ਪੱਤਿਆਂ ਦੀ ਪੋਟਲੀ ਸੀ। ਸ਼ਿਵਰਾਮ ਕੁਰੁਪ ਖੀਰ ਖਾ ਕੇ ਹੀ ਜਾਂਦਾ, ਪਰ ਕੁੰਯੁਚੇਰੁਕਨ ਨੂੰ ਵੇਖ ਕੇ ਜਲਦੀ ਹੀ ਆਗਿਆ ਮੰਗੀ। ਇਸ ਦਾ ਕਾਰਨ ਵੀ ਸੀ। ਦੋਨਾਂ ਵਿਚ ਹੁਣ ਕੋਈ ਮਮਤਾ ਨਹੀਂ ਸੀ ਰਹੀ। ਪਹਿਲਾਂ ਦੋਵੇਂ ਮਿੱਤਰ ਸਨ, ਪਰ ਇਕ ਗੱਲ ਨੇ ਦੋਹਾਂ ਨੂੰ ਅਲੱਗ ਕਰ ਦਿਤਾ। ਕੁਰੁਪ ਜਾਣਦਾ ਸੀ ਕਿ ਕੁੰਯੁਚੇਰੁਕਨ ਦੇ ਮੂੰਹ ਵਿਚ ਜੋ ਆਇਆ ਬੋਲ ਦੇਵੇਗਾ। ਖਿਸਕ ਜਾਣ ਵਿਚ ਖੈਰੀਅਤ ਸਮਝੀ।

ਕੁੰਯੂਚੇਰੁਕਨ ਨੇ ਸਵਾਲ ਕੀਤਾ—

"ਪਿਤਾ ਜੀ ਲੇਟੇ ਕਿਉਂ ਹਨ ?"

"ਸਵਾਲ ਬਹੁਤ ਅੱਛਾ ਕੀਤਾ ਹੈ। ਤੇ ਹੋਰ ਕੀ ਕਰਨਾ ਚਾਹੀਦਾ ਹੈ ? ਦੌੜ ਲਾਵਾਂ ?"

"ਕੀ ਉਠ ਕੇ ਬੈਠ ਨਹੀਂ ਸਕਦੇ ?"

"........."

"ਪਿਤਾ ਜੀ !"

"ਹੂੰ ?"

"ਲਉ ਥੋੜ੍ਹਾ ਜਿਹਾ ਮਾਸ ! ਤਾਜ਼ੇ ਵੱਛੇ ਦਾ ਹੈ।"

ਕੁੰਏਨਾਚੰਨ ਨੇ ਥੋੜ੍ਹਾ ਜਿਹਾ ਪਾਸਾ ਪਲਟਿਆ ਤੇ ਪੋਟਲੀ ਵਲ ਨਜ਼ਰ ਦੌੜਾਈ। ਇਜ਼ਰਾਈਲ ਦੀ ਸੰਤਾਨ ਵਾਸਤੇ ਆਕਾਸ਼ਤ ਤੋਂ ਮੰਨਾ ਜਿਵੇਂ ਆਏ, ਉਸੇ ਤਰ੍ਹਾਂ ਹੀ ਇਹ ਅਜੀਬ ਗੱਲ ਸੀ। ਇਹ ਕਾਂਟੇ 'ਚ ਪਰੋਇਆ ਹੋਇਆ ਟੁਕੜਾ ਹੈ। ਮਕਸਦ ਕੀ ਏ ?

"ਲੈ ਦੀਨਾਮਾ ਇਹ ਲੈ ਜਾ।"

ਦੀਨਾਮਾ ਬਾਹਰ ਆਈ ਤੇ ਪੋਟਲੀ ਪਕੜ ਲਈ।

"ਠੀਕ ਠੀਕ ਮਿਰਚ ਮਸਾਲਾ ਲਗਾ ਕੇ ਪਿਤਾ ਜੀ ਨੂੰ ਭੁੰਨ ਦੇ। ਪਿਤਾ ਜੀ ਇੰਨਾ ਹੱਥ ਖੋਲ੍ਹ ਕੇ ਖਰਚ ਕਰਦੇ ਰਹੇ ਹਨ ਤੇ ਸ਼ੌਕ ਨਾਲ ਜੀਵਨ ਬਿਤਾਉਂਦੇ ਰਹੇ ਹਨ। ਮੈਂ ਲਾਚਾਰ ਹੋ ਗਿਆ, ਨਹੀਂ ਤਾਂ ਮੈਂ ਕੀ ਪਿਤਾ ਜੀ ਨੂੰ ਛਡਦਾ ? ਪਿਛਲੇ ਸਾਵਣ ਤੋਂ ਲੈ ਕੇ ਰਾਮ ਕ੍ਰਿਸ਼ਨਨ ਦੀ ਦੁਕਾਨ ਤੋਂ ਚੀਜ਼ਾਂ ਖਰੀਦਦੇ ਹਾਂ। ਲੈਂਦਿਆਂ ਦਿੰਦਿਆਂ ਸਠ ਰੁਪੈ ਦਾ ਕਰਜ਼ਾ ਸਿਰ ਤੇ ਹੋ ਗਿਐ। ਉਹ ਸਿਰ ਤੇ ਸਵਾਰ ਹੈ। ਜੇ ਦੁਤਕਾਰਾਂ ਤਾਂ ਫਿਰ ਕਿਸ ਤੋਂ ਲਵਾਂ ?"

ਕੁੰਯੁਚੇਰੁਕਨ ਦੋ ਛਣ ਤੱਕ ਪਿਤਾ ਦੇ ਉਤਰ ਦੀ ਇੰਤਜ਼ਾਰ ਵਿਚ ਖੜਾ ਰਿਹਾ। ਧੂੰਏਂ ਨਾਲ ਕਾਲੀ ਹੋਈ ਛੱਤ ਵਲ ਟਿਕਟਿਕੀ ਲਗਾਈ ਕੁੰਏਨਾਚੰਨ ਲੇਟੇ ਸਨ। ਵਝਨਾ ਦੇ (ਇਕ ਪੇੜ) ਸ਼ਤੀਰਾਂ ਨੂੰ ਘੁਣ ਖਾ ਗਿਆ ਏ।......

"ਚੱਲਾਂ ਪਿਤਾ ਜੀ ਕਿਸੇ ਕੋਲੋਂ ਕੁਝ ਪੈਸੇ ਉਧਾਰ ਲੈਣੇ ਨੇ।"

"ਜਾਓ।"

ਕੁੰਯੂਚੇਰੁਕਨ ਟੁਰ ਪਿਆ। ਫਾਟਕ ਤੱਕ ਜਾ ਕੇ ਵਾਪਸ ਮੁੜ ਆਇਆ।

"ਪਿਤਾ ਜੀ !"

"ਹੂੰ"......

"ਉਸ ਦਿਨ ਫਿਲਿਪਿਓਸ ਨੇ ਜਿਹੜਾ ਪੈਸਾ ਦਿਤਾ ਸੀ ਕੀ ਉਹ ਪਿਤਾ ਜੀ ਦੇ ਕੋਲ ਹੈ ? ਲੜਕ ਦਾ ਪੈਸਾ ਆਉਂਦਿਆਂ ਹੀ ਆ ਕੇ ਖ਼ੁਦ ਮੋੜ ਜਾਵਾਂਗਾ ।"

"ਕੀ ?"

ਕੁੰਯੂਚੇਰੁਕਨ ਨੇ ਮਿੰਨਤ ਤੇ ਬੜੀ ਸ਼ਾਂਤੀ ਨਾਲ ਆਪਣੀ ਗੱਲ ਦੋਹਰਾਈ। ਫਿਰ ਤਾਂਘ ਨਾਲ ਉੱਤਰ ਦੀ ਉਡੀਕ ਵਿਚ ਖੜਾ ਰਿਹਾ।

ਕੁੰਏਨਾਚੰਨ ਮਨ ਹੀ ਮਨ ਮੁਸਕਰਾ ਪਏ। ਵਾਹ ! ਤਾਂ ਗੱਲ ਇਹ ਹੀ ਸੀ। ਇਥੇ ਵੀ ਉਹੀ ਚਾਲ ਹੈ ਜੋ ਯਾਕਬ ਨੇ ਇਜ਼ਰਾਈਲ ਨੂੰ ਧੋਖਾ ਦੇਣ ਲਈ ਚੱਲੀ ਸੀ। ਯਾਕਬ ਨੂੰ ਪਿਤਾ ਦਾ ਅਸ਼ੀਰਵਾਦ ਵੀ ਮਿਲੇ ਤੇ ਘਰ ਦਾ ਮੁਖੀਆਪਨ ਵੀ। ਤੂੰ ਤਾਂ ਕੇਵਲ ਥੋੜ੍ਹੇ ਜਹੇ ਪੈਸੇ ਹੀ ਮੰਗਦਾ ਹੈਂ।

"ਤਾਂ ਕੀ ਉਹ ਪੈਸੇ ਕਮਾਉਣ ਵਾਸਤੇ ਲਏ ਸਨ ? ਖਰਚ ਹੋ ਗਏ ਹੋਣਗੇ।"

"ਤਾਂ ਮੈਂ ਚੱਲਾਂ ਪਿਤਾ ਜੀ।"

"ਵਿਚਾਰਾ ! ਦਿਲ ਨੇ ਮਹਿਸੂਸ ਕੀਤਾ। ਮੈਂ ਹੀ ਉਸ ਨੂੰ ਦਾਣਾ ਚੁਰਾਉਣਾ ਸਿਖਾਇਆ ਸੀ, ਪਰ ਇਸ ਦੀ ਹੁਸ਼ਿਆਰੀ। ਇਹ ਆਪਣੇ ਘਰ ਵਿਚ ਹੀ ਹੁਸ਼ਿਆਰੀ ਸਿਖ ਗਿਆ ਹੈ।......"

"ਬੇਟੀ !"

"ਕੀ ?"

"ਫਿਲਿਪਿਓਸ ਦੇ ਦਿਤੇ ਪੈਸਿਆਂ 'ਚੋਂ ਕਿਨੇ ਬਚੇ ਨੇ ?"

"ਚਾਲ੍ਹੀ-ਪੰਜਾਹ ਹੋਣਗੇ।"

"ਉਹ ਆਪਣੇ ਦੇਵਰ ਨੂੰ ਉਧਾਰ ਦੇ ਦੇ..."

ਦੀਨਾਮਾ ਝਿਜਕੀ। ਪ੍ਰਭੂਵਰ ! ਇਹ ਤਾਂ ਵਾਪਸ ਮਿਲਣ ਵਾਲੇ ਨਹੀਂ।

"ਦੇ ਦੇ। ਕਲ੍ਹ ਜਾਂ ਪਰਸੋਂ ਆਪਣੇ ਲੜਕੇ ਦੇ ਪੈਸੇ ਆਉਂਦਿਆਂ ਹੀ ਮੋੜ ਦੇਵੇਗਾ।"

ਉਨ੍ਹਾਂ ਨੂੰ ਵੀ ਚੰਗੀ ਤਰ੍ਹਾਂ ਪਤਾ ਸੀ ਕਿ ਇਹ ਕਦੀ ਨਹੀਂ ਹੋਣ ਲੱਗਾ। ਇਹ ਗੱਲ ਤਾਂ ਕੇਵਲ ਬਹੂ ਨੂੰ ਮਨਾਉਣ ਲਈ ਹੀ ਆਖੀ ਸੀ।

ਦੀਨਾਮਾ ਪੈਸੇ ਲੈ ਆਈ ਤੇ ਕੁੰਯੂਚੇਰੁਕਨ ਨੇ ਲੈ ਲਏ। ਉਹ ਆਪਣੇ ਚਿਹਰੇ ਤੇ ਅਜਿਹੇ ਭਾਵ ਪ੍ਰਗਟਾ ਰਿਹਾ ਸੀ ਜਿਵੇਂ ਇਹ ਪੈਸੇ ਲੈ ਕੇ ਉਸ ਨੇ ਬਹੁਤ ਗਲਤੀ ਕੀਤੀ ਹੋਵੇ। ਉਹ ਚੱਲ ਪਿਆ। ਫਾਟਕ ਤੱਕ ਜਾ ਕੇ ਮੁੜ ਵਾਪਸ ਆ ਗਿਆ ਤੇ ਕਹਿਣ ਲੱਗਾ—"ਪਿਤਾ ਜੀ ਕੁਝ ਹੋਰ ਨਾ ਸਮਝਣਾ। ਦੀਨਾਮਾ ਨੂੰ ਵੀ ਦੱਸ ਦੇਣਾ ਚਾਹੁੰਦਾ ਹਾਂ। ਇਹ ਉਠਾਈਗੀਰ ਕੁਰੂਪ ਹਮੇਸ਼ਾ ਇਥੇ ਕਿਉਂ ਆਉਂਦਾ ਰਹਿੰਦਾ ਹੈ ? ਕੀ ਉਹ ਦਹਿਲੀਜ਼ 'ਤੇ ਪੈਰ ਰਖਣ ਦੇ ਲਾਇਕ ਹੈ ? ਸਾਡੇ ਦੁਸ਼ਮਣ ਨਾਇਰ ਪਰਿਵਾਰ ਦਾ ਜਵਾਈ। ਪਿਤਾ ਜੀ ਨੂੰ ਗਲਬਾਤ ਕਰਨ ਲਈ ਕੀ ਆਪਣੀ ਬਰਾਦਰੀ ਦਾ ਕੋਈ ਨਹੀਂ ਮਿਲਦਾ ? ਕੋਈ ਨਾ ਹੋਵੇ ਤਾਂ ਮੈਂ ਖ਼ੁਦ ਆ ਕੇ ਬੈਠਿਆ ਕਰਾਂਗਾ..."

ਹੂੰ !"

"ਜਦ ਕਦੀ ਵੀ ਆਉਂਦਾ ਹਾਂ ਉਹ ਇਥੇ ਹੀ ਹੁੰਦਾ ਹੈ। ਉਹ ਇਥੇ ਕਿਉਂ ਆਉਂਦੇ ?"

"ਤੂੰ ਜਾ ! ਜਾ ਕੇ ਦੁਕਾਨਦਾਰ ਦਾ ਕਰਜ਼ਾ ਚੁਕਾ। ਮੈਂ ਇਨ੍ਹਾਂ ਪੈਸਿਆਂ ਨਾਲ ਤੇਲ ਤੇ ਉਬਟਨ ਖਰੀਦਣੀ ਹੈ। ਸੋਮਵਾਰ ਤੋਂ ਪਹਿਲਾਂ ਮੋੜ ਦੇਣਾ।"

"ਅਰੇ ! ਕਹਿ ਤਾਂ ਦਿਤੈ। ਲੜਕੇ ਦਾ ਪੈਸਾ ਆਉਂਦਿਆਂ ਹੀ ਲਿਆ ਕੇ ਦੇ ਦੇਵਾਂਗਾ। ਪਿਤਾ ਜੀ ਨੂੰ ਮੇਰੇ ਤੇ ਚਾਰ ਪੈਸਿਆਂ ਦਾ ਵੀ ਯਕੀਨ ਨਹੀਂ।"

ਕੁੰਞੁਚੇਰੁਕਨ ਚਲਾ ਗਿਆ।

## ਚਾਰ

ਦੀਨਾਮਾ ਰਸੋਈ ਅਤੇ ਬਰਾਮਦੇ ਵਿਚ ਗੋਬਰ ਨਾਲ ਪੋਚਾ ਫੇਰ ਰਹੀ ਸੀ। ਜਿਸ ਬਰਾਮਦੇ ਵਿਚ ਬਾਬੂ ਜੀ ਲੇਟਦੇ ਸਨ ਉਸ ਦਾ ਫ਼ਰਸ਼ ਵਿਚੋਂ-ਵਿਚੋਂ ਉਖੜ ਰਿਹਾ ਸੀ। ਉਸ ਨੂੰ ਲਿੱਪਣ ਦਾ ਮੌਕਾ ਹੀ ਨਹੀਂ ਮਿਲਦਾ, ਕਿਉਂਕਿ ਕੋਈ ਨਾ ਕੋਈ ਆਇਆ ਹੀ ਰਹਿੰਦਾ ਹੈ। ਲੱਕੜੀ ਦਾ ਤਹਿਖਾਨਾ ਤੇ ਲੱਕੜੀ ਦੇ ਤਖਤਿਆਂ ਦਾ ਪੁਰਾਣਾ ਘਰ ਚੌਹਾਂ ਪਾਸੇ ਬਰਾਮਦਾ ਹੈ, ਜਿਸ ਦੀ ਉਚਾਈ ਬਾਕੀ ਮਕਾਨ ਨਾਲੋਂ ਘਟ ਹੈ। ਸਾਵਧਾਨੀ ਨਾਲ ਨਾ ਚੱਲਿਆ ਜਾਏ ਤਾਂ ਸਿਰ ਉਪਰ ਟਕਰਾ ਜਾਂਦਾ ਹੈ। ਚੜ੍ਹਦੇ ਅਤੇ ਪਹਾੜ ਪਾਸੇ ਵਿਹੜਾ ਹੈ। ਪਹਾੜ ਵਾਲੇ ਵਿਹੜੇ ਵਿਚ ਮੋਟੇ ਬੇਘੜੇ ਪੱਥਰਾਂ ਦਾ ਬਣਿਆ ਖੂਹ ਦਾ ਚਬੂਤਰਾ ਹੈ। ਅੰਦਰ ਵਾਲੇ ਕਮਰੇ ਵਿਚ ਲੇਟਣਾ ਅਸੰਭਵ ਹੈ। ਉਸ ਅੰਦਰ ਨਾ ਹਵਾ ਆ ਸਕਦੀ ਹੈ ਨਾ ਰੋਸ਼ਨੀ। ਨਾਰੀਅਲ ਦੇ ਪੱਤਿਆਂ ਦੀ ਚਟਾਈ ਨਾਲ ਦਖਣੀ ਦਾਲਾਨ ਨੂੰ ਕਮਰੇ ਵਿਚ ਬਦਲਿਆ ਹੋਇਆ ਹੈ। ਉਸੇ ਵਿਚ ਸੌਂਦੇ ਹਨ...

"ਬਹੂ !"

"ਆਈ ਬਾਬੂ ਜੀ।"

ਹੱਥ ਧੋ ਕੇ ਆ ਗਈ।

"ਕੀ ਕਰ ਰਹੀ ਸੈਂ ?"

"ਬਰਾਮਦਾ ਲਿੱਪਦੀ ਪਈ ਸਾਂ। ਸਭ ਕੁਝ ਢਹਿੰਦਾ ਜਾ ਰਿਹੈ।"

"ਛੱਤ ਵੀ ਬਦਲਣੀ ਹੈ। ਸ਼ਹਿਤੀਰ ਪੁਰਾਣੇ ਹੋ ਗਏ ਨੇ।"

"ਕੀ ਇਹ ਸਭ ਆਸਾਨ ਕੰਮ ਹੈ ?"

"ਕੀ ?"

"ਕੀ ਅਸੀਂ ਫਿਲਿਪਿਓਸ ਭਈਆ ਦੀ ਤਰ੍ਹਾਂ ਦੋ ਮੰਜ਼ਲਾ ਮਕਾਨ ਬਣਾ ਕੇ ਰਹਿ ਸਕਦੇ ਹਾਂ ?"

"ਚਟਾਈਆਂ ਦੀ ਕੁਟੀਆ ਬਣਾ ਕੇ ਇਥੇ ਹੀ ਰਹਾਂਗੇ।"

"ਭੁੱਖਾ ਨਾ ਰਖੇ, ਇਹ ਹੀ ਪ੍ਰਾਰਥਨਾ ਹੈ।"

"ਭੁੱਖਾ ਨਹੀਂ ਰਖਦਾ।"

"ਬਾਬੂ ਜੀ ਯਕੀਨੀ ਤੌਰ ਤੇ ਇਹ ਕਿਵੇਂ ਪਤਾ ਹੈ ?"

"ਜ਼ਰੂਰ, ਅਜੇ ਤੱਕ ਭੁੱਖਿਆਂ ਮਰਨ ਦੀ ਨੌਬਤ ਨਹੀਂ ਆਈ। ਜਦੋਂ ਪੈਦਾ ਹੋਇਆ ਸਾਂ ਉਸ ਵੇਲੇ ਕੋਲ ਇਕ ਕਾਣੀ ਕੌਡੀ ਵੀ ਨਹੀਂ ਸੀ, ਨਾ ਰਹਿਣ ਲਈ ਘਰ ਸੀ, ਨਾ ਜੋਤਨ ਲਈ ਜ਼ਮੀਨ। ਪਰ ਮੈਂ ਤੀਹ 'ਪਕੇ' ਖੇਤ ਅਤੇ ਸਾਢੇ ਤਿੰਨ ਏਕੜ ਜ਼ਮੀਨ ਆਪਣੇ ਬੱਚਿਆਂ ਨੂੰ ਵੰਡ ਕੇ ਦਿਤੀ ਹੈ। ਜਿਸ ਪ੍ਰਭੂ ਨੇ ਏਨਾਂ ਦਿਤੈ ਉਸ ਲਈ ਕੁਝ ਵੀ ਨਾਮੁਮਕਿਨ ਨਹੀਂ। ਇਜ਼ਰਾਈਲੀ ਲੋਕਾਂ ਨੂੰ ਕਨਾਨ ਦੇਸ ਵਿਚ ਲੈ ਜਾਣ ਦੀ ਮੂਸਾ ਵਿਚ ਕਿਹੜੀ ਤਾਕਤ ਸੀ ? ਮੂਸਾ ਨੇ ਯਹੋਬਾ ਅੱਗੇ ਨਿਵੇਦਨ ਕੀਤੀ ਸੀ, "ਹੇ ਪ੍ਰਭੂ ਤੂੰ ਪਹਿਲਾਂ ਹੀ ਬੰਦੇ ਨਾਲ ਗੱਲਾਂ ਕੀਤੀਆਂ ਹਨ। ਫਿਰ ਵੀ ਮੈਂ ਬੋਲਣ ਵਿਚ ਚਤੁਰ ਨਹੀਂ। ਮੈਂ ਥਥਲਾਣ ਵਾਲਾ ਤੇ ਮੋਟੀ ਜੀਭ ਵਾਲਾ ਹਾਂ।" ਯਹੋਵਾ ਨੇ ਉਸ ਨੂੰ ਆਖਿਆ—"ਮਨੁੱਖ ਦਾ ਮੂੰਹ ਕਿਸ ਨੇ ਬਣਾਇਆ ਹੈ ? ਮਨੁੱਖ ਨੂੰ ਗੁੰਗਾ ਜਾਂ ਬੋਲਾ; ਸੁਜਾਖਾ ਜਾਂ ਅੰਨ੍ਹਾ, ਮੇਰੇ ਯਹੋਵਾ ਦੇ ਬਿਨਾਂ ਹੋਰ ਕੌਣ ਬਣਾਉਂਦਾ ਹੈ ? ਇਸ ਲਈ ਤੂੰ ਜਾ, ਮੈਂ ਤੇਰੇ ਮੂੰਹ ਦੇ ਸੰਗ ਹੋ ਕੇ ਜੋ ਤੂੰ ਕਹਿਣਾ ਹੋਵੇਗਾ ਉਹ ਤੈਨੂੰ ਸਿਖਾਂਦਾ ਜਾਵਾਂਗਾ।"

"ਪਿਤਾ ਜੀ ਇਹ ਰਾਮ ਕਹਾਣੀ ਕਿਉਂ ਸੁਣਾ ਰਹੇ ਹੋ ? ਮੈਂ ਤਾਂ ਵੈਸੇ ਹੀ ਪੁੱਛਿਆ ਸੀ।"

"ਤੈਨੂੰ ਕੀ ਪਤਾ ਹੈ ਕਿ ਮੈਂ ਇਹ ਅਹਾਤਾ ਤੇ ਘਰ ਕਿਸ ਤਰ੍ਹਾਂ ਖਰੀਦਿਆ ਸੀ ?"

"ਮੈਨੂੰ ਕਹਾਣੀ ਸੁਨਣ ਦੀ ਫੁਰਸਤ ਨਹੀਂ, ਪਿਤਾ ਜੀ ! ਬੁਲਾਇਆ ਕਿਉਂ ਜੇ ?"

"ਥੋੜ੍ਹੀ ਜਹੀ ਗਰਮ ਕਾਂਜੀ ਚਾਹੀਦੀ ਹੈ।"

"ਕਾਂਜੀ ਅਜੇ ਗਰਮ ਨਹੀਂ ਹੋਈ। ਉਬਲਦਿਆਂ ਹੀ ਲੈ ਆਵਾਂਗੀ।"

"ਹਾਂ, ਜੇ ਕਹਾਣੀ ਨਹੀਂ ਸੁਣਨੀ ਤਾਂ ਨਾ ਸੁਣ। ਜਾ, ਸੁਣਨ ਤੇ ਵੀ ਤੇਰੀ ਸਮਝ ਵਿਚ ਕਿਵੇਂ ਆਵੇ ? ਤੂੰ ਤਾਂ ਉਸ ਸਮੇਂ ਪੈਦਾ ਵੀ ਨਹੀਂ ਸੀ ਹੋਈ। ਵਾਹ ! ਕੀ ਤੇਰੀ ਮਾਂ ਵੀ ਪੈਦਾ ਹੋ ਚੁਕੀ ਸੀ ? ਸ਼ਾਇਦ ਨਹੀਂ। ਕੋਚਾਪੀ ਤੋਂ ਘਰ ਖਰੀਦਣ ਵੇਲੇ ਮੇਰੀ ਉਮਰ ਕੋਈ ਵੀਹ ਸਾਲ ਦੀ ਸੀ। ਸੱਤਰ ਸਾਲ ਗੁਜ਼ਰ ਚੁਕੇ ਹਨ। ਕੋਲੰਬੀ ਕੋਚਾਪੀ ! ਪੈਸਾ ਕਮਾਉਣ ਦੀ ਧੁਨ ਵਿਚ ਕੋਲੰਬੋ ਗਿਆ ਸੀ। ਵਿਚਾਰਾ ! ਇਸ ਮਹੱਲੇ ਦੇ ਸਭ ਤੋਂ ਉਚੇ ਪਰਿਵਾਰ ਦਾ ਸਭ ਤੋਂ ਛੋਟਾ ਮੈਂਬਰ ਸੀ। ਇਕ ਸਮਾਂ ਸੀ ਜਦ ਸਾਰਾ ਮੁਹੱਲਾ ਪਰਿਵਾਰ ਦੇ ਬਜ਼ੁਰਗ ਈਸ਼ੋ ਦਾ ਹੁੰਦਾ ਸੀ। ਉਹ ਘੋੜੇ ਤੇ ਪਿੰਡ ਦਾ ਚੱਕਰ ਲਾਉਂਦੇ ਹੁੰਦੇ ਸਨ। ਕਹਾਣੀ ਹੋਰ ਵੀ ਹੈ। ਪੋਰਿੰਡਨਸ਼ੇਰੀ ਤੋਂ ਕਿਸੇ ਜ਼ਮਾਨੇ ਵਿਚ ਚਾਰ ਭਾਈ ਨੱਸ ਕੇ ਆਏ ਸਨ। ਉਨ੍ਹਾਂ ਵਿਚੋਂ ਸਭ ਤੋਂ ਵੱਡਾ ਇਸ ਪਨੱਚੀਮੂਡ ਮਹੱਲੇ ਵਿਚ ਆ ਵੱਸਿਆ ਸੀ। ਉਹ ਸ਼ਾਇਦ ਈਸ਼ੋ ਦੇ ਦਾਦਾ ਸਨ।

ਬਾਕੀ ਤਿੰਨਾਂ 'ਚੋਂ ਇਕ ਸੱਜਨ ਅੰਪਲੱਪੁਝਾ ਵਿਚ, ਦੂਜਾ ਮਾਤੇਕਾਚ ਵਿਚ ਅਤੇ ਤੀਜਾ ਕੱਟਾਨਮ ਵਿਚ ਜਾ ਵੱਸੇ। ਕੌਣ ਜਾਣੇ ਇਸ ਕਹਾਣੀ ਵਿਚ ਸੱਚ ਕਿੰਨਾ ਹੈ ਤੇ ਝੂਠ ਕਿੰਨਾ। ਜੋ ਵੀ ਹੋਵੇ ਮੋਲੋਝੱਡੂ ਘਰਾਣਾ ਮਸ਼ਹੂਰ ਹੈ। ਪਰ ਸਭ ਕੁਝ ਵੇਚ-ਵੇਚ ਕੇ ਬਰਾਬਰ ਕਰ ਦਿਤੈ। ਵੱਡਾ ਘਰ ਤਕ ਵੀ ਤੋੜ-ਫੋੜ ਕੇ ਵੇਚ ਦਿਤੈ। ਜੋ ਮਕਾਨ ਇਸ ਵੇਲੇ ਹੈ ਉਹ ਕੋਚਾਪੀ ਦੇ ਚਾਚੇ ਨੇ ਬਣਵਾਇਆ ਸੀ। ਕਚਾਪੀ ਦੇ ਦਿਨਾਂ ਵਿਚ ਭੁੱਖਿਆਂ ਮਰਨ ਤਕ ਦੀ ਨੌਬਤ ਆ ਗਈ। ਉਹ ਕਾਲੀ ਮਿਰਚ ਤੋੜਨ ਚਲਿਆ ਸੀ। ਉਦੋਂ ਕਯੇਨਾ ਵੀ ਮਾੜੇ ਮੋਟੇ ਸੌਦੇ ਕਰਦਾ ਹੁੰਦਾ ਸੀ। ਵੱਡਾ ਸੌਦਾ ਕਰਨ ਲਈ ਉਸ ਕੋਲ ਪੈਸੇ ਹੀ ਕਿਥੇ ਸਨ ? ਉਹ ਵੇਲਾਂ ਨਾਲੋਂ ਕਾਲੀ ਮਿਰਚ ਤੋੜਦਾ ਸੀ। ਰੋਜ਼ ਦੀ ਮਜ਼ਦੂਰੀ ਇਕ ਆਨਾ। ਉਹ ਤੇ ਉਸ ਦੀ ਮਾਂ ਦੋ ਜਨੇ ਹੀ ਸਨ। ਮੱਤਾਈਚਾਰਾ ਨੂੰ ਤਾੜੀ ਦੀ ਦੁਕਾਨ ਦੇ ਸਾਹਮਣੇ ਜੈਜਿਕ ਰਾਵੂੱਤਰ ਨੇ ਛੁਰਾ ਮਾਰ ਕੇ ਮਾਰ ਦਿਤਾ। ਜਦ ਮਾਂ ਮਰ ਗਈ ਤਾਂ ਕਚਾਪੀ ਕਿਸੇ ਦੇ ਨਾਲ ਲੰਕਾ ਚਲਾ ਗਿਆ। ਚਾਰ ਪੰਜ ਸਾਲਾਂ ਬਾਅਦ ਹੀ ਮੁੜਿਆ। ਮੁੜਿਆ ਤਾਂ ਉਸ ਪਾਸ ਇਕ ਖਾਸੀ ਰਕਮ ਸੀ। ਸਾਥੀਆਂ ਦੇ ਨਾਲ ਦਸ ਕੁ ਦਿਨਾਂ ਵਿਚ ਉਡਾ ਦਿਤੀ। ਇਕ ਦਿਨ ਅੱਧੀ ਰਾਤ ਵੇਲੇ ਮੇਰੇ ਕੋਲ ਆਇਆ ਤੇ ਕਹਿਣ ਲੱਗਾ—

"ਕਯੇਨਾ ਕਲ੍ਹ ਸਵੇਰੇ ਮੈਂ ਕਲੰਬੋ ਜਾਣਾ ਹੈ।"

"ਤੂੰ ਤਾਂ ਆਖਿਆ ਸੀ ਕਿ ਸ਼ਾਦੀ ਕਰਕੇ ਇਥੇ ਹੀ ਵੱਸ ਜਾਣਾ ਚਾਹੁੰਦਾ ਹੈਂ ?"

"ਇਹ ਸੰਭਵ ਨਹੀਂ।"

"ਕੁਝ ਗੜਬੜ ਹੈ।"

ਪੁੱਛਣ-ਗਿੱਛਣ ਤੇ ਪਤਾ ਲੱਗਾ ਕਿ ਗੱਲ ਗੜਬੜ ਵਾਲੀ ਹੀ ਹੈ। ਲੰਕਾ ਵਿਚ ਉਸ ਦੀ ਇਕ ਵਿਆਹੀ ਹੋਈ ਇਸਤ੍ਰੀ ਤੇ ਇਕ ਬੱਚਾ ਹੈ। ਉਥੋਂ ਪੁਲੀਸ ਉਸ ਦੀ ਤਲਾਸ਼ ਵਿਚ ਆਈ ਹੈ। ਜੇ ਨਾ ਗਿਆ ਤਾਂ ਉਸ ਤੇ ਆਫ਼ਤ ਆ ਜਾਏਗੀ—

"ਇਸ ਵਾਰ ਮੈਂ ਵਾਪਸ ਨਹੀਂ ਆਉਣ ਲੱਗਾ। ਘਰ ਅਤੇ ਅਹਾਤਾ ਤੈਨੂੰ ਚਾਹੀਦਾ ਹੋਵੇ ਤਾਂ ਦੇਣ ਨੂੰ ਤਿਆਰ ਹਾਂ।"

ਇਹ ਇਕ ਬੜੀ ਹੀ ਅਜੀਬ ਜਿਹੀ ਗੱਲ ਲੱਗੀ। ਆਪਣੇ ਘਰ ਦਾ ਖਿਆਲ ਕਦੇ ਕਲਪਣਾ ਵਿਚ ਵੀ ਨਹੀਂ ਸੀ ਆਇਆ। ਜਦੋਂ ਤੋਂ ਹੋਸ਼ ਸੰਭਾਲੀ ਸੀ ਉਦੋਂ ਤੋਂ ਹੀ ਆਪਣਾ ਘਰ ਕੋਈ ਨਹੀਂ ਸੀ। ਗੁਸਾਈਆਂ ਵਾਂਗ ਗੰਢ ਪਿੱਠ ਤੇ ਲੱਦੀ ਘੁੰਮਦੇ ਫਿਰਦੇ ਸਾਂ। ਅਫ਼ੀਮ ਦਾ ਵਪਾਰ ਸੀ। ਚੋਰੀ ਦੀ ਅਫ਼ੀਮ। ਤਾਮਿਲਨਾਡੂ ਤੋਂ ਚੋਖਾ-ਜਾਖਾਲੇ ਲਿਆ ਦਿੰਦੇ ਸਨ। ਛੋਟੀਆਂ-ਛੋਟੀਆਂ ਗੋਲੀਆਂ ਤਿਆਰ ਕਰਕੇ ਅੱਗੋਂ ਗਾਹਕਾਂ ਅੱਗੇ ਵੇਚਦੇ ਸਾਂ। ਟਕੇ ਦੀ ਇਕ ਗੋਲੀ। ਕੁਝ ਦਿਨ ਇਹ ਕੰਮ ਪਿਤਾ ਜੀ ਦੇ ਨਾਲ ਕਰਦਾ ਰਿਹਾ। ਪਿਤਾ ਜੀ ਹਮੇਸ਼ਾ ਹੀ ਅਫ਼ੀਮ ਦੇ ਨਸ਼ੇ ਵਿਚ ਚੂਰ ਰਹਿੰਦੇ ਸਨ। ਯਾਦਾਸ਼ਤ ਕਚੀ ਹੋ ਗਈ ਸੀ। ਝੋਲੀ ਵਿਚ ਦਸ ਚਕ੍ਰਮ ਹੁੰਦੇ ਤਾਂ ਥੋੜ੍ਹੀ ਦੇਰ ਬਾਅਦ ਗਿਣ ਕੇ ਆਖਦੇ—"ਚੌਦਾਂ ਸਨ। ਤੂੰ ਚੁਰਾਏ ਨੇ, ਦੇ ਦੇ।" ਅੰਨੇਵਾਹ ਮਾਰਨਾ ਸ਼ੁਰੂ ਕਰ ਦਿੰਦੇ। ਕੁਝ ਦਿਨਾਂ ਬਾਅਦ ਪਿਤਾ ਜੀ ਦੇ ਨਾਲ ਧੰਦਾ ਕਰਨਾ

ਛਡ ਦਿਤਾ । ਉਨ੍ਹਾਂ ਤੋਂ ਭੱਜਦਾ-ਫਿਰਦਾ ਸਾਂ । ਕਿਸੇ ਦਾ ਮਾੜਾ ਮੋਟਾ ਕੰਮ ਕਰ ਦਿੰਦਾ ਤੇ ਮਜ਼ਦੂਰੀ ਵਿਚ ਪੁੱਟੂ ਤੇ ਛੋਲੇ ਖਾ ਲੈਂਦਾ । ਡੰਗਰਾਂ ਨੂੰ ਪਾਣੀ ਡਾਹੁੰਦਾ, ਰੂੜੀ ਢੋਂਦਾ. ਪਾਣੀ ਭਰਦਾ, ਸਭ ਕੁਝ ਕਰਦਾ ਸਾਂ ।

ਸਿਰਫ਼ ਇਕ ਸੌ ਪਚਾਨਵੇਂ ਰੁਪੈ ਵਿਚ ਕਚਾਪੀ ਦਾ ਘਰ ਤੇ ਅਹਾਤਾ ਖਰੀਦਿਆ ਸੀ । ਉਹੀ ਪੁਰਾਣੀ ਨੀਂਹ ਹੈ । ਘਰ ਜ਼ਰਾ ਨਵੇਂ ਸਿਰੇ ਤੋਂ ਬਣਾਉਣ ਦੀ ਇੱਛਾ ਸੀ । ਪਰ ਇਹ ਇੱਛਾ ਪੂਰੀ ਨਹੀਂ ਹੋ ਸਕੀ । ਸਾਰੀਆਂ ਇੱਛਾਵਾਂ ਕਦੀ ਪੂਰੀਆਂ ਹੁੰਦੀਆਂ ਨੇ ? ਪਰਮਾਤਮਾ ਦੀ ਕਿਰਪਾ ਵੀ ਤਾਂ ਜ਼ਰੂਰੀ ਹੈ । ਉਸ ਦੀ ਕਿਰਪਾ ਦੇ ਬਿਨਾਂ ਤੇ ਤਿਨਕਾ ਤੱਕ ਨਹੀਂ ਹਿਲਦਾ । ਉਸ ਦੇ ਹੱਥ ਵਿਚ ਹਰੇਕ ਜੀਭਧਾਰੀ ਦੇ ਪ੍ਰਾਣ ਤੇ ਹਰੇਕ ਦੇਹਧਾਰੀ ਮਨੁੱਖ ਦੀ ਆਤਮਾ ਰਹਿੰਦੀ ਹੈ । ਜਿਸ ਤਰ੍ਹਾਂ ਜੀਭ ਨਾਲ ਭੋਜਨ ਚੱਖਿਆ ਜਾਂਦਾ ਹੈ, ਕੀ ਉਸੇ ਤਰ੍ਹਾਂ ਕੰਨਾਂ ਨਾਲ ਬਚਨ ਨਹੀਂ ਪਰਖੇ ਜਾਂਦੇ ? ਉਹ ਜਿਸ ਨੂੰ ਢਾਅ ਦੇਵੇ, ਉਹ ਫਿਰ ਬਣਾਇਆ ਨਹੀਂ ਜਾ ਸਕਦਾ । ਜਿਸ ਮਨੁੱਖ ਦਾ ਮੂੰਹ ਬੰਦ ਕਰ ਦੇਵੇ ਉਹ ਫਿਰ ਖੋਲ੍ਹਿਆ ਨਹੀਂ ਜਾਂਦਾ । ਉਹ ਜਦ ਵਰਖਾ ਨੂੰ ਰੋਕ ਰਖਦਾ ਹੈ ਤਾਂ ਪਾਣੀ ਸੁੱਕ ਜਾਂਦਾ ਹੈ । ਉਹ ਜਦ ਪਾਣੀ ਛੱਡ ਦਿੰਦਾ ਹੈ ਤਾਂ ਪ੍ਰਿਥਵੀ ਦੀ ਸ਼ਕਲ ਬਦਲ ਜਾਂਦੀ ਹੈ ।

ਦੀਨਾਮਾ ਸਬਜ਼ੀ ਬਣਾ ਰਹੀ ਸੀ । ਪੁੱਲੂਪਰੰਪੂ ਦੇ ਗੀਵਰੀਤ ਦੀ ਛੋਟੀ ਲੜਕੀ ਲੀਲਾਅੰਮਾ ਅਤੇ ਕਾਲਾਯੀ ਦੇ ਫ਼ਿਲਿਪਿਓਸ ਦੀ ਪੋਨੰਮਾ ਆ ਗਈਆਂ ।

"ਅਰੇ ! ਇਹ ਕੌਣ ਆ ਗਈਆਂ ਹਨ । ਕਿਧਰੇ ਰਸਤਾ ਤਾਂ ਨਹੀਂ ਭੁਲ ਗਈਆਂ ?"

"ਰਸਤਾ ਕਦੀ ਨਹੀਂ ਭੁਲ ਸਕਦੀਆਂ ।"

"ਅਸਾਂ ਛੋਟੀ ਉਮਰ ਵਿਚ ਇਸੇ ਰਸਤੇ ਤੇ ਡਗਮਗ-ਡਗਮਗ ਚਲਣਾ ਸਿਖਿਆ ਏ ਚਾਚਾ ਜੀ ।"

ਉਹ ਤਾਂ ਗੱਲ ਰਹੀ ਬਚਪਨ ਦੀ । ਹੁਣ ਤਾਂ ਤੁਸੀਂ ਲੋਕ ਵੱਡੀਆਂ ਜਨਾਨੀਆਂ ਹੋ ਗਈਆਂ ਓ ਨਾ ?"

"ਨਹੀਂ ਤੇ ਹੋਰ ਕੀ ? ਕੀ ਹਮੇਸ਼ਾ ਬੱਚੀਆਂ ਹੀ ਬਣੀਆਂ ਰਹਿ ਸਕਦੀਆਂ ਹਾਂ ?"

"ਨਹੀਂ ਨਹੀਂ ! ਦੇਖੋ ਨਾ ? ਇਕ ਸ੍ਰੀਮਤੀ ਦੇ ਪੇਟ ਵਿਚ ਤਾਂ ਬੱਚਾ ਹੈ ।"

ਲੀਲਾਅੰਮਾ ਸ਼ਰਮਾ ਗਈ । ਦੀਨਾਮਾ ਨੂੰ ਲੱਗਾ ਕਿ ਲੱਜਾ ਨਾਲ ਉਸ ਦਾ ਮੂੰਹ ਹੋਰ ਸੁੰਦਰ ਹੋ ਗਿਆ ਹੈ । ਵੈਸੇ ਵੀ ਵੱਡੇ ਭਰਾ ਦੀਆਂ ਪੰਜੇ ਲੜਕੀਆਂ ਖੂਬਸੂਰਤ ਹਨ । ਸਭ ਤੋਂ ਵੱਡੀ ਦੁਰਭਾਗ ਨਾਲ ਬੀਮਾਰ ਹੋ ਗਈ । ਕਹਿ ਰਹੇ ਸਨ ਕਿ ਇਸ ਨੂੰ ਪ੍ਰਸੂਤ ਵਿਚ ਬੁਲਾਉਣ ਲਈ ਪੈਸੇ ਨਹੀਂ ਸਨ । ਵਿਚਾਰੀ ਚਾਚੀ ਜੀ ਨੇ ਕਿਸੇ ਕੋਲੋਂ ਕਰਜ਼ ਲੈ ਕੇ ਮੌਕਾ ਸੰਭਾਲ ਲਿਆ । ਇਨ੍ਹਾਂ ਦੀ ਇੱਜ਼ਤ ਦੀ ਗੱਲ ਸੀ । ਪੋਲੰਮਾ ਦਾ ਵਿਆਹ ਹੋਇਆਂ ਅਜੇ ਛੇ ਮਹੀਨੇ ਹੀ ਹੋਏ ਹਨ । ਕੋਈ ਨਹੀਂ ਜਾਣਦਾ ਕਿ ਦਾਜ ਕਿੰਨਾ ਹੈ । ਪਤੀ ਜਾਂ ਭਰਾਵਾਂ ਨੂੰ ਕੁਝ ਨਹੀਂ ਆਖਦੇ । ਪਤੀ ਦੀ ਕਮਾਈ ਬੇਟੀ ਨੂੰ ਦਿੰਦੇ ਨੇ । ਸੁਣਿਐ ਕਿ ਦਾਮਾਦ ਦੇ ਪਿਤਾ ਵੀ ਠੇਕੇਦਾਰ ਹਨ । ਰੋਜ਼ਾਨਾ ਦੇ ਖਰਚ

ਵਾਸਤੇ ਕੋਈ ਦਸ ਹਜ਼ਾਰ ਰੁਪੈ ਦਿਤੇ। ਅੱਗੋਂ ਮੋਟਰ ਦੇਣਗੇ। ਘਰ ਵੀ ਬਣਵਾ ਦੇਣਗੇ। ਇਉਂ ਸੁਣਿਐ ਏ......

''ਲੱਗਦਾ ਹੈ ਦਾਦਾ ਜੀ ਗੂੜ੍ਹੀ ਨੀਂਦ ਸੌਂ ਰਹੇ ਨੇ। ਅਸੀਂ ਥੋੜ੍ਹੀ ਦੇਰ ਚੜ੍ਹਦੇ ਵਾਲੇ ਵਿਹੜੇ ਵਿਚ ਖੜੀਆਂ ਰਹੀਆਂ ਹਾਂ। ਇਕ ਵਾਰ ਬੁਲਾਇਆ ਵੀ ਸੀ। ਅੱਖਾਂ ਨਹੀਂ ਖੋਲ੍ਹੀਆਂ।''

''ਇਹ ਨੀਂਦ, ਨੀਂਦ ਨਹੀਂ, ਅਫ਼ੀਮ ਦੀ ਖ਼ੁਮਾਰੀ ਹੈ! ਨੀਂਦ ਕਦੀ ਨਹੀਂ ਆਉਂਦੀ। ਅੱਧੀ ਰਾਤ ਵੇਲੇ ਸੁੱਕਾ ਪੱਤਾ ਵੀ ਖੜਕੇ ਤਾਂ ਪੁੱਛਦੇ ਹਨ ਕਿ ਕੌਣ ਹੈ?''

ਲੀਲਾਅੰਮਾ ਨੇ ਆਖਿਆ—

''ਹੁਣ ਵੇਖ ਕੇ ਪਛਾਨਣਾ ਤੱਕ ਮੁਸ਼ਕਿਲ ਹੈ ਕਿ ਪੁਰਾਣੇ ਦਾਦਾ ਜੀ ਹਨ। ਸੂਰਤ ਤੱਕ ਬਦਲ ਗਈ ਹੈ।''

ਦੀਨਾਮਾ ਸੋਚਣ ਲੱਗੀ—''ਇਹ ਕੀ ਦਸਣਾ ਚਾਹੁੰਦੀ ਹੈ। ਕੀ ਇਹ ਹੀ ਕਿ ਅਸਾਂ ਦਾਦਾ ਜੀ ਨੂੰ ਭੁੱਖਾ ਰਖ ਕੇ ਕਮਜ਼ੋਰ ਕਰ ਦਿਤਾ ਹੈ?''

ਢਲਦੀ ਉਮਰ ਦੀ ਕਮਜ਼ੋਰੀ ਹੈ। ਸਾਡੇ ਚਾਹੇ ਭੁੱਖ ਹੋਵੇ ਚਾਹੇ ਗਰੀਬੀ, ਪਰ ਪਿਤਾ ਜੀ ਨੂੰ ਕੁਝ ਖਬਰ ਨਹੀਂ ਹੋਣ ਦਿੰਦੇ।

''ਇਹ ਕਿਸੇ ਨੇ ਕਦੋਂ ਕਿਹਾ ਹੈ? ਪਿਆਰੀ ਚਾਚੀ, ਮੇਰੇ ਮਨ ਵਿਚ ਅਜਿਹਾ ਕੋਈ ਖਿਆਲ ਨਹੀਂ ਸੀ।''

ਪੋਨੰਮਾ ਨੇ ਦੀਨਾਮਾ ਦਾ ਸਮਰਥਨ ਕੀਤਾ—ਹੋਰ ਕਿਧਰੇ ਵੀ ਇੰਨੀ ਅੱਛੀ ਦੇਖਭਾਲ ਨਹੀਂ ਹੋ ਸਕਦੀ ਜਿੰਨੀ ਦੀਨਾਮਾ ਚਾਚੀ ਕਰਦੇ ਹਨ।

''ਇਹ ਤਾਂ ਮੈਨੂੰ ਵੀ ਪਤੈ। ਪੈਸੇ ਹੋਣ ਨਾ ਹੋਣ, ਵੱਡੀ ਗੱਲ ਤਾਂ ਸੇਵਾ ਦਾਰੂ ਦੀ ਹੈ।''

ਦੀਨਾਮਾ ਨੇ ਗੱਲ ਬਦਲ ਦਿਤੀ।

ਜਾਣ ਦਿਓ, ਪੋਨਾਮਾ ਉਦੋਂ ਆਉਣ ਤੋਂ ਬਾਅਦ ਅਜੇ ਨਹੀਂ ਗਈ?''

''ਨਹੀਂ ਚਾਚੀ।''

''ਜੋਜੀ ਭਾਈਆਂ ਅਜੇ ਨਹੀਂ ਆਏ?''

''ਮਦਰਾਸ ਗਏ ਨੇ। ਸੋਮਵਾਰ ਆਉਣਗੇ।''

ਦੀਨਾਮਾ ਨੇ ਨਹੀਂ ਪੁੱਛਿਆ ਕਿ ਕਿਉਂ ਗਏ ਹਨ। ਮਦਰਾਸ, ਬੰਬਈ ਦੀ ਹਵਾਈ ਯਾਤਰਾ ਕਰਦੇ ਰਹਿਣ ਵਾਲਿਆਂ ਤੋਂ ਇਸ ਬਾਰੇ ਪੁੱਛਣਾ ਠੀਕ ਨਹੀਂ। ਪਿਛਲੇ ਹਫਤੇ ਜਦ ਗਿਰਜੇ ਵਿਚ ਵੇਖਿਆ ਸੀ ਤਾਂ ਪੋਨਾਮਾ ਦੇ ਗਲੇ ਹੋਰ ਹਾਰ ਸੀ। ਅੱਜ ਇਕ ਹੋਰ ਹੀ ਹੈ......

''ਸਿਸਿਲੀ ਮੰਨੀ ਸਕੂਲ ਗਈ ਹੋਵੇਗੀ?''

''ਹਾਂ, ਹੁਣੇ ਆ ਜਾਏਗੀ।''

''ਛੋਟੇ ਚਾਚਾ ਜੀ ਕਿਥੇ ਨੇ?''

''ਦੋ ਦਿਨਾਂ ਤੋਂ ਬਾਹਰ ਨੇ। ਕਨਵੈਨਸ਼ਨ ਦੇ ਪਿੱਛੇ ਪਏ ਨੇ। ਤੇਰੇ ਚਾਚਾ ਜੀ ਕਿੱਥੇ ਪੁੱਛਦੇ ਹਨ ਕਿ ਘਰ ਵਿਚ ਕੀ ਹੈ ਤੇ ਕੀ ਨਹੀਂ। ਜਦ ਕਦੀ ਆਉਂਦੇ ਹਨ

ਤਿਆਰ ਮਿਲਣਾ ਚਾਹੀਦਾ ਹੈ। ਪਿਆਰੀ ਬੇਟੀ ਤੈਨੂੰ ਪਤਾ ਹੈ ਮੈਂ ਕਿੰਨੀ ਪਿਸੀ ਜਾ ਰਹੀ ਹਾਂ ?''

ਪੋਨੰਮਾ ਬੋਲੀ—

''ਇਹ ਤਾਂ ਸਾਡੀ ਮਾਂ ਹਮੇਸ਼ਾ ਹੀ ਆਖਦੀ ਹੈ।''

''ਕੀ ਕਹੀਏ ਬੇਟੀ ? ਬਹੁਤ ਸਵੇਰੇ ਸਵੱਖਤੇ ਜਾਗਨੀ ਆਂ। ਬਹੁਤ ਰਾਤ ਬੀਤਿਆਂ ਹੀ ਅੱਖਾਂ ਮੀਟ ਕੇ ਸੌਂ ਸਕਦੀ ਹਾਂ। ਇਸ ਲਈ ਦਾਦਾ ਜੀ ਦੀ ਸੇਵਾ ਕਰਾਂ, ਘਰ ਸੰਭਾਲਾਂ ਜਾਂ ਮਹਿਮਾਨਾਂ ਦੀ ਖਾਤਰਦਾਰੀ ਕਰਾਂ ? ਇਸ ਦਾ ਜ਼ਿਕਰ ਕਰਨ ਦਾ ਖਾਸ ਕਾਰਨ ਹੈ। ਮੇਰੀ ਬਿਟੀਆ, ਸਾਡੇ ਕੁਯੰਪੀ ਦੀ ਇਸਤ੍ਰੀ ਅੰਮਿਨੀ ਪਰਸੋਂ— ਪਰਸੋਂ ਨਹੀਂ, ਪਿਛਲੇ ਹਫਤੇ—ਇਥੇ ਆਈ ਸੀ। ਸ਼ਾਮ ਵੇਲਾ ਸੀ। ਪਿਤਾ ਜੀ ਕੋਲ ਦੋ ਚਾਰ ਆਦਮੀ ਬੈਠੇ ਸਨ। ਕੰਮ ਵਿਚ ਬਹੁਤ ਰੁਝੀ ਹੋਈ ਸਾਂ। ਉਸ ਔਰਤ ਨੇ ਕੋਲੂਵਿਲਾ ਘਰ ਦੀ ਚਾਚੀ ਜੀ ਅੱਗੇ ਸ਼ਕਾਇਤ ਕੀਤੀ ਹੈ ਕਿ ਮੈਂ ਉਸ ਦੀ ਪੂਰੀ ਇਜ਼ਤ ਖਾਤਰ ਨਹੀਂ ਕੀਤੀ। ਵਾਹ ਵੱਡੇ ਸਾਹਿਬ ਦੀ ਬੇਟੀ ਹੈ ਨਾ ? ਜਿਵੇਂ ਹੋਰ ਲੋਕ ਨਹੀਂ ਜਾਣਦੇ। ਮੈਂ ਸੁਣਿਐ ਕਿ ਉਸ ਨੇ ਹੋਰ ਗੰਦੀਆਂ ਗੱਲਾਂ ਵੀ ਕੀਤੀਆਂ ਹਨ। ਕਿਉਂ ਨਹੀਂ, ਜੋ ਸਿਖਿਆ ਜਾਏ ਉਹ ਹੀ ਗਾਇਆ ਜਾ ਸਕਦੈ।''

ਆਵਾਜ਼ ਕੁਝ ਹੌਲੀ ਕਰਕੇ ਦੀਨਾਮਾ ਅੱਗੇ ਬੋਲੀ—ਤੁਸੀਂ ਛੋਟੀਆਂ ਹੋ। ਫੇਰ ਵੀ ਆਖਣੀ ਆਂ। ਕੁਯੰਪੀ ਨਾਲ ਸ਼ਾਦੀ ਕਰ ਲੈਣ ਦੇ ਬਾਅਦ ਵੀ ਉਸ ਔਰਤ ਦਾ ਪੁਰਾਣਾ ਆਸ਼ਕ ਉਸ ਦੇ ਘਰ ਆਉਂਦਾ ਹੁੰਦਾ ਸੀ। ਖ਼ੈਰ ਸਾਡਾ ਕੀ ਮਤਲਬ ?'

ਪੋਨੰਮਾ ਨੇ ਆਖਿਆ—

''ਠੀਕ ਹੈ। ਅਸੀਂ ਦੂਜਿਆਂ ਦੀਆਂ ਗੱਲਾਂ ਕਿਉਂ ਕਰੀਏ ?''

ਲੀਲਾਅੰਮਾ ਕੁਝ ਨਹੀਂ ਬੋਲੀ। ਉਸ ਇਸ ਕਹਾਣੀ ਦੀ ਹੋਰ ਹੀ ਵਿਆਖਿਆ ਸੁਣੀ ਸੀ। ਅੰਮਿਨੀ ਚਾਚੀ ਦਾਦਾ ਜੀ ਲਈ ਚੰਗੀ ਮਛਲੀ ਦੀ ਸਬਜ਼ੀ ਤਿਆਰ ਕਰਕੇ ਲਿਆਈ ਸੀ। ਗੱਲਾਂ ਕਰਦਿਆਂ-ਕਰਦਿਆਂ ਬੋਲ ਗਈ, ''ਦਾਦਾ ਜੀ ਦੇ ਦਿਲ ਦੀਆਂ ਗੱਲਾਂ ਨਹੀਂ ਚਲਦੀਆਂ। ਤਾਂ ਹੀ ਉਹ ਇੰਨੇ ਕਮਜ਼ੋਰ ਹਨ।''

ਦੀਨਾਮਾ ਚਾਚੀ ਇਹ ਸੁਣ ਕੇ ਚੁਪ ਕਿਵੇਂ ਰਹਿੰਦੀ ? ਬੋਲ ਪਈ—

''ਜੇ ਇੰਨੀ ਮਮਤਾ ਹੈ ਤਾਂ ਲੈ ਜਾਓ ਤੇ ਪੰਜ ਛੇ ਮਹੀਨੇ ਖਿਲਾਓ ਪਿਲਾਓ।'' ਬਾਤ ਦਾ ਬਤੰਗੜ ਬਣ ਗਿਆ। ਪਹਿਲਾਂ ਹੀ ਦੋਨਾਂ 'ਚ ਅਣਬਣ ਸੀ।

ਗੱਲ ਬਦਲਣ ਲਈ ਲੀਲਾਅੰਮਾ ਨੇ ਪੁੱਛਿਆ—ਰਾਜਨ ਭਈਆ ਦੀ ਚਿੱਠੀ ਆਉਂਦੀ ਏ ਨਾ ਚਾਚੀ ?

''ਪਿਛਲੇ ਹਫਤੇ ਆਈ ਸੀ। ਦੋ ਮਹੀਨਿਆਂ ਅੰਦਰ ਸ਼ਾਇਦ ਛੁੱਟੀ 'ਤੇ ਆਵੇ।''

ਪੋਨੰਮਾ ਨੇ ਪੁਛਿਆ—

''ਚਾਚੀ ਨੇ ਸੁਣਿਐ ? ਕੱਲੂਵਿਲਾ ਘਰ ਵਿਚ ਨਵਾਂ ਮਕਾਨ ਬਣਾਉਣ ਵਾਲੇ ਨੇ। ਤਰਖਾਣ ਕੇਸ਼ਵਨ ਕਲ ਘਰ ਬਣਾਉਣ ਵਾਸਤੇ ਠੀਕ ਜਗ੍ਹਾ ਵੇਖ ਰਿਹਾ ਸੀ।''

ਦੀਨਾਮਾ ਨੇ ਹੈਰਾਨ ਹੋ ਕੇ ਪੁਛਿਆ—''ਕੀ ਕੁੰਯੁਚੇਰੁੱਕਨ ਚਾਚਾ ਘਰ ਬਣਵਾ

ਰਹੇ ਨੇ ? ਤੈਨੂੰ ਕਿਸ ਦੱਸਿਆ ?''

''ਸਾਡਾ ਸ਼ਾਮ ਭਈਆ ਉਥੇ ਹੀ ਸੀ। ਤਿੰਨ ਵੱਡੇ ਕਮਰੇ, ਪੋਰਟਿਕਾ, ਚੌਕਾ ਸਭ ਹੈ। ਪਿਤਾ ਜੀ ਆਖਦੇ ਨੇ ਕਮ-ਅਜ਼-ਕਮ ਪੰਦਰਾਂ ਹਜ਼ਾਰ ਲਗਣਗੇ।''

ਲੀਲਾਮਾ ਬੋਲੀ—

''ਉਹ ਵੀ ਇਕ ਅੱਛਾ ਘਰ ਬਣਾ ਕੇ ਉਸ ਵਿਚ ਰਹਿਣ।''

''ਆਖਦੇ ਨੇ ਦਾਨੀ ਭਈਆ ਮੋਟੀ-ਮੋਟੀ ਰਕਮ ਭੇਜਦਾ ਹੈ। ਪੈਸਾ ਪਿਤਾ ਜੀ ਦੇ ਨਾਂ ਨਹੀਂ ਆਉਂਦਾ। ਦੂਜਿਆਂ ਦੇ ਨਾਂ ਤੇ ਆਉਂਦਾ ਹੈ। ਆਖਦੇ ਨੇ ਚੋਰ ਬਾਜ਼ਾਰੀ ਦਾ ਪੈਸਾ ਹੈ। ਚੁਪਕੇ ਜਿਹੇ ਕਦੇ ਆ ਵੀ ਜਾਂਦਾ ਹੈ। ਇਹੀ ਸੁਣਿਆ ਹੈ।''

ਦੀਨਾਮਾ ਨੇ ਆਖਿਆ—

''ਲੀਲਾ ਅੰਮਾ ਜਿਵੇਂ ਕਿ ਤੂੰ ਆਖਦੀ ਹੈਂ ਉਹ ਮਜੇ ਵਿਚ ਰਹਿਣ। ਪਰ ਇਹ ਚਾਲਾਕੀ ਤੇ ਦਾਅ ਛੱਡ ਦੇਣ ਬਸ।''

''ਕਿਉਂ ਕੀ ਗੱਲ ਹੈ ?',

''ਗੱਲ ਤਾਂ ਬਹੁਤ ਹੈ। ਉਸ ਰੋਜ਼ ਸਭ ਭਰਾ ਪਿਤਾ ਜੀ ਦਾ ਖਰਚ ਤਹਿ ਕਰਨ ਲਈ ਇਕੱਠੇ ਹੋਏ ਸਨ ਨਾ ? ਉਸ ਵੇਲੇ ਪੋਨੰਮਾ ਦੇ ਪਿਤਾ ਨੇ ਸੌ ਰੁਪੈ ਦਿਤੇ ਸਨ। ਉਨ੍ਹਾਂ ਵਿਚੋਂ ਕੁਝ ਤਾਂ ਖਰਚ ਹੋ ਗਏ। ਪੰਜਾਹ ਬਚੇ ਸਨ। ਕੁੰਯੂਚੇਰੁੱਕਨ ਚਾਚਾ ਉਹ ਪੈਸੇ ਇਹ ਇਕਰਾਰ ਕਰ ਕੇ ਲੈ ਗਏ ਕਿ ਤੀਜੇ ਦਿਨ ਜ਼ਰੂਰ ਵਾਪਸ ਮੋੜ ਜਾਣਗੇ। ਪੂਰਾ ਮਹੀਨਾ ਹੋ ਗਿਆ ਹੈ। ਬਹੁਤ ਔਖੀ ਹੋ ਗਈ ਤਾਂ ਮੈਂ ਪੈਸੇ ਮੰਗਣ ਉਨ੍ਹਾਂ ਦੇ ਘਰ ਗਈ ਸਾਂ। ਹਾਏ ਰੀ ਬੇਟੀ, ਘਰ ਬਣਾਉਣ ਵਾਸਤੇ ਪੰਦਰਾਂ ਹਜ਼ਾਰ ਕੋਲ ਹੁੰਦਿਆਂ ਸੁੰਦਿਆਂ ਇਹ ਬੇਰਹਿਮੀ ਦਾ ਕੰਮ !

''ਹੇ ਪ੍ਰਭੂ ! ਕੈਸੇ ਆਦਮੀ ਸਨ।''

''ਦਾਦਾ ਜੀ ਦਾ ਖਰਚ ਕਿਵੇਂ ਚਲਦਾ ਹੈ ?''

''ਕੀ ਦੱਸਾਂ ? ਪ੍ਰਭੂ ਚਲਾਉਂਦਾ ਹੈ ਕਯੰਪੀ ਨੇ ਪਿਛਲੇ ਹਫ਼ਤੇ ਪੰਝੀ ਰੁਪੈ ਦਿਤੇ ਸਨ। ਪੋਨ'ਮਾ ਫਿਲਿਪਿਓਸ ਭਈਆ ਨੂੰ ਨਾ ਦੱਸੀਂ। ਮੈਂ ਐਵੇਂ ਹੀ ਤੈਨੂੰ ਦਸ ਬੈਠੀ ਹਾਂ।''

ਲੀਲਾਅੰਮਾ ਬੋਲੀ—

''ਚਾਚੀ ਪਿਤਾ ਜੀ ਨੇ ਦਸ ਰੁਪੈ ਦਿਤੇ ਨੇ। ਜੇਬ ਖਾਲੀ ਰਹਿਣ ਕਾਰਨ ਹੀ ਉਹ ਕੁਝ ਦੇ ਨਹੀਂ ਸਕਦੇ। ਮੈਨੂੰ ਬੁਲਾਣ ਵਾਸਤੇ ਵੀ ਕਿਧਰੋਂ ਉਧਾਰ ਲਿਆ ਹੈ।'' ਰੋਜ਼ ਸ਼ਾਮ ਨੂੰ ਪਿਤਾ ਜੀ ਕਹਿੰਦੇ ਹਨ—''ਹਾਏ। ਆਪਣਾ ਬਾਪ ਨੂੰ ਮੈਂ ਕੁਝ ਦੇ ਨਹੀਂ ਸਕਦਾ ! ਮੇਰੇ ਪਿਤਾ ਜੀ ਨੇ ਸਾਡੇ ਲਈ ਕਿੰਨੀ ਤਕਲੀਫ ਝਲੀ ਹੈ।''

''ਕੀਵਰੀਤ ਭਾਈ ਕਦੀ-ਕਦੀ ਕੁਝ ਕਹਿ ਤਾਂ ਦਿੰਦੇ ਨੇ ਪਰ ਮਨ ਉਨ੍ਹਾਂ ਦਾ ਪ੍ਰੇਮ ਭਰਿਆ ਹੈ। ਇਹ ਮੈਂ ਅੱਛੀ ਤਰ੍ਹਾਂ ਜਾਣਦੀ ਹਾਂ।''

''ਘਰ ਵਿਚ ਵੀ ਇਹ ਹੀ ਗੱਲ ਹੈ। ਗੁੱਸਾ ਆ ਜਾਏ ਤਾਂ ਮਾਂ ਨੂੰ ਤੇ ਸਾਨੂੰ ਵੀ ਖੂਬ ਲਤਾੜਦੇ ਨੇ।''

''ਦਿਲ ਦੇ ਸਾਫ ਲੋਕਾਂ ਦੀ ਆਦਤ ਇਹ ਹੀ ਹੁੰਦੀ ਹੈ। ਰੁਪੈ ਤੂੰ ਦਾਦਾ ਜੀ

ਦੇ ਹੱਥ ਵਿਚ ਹੀ ਦੇਣੇ ਹਨ । ਉਹ ਖੁਸ਼ ਹੋ ਜਾਣਗੇ......."

"ਉਥੇ ਕੌਣ ਏ ?"

"ਦਾਦਾ ਜੀ ਜਾਗ ਗਏ, ਆਓ ਪੋਨੰਮਾ ।"

ਲੀਲਾਅੰਮਾ ਅਤੇ ਪੋਨੰਮਾ ਚੜ੍ਹਦੇ ਪਾਸੇ ਦੇ ਵਿਹੜੇ ਵਿਚ ਚਲੀਆਂ ਗਈਆਂ । ਉਸ ਸਮੇਂ ਵੀ ਕੁੰਏਨਾਚੰਨ ਅੱਖੀਆਂ ਬੰਦ ਕਰੀ ਲੇਟੇ ਹੋਏ ਸਨ ।

"ਦਾਦਾ ਜੀ"

"ਕੌਣ ?"

"ਮੈਂ ਹਾਂ—ਪੋਨੰਮਾ ।........"

"ਕਦੋਂ ਆਈ ?"

"ਥੋੜ੍ਹੀ ਦੇਰ ਹੋ ਗਈ ਹੈ ।"

"ਤੇਰਾ ਸ਼ੌਹਰ ਨਹੀਂ ਆਇਆ ?"

"ਨਹੀਂ........"

ਲੀਲਾਅੰਮਾ ਨੇ ਹੱਥ ਨਾਲ ਮੂੰਹ ਘੁੱਟ ਕੇ ਆਪਣਾ ਹਾਸਾ ਰੋਕ ਲਿਆ । ਚੌਂਕੇ 'ਚੋਂ ਆਈ ਦੀਨਾਮਾ ਨੇ ਸਵਾਲ ਕੀਤਾ—

"ਪਿਤਾ ਜੀ ਨੇ ਇਨ੍ਹਾਂ ਨੂੰ ਕੌਣ ਸਮਝ ਕੇ ਬੱਚਿਆਂ ਦੀ ਗੱਲ ਪੁੱਛੀ ਹੈ ?"

"ਕੌਣ ?"

"ਅੱਖਾਂ ਖੋਲ੍ਹ ਕੇ ਵੇਖੋ ।"

ਕੁੰਏਨਾਚੰਨ ਨੇ ਮੁਸ਼ਕਿਲ ਨਾਲ ਅੱਖਾਂ ਖੋਲ੍ਹੀਆਂ । ਵੇਖਿਆ—

"ਪਲੂਪਰੰਪ ਦੀ ਲੀਲਾਅੰਮਾ । ਕਾਲਾਯੀ ਦੀ ਪੋਨੰਮਾ । ਪਿਤਾ ਜੀ ਨੂੰ ਮਿਲਣ ਲਈ ਆਈਆਂ ਹਨ ।"

"ਹੂੰ ।"

ਦੀਨਾਮਾ ਨੇ ਆਖਿਆ—

'ਇਥੇ ਮੁੰਨੀ ਵੀ ਕਈ ਵਾਰ ਬੁਲਾਉਂਦੀ ਹੈ ਤਾਂ ਕਦੀ-ਕਦੀ ਇਸੇ ਤਰ੍ਹਾਂ ਦੇ ਸਵਾਲ ਪੁੱਛ ਬੈਠਦੇ ਹਨ । ਯਾਦ ਸ਼ਕਤੀ ਕਮਜ਼ੋਰ ਪੈ ਗਈ ਹੈ ।"

"ਯਾਦ ਤਾਂ ਜ਼ਰੂਰ ਹੈ ਨੀ ! ਮੈਂ ਇਕ ਸੁਫਨਾ ਵੇਖ ਰਿਹਾ ਸਾਂ । ਕੁੰਯਮਾ ਦਾ ਸੁਫ਼ਨਾ ।"

"ਸੁਣਿਐ ? ਇਕ ਮਾਮੀ ਮਗਨੀ ਤੋਂ ਬਾਅਦ ਤੇ ਸ਼ਾਦੀ ਤੋਂ ਪਹਿਲਾਂ ਮਰ ਗਈ ਸੀ ਨਾ ? ਉਸੇ ਦੀ ਗੱਲ ਕਰਦੇਂ ਪਏ ਨੇ ।"

ਲੀਲਾਅੰਮਾ ਨੇ ਆਖਿਆ—

"ਸੁਣਿਐ ਕਿ ਛੋਟੇ ਚਾਚਾ ਤੋਂ ਵੀ ਛੋਟੀ ਸੀ ।"

ਕੰਏਨਾਚੰਨ ਬੋਲ ਪਏ—"ਸੋਨੇ ਵਰਗਾ ਰੰਗ ਸੀ ।"

"ਸੋ ਇਹ ਸਭ ਗੱਲਾਂ ਯਾਦ ਕਦਨ ਦਾ ਹੁਣ ਕੀ ਲਾਭ ਦਾਦਾ ਜੀ ?"

"ਐਵੇਂ ਹੀ ਯਾਦ ਆ ਰਹੀ ਏ ।"

"ਪਿਤਾ ਜੀ ਨੇ ਸੁਣਿਐ, ਕੁੰਯੂਚੇਰੁਕਨ ਚਾਚਾ ਇਕ ਵੱਡਾ ਸਾਰਾ ਮਕਾਨ

ਬਣਾਉਣ ਵਾਲੇ ਨੇ । ਕਲ੍ਹ ਜ਼ਮੀਨ ਦੀ ਪਰਖ ਆਦਿ ਹੋ ਗਈ ਹੈ ।''

''ਕੀ ?''

ਦੀਨਾਮਾ ਨੇ ਆਪਣੀ ਗੱਲ ਮੁੜ ਦੁਹਰਾਈ ।

''ਕਿਸ ਨੇ ਕਿਹਾ ਹੈ ?''

''ਪੋਨੰਮਾ ਨੇ । ਉਨ੍ਹਾਂ ਦਾ ਸਾਂਕੁਟੀ ਵੇਖ ਆਇਆ ਹੈ ।''

ਕੁੰਏਨਾਚੰਨ ਮੁਸਕਰਾ ਪਏ । ਸਵੱਛ ਹਾਸਾ । ਜ਼ਮੀਨ ਦਾ ਨਿਰੀਖਣ ਹੋਇਆ ਹੋਵੇਗਾ । ਨਾਪ ਤੋਲ ਵੀ ਕੀਤਾ ਹੋਵੇਗਾ । ਪਰ ਮਕਾਨ ਨਹੀਂ ਬਨਣ ਲੱਗਾ । ਜੇ ਪੁੱਛੋ ਕਿ ਕਿਉਂ ਤਾਂ ਬਸ ਇਹ ਹੀ ਸੱਚੀ ਗੱਲ ਹੈ । ਹੁਸ਼ਿਆਰੀ ਦੀ ਕਮੀ ਨਹੀਂ । ਪੂਰਾ ਹੁਸ਼ਿਆਰ ਹੈ । ਮਛਲੀਆਂ 'ਚੋਂ ਸਭ ਤੋਂ ਚਲਾਕ ਮਛਲੀ ਕਿਹੜੀ ਹੁੰਦੀ ਹੈ ? ਜਾਣਦੇ ਹੋ ? 'ਵਰਾਲ' । ਉਹ ਬੰਨੇ ਉਤੇ ਅੰਡੇ ਦਿੰਦੀ ਹੈ । ਇਸ ਦੀ ਚਤੁਰਾਈ ਨੂੰ ਵੀ ਉਸੇ ਦੀ ਚਤੁਰਾਈ ਵਰਗੀ ਸਮਝੋ । ਉਸ ਦੀ ਚਤੁਰਾਈ ਅਤੇ ਹੁਸ਼ਿਆਰੀ ਦੇ ਕਾਰਨ ਉਸ ਨੂੰ ਅੱਜ ਤੱਕ ਲਖਪਤੀ ਬਣ ਜਾਣਾ ਚਾਹੀਦਾ ਸੀ । ਫਿਰ ਵੀ ਅਜੇ ਤੱਕ ਉਹ ਝੌਂਪੜੀ ਵਿਚ ਹੀ ਰਹਿੰਦਾ ਹੈ ।

ਉਥੇ ਹੀ ਦੋ ਲੜਕੀਆਂ ਦੀ ਸ਼ਾਦੀ ਕਰ ਦਿਤੀ । ਹੁਣ ਤਾਂ ਪ੍ਰਦੇਸ ਗਏ ਮੁੰਡਿਆਂ ਦੇ ਜ਼ੋਰ ਪਾਉਣ ਤੇ ਘਰ ਬਣਾਉਣਾ ਚਾਹੁੰਦਾ ਹੈ । ਉਨ੍ਹਾਂ ਲਈ ਜਦ ਕਿਧਰੋਂ ਟਿੱਕਾ ਆਇਆ ਤਾਂ ਲੜਕੀ ਦੇ ਪਿਤਾ ਤਾਂ ਕਹਿਣਗੇ ਕਿ ਲੜਕਾ ਝੌਂਪੜੀ ਵਿਚ ਰਹਿੰਦਾ ਹੈ । ਇਸ ਲਈ ਘਰ ਦਾ ਕੰਮ ਸ਼ਾਇਦ ਚੱਲ ਵੀ ਸਕਦਾ ਹੈ........

ਸਿਰਫ਼ ਹੁਸ਼ਿਆਰੀ ਨਾਲ ਕੋਈ ਗੱਲ ਨਹੀਂ ਹੁੰਦੀ । ਈਸ਼ਵਰ ਦੀ ਇੱਛਾ ਵੀ ਤਾਂ ਚਾਹੀਦੀ ਹੈ । ਫਿਲਿਪਿਓਸ ਪੰਜਾਂ ਲੜਕਿਆਂ 'ਚੋਂ ਸਭ ਤੋਂ ਘੱਟ ਹੁਸ਼ਿਆਰ ਸੀ । ਉਹ ਛੋਟੀ ਉਮਰ ਵਿਚ ਹੀ ਮਿਹਨਤ ਦਾ ਕੰਮ ਨਹੀਂ ਸੀ ਕਰ ਸਕਦਾ । ਬਾਕੀ ਦੇ ਚਾਰੋਂ ਜੀ ਤੋੜ ਕੇ ਮਿਹਨਤ ਕਰਦੇ ਸਨ । ਤਾਂਹੀਉਂ ਉਸ ਜ਼ਮਾਨੇ ਵਿਚ ਗੁਜ਼ਾਰਾ ਹੋ ਸਕਦਾ ਸੀ । ਪੱਛਮ ਤੋਂ ਬਹੁਤ ਦੂਰੋਂ ਫ਼ਸਲ ਦੀਆਂ ਭਰੀਆਂ ਸਿਰ ਤੇ ਚੁੱਕ ਕੇ ਲਿਆਉਣੀਆਂ ਪੈਂਦੀਆਂ ਸਨ । ਘਾਟ ਤੋਂ ਗੋਬਰ ਤੇ ਰਾਖ਼ ਲਿਆਉਣੀ ਪੈਂਦੀ ਸੀ । ਅਹਾਤਿਆਂ ਵਿਚ ਕਹੀ ਚਲਾਉਣੀ ਤੇ ਖ਼ੁਦਾਈ ਕਰਨੀ ਪੈਂਦੀ ਸੀ । ਨੌਕਰਾਂ ਜਾਂ ਮਜ਼ਦੂਰਾਂ ਤੋਂ ਇਹ ਸਭ ਕੰਮ ਕਰਵਾ ਲੈਣੇ ਸੰਭਵ ਨਹੀਂ ਸਨ । ਸਭ ਵੱਡੇ ਲੜਕੇ ਜਾਗ ਜਾਂਦੇ, ਖੁਰਪੀ ਵਗੈਰਾ ਲੈ ਕੇ ਚਲ ਪੈਂਦੇ । ਸਭ ਤੋਂ ਵੱਡਾ ਇਨ੍ਹਾਂ ਦਾ ਮੁਖੀਆ ਹੁੰਦਾ ਸੀ । ਕੰਮ ਕਰਨ ਵਿਚ ਹੁਸ਼ਿਆਰੀ ਦੂਜੇ ਲੜਕੇ ਵਿਚ ਸੀ । ਕੁੰਞੁਚੇਰੁਕਨ ਉਸ ਜ਼ਮਾਨੇ ਵਿਚ ਵੀ ਸੁਸਤ ਰਹਿੰਦਾ ਤੇ ਚਲਾਕੀ ਕਰਦਾ ਸੀ । ਫਿਲਿਪਿਓਸ ਕੁਝ ਨਹੀਂ ਸੀ ਕਰਦਾ । ਪਸੀਨਾ ਆਉਣ ਨਾਲ ਉਸ ਨੂੰ ਖਾਂਸੀ ਜ਼ੁਕਾਮ ਹੋ ਜਾਂਦਾ ਸੀ । ਇਸੇ ਲਈ ਉਹ ਸਕੂਲ ਵੀ ਨਾ ਜਾ ਸਕਿਆ । ਜਦੋਂ ਉਹ ਕਰੀਬ ਸੋਲ੍ਹਾਂ ਸਾਲਾਂ ਦੀ ਸੀ ਤਾਂ ਉਸ ਦੇ ਇਕ ਮਾਮਾ ਸੜਕ ਦਾ ਠੇਕਾ ਲੈ ਕੇ ਮਜ਼ਦੂਰਾਂ ਨਾਲ ਆਏ । ਸੜਕ ਦੀ ਮੁਰੰਮਤ ਕੀ ਏ ? ਨਾਈ ਜਿਸ ਤਰਾਂ ਵਾਲਾਂ ਤੇ ਉਸਤਰਾ ਚਲਾਉਂਦਾ ਹੈ, ਬਸ ਉਸੇ ਤਰ੍ਹਾਂ ਹੀ ਸੜਕ ਦੇ ਦੋਵੇਂ ਪਾਸੇ ਥੋੜ੍ਹੇ-ਥੋੜ੍ਹੇ ਖੁਰਚ ਦਿੰਦੇ ਹਨ । ਮੈਂ ਜਦ ਆਖਿਆ ਕਿ ਇਹ ਲੜਕਾ ਬੇਕਾਰ ਬੈਠਾ ਰਹਿੰਦਾ ਹੈ ਤਾਂ ਉਸ ਦੇ

ਮਾਮਾ ਉਸ ਨੂੰ ਨਾਲ ਲੈ ਗਏ । ਉਨ੍ਹਾਂ ਦੇ ਕੋਲੋਂ ਮੁੜਿਆ ਤਾਂ ਉਸ ਦੇ ਪਾਸ ਛੋਟੀ-ਮੋਟੀ ਰਕਮ ਜਮ੍ਹਾਂ ਹੋਈ-ਹੋਈ ਸੀ । ਉਥੋਂ ਹੀ ਸ਼ੁਰੂਆਤ ਹੋ ਗਈ, ਜਿਸ ਪੱਥਰ ਨੂੰ ਨਿਕੰਮਾ ਸਮਝਦੇ ਸਾਂ, ਉਹ ਹੀ ਪੱਕੀ ਨੀਂਹ ਦਾ ਪੱਥਰ ਸਾਬਤ ਹੋਇਆ । ਉਹ ਬਾਕੀ ਚੌਹਾਂ ਨਾਲੋਂ ਹੁਸ਼ਿਆਰ ਨਿਕਲਿਆ........"

"ਦਾਦਾ ਜੀ !"

"ਹੂੰ.....ਹੂੰ........"

"ਫਿਰ ਅੱਖਾਂ ਬੰਦ ਕਰੀ ਲੇਟੇ ਹਨ ?"

"ਸੁੱਤਾ ਨਹੀਂ । ਮਨ ਵਿਚ ਕੁਝ ਗੱਲਾਂ ਆ ਰਹੀਆਂ ਹਨ ।"

"ਇੰਨੀਆਂ ਗੱਲਾਂ ਯਾਦ ਕਰਨ ਦੀ ਕੀ ਲੋੜ ਪਈ ਹੈ ?"

"ਤੂੰ ਮੇਰੀ ਉਂਗਲੀ ਜ਼ਰਾ ਪਕੜ । ਉਪਰ ਉਠਾਂ ।"

ਪੌਨੰਮਾ ਨੇ ਸਹਾਰਾ ਦੇ ਕੇ ਉਠਾਇਆ ।

"ਸੋਟੀ ਲੈ ਆਓ !"

"ਦਾਦਾ ਜੀ ਚਲ ਸਕਦੇ ਹੋ ?"

ਸੋਟੀ ਦੇ ਬਲ ਉਠੇ । ਪੌੜੀਆਂ ਦੇ ਮੋਢੇ ਤੇ ਹੱਥ ਰਖ ਕੇ ਵਿਹੜੇ ਵਿਚ ਉਤਰ ਆਏ । ਹਵਾ ਲੱਗਣ ਨਾਲ ਆਰਾਮ ਮਿਲਿਆ । ਹਮੇਸ਼ਾ ਲੇਟੇ ਰਹਿਣ ਨਾਲ ਬਹੁਤ ਥਕਾਨ ਮਹਿਸੂਸ ਹੋਣ ਲੱਗ ਪੈਂਦੀ ਹੈ । ਹੱਥ-ਪੈਰ ਹਿਲਾਣ ਦੀ ਇਜਾਜ਼ਤ ਮਿਲੇ ਤਾਂ ਹੀ ਏ ਨਾ ?

ਦੋਹਾਂ ਲੜਕੀਆਂ ਨੂੰ ਗੌਰ ਨਾਲ ਵੇਖਿਆ । ਵੱਡੇ ਦੀ ਲੜਕੀ ਆਪਣੀ ਮਾਂ ਵਾਂਗ ਗੋਰੀ, ਸਵਸਥ ਤੇ ਸੁੰਦਰ ਹੈ । ਫਿਲਿਪਓਸ ਦੀ ਬੇਟੀ ਛੋਟੀ ਉਮਰ ਵਿਚ ਖਾਜ-ਖੁਜਲੀ ਦਾ ਸ਼ਿਕਾਰ ਰਹੀ ਸੀ । ਹੁਣ ਚਿਹਰੇ ਤੇ ਰੌਣਕ ਹੈ । ਇਹ ਤਾਂ ਕੁਦਰਤ ਦਾ ਨਿਯਮ ਹੈ । ਨਿਕੰਮੀ ਤੋਂ ਨਿਕੰਮੀ ਚੀਜ਼ ਵੀ ਜਵਾਨੀ ਵਿਚ ਚਮਕ ਉਠਦੀ ਹੈ......

ਕੁੰਏਨਾਚੰਨ ਬਰਾਮਦੇ ਵਿਚ ਬੈਠ ਗਏ ਤੇ ਪੁੱਛਣ ਲੱਗੇ—

"ਸੁਣਿਐ ਕਿ ਤੇਰੇ ਬਾਪ ਨੇ ਅੱਜਕਲ੍ਹ ਬਲਦਾਂ ਦਾ ਸੌਦਾ ਸ਼ੁਰੂ ਕੀਤਾ ਹੈ । ਕੀ ਇਹ ਖਬਰ ਠੀਕ ਏ ?"

ਲੀਲਾਅੰਮਾ ਬੋਲੀ—

"ਮੈਨੂੰ ਨਹੀਂ ਪਤਾ ।"

"ਪੈਸਾ ਮਿਲੇਗਾ, ਪਰ ਕੰਮ ਮਨਹੂਸ ਹੈ ।"

ਲੀਲਾਅੰਮਾ ਨੇ ਜਵਾਬ ਨਹੀਂ ਦਿਤਾ । ਉਹ ਕੀ ਜਵਾਬ ਦੇਵੇ ?

ਤਲੱਪਲੀ ਪਿੰਡ ਦਾ ਚੇਵਿਅਨ (ਲੰਮੇ ਕੰਨ ਵਾਲਾ) ਨਾਨੂ ਨਾਂ ਦਾ ਦਲਾਲ ਸੀ । ਉਹ ਇਸ ਮੰਡੀ 'ਚੋਂ ਦੋ ਸੌ ਕਮਾਉਂਦਾ ਸੀ । ਮੰਨ ਲਵੋ ਕਿ ਤੁਸੀਂ ਇਕ ਬਲਦ ਮੰਡੀ ਵਿਚ ਲੈ ਕੇ ਜਾਂਦੇ ਹੋ । ਉਸ ਦਾ ਜਾਂ ਤਾਂ ਦੰਦ ਖਰਾਬ ਹੈ ਜਾਂ ਫਿਰ ਉਸ ਦਾ ਪੈਰ ਠੀਕ ਨਹੀਂ । ਨਾਨੂ ਨੂੰ ਮਿਲਦੇ ਹੋ । ਦਲਾਲੀ ਦਿਓਗੇ । ਮਾਲ ਵੇਚਣਾ ਮਨਜ਼ੂਰ । ਇਕ ਈਸਾਈ ਝੋਲੀ ਵਿਚ ਰੁਪਿਆ ਲੈ ਕੇ ਬੈਲ ਖਰੀਦਣ ਉਸੇ ਮੰਡੀ ਵਿਚ ਆਉਂਦਾ ਹੈ । ਨਾਨੂ ਉਸ ਨਾਲ ਦੋਸਤੀ ਕਰ ਲੈਂਦਾ ਹੈ । ਪੁੱਛਦਾ ਹੈ ਕਿਸ ਭਾਅ ਦਾ ਬੈਲ

ਚਾਹੀਦਾ ਹੈ। ਚਾਲ੍ਹੀ ਤੋਂ ਸਠ ਰੁਪੈ ਤੱਕ ਸੌਦਾ ਕਰਾ ਦੇਵੇਗਾ। ਉਸ ਨੂੰ ਦਲਾਲੀ ਚਾਹੀਦੀ ਹੈ।

ਨਾਣੂ ਗਾਹਕ ਨੂੰ ਲੈ ਕੇ ਤੁਹਾਡੇ ਕੋਲ ਇਸ ਤਰ੍ਹਾਂ ਆਉਂਦਾ ਹੈ ਜਿਵੇਂ ਉਹ ਤੁਹਾਨੂੰ ਬਿਲਕੁਲ ਨਹੀਂ ਜਾਣਦਾ। ਪੁਛਦਾ ਹੈ, "ਇਸ ਬੈਲ ਨੂੰ ਕਿੰਨੇ 'ਚ ਵੇਚੋਗੇ ?" ਭਾਅ ਦਸਦਿਆਂ ਹੀ ਬੈਲ ਦੀ ਜਾਂਚ ਸ਼ੁਰੂ ਹੋ ਜਾਂਦੀ ਹੈ। ਨਾਣੂ ਖੁਦ ਉਸ ਨੂੰ ਚਲਾਂਦਾ ਹੈ। ਉਸ ਦੇ ਦੰਦ ਗਿਣਦਾ ਹੈ, ਟੋਹ-ਟਾਹ ਕੇ ਪਿੱਠ ਸਵਾਰ ਕੇ ਵੇਖਦਾ ਜਾਂਚਦਾ ਹੈ। ਇਸ ਦੇ ਬਾਅਦ ਗਾਹਕ ਦੇ ਕੰਨਾਂ ਵਿਚ ਕੁਝ ਆਖਦਾ ਹੈ।—ਗੱਲ ਬਣ ਗਈ। ਇਹ ਹੀ ਦਲਾਲ ਦੀ ਚਲਾਕੀ ਹੈ। ਤਾਂ ਕੀ ਕਹਿ ਰਿਹਾ ਸਾਂ ? ਇਸ ਤਰ੍ਹਾਂ ਪੈਸੇ ਲੈਂਦੇ-ਦੇਂਦੇ ਤੇ ਸ਼ਰਾਬ ਪੀਂਦਿਆਂ ਨਾਣੂ ਗੁਲਛੱਰੇ ਉਡਾਂਦਾ ਰਿਹਾ। ਪਰ ਆਖਰੀ ਦਿਨਾਂ ਵਿਚ ਮੂੰਹੋਂ ਆਵਾਜ਼ ਤੱਕ ਨਹੀਂ ਸੀ ਨਿਕਲ ਸਕਦੀ।......"

ਲੀਲਾਅੰਮਾ ਅਤੇ ਪੋਨੰਮਾ ਹੱਸ ਪਈਆਂ। ਦੀਨਾਮਾ ਨੇ ਪੁਛਿਆ—

"ਬਾਬੂ ਜੀ, ਇਨ੍ਹਾਂ ਬੱਚਿਆਂ ਨੂੰ ਇਹ ਸਭ ਕੁਝ ਕਿਉਂ ਸੁਣਾ ਰਹੇ ਹੋ ?"

"ਐਵੇਂ ਹੀ ਸੁਣਾ ਰਿਹਾ ਸਾਂ।"

"ਬੱਚਿਓ ਐਵੇਂ ਹੀ ਸੁਣਾ ਰਹੇ ਨੇ।"

"ਕਿੰਨੇ ਵਜੇ ਨੇ ? ਮੁੰਨੀ ਨਹੀਂ ਆਈ ?"

"ਹੁਣੇ ਆਉਂਦੀ ਹੀ ਹੋਵੇਗੀ।"

ਲੀਲਾਅੰਮਾ ਨੇ ਆਪਣੇ ਹੱਥ ਦੀ ਕਾਗਜ਼ ਦੀ ਪੋਟਲੀ ਦਾਦਾ ਜੀ ਦੇ ਹਥ ਦਿੰਦਿਆਂ ਕਿਹਾ—

"ਦਾਦਾ ਜੀ ਇਹ ਪਿਤਾ ਜੀ ਨੇ ਦਿਤੇ ਨੇ।"

"ਕੀ ਹੈ ?"

"ਦਾਦਾ ਜੀ ਨੂੰ ਤੇਲ ਅਤੇ ਉਬਟਨ ਖਰੀਦਣ ਲਈ।"

ਪੋਨੰਮਾ ਨੇ ਆਖਿਆ—

"ਜੋਯੀ ਭਈਆ ਨੂੰ ਲਿਖਿਆ ਹੈ ਆਉਂਦੀ ਵਾਰ ਦਾਦਾ ਜੀ ਲਈ ਇਕ ਊਨੀ ਚਾਦਰ ਲੈ ਆਉਣ।"

"ਕਿਹੜੇ ਜੋਯੀ ਭਈਆ ?"

ਦੀਨਾਮਾ ਬੋਲੀ—

"ਉਸ ਦਾ 'ਮਰਦ' !"

"ਮਰਦ ਭਈਆ ਹੈ ?"

"ਨਵੇਂ ਜ਼ਮਾਨੇ ਵਿਚ ਇਸੇ ਤਰ੍ਹਾਂ ਆਖਦੇ ਨੇ।"

ਲੀਲਾਅੰਮਾ ਅਤੇ ਦੀਨਾਮਾ ਜ਼ੋਰ ਦੀ ਹੱਸ ਪਈਆਂ।

ਲੀਲਾਅੰਮਾ ਬੋਲੀ—

"ਦਾਦਾ ਜੀ, ਅਸੀਂ ਜਾਈਏ ?"

"ਨੁੱਕੜ ਤੱਕ ਮੈਂ ਵੀ ਚੱਲਾਂਗਾ।"

ਕੁੰਏਨਾਚੰਨ ਸੋਟੀ ਦੇ ਸਹਾਰੇ ਉਠੇ।

'ਹਾਏ ! ਦਾਦਾ ਜੀ ਚਲ ਸਕਣਗੇ ?''

''ਹਾਂ, ਹਾਂ।''

''ਚਾਚੀ ਜੀ।''

''ਚਾਚੀ-ਕਾਕੀ ! ਮੈਂ ਹੀ ਤਾਂ ਆਖਿਐ ਕਿ ਆਵਾਂਗੀ।''

''ਪਿਤਾ ਜੀ ਇਹ ਕੀ ਕਹਿ ਰਹੇ ਨੇ ? ਚੱਕਰ ਆਇਆ ਤਾਂ ਡਿੱਗ ਪੈਣਗੇ ?''

ਦੀਨਾਮਾ ਚੁੱਪ ਰਹੀ। ਉਸ ਨੂੰ ਪਤਾ ਹੈ ਕਿ ਮੰਨਣ ਨਹੀਂ ਲੱਗੇ।

''ਸਾਥ ਦੇਣਾ ਬੱਚੀਓ ! ਅੱਚਨਕੁੰਯੂ ਜਾਂ ਸੰਣੀ ਦੇ ਨਾਲ ਹੀ ਵਾਪਸ ਭੇਜਣਾ—ਸਿਸਿਲੀ ਦੇ ਪਿਤਾ ਦੇ ਕੰਨੀਂ ਖਬਰ ਪੈ ਗਈ ਤਾਂ ਵਿਗੜਨਗੇ।''

ਚੱਲ ਪਏ ! ਪੋਨੰਮਾ ਅਤੇ ਲੀਲਾਅੰਮਾ ਦੋਹਾਂ ਬਗਲਾਂ ਵਿਚ ਸਨ। ਵਿਹੜੇ ਤੋਂ ਬਾਹਰ ਪੈਰ ਰਖਿਆਂ ਪੂਰਾ ਮਹੀਨਾ ਹੋ ਚੁਕਾ ਹੈ। ਆਸਮਾਨ, ਹਰਿਅਲੀ, ਖੇਤੀ ਦਾ ਮੈਦਾਨ, ਗਿਰਜਾਘਰ ਆਦਿ ਨਾਲ ਦਿਲ ਨੂੰ ਤਰਾਵਟ ਆਉਂਦੀ ਹੈ। ਬੰਦ ਪਿੰਜਰੇ 'ਚੋਂ ਬਾਹਰ ਨਿਕਲਣ ਜਿਹਾ ਜੋਸ਼ ਮਹਿਸੂਸ ਹੁੰਦਾ ਹੈ। ਇਹ ਸਾਰੀ ਜ਼ਮੀਨ ਮੈਂ ਆਪਣੇ ਇਨ੍ਹਾਂ ਪੈਰਾਂ ਨਾਲ ਗਾਹੀ ਹੋਈ ਹੈ। ਇਹ ਸਾਰੇ ਪੇੜ-ਪੌਦੇ ਮੇਰੇ ਵੇਖਦੇ-ਵੇਖਦੇ ਅੰਗੂਰ ਫੁੱਟਣ ਤੋਂ ਲੈ ਕੇ ਪੂਰੇ ਕੱਦ ਦੇ ਹੋਏ ਹਨ। ਕੁਝ ਦਿਨਾਂ ਬਾਅਦ ਮੈਂ ਨਹੀਂ ਰਹਾਂਗਾ। ਇਹ ਮਿੱਟੀ ਅਤੇ ਇਹ ਬੂਟੇ ਜ਼ਰੂਰ ਰਹਿਣਗੇ। ਬਸ ਅਸੀਂ ਹੀ ਨਹੀਂ ਹੋਣਾ। ਜਾਵਾਂਗੇ ਕਿਥੇ ? ਸਵਰਗ ਜਾਂ ਨਰਕ। ਕੌਣ ਜਾਣੇ ? ਸਵਰਗ ਜਾਣ ਵਾਲਾ ਪੁੰਨ ਕੀਤਾ ਨਹੀਂ। ਨਰਕ ਜਾਣ ਵਾਲਾ ਮਹਾ ਪਾਪ.,....ਸਾਫ ਦਿਸਦਾ ਨਹੀਂ। ਭੈੜੇ ਮਨ ਨਾਲ ਜਾਣ ਬੁਝ ਕੇ ਕੋਈ ਪਾਪ ਨਹੀਂ ਕੀਤਾ : ਗੁਜ਼ਾਰੇ ਵਾਸਤੇ ਤਾਂ ਕੁਝ ਜ਼ਰੂਰ ਕੀਤਾ ਹੈ। ਨਾਦਿਰ ਲੋਕਾਂ ਨਾਲ ਲੜਾਈ ਝਗੜਾ ਹੋਇਆ, ਕੀ ਇਹ ਪਾਪ ਹੈ ? ਬਹੁਤ ਸਾਰੇ ਲੋਕ ਜਦ ਮਗਰੂਰ ਹੋ ਕੇ ਅਨਿਆਇ ਕਰਨ ਲਈ ਤੁਲ ਗਏ ਤਾਂ ਮੈਂ ਉਨ੍ਹਾਂ ਅੱਗੇ ਗੋਡੇ ਨਹੀਂ ਟੇਕੇ। ਨਿਆਏ ਨਿਰਣੇ ਦੇ ਦਿਨਾਂ ਵਿਚ ਯਹੋਵਾ ਦੇ ਜਨ ਨੇ ਵੀ ਅਨਿਆਇ ਨੂੰ ਰੋਕਿਆ ਸੀ। ਹਾਂ ਪਰ, ਡੇਵਿਡ ਦੀ ਤਰ੍ਹਾਂ ਇਕ ਪਾਪ ਕੀਤਾ ਹੈ। ਯਹੋਵਾ ਨੇ ਮੂਸਾ ਨੂੰ ਜੋ ਦਸ ਉਪਦੇਸ਼ ਦਿਤੇ ਸਨ ਉਨ੍ਹਾਂ 'ਚੋਂ ਸਤਵੇਂ ਤੇ ਸਭ ਤੋਂ ਪ੍ਰਧਾਨ ਹੁਕਮ ਦੀ ਉਲੰਘਣਾ ਕੀਤੀ ਸੀ। ਉਨ੍ਹਾਂ ਦਿਨਾਂ 'ਚ ਪਾਪ ਅਤੇ ਪੁੰਨ ਸੋਚਣ ਦੀ ਫੁਰਸਤ ਨਹੀਂ ਸੀ। ਉਸ ਵਾਸਤੇ ਭਾਵੇਂ ਨਰਕ ਦੀ ਸਜ਼ਾ ਮਿਲੇ। ਪ੍ਰਕਾਸ਼ਿਤ ਵਾਕਕਾਰ ਨੇ ਆਖਿਆ ਹੈ। ਆਕਾਸ਼ ਤੋਂ ਅੱਗ ਉਗਲਦੇ ਗੰਧਕ ਦੇ ਤਾਲਾਬ ਵਿਚ ਸ਼ਾਇਦ ਧਕੇਲ ਦੇਵੇ। ਕੌਣ ਜਾਣੇ ?

ਚੌਰਾਹੇ ਵਿਚ ਰਾਮਕ੍ਰਿਸ਼ਨਨ ਦੀ ਦੁਕਾਨ ਦੇ ਸਾਹਮਣੇ ਬੈਂਚ ਤੇ ਬੈਠ ਗਏ। ਰਾਮਕ੍ਰਿਸ਼ਨਨ ਨੇ ਖ਼ੁਦ ਅੱਗੇ ਵਧ ਕੇ ਉਨ੍ਹਾਂ ਨੂੰ ਬੈਂਚ ਤੇ ਬਿਠਾਇਆ ਸੀ।

''ਕਾਰੋਬਾਰ ਕੈਸਾ ਚੱਲ ਰਿਹਾ ਹੈ ?''

''ਚੱਲ ਰਿਹਾ ਹੈ। ਪਰ ਚੱਲਦਾ ਨਹੀਂ, ਅਸਲ ਵਿਚ ਚਲਾ ਰਿਹਾ ਹਾਂ। ਸਾਡੇ ਲੋਕਾਂ ਨੂੰ ਤੁਸੀਂ ਜਾਣਦੇ ਹੋ। ਖਰੀਦਣ ਲੱਗਿਆਂ ਪੈਸਾ ਦਿੰਦੇ ਨਹੀਂ। ਪੁੱਛਣ ਤੇ ਵਿਗੜ ਜਾਂਦੇ ਹਨ। ਕੀ ਕੀਤਾ ਜਾਏ ?''

''ਮੁਸ਼ਕਿਲ ਹੈ।''

"ਕੁੰਏਨਾਚੰਨ ਬੁਰਾ ਨਾ ਮਨਾਉਣਾ। ਆਪ ਦੇ ਪੁੱਤਰ ਕੋਲੋਂ ਅਜੇ ਸੱਠ-ਸੱਤਰ ਰੁਪੈ ਲੈਣੇ ਨੇ। ਸੌਦਾ ਲਿਆਂ ਪੰਜ ਛੇ ਮਹੀਨੇ ਲੰਘ ਗਏ ਹਨ।"

"ਕੌਣ ? ਕੁੰਯੂਚੇਰੁਕਨ ?"

"ਹਾਂ।"

"ਪਿਛਲੇ ਮਹੀਨੇ ਕੀ ਚਾਲ੍ਹੀ-ਪੰਜਾਹ ਰੁਪੈ ਦਿੱਤੇ ਨਹੀਂ ?"

"ਕਿਥੋਂ ? ਚਾਰ ਪੈਸੇ ਵੀ ਨਹੀਂ ਦਿਤੇ। ਪੁੱਛਿਆ ਤਾਂ ਖੂਬ ਗਾਲ੍ਹਾਂ ਕੱਢੀਆਂ ਤੇ ਗੱਜਨ ਲਗ ਪਿਆ। ਹੁਣ ਸੌਦਾ ਲੈਣਾ ਵੀ ਬੰਦ ਕਰ ਦਿਤਾ ਹੈ।"

ਕੁੰਏਨਾਚੰਨ ਨੇ ਇਸ ਦੇ ਅੱਗੇ ਕੁਝ ਨਹੀਂ ਆਖਿਆ। ਆਪਣੇ ਦੰਦ ਹੀ ਖੁਰਚ ਕੇ ਕਿਉਂ ਸੁੰਘੇ ?

ਪਤਾ ਨਹੀਂ, ਕਿਥੋਂ ਆਇਆ। ਫਿਲਿਪਿਓਸ ਹੱਥ ਵਿਚ ਸਾਈਕਲ ਪਕੜੀ ਦੁਕਾਨ ਦੇ ਸਾਹਮਣੇ ਖੜਾ ਸੀ।

"ਪਿਤਾ ਜੀ ਇਥੇ ਕਿਵੇਂ ਬੈਠੇ ਨੇ ?"

"ਕੀ ?"

"ਇਥੇ ਕਿਵੇਂ ਬੈਠੇ ਹੋ ?"

"ਉਹ, ਛੜੀ ਟੇਕ ਕੇ ਹੌਲੀ-ਹੌਲੀ ਚਲਣ ਦੀ ਕੋਸ਼ਿਸ਼ ਕਰ ਰਿਹਾ ਸਾਂ।

ਕਿੰਨਾ ਚਿਰ ਮੰਜੀ ਤੇ ਪਿਆ ਰਹਾਂ ?

"ਜੇ ਰਸਤੇ ਵਿਚ ਚੱਕਰ ਆ ਜਾਏ ਤਾਂ ?"

"ਨਹੀਂ, ਕੁਝ ਨਹੀਂ ਹੁੰਦਾ।"

"ਕੁਝ ਨਹੀਂ ਹੁੰਦਾ ! ਉਸ ਰੋਜ਼ ਮੈਂ ਜਿਹੜੇ ਪੈਸੇ ਦਿਤੇ ਸਨ ਕੀ ਉਹ ਮੰਝਲੇ ਨੂੰ ਉਧਾਰ ਦੇ ਦਿਤੇ ?"

ਕਿਸ ਨੇ ਆਖਿਐ ?"

"ਭਾਵੇਂ ਕਿਸੇ ਵੀ ਆਖਿਆ ਹੋਵੇ, ਕੀ ਦਿਤੇ ਸਨ ?"

ਕੁੰਏਨਾਚੰਨ ਚੁਪ ਸਨ। ਚੌਰਾਹੇ ਤੇ ਖੜੇ ਹੋ ਕੇ ਗਲਤ-ਮਲਤ ਦੱਸੇ ਬਗੈਰ ਹੀ ਘਰ ਜਾਓ......

"ਇਕੱਲੇ ਪਿਤਾ ਜੀ ਨੇ ਉਨ੍ਹਾਂ ਨੂੰ ਇੰਨਾ ਵਿਗਾੜ ਰਖਿਆ ਹੈ। ਚੁਪ ਕਿਵੇਂ ਰਹਾਂ ? ਲੜਕਿਆਂ ਦੀ ਮਦਦ ਕਰਨੀ ਹੋਵੇ ਤਾਂ ਆਪਣੀ ਕਮਾਈ ਦੇ ਪੈਸਿਆਂ ਨਾਲ ਕਰੋ।"

ਕੁੰਏਨਾਚੰਨ ਤਾਂ ਵੀ ਮੋਨ ਧਾਰੀ ਰਿਹਾ।

"ਉਸ ਦਿਨ ਬੇਟੇ-ਪੋਤੇ ਸਾਰੇ ਹੀ ਹੈ ਸਨ ਨਾ ? ਹੋਰ ਕਿਸ-ਕਿਸ ਨੇ ਖਰਚ ਲਈ ਪੈਸੇ ਦਿਤੇ ?"

"ਸਿਰਫ਼ ਤੂੰ ਹੀ ਦਿਤੇ। ਤੂੰ ਦੇ ਦਿਤੇ ਤਾਂ ਉਹ ਮੇਰੇ ਹੋ ਗਏ ਨਾ ? ਜਿਸ ਨੂੰ ਚਾਹਾਂ ਦੇਵਾਂ, ਤੇਰਾ ਮਤਲਬ ?"

"ਮੈਂ ਇਸ ਤਰ੍ਹਾਂ ਐਰੇ-ਗੈਰੇ ਨੂੰ ਨਹੀਂ ਖਵਾਉਣਾ-ਪਿਆਉਣਾ ਚਾਹੁੰਦਾ। ਇਕ ਵਾਰ ਦੇਣਾ ਹੀ ਕਾਫੀ ਨਹੀਂ। ਫਿਰ ਵੀ ਚਾਹੀਦੇ ਨੇ ਨਾ ?"

"ਨਹੀਂ ਚਾਹੀਦੇ, ਜਾ।"

"ਜਾ, ਇਹ ਬੁਰੀਆਂ ਆਦਤਾਂ ਪਾਉਣ ਨਾਲ ਹੀ......"

"ਕੀ ਤੂੰ ਮੈਨੂੰ ਡਰਾਉਣ-ਧਮਕਾਉਣ ਆਇਆ ਹੈਂ ? ਜਾ ਓਏ ! ਤੂੰ ਨਹੀਂ ਵੇਖਿਆ ਕਿ ਮੇਰੀ ਮੁੱਛ ਤੋਂ ਕਿੰਨਾ ਝੜ ਗਿਆ ਹੈ ? ਅੱਧਾ ਭਰਿਆ ਘੜਾ ਹੀ ਛਲਕਦਾ ਹੈ। ਤੂੰ ਹੋਛਾ ਹੈਂ। ਤੂੰ ਕਮੀਨਾ ਹੈਂ......"

ਗੱਲਾਂ ਸੁਣ ਕੇ ਭੀੜ ਜਮ੍ਹਾਂ ਹੋਣ ਲੱਗ ਪਈ। ਕਿਸੇ ਨੇ ਆਖਿਆ—

"ਜਾਣ ਦਿਓ, ਕੁੰਏਨਾਚੰਨ, ਕੋਈ ਸੁਣੇ ਤਾਂ ਕੀ ਆਖੇ ?"

"ਓਏ, ਉਹ ਤਾਂ ਉਸ ਨੂੰ ਸੁੱਝਣਾ ਚਾਹੀਦਾ ਹੈ ਨਾ ?"

ਫਿਲਿਪਿਓਸ ਕੁਝ ਬੋਲੇ ਬਗੈਰ ਸਾਈਕਲ ਤੇ ਚਲਾ ਗਿਆ। ਜੋ ਲੋਕ ਇਕੱਠੇ ਹੋਏ ਸਨ, ਉਨ੍ਹਾਂ 'ਚੋਂ ਇਕ ਦੀ ਫਿਲਿਪਿਓਸ ਨਾਲ ਨਹੀਂ ਸੀ ਬਣਦੀ, ਉਹ ਬੋਲ ਪਿਆ—"ਸ਼ਰਮ ਤੇ ਬੇਸ਼ਰਮੀ ਦਾ ਫ਼ਰਕ ਨਾ ਬਾਪ ਜਾਣਦਾ ਹੈ ਨਾ ਬੇਟਾ।"

ਉਸ ਦੇ ਸਾਥੀ ਨੇ ਅੱਗੋਂ ਗੱਲ ਜੋੜੀ—"ਸਿਰਫ਼ ਪੈਸਾ ਜਮ੍ਹਾਂ ਕਰਨ ਨੂੰ ਹੀ ਸਭ ਕੁਝ ਹਾਸਲ ਸਮਝਣਾ ਭਾਰੀ ਭੁਲ ਹੈ।"

ਕੀਵਰੀਤ ਦਾ ਛੋਟਾ ਬੇਟਾ ਅੱਚਨਕੁੰਯ ਅਤੇ ਕੁੰਯੁਚੇਰੁਕਨ ਦਾ ਚੌਥਾ ਲੜਕਾ ਸੰਣੀ ਕੁੰਏਨਾਚੰਨ ਨੂੰ ਲੈ ਜਾਣ ਲਈ ਆ ਗਏ। ਦੋਹਾਂ ਪੋਤਰਿਆਂ ਨਾਲ ਉਹ ਚਲੇ ਗਏ। ਨਾਕੇ ਤੇ ਬੈਠ ਕੇ ਇੰਨਾ ਕੁਝ ਕਹਿ ਦੇਣਾ ਗਲਤ ਸੀ। ਪਰ ਜੇ ਕੋਈ ਕਹਿਣ ਤੇ ਮਜਬੂਰ ਕਰ ਦੇਵੇ ਤਾਂ ਚੁਪ ਕਿਵੇਂ ਰਿਹਾ ਜਾਏ ? ਕਮਜ਼ੋਰੀ ਵਿਚ ਘਰੋਂ ਨਿਕਲ ਕੇ ਬੜੀ ਭੁਲ ਕੀਤੀ। ਜਾਨਾ ਵਾਂ......"

"ਦਾਦਾ ਜੀ ਇੰਨੀ ਦੂਰ ਕਿਉਂ ਤੁਰ ਕੇ ਆ ਗਏ।"

"ਓ ਜਾਣਦਾ ਹੈ ਨਾ ਕਿ ਚਲਣਾ ਕਿਧਰੇ ਭੁਲ ਹੀ ਤਾਂ ਨਹੀਂ ਗਿਆ ?"

ਸੰਣੀ ਬੋਲਿਆ—

ਵਾਹ !"

ਸੰਣੀ ਬਜ਼ੁਰਗਾਂ ਵਾਂਗ ਗੱਲਾਂ ਕਰਦਾ ਹੈ। ਹੁਸ਼ਿਆਰੀ ਤੇ ਹਿੰਮਤ ਇਸ ਨੂੰ ਆਪਣੇ ਪਿਤਾ ਤੋਂ ਵਿਰਾਸਤ ਵਿਚ ਮਿਲੀ ਹੈ। ਹੈ ਵੀ ਤਗੜਾ। ਸੀਨਾ ਤਾਣ ਕੇ ਚੱਲੇ ਤਾਂ ਰਾਹ ਜਾਂਦੇ ਇਕ ਵਾਰ ਜ਼ਰੂਰ ਰੁਕ ਕੇ ਵੇਖਣਗੇ......

"ਤੇਰੀ ਉਮਰ ਕਿੰਨੀ ਹੈ ?"

"ਮੇਰੀ ਜਾਂ ਅੱਚਨਕੁੰਯੁ ਦੀ ?"

"ਤੇਰੀ"

"ਪੰਦਰਾਂ।"

ਅੱਚਨਕੁੰਯੁ ਬੋਲਿਆ—

"ਮੈਂ ਸੋਲਾਂ ਪੂਰੇ ਕਰ ਚੁਕਾ ਹਾਂ।"

ਦੋਹਾਂ ਨੂੰ ਵਾਰੀ-ਵਾਰੀ ਵੇਖਿਆ। ਪੰਦਰਾਂ ਵਾਲਾ ਸੋਲਾਂ ਵਾਲੇ ਦਾ ਵੱਡਾ ਭਰਾ ਜਾਪਦੇ। ਉਪਜਾਊ ਜ਼ਮੀਨ ਵਿਚ ਬੀਜਿਆ ਨਾਰੀਅਲ ਦਾ ਰੱਖ। ਗੱਲ ਹੋਰ ਵੀ ਹੈ। ਇਸ ਦੀ ਮਾਂ ਪੰਜ ਸੇਰ ਚਾਵਲ ਚਾਰ ਗਰਾਹੀਆਂ ਵਿਚ ਹੀ ਹਜਮ ਕਰ ਜਾਂਦੀ ਹੈ।

ਅੱਛੀ ਖੁਰਾਕ ਮਿਲੀ। ਢਾਂਚਾ ਵੀ ਚੰਗਾ ਹੈ......

"ਤੂੰ ਕਿਸ ਜਮਾਤ ਵਿਚ ਪੜਨੈ ?"

"ਛੇਵੀਂ ਵਿਚ।"

"ਮਟਿੰਗਲੀਸ਼ (ਮੈਟ੍ਰਿਕ) ਦੇ ਬਾਅਦ ਕੀ ਕਰਨ ਦਾ ਖਿਆਲ ਹੈ ?"

ਅੱਚਨਕੁੰਯੁ ਨੇ ਆਖਿਆ—

"ਸਾਡੇ ਪਿਤਾ ਜੀ ਆਖਦੇ ਹਨ ਕਿ ਕਿਧਰੇ ਵੀ ਜਾਓ। ਕਿਸੇ ਨਾਲ ਵੀ ਮਿਲ ਕੇ ਰੋਟੀ ਦਾ ਸਵਾਲ ਹੱਲ ਕਰੋ।"

"ਠੀਕ ਹੈ ਨਾ ? ਉਹ ਹੋਰ ਕੀ ਕਰੇਂਗਾ ?"

ਸ਼ੰਣੀ ਬੋਲਿਆ—

"ਮੈਂ ਦਾਨੀ ਭਈਆ ਨਾਲ ਬੰਬਈ ਜਾਵਾਂਗਾ।"

"ਹੂੰ, ਕਿਧਰੇ ਜਾਓ।" ਜਿਹਾ ਕਿ ਕੀਵਰਗੀਤ ਨੇ ਆਖਿਐ। ਰੋਟੀ ਦਾ ਸਵਾਲ ਹੱਲ ਕਰ ਲਵੋ।

ਅੱਚਨਕੁੰਯੁ ਨੇ ਸਵਾਲ ਕੀਤਾ—

"ਰਾਜਨ ਭਈਆ ਨੂੰ ਆਖਾਂ ਤਾਂ ਕੀ ਮੈਨੂੰ ਵੀ ਫ਼ੌਜ ਵਿਚ ਭਰਤੀ ਕਰਵਾ ਦੇਣਗੇ ਦਾਦਾ ਜੀ ?"

"ਉਸ ਨੂੰ ਪੁਛ ਤਾਂ ? ਸੁਣਿਐ ਕਿ ਅਗਲੇ ਮਹੀਨੇ ਆ ਰਿਹਾ ਹੈ।

ਫਾਟਕ ਤੇ ਪਹੁੰਚ ਕੇ ਦੋਹਾਂ ਨੂੰ ਵਾਪਸ ਮੋੜ ਦਿਤਾ। ਅੰਦਰ ਕੋਈ ਗੱਲਬਾਤ ਕਰ ਰਹੇ ਸਨ। ਕੋਲ ਜਾ ਕੇ ਵੇਖਿਆ ਤਾਂ ਪਤਾ ਲੱਗਾ, "ਕੁਰੁਪ"।

'ਤਾਂ ਸਿਸਿਲੀ ਮੰਨੀ ਦੇ ਦੋ ਨਾਂ ਹਨ ? ਇਕ ਸਕੂਲੀ ਨਾਂ, ਇਕ ਘਰ ਦਾ ਨਾਂ।"

' ਕੀ ? ਕੀ ?"

' ਹਾਂ ਕੰਏਨਾਮਾਪਿਲਾ ਆ ਗਏ। ਸਿਸਿਲੀ ਮੁੰਨੀ ਅਜ ਮੇਰੇ ਨਾਲ ਹੀ ਸਕੂਲੋਂ ਆਈ ਹੈ।

"ਕੁਰੁਪ ਮਾਮਾ" ਪੁਕਾਰਦੀ ਦੌੜੀ ਆਈ ਤੇ ਮੇਰਾ ਹੱਥ ਪਕੜ ਲਿਆ। ਤਾਂ ਸਾਥਣਾ ਪੁਛਣ ਲੱਗੀਆਂ—"ਤਾਂ ਕੀ ਮਰਿਯਾਮਾ ਮਾਤਯੂ ਜਾ ਰਹੀ ਹੈ ?" ਤਾਂ ਹੀ ਮੈਨੂੰ ਪਤਾ ਲੱਗਾ ਕਿ ਸਿਸਿਲੀ ਘਰ ਦਾ ਪਿਆਰਾ ਨਾਂ ਹੈ।

"ਮਰਿਯਾਮਾ ਉਸ ਦੀ ਦਾਦੀ ਦਾ ਨਾਂ ਹੈ। ਪ੍ਰਭੂ ਈਸਾ ਦੀ ਮਾਂ ਦਾ ਨਾਂ ਵੀ ਹੈ।"

"ਇਹ ਪਤਾ ਹੈ। ਵਲੱਤੋਲ ਦਾ ਮਗਦਲਨਮਰਿਅਮ ਪੜ੍ਹਿਆ ਹੈ......"

ਰੋਵੋ ਰੋਵੋ ਮਾਨਏ ਮਰਿਅਮ !

ਰੋਣ ਵਾਲੇ ਨੂੰ ਪ੍ਰਭੂ ਤਸੱਲੀ ਦਿੰਦੇ ਨੇ......

"........."

"ਕੁਰੁਪ ਭੁਲ ਗਏ। ਮਰਾਦਲੈਨਾ ਦੀ ਮਰਿਅਮ ਹੋਰ ਹੈ। ਪ੍ਰਭੂ ਦੀ ਮਾਂ ਹੋਰ ਹੈ।"

"ਇਹ ਗੱਲ ?"

"ਹਾਂ, ਹਾਂ। ਮਗਦਲੈਨਾ ਮਰੀਅਮ ਪਾਪਨ ਸੀ। ਈਸਾ ਉਸ ਦਿਨ ਇਕ ਫਰੀਸੀ ਦੇ ਘਰ ਵਿਚ ਬੈਠੇ ਭੋਜਣ ਕਰ ਰਹੇ ਸਨ। ਨਗਰ ਦੀ ਇਕ ਪਾਪਨ ਇਸਤ੍ਰੀ ਸੰਗਮਰਮਰ ਦੇ ਭਾਂਡੇ ਵਿਚ ਇਤਰ ਲੈ ਕੇ ਆਈ ਤੇ ਆਪਣੇ ਅੱਥਰੂਆਂ ਨਾਲ ਉਨ੍ਹਾਂ ਦੇ ਚਰਨ ਧੋਣ ਲਗ ਪਈ। ਫਿਰ ਉਨ੍ਹਾਂ ਨੂੰ ਆਪਣੇ ਕੇਸਾਂ ਨਾਲ ਪੂੰਝਣ ਲਗ ਪਈ ਤੇ ਚਰਨਾਂ ਨੂੰ ਚੁੰਮ ਕੇ ਚਰਨਾਂ ਤੇ ਇਤਰ ਲਾਇਆ। ਉਹ ਫਰੀਸੀ ਜਿਸ ਨੇ ਈਸਾ ਨੂੰ ਨਿਉਂਦਰਾ ਦਿਤਾ ਸੀ, ਵੇਖ ਕੇ ਮਨ ਹੀ ਮਨ ਕਹਿਣ ਲੱਗਾ ਕਿ ਇਹ ਤਾਂ ਪਾਪਨ ਹੈ। ਉਸ ਦੇ ਮਨੋਭਾਵਾਂ ਨੂੰ ਪ੍ਰਭੂ ਸਮਝ ਗਏ ਤੇ ਬੋਲੇ—

"ਸਿਮੋਨ, ਕਿਸੇ ਮਹਾਜਨ ਦੇ ਦੋ ਕਰਜ਼ਦਾਰ ਸਨ। ਇਕ ਪੰਜ ਸੌ ਦਾ ਕਰਜ਼ਾਈ ਤੇ ਦੂਜਾ ਪੰਜਾਹ ਦਾ। ਉਨ੍ਹਾਂ ਕੋਲ ਕਰਜ਼ ਅਦਾ ਕਰਨ ਲਈ ਕੁਝ ਵੀ ਨਹੀਂ ਸੀ, ਇਸ ਲਈ ਮਹਾਜਨ ਨੇ ਦੋਹਾਂ ਨੂੰ ਕਰਜ਼ ਮਾਫ਼ ਕਰ ਦਿਤਾ। ਉਨ੍ਹਾਂ ਦੋਹਾਂ ਵਿਚੋਂ ਉਸ ਨੂੰ ਕੌਣ ਜ਼ਿਆਦਾ ਪਿਆਰ ਕਰੇਗਾ ?" ਸਿਮੋਨ ਨੇ ਉਤਰ ਦਿਤਾ—ਮੇਰੇ ਖਿਆਲ ਵਿਚ ਤਾਂ ਉਹ ਹੀ ਜਿਸ ਦਾ ਮਾਫ਼ ਹੋਇਆ ਕਰਜ਼ ਵਧੀਕ ਸੀ। ਈਸਾ ਨੇ ਕਿਹਾ ਤੇਰਾ ਨਿਰਣਾ ਠੀਕ ਹੈ। ਤਦ ਪ੍ਰਭੂ ਨੇ ਉਸ ਇਸਤ੍ਰੀ ਵਲ ਮੁੜ ਕੇ ਸਿਮੋਨ ਨੂੰ ਆਖਿਆ—ਇਸ ਇਸਤ੍ਰੀ ਨੂੰ ਵੇਖਦੇ ਹੋ ? ਮੈਂ ਤੇਰੇ ਘਰ ਆਇਆ। ਤੂੰ ਅਰਘ ਨਹੀਂ ਦਿਤਾ, ਪਰ ਇਸ ਨੇ ਮੇਰੇ ਪੈਰ ਆਪਣੇ ਅੱਥਰੂਆਂ ਨਾਲ ਧੋਤੇ ਹਨ ਤੇ ਆਪਣੇ ਕੇਸਾਂ ਨਾਲ ਪੂੰਝੇ ਹਨ।" ਈਸਾ ਨੇ ਇਸਤ੍ਰੀ ਨੂੰ ਆਖਿਆ—"ਤੇਰੇ ਵਿਸ਼ਵਾਸ ਨੇ ਤੇਰਾ ਉਦਾਰ ਕਰ ਦਿਤਾ ਹੈ। ਸ਼ਾਂਤੀ ਨਾਲ ਜਾਓ !" ਉਹ ਹੀ ਮਗਦਲੈਨਾ ਦੀ ਮਰਿਅਮ ਹੈ। ਸੁਸਮਾਚਾਰਕਾਰ ਕਹਿੰਦੇ ਹਨ ਕਿ ਮਗਦਲੈਨਾ ਦੀ ਮਰਿਅਮ ਅਤੇ ਪ੍ਰਭੂ ਈਸਾ ਦੀ ਮਾਂ ਦੋਵੇਂ ਸੂਲੀ ਵਾਲੇ ਕ੍ਰਾਸ ਸਾਹਮਣੇ ਬੈਠ ਕੇ ਇਕੱਠੀਆਂ ਰੋਈਆਂ ਸਨ।"

"ਅੱਛਾ ! ਇਨ੍ਹਾਂ ਸਾਰੀਆਂ ਗੱਲਾਂ ਦਾ ਮੈਨੂੰ ਨਹੀਂ ਸੀ ਪਤਾ।"

ਸਿਸਿਲੀ ਚੌਂਕੇ 'ਚੋਂ ਦੌੜਦੀ ਆਈ ਤੇ ਬੋਲੀ—"ਦਾਦਾ ਜੀ ਰਾਜਨ ਭਈਆ ਅਗਲੇ ਮਹੀਨੇ ਆਉਣ ਵਾਲਾ ਹੈ। ਚਿੱਠੀ ਆਈ ਹੈ।"

"ਕੀ ?"

"ਰਾਜਨ ਭਈਆ ਅਗਲੇ ਮਹੀਨੇ ਆਵੇਗਾ।"

"ਅੱਛਾ !"

ਕੁਰੁਪ ਨੇ ਪੁੱਛਿਆ—

"ਰਾਜਨ ਭਈਆ ਦੀਆਂ ਲਿਆਂਦੀਆਂ ਚੀਜ਼ਾਂ ਕੁਰੁਪ ਮਾਮਾ ਨੂੰ ਦੇਵੇਂਗੀ ?"

ਸਿਸਿਲੀ ਨੇ ਕੁਝ ਚਿਰ ਸੋਚਿਆ ਤੇ ਫਿਰ ਬੋਲੀ—

"ਵੇਖਾਂਗੇ ਉਹ ਕੀ ਲਿਆਉਂਦਾ ਹੈ। ਉਸ ਦੇ ਬਾਅਦ ਦੱਸਾਂਗੀ।"

"ਹੁਸ਼ਿਆਰ ਹੈ। ਹੈ ਛੋਟੀ ਪਰ ਚਲਾਕ ਹੈ।"

ਕੁੰਏਨਾਚੰਨ ਨੇ ਪੁੱਛਿਆ—

"ਕੀ ਛੋਟਾ ਨਾਗ ਜ਼ਹਿਰੀਲਾ ਨਹੀਂ ਹੁੰਦਾ ? ਉਸੇ ਤਰ੍ਹਾਂ ਔਰਤ ਲਈ ਦੋ ਸਰਾਪ ਹੁੰਦੇ ਹਨ। ਇਕ ਇਹ ਕਿ ਉਹ ਚਾਲਾਕੀ ਦੇ ਸਾਹਮਣੇ ਧੋਖਾ ਖਾ ਜਾਂਦੀ ਹੈ ਤੇ

ਦੂਜਾ ਮੌਕਾ ਆਉਣ ਤੇ ਉਹ ਖੁਦ ਚਾਲਾਕੀ ਕਰਦੀ ਹੈ। ਦੋਵੇਂ ਈਡਨ ਦੇ ਬਗੀਚੇ 'ਚੋਂ ਸ਼ੁਰੂ ਹੋਏ ਸਨ। ਸ਼ੈਤਾਨ ਸੱਪ ਦੇ ਰੂਪ ਵਿਚ ਇਸਤ੍ਰੀ ਦੇ ਪਾਸ ਹੀ ਤਾਂ ਆਇਆ ਸੀ। ਇਸਤ੍ਰੀ ਸ਼ੈਤਾਨ ਦੀ ਗੁਲਾਮ ਹੋ ਗਈ। ਸ਼ੈਤਾਨ ਦਾ ਦੁਰ ਉਪਦੇਸ਼ ਸੁਣ ਕੇ ਇਸਤ੍ਰੀ ਨੇ ਵੇਖਿਆ ਕਿ ਵਿਵੇਕ ਦਾ ਫਲ ਖਾਣ ਲਾਇਕ, ਵੇਖਣ ਵਿਚ ਸੁੰਦਰ ਤੇ ਗਿਆਨ ਪ੍ਰਾਪਤ ਕਰਨ ਲਈ ਇੱਛਤ ਹੁੰਦਾ ਹੈ। ਉਸ ਨੇ ਤੋੜ ਕੇ ਖਾ ਲਿਆ। ਜੇ ਆਦਮ ਨਾਲ ਹੁੰਦੇ ਤਾਂ ਕੀ ਉਹ ਇਸਤ੍ਰੀ ਇਸ ਤਰ੍ਹਾਂ ਕਰਦੀ। ਖੁਦ ਖਾ ਗਈ, ਨਾਲ ਹੀ ਪਤੀ ਨੂੰ ਵੀ ਖਵਾ ਦਿਤਾ......''

''ਵਾਹ ! ਕੈਸੀ ਚਤੁਰਾਈ ?''

''ਕਹਾਣੀ ਹੋਰ ਵੀ ਹੈ। ਯਾਕੂਬ ਲਾਬਾਨ ਦੀਆਂ ਦੋ ਕੰਨਿਆਵਾਂ, ਰਾਹੇਲ ਅਤੇ ਲੇਯਾ ਨੂੰ ਲੈ ਕੇ ਭੱਜ ਗਿਆ। ਲਾਬਾਨ ਅਤੇ ਉਸ ਦੇ ਭਰਾਵਾਂ ਨੇ ਪਿੱਛਾ ਕੀਤਾ ਤੇ ਰਾਹ ਵਿਚ ਘੇਰ ਲਿਆ। ਗੱਲ ਇਹ ਸੀ ਕਿ ਰਾਹੇਲ ਆਪਣੇ ਪਿਤਾ ਦੇ ਗ੍ਰਹਿ-ਦੇਵਤਿਆਂ ਨੂੰ ਚੁਰਾ ਕੇ ਲੈ ਗਈ ਸੀ। ਉਨ੍ਹਾਂ ਨੂੰ ਵਾਪਸ ਲੈਣਾ ਸੀ। ਪਤਾ ਰਾਹੇਲ ਨੇ ਕੀ ਚਾਲ ਚੱਲੀ ? ਮੂਰਤੀ ਨੂੰ ਊਠ ਦੀ ਕਾਠੀ ਵਿਚ ਰਖ ਕੇ ਖੁਦ ਉਪਰ ਬੈਠ ਗਈ। ਹੋਰ ਸਭ ਜਗ੍ਹਾ ਤਲਾਸ਼ ਕਰਨ ਦੇ ਬਾਅਦ ਜਦ ਲਾਬਾਨ ਰਾਹੇਲ ਦੇ ਕੋਲ ਆਏ ਤਾਂ ਉਹ ਬੋਲੀ—''ਹੇ ਮੇਰੇ ਪ੍ਰਭੂ ਇਸ ਕਾਰਨ ਅਪ੍ਰਸੰਨ ਨਾ ਹੋਣਾ ਕਿ ਮੈਂ ਤੇਰੇ ਸਾਹਮਣੇ ਉਠ ਕੇ ਖੜੋਤੀ ਨਹੀਂ। ਮੈਂ ਆਪਣੇ ਧਰਮ ਵਿਚ ਹਾਂ।'' ਇਸ ਤਰ੍ਹਾਂ ਉਸ ਨੇ ਧੋਖਾ ਦੇ ਕੇ ਪਿਤਾ ਨੂੰ ਮੋੜ ਦਿਤਾ।

''ਵਾਹ ! ਅੱਛੀ ਚਾਲ ਚੱਲੀ।''

ਕੁਰੁਪ ਦਾ ਹਾਸਾ ਚਾਰੇ ਪਾਸੇ ਫੈਲ ਗਿਆ।

ਇਸਤ੍ਰੀ ਦੀ ਚਤੁਰਾਈ ਦੀਆਂ ਕਈ ਮਿਸਾਲਾਂ ਪੁਰਾਣਾਂ ਵਿਚ ਹਨ। ਪੁਰਾਣਾਂ ਤੱਕ ਜਾਣ ਦੀ ਲੋੜ ਹੀ ਕੀ ਹੈ ? ਬਟਕਨਪਾਟ ਵਿਚ ਇਕ ਬਹੁਤ ਚੰਗੀ ਕਹਾਣੀ ਹੈ, ਸੁਣੀ ਆ ? ਆਖਦੇ ਹਨ ਉਨੀਅੰਮਾ ਨੇ ਪਾਲਾਂਟੋਕਮਨ ਨੂੰ ਆਪਣੇ ਕੇਸਾਂ ਵਿਚ ਛੁਪਾਇਆ ਸੀ। ਤੋਣੂਰਾਂਵੀਟ ਦੇ ਕੁਰੁਪ ਲੋਕਾਂ ਦੀ ਭੈਣ ਉਨੀਅੰਮਾ ਕੁਲਸ਼ਤ੍ਰੂ ਕੋਮਨ 'ਤੇ ਮੋਹਤ ਹੋ ਗਈ। ਉਹ ਸਰੋਵਰ 'ਚ ਨਹਾਉਣ ਗਈ ਤਾਂ ਕੋਮਨ ਉਸ ਦੇ ਪਿੱਛੇ ਗਿਆ ਤੇ ਸਰੋਵਰ ਵਿਚ ਉਤਰ ਗਿਆ। ਖਬਰ ਮਿਲਣ ਤੇ ਕੁਰੁਪ ਲੋਕ ਉਥੇ ਹੀ ਆ ਗਏ। ਉਨੀਅੰਮਾ ਨੇ ਕੀ ਕੀਤਾ ? ਉਸ ਨੇ ਬਾਰੀਕ ਕਪੜਾ ਪਹਿਨ ਲਿਆ ਤੇ ਪਾਣੀ ਵਿਚ ਉਤਰ ਗਈ। ਉਸ ਨੇ ਆਪਣੇ ਸੰਘਣੇ ਕੇਸ ਖੋਲ੍ਹ ਕੇ ਕੋਮਨ ਨੂੰ ਉਨ੍ਹਾਂ ਕੇਸਾਂ ਦੇ ਹੇਠ ਖੜਾ ਕਰ ਲਿਆ। ਭਰਾਵਾਂ ਨੇ ਸਭ ਜਗ੍ਹਾ ਢੂੰਡਿਆ, ਪਰ ਬੇਕਾਰ। ਜਾਲ ਸੁੱਟ ਕੇ ਢੂੰਡਿਆ, ਕੰਡਾ ਲਾ ਕੇ ਵੀ ਵੇਖਿਆ, ਪਰ ਅਸਫਲ ਰਹੇ। ਉਹ ਚਲੇ ਗਏ। ਬਾਅਦ ਵਿਚ ਉਨੀਅੰਮਾ ਕੋਮਨ ਨੂੰ ਕੇਸਾਂ ਦੇ ਹੇਠ ਖੜਾ ਕਰਕੇ ਕਿਸੇ ਨੂੰ ਪਤਾ ਲੱਗਣ ਦਿਤੇ ਬਿਨਾਂ ਹੀ ਆਪਣੇ ਘਰ ਲੈ ਗਈ। ਇਹ ਹੀ ਕਥਾ ਹੈ ਤਾਂ ਕੁੰਦੇਨਾਮਾਪਿਲਾ ਉਸ ਦੇ ਕੇਸ ਕਿੱਡੇ ਕੁ ਹੋਣਗੇ ?''

ਅਲੱਗ-ਥਲੱਗ ਝਾਕਣ ਦੇ ਬਾਅਦ ਹੌਲੀ ਜਿਹੇ ਬੋਲੇ—

''ਲੇਟਿਆਂ ਪੂਰੀ ਮੰਜੀ ਤੇ ਫੈਲ ਜਾਣਗੇ।''

"ਵਾਹ, ਵਾਹ, ਵਾਹ।"......ਕੁਰੂਪ ਠਾਹਕਾ ਮਾਰ ਕੇ ਹੱਸ ਪਿਆ।

"ਚੰਗੀ ਕਲਪਨਾ ਹੈ।"

"ਕੀ ?"

"ਕਲਪਨਾ ਬਹੁਤ ਚੰਗੀ ਹੈ।"

"ਕਲਪਨਾ ਨਹੀਂ।"

"ਤੇ ਹੋਰ ਕੀ ਹੈ ?"

"ਆਪਣਾ ਤਜਰਬਾ।"

"ਕੁਰੂਪ ਦਾ ਮੂੰਹ ਖੁੱਲਾ ਹੀ ਰਹਿ ਗਿਆ, ਅੱਖਾਂ ਵੀ "ਓਹ ਹੋ ! ਇਹ ਤਾਂ ਅਜੇ ਤੱਕ ਦੱਸਿਆ ਹੀ ਨਹੀਂ।"

"ਕਹਿਣ ਨੂੰ ਕੀ ਪਿਆ ਹੈ। ਇਕੋ ਪੁਰਾਣੀ ਗੱਲ ਯਾਦ ਆ ਰਹੀ ਸੀ।"

ਉਹ ਗੱਲ ਛੁਪਾ ਰਹੇ ਸਨ। ਇਥੇ ਬੈਠ ਕੇ ਇਹ ਗੱਲ ਸੁਨਣੀ ਠੀਕ ਨਹੀਂ। ਅੰਦਰ ਬਹੂ ਸੁਣ ਲਏਗੀ। ਇਹ ਹੀ ਨਹੀਂ, ਪੈਂਤਾਲੀ ਵਰ੍ਹੇ ਦੀ ਮੂਰਖਤਾ ਨੱਬੇ ਸਾਲ ਦੀ ਉਮਰ ਵਿਚ ਦੂਜਿਆਂ ਨੂੰ ਕਿਵੇਂ ਸੁਣਾਈ ਜਾਵੇ। ਕਹਾਣੀ ਵੈਸੇ ਸਭ ਤੋਂ ਛੁਪੀ ਵੀ ਤਾਂ ਨਹੀਂ। ਪੁੱਤਰਾਂ ਨੂੰ ਵੀ ਪਤਾ ਹੈ। ਸਭ ਤੋਂ ਵਡੇ ਮੁੰਡੇ ਨੇ ਮੂੰਹ ਤੇ ਕਿਹਾ ਸੀ—"ਪਿਤਾ ਜੀ ਨੇ ਬੇਟਿਆਂ ਨੂੰ ਬਹੁਤ ਇਜ਼ਤ ਵਿਰਾਸਤ ਵਿਚ ਦਿਤੀ ਹੈ। ਖ਼ੈਰ ਹੁਣ ਦੱਬੇ ਮੁਰਦੇ ਪੁੱਟਣ ਦਾ ਕੀ ਲਾਭ ?"......

"ਪਿਤਾ ਜੀ !"

ਮੁੜ ਕੇ ਵੇਖਿਆ। ਕੁੰਯੂਚੇਰੁਕਨ ਮੰਜੀ ਦੇ ਕੋਲ ਖੜਾ ਸੀ।

"ਕੀ ਏ ?"

"ਮੈਂ ਪਿਤਾ ਜੀ ਨਾਲ ਇਕ ਗੱਲ ਕਰਨ ਆਇਆਂ ਸਾਂ।"

"ਬੋਲ !"

"ਸਿਰਫ਼ ਪਿਤਾ ਜੀ ਨਾਲ ਹੀ ਕਰਨ ਵਾਲੀ ਗੱਲ ਹੈ।"

ਹੂੰ, ਗੱਲ ਜ਼ਰਾ ਟੇਡੀ ਹੈ। ਸ਼ਿਵਰਾਮ ਕੁਰੂਪ ਸਮਝ ਗਿਆ। ਉਹ ਉਠ ਕੇ ਬੋਲਿਆ—

"ਤਾਂ ਮੈਂ ਚਲਦਾ ਹਾਂ, ਕੁੰਯੁਨਾਮਾਪਿਲਾ ?"

"ਦਵਾ ਕਲ ਖਤਮ ਹੋ ਜਾਏਗੀ। ਸ਼ਾਮ ਨੂੰ ਲਿਆਉਣੀ।"

"ਅੱਛਾ।"

"ਪੈਸੇ ਲੈਂਦਾ ਜਾ ਨਾ ?"

"ਬਾਅਦ ਵਿਚ ਲੈ ਲਵਾਂਗਾ।"

ਕੁਰੂਪ ਪੌੜੀਆਂ ਉਤਰ ਕੇ ਚਲਣ ਲੱਗਾ।

ਕੁੰਯੁਚੇਰੁਕਨ ਨੇ ਪਿਤਾ ਜੀ ਨੂੰ ਪੁੱਛਿਆ—

"ਪਿਤਾ ਜੀ ਅਫ਼ੀਮ ਖਰੀਦਣ ਲਈ ਕੀ ਆਪ ਦੇ ਬੇਟੇ-ਪੋਤੇ ਨਹੀਂ ਹਨ ਜੋ ਕਿਰਾਏ ਦੇ ਲੋਕਾਂ ਤੋਂ ਮੰਗਵਾਉਂਦੇ ਹੋ ?"

ਕੁਰੂਪ ਪਿੱਛੇ ਮੁੜ ਕੇ ਖੜਾ ਹੋ ਗਿਆ। ਖਤਰਾ ਸਮਝ ਕੇ ਕੁੰਏਨਾਚੰਨ ਬੋਲੇ—

ਤੂੰ ਜਾ ਕੁਰੁਪ ਕਲ ਮਿਲਾਂਗੇ।''

''ਕਲ ਮਿਲਣ ਦੀ ਗੱਲ ਹੀ ਮੈਂ ਆਖ ਰਿਹਾ ਸਾਂ। ਕਿਉਂ ਮਿਲੋ ? ਪਿਤਾ ਜੀ ਨੂੰ ਜੋ ਚਾਹੀਦਾ ਹੈ, ਉਹ ਮੈਂ ਖਰੀਦ ਲਿਆਵਾਂਗਾ। ਜਾਂ ਆਪਣੇ ਘਰ ਦੇ ਕਿਸੇ ਮੁੰਡੇ ਨੂੰ ਭੇਜ ਦੇਵਾਂਗਾ।''

ਅਦਬ-ਬੇਨਤੀ ਕਰਨ ਤੇ ਵੀ ਇਕਦਮ ਝੁਕਣਾ ਕੁਰੁਪ ਨੂੰ ਸ਼ਾਨ ਦੇ ਖਿਲਾਫ ਲੱਗਾ।

''ਕਿਉਂ ਕੁੰਯੁਚੇਰੁਕਨਾਮਾਪਿਲੇ ! ਤੇਰੇ ਪਿਤਾ ਜੀ ਨਾਲ ਮੇਰੀ ਗੱਲਬਾਤ ਕਰਨਾ ਜਾਂ ਉਨ੍ਹਾਂ ਨੂੰ ਦਵਾ ਖਰੀਦ ਦੇਣਾ ਕੀ ਬੜੇ ਅਪਮਾਨ ਦੀ ਗੱਲ ਹੈ ?''

''ਹਾਂ, ਇਕ ਤਾਂ ਤੂੰ ਘਰ ਬੁਲਾਉਣ ਦੇ ਲਾਇਕ ਨਹੀਂ। ਜਿਥੇ ਗਏ, ਉਥੇ ਹੀ ਰਿਸ਼ਤਾ। ਤੇਰੀ ਇਕ ਇਸਤ੍ਰੀ ਦੇ ਘਰ ਵਾਲਿਆਂ ਨਾਲ ਸਾਡਾ ਦੁਸ਼ਮਨੀ ਦਾ ਨਾਤਾ ਹੈ। ਉਹ ਆਪਣੀ ਬਰਾਦਰੀ ਦੇ ਲੋਕਾਂ ਨੂੰ ਇਕੱਠਾ ਕਰਕੇ ਸਾਡਾ ਕੰਮ ਖਤਮ ਕਰ ਆਏ ਸਨ। ਪਰ ਅਸੀਂ ਤੇਰੇ ਚਾਰ ਸਾਲਿਆਂ ਨੂੰ ਅਗਲੀ ਦੁਨੀਆਂ ਵਿਖਾ ਦਿਤੀ। ਤਿੰਨ ਚਾਰ ਖੰਘਦੇ ਖੰਘਾਉਂਦੇ ਖਤਮ ਹੋ ਗਏ। ਸਾਡਾ ਤਾਂ ਇਕ ਆਦਮੀ ਹੀ ਗਿਆ ਸੀ। ਖ਼ੈਰ ਇਹ ਸਾਰੀਆਂ ਗੱਲਾਂ ਤੈਨੂੰ ਦਸਣ ਦਾ ਲਾਭ ਕੀ ? ਹੋਰ ਤਾਂ ਹੋਰ ਤੂੰ ਬੇਈਮਾਨ ਹੈਂ। ਤੂੰ ਕੇਵਲ ਪੌਣੇ ਚੌਦਾਂ ਰੁਪੈ ਦੀ ਖਾਤਰ ਭੇਦੀਆ ਬਣਿਆ—

ਕੁੰਏਨਾਚੰਨ ਫੜਫੜਾਂਦੇ ਉਠ ਖਲੋਤੇ—

''ਕਮੀਨੇ ! ਘਰ ਚੋਂ ਨਿਕਲ ਜਾ ! ਇੰਨੀ ਹਿੰਮਤ।''

ਸ਼ਿਵਰਾਮ ਕੁਰੁਪ ਨੇ ਆਖਿਆ—

''ਕੁੰਯੇਨਾਮਾਪਿਲਾ ਤੁਸੀਂ ਚੁੱਪ ਰਹੋ। ਤੇ ਸੁਣ ਕੁੰਯੁਚੇਰੁਕਨਮਾਪਿਲੇ। ਤੂੰ ਜਿਸ ਸਕੂਲ ਵਿਚ ਪੜ੍ਹਿਆ ਹੈਂ, ਮੈਂ ਉਥੇ ਨਹੀਂ ਪੜ੍ਹਿਆ। ਇਸ ਲਈ ਮੈਂ ਤੇਰੀ ਜ਼ਬਾਨ ਵਿਚ ਬੋਲਣਾ ਨਹੀਂ ਜਾਣਦਾ। ਘਰ ਵਿਚ ਆਉਣ ਦੇਣ ਦਾ ਮਾਮਲਾ ਇਸ ਘਰ ਦੇ ਲੋਕ ਖੁਦ ਤੈ ਕਰ ਲੈਣਗੇ। ਜੇ ਉਨ੍ਹਾਂ ਮੈਨੂੰ ਆਉਣ ਤੋਂ ਰੋਕ ਦਿਤਾ ਤਾਂ ਮੈਂ ਨਹੀਂ ਆਉਣ ਲੱਗਾ। ਮੈਂ ਇਕ ਅਜਿਹੇ ਘਰ ਵਿਚ ਸ਼ਾਦੀ ਕਰ ਬੈਠਾ ਜਿਸ ਨਾਲ ਤੁਹਾਡੀ ਪੁਰਾਣੀ ਦੁਸ਼ਮਨੀ ਸੀ। ਉਸ ਦੀ ਛੂਤ ਕੇਵਲ ਤੈਨੂੰ ਹੀ ਲਗੀ ਹੈ। ਤੇਰੇ ਵਡੇ ਭਰਾ ਜਾਂ ਛੋਟੇ ਭਰਾ ਨਹੀਂ ਮੰਨਦੇ। ਗੱਲ ਅਸਲ ਵਿਚ ਤੀਜੀ ਹੈ। ਰਿਸ਼ਵਤ ਲੈ ਕੇ ਝੂਠੀ ਗਵਾਹੀ ਦੇਣ ਦਾ ਮਾਮਲਾ......''

''ਇਹ ਤਾਂ ਤੇਰਾ ਪੇਸ਼ਾ ਹੀ ਹੈ। ਜਿਥੇ ਕਿਤੇ ਵੀ ਜਾਣਾ ਹੈਂ ਸ਼ਾਦੀ ਦਾ ਝਾਂਸਾ ਦੇ ਕੇ ਔਰਤਾਂ ਨੂੰ ਬਹਿਕਾ ਦੇਨਾ ਹੈਂ। ਇਹ ਵੀ ਤੇਰਾ ਪੇਸ਼ਾ ਬਣ ਗਿਆ ਹੈ। ਇਥੇ ਮੈਂ ਹੋਰ ਵਾਹਯਾਤ ਗੱਲਾਂ ਨਹੀਂ ਕਰਦਾ। ਬਾਹਰ ਵੇਖ ਲਵਾਂਗੇ।''

''ਜਿਥੇ ਚਾਹੇਂ ਉਥੇ ਮਿਲ ਲਵਾਂਗੇ।''

ਕੁੰਯੁਚੇਰੁਕਨ ਨੇ ਆਖਿਆ—

''ਪਿਤਾ ਜੀ ਮੈਨੂੰ ਗਾਲ੍ਹੀਆਂ ਦੇ ਲਵੋ। ਉਸ ਵਿਚ ਮੇਰੀ ਬੇਇਜ਼ਤੀ ਦਾ ਸਵਾਲ ਨਹੀਂ। ਗਲਤ ਗੱਲ ਤੋਂ ਮੈਂ ਜ਼ਰੂਰ ਰੋਕਾਂਗਾ। ਇਕ ਗੱਲ ਦੀ ਸਲਾਹ ਲੈਣ ਆਇਆ ਸਾਂ। ਪਰ ਪਿਤਾ ਜੀ ਨੇ ਮੈਨੂੰ ਨਿਕਲ ਜਾਣ ਦਾ ਹੁਕਮ ਦਿਤਾ ਹੈ। ਘਰ

ਪਿਤਾ ਜੀ ਦਾ ਹੈ। ਜ਼ਰੂਰ, ਪਰ ਮੈਂ ਵੀ ਇਸ ਸਭ ਕੁਝ ਦੇ ਬਣਾਉਣ ਵਿਚ ਸਖਤ ਮਿਹਨਤ ਕੀਤੀ ਹੋਈ ਹੈ। ਪਿਤਾ ਜੀ ਨੂੰ ਇਹ ਨਹੀਂ ਭੁਲਣਾ ਚਾਹੀਦਾ। ਹੋਰ ਸਭ ਪੁੱਤਰ ਚੰਗੇ ਹਨ। ਇਕ ਮੈਂ ਹੀ ਨਾਲਾਇਕ ਹਾਂ। ਸਿਰਫ ਮੈਂ ਨਾਲਾਇਕ......"

"ਕੁੰਯੁਚੇਰੁਕਨ ਦਾ ਗਲਾ ਭਰ ਗਿਆ। ਹੁਣੇ ਰੋਇਆ ਕਿ ਰੋਇਆ......"

"ਬਿਟੀਆ–ਦੀਨਾਮਾ।"

"ਭਈਆ ਨੂੰ ਥੋੜ੍ਹਾ ਪਾਣੀ ਪਿਲਾ।"

ਦੀਨਾਮਾ ਨੇ ਵੱਡਾ ਕਟੋਰਾ ਭਰ ਕੇ ਪਾਣੀ ਦਾ ਦਿਤਾ। ਉਹ ਪੀਣ ਦੇ ਬਾਅਦ ਕੁੰਯੁਚੇਰੁਕਨ ਚਲਾ ਗਿਆ।

"ਚਲਦਾ ਹਾਂ ਬਿਟੀਆ।"

ਦੀਨਾਮਾ ਖਾਲੀ ਕਟੋਰਾ ਲੈ ਕੇ ਬਾਬੂ ਜੀ ਦੇ ਕੋਲ ਗਈ ਤਾਂ ਬੋਲੀ—"ਬਾਬੂ ਜੀ!"

"ਹੂੰ।"

'ਇਕ ਗੱਲ ਆਖਾਂ?"

"ਕੀ?"

"ਇਸ ਕੁਰੁਪ ਕੋਲੋਂ ਅਫ਼ੀਮ ਖਰੀਦਵਾਣੀ ਛੱਡ ਦਿਓ। ਉਸ ਦਾ ਇਥੇ ਆਉਣਾ ਵੀ ਬੰਦ ਕਰਵਾ ਦਿਓ।"

"ਕੀ ਉਸ ਦਾ ਆਉਣਾ ਤੈਨੂੰ ਵੀ ਪਸੰਦ ਨਹੀਂ?"

"ਬਾਬੂ ਜੀ ਦੇ ਕੋਲ ਬੈਠ ਕੇ ਉਹ ਗੱਲਾਂ ਕਰੇ। ਮੈਨੂੰ ਕੀ ਇਤਰਾਜ਼ ਹੈ?"

"ਤਾਂ ਉਹ ਇਥੇ ਆਵੇਗਾ। ਮੇਰੀ ਆਖਰੀ ਘੜੀ ਤੱਕ। ਕੁੱਤੇ ਦੇ ਭੌਂਕਣ ਨਾਲ ਕਦੇ ਦਰਵਾਜ਼ਾ ਖੁਲ੍ਹਦਾ ਹੈ।"

"ਸੋ ਬਾਬੂ ਜੀ ਦੀ ਮਰਜ਼ੀ! ਮੈਂ ਕੀ ਆਖਾਂ?"

ਦੀਨਾਮਾ ਅੰਦਰ ਚਲੀ ਗਈ।

## ਪੰਜ

ਸਕੂਲ ਜਾਣ ਦੀ ਤਿਆਰੀ ਕਰਕੇ ਸਿਸਿਲੀ ਨੇ ਦਾਦਾ ਜੀ ਕੋਲ ਆ ਕੇ ਪੁੱਛਿਆ—

"ਮੇਰਾ ਫਰਾਕ ਕਿਹੋ ਜਿਹਾ ਹੈ ਦਾਦਾ ਜੀ?"

"ਕੀ?"

"ਮੇਰਾ ਫਰਾਕ ਵੇਖੋ ਨਾ?"

"ਚੰਗਾ ਏ।"

"ਬੰਦ ਅੱਖਾਂ ਨਾਲ ਕਿਵੇਂ ਵੇਖ ਲਿਆ?"

''ਬੰਦ ਅੱਖਾਂ ਨਾਲ ਵੀ ਵੇਖ ਸਕਦਾ ਹਾਂ ।''

''ਝੂਠ ਬੋਲਦੇ ਹੋ ।''

''ਅੰਗੂਰ ਦੇ ਪੱਤਿਆਂ ਅਤੇ ਅੰਗੂਰ ਦੇ ਗੱਛਿਆਂ ਵਾਲਾ ਫਰਾਕ ਹੈ ਨਾ ?''

''ਦਾਦਾ ਜੀ ਨੇ ਕਿਵੇਂ ਵੇਖ ਲਿਆ ?''

''ਇਹੀ ਗੱਲ ਹੈ । ਗਿਆਨ ਵਾਲਿਆਂ ਦੀਆਂ ਅੱਖਾਂ ਮਨ ਅੰਦਰ ਹੁੰਦੀਆਂ ਹਨ । ਭਵਿਸ਼ਬਾਣੀ ਕਰਨ ਵਾਲੇ ਏਲਿਆਸ ਨੂੰ ਕਿਸੇ ਨੇ ਵਿਖਾਇਆ ਸੀ ਕਿ ਦੇਸ ਵਿਚ ਭੁੱਖਮਰੀ ਪੈ ਜਾਏਗੀ ਤੇ ਕਾਲ ਆ ਜਾਏਗਾ । ਯਹੋਵਾ ਦੇ ਭਗਤਾਂ ਨੂੰ ਕੋਈ ਚੀਜ਼ ਵੀ ਦਿੱਸਿਓਂ ਬਗੈਰ ਨਹੀਂ ਰਹਿ ਸਕਦੀ ।''

' ਦਾਦਾ ਜੀ ਵੀ ਭਗਤ ਹਨ ?''

''ਹੂੰ ।''

''ਤਾਂ ਕੀ ਸਭ ਕੁਝ ਜਾਣਦੇ ਹੋ ?''

''ਹੂੰ ।''

''ਮੈਂ ਇਮਤਿਹਾਨ 'ਚੋਂ ਪਾਸ ਹੋ ਜਾਵਾਂਗੀ ?''

''ਹੋ ਜਾਏਂਗੀ ।''

''ਇਮਤਿਹਾਨ ਅਗਲੇ ਸੋਮਵਾਰ ਹੈ ।''

''ਚੰਗੀ ਤਰ੍ਹਾਂ ਪੜ੍ਹਾਈ ਕੀਤੀ ਆ ।''

''ਥੋੜ੍ਹੀ-ਥੋੜ੍ਹੀ ਦਾਦਾ ਜੀ, ਪ੍ਰਭੂ ਨੂੰ ਕਹਿ ਕੇ ਮੈਨੂੰ ਪਾਸ ਕਰਵਾ ਦੇਣਾ ।''

''ਇਹ ਤਾਂ ਮੁਸ਼ਕਿਲ ਨਹੀਂ । ਅੱਧਾ ਆਪਣਾ ਤੇ ਬਾਕੀ ਦਾ ਅੱਧਾ ਰੱਬ ਦਾ । ਜਲਦੀ ਪੜ੍ਹ ਲੈ ।''

''ਤਾਂ ਮੈਂ ਜਾਨੀ ਆਂ ।''

''ਜਾ ।''

ਸਿਸਿਲੀ ਨੱਚਦੀ ਕੁੱਦਦੀ ਚਲੀ ਗਈ । ਸਿਰਫ ਆਵਾਜ਼ ਹੀ ਸੁਣਾਈ ਦਿਤੀ । ਫਿਰ ਵੀ ਕੁਝ ਅੰਦਾਜ਼ਾ ਤਾਂ ਹੈ ਕਿ ਮੱਥੇ ਤੇ ਖਿਲਰੇ ਵਾਲਾਂ ਨੂੰ ਇਕ ਹੱਥ ਨਾਲ ਸਮੇਟਦੀ ਹੈ । ਦੂਜੇ ਹੱਥ ਵਿਚ ਰਬੜ ਵਿਚ ਬੱਝੀਆਂ ਕਿਤਾਬਾਂ ਤੇ ਸਲੇਟ । ਜਿਵੇਂ ਕਿ ਸ੍ਰੇਸ਼ਠ ਗੀਤ ਵਿਚ ਆਖਿਆ ਗਿਆ ਹੈ—''ਤੂੰ ਫਿਰੋਨ ਦੇ ਰੱਥਾਂ ਵਿਚ ਜੁਤੀ ਹੋਈ ਘੋੜੀ ਦੇ ਸਮਾਨ, ਏਨਗਾਦੀ ਦੀ ਦਾਖ ਦੀਆਂ ਬਾਰੀਆਂ ਵਿਚ ਮਹਿੰਦੀ ਦੇ ਫੁੱਲ ਦੇ ਗੁੱਛੇ ਦੀ ਤਰ੍ਹਾਂ ਸ਼ਾਰੋਨ ਦੇਸ ਦੇ ਗੁਲਾਬ ਦੇ ਸਮਾਨ ਸੁੰਦਰ ਹੈਂ । ਤੇਰੀਆਂ ਅੱਖੀਆਂ ਕਬੂਤਰੀ ਦੀਆਂ ਅੱਖੀਆਂ ਵਰਗੀਆਂ ਹਨ । ਤੇਰੇ ਕੇਸ ਗਿਲੇਯਾਦ ਤਰਾਈ ਦੇ ਬੱਕਰਿਆਂ ਦੇ ਝੁੰਡ ਸਮਾਨ ਹਨ । ਤੇਰੇ ਹੋਠ ਲਾਲ ਧਾਗੇ ਸਮਾਨ, ਤੇਰੇ ਕੰਨ ਅਨਾਰ ਦੇ ਦਾਣਿਆਂ ਦੀ ਤਰ੍ਹਾਂ ਹਨ । ਛੋਟੀ ਜਹੀ ਹਿਰਣੀ ਵਾਂਗ ਤੂੰ ਨੱਚਦੀ-ਕੁੱਦਦੀ ਫਿਰਦੀ ਹੈਂ । ਅੰਬ ਦੇ ਭੌਰ ਵਾਂਗ ਤੂੰ ਹਿਰਦਾ ਹਾਰਣੀ ਹੈਂ......''

ਚਾਰ ਪੰਜ ਬਰਸਾਤਾਂ ਦੇ ਬੀਤ ਜਾਣ ਬਾਅਦ ਤੂੰ ਸਿਆਣੀ ਹੋ ਜਾਏਂਗੀ । ਗਲ੍ਹਾਂ ਚਮਕਣ ਲਗ ਪੈਣਗੀਆਂ । ਅੱਖੀਆਂ 'ਚ ਰੌਣਕ ਆ ਜਾਵੇਗੀ । ਗਿੱਟਿਆਂ ਤੱਕ ਦਾ ਲਹਿੰਗਾ ਹੋਵੇਗਾ । ਦਸ ਬਾਰਾਂ ਵਰ੍ਹਿਆਂ ਦੀ ਵੀ ਹੋ ਜਾਵੇਂਗੀ, ਫਿਰ ਵੀ ਤੇਰੀ

ਮਾਂ ਆਖੇਗੀ—"ਕਿਸੇ ਮਰਦ ਦੇ ਲੜ ਲੱਗਣ ਦੀ ਉਮਰ ਹੋ ਗਈ ਹੈ, ਪਰ ਅਜੇ ਤੱਕ ਚਟਨੀ ਬਣਾਉਣੀ ਵੀ ਨਹੀਂ ਆਉਂਦੀ।"

ਹੁਣ ਖਿੜ ਕੇ ਨਹੀਂ ਹੱਸਦੀ। ਅਗਲ-ਬਗਲ ਝਾਕਦੀ ਨਹੀਂ। ਕਈ ਨਵੀਆਂ ਗੱਲਾਂ ਸਮਝ ਗਈ। ਫਿਰ ਵੀ ਕੁਝ ਵੀ ਨਾ ਜਾਣਨ ਦਾ ਬਹਾਨਾ ਕਰਦੀ ਹੈ। ਦਿਮਾਗ ਖਾਲੀ ਰਹਿੰਦਾ ਹੈ। ਫਿਰ ਵੀ ਕਿਸੇ ਚਿੰਤਾ ਵਿਚ ਚੂਰ ਹੋ ਕੇ ਝੂਮਦੀ ਰਹਿੰਦੀ ਹੈ। ਬੈਠਿਆਂ-ਬੈਠਿਆਂ ਐਵੇਂ ਹੀ ਮੁਸਕਰਾ ਪੈਂਦੀ ਹੈ......

ਇਹ ਇਕ ਮੋੜ ਹੈ। ਹੁਣ ਅੱਗੋਂ ਵਾਸਤੇ ਤੈਨੂੰ ਇਕ ਸਾਥੀ ਚਾਹੀਦਾ ਹੈ। ਇਕ ਚੇਤ ਵਿਚ ਵਿਆਹ ਦੇ ਮੰਡਪ ਵਿਚ ਪੈਰ ਰਖਦੀ ਹੈਂ ਤਾਂ ਦੂਜੇ ਚੇਤ ਵਿਚ ਬੱਚੇ ਦੀ ਮਾਂ ਹੋ ਜਾਂਦੀ ਹੈ। ਫਿਰ ਹੁਸ਼ਿਆਰ, ਸੁਸ਼ੀਲ ਗ੍ਰਿਹਣੀ ਬਣ ਜਾਂਦੀ ਹੈ। ਬੱਕਰਾ, ਮੁਰਗਾ, ਰਸੋਈ, ਚੱਕੀ......ਸਭ ਆਪਣੀ ਮਾਂ ਦੇ ਹੀ ਬਰਾਬਰ। ਅੱਗੇ ਵੀ ਕ੍ਰਿਸਮਿਸ, ਗਿਰਜਾ ਘਰ ਦੇ ਸਾਲਾਨਾ ਪਰਵ ਗੁਜ਼ਰ ਜਾਂਦੇ ਹਨ। ਵਡੀ ਲੜਕੀ ਦੀਆਂ ਛੋਟੀਆਂ ਭੈਣਾਂ ਜਨਮ ਲੈਂਦੀਆਂ ਹਨ। ਜਾਂ ਬੇਟੇ ਦੇ ਛੋਟੇ ਭਾਈ ਜਾਂ ਛੋਟੀਆਂ ਭੈਣਾਂ। ਹੁਣ ਪੱਛਮੀ ਅਹਾਤੇ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਦਾ ਕੰਮ ਵੇਖਣ ਨੂੰ ਖੁਦ ਜਾਨੀ ਹੈਂ। ਪੰਜਾਹ ਰੁਪੈ ਉਧਾਰ ਲੈਣ ਆਏ ਹੋਏ ਚਾਲਾਕ ਤੋਮਸ ਦੇ ਸਾਹਮਣੇ ਤੇਰਾ ਪਤੀ ਝਿਜਕਦਾ ਹੈ ਤਾਂ ਤੂੰ ਬਾਹਰ ਆ ਕੇ ਆਖਣੀ ਹੈਂ—ਫੁੱਟੀ ਕੌਡੀ ਤੱਕ ਨਹੀਂ ਭਈਆ। ਕਲ ਆ ਜਾਂਦੋਂ ਤਾਂ ਹੋ ਜਾਂਦੇ।

ਸਮੇਂ ਦਾ ਪਹੀਆ ਫਿਰ ਕਈ ਵਾਰ ਘੁੰਮਦਾ ਹੈ। ਕਾਲਜ ਵਿਚ ਪੜ੍ਹਦੇ ਦੋਹਾਂ ਲੜਕਿਆਂ ਦੀ ਫੀਸ ਦੇਣੀ ਹੈ ਤੇ ਕਿਤਾਬਾਂ......। ਸ੍ਰੀਮਾਨ ਜੀ ਨੂੰ ਸ਼ੱਕਰ ਦੀ ਸ਼ਕਾਇਤ। ਉਸ ਦੀ ਦਵਾ ਦੇ ਪੈਸੇ ਚਾਹੀਦੇ ਹਨ। ਬੜੀ ਤੰਗੀ ਹੈ। ਬੇਟੀ ਦੇ ਵਿਆਹ ਲਈ ਜਮ੍ਹਾਂ ਕੀਤੇ ਰੁਪਿਆਂ 'ਚੋਂ ਕੁਝ ਖਰਚ ਕੀਤੇ। ਪਤੀ-ਪਤਨੀ ਇਕ ਦੂਜੇ ਨਾਲ ਸਲਾਹ ਕਰਦੇ......ਇਹ ਢੰਗ ਠੀਕ ਨਹੀਂ, ਚਿੰਤਾ,......ਹੁਣ ਪਤਵਾਰ ਤੇਰੇ ਹੀ ਹੱਥਾਂ ਵਿਚ ਹੋਵੇਗਾ।

ਫਿਰ ਇਕ ਰਾਤ ਆਵੇਗੀ। ਗਰਮੀ ਦੇ ਦਿਨਾਂ ਦੀ ਰਾਤ ਪਤੀ ਬੁਲਾਉਂਦਾ ਹੈ—"ਸਿਸਿਲੀ।"

"ਕੀ ਏ ?"

"ਸੁੱਤੀ ਨਹੀਂ ?"

"ਨਹੀਂ......"

"ਕਿਉਂ ਨਹੀਂ ?"

"ਕੁਝ ਨਾ ਕੁਝ ਸੋਚਦੀ ਲੇਟੀ ਰਹੀ।"

"ਮੈਨੂੰ ਚਾਰ ਪੰਜ ਦਿਨਾਂ ਤੋਂ ਬਹੁਤ ਕਮਜ਼ੋਰੀ ਮਹਿਸੂਸ ਹੋ ਰਹੀ ਹੈ।"

"ਚਾਰ ਪੰਜ ਵਾਰ ਟੀਕਾ ਲਾਉਣ ਨਾਲ ਆਰਾਮ ਆਵੇਗਾ।"

"ਹੂੰ...ਬੱਚਿਆਂ ਬਾਰੇ ਸੋਚ ਕੇ ਮਨ ਨੂੰ ਦੁਖ ਹੁੰਦਾ ਹੈ।"

ਸਮੱਸਿਆ ਸੁਲਝਦੀ ਨਹੀਂ। ਕਮਜ਼ੋਰੀ ਦੂਰ ਨਹੀਂ ਹੁੰਦੀ। ਉਹ ਦੁਨੀਆਂ ਤੋਂ ਚਲ ਵੱਸਦਾ ਹੈ। ਪਰ ਤੂੰ ਹਿੰਮਤ ਹਾਰਨ ਨੂੰ ਤਿਆਰ ਨਹੀਂ। ਵੱਡਾ ਇਮਤਿਹਾਨ

ਪਾਸ ਕਰ ਚੁੱਕੇ ਵਡੇ ਮੁੰਡੇ ਨੂੰ ਚੰਗੀ ਨੌਕਰੀ ਮਿਲ ਗਈ। ਬੇਟੀ ਦੀ ਸ਼ਾਦੀ ਕਰਾ ਦਿਤੀ। ਬੇਟੇ ਦੀ ਬਹੂ ਆਈ। ਬੇਟੀ ਤੇ ਬਹੂ ਮਾਵਾਂ ਬਣ ਗਈਆਂ। ਤੂੰ ਦਾਦੀ ਹੋ ਗਈ।

ਫਿਰ ਸੋਕਾ ਤੇ ਹੜ੍ਹ ਵਾਰੀ-ਵਾਰੀ ਆਉਂਦੇ ਹਨ। ਤੂੰ ਪਹਿਲਾਂ ਵਾਂਗ ਕੰਮ ਤਾਂ ਕਰ ਨਹੀਂ ਸਕਦੀ। ਅੱਖੀਆਂ 'ਚੋਂ ਘਟ ਵਿਖਾਈ ਦਿੰਦਾ ਹੈ। ਕੰਨ ਉੱਚਾ ਸੁਣਦੇ ਹਨ। ਗਲ੍ਹਾਂ ਤੇ ਝੁਰੜੀਆਂ ਹਨ। ਸੋਟੀ ਦੇ ਬਗੈਰ ਚਲਣਾ ਅਸੰਭਵ। ਬੇਟੇ, ਪੋਤੇ ਸੁਖ-ਸਾਂਦ ਪੁੱਛਣ ਆਉਂਦੇ ਹਨ। ਹੁਣ ਤੇਰੀ ਆਪਣੀ ਕੋਈ ਹਸਤੀ ਨਹੀਂ। ਬਹੂਆਂ ਜਾਂ ਬੇਟੇ ਦੇਣ ਤਾਂ ਕੁਝ ਖਾਵੇਂ। ਦੋਸ਼-ਇਲਜ਼ਾਮ, ਟੀਕਾ ਟਿੱਪਣੀ ਸਭ ਬਰਦਾਸ਼ਤ ਕਰਨੇ ਪੈਂਦੇ ਨੇ......

ਇਹ ਸੋਚ ਕੇ ਬਰਦਾਸ਼ਤ ਕਰਦੀ ਜਾ ਕਿ ਹੁਣ ਬਹੁਤ ਥੋੜ੍ਹਾ ਸਮਾਂ ਰਹਿ ਗਿਆ ਹੈ। ਇਹ ਸੋਚ ਕੇ ਸਹਿ ਜਾ ਕਿ ਤੇਰੇ ਮਾਤਾ-ਪਿਤਾ, ਦਾਦਾ ਸਭ ਨੂੰ ਹੀ ਇਸ ਹਾਲਤ ਵਿਚੋਂ ਗੁਜ਼ਰਨਾ ਪਿਆ ਹੈ। ਵਧ ਤੋਂ ਵਧ ਹੁਣ ਅੱਧੀ ਘੜੀ।

ਆਖਰ ਇਸ ਸਭ ਕੁਝ ਦਾ ਮਤਲਬ ਕੀ ਹੈ ? ਮਾਇਆ 'ਚ ਫਸੇ ਹੋਣ ਕਾਰਨ ਅਸੀਂ ਤੇ ਤੁਸੀਂ ਨਹੀਂ ਪਛਾਣਦੇ। ਤਰ੍ਹਾਂ-ਤਰ੍ਹਾਂ ਦੇ ਲੋਕਾਂ ਵਿਚ ਅਸੀਂ ਫਸੇ ਰਹਿੰਦੇ ਹਾਂ। ਦੂਰ ਦੇ ਢੋਲ ਸੁਹਾਵਣੇ ਲਗਦੇ ਹਨ। ਕਿਸੇ ਸੁਖ ਨੂੰ ਹੱਥਿਆਨ ਲਈ ਬੇਤਹਾਸ਼ਾ ਦੌੜਦੇ ਹਾਂ। ਰਾਤਾਂ ਤੇ ਦਿਨ ਗੁਜ਼ਰੀ ਜਾਂਦੇ ਹਨ। ਜਿਸ ਨੂੰ ਪਾ ਲੈਣਾ ਸੁਖ ਦਾ ਕਾਰਨ ਸਮਝਿਆ ਜਾਂਦਾ ਹੈ, ਪਾ ਲੈਣ ਦੇ ਬਾਅਦ ਉਹ ਖਖਲਾ ਨਾਰੀਅਲ ਜਿਹਾ ਲਗਦਾ ਹੈ। ਕੀ ਤੂੰ ਮਕੜੀ ਨੂੰ ਜਾਲ ਬੁਣਦਿਆਂ ਨਹੀਂ ਵੇਖਿਆ ? ਮਕੜੀ ਸੋਚਦੀ ਹੈ ਕਿ ਬੜੀ ਬਾਦਸ਼ਾਹਤ ਬਣਾ ਰਹੀ ਹਾਂ। ਪਲ ਭਰ ਵੀ ਆਰਾਮ ਕੀਤੇ ਬਗੈਰ ਮਿਹਨਤ ਕਰੀ ਜਾਂਦੀ ਹੈ। ਕੁਲ ਮਤਲਬ ਹੈ ਇਕ-ਅੱਧ ਜੀਵ ਨੂੰ ਫਸਾ ਕੇ ਨਿਗਲ ਜਾਣਾ। ਕਦੀ ਤਾਂ ਸ਼ਿਕਾਰ ਮਿਲ ਜਾਂਦਾ ਹੈ ਤੇ ਕਦੀ ਜਾਲਾ ਪੂਰਾ ਹੋਣ ਤੋਂ ਪਹਿਲਾਂ ਹੀ ਹਵਾ ਦਾ ਕੋਈ ਸ਼ਰਾਰਤੀ ਬੁੱਲਾ ਇਸ ਦਾ ਸਤਿਆਨਾਸ ਕਰ ਦਿੰਦਾ ਹੈ। ਸਾਡੇ ਸਾਰਿਆਂ ਦੀ ਇਹ ਹੀ ਹਸਤੀ ਹੈ। ਪਰ ਮਕੜੀ ਇਸ ਨਾਲ ਹਿੰਮਤ ਹਾਰ ਕੇ ਆਪਣਾ ਕੰਮ ਛੱਡਦੀ ਨਹੀਂ। ਸੰਸਾਰਿਕ ਜੀਵਨ ਦੀ ਸਥਿਤੀ ਲਗਪਗ ਇਹ ਹੀ ਹੈ।

ਦੌੜ-ਧੁੱਪ ਵਿਚ ਅਸੀਂ ਯਾਦ ਨਹੀਂ ਰਖਦੇ ਕਿ ਸਾਨੂੰ ਕੀ ਮਿਲਿਆ। ਸਿਰਫ ਸਵਾ ਪੰਜ ਸੈਂਟ ਜ਼ਮੀਨ ਲਈ ਪਿੰਡ ਵਾਲਿਆਂ ਨਾਲ ਲੜਨ ਮਰਨ ਲਈ ਤਿਆਰ ਹੋ ਗਏ। ਉਸ ਵਾਸਤੇ ਸਭ ਤੋਂ ਵਡੇ ਬੇਟੇ ਦੀ ਜਾਨ ਦੇ ਰੂਪ ਵਿਚ ਕੀਮਤ ਚੁਕਾਉਣੀ ਪਈ।

ਉਣੀਤਾਣ ਤੋਂ ਖਰੀਦੇ ਬਤਾਲ਼ੀ ਸੈਂਟ ਖੇਤ ਦੇ ਨਾਲ ਲਗਦੀ ਸਵਾ ਪੰਜ ਸੈਂਟ ਸਰਕਾਰੀ ਜ਼ਮੀਨ ਸੀ। ਪਟੇ ਵਿਚ ਤਾਂ ਬੇਸ਼ਕ ਨਹੀਂ ਸੀ ਲਿਖੀ। ਫਿਰ ਵੀ ਮੁੱਦਤ ਤੋਂ ਉਹ ਸਰਵੇ ਨੰਬਰ ਤਿੰਨ ਸੌ ਚੌਰਾਨਵੇਂ ਦਾ ਹੀ ਅੰਗ ਹੈ। ਇਸ ਦੇ ਨਾਲ ਉਤਰ ਵਿਚ ਚਾਰ ਸੱਤਰਾਂ ਵਿਚ ਫੈਲਿਆ ਬਾਹਠ ਸੈਂਟ ਨਾਣੂਨਾਇਕ ਦੇ ਸਨ। ਬਟਵਾਰੇ ਵਿਚ ਇਹ ਜ਼ਮੀਨ ਨਾਣੂਨਾਇਕ ਦੀ ਬੇਟੀ ਨੂੰ ਮਿਲੀ। ਸ਼ਿਵਰਾਮ ਕੁਰੁਪ ਦੀ ਇਸਤ੍ਰੀ ਦੀ ਦੀਦੀ। ਉਸ ਔਰਤ ਦਾ ਪਤੀ ਸ਼ੇਖਰਨ ਨਾਇਰ ਜੋਤਨ ਆਇਆ ਤਾਂ

ਖੇਤ ਨਪਵਾਇਆ ਗਿਆ। ਦਸਤਾਵੇਜ਼ ਵਿਚ ਬਾਹਠ ਸੈਂਟ ਲਿਖਿਆ ਸੀ ਪਰ ਨਪਵਾਣ ਤੇ ਕੇਵਲ ਸਤਵੰਜਾ ਸੈਂਟ ਹੀ ਨਿਕਲਿਆ। ਬਾਕੀ ਦੇ ਪੰਜ ਸੈਂਟ ਕੁੰਏਨਾਮਾਪਿਲਾ ਨੇ ਹੜੱਪ ਕਰ ਲਏ। ਜੁਤਾਈ ਸ਼ੁਰੂ ਹੋਈ ਤਾਂ ਬਹਿਸ ਵੀ ਸ਼ੁਰੂ ਹੋ ਗਈ। ਭੀੜ ਜਮ੍ਹਾਂ ਹੋ ਗਈ। ਚਾਰਾਂ ਪਾਸਿਆਂ ਦੇ ਖੇਤ ਨਾਇਰ ਲੋਕਾਂ ਦੇ ਸਨ। ਸਤ ਹਿੱਸੇ ਨਾਣੂਨਾਇਕ ਦੇ ਬੱਚਿਆਂ ਦੇ ਸਨ। ਜ਼ਿਆਦਾ ਲੋਕ ਉਸੇ ਦੇ ਪੱਖ ਵਿਚ ਬੋਲਦੇ ਸਨ। ਨਾਪ ਕਰਤਾ ਦੇ ਨਾਪਨ ਤੇ ਜੋ ਜ਼ਮੀਨ ਫਾਲਤੂ ਨਿਕਲੀ ਉਹ ਉਸ ਨੂੰ ਦੇਣੀ ਪਵੇਗੀ। ਇਹ ਕਿਉਂ ? ਝਗੜੇ ਤੋਂ ਬਚਣ ਲਈ ਆਪਣੇ ਹੀ ਖਰਚ ਤੇ ਇਕ ਨਾਪ ਕਰਨ ਵਾਲੇ ਨੂੰ ਲੈ ਆਇਆ ਤੇ ਨਾਪ ਕਰਾਇਆ। ਸ਼ੇਖਰਨ ਨਾਇਰ ਦਾ ਖੇਤਰ ਪੂਰਾ ਬਾਹਠ ਸੈਂਟ ਨਿਕਲਿਆ। ਪਰ ਉਹ ਬਹੁਤ ਹੱਠੀ ਸੀ। ਮੰਨੇ ਤਾਂ ਹੀ ਨਾ। ਚਾਰਾ ਕੀ ? ਉਹ ਲੋਕ ਜ਼ਿਆਦਾ ਸਨ। ਇਕ ਦਿਨ ਸਵੇਰੇ ਉਣਿਤਾਨਜੀ ਦੇ ਕੋਲ ਗਿਆ। ਕਿਸੇ ਵੇਲੇ ਪੂਰੇ ਤਾਲੁਕੇ ਦੀ ਜ਼ਮੀਨ ਇਨ੍ਹਾਂ ਦੇ ਪਰਿਵਾਰ ਦੀ ਹੁੰਦੀ ਸੀ। ਬੜੇ ਪ੍ਰਤਾਪੀ। ਕਮਰ ਤੇ ਅੰਗੋਛਾ ਬੰਨ੍ਹ ਕੇ. ਹਥੇਲੀ ਨਾਲ ਕੁਝ ਮੂੰਹ ਢੱਕ ਕੇ ਮੈਂ ਬੇਨਤੀ ਕਰਨ ਲਈ ਖੜਾ ਹੋ ਗਿਆ।

"ਕੀ ਹੈ ਓਏ, ਕੁੰਏਨਾ ?"

ਬੇਨਤੀ ਕਰ ਸਾਰੀ ਗੱਲ ਦੱਸੀ—"ਹਜ਼ੂਰ ਨੇ ਮਿਹਰਬਾਨੀ ਕਰਕੇ ਉਹ ਜ਼ਮੀਨ ਮੈਨੂੰ ਦਿਤੀ ਹੀ। ਉਸੇ ਜ਼ਮੀਨ 'ਤੇ ਮਿਹਨਤ ਕਰਕੇ ਬੱਚਿਆਂ ਨੂੰ ਰੁੱਖੀ-ਸੁੱਕੀ ਖਵਾਉਂਦਾ ਹਾਂ।"

"ਬਜ਼ੁਰਗ ਗੰਭੀਰ ਸੁਭਾਅ ਦੇ ਸਨ। ਬਸ ਦੋ ਜਾਂ ਤਿੰਨ ਸ਼ਬਦ ਬੋਲੇ—ਹਾਂ, ਤੂੰ ਜਾ।"

ਬਜ਼ੁਰਗ ਨੇ ਸ਼ੇਖਰਨ ਨਾਇਰ ਨੂੰ ਸਮਝਾਇਆ। ਪਰ ਉਹ ਮੰਨੇ ਤਾਂ ਨਾ।

ਬਹਿਸ, ਝਗੜਾ ਸਭ ਕੁਝ ਹੋਇਆ। ਕਿਸੇ ਨਾ ਕਿਸੇ ਤਰ੍ਹਾਂ ਉਸ ਸਾਲ ਖੇਤ ਵਾਹਿਆ। ਅਗਲੇ ਜੂਨ ਦੀ ਖੇਤੀ ਲਈ ਜਦ ਖੇਤ ਵਾਹਨ ਲਈ ਗਿਆ ਤਾਂ ਵੱਟ ਬਦਲੀ ਹੋਈ ਸੀ। ਸਭ ਤੋਂ ਵਡਾ ਲੜਕਾ ਤੇ ਕੀਵਰੀਤ ਵੀ ਨਾਲ ਸਨ। ਕੀਵਰੀਤ ਨੇ ਮਜ਼ਦੂਰ ਦੇ ਹੱਥੋਂ ਕਹੀ ਲੈ ਕੇ ਖੇਤ ਦੀ ਵੱਟ ਪਹਿਲੇ ਵਾਲੀ ਥਾਂ ਮਾਰ ਦਿਤੀ। ਸ਼ੇਖਰਨ ਨਾਇਰ ਉਸ ਵੇਲੇ ਉਥੇ ਨਹੀਂ ਸੀ। ਖਬਰ ਸੁਣ ਕੇ ਆ ਗਿਆ। ਅਠ ਦਸ ਜਣੇ ਹੋਰ ਵੀ ਸਨ। ਇਸ ਦੌਰਾਨ ਸਾਡੇ ਮਜ਼ਦੂਰ ਕੁੰਯੁਚੇਰੁਕਨ ਅਤੇ ਕੋਚਾਪਾਪੀ ਨੂੰ ਵੀ ਲੈ ਆਏ।

ਫਿਲਿਪਿਓਸ ਉਥੇ ਨਹੀਂ ਸੀ। ਮਾਤੁਕੁੱਟੀ ਲੜਕਾ ਸੀ—ਮਨ ਵਿਚ ਖਤਰਾ ਤਾੜ ਲਿਆ। ਕੋਈ ਚਾਰਾ ਈ ਨਹੀਂ ਸੀ। ਆਉਂਦਿਆਂ ਹੀ ਸ਼ੇਖਰਨ ਨਾਇਰ ਨੇ ਆਖਿਆ—

"ਖੇਤ 'ਚੋਂ ਨਿਕਲ ਜਾ, ਹਰਾਮ ਦੇ ਬੱਚੇ।"

"ਜਦ ਤੇਰਾ ਬਾਪ ਖੇਤ ਵਿਚ ਆਵੇ ਤਾਂ ਬੋਲ......ਦੇ ਬੱਚੇ।"

ਕੀਵਰੀਤ ਨੇ ਹੀ ਆਖਿਆ। ਜਦ ਕੋਈ ਉਸ ਦੇ ਬਾਪ ਨੂੰ ਗਾਲ੍ਹੀ ਦੇਵੇ ਤਾਂ ਉਹ ਚੁੱਪ ਕਿਵੇਂ ਰਹੇ।

ਸ਼ੇਖਰਨ ਤਗੜਾ ਸੀ। ਅਖਾੜੇ ਵਿਚ ਅਭਿਆਸ ਕਰਦਾ ਸੀ। ਉਸ ਨੇ ਅੱਗੇ ਵਧ ਕੇ ਕੀਵਰੀਤ ਦੀ ਪੂਰੀ ਗਲ੍ਹ ਉਤੇ ਜ਼ੋਰ ਦਾ ਤਮਾਚਾ ਮਾਰਿਆ। ਬਸ ਇਹੀ ਸ਼ੁਰੂਆਤ ਸੀ। ਸਭ ਤੋਂ ਵਡਾ ਮੁੰਡਾ ਫੇਰ ਵੀ ਵਿਚ-ਵਚਾਅ ਦੀ ਕੋਸ਼ਿਸ਼ ਕਰ ਰਿਹਾ ਸੀ। ਸ਼ੇਖਰਨ ਨਾਇਰ ਦੇ ਸਾਥੀ ਵਾਸੂ ਕੁਰੁਪ ਨੇ ਜਦ ਦੋਬਾਰਾ ਹਮਲਾ ਕੀਤਾ ਤਾਂ ਉਸ ਨੂੰ ਵੀ ਗੁੱਸਾ ਆ ਗਿਆ। ਉਸ ਨੇ ਇਕ ਲੱਤ ਨਾਲ ਹੀ ਵਾਸੂ ਕੁਰੁਪ ਨੂੰ ਜ਼ਮੀਨ ਤੇ ਪਟਕ ਮਾਰਿਆ। ਆਪਣੀ ਕਮਰ 'ਚੋਂ ਛੁਰਾ ਕੱਢ ਕੇ ਦੰਦਾਂ ਨਾਲ ਖੋਲ੍ਹਿਆ, ਵੀਹ ਤੀਹ ਆਦਮੀ ਖੇਤ ਤੇ ਟੁੱਟ ਪਏ ਸਨ। ਬਸ ਇਹ ਹੀ ਯਾਦ ਹੈ ਕਿ ਉਹ ਕੋਈ ਤੀਹ ਆਦਮੀ ਸਨ। ਅਸੀਂ ਬਸ ਪੰਜ ਜਣੇ ਹੀ ਸਾਂ। ਸ਼ੋਰ ਸ਼ਰਾਬਾ ਸੁਣ ਕੇ ਪਾਪੱਚਨ ਅਤੇ ਉਸ ਦਾ ਇਕ ਸਾਲਾ ਆ ਗਏ। ਉਸ ਦੇ ਹੱਥ ਵਿਚ ਗੈਂਤੀ ਦਾ ਡੰਡਾ ਸੀ। ਇਸੇ ਤਰ੍ਹਾਂ ਹਰੇਕ ਦੇ ਹੀ ਹੱਥ ਵਿਚ ਕੋਈ ਨਾ ਕੋਈ ਹਥਿਆਰ ਸੀ। ਮਾਰ ਦੇਣ ਦੀ ਹੀ ਧੁੰਨ ਸੀ। ਪਾਗਲਪਨ ਹੀ ਮੰਨੋ। ਆਖਦੇ ਨੇ ਰਾਜਨ ਦੀ ਆਵਾਜ਼ ਤੇ ਚੀਕ-ਚਿਹਾੜਾ ਪਿੰਡ ਦੀ ਹੱਦ ਤੱਕ ਸੁਣਾਈ ਦਿੰਦਾ ਸੀ। ਬੜੀ ਭਾਰੀ ਭੀੜ ਜਮ੍ਹਾਂ ਹੋ ਗਈ। ਖੇਤ ਵਿਚ ਖੂਨ ਹੀ ਖੂਨ ਖਿਲਰ ਗਿਆ। ਥੋੜ੍ਹੀ ਦੇਰ ਬਾਅਦ ਬਜ਼ੁਰਗ ਉਣਿਤਾਨ ਜੀ ਵੀ ਖੇਤ ਵਿਚ ਆ ਗਏ ਤੇ ਆਖਣ ਲੱਗੇ—

"ਬੰਦ ਕਰੋ ਬਦਮਾਸ਼ੋ ! ਹਰੇਕ ਨੂੰ ਜੇਲ੍ਹ ਵਿਚ ਬੰਦ ਕਰਵਾ ਦਿਆਂਗਾ।"

ਸਭ ਦੱਬ ਗਏ। ਪਤਾ ਨਹੀਂ ਕੌਣ ਮਰ ਗਿਆ, ਕੌਣ ਬਚਿਆ ਰਿਹਾ। ਬੇਟਿਆਂ ਦੀਆਂ ਬਹੂਆਂ ਛਾਤੀ ਪਿੱਟ ਜ਼ੋਰ-ਜ਼ੋਰ ਦੀ ਰੋ ਰਹੀਆਂ ਹੋਣਗੀਆਂ ? ਹੱਥ ਵਿਚ ਖੁਲ੍ਹਾ ਛੁਰਾ ਲਈ ਕੁੰਯੋਮਾ ਬੇਹੋਸ਼ ਪਿਆ ਸੀ। ਦੁਸ਼ਮਨ ਜਦ ਛੁਰਾ ਖੋਭਣ ਲੱਗਾ ਤਾਂ ਉਸ ਨੂੰ ਰੋਕਣ ਲਗਿਆਂ, ਕੀਵਰੀਤ ਦੇ ਹੱਥ ਦਾ ਅੰਗੂਠਾ ਕਟ ਗਿਆ ਸੀ। ਚਾਰ ਪੰਜ ਆਦਮੀਆਂ ਦੇ ਪੇਟ ਵਿਚ, ਛਾਤੀ ਵਿਚ ਬਰਾਬਰ ਛੁਰਿਆਂ ਦੇ ਜ਼ਖਮ ਸਨ। ਕੁੰਯੋਮਾ ਦੀ ਹਾਲਤ ਵੇਖ ਕੇ ਰਿਹਾ ਨਹੀਂ ਗਿਆ।

"ਤੈਨੂੰ ਕੀ ਉਨ੍ਹਾਂ ਨੇ ਮਾਰ ਦਿਤਾ ਏ ?......"

"ਬਾਬੂ ਜੀ !"

ਕੁੰਏਨਾਚੰਨ ਫੁੱਟ-ਫੁੱਟ ਕੇ ਰੋ ਰਹੇ ਸਨ। ਦੀਨਾਮਾ ਨੇ ਜ਼ੋਰ ਦੀ ਆਵਾਜ਼ ਦਿਤੀ।

"ਬਾਬੂ ਜੀ।"

"ਹੈਂ।"

"ਰੋ ਕਿਉਂ ਰਹੇ ਹੋ ?"

"ਕੀ ਰੋ ਰਿਹਾ ਸਾਂ ?"

"ਹਾਂ, ਪੁੱਛ ਰਹੇ ਸਾਓ ਕਿ ਬੇਟੇ ਕੀ ਤੈਨੂੰ ਮਾਰ ਦਿਤਾ।"

"ਮੁੰਨੀ ਗਈ ਹੈ।"

"ਕਦ ਦੀ ਜਾ ਚੁਕੀ ਹੈ—ਕਲ ਹੀ ਮੈਂ ਆਖਿਆ ਸੀ ਕਿ ਐਸੀਆਂ-ਵੈਸੀਆਂ ਗੱਲਾਂ ਸੋਚ-ਸੋਚ ਕੇ ਦਿਮਾਗ ਖਰਾਬ ਨਾ ਕਰਿਆ ਕਰੋ।"

"ਹੂੰ।"

"ਕੁਰੂਪ ਆਏ ਸਨ ।"

"ਕਿਥੇ ਹੋ ?"

"ਥੋੜ੍ਹੀ ਦੇਰ ਇਥੇ ਬੈਠੇ ਰਹੇ। ਪਿਤਾ ਜੀ ਤੁਸੀਂ ਸੌਂ ਰਹੇ ਸਾਓ, ਕਹਿਣ ਲੱਗੇ ਜਗਾਉਣਾ ਨਹੀਂ, ਅਫ਼ੀਮ ਦੇ ਗਏ ਹਨ।"

"ਹਾਂ ਕਲ ਵਾਸਤੇ ਕੋਈ ਨਹੀਂ ਸੀ।"

"ਕਹਿ ਰਹੇ ਸਨ, 'ਕੁੰਜੁਚੇਰੁਕਨ' ਭਈਆ ਨੇ ਜੋ ਆਖਿਆ ਉਸ ਨੂੰ ਸੁਣਨ ਦੇ ਬਾਅਦ ਇਥੇ ਆਉਣਾ ਨਹੀਂ ਸੀ ਚਾਹੀਦਾ, ਫਿਰ ਵੀ ਪਿਤਾ ਜੀ ਦਾ ਖਿਆਲ ਕਰਕੇ ਆ ਗਿਆ ਹਾਂ।"

"ਹੂੰ, ਉਹ ਸ਼ਰੀਫ਼ ਆਦਮੀ ਹੈ।"

"ਪਿਤਾ ਜੀ ਨੂੰ ਮਿਲਣ ਇਕ ਹੋਰ ਆਦਮੀ ਆਇਆ ਹੈ। ਬਾਹਰ ਖੜਾ ਹੈ।"

"ਕੌਣ ?"

"ਰਾਹੇਲੰਮਾ।"

"ਹੈਂ !"

"ਕੀਵਰੀਤ ਭਈਆ ਦੀ ਲੜਕੀ।"

"ਬੁਲਾ ਲੈ ।"

ਰਾਹੇਲੰਮਾ ਆ ਗਈ। ਉਸ ਦੁਪੱਟੇ ਨਾਲ ਸਿਰ ਕੱਜ ਲਿਆ ਸੀ। ਧਿਆਨ ਨਾਲ ਵੇਖਿਆ। ਖਾਣੇ ਦੀ ਵਾਰੀ ਛੁੱਟ ਜਾਣ ਦੇ ਬਾਅਦ ਉਸ ਨੂੰ ਨਹੀਂ ਸੀ ਵੇਖਿਆ।

"ਕੋਲ ਆ ਜਾ।"

ਨਹੀਂ ਚਿਹਰੇ ਤੇ ਫਫੋਲੇ ਘਟ ਨਹੀਂ ਹੋਏ, ਸਗੋਂ ਵਧ ਗਏ ਨੇ।

"ਬੇਟੀ !"

"ਕੀ ?"

"ਕੀ ਦਾਦਾ ਨੂੰ ਮਿਲਣ ਆਈ ਹੈਂ ?"

"ਹੂੰ।"

"ਤੇਰੀ ਸਭ ਤੋਂ ਛੋਟੀ ਭੈਣ ਕੁਝ ਦਿਨ ਪਹਿਲਾਂ ਆਈ ਸੀ। ਮੈਂ ਤੇਰੇ ਬਾਰੇ ਪੁੱਛਿਆ ਸੀ।"

"ਉਸ ਮੈਨੂੰ ਕੁਝ ਨਹੀਂ ਦੱਸਿਆ।"

"ਦੱਸਿਆ ਨਹੀਂ ?"

"ਮੈਨੂੰ ਕੋਈ ਕੁਝ ਪੁੱਛਦਾ ਜਾਂ ਦੱਸਦਾ ਨਹੀਂ।"

"ਹੈਂ !"

"ਉਥੇ ਮੇਰਾ ਰਹਿਣਾ ਤੱਕ ਸਭ ਨੂੰ ਭਾਰੀ ਲਗਦਾ ਹੈ। ਬਹੁਤ ਝੰਜਟ ਹੈ। ਕਿਵੇਂ ਮਰਾਂ ?"

"ਹੂੰ।"

"ਹੁਕਮ ਹੈ ਕਿ ਛੋਟੀਆਂ ਭੈਣਾਂ ਦੇ ਪਤੀ ਜਾਂ ਉਨ੍ਹਾਂ ਦੇ ਰਿਸ਼ਤੇਦਾਰ ਆਦਿ

ਆਉਣ ਤਾਂ ਮੈਨੂੰ ਬਾਹਰ ਨਹੀਂ ਨਿਕਲਣਾ ਚਾਹੀਦਾ।''

ਹਾਹੇਲੰਮਾ ਨੇ ਦੁਪੱਟੇ ਦੀ ਕੰਨੀ ਨਾਲ ਅੱਖਾਂ ਪੂੰਝੀਆਂ। ਦੀਨਾਮਾ ਬੋਲੀ—

''ਰਾਹੇਲੰਮਾ ਰੋ ਨਾ। ਦੁਨੀਆਂ ਹੀ ਅਜਿਹੀ ਹੈ। ਮਾਂ ਬਾਪ, ਭਰਾ ਭੈਣ ਸਭ ਦੀ ਇਹੀ ਗੱਲ ਹੈ।''

''ਪ੍ਰਭੂ ਬੁਲਾਉਂਦੇ ਨਹੀਂ। ਇਸ ਧਰਤੀ ਦਾ ਬੋਝ ਬਣਾ ਕੇ ਇਥੇ ਹੀ ਛੱਡ ਦਿਤਾ ਹੈ।''

''ਤੇਰੇ ਸੁਸਰਾਲ ਵਾਲੇ ਕਦੀ ਆਏ ?''

ਰਾਹੇਲੰਮਾ ਨੇ ਕੋਈ ਜਵਾਬ ਨਹੀਂ ਦਿਤਾ। ਕੀ ਕਹੇ। ਦਾਦਾ ਜੀ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਆਉਣਾ ਜਾਣਾ ਬੰਦ ਹੈ। ਫਿਰ ਵੀ ਪੁੱਛਦੇ ਹਨ।

ਥੋੜ੍ਹੀ ਦੇਰ ਤੱਕ ਕੁੰਏਨਾਚੰਨ ਤੇ ਦੀਨਾਮਾ ਕੁਝ ਨਹੀਂ ਬੋਲੇ।

ਰਾਹੇਲੰਮਾ ਨੇ ਆਖਿਆ—

''ਕਿਸੇ ਨੂੰ ਕਸ਼ਟ ਦਿਤੇ ਬਿਨਾਂ ਪਹਿਲਾਂ ਹੀ ਇਕ ਦਿਨ ਚਲੀ ਜਾਣਾ ਚਾਹੁੰਦੀ ਹਾਂ।''

''ਸੋ ਪਰਮਾਤਮਾ ਦੀ ਇੱਛਾ ਬਗੈਰ ਕਿਵੇਂ ਸੰਭਵ ਹੋਵੇ ?''

''ਮੈਂ ਇਕ ਗੱਲ ਸੋਚ ਰਖੀ ਹੈ।''

''ਉਹ ਕੀ?''

''ਉਨ੍ਹਾਂ ਦੀ ਤਕਲੀਫ਼ ਹਮੇਸ਼ਾ ਲਈ ਖਤਮ ਕਰ ਦੇਵਾਂਗੀ।''

ਬੱਕ ਨਾ ਰਾਹੇਲੰਮਾ।''

''ਕੀ...ਕੀ ?''

''ਕੁਝ ਨਹੀਂ ਦਾਦਾ ਜੀ......''

ਮਨ ਦੇ ਆਵੇਗ ਨੂੰ ਰੋਕ ਨਾ ਸਕੀ। ਰਾਹੇਲੰਮਾ ਫੁੱਟ-ਫੁੱਟ ਕੇ ਰੋ ਪਈ।

''ਰੋ ਨਾ ਬੇਟੀ। ਯਹੋਵਾ ਤੇਰੇ ਕਸ਼ਟ ਦੂਰ ਕਰਨਗੇ। ਯਹੋਵਾ ਲਈ ਕੁਝ ਵੀ ਅਸੰਭਵ ਨਹੀਂ।''

ਰਾਹੇਲੰਮਾ ਕੁਝ ਦੇਰ ਹੋਰ ਦਾਦਾ ਦੇ ਮੂੰਹ ਵਲ ਤੱਕਦੀ ਰਹੀ। ਫਿਰ ਅੱਖਾਂ ਪੂੰਝ ਲਈਆਂ।

''ਮੈਂ ਜਾ ਰਹੀ ਹਾਂ ਦਾਦਾ ਜੀ।''

''ਜਾਓ।''

''ਫਿਰ ਵੀ ਅਨਮਨੀ ਜਹੀ ਉਹ ਕੁਝ ਦੇਰ ਹੋਰ ਖਲੋਤੀ ਰਹੀ।''

ਦੀਨਾਮਾ ਨੇ ਆਖਿਆ—

''ਦੁਪਹਿਰ ਹੋ ਗਈ ਹੈ। ਹੁਣ ਖਾਣਾ ਖਾ ਕੇ ਜਾਣਾ ਨਾ।''

''ਨਹੀਂ ਚਾਚੀ।''

'ਚਾਚੀ' ਕਹਿਣ ਤੇ ਵੀ ਰਾਹੇਲੰਮਾ ਦੀਨਾਮਾ ਕੋਲੋਂ ਉਮਰ ਵਿਚ ਵੱਡੀ ਹੈ। ਫਿਰ ਵੀ ਰਿਸ਼ਤਾ ਚਾਚੀ ਦਾ ਹੈ।

ਕੁੰਏਨਾਚੰਨ ਨੇ ਸੋਚਿਆ—ਲੜਕੀ 'ਤੇ ਕਿਹੋ ਜਿਹੀ ਆਫ਼ਤ ਆ ਪਈ ਹੈ।

ਇਹ ਬਰਦਾਸ਼ਤ ਨਹੀਂ ਕਰ ਸਕਦੀ। ਪਤੀ ਅਤੇ ਮਾਂ ਦੇ ਕੁਬੋਲ। ਛੋਟੀਆਂ ਭੈਣਾਂ ਦੇ ਬੁਰੇ ਸ਼ਬਦ। ਉਸ ਨੇ ਆਖਰ ਵਿਗਾੜਿਆ ਕੀ ਹੈ ? ਪਰਮਾਤਮਾ ਨੇ ਉਸ ਨੂੰ ਇਕ ਮਹਾ ਰੋਗ ਦੇ ਦਿਤਾ ਹੈ। ਰੋਗਾਂ ਵਿਚੋਂ ਸਭ ਤੋਂ ਭੈੜਾ ਰੋਗ। ਪਰਮਾਤਮਾ ਨੇ ਇਸ ਨੂੰ ਇਹ ਕਸ਼ਟ ਕਿਉਂ ਦਿਤਾ ਏ ? ਸ਼ਾਇਦ ਉਸ ਦੀ ਪ੍ਰੀਖਿਆ ਵਾਸਤੇ। ਨਿਰਛਲ, ਸਤਿਵਾਦੀ ਈਸ਼ਵਰ ਭਗਤ ਤੇ ਨਿਰਦੋਸ਼ ਅਯੂਬ ਦੀ ਵੀ ਪ੍ਰੀਖਿਆ ਲਈ ਸੀ। ਪ੍ਰਭੂ ਦੀ ਗਤੀ ਕੌਣ ਜਾਣੇ ? ਪਰਿਵਾਰ ਵਿਚ ਹੋਰ ਕਿਸੇ ਨੂੰ ਇਹ ਬੀਮਾਰੀ ਨਹੀਂ ਲੱਗੀ। ਕਹਿੰਦੇ ਨੇ ਮਾਂ ਦੀ ਪੀੜ੍ਹੀ 'ਚੋਂ ਮਿਲੀ ਹੋਈ ਹੈ। ਦਸ ਬਾਰਾਂ ਵਰ੍ਹੇ ਦੀ ਉਮਰ ਵਿਚ ਖੱਬੇ ਹੱਥ 'ਤੇ ਇਕ ਦਾਗ ਜਿਹਾ ਵਿਖਾਈ ਦਿਤਾ ਸੀ। ਕਾੜ੍ਹੇ-ਗੋਲੀਆਂ ਬਹੁਤ ਲਏ। ਪੰਜਾਂ ਧੀਆਂ 'ਚੋਂ ਸਭ ਤੋਂ ਵੱਡੀ। ਛੋਟੀਆਂ ਭੈਣਾਂ ਨੂੰ ਪਿਆਰਨ ਤੇ ਲਾਡ ਲਡਾਉਣ ਵਿਚ ਬਹੁਤ ਹੁਸ਼ਿਆਰ। ਸਿਆਣੀ ਹੋਣ ਤੇ ਇਹ ਹੀ ਚੌਂਕਾ-ਚੁਲ੍ਹਾ ਸੰਭਾਲਦੀ ਸੀ। ਇਸੇ ਵਿਚ ਦਵਾਦਾਰੂ ਦੀ ਫੁਰਸਤ ਹੀ ਨਹੀਂ ਰਹੀ। ਸਤਾਰ੍ਹਵੇਂ ਸਾਲ ਵਿਚ ਉਸ ਦੇ ਮਾਮਾ ਇਕ ਰਿਸ਼ਤੇ ਦਾ ਪ੍ਰਸਤਾਵ ਲਿਆਏ। ਮੁੰਡਾ ਬੈਂਕ ਦਾ ਮੁਨੀਮ ਸੀ। ਵੇਖਿਆ। ਪਸੰਦ ਆ ਗਿਆ। ਰਾਹੇਲੰਮਾ ਦੇ ਪਿਤਾ ਨੇ ਕਿਹਾ—

"ਸ਼ਾਦੀ ਕਰ ਦਈਏ ਤਾਂ ਸ਼ਾਇਦ ਹਾਲਤ ਸੁਧਰ ਜਾਏ ਪਿਤਾ ਜੀ ?"

"ਹਾਂ, ਕਰ ਦੇਣੀ ਚਾਹੀਦੀ ਹੈ।"

"ਸ਼ਾਦੀ ਕਰਨ ਵਾਸਤੇ ਮੇਰੇ ਕੋਲ ਕੋਈ ਪੈਸਾ ਕਿਥੇ ਜਮ੍ਹਾਂ ਹੈ ?"

ਸੋਚਿਆ ਕਿ ਸਹੀ ਗੱਲ ਹੈ ਉਸ ਦੇ ਕੋਲ ਕੁਝ ਨਹੀਂ। ਪੰਜ ਲੜਕੀਆਂ ਨੂੰ ਵਿਦਾ ਕਰਨਾ ਹੈ। ਉਸ ਦੇ ਬਾਅਦ ਗੁਜ਼ਾਰਾ ਕਿਵੇਂ ਹੋਵੇ ? ਉਨ੍ਹਾਂ ਦਿਨਾਂ ਵਿਚ ਕੰਏਨਾਚੰਨ ਕੋਲ ਖੇਤੀ ਤੇ ਵਪਾਰ ਵਿਚੋਂ ਬਚੇ ਕੁਝ ਪੈਸੇ ਸਨ।

"ਚਾਰ ਆਦਮੀਆਂ ਨੂੰ ਲੈ ਜਾ ਤੇ ਮੰਗਨੀ ਕਰ ਆ।"

ਗਿਆ। ਮੰਗਨੀ ਹੋ ਗਈ। ਸ਼ਾਦੀ ਵੀ ਹੋ ਗਈ। ਸ਼ਾਦੀ ਦੇ ਬਾਅਦ ਦੂਜੇ ਹਫਤੇ ਸੁਸਰਾਲ ਵਾਲਿਆਂ ਨੇ ਕੁੜੀ ਨੂੰ ਵਾਪਸ ਭੇਜ ਦਿੱਤਾ। ਬਾਅਦ ਵਿਚ ਕੋਈ ਲੈਣ ਨਹੀਂ ਆਇਆ। ਪੁੱਛਣ-ਗਿੱਛਣ ਤੇ ਪਤਾ ਲੱਗਾ ਕਿ ਸੁਸਰਾਲ ਵਾਲਿਆਂ ਨੇ ਲੜਕੀ ਦੇ ਹੱਥ ਦਾ ਦਾਗ ਵੇਖ ਲਿਆ ਹੈ। ਉਨ੍ਹਾਂ ਦੀ ਸ਼ਕਾਇਤ ਸੀ ਕਿ ਲੜਕੀ ਦੇ ਘਰ ਵਾਲਿਆਂ ਇਹ ਗੱਲ ਛੁਪਾ ਕੇ ਧੋਖਾ ਦਿੱਤਾ ਹੈ। ਗੱਲ ਠੀਕ ਹੀ ਸੀ। ਫਿਰ ਵੀ ਵਿਆਹੀ ਲੜਕੀ ਸੁਸਰਾਲ ਦੀ ਹੁੰਦੀ ਹੈ, ਉਹ ਭਾਵੇਂ ਠੁਕਰਾ ਹੀ ਦੇਣ।......ਲਤ ਮਾਰ ਖਾਂਦੀ ਉਥੇ ਹੀ ਰਹਿ ਸਕਦੀ ਹੈ। ਇਸ ਲਈ ਉਹ ਅਜੇ ਵੀ ਉਥੇ ਹੀ ਹੈ। ਹੁਣ ਤੱਕ ਸਾਰੇ ਸਰੀਰ ਵਿਚ ਬੀਮਾਰੀ ਫੈਲ ਗਈ ਹੈ। ਘਰ ਵਾਲਿਆਂ ਵੀ ਇਸ ਸ਼ਰਤ ਤੇ ਘਰ'ਚ ਰਖਿਆ ਹੋਇਆ ਹੈ ਕਿ ਉਹ ਆਪਣੇ ਕਮਰੇ'ਚੋਂ ਬਾਹਰ ਨਾ ਕਦਮ ਰਖੇ।

ਇਸ ਹੁਕਮ'ਚ ਕੀ ਗਲਤੀ ਹੈ ? ਪੁਰਾਣੇ ਜ਼ਮਾਨੇ ਵਿਚ ਵੀ ਇਸ ਰੋਗ ਨੂੰ ਬਹੁਤ ਘਿਰਣਾ ਕੀਤੀ ਜਾਂਦੀ ਸੀ। ਯਹੋਵਾ ਨੇ ਸਿਨਾਈ ਪਰਬਤ ਉਤੇ ਮੂਸਾ ਨੂੰ ਆਖਿਆ ਸੀ—ਕਿਸੇ ਆਦਮੀ ਦੀ ਚਮੜੀ ਉਤੇ ਗੰਡ ਜਾਂ ਫੁੰਸੀ, ਸਫਦ ਦਾਗ ਜਾਂ ਕੋੜ੍ਹ ਦੇ ਇਸ ਤਰ੍ਹਾਂ ਦੇ ਨਿਸ਼ਾਨ ਵੇਖੋ ਤਾਂ ਚਮੜੀ ਦੇ ਦਾਗ ਦੀ ਪਰਖ ਕਰੋ। ਦਾਗ ਦੇ ਅੰਦਰ ਦਾ ਰੋਗ ਸਫੇਦ ਹੋਵੇ ਤੇ ਦਾਗ ਚਮੜੀ ਨਾਲੋਂ ਡੂੰਘਾ ਹੋਵੇ ਤਾਂ ਪੁਰੋਹਿਤ ਉਸ ਨੂੰ ਵੇਖ ਕੇ

ਇਹ ਐਲਾਨ ਕਰੇਗਾ ਕਿ ਉਹ ਆਦਮੀ ਅਸ਼ੁਧ ਹੈ ।

''ਬੇਟੀ''

''ਕੀ ?''

ਦੀਨਾਮਾ ਆਈ ।

''ਥੋੜ੍ਹੀ ਜਹੀ ਕਾਂਜੀ ਦੇ ।''

ਉਠ ਬੈਠੇ, ਸਿਰਹਾਣੇ ਹੇਠੋਂ ਕੱਢ ਕੇ ਇਕ ਗੋਲੀ ਖਾ ਲਈ । ਕਾਂਜੀ ਲੈ ਕੇ ਪੀਤੀ । ਫਿਰ ਲੇਟ ਗਏ । ਇਸੇ ਵੇਲੇ ਬੂਹੇ ਅੱਗੋਂ ਗੱਲਬਾਤ ਦੀ ਆਵਾਜ਼ ਆਈ ।

''ਫਾਦਰ ਲੌਣਾ ਭਈਆ ਦੇ ਪੱਖ ਵਿਚ ਹਨ ।''

''ਇਹ ਹੀ ਨਿਆਂ ਹੈ ।''

ਕੁੰਏਨਾਚੰਨ ਨੇ ਪੁਛਿਆ—

''ਇਕ ਤਾਂ ਮਾਤੁਕੁੱਟੀ ਹੈ, ਦੂਜਾ ਕੌਣ ਹੈ ਬੇਟੀ ?''

ਦੀਨਾਮਾ ਨੇ ਵਿਹੜੇ ਵਿਚ ਉਤਰ ਕੇ ਦੇਖਣ ਦੇ ਬਾਅਦ ਕਿਹਾ—

''ਕਾਰਤੀਕੱਪਲਿ ਦੇ ਫਾਦਰ ਹਨ ।''

''ਅੱਛਾ''

''ਇਹ ਫਾਦਰ ਦਾ ਮੱਤ ਹੈ । ਜੋ ਹੋਵੇ, ਜੋ ਮਰਦ ਬੇਟੇ ਪੋਤਿਆਂ ਵਾਲੀ ਉਧੇੜ ਉਮਰ ਦੀ ਔਰਤ ਨੂੰ ਮਾਰਦਾ ਹੈ ਉਸ ਦੀ ਕੀ ਇੱਜ਼ਤ ਹੈ ?''

''ਮਾਰਨ ਦਾ ਮੈਂ ਸਮਰਥਨ ਨਹੀਂ ਕਰਦਾ । ਪਰ ਚਾਚੀ ਦੀ ਜਬਾਨ ਖਰਾਬ ਹੈ । ਮਾਤੂਕੁੱਟੀ ਤੂੰ ਇਥੇ ਇੰਨੀ ਦੂਰ ਤੋਂ ਗੱਲਾਂ ਸੁਣ ਰਿਹਾ ਹੈਂ । ਮੈਂ ਤਾਂ ਪੜੋਸ ਵਿਚ ਰਹਿੰਦਾ ਹੋਇਆ ਆਪਣੀ ਅੱਖੀਂ ਵੇਖਦਾ ਤੇ ਕੰਨੀ ਸੁਣਦਾ ਹਾਂ ।''

''ਫਾਦਰ ਨੇ ਕਦੀ ਸੋਚਿਆ ਹੈ ਕਿ ਚਾਚੀ ਦਾ ਵਿਵਹਾਰ ਇਸ ਤਰ੍ਹਾਂ ਦਾ ਕਿਉਂ ਹੋ ਗਿਆ ਹੈ ?''

''ਇਹ ਵੀ ਮੈਂ ਜਾਣਦਾ ਹਾਂ ।''

''ਜਦੋਂ ਤੋਂ ਚਾਚੀ ਨੇ ਉਸ ਘਰ ਵਿਚ ਕਦਮ ਰਖਿਆ ਹੈ, ਉਦੋਂ ਤੋਂ ਉਸ ਨੂੰ ਚੈਨ ਨਹੀਂ ਮਿਲਿਆ । ਪਤੀ ਦਾ ਚਾਲ ਚਲਨ ਭੈੜਾ ਹੈ । ਨੌਕਰੀ 'ਚ ਜਿਥੇ ਤਬਦੀਲੀ ਹੁੰਦੀ ਹੈ ਉਥੇ ਹੀ ਨਵਾਂ ਰਿਸ਼ਤਾ । ਚਾਚੀ ਪਹਿਲਾਂ ਰੁੱਸੀ ਰਹੀ । ਝਗੜਾ ਕੀਤਾ । ਪਰ ਇਹ ਸਭ ਬੇਕਾਰ ਸਾਬਤ ਹੋਣ ਨਾਲ ਉਹ ਦਿਲੋਂ ਉਸ ਤੋਂ ਅਲੱਗ ਹੋ ਗਈ । ਫਿਰ ਮਿਲੀ ਨਹੀਂ । ਇਸਾਈ ਦਾ ਵਿਆਹ ਤਾਂ ਕਿੱਲੇ ਬੰਨਣ ਬਰਾਬਰ ਹੈ ਨਾ ? ਇਸ ਲਈ ਉਹ ਵੀ ਉਸੇ ਬੰਧਨ ਵਿਚ ਬੱਝੀ ਪਈ ਰਹਿੰਦੀ ਹੈ । ਇਸ ਕਥਨ ਦਾ ਕੀ ਮਤਲਬ ਹੈ ਕਿ ਪਰਮਾਤਮਾ ਨੇ ਦੋਨਾਂ ਨੂੰ ਜੋੜਿਆ ਹੈ ਤੇ ਮੌਤ ਤੱਕ ਪਤੀ ਦੀ ਸੇਵਾ ਕਰਦੇ ਰਹਿਣਾ ਪਤਨੀ ਦਾ ਧਰਮ ਹੈ ।

ਕੁੰਏਨਾਚੰਨ ਨੇ ਪੁੱਛਿਆ—

''ਕਿਸ ਦੀ ਗੱਲ ਹੈ ?''

''ਦੀਨਾਮਾ ਦੀ ਵੱਡੀ ਭੈਣ ਦੀ ਗੱਲ ਕਰਦੇ ਪਏ ਨੇ ਮਾਮਾ ਜੀ ।''

''ਹਾਂ ਮਰਿਅੰਮਾ ਦੀ ਗੱਲ ਹੈ । ਗਲਤੀ ਦੋਹਾਂ ਦੀ ਹੈ । ਤਰਖਾਣ ਵੀ ਕੱਚਾ,

ਲੱਕੜੀ ਵੀ ਵਿੰਗੀ ।''

ਦੀਨਾਮਾ ਨੇ ਪੁੱਛਿਆ—''ਕੀ ਮੇਰੀ ਹੀ ਦੀਦੀ ਹੈ ? ਫਾਦਰ ਦੀ ਵੀ ਦੀਦੀ ਨਹੀਂ ?''

ਫਾਦਰ ਜ਼ੋਰ ਦੀ ਹੱਸੇ । ''ਹਾਂ ਤੁਸੀਂ ਇਕ ਮਾਂ ਦੀ ਹੀ ਸੰਤਾਨ, ਛੋਟੀਆਂ ਭੈਣਾ ਹੋ । ਮੈਂ ਦੇਰ ਨਾਲ ਆਇਆ ਛੋਟਾ ਭਰਾ ਹਾਂ ਨਾ ?''

''ਮੰਨ ਲਿਆ ।''

''ਜਦ ਮੈਂ ਆਪ ਲੋਕਾਂ ਦੇ ਘਰ ਆਇਆ ਤਾਂ ਉਦੋਂ ਦੀਨਾਮਾ ਚਾਰ ਵਰ੍ਹਿਆਂ ਦੀ ਸੀ ਨਾ ?''

''ਹਾਂ ।'

ਫਾਦਰ ਦੀਆਂ ਨਜ਼ਰਾਂ ਸਾਹਮਣੇ ਉਸ ਚਾਰ ਵਰ੍ਹੇ ਦੀ ਬੱਚੀ ਦੀ ਤਸਵੀਰ ਆ ਗਈ । ਤਿੱਤਲੀ ਵਾਂਗ ਚੌਹਾਂ ਪਾਸੇ ਖੇਡਦੀ-ਉਡਦੀ ਫਿਰਦੀ ਸੀ । ਉਨ੍ਹਾਂ ਦਿਨਾਂ 'ਚ ਫਾਦਰ ਡੀਕਨ (ਉਪਜਾਯਕ) ਹੀ ਸਨ । ਬੱਚੀ ਕਹਾਣੀ ਸੁਨਣ ਵਾਸਤੇ ਜੀਜਾ ਦੇ ਨਾਲ ਹੀ ਸੌਂਦੀ ਸੀ । ਇਸ ਦਾ ਹੱਠ ਕਰਦੀ ਸੀ । ਉਸ ਛੋਟੀ ਜਹੀ ਉਮਰ ਵਿਚ ਹੀ ਉਹ ਕਮਲ ਕਲੀ ਵਾਂਗ ਸੁੰਦਰ ਸੀ । ਪੰਦਰਾਂ ਸੋਲ੍ਹਾਂ ਵਰ੍ਹਿਆਂ ਦੀ ਹੋ ਕੇ ਬਹੁਤ ਰੂਪਵਤੀ ਨਿਕਲੀ । ਫਿਰ ਵੀ ਦੁਹਾਜੂ ਨਾਲ ਹੀ ਵਿਆਹੀ ਗਈ । ਕਿਸਮਤ ਵਿਚ ਇਹ ਹੀ ਲਿਖਿਆ ਸੀ । ਦੋ ਬੇਟੀਆਂ ਦੇ ਵਿਆਹ ਅਤੇ ਬੀਮਾਰੀ ਨੇ ਉਸ ਦੇ ਪਿਤਾ ਦੀ ਬਹੁਤ ਦੁਰਦਸ਼ਾ ਕਰ ਦਿਤੀ ਸੀ । ਘਰ ਅਤੇ ਅਹਾਤੇ ਨੂੰ ਛੱਡ ਬਾਕੀ ਦੀ ਸਾਰੀ ਜਾਇਦਾਦ ਕਰਜ਼ ਦੇ ਕਾਰਨ ਜਾਂਦੀ ਰਹੀ । ਕਵਾਰੀ ਲੜਕੀ ਖੂਬਸੂਰਤ ਹੋਣ ਦੇ ਬਾਵਜੂਦ ਵੀ ਬੋਝ ਹੁੰਦੀ ਹੈ । ਮਾਤੁਕੁੱਟੀ ਨਾਲ ਦੀਨਾਮਾ ਦੀ ਸ਼ਾਦੀ ਦਾ ਸੁਝਾਓ ਫਾਦਰ ਨੇ ਹੀ ਦਿਤਾ ਸੀ । ਮਾਤੁਕੁੱਟੀ ਫਾਦਰ ਦਾ ਮਮੇਰਾ ਭਰਾ ਸੀ ! ਦੁਹਾਜੂ ਹੋਣ ਦੇ ਬਾਵਜੂਦ ਵੀ ਮਾਤੁਕੁੱਟੀ ਸਭ ਨੂੰ ਪਸੰਦ ਆ ਗਿਆ । ਵੇਖਣ ਵਿਚ ਚੰਗਾ ਸੀ ਤੇ ਸਲਾਹ-ਮਸ਼ਵਰੇ ਦੇ ਯੋਗ ਵੀ ਸੀ !

''ਫਾਦਰ ਅਜੇ ਵੀ ਉਸੇ ਗਿਰਜੇ ਵਿਚ ਹੋ ਨਾ ?''

''ਹਾਂ ਮਾਮਾ ਜੀ ।''

''ਧਰਮ ਦੇਸ਼ ਵਿਚ ਹੁਣ ਵੀ ਝਗੜਾ ਫਸਾਦ ਚਲ ਰਿਹਾ ਏ ?''

''ਪਹਿਲਾਂ ਵਾਂਗ ਨਹੀਂ ।''

''ਕੋਪ੍ਰਾਸਪੁਰਾ ਦੇ ਬਜ਼ੁਰਗ ਅਜੇ ਵੀ ਹਨ ?''

''ਉਨ੍ਹਾਂ ਦਾ ਦਿਹਾਂਤ ਹੋ ਗਿਆ । ਉਨ੍ਹਾਂ ਦਾ ਸਭ ਤੋਂ ਵੱਡਾ ਪੁੱਤਰ ਹੀ ਮੁਖੀਆ ਹੈ ਸਾਡੇ ਇਟੀਚੱਾਰਿਜੀ ਦਾ ਜਵਾਈ ।''

''ਹਾਂ, ਸਮਝ ਗਿਆ ।''

ਧਰਮ ਦੇਸ਼ ਵਿਚ ਹੁਣ ਪਹਿਲਾਂ ਵਾਂਗ ਅਮੀਰ ਲੋਕਾਂ ਦੀ ਨਹੀਂ ਚਲਦੀ । ਸਮਿੱਤੀਆਂ ਵਿਚ ਮਾਮੂਲੀ ਲੋਕਾਂ ਦਾ ਬਹੁਮੱਤ ਰਹਿੰਦਾ ਹੈ । ਉਨ੍ਹਾਂ ਦੀ ਹੀ ਗੱਲ ਸੁਣੀ ਜਾਂਦੀ ਹੈ ।''

''ਇਹ ਤਾਂ ਠੀਕ ਹੈ । ਇਥੇ ਵੀ ਇਹ ਹੀ ਹਾਲਤ ਹੈ ।''

ਦੀਨਾਮਾ ਨੇ ਪ੍ਰਸ਼ਨ ਕੀਤਾ—

"ਚਾਚੀ ਦਾ ਕੀ ਹਾਲ ਹੈ ?"

"ਦੀਨਾਮਾ ਪਿਛਲੇ ਮਹੀਨੇ ਤੂੰ ਵੇਖ ਹੀ ਆਈ ਹੈਂ ਨਾ? ਓਹੀ ਹੈ। ਰੱਸੇ ਦੇ ਸਹਾਰੇ ਕੁਝ-ਕੁਝ ਚਲਦੀ ਹੈ।"

"ਹੁਣ ਇਕ ਨਵੇਂ ਵੈਦ ਜੀ ਆਏ ਹਨ। ਉਹ ਦਵਾ ਕਰਦੇ ਹਨ, ਕਿ ਚੱਲਣਾ ਤਾਂ ਕੀ ਉਹ ਦੌੜ ਵੀ ਸਕਣਗੇ। ਖ਼ੁਦਾ ਜਾਣੇ।"

"ਕੀ......ਕੀ।"

"ਓਹ, ਚਾਚੀ ਦੀ ਗੱਲ ਕਰ ਰਹੀ ਸਾਂ ਦਾਦਾ ਜੀ।"

ਦੀਨਾਮਾ ਨੇ ਫਾਦਰ ਨੂੰ ਆਖਿਆ—

"ਬਾਬੂ ਜੀ ਅੱਜਕਲ ਉਚਾ ਸੁਣਦੇ ਹਨ। ਜ਼ੋਰ ਦੀ ਬੋਲਣਾ ਪੈਂਦਾ ਹੈ। ਯਾਦਦਾਸ਼ਤ ਵੀ ਠੀਕ ਨਹੀਂ।"

ਫਾਦਰ ਬੋਲੇ—

"ਇਹ ਹੀ ਹੁੰਦਾ ਹੈ। ਆਖਰੀ ਦਿਨਾਂ ਵਿਚ ਅੱਖੀਂ ਘੱਟ ਦਿਸਦਾ ਹੈ। ਕੰਨੀਂ ਘੱਟ ਸੁਣੀਂਦਾ ਹੈ। ਇਹ ਸਾਰੇ ਘਾਟ ਪਾਰ ਕਰਨੇ ਹੀ ਪੈਂਦੇ ਹਨ। ਹੈ ਨਾ ਮਾਮਾ ਜੀ ?"

"ਹੈਂ ?"

"ਮੇਰੀ ਗੱਲ ਠੀਕ ਹੈ ਨਾ ?"

"ਕੌਣ ਜਾਣੇ ? ਠੀਕ ਹੋਵੇਗੀ। ਅੱਜਕਲ ਤੁਹਾਡੇ ਲੋਕਾਂ ਦੀ ਹੀ ਗੱਲ ਸੱਚੀ ਹੈ ਨਾ ?"

ਫਾਦਰ ਕੁਝ ਹੋਰ ਹੱਸ ਗਏ। ਹਾਸਾ ਉਨ੍ਹਾਂ ਦਾ ਹਥਿਆਰ ਹੈ। ਮਾਰਨ ਲਈ ਆਏ ਦੁਸ਼ਮਨ ਨੂੰ ਵੀ ਉਹ ਹਾਸੇ ਨਾਲ ਮੋਹਿਤ ਕਰ ਲੈਂਦੇ ਹਨ। ਕੁੰਏਨਾਚੰਨ ਦੀ ਗੱਲ ਦਾ ਮਤਲਬ ਉਹ ਸਮਝ ਗਏ। ਸਭਾਵਾਂ ਦਾ ਆਪਸ ਵਿਚ ਵਿਰੋਧ ਚਲ ਰਿਹਾ ਸੀ! ਫਾਦਰ ਅਤੇ ਕੁੰਏਨਾਚੰਨ ਜੇਕੋਬੈਟ ਵਿਭਾਗ ਦੇ ਹੀ ਦੋ ਭਿੰਨ-ਭਿੰਨ ਧੇਮਿਆਂ ਦੇ ਮੈਂਬਰ ਸਨ। ਫਾਦਰ ਸਿਰਿਯਨ ਪੇਟ੍ਰੀਆਰਸ ਪਾਸੇ ਹੈ। ਕੁੰਏਨਾਚੰਨ ਕਾਤੋਲਿਕਾ ਬਾਬਾ ਦੇ ਪੱਖ ਵਿਚ ਹਨ। ਈਮਾਨ ਅਤੇ ਧਾਰਮਿਕ ਵਿਚਾਰ ਦੋਹਾਂ ਦੇ ਇਕੋ ਜਿਹੇ ਹੀ ਹਨ। ਪਰ ਪ੍ਰਸ਼ਾਸਨ ਅਤੇ ਪ੍ਰਬੰਧ ਦੇ ਪੱਖੋਂ ਸਭਾ ਦੋ ਭਿੰਨ-ਭਿੰਨ ਧੇਮਿਆਂ 'ਚ ਵੰਡੀ ਗਈ।......

"ਸਾਡਾ ਕਹਿਣਾ ਠੀਕ ਹੀ ਹੈ। ਮਾਮਾ ਜੀ ਨੂੰ ਸ਼ੱਕ ਹੈ ?"

"ਖਰਗੋਸ਼ ਦੇ ਤਿੰਨ ਸਿੰਗਾਂ ਵਾਲਾ ਸੱਚ ?"

"ਉਹ ਕਿਉਂ ?"

ਦੀਨਾਮਾ ਬੋਲੀ—

"ਹੱਥ ਧੋਵੋ, ਥੋੜ੍ਹਾ ਪਾਣੀ ਪੀ ਲਵੋ।"

ਫਾਦਰ ਨੇ ਹੱਸਦਿਆਂ ਹੋਇਆਂ ਪੁੱਛਿਆ—

"ਪਾਣੀ ਪੀਣ ਲਈ ਵੀ ਹੱਥ ਧੋਣੇ ਪੈਂਦੇ ਹਨ ?"

"ਤਾਂ ਹੋਰ ਕੀ ? ਜਦ ਤੁਰਕੀ ਦੇ ਸੁਲਤਾਨ ਨੇ ਆਖਿਆ ਕਿ ਦਿਮਾਗ ਠੀਕ ਨਹੀਂ ਤਾਂ ਤੁਸੀਂ ਲੋਕਾਂ ਲਈ ਅਬਦੁਲ ਮਸੀਹਾ ਉਹ ਪੇਟ੍ਰੀਆਰਕ ਨਹੀਂ ਰਹੇ।..."

"ਕਿਹਾ ਹੈ ਨਾ। ਧਰਮ ਸਭਾ ਨੇ ਵੀ ਉਹ ਫਰਮਾਨ ਵਾਪਸ ਲੈ ਲਿਆ ਸੀ।"

"ਸੋ ਸਭ ਕੁਝ ਸਵਾਰਥੀ ਲੋਕਾਂ ਦਾ ਕੰਮ ਸੀ। ਵੈਸੇ ਕੀ ਕੇਵਲ ਬੀਮਾਰ ਹੋ ਜਾਣ ਨਾਲ ਮੈਂ ਮਾਤੁਕੁੱਟੀ ਦਾ ਪਿਤਾ ਨਹੀਂ ਰਹਿਣ ਲੱਗਾ ?"

"ਦੋਹਾਂ ਗੱਲਾਂ 'ਚ ਫਰਕ ਹੈ ਮਾਮਾ ਜੀ ! ਇਹ ਇਕ ਮਹਾ ਸਭਾ ਦੇ ਅਧਿਆਤਮਿਕ ਪ੍ਰਧਾਨ ਦਾ ਸਵਾਲ ਹੈ। ਸਭਾ ਦਾ ਇਤਿਹਾਸ ਵੇਖੋ। ਅਧਿਕਾਰ ਛਡਾਉਣ ਤੇ ਦੇਣ ਦਾ ਹੱਕ ਧਰਮ ਸਭਾ ਦਾ ਹੈ। ਉਸੇ ਧਰਮ ਸਭਾ ਨੇ ਅਬਦੁਲਾ ਪੇਟ੍ਰੀਆਰਕ ਨੂੰ ਅਧਿਆਤਮਿਕ ਪ੍ਰਧਾਨ ਦੇ ਪੱਦ ਤੇ ਬਿਠਾਇਆ ਸੀ। ਅਧਿਕਾਰੀ ਸਭਾਪਤੀ ਨੇ ਹੀ ਵੱਟਸ਼ੇਰੀ ਬਿਸ਼ਪ ਤੋਂ ਅਧਿਕਾਰ ਵਾਪਸ ਲੈਣ ਦਾ ਐਲਾਨ ਕੀਤੀ।"

"ਹਾਂ, ਹੱਕ ਦੀ ਹੀ ਗੱਲ ਹੈ। ਹੱਕ ਕੈਸਾ ? ਹੱਕ ਅਸਾਂ ਹੀ ਦਿਤਾ ਸੀ। ਹੋਰ ਕੀ ? ਕੁਨਨਕੁਰਿਸ ਸਨਧ ਤੋਂ ਲੈ ਕੇ ਦਿਓ।"

ਮਾਤੁਕੁੱਟੀ ਵਿਚ ਬੋਲ ਪਿਆ—

"ਪਿਤਾ ਜੀ ਕਮਜ਼ੋਰੀ ਵਿਚ ਇੰਨੀ ਜ਼ੋਰ-ਜ਼ੋਰ ਦੀ ਕਿਉਂ ਬੋਲਦੇ ਹੋ ? ਬਹਿਸ ਮੁਕੱਦਮੇ ਦੇ ਬਾਅਦ ਏਕਾ ਸਥਾਪਿਤ ਹੋ ਚੁਕਾ ਹੈ। ਅਜੇ ਵੀ ਤੁਸੀਂ ਦੋਵੇਂ ਬਹਿਸ ਕਰਦੇ ਹੋ।"

ਦੀਨਾਮਾ ਨੇ ਦਰਵਾਜ਼ੇ ਤੇ ਆ ਕੇ ਆਖਿਆ—

"ਜਦ ਮਿਲਦੇ ਨੇ ਪਿਤਾ ਜੀ ਤੇ ਫਾਦਰ ਬਹਿਸ ਸ਼ੁਰੂ ਕਰ ਦਿੰਦੇ ਹਨ। ਫਾਦਰ ਫਿਰ ਜ਼ੋਰ ਦੀ ਹੱਸ ਪਏ।

"ਕੀ ਅਸੀਂ ਗੱਲਾਂ ਕਰਦੇ-ਕਰਦੇ ਲੜਨਾ ਚਾਹੁੰਦੇ ਹਾਂ ? ਐਵੇਂ ਗੱਲ ਕਰ ਰਹੇ ਸਾਂ।"

ਦੀਨਾਮਾ ਬੋਲੀ—

"ਹੱਥ ਧੋਵੋ, ਥੋੜ੍ਹਾ ਪਾਣੀ ਪੀ ਲਵੋ।"

ਫਾਦਰ ਨੇ ਹੱਸਦਿਆਂ ਹੋਇਆਂ ਪੁੱਛਿਆ—

"ਪਾਣੀ ਪੀਣ ਲਈ ਵੀ ਹੱਥ ਧੋਣੇ ਪੈਂਦੇ ਨੇ ?"

ਸੁਣ ਕੇ ਵੀ ਅਣਸੁਣੀ ਕਰਕੇ ਦੀਨਾਮਾ ਜਲਦੀ-ਜਲਦੀ ਚੌਂਕੇ ਵਿਚ ਚਲੀ ਗਈ। ਸੇਰ ਭਰ ਚਾਵਲ ਦਾ ਚੂਰਾ ਤਿਆਰ ਕਰ ਰਖਿਆ ਸੀ, ਉਹ ਕਿੰਨਾ ਕੰਮ ਆਇਆ। ਪੁੱਟੂ ਬਣਾਇਆ। ਦੁਕਾਨ ਤੋਂ ਕੇਲੇ ਮੰਗਵਾਏ। ਪੁੱਟੂ, ਕੇਲੇ ਤੇ ਕਾਫ਼ੀ ਮੇਜ਼ ਤੇ ਰਖ ਕੇ ਬੋਲੀ—

"ਕੋਈ ਖਾਸ ਚੀਜ਼ ਤਾਂ ਹੈ ਨਹੀਂ।"

"ਇਹ ਸਭ ਕੀ ਖਾਸ ਚੀਜ਼ਾਂ ਨਹੀਂ ?"

"ਕੁੰਞੁਮੋਲ ਬੁਖ਼ਾਰ ਦੇ ਬਾਅਦ ਕਾਲਜ ਜਾਣ ਲਗ ਪਈ ਹੈ ?"

"ਹਾਂ, ਅਜੇ ਕਮਜ਼ੋਰ ਹੈ।"

''ਰਾਜੂਮੋਨ ਕੈਸਾ ਹੈ ?''

''ਹਾਂ......ਹਾਂ......''

''ਦੀਨਾ ਚਾਚੀ ਨਾਲ ਬੱਚਿਆਂ ਦਾ ਬਹੁਤ ਪਿਆਰ ਸੀ। ਕੁੰਯੋਮੋਲ ਛੁੱਟੀ ਮਿਲਦਿਆਂ ਹੀ ਦੌੜੀ ਆਉਂਦੀ ਸੀ।''

''ਹੋਰ ਕੀ ?''

ਹੁਣ ਉਨ੍ਹਾਂ ਨੂੰ ਇਥੇ ਆਉਂਦਿਆਂ ਸ਼ਰਮ ਲਗਦੀ ਹੈ। ਦੀਨਾ ਚਾਚੀ ਦਾ ਘਰ ਚੰਗਾ ਨਹੀਂ, ਨੌਕਰ-ਚਾਕਰ ਨਹੀਂ। ਮੇਰੀ ਚਾਚੀ ਦੀ ਤਬੀਅਤ ਖਰਾਬ ਹੋਣ ਤੇ ਹੀ ਇਹ ਸਭ......''

ਦੀਨਾਮਾ ਨੇ ਅਥਰੂ ਪੂੰਝੇ। ਮਾਤੁਕੁੱਟੀ ਬੋਲਿਆ—''ਆਹ ! ਅੱਥਰੂ ਵਗਾ ਰਹੀ ਹੈ। ਇਸ ਦਾ ਹੁਣ ਫਾਦਰ ਕੀ ਕਰਨ ?''

''ਫਾਦਰ ਨੇ ਕੁਝ ਨਹੀਂ ਕਰਨਾ ?''

''ਹਾਂ, ਉਹ ਮੇਰੇ ਕੋਲ ਖਲੋ ਕੇ ਰੋ ਲਵੇ ਮਾਤੁਕੁੱਟੀ। ਇਸਤ੍ਰੀਆਂ ਨੂੰ ਇਸ ਤਰ੍ਹਾਂ ਕਰਨ ਨਾਲ ਕੁਝ ਸ਼ਾਂਤੀ ਮਿਲਦੀ ਹੈ।''

ਫਾਦਰ ਨੇ ਮੁਸਕਰਾਂਦਿਆਂ ਹੋਇਆਂ ਦੀਨਾਮਾ ਨੂੰ ਆਖਿਆ—''ਠੀਕ ਹੈ ਬਿਟੀਆ। ਹੁਣ ਮੈਂ ਤੈਨੂੰ ਕੀ ਕਹਾਂ ? ਤੇਰੀਆਂ ਦੋਹਾਂ ਦੀਦੀਆਂ ਦੀ ਆਰਥਿਕ ਹਾਲਤ ਤੁਹਾਡੇ ਨਾਲੋਂ ਚੰਗੀ ਹੈ। ਉਨ੍ਹਾਂ ਵਿਚੋਂ ਵੱਡੀ ਬਾਰੇ ਹੀ ਅਸੀਂ ਹੁਣ ਗੱਲ ਕਰ ਰਹੇ ਸਾਂ ਨਾ ? ਸੁਣਨ ਦੀ ਲੋੜ ਹੀ ਕੀ ਹੈ ? ਤੈਨੂੰ ਤਾਂ ਪਤਾ ਹੀ ਹੈ। ਰੁਪਿਆ ਪੈਸਾ ਹੋਣ ਨਾਲ ਕੀ ਉਸ ਨੂੰ ਆਰਾਮ ਮਿਲਿਆ ਹੈ ? ਚੈਨ ਕਿਥੇ ? ਤੇਰੀ ਸਾਰਾ ਚਾਚੀ ਦੀ ਹਾਲਤ ਵੇਖੀ। ਚੰਗੀ ਜਵਾਨੀ ਵਿਚ ਹੀ ਉਹ ਅਪਾਹਜ ਹੋ ਗਈ। ਕਮਰੇ 'ਚੋਂ ਬਾਹਰ ਨਿਕਲਿਆਂ ਉਨੀ ਵਰ੍ਹੇ ਹੋ ਗਏ ਹਨ। ਸੋ ਉਸ ਨੂੰ ਹੋਰ ਤਰ੍ਹਾਂ ਦਾ ਦੁੱਖ ਮਿਲ ਗਿਆ। ਤੈਨੂੰ ਇਨ੍ਹਾਂ ਦੋਹਾਂ ਤਰ੍ਹਾਂ ਦਾ ਦੁੱਖ ਕਸ਼ਟ ਨਹੀਂ। ਸੋ ਪ੍ਰਭੂ ਤੇਰੇ ਤੇ ਕਰੋਪੀ ਨਹੀਂ ਹੋਏ। ਜਿਵੇਂ ਕਿ ਸਭਾ ਉਪਦੇਸ਼ਕ ਆਖਦੇ ਹਨ ''ਚਤੁਰ ਤੋਂ ਚਤੁਰ ਵਿਅਕਤੀ ਵੀ ਜਲ ਵਿਚ ਫਸੀ ਮਛਲੀ ਦੀ ਤਰ੍ਹਾਂ, ਫੰਦੇ ਵਿਚ ਫਸਦੇ ਪੰਛੀ ਵਾਂਗ ਦੁਸ਼ਕਾਲ ਦੇ ਪੰਜੇ ਵਿਚ ਫਸ ਜਾਂਦਾ ਹੈ। ਹੈ ਨਾ ਮਾਮਾ ਜੀ ?''

''ਹਾਂ......ਹਾਂ।''

''ਮਾਮਾ ਜੀ ਦੇ ਸਾਹਮਣੇ ਮੈਂ ਵੇਦ ਦੀ ਮਿਸਾਲ ਦਿੰਦਾ ਹਾਂ। ਮਾਮਾ ਜੀ ਨੂੰ ਸਾਰਾ ਵੇਦ ਜ਼ਬਾਨੀ ਯਾਦ ਹੈ।''

''ਮੈਨੂੰ ਕੀ ਯਾਦ ਹੈ ? ਗਿਆਨੀਆਂ ਦੇ ਰਾਜਾ ਸੋਲੋਮਨ ਆਖਦੇ ਹਨ ਕਿ ਮੈਨੂੰ ਕੁਝ ਨਹੀਂ ਮਾਲੂਮ ਤਾਂ ਫਿਰ ਮੈਂ—...''

ਫਾਦਰ ਹੱਸ ਪਏ।

''ਮੇਰੇ ਆਉਣ ਦਾ ਇਕ ਹੋਰ ਕਾਰਨ ਵੀ ਹੈ।''

ਮਾਤੁਕੁੱਟੀ ਨੇ ਪੁੱਛਿਆ—''ਉਹ ਕੀ ?''

''ਸੁਣਿਆ ਹੈ ਕਿ ਰਾਜਨ ਜਲਦੀ ਹੀ ਛੁੱਟੀ ਤੇ ਆ ਰਿਹਾ ਹੈ।''

''ਕਦ ਆਵੇਗਾ ?''

"ਮਾਲੂਮ ਹੁੰਦਾ ਹੈ ਕਿ ਅਗਲੇ ਮਹੀਨੇ ਦੇ ਸ਼ੁਰੂ ਵਿਚ ਆਵੇਗਾ। ਹੈ ਨਾ ?"

"ਹਾਂ, ਇਹ ਹੀ ਲਿਖਿਆ ਹੈ। ਗੱਲ ਕੀ ਹੈ ?"

"ਵਿਆਹ ਦਾ ਇਕ ਸੁਝਾਓ ਹੈ।"

ਦੀਨਾਮਾ ਨੇ ਮਾਤੁਕੁੱਟੀ ਵਲ ਵੇਖਿਆ। ਕੁੰਞੇਨਾਚੰਨ ਨੇ ਪੁੱਛਿਆ—"ਕੀ ਏ, ਕੀ ਏ ?"

ਇਸ ਪ੍ਰਸ਼ਨ ਵਲ ਧਿਆਨ ਦਿਤੇ ਬਗੈਰ ਹੀ ਦੀਨਾਮਾ ਬੋਲੀ।

"ਓਹ, ਰਾਜਨ ਦੀ ਉਮਰ ਹੁਣ ਤੇਈ ਵਰ੍ਹਿਆਂ ਦੀ ਹੈ ਨਾ ?"

"ਹੋਰ ਕੀ ਚਾਹੀਦਾ ਹੈ ? ਪੁਰਾਣੇ ਜ਼ਮਾਨੇ ਵਿਚ ਸੋਲ੍ਹਾਂ ਸਾਲ ਪੂਰੇ ਹੋਣ ਤੇ ਲੜਕਿਆਂ ਦੀ ਸ਼ਾਦੀ ਕਰ ਦਿਤੀ ਜਾਂਦੀ ਸੀ—ਹੈ ਨਾ ਮਾਮਾ ਜੀ ?"

"ਉਹ ਤਾਂ ਜ਼ਮਾਨੇ ਦੀ ਗੱਲ ਸੀ। ਹੁਣ ਵੀ ਠੀਕ ਸਮੇਂ ਸਿਰ ਹੀ ਸ਼ਾਦੀ ਹੋਣੀ ਚਾਹੀਦੀ ਹੈ। ਤੇਈ ਵਰ੍ਹਿਆਂ ਦੀ ਉਮਰ ਠੀਕ ਹੈ ਤੇ ਕੁੜੀ ਸਤਾਰਾਂ ਵਰ੍ਹਿਆਂ ਦੀ—ਕੀ ਖਿਆਲ ਹੈ ?"

"ਕਿਥੇ ?"

"ਪੁੱਤਨਾਟੱਕਰਾ ਵਿਚ।"

"ਫਾਦਰ ਪਹਿਲਾਂ ਉਥੇ ਪਰੋਹਿਤ ਰਹਿ ਚੁਕੇ ਹਨ ?"

"ਹਾਲ ਵਿਚ ਹੀ ਉਧਰ ਗਿਆ ਤਾਂ ਉਸ ਲੜਕੀ ਨੂੰ ਵੇਖਿਆ। ਜਦ ਮੈਂ ਪਿੰਡ ਛੱਡ ਕੇ ਗਿਆ ਉਦੋਂ ਉਹ ਬੱਚੀ ਸਾਲ ਦੀ ਸੀ। ਗਿਰਜਾਘਰ ਦੇ ਗਵਾਂਢ ਵਿਚ ਹੀ ਘਰ ਹੈ। ਇਹ ਹੀ ਤਾਂ ਵੱਡੀ ਗੱਲ ਹੈ। ਪਿਤਾ ਜਿੰਦਾ ਨਹੀਂ। ਜਦ ਇਹ ਬੱਚੀ ਮਾਂ ਦੇ ਪੇਟ ਵਿਚ ਸੀ ਤਾਂ ਉਦੋਂ ਇਸ ਦੇ ਪਿਤਾ ਇਕ ਦੁਰਘਟਨਾ ਵਿਚ ਮਰ ਗਏ ਸਨ। ਲੜਕੀ ਦੀਨਾਮਾ ਦੀ ਛੋਟੀ ਭੈਣ ਜਹੀ ਲੱਗੇਗੀ।"

ਥੋੜ੍ਹੀ ਦੇਰ ਕੋਈ ਕੁਝ ਨਹੀਂ ਬੋਲਿਆ। ਫਿਰ ਮਾਤੁਕੁੱਟੀ ਨੇ ਪੁੱਛਿਆ—

"ਫਾਦਰ ਦੀ ਗੱਲ ਪਿਤਾ ਜੀ ਸੁਣੀ ਜੇ ?"

"ਸ਼ਾਦੀ ਦੀ ਗੱਲ ਹੈ ਨਾ ?"

"ਹਾਂ।"

"ਅੱਛੀ ਜਗ੍ਹਾ ਹੈ ਤਾਂ ਠੀਕ ਹੈ।"

"ਠੀਕ। ਗੱਲ ਚੰਗੀ ਲਗੇ ਤਾਂ ਕਰਨਾ। ਉਸ ਪਰਿਵਾਰ ਦੇ ਕੁਝ ਬੰਦੇ ਇਥੇ ਆਉਣਗੇ। ਬਾਅਦ ਵਿਚ ਉਥੇ ਜਾ ਕੇ ਤੁਸੀਂ ਲੋਕ ਵੇਖ ਆਇਆ ਜੇ।"

"ਫਾਦਰ ਜੋ ਪਸੰਦ ਕਰ ਚੁਕੇ ਅਸੀਂ ਉਸ ਨੂੰ ਮੁੜ ਕੀ ਵੇਖਣਾ ਹੈ ?"

"ਇਹ ਗੱਲ ਨਹੀਂ। ਇਥੋਂ ਜਾ ਕੇ ਕੋਈ ਪੁੱਛਗਿੱਛ ਕਰ ਲਵੇ। ਕੀਵਰੀਤ ਭਈਆ ਚਲੇ ਜਾਣ ਜਾਂ ਫਿਲਿਪਿਓਸ......ਕੋਈ ਵੀ।"

ਦੀਨਾਮਾ ਨੇ ਆਖਿਆ—ਕੁਝ ਵੀ ਹੋਵੇ ਰਾਜਨ ਨੂੰ ਆਉਣ ਦਿਓ। ਉਸ ਦੀ ਰਾਏ ਦਾ ਪਤਾ ਕਰ ਲੈਣ ਦੇ ਬਾਅਦ ਹੀ ਜੋ ਕਰਨਾ ਹੈ ਕਰਾਂਗੇ।"

"ਬਸ ਇਹੀ ਠੀਕ ਹੈ ! ਮੈਂ ਕੇਵਲ ਸੁਝਾਓ ਦਿਤਾ ਹੈ। ਜਲਦਬਾਜ਼ੀ ਦੀ ਕੋਈ ਲੋੜ ਨਹੀਂ। ਰਾਜਨ ਦੇ ਆਉਣ ਦੇ ਬਾਅਦ ਮੈਂ ਇਧਰ ਆਵਾਂਗਾ।"

ਫਾਦਰ ਛਤਰੀ ਲੈ ਕੇ ਨਿਕਲੇ। ਦੀਨਾਮਾ ਨੇ ਪੁੱਛਿਆ—

"ਛਤਰੀ ਕਿਉਂ ਲੈ ਲਈ ?"

"ਚਲਣ ਦੇ ਬਿਟੀਆ। ਅਨੇਕਾਂ ਕੰਮ ਨੇ।" ਦੀਨਾਮਾ ਨੇ ਅੱਚਨ ਦੀ ਛਤਰੀ ਖੋਹ ਲਈ ਤੇ ਬੋਲੀ।

"ਕੰਮ ਭਾਵੇਂ ਸਾਰਾ ਵਿਗੜ ਜਾਏ, ਮੇਰੀ ਬਲਾ ਤੋਂ। ਖਾਣਾ ਖਾਧੇ ਬਗੈਰ ਨਹੀਂ ਤੁਸੀਂ ਜਾ ਸਕਦੇ।"

ਫਾਦਰ ਛੋਟੀ ਭੈਣ (ਸਾਲੀ) ਦੀ ਆਜ਼ਾਦੀ ਵੇਖ ਲਾਚਾਰ ਖੜੇ ਰਹੇ।

ਕੁੰਏਨਾਚੰਨ ਬੋਲੇ—

"ਬਸ! ਉਸ ਦਾ ਹੌਂਸਲਾ ਹੈ ਨਾ ? ਵਕਤ ਵੀ ਦੁਪਹਿਰ ਦਾ ਹੋ ਗਿਆ ਹੈ ਨਾ ?"

ਫਾਦਰ ਫਿਰ ਕੁਰਸੀ ਤੇ ਬੈਠ ਗਏ।

"ਮਾਮਾ ਵੀ ਇਹ ਹੀ ਕਹਿਣ ਤਾਂ ਮੈਂ ਕਿਵੇਂ ਨਾ ਮੰਨਾਂ ? ਜੇ ਨਾ ਮੰਨਾਂ ਤਾਂ ਦੀਨਾਮਾ ਨਾਰਾਜ਼ ਹੋ ਜਾਏਗੀ। ਪਰ ਗੱਲ ਤਾਂ ਸੁਣੋ। ਖਾਸ ਕੋਈ ਸਬਜ਼ੀ ਨਾ ਬਣਾਉਣਾ। ਸੁਣਿਆ ਹੈ ਬੇਟੀ !"

ਕੁਝ ਨਹੀਂ ਬਣਾਉਂਦੀ। ਸੁਹਾਂਜਨੇ ਦੇ ਪੱਤਿਆਂ ਦੀ ਸਬਜ਼ੀ ਬਣਾਵਾਂਗੀ: ਬੇਰੇ ਫਲੇ ਹਨ। ਉਨ੍ਹਾਂ ਦੀ ਸੁੱਕੀ ਬਣਾ ਲਵਾਂਗੀ, ਬਸ।"

ਫਾਦਰ ਫਿਰ ਹੱਸ ਪਏ।

"ਤਾਂ ਦੀਨਾਮਾ ਕੁਝ ਵੀ ਭੁੱਲੀ ਨਹੀਂ ਸੁਣਿਐ ਮਾਮਾ ਜੀ! ਇਸ ਦੇ ਛੋਟੇ ਹੁੰਦਿਆਂ ਮੈਂ ਜਦ ਇਨ੍ਹਾਂ ਦੇ ਘਰ ਜਾਂਦਾ ਸਾਂ ਤਾਂ ਇਹ ਇਹੀ ਦੋ ਸਬਜ਼ੀਆਂ ਬਣਾਉਂਦੀ ਸੀ। ਇਨ੍ਹਾਂ ਦਾ ਮੇਰਾ ਸ਼ੌਕ ਜਾਣਨ ਕਾਰਨ ਮੇਰੇ ਗਿਆਂ ਦੀਨਾਮਾ ਫੌਰਨ ਸੁਹਾਂਜਨੇ ਦੇ ਪੱਤੇ ਤੋੜਨ ਚਲੀ ਜਾਂਦੀ।"

ਕੁੰਏਨਾਚੰਨ ਬੋਲੇ—

"ਸਾਂਲੀਆਂ ਦਾ ਜੀਜੇ ਨਾਲ ਖਾਸ ਪਿਆਰ ਹੁੰਦਾ ਹੈ। ਮੈਂ ਇਹ ਖੁਸ਼ੀ ਨਹੀਂ ਮਾਣ ਸਕਿਆ।"

"ਠੀਕ ਗੱਲ ਹੈ। ਮਾਮੀ ਦੀਆਂ ਛੋਟੀਆਂ ਭੈਣਾਂ ਨਹੀਂ ਸਨ। ਮਾਮੀ ਚਾਰ ਭਰਾਵਾਂ ਦੀ ਇਕਲੌਤੀ ਛੋਟੀ ਭੈਣ ਸੀ ਨਾ ?"

ਮਾਤੁਕੁੱਟੀ ਬਾਹਰ ਕਿਸੇ ਨਾਲ ਗੱਲਾਂ ਕਰ ਰਿਹਾ ਸੀ। ਉਸ ਆ ਕੇ ਫਾਦਰ ਨੂੰ ਆਖਿਆ—"ਫਾਦਰ ਬੈਠੋ ਨਾ ? ਮੈਂ ਹੁਣੇ ਆਇਆ।"

"ਹੂੰ ਇਥੇ ?"

"ਇਕ ਗਿਰਵੀ ਦਾ ਮਾਮਲਾ ਹੈ। ਮੇਰਾ ਜਾਣਾ ਬਹੁਤ ਜ਼ਰੂਰੀ ਹੈ। ਮੇਰੇ ਆਉਣ ਤੋਂ ਪਹਿਲਾਂ ਫਾਦਰ ਜਾਇਆ ਜੇ ਨਾ।"

ਮਾਤੁਕੁੱਟੀ ਬਾਹਰ ਚਲਾ ਗਿਆ। ਕੁੰਏਨਾਚੰਨ ਨੇ ਪੁੱਛਿਆ—

"ਫਾਦਰ ਦੀ ਵੱਡੀ ਦੀਦੀ ਕੁੰਞੁਮਰਿਅੰਮਾਂ ਠੀਕ ਹੈ ਨਾ ?"

"ਵੱਡੀ ਦੀਦੀ ਦੀ ਤਬੀਅਤ ਠੀਕ ਨਹੀਂ, ਗੱਠੀਏ ਦੀ ਸ਼ਕਾਇਤ ਹੈ।"

"ਹਾਂ, ਮੇਰੇ ਵਿਆਹ ਵਾਲੇ ਦਿਨ ਧੋਤੀ ਤੇ ਅੰਗੀ ਪਾ ਕੇ ਕੁੰਯੁਮਹਿਅੰਮਾ ਗਿਰਜਾਘਰ ਆਈ ਸੀ। ਖ਼ੂਬ ਯਾਦ ਹੈ! ਉਨ੍ਹਾਂ ਦਿਨਾਂ 'ਚ ਅੱਜਕਲ ਵਾਂਗ ਫਰਾਕ ਬਲਾਊਜ਼ ਨਹੀਂ ਸਨ ਪਾਏ ਜਾਂਦੇ।"

"ਨਾ......ਨਾ।"

"ਜ਼ਮਾਨੇ ਦਾ ਫੇਰ ਹੀ ਮੰਨੋ। ਉਸ ਜ਼ਮਾਨੇ ਵਿਚ ਦੂਲ੍ਹੇ ਤੇ ਦੁਲ੍ਹਣ ਦੀ ਪੋਸ਼ਾਕ ਕਿਹੋ ਜਿਹੀ ਹੁੰਦੀ ਸੀ। ਦੁਲਹਨ ਦੇ ਕੰਨਾਂ ਵਿਚ ਨੋਟਾਂ ਦੀ (ਇਕ ਗਹਿਣਾ) ਦੂਲ੍ਹੇ ਦੀ ਨਿਲਯੰਕੀ, ਗਲੇ 'ਚ ਕ੍ਰਾਸ ਦੀ ਮਾਲਾ। ਹੁਣ ਤਾਂ ਬਦਲਦੇ-ਬਦਲਦੇ ਕੋਟ ਪਤਲੂਨ ਦੇ ਦਿਨ ਆ ਗਏ। ਲੜਕੀਆਂ ਦੇ ਬਲਾਊਜ਼ ਦੇ ਅੰਦਰ ਪਹਿਣਨ ਵਾਲੀ ਜੋ ਬਲਾ ਹੈ ਉਹ ਬਾਹਰ ਵੀ ਦਿਸਦੀ ਹੈ। ਦੇਖਿਆ ਹੈ ਨਾ ?"

"ਹਾਂ, ਹਾਂ।"

ਫਾਦਰ ਦਾ ਖਿੜ ਕੇ ਹੱਸਣ ਨਾਲ ਸਾਰਾ ਘਰ ਗੂੰਜ ਉਠਿਆ।

ਕੁੰਏਨਾਚੰਨ ਵੀ ਹੱਸ ਪਏ। ਦੀਨਾਮਾ ਨੇ ਆਖਿਆ—

"ਬਾਬੂ ਜੀ ਕਦੀ-ਕਦੀ ਇਸ ਤਰ੍ਹਾਂ ਕਰਦੇ ਹਨ। ਕਿਸੇ ਦੇ ਸਾਹਮਣੇ ਗੱਲਬਾਤ ਕਰਦਿਆਂ ਸ਼ਿਸ਼ਟਤਾ ਭੁੱਲ ਜਾਂਦੇ ਹਨ।"

ਇਹ ਗੱਲ ਕੁੰਏਨਾਚੰਨ ਦੇ ਕੰਨਾਂ 'ਚ ਨਹੀਂ ਪਈ।

"ਉਸ ਜ਼ਮਾਨੇ ਦਾ ਹਾਲ ਵੀ ਕੀ ਸੀ ? ਸ਼ਾਦੀ ਦਾ ਮਤਲਬ ਲੜਕੇ ਤੇ ਲੜਕੀ ਲਈ ਇਕ ਮੇਲਾ ਸੀ। ਭੁੰਨਣਾ, ਪਕਾਣਾ, ਦੌੜਨਾ, ਕੁੱਦਣਾ !......ਬਸ। ਲੜਕੇ ਦੀ ਉਮਰ ਹੁੰਦੀ ਸੀ ਬਾਰ੍ਹਾਂ ਸਾਲ ਤੇ ਲੜਕੀ ਦੀ ਅੱਠ ਸਾਲ। ਕੀ ਜਾਣਦੀ ਸੀ ?"

"ਸਹੀ ਗੱਲ ਹੈ।"

"ਅਠਾਰ੍ਹਾਂ ਵੀਹ ਸਾਲ ਦਾ ਲੜਕਾ ਸ਼ਾਦੀ ਨਾ ਕਰਾਏ ਤਾਂ ਉਸ ਨੂੰ ਕਵਾਰਾ ਆਖਦੇ ਹਨ। ਮੈਂ ਵੀ ਕੁਝ ਦਿਨ ਕਵਾਰਾ ਹੀ ਫਿਰਦਾ ਰਿਹਾ ਸਾਂ।"

ਦੀਨਾਮਾ ਚੌਂਕੇ ਤੋਂ ਬਾਹਰ ਆਈ ਤੇ ਫਾਦਰ ਨੂੰ ਕਹਿਣ ਲੱਗੀ—"ਸੁਣਨ ਵਾਲਾ ਮਿਲ ਜਾਏ ਤਾਂ ਬਾਬੂ ਜੀ ਰਾਮ ਕਥਾ ਸੁਣਾਉਂਦੇ ਹੀ ਜਾਂਦੇ ਹਨ। ਬਾਅਦ ਵਿਚ ਥੱਕ ਜਾਂਦੇ ਹਨ।"

ਕੁੰਏਨਾਚੰਨ ਨੇ ਪੁੱਛਿਆ—

"ਕੀ ਹੈ ?"

"ਕੁਝ ਨਹੀਂ।"

"ਮਾਮਾ ਜੀ ਜ਼ਿਆਦਾ ਗੱਲਬਾਤ ਕਰੋਗੇ ਤਾਂ ਥੱਕ ਜਾਉਗੇ।"

"ਆਖਿਆਂ ਸੁਣਨ ਤਾਂ ਹੀ ਏ ਨਾ ?"

ਉਹ ! ਕਿਹੋ ਜਿਹੀ ਥਕਾਵਟ ਹੈ। ਇਹ ਤਾਂ ਉਮਰ ਦੀ ਥਕਾਵਟ ਹੈ। ਉਹ ਤਾਂ ਚੁੱਪ ਰਹਿਆਂ ਵੀ ਮਹਿਸੂਸ ਹੁੰਦੀ ਹੈ। ਵਿਆਹ ਦੀ ਗੱਲ ਛਿੜੀ ਇਸ ਲਈ ਯਾਦ ਆ ਗਈ। ਜਦ ਅੱਕਾਮਾ ਦੀ ਸ਼ਾਦੀ ਕੀਤੀ ਉਸ ਸਮੇਂ ਮੇਰੀ ਉਮਰ ਉਨੀਂ ਸਾਲ ਦੀ ਸੀ। ਉਸ ਜ਼ਮਾਨੇ ਦੇ ਹਿਸਾਬ ਸਾਡੀ ਸ਼ਾਦੀ ਬਹੁਤ ਦੇਰ ਨਾਲ ਹੋਈ ਸੀ। ਠੀਕ ਸਮੇਂ

ਸਿਰ ਵਿਆਹ ਕਰਾ ਦੇਣ ਵਾਲਾ ਕੋਈ ਰਿਹਾ ਨਹੀਂ ਸੀ। ਪਿਤਾ ਜੀ ਨੂੰ ਇਹ ਗੱਲ ਸੁਝਦੀ ਹੀ ਨਹੀਂ ਸੀ। ਫੇਰ ਕਰੇ ਕੌਣ ? ਫੁਟਕਲ ਸੌਦਾ ਕਰਦਿਆਂ-ਕਰਦਿਆਂ ਜੇਬ ਵਿਚ ਦੋ ਚਾਰ ਰੁਪਏ ਇਕੱਠੇ ਹੋ ਗਏ। ਇਹ ਵੇਖ ਦੂਰ ਦੇ ਇਕ ਚਾਚਾ ਇਕ ਰਿਸ਼ਤਾ ਲੈ ਆਏ। ਲੜਕੀ ਦੀ ਉਮਰ ਚੌਦਾਂ ਵਰ੍ਹੇ ਸੀ। ਹੱਟੀ-ਕੱਟੀ ਤਾਂ ਨਹੀਂ ਸੀ ਪਰ ਚਾਰ ਪੰਜ ਮਹੀਨੇ ਬੀਤਣ ਤੇ ਇਕਦਮ ਬਦਲ ਗਈ। ਚੌਥੀ ਜਮਾਤ ਤੱਕ ਸਕੂਲ ਵਿਚ ਪੜ੍ਹ ਚੁੱਕੀ ਸੀ। ਫਾਦਰ ਦੇ ਪਿਤਾ ਛੋਟੇ ਬੱਚਿਆਂ ਦੇ ਮਾਸਟਰ ਸਨ। ਉਨ੍ਹਾਂ ਨੇ ਭੈਣ ਨੂੰ ਘਰ ਪੜ੍ਹਾ ਕੇ ਹੁਸ਼ਿਆਰ ਬਣਾ ਦਿਤਾ ਸੀ। ਗਾਣਾ ਬਹੁਤ ਮਿੱਠਾ ਗਾਉਂਦੀ ਸੀ। ਵਿਦਾਈ ਵੇਲੇ ਵੱਡੇ ਸਾਲੇ ਨੇ ਆਖਿਆ ਸੀ—ਭਲਾਈ ਦਾ ਬੀਜ ਹੈ, ਲਿਬਨਾਨ ਦੀ ਅੰਗੂਰ ਦੀ ਵੇਲ ਵਾਂਗ ਫਲਦੀ-ਫੁਲਦੀ ਰਹੇਗੀ।

ਉਹ ਹੀ ਹੋਇਆ। ਉਸ ਨੇ ਜਿਸ ਨੂੰ ਵੀ ਛੁਹਿਆ ਦਸ ਗੁਣਾ, ਸੌ ਗੁਣਾ ਫਲਿਆ-ਫੁਲਿਆ। ਉਹ ਚਤੁਰ ਸੀ। ਸਭ ਸਹਿ ਜਾਂਦੀ ਸੀ। ਫਿਰ ਵੀ ਆਖਰੀ ਦਿਨਾਂ 'ਚ ਅਜਿਹੀ ਘਟਨਾ ਹੋ ਗਈ ਕਿ ਉਹ ਬਰਦਾਸ਼ਤ ਨਾ ਕਰ ਸਕੀ।

ਈਸ਼ੋ ਭਈਆ ਨਾਲ ਸਾਂਝੇ ਦੀ ਦੁਕਾਨਦਾਰੀ ਚਲ ਰਹੀ ਸੀ। ਉਸ ਦਿਨ ਰਾਤ ਨੂੰ ਥੋੜ੍ਹੀ ਦੇਰ ਨਾਲ ਘਰ ਆਇਆ। ਹੱਥ ਵਿਚ ਬਲਦੀ ਮਿਸ਼ਲ ਸੀ। ਬੜੇ ਗੁੱਸੇ ਵਿਚ ਵੀ ਸਾਂ ਕਿਉਂਕਿ ਈਸ਼ੋ ਭਈਆ ਨੇ ਸੌ ਦੋ ਸੌ ਰੁਪਏ ਦਾ ਛਲ ਕੀਤਾ ਸੀ। ਉਸ ਨਾਲ ਕੁਝ ਝੜਪ ਹੋ ਗਈ ਸੀ। ਅੱਕਾਮਾ ਨਿਯਮ ਅਨੁਸਾਰ ਵਿਹੜੇ ਵਿਚ ਚਰਖੀ ਰਖੀ ਮੇਰੇ ਇੰਤਜ਼ਾਰ ਵਿਚ ਬੈਠੀ ਸੀ। ਪਰ ਬੋਲੀ ਕੁਝ ਨਾ। ਥੋੜ੍ਹੀ ਦੇਰ ਬਾਅਦ ਉਸ ਪੱਛਿਆ—

"ਇੰਨੀ ਦੇਰ ਕਿਵੇਂ ਹੋ ਗਈ ?"

"ਈਸ਼ਾ ਭਈਆ ਨਾਲ ਝੜਪ ਹੋ ਗਈ।"

"ਕਿਉਂ ?"

"ਸਾਂਝੇਦਾਰੀ ਵਿਚ ਉਨ੍ਹਾਂ ਬੇਈਮਾਨੀ ਕੀਤੀ ਹੈ।"

ਥੋੜ੍ਹੀ ਦੇਰ ਤੱਕ ਚੁੱਪ ਰਹੀ। ਫੇਰ ਬੋਲੀ—

"ਕਹਿਣ ਵਾਲੇ ਵੀ ਤਾਂ ਧੋਖੇਬਾਜ਼ ਹਨ।"

"ਹੈਂ !"

"ਅਸਾਂ ਦੋਹਾਂ ਨੇ ਇਕਰਾਰ ਕੀਤਾ ਹੈ ਨਾ ਕਿ ਈਮਾਨਦਾਰ ਰਹਾਂਗੇ ?"

ਉਸ ਦੇ ਚਿਹਰੇ ਵੱਲ ਧਿਆਨ ਨਾਲ ਵੇਖਿਆ। ਉਸ ਦਾ ਮਤਲਬ ਕੀ ਹੋ ਸਕਦਾ ਸੀ ?

"ਅਸਾਂ ਵੀ ਵਚਨ ਤੋੜਿਆ ਹੈ। ਉਹ ਵੀ ਇਸ ਬੁਢਾਪੇ ਵਿਚ।"

"ਤੂੰ ਕੀ ਕਹਿ ਰਹੀ ਹੈਂ ?"

"ਮੈਂ ਸਮਝ ਲਿਆ ਹੈ ਕਿ ਇਕ ਨਵੀਂ ਭੈਣ ਮਿਲ ਗਈ ਹੈ।"

"......"

"ਘੜੀ-ਮੁੜੀ ਦੁਕਾਨ ਤੇ ਜਾਣ ਦੇ ਭੇਦ ਦਾ ਤਾਂ ਹੁਣ ਪਤਾ ਲੱਗਾ ਹੈ।"

"ਧਤ ਤੇਰੀ।......ਦੀ ਬੱਚੀ।"

ਇਕ ਲੱਤ, ਡਿੱਗ ਕੇ ਬੇਹੋਸ਼ ਹੋ ਗਈ। ਫਾਦਰ ਗਿਆ। ਉਸ ਦੇ ਬਾਅਦ...

"ਮਾਮਾ ਜੀ।"

ਫਾਦਰ ਨੇ ਆਵਾਜ਼ ਦਿਤੀ। ਹਿਲਦੇ ਨਹੀਂ।

"ਮਾਮਾ ਜੀ ਸੌਂ ਗਏ ?"

ਦੀਨਾਮਾ ਨੇ ਆਖਿਆ—

"ਗੱਲਬਾਤ ਕਰਦਿਆਂ-ਕਰਦਿਆਂ ਅੱਖੀਆਂ ਝਪਕ ਜਾਂਦੀਆਂ ਹਨ। ਜਗਾਣ ਤੇ ਬੱਕ-ਝੱਕ ਕੁਝ ਬੇਸਿਰ ਪੈਰ ਦੀਆਂ ਗੱਲਾਂ ਕਰਨ ਲੱਗ ਪੈਂਦੇ ਹਨ।"

"ਹਾਂ ਨੱਬੇ ਵਰ੍ਹਿਆਂ ਦੇ ਹੋ ਚੁਕੇ ਹਨ ਨਾ ? ਦਿਮਾਗ ਤੇ ਕਾਬੂ ਨਹੀਂ ਰਹਿੰਦਾ।"

"ਹੋਰ ਕੋਈ ਨਾ ਮਿਲੇ ਤਾਂ ਸਿਸਿਲੀ ਮੁੰਨੀ ਨੂੰ ਬੁਲਾ ਕੇ ਉਸ ਨਾਲ ਹੀ ਗੱਲਾਂ ਕਰਦੇ ਰਹਿੰਦੇ ਹਨ।"

"ਬੱਚੇ ਤੇ ਬੁੱਢੇ ਬਰਾਬਰ ਹੁੰਦੇ ਹਨ ਨਾ ? ਉਨ੍ਹਾਂ ਦਾ ਦਿਲ ਨਹੀਂ ਦੁਖਾਣਾ ਚਾਹੀਦਾ।"

"ਬਾਬੂ ਜੀ ਦੀ ਇਸ ਹਾਲਤ ਕਾਰਨ ਗਿਰਜਾ ਘਰ ਵੀ ਨਹੀਂ ਜਾ ਸਕਦੀ।"

"ਇਹ ਸੇਵਾ ਸਭ ਤੋਂ ਵੱਡੇ ਪੁੰਨ ਦੀ ਹੈ ਬਿਟੀਆ। ਮਸੀਹਾ ਨੇ ਆਖਿਆ ਹੈ ਨਾ ? ਮੈਨੂੰ ਭੁੱਖ ਸੀ ਤੂੰ ਮੈਨੂੰ ਭੋਜਨ ਨਹੀਂ ਦਿਤਾ। ਪਿਆਸ ਲੱਗੀ ਸੀ, ਤੂੰ ਪਾਣੀ ਨਹੀਂ ਪਿਲਾਇਆ। ਮੇਰੇ ਸਰੀਰ ਤੇ ਕਪੜੇ ਨਹੀਂ ਸਨ, ਤੂੰ ਮੈਨੂੰ ਕਪੜੇ ਨਹੀਂ ਪੁਆਏ। ਮੈਂ ਬੀਮਾਰ ਸਾਂ ਤਾਂ ਤੂੰ ਮੈਨੂੰ ਵੇਖਣ ਨਹੀਂ ਆਇਆ। ਮੈਂ ਤੈਨੂੰ ਸੱਚ ਕਹਿੰਦਾ ਹਾਂ ਕਿ ਛੋਟੇ ਤੋਂ ਛੋਟੇ ਆਦਮੀ ਤੂੰ ਜੋ ਕੁਝ ਕਰਨਾ ਹੈਂ ਉਹ ਮੇਰੇ ਲਈ ਹੀ ਕਰਨਾ ਹੈ......"

ਇਸ ਸਮੇਂ ਵਿਹੜੇ ਵਿਚ ਪੈਰਾਂ ਦੀ ਆਵਾਜ਼ ਸੁਣਾਈ ਦਿਤੀ। ਨਾਲ ਹੀ ਨਲਕਥਾ ਦਾ ਛੰਦ ਵੀ।

ਸ਼ਿਵਰਾਮ ਕੁਰੁਪ ਨੇ ਪੌੜੀਆਂ ਚੜ੍ਹਣ ਸਮੇਂ ਹੀ ਫਾਦਰ ਨੂੰ ਵੇਖਿਆ। ਧਿਆਨ ਨਾਲ ਵੇਖਿਆ। ਕੁਰੁਪ ਦਾ ਤੁਲਸੀ ਦਲ, ਚੰਦਨ ਦਾ ਤਿਲਕ ਵਗੈਰਾ ਫਾਦਰ ਨੇ ਵੀ ਧਿਆਨ ਨਾਲ ਵੇਖਿਆ।

"ਕੁੰਜੇਨਾਮਾਪਿਲੇ ਸੌਂ ਰਹੇ ਹਨ ?"

"ਹਾਂ, ਆਓ !"

ਕੁਰੁਪ ਆ ਕੇ ਤਿਪਾਈ ਤੇ ਬੈਠ ਗਿਆ। ਫਾਦਰ ਨੇ ਆਖਿਆ—

"ਆਪ ਦਾ ਸੁਭ ਨਾਮ ?"

ਦੀਨਾਮਾ ਨੇ ਆਖਿਆ—

"ਬਾਬੂ ਜੀ ਦੇ ਦੋਸਤ ਹਨ।"

ਕੁਰੁਪ ਨੇ ਵਾਕ ਪੂਰਾ ਕੀਤਾ।

"ਨਾਂ ਹੈ ਸ਼ਿਵਰਾਮ ਕੁਰੁਪ।"

"ਅੱਛਾ।"

ਦੀਨਾਮਾ ਨੇ ਫਾਦਰ ਦਾ ਪਰੀਚੈ ਦਿਤਾ—

"ਕਾਰਤਕਪੱਲੀ ਦੇ ਫਾਦਰ......"

ਉਹ ਸਮਝ ਗਿਆ। ਸਮਝ ਗਿਆ। ਸਿਸਿਲੀ ਮੁੰਨੀ ਨੇ ਦੱਸਿਆ ਸੀ। ਗਿਆਨ ਦਾ ਅਧਾਰ ਸਾਗਰ ਕੁੰਯੇਨਾਮਾਪਿੱਲੇ ਨੂੰ ਮਿਲਣ ਆਉਣਾ ਵਾਂ। ਉਨ੍ਹਾਂ ਦਾ ਵੇਦ ਗਿਆਨ ਡੂੰਘਾ ਹੈ। ਗਿਆਨ ਦਾ ਅਪਾਰ ਸਾਗਰ ਹੀ ਸਮਝੋ। ਮੈਂ ਵੀ ਅਧਿਆਤਮਕ ਗੱਲਾਂ 'ਚ ਦਿਲਚਸਪੀ ਰਖਦਾ ਹਾਂ। ਬਾਰੀਕੀ ਨਾਲ ਸੋਚਿਆਂ ਸਭ ਕੁਝ ਇਕ ਹੀ ਹੈ। ਈਸਾਮਨ ਦਾ ਵੇਦ ਕਹਿੰਦਾ ਹੈ ਕਿ ਅਧਰਮ ਗ੍ਰਸਤ ਮਾਨਵ ਜਾਤੀ ਦਾ ਉਧਾਰ ਕਰਨ ਲਈ ਈਸ਼ਵਰ ਨੇ ਆਪਣੇ ਪਿਆਰੇ ਪੁੱਤਰ ਨੂੰ ਪ੍ਰਿਥਵੀ ਤੇ ਭੇਜਿਆ। ਹਿੰਦੂਆਂ ਦੇ ਪੁਰਾਣ ਵੀ ਇਹ ਹੀ ਆਖਦੇ ਹਨ।

"......ਗੀਤਾ ਸ਼ਲੋਕ ਸੁਣਿਆ ਹੋਵੇਗਾ। ਧਰਮ ਸੰਸਥਾਪਨਾਰੁਥਾਪ ਸੰਭਵਾਮਿ ਯੁਗੇ ਯੁਗੇ। ਸੋਚਣ ਤੇ ਸਭ ਇਕ ਜਿਹੇ ਹੀ ਹਨ।"

"ਇਕ ਨਹੀਂ।"

"ਸਭ ਇਕ ਨਹੀਂ।" ਈਸਾ ਨੂੰ ਛੱਡ ਕੇ, ਈਸਾ ਦੇ ਵਿਖਾਏ ਰਾਹ ਨੂੰ ਛੱਡ ਕੇ ਹੋਰ ਕਿਸੇ ਰਾਹ ਚਲਣ ਨਾਲ ਮੁਕਤੀ ਨਹੀਂ ਹੁੰਦੀ।

"ਮੁਕਤੀ ਦੇ ਮਾਹਣੇ?"

"ਮੁਕਤੀ ਹੀ।"

"ਮੁਕਤੀ ਦੀ ਪ੍ਰਾਪਤੀ ਕਰਮ 'ਤੇ ਨਿਰਭਰ ਹੈ। ਭਗਵਾਨ ਸ੍ਰੀ ਕ੍ਰਿਸ਼ਨ ਨੇ ਈਸ਼ਵਰ ਦੇ ਸਾਕਸ਼ਾਤਕਾਰ ਵਾਸਤੇ ਗਿਆਨ ਯੋਗ ਤੇ ਕਰਮ ਯੋਗ ਦਾ ਉਪਦੇਸ਼ ਦਿਤਾ ਹੈ।"

ਲੋਕੇਸ੍ਮਿਨ੍......ਯੋਗਿਤਾਮ੍।

"ਅਸੀਂ ਲੋਕ ਇਨ੍ਹਾਂ ਗੱਲਾਂ ਤੇ ਵਿਸ਼ਵਾਸ ਨਹੀਂ ਕਰ ਸਕਦੇ।"

"ਤਾਂ ਕੀ ਚੰਗੇ ਤੋਂ ਚੰਗਾ ਕੰਮ ਕਰਨ ਤੇ ਵੀ ਈਸਾਈ ਨਾ ਹੋਣ ਤੇ ਮੁਕਤੀ ਨਹੀਂ ਹੁੰਦੀ?"

"ਨਹੀਂ, ਜੋ ਪਰਮ ਪਿਤਾ ਈਸ਼ਵਰ ਦੇ ਅਤੇ ਪਵਿੱਤਰ ਆਤਮਾ ਦੇ ਨਾਂ ਤੇ ਇਸ਼ਨਾਨ ਸਵੀਕਾਰ ਨਹੀਂ ਕਰਦਾ ਅਤੇ ਪੁੱਤਰ ਦੇ ਸ੍ਰੀ ਸ਼ਰੀਰ ਅਤੇ ਰਕਤ ਦਾ ਭੋਗ ਕਰ ਪਾਪ ਮੋਚਨ ਨਹੀਂ ਕਰ ਲੈਂਦਾ ਉਹ ਬਚਦਾ ਨਹੀਂ।"

"ਫਾਦਰ ਇਹ ਆਖੋ ਕਿ ਆਪ ਲੋਕਾਂ ਦਾ ਇਹ ਵਿਸ਼ਵਾਸ ਹੈ।"

"ਹਾਂ, ਸਭ ਵਿਸ਼ਵਾਸ ਦੀ ਹੀ ਗੱਲ ਹੈ ਨਾ?"

"ਪਰ ਸਾਡੇ ਲੋਕਾਂ ਦਾ ਮੱਤ ਅਲੱਗ ਹੈ। ਸਾਡੇ ਮੱਤ ਵਿਚ ਜੋ ਵੀ ਸੰਸਾਰ ਵਿਚ ਪੈਦਾ ਹੁੰਦੇ ਹਨ, ਉਨ੍ਹਾਂ ਸਭਨਾਂ ਨੂੰ ਮੁਕਤੀ ਮਿਲ ਸਕਦੀ ਹੈ। ਧਰਮ ਕੋਈ ਵੀ ਹੋਵੇ। ਸਾਡਾ ਧਰਮ ਇਕ ਅਜਿਹੇ ਵਿਸ਼ਾਲ ਭਵਨ ਵਾਂਗ ਹੈ ਜਿਸ ਦੇ ਸਭ ਰਸਤੇ ਖੁਲ੍ਹੇ ਹਨ। ਜੋ ਚਾਹੇ ਆ ਕੇ ਆਰਾਮ ਕਰੇ। ਪਿਆਸ, ਭੁਖ ਤੇ ਥਕਾਨ ਮਿਟਾ ਲਵੇ। ਕਾਮ, ਕ੍ਰੋਧ ਆਦਿ ਤੋਂ ਮਨ ਨੂੰ ਤੁੜਾ ਕੇ ਆਤਮ ਤੱਤਵ ਗ੍ਰਹਿਣ ਕਰ ਲੈਣ ਤੇ ਮੁਕਤੀ

ਜ਼ਰੂਰ ਮਿਲਦੀ ਹੋਵੇਗੀ।''

''ਕਾਮਕ੍ਰੋਧਵਿਯੁਕ੍ਤਾਨਾ......ਵਿਦਿਭਾਭੁਮਨਾਮ੍।'

ਫਾਦਰ ਦੇ ਚਿਹਰੇ ਉਤੇ ਵਿਅੰਗ ਦਾ ਰੰਗ ਛਾ ਗਿਆ। ਸੰਸਕ੍ਰਿਤ ਦੇ ਇਕ ਸ਼ਲੋਕ ਦੀ ਮਿਸਾਲ ਦੇ ਕੇ ਇਸਾਈ ਮਤ ਨੂੰ ਹਾਰ ਦੇਣੀ ਚਾਹੁੰਦਾ ਹੈ।

ਇਹ ਸਭ ਲੋਕਾਂ ਨੂੰ ਧੋਖਾ ਦੇਣ ਦੇ ਉਪਾਅ ਹਨ। ਕੁਰੁਪ ਜੀ ! ਮੁਕਤੀ ਦਾਤਾ ਈਸਾ ਵਰਗਾ ਬਲੀਦਾਨ ਕੀ ਤੁਹਾਡੇ ਧਰਮ ਵਿਚ ਕਿਸੇ ਨੇ ਕੀਤਾ ਹੈ ? ਮਸੀਹਾ ਵਰਗਾ ਚਮਤਕਾਰ ਕਿਸੇ ਕੀਤਾ ਹੈ ?

''ਚਮਤਕਾਰ ਕਿਹਾ ?''

''ਚਮਤਕਾਰ ? ਈਸਾ ਪ੍ਰਭੂ ਦਾ ਜਨਮ ਹੀ ਚਮਤਕਾਰ ਹੈ ਨਾ ? ਕੰਨਿਆ (ਕੁਆਰੀ) ਤੋਂ ਜਨਮ।''

''ਕੌਣ ਕਹਿੰਦਾ ਹੈ ?''

''ਹੈਂ ! ਕੌਣ ਕਹਿੰਦਾ ਹੈ ?''

''ਹਾਂ ਤੇ, ਇਹ ਆਪ ਲੋਕਾਂ ਦਾ ਵਿਸ਼ਵਾਸ ਹੈ ਨਾ ? ਤੁਸੀਂ ਆਪਣੇ ਵਿਸ਼ਵਾਸ ਉਤੇ ਦ੍ਰਿੜ ਤੇ ਅਟੱਲ ਰਹਿ ਸਕਦੇ ਹੋ। ਇਸੇ ਤਰ੍ਹਾਂ ਉਸ ਨੂੰ ਸਵੀਕਾਰ ਨਾ ਕਰਨ ਅਤੇ ਹੋਰ ਵਿਸ਼ਵਾਸ ਕਰਨ ਦਾ ਹੱਕ ਸਾਨੂੰ ਵੀ ਹੈ।''

''ਹਾਂ, ਹਾਂ, ਵਿਸ਼ਵਾਸ ਕਰੋ।''

ਆਪਣੇ ਬਚਾਅ ਲਈ ਤਾਂ ਫਾਦਰ ਨੇ ਕਹਿ ਦਿਤਾ, ਪਰ ਅਸਲ ਵਿਚ ਉਸ ਪਾਸ ਜਵਾਬ ਹੈ ਨਹੀਂ ਸੀ। ਕੁਰੁਪ ਜੀ ਪ੍ਰਤੀ ਸ਼ਰਧਾ ਉਸ ਅੰਦਰ ਉਤਪੰਨ ਹੋ ਗਈ ਉਸ ਨੇ ਮਹਿਸੂਸੀ।

ਦੀਨਾਮਾ ਬੋਲੀ—

''ਕੁਰੁਪ ਜੀ ਨਾਲ ਬਹਿਸ ਕਰਦੇ ਰਹੇ ਤਾਂ ਭੁਖਿਆਂ ਰਹਿਣਾ ਪਵੇਗਾ। ਹੱਥ ਧੋ ਲਵੋ ਨਾ ?''

''ਥਕਾਵਟ ਕਿੰਨੀ ਵੀ ਕਿਉਂ ਨਾ ਹੋਵੇ, ਕੁਰੁਪ ਜੀ ਦੇ ਆਉਣ ਤੇ ਪਿਤਾ ਜੀ ਤਾਜ਼ੇ ਹੋ ਜਾਂਦੇ ਹਨ।

''ਮਾਮਾ ਜੀ ਵੀ ਸ਼ਾਸਤ੍ਰਾਰਥ ਕਰਦੇ ਹਨ।''

''ਗਿਆਨ ਦਾ ਸਾਗਰ ਹਨ। ਤਾਂ ਠੀਕ ਮੈਂ ਚੱਲਾਂ। ਫਾਦਰ ਦਾ ਭੋਜਨ ਨਾ ਖਰਾਬ ਕਰਾਂ।''

ਫਾਦਰ ਨੇ ਆਖਿਆ—

''ਇਹ ਖੂਬ ਕਹੀ ! ਕੁਰੁਪ ਜੀ ਤੁਸੀਂ ਵੀ ਭੋਜਣ ਕਰੋ।''

ਦੀਨਾਮਾ ਨੇ ਆਖਿਆ—''ਮੈਂ ਦੋਹਾਂ ਨੂੰ ਹੀ ਹੱਥ ਧੋਣ ਲਈ ਆਖਿਆ ਹੈ।''

''ਇਤਰਾਜ਼ ਤਾਂ ਨਹੀਂ। ਪਰ ਹੁਣ ਲੋੜ ਨਹੀਂ। ਕੁੰਯੇਨਾਮਾਪਿੱਲਾ ਤਾਂ ਸੌਂ ਰਹੇ ਹਨ। ਫਿਰ ਆਵਾਂਗਾ।''

ਕੁਰੁਪ ਦੇ ਜਾਣ ਤੇ ਫਾਦਰ ਬੋਲੇ—''ਸਮਝਦਾਰ ਆਦਮੀ ਹੈ।''

''ਪਿਤਾ ਜੀ ਨੂੰ ਕੁਰੁਪ ਜੀ ਜਾਨ ਤੋਂ ਪਿਆਰੇ ਹਨ। ਇਹੀ ਪਿਤਾ ਜੀ ਨੂੰ

ਅਫ਼ੀਮ ਲਿਆ ਕੇ ਦਿੰਦੇ ਹਨ ।''

''ਅੱਛਾ ।''

''ਕੁੰਯੁਚੇਤੁਕਨ ਜੀ ਦੀ ਇਨ੍ਹਾਂ ਨਾਲ ਬਹੁਤ ਦੁਸ਼ਮਨੀ ਹੈ । ਕਿਸੇ ਗੱਲ ਤੇ ਦੋਹਾਂ 'ਚ ਝਗੜਾ ਹੋ ਗਿਆ ਸੀ । ਇਸ ਲਈ ਇਥੇ ਕੁਰੁਪ ਦਾ ਆਉਣਾ ਵੀ ਭਈਆ ਨੂੰ ਪਸੰਦ ਨਹੀਂ ।''

''ਉਹ ਕਿਸੇ ਨਾਲ ਝਗੜਾ ਨਹੀਂ ਕਰਦਾ ?''

ਭੋਜਨ ਦੇ ਬਾਅਦ ਫਾਦਰ ਨੇ ਕੁੰਏਨਾਚੰਨ ਦੀ ਮੰਜੀ ਦੇ ਕੋਲ ਜਾ ਕੇ ਆਵਾਜ਼ ਦਿਤੀ । ਚਾਰ ਪੰਜ ਵਾਰੀ ਬੁਲਾਇਆ ਤਾਂ ਹੀ ਜਾਗੇ ।

''ਮੈਂ ਚਲਦਾ ਹਾਂ ਮਾਮਾ ਜੀ ।''

''ਚਲਦੇ ਹੋ ।''

''ਚੱਲਾਂ ।''

''ਸਵਰਗ ਦੂਤ ਗੈਬਰੀਅਲ ਮੇਰੇ ਨਾਲ ਸਨ ।''

''ਕੀ ?''

''ਆਖਿਆ ਕਿ ਮੇਰੇ ਪੰਖਾਂ ਤੇ ਬੈਠ ਜਾਓ ।'' ਮੈਂ ਆਖਿਆ । ''ਨਹੀਂ, ਦਾਸ ਪੈਦਲ ਹੀ ਚੱਲੇਗਾ ।''

ਦੀਨਾਮਾ ਨੇ ਹੌਲੀ ਜਹੀ ਆਖਿਆ—

''ਕੋਈ ਸੁਪਨਾ ਦੇਖਿਆ ਹੋਣੈ ?''

''ਮਾਮਾ ਜੀ ਅਸੀਂ ਪ੍ਰਾਰਥਨਾ ਕਰੀਏ ।''

''ਉਠ ਬੈਠਾਂ ?''

''ਨਹੀਂ ਮਾਮਾ ਜੀ ਲੇਟੇ ਰਹੋ ।''

ਦੀਨਾਮਾ ਦੁਪੱਟਾ ਸਿਰ ਤੇ ਕਰਕੇ ਪ੍ਰਾਰਥਨਾ ਲਈ ਤਿਆਰ ਹੋ ਗਈ । ਫਾਦਰ ਨੇ ਇਕ ਸ਼ਲੋਕ ਦੀਆਂ ਚਾਰ ਤੁਕਾਂ ਪੜ੍ਹੀਆਂ । ''ਮੇਰੀ ਦੌਲਤ'' ਕਹਿਣ ਲਈ ਕੁਝ ਨਹੀਂ । ਈਸ਼ੋ ਹੀ ਮੇਰੀ ਜਾਇਦਾਦ ਹੈ ।

ਕੁੰਏਨਾਚੰਨ ਲਈ ਵਿਸ਼ੇਸ਼ ਪ੍ਰਾਰਥਨਾ ਵੀ ਕੀਤੀ ।

ਦੀਨਾਮਾ ਫਾਦਰ ਨੂੰ ਵਿਦਾ ਕਰਨ ਲਈ ਫਾਟਕ ਤੱਕ ਗਈ । ਮੁੜ ਕੇ ਕੁੰਏਨਾਚੰਨ ਨੂੰ ਆਖਿਆ—

''ਬਾਬੂ ਜੀ ਕਿੰਨੀ ਗਹਿਰੀ ਨੀਂਦੇ ਸੌਂ ਗਏ ਸਾਓ ? ਕੁਰੁਪ ਜੀ ਆ ਕੇ ਮੁੜ ਗਏ ਹਨ ।''

''ਜਗਾਇਆ ਕਿਉਂ ਨਹੀਂ ?''

''ਜਗਾਇਆਂ ਜਾਗੇ ਤਾਂ ਏ ਨਾ ? ਬੇਵਕਤ ਦਵਾ ਖਾਣ ਨਾਲ ਹੀ ਅਜਿਹੀ ਲੰਮੀ ਨੀਂਦ ਸੌਂਦੇ ਹੋ ।''

''ਹੁਣ ਉਸ ਦੇ ਬਿਨਾਂ ਕੋਈ ਚਾਰਾ ਨਹੀਂ, ਬੇਟੀ !''

''ਬੁਰੀ ਆਦਤ ਪਾਉਣ ਨਾਲ ਹੀ ਨਾ ।''

''ਕੀ ਕੀਤਾ ਜਾਏ ?''

''ਉਠ ਕੇ ਹੱਥ ਧੋ ਲਵੋ। ਕਾਂਜੀ ਲਿਆਉਂਦੀ ਹਾਂ।''

''ਅੱਚਨ ਨੂੰ ਭੋਜਨ ਕਰਾਇਆ ਹੈ ਨਾ ?''

''ਹਾਂ।''

''ਨਾਰੀਅਲ ਦੀ ਗਰੀ ਤੇ ਸੇਮ ਦੀ ਸੁੱਕੀ ਸਬਜ਼ੀ ਤੇ ਨਿੰਬੂ ਦਾ ਅਚਾਰ ਕਾਂਜੀ ਨਾਲ ਮਿਲੇ ਤਾਂ ਸਵਾਦ ਆਵੇ। ਦੁੱਖ ਹੋਇਆ ਕਿ ਇੰਨੀ ਦੇਰ ਬਾਅਦ ਫਾਦਰ ਦੇ ਆਉਣ ਤੇ ਸੁੱਤਾ ਰਿਹਾ। ਫਾਦਰ ਦਾ ਲਿਆਂਦਾ ਸੁਝਾਓ ਠੁਕਰਾਉਣਾ ਨਹੀਂ। ਇਹ ਕਹਿਣਾ ਬੇਵਕੂਫੀ ਹੈ ਕਿ ਅਜੇ ਲੜਕਾ ਛੋਟਾ ਹੈ। ਅੱਛੀ ਉਮਰ ਹੈ। ਚੰਗਾ ਤਕੜਾ ਹੈ। ਖ਼ੂਬਸੂਰਤ ਲੜਕੀ। ਚਲਣ ਦਿਓ......''

''ਬਾਬੂ ਜੀ !''

''ਕੀ ?''

ਸੋਚਿਆ ਦੀਨਾਮਾ ਹੈ। ਮੂੰਹ ਮੋੜ ਕੇ ਵੇਖਿਆ ਤਾਂ......

''ਕੌਣ ?''

''ਮੈਂ ਹਾਂ ਬਾਬੂ ਜੀ ਅੰਨਾਮਾ।''

ਫਿਲਿਪਿਓਸ ਦੀ ਇਸਤ੍ਰੀ।

''ਬਾਬੂ ਜੀ ਸਾਡੇ ਘਰ ਚੱਲੋ।''

''ਜਾ ਨਹੀਂ ਸਕਾਂਗਾ।''

''ਬਹੁਤ ਜ਼ਰੂਰੀ ਗੱਲ ਹੈ। ਮੋਟਰ ਲੈ ਆਉਂਦੀ ਹਾਂ, ਤੁਸੀਂ ਨਾ ਆਏ ਤਾਂ ਖ਼ੂਨ ਹੋ ਜਾਏਗਾ।''

ਜੀਜੀ ਦੀ ਘਬਰਾਹਟ ਵੇਖ ਕੇ ਦੀਨਾਮਾ ਦੌੜੀ ਆਈ, ਪੁੱਛਿਆ—''ਗੱਲ ਕੀ ਏ ਚਾਚੀ ?''

''ਗੱਲ ? ਮਾਮਲਾ ਇਹ ਕਿ ਸਾਡੇ ਪੜੋਸ ਦੀ ਨੌਕਰਾਨੀ ਹੁਣ ਤੇਰੇ ਜੇਠ ਦੀ ਰਾਣੀ ਹੈ। ਇਸ ਲਈ ਇਸ ਦਾ ਫੈਸਲਾ ਹੋਣਾ ਚਾਹੀਦਾ ਹੈ। ਘਰ ਉਹ ਰਹੇਗੀ ਜਾਂ ਮੈਂ।''

''ਹੌਲੀ ਬੋਲੋ ਚਾਚੀ ਜੀ।''

''ਵਾਹ, ਜਿਵੇਂ ਕਿਸੇ ਨੂੰ ਪਤਾ ਹੀ ਨਹੀਂ। ਪੁੱਤਰ ਪਿਓ ਨੂੰ ਛੁਰਾ ਮਾਰਨ ਲੱਗਾ ਹੈ। ਨੌਬਤ ਇਥੋਂ ਤੱਕ ਆ ਗਈ ਹੈ।''

''ਹਾਏ, ਮੇਰੇ ਰਖਿਅਕ।''

ਕੁੰਏਨਾਚੰਨ ਨੇ ਪੁਛਿਆ—''ਤੂੰ ਜੋ ਆਖਣੀ ਹੈਂ, ਸ਼ੱਕ ਦੇ ਸਿਰ ਹੀ ਕਹਿ ਰਹੀ ਹੈਂ ਨਾ ? ਕਿਧਰੇ ਲੜਕੇ ਨਾਲ ਬੇਕਾਰ ਹੀ ਤਾਂ ਝਗੜਾ ਨਹੀਂ ਕਰਾ ਦਿਤਾ ?''

''ਅੱਖੀਂ ਵੇਖੀ ਗੱਲ ਤੇ ਵੀ ਸ਼ੱਕ ਹੁੰਦਾ ਹੈ ?''

''ਹੂੰ'' ਵੇਖਿਆ ਸੁਣਿਆ......

''ਪਿਤਾ ਜੀ ਆਪ ਆ ਕੇ ਵੇਖ ਲਵੋ, ਮੈਂ ਸਬੂਤ ਦੇਵਾਂਗੀ।''

ਦੀਨਾਮਾ ਹੈਰਾਨੀ ਵਿਚ ਡੁੱਬ ਗਈ। ਥੋੜ੍ਹੀ ਦੇਰ ਬਾਅਦ ਕੁੰਏਨਾਚੰਨ ਨੇ ਪੁਛਿਆ—

''ਮੇਰੇ ਆਉਣ ਨਾਲ ਕੀ ਹੋ ਸਕਦਾ ਹੈ ? ਕੀ ਉਹ ਬਾਪ ਦੇ ਹੁਕਮ ਨੂੰ ਮੰਨਣ ਵਾਲਾ ਛੋਟਾ ਬੱਚਾ ਹੈ ? ਪੂਰੇ ਦੇਸ਼ ਦਾ ਰਾਜਾ। ਗ੍ਰਿਹਿਸਥੀ। ਧਨੀ। ਬੇਟਾ ਆਪਣੇ ਜਿੱਡਾ ਹੋ ਜਾਏ ਤਾਂ ਉਸ ਨਾਲ ਬਰਾਬਰ ਦਾ ਸਲੂਕ ਕਰਨਾ ਚਾਹੀਦਾ ਹੈ। ਨੱਬੇ ਵਰ੍ਹੇ ਦਾ ਦੁਰਬਲ ਬਾਪ ਕੁਝ ਕਹੇ ਤਾਂ ਉਸ ਦੀ ਕੀ ਕੀਮਤ ਹੋਵੇਗੀ ?''

''ਤਾਂ ਦੱਸੋ ਮੈਂ ਕੀ ਕਰਾਂ ? ਕਿਸ ਨੂੰ ਕਹਾਂ ? ਮੇਰੇ ਮਾਂ-ਬਾਪ, ਭਾਈ ਕੋਈ ਨਹੀਂ। ਨਹੀਂ, ਤਾਂ ਉਨ੍ਹਾਂ ਨੂੰ ਬੁਲਾ ਲਿਆਉਂਦੀ।''

ਅੰਨਾਮਾ ਰੋਣ ਲਗ ਪਈ। ਗਲੀ ਵਿਚ ਜਾਂਦੀਆਂ ਔਰਤਾਂ ਨੂੰ ਆਪਣੀ ਵਲ ਗੌਰ ਨਾਲ ਵੇਖਦਿਆਂ ਤੱਕ ਕੇ ਦੀਨਾਮਾ ਨੇ ਜੇਠਾਨੀ ਦਾ ਹੱਥ ਪਕੜ ਲਿਆ ਤੇ ਕਹਿਣ ਲਗੀ—

''ਆਉ ਚਾਚੀ। ਅੰਦਰ ਚਲ ਕੇ ਗੱਲਾਂ ਕਰਨੇ ਆਂ।''

ਉਹ ਅੰਦਰ ਚਲੀਆਂ ਗਈਆਂ। ਕੁੰਏਨਾਚੰਨ ਨੇ ਸੋਚਿਆ। ਅੰਨਾ ਬੇਟੀ ਨੇ ਜੋ ਵੀ ਕਿਹਾ ਹੈ ਉਹ ਸਹੀ ਹੈ। ਇਸ ਤਰ੍ਹਾਂ ਦੀਆਂ ਕੁਝ ਗੱਲਾਂ ਪਹਿਲਾਂ ਵੀ ਸੁਣੀਆਂ ਸਨ। ਕੋਂਝਚੇਰੀ ਦੀ ਸੜਕ ਦੀ ਮੁਰੰਮਤ ਦਾ ਠੇਕਾ ਚਲ ਰਿਹਾ ਸੀ ਤਾਂ ਇਕ ਵਿਧਵਾ ਅਧਿਆਪਕਾ ਨਾਲ ਇਸ ਦੀ ਯਾਰੀ ਦੀ ਗੱਲ ਸੁਣੀ ਸੀ। ਸ਼ੱਕ-ਸ਼ੁਬ੍ਹੇ ਦੀ ਹੀ ਗੱਲ ਨਹੀਂ। ਦੁੱਖ ਬਹੁਤ ਵਧ ਗਿਆ ਤਾਂ ਹੀ ਅੰਨਾ ਦੌੜੀ ਆਈ ਹੈ। ਇਹੋ ਜਿਹੇ ਸਮੇਂ ਕੋਈ ਕਿਥੇ ਸੋਚੇ ਕਿ ਕਿਸ ਕੋਲ ਦੌੜਿਆ ਜਾਵੇ ?''

ਮੰਨ ਲਿਆ ਕਿ ਉਸ ਦੀ ਗੱਲ ਸੁਣ ਕੇ ਉਸ ਦੇ ਘਰ ਜਾਂਦੇ ਹਾਂ। ਉਹ ਆਰਾਮ ਕੁਰਸੀ ਤੇ ਲੇਟਿਆ ਹੋਵੇਗਾ। ਵਿਹੜੇ ਵਿਚ ਜਾ ਕੇ ਪੁਕਾਰਨਾ ਪਏਗਾ—ਇਧਰ ਆਓ।

ਉਠ ਕੇ ਆਵੇਗਾ।

''ਕੀ ਏ ਪਿਤਾ ਜੀ ?''

''ਅੰਨਾ ਬਿਟੀਆ ਕੀ ਆਖ ਰਹੀ ਹੈ ?''

''ਉਸ ਦੀਆਂ ਵਾਹਯਾਤ ਗੱਲਾਂ ਸੁਣ ਕੇ ਕੀ ਪਿਤਾ ਜੀ ਮੇਰੇ ਨਾਲ ਬਹਿਸ ਕਰਨ ਆਏ ਹਨ ?''

''ਓਏ ਉਹ......''

''ਕੁਝ ਨਾ ਕਹੋ। ਬੁਢਾਪੇ ਵਿਚ ਰੁੱਖੀ-ਸੁੱਖੀ ਖਾ ਕੇ ਕਿਧਰੇ ਆਰਾਮ ਨਾਲ ਬੈਠੋ—ਬਸ।''

ਆਵਾਜ਼ ਸੁਣ ਕੇ ਉਸ ਦਾ ਵੱਡਾ ਮੁੰਡਾ ਬਾਹਰ ਆਵੇਗਾ।

''ਉਸ ਔਰਤ ਅੱਗੋਂ ਇਸ ਫਾਟਕ ਦੇ ਅੰਦਰ ਪੈਰ ਰਖਿਆ ਤਾਂ ਧੜ ਨਾਲੋਂ ਸਿਰ ਅਲੱਗ ਹੋ ਜਾਏਗਾ।''

''ਜਾ ਓਏ। ਜਾ''

''ਉਸ ਨੂੰ ਨਸਾ ਸਕਦਾ ਹੈਂ। ਮੈਨੂੰ ਨਸਾ। ਆ। ਬੇਟਾ, ਪੋਤਾ ਤੱਕ ਹੋ ਗਏ ਨੇ।''

''......ਅੰਨਾ ਬੇਟੀ।''

ਇੰਨਾ ਸੁਣ ਕੇ ਕੀ ਸਮਝੌਤਾ ਹੀ ਕਰਨਾ ਹੈ ?

"ਅੰਨਾ ਬੇਟੀ ਅੰਦਰ ਜਾ ।"

ਨਹੀਂ ਜਾਂਦੀ । ਉਹ ਵੀ ਖੜੀ ਰਹਿੰਦੀ ਹੈ । ਪਿਤਾ ਨੇ ਹੀ ਸਾਰਾ ਝਗੜਾ ਕਰਵਾਇਆ ਹੈ । ਸਭ ਦੀ ਸ਼ਰਾਫਤ ਮਸ਼ਹੂਰ ਹੈ । ਕੁਝ ਕਹਿਣ ਦੀ ਜ਼ਰੂਰਤ ਨਹੀਂ । ਮੇਰੀ ਮਾਂ ਨੂੰ ਅੰਗਾਰਿਆਂ ਦੀ ਅੱਗ ਸਾੜਿਆ । ਸਮਝਾਣ ਆਏ ਨੇ ।

"ਕੀ ਜਵਾਬ ਦੇਵਾਂ ? ਸਿਰ ਝੁਕਾਈ ਚੁਪਚਾਪ ਮੁੜਨਾ ਪਏਗਾ । ਲੈਣੇ ਦੇ ਦੇਣੇ ਪੈ ਜਾਣਗੇ । ਇਸ ਦੀ ਕੀ ਲੋੜ ਹੈ ?"

ਅੰਨਾਮਾ ਨੇ ਵੀ ਇਕ ਵਾਰ ਕਿਹਾ ਸੀ—

"ਅੱਗੋਂ ਦੋਨਾਂ'ਚੋਂ ਇਕ ਹੀ ਰਹੇਗੀ । ਪੱਕੀ ਗੱਲ ਹੈ ਜਵਾਨੀ ਵਿਚ ਦਾਸੀ ਦੀ ਤਰ੍ਹਾਂ ਆਗਿਆ-ਕਾਰੀ ਹੋ ਕੇ ਤੇਰੇ ਚੈਨ ਆਰਾਮ ਦਾ ਧਿਆਨ ਰਖਦੀ ਸਾਂ । ਦਿਲ ਵਿਚ ਵੀ ਕੋਈ ਪਾਪ ਨਹੀਂ ਸੀ ਕੀਤਾ । ਹੁਣ ਮੈਥੋਂ ਬਰਦਾਸ਼ਤ ਨਹੀਂ ਹੁੰਦਾ ।......"

ਅਸਲ ਵਿਚ ਉਸ ਨਾਲ ਕਿੰਨਾ ਰੁੱਖਾ ਵਰਤਾਰਾ ਕਰਦਾ ਸਾਂ । ਜ਼ਿੰਦਗੀ ਦੀ ਪਤਵਾਰ ਉਸ ਦੇ ਹੱਥ ਵਿਚ ਸੀ । ਵਿਵੇਕੀ ਅਤੇ ਚਤੁਰ । ਜਨਮ ਤੋਂ ਉਹ ਬੜੀ ਨੇਕ ਸੀ । ਨੇਕ ਹੀ ਰਹਿੰਦੀ ਸੀ ਤੇ ਨੇਕ ਹੀ ਮਰ ਗਈ । ਜਿਵੇਂ ਕਿ ਦਾਊਦ ਨੇ ਕਿਹਾ— ਹੁਣ ਯਾਦ ਕਰਨ ਦਾ ਕੀ ਲਾਭ ? ਕੀ ਉਸ ਨੂੰ ਵਾਪਸ ਲਿਆ ਸਕਦਾ ਹਾਂ ? ਖੁਦ ਤਾਂ ਉਸ ਕੋਲ ਜਾ ਸਕਦਾ ਹਾਂ । ਪਰ ਉਹ ਵਾਪਸ ਨਹੀਂ ਆ ਸਕਦੀ ।

ਅੰਦਰ ਅੰਨਾਮਾ ਤੇ ਦੀਨਾਮਾ ਗੱਲਾਂ ਕਰ ਰਹੀਆਂ ਸਨ ।

ਅੰਨਾਮਾ ਨੇ ਆਖਿਆ—"ਤਾਂ ਦੀਨਾਮਾ ਉਸ ਦੇ ਸਾਜ਼ ਸ਼ਿੰਗਾਰ ਤੇ ਨਾਜ਼ੋ-ਨਖਰੇ ਕੁਝ ਦਿਨਾਂ ਤੋਂ ਵੇਖਦੀ ਆ ਰਹੀ ਸਾਂ । ਸਾਨੂੰ ਇਸ ਤਰ੍ਹਾਂ ਦਾ ਸ਼ੱਕ ਕਾਹਨੂੰ ਹੋਣਾ ਸੀ । ਜਦ ਦੇ ਮੇਰੇ ਹੱਥ-ਪੈਰ ਦੁਖਣ ਲੱਗੇ ਉਦੋਂ ਤੋਂ ਬਹੁਤ ਸਵੇਰੇ ਮੰਜੀ ਤੋਂ ਉਠ ਨਹੀਂ ਸਾਂ ਸਕਦੀ । ਧੁਪ ਚੜ੍ਹਨ ਤੋਂ ਪਹਿਲਾਂ ਉਠਾਂ ਤਾਂ ਪੈਰ ਜ਼ਮੀਨ ਤੇ ਜੰਮਦੇ ਨਹੀਂ । ਸੋ ਸਵੇਰੇ-ਸਵੇਰੇ ਇਹ ਹੀ ਕਾਫੀ ਬਣਾਂਦੀ ਤੇ ਪਿਲਾਂਦੀ । ਮੇਰੇ ਆਦਮੀ ਦੀ ਸਵੇਰੇ ਪੰਜ ਵਜੇ ਜਾਗਣ ਤੇ ਕਾਫੀ ਪੀਣ ਦੀ ਆਦਤ ਹੈ । ਇਕ ਦਿਨ ਉਹ ਕਾਫੀ ਲੈ ਗਈ ਤੇ ਕਾਫੀ ਦੇਰ ਤੱਕ ਵਾਪਸ ਨਾ ਮੁੜੀ । ਮੰਜੀ ਤੋਂ ਉਠਣਾ ਮੇਰੇ ਲਈ ਮੁਸ਼ਕਿਲ ਸੀ । ਫੇਰ ਵੀ ਜਾਗਦੀ ਤਾਂ ਪਈ ਸਾਂ । ਹਾਂ ਕੁਝ ਆਵਾਜ਼ ਸੁਣਾਈ ਦੇ ਰਹੀ ਸੀ......"

"ਹੂੰ"

ਜਦ ਇਹ ਵਾਪਸ ਆਈ ਤਾਂ ਇਸ ਦੀ ਸ਼ਕਲ-ਸੂਰਤ ਕੁਝ ਬਦਲੀ ਹੋਈ ਸੀ । ਉਸੇ ਦਿਨ ਤੋਂ ਮੇਰੇ ਮਨ ਵਿਚ ਸ਼ੱਕ ਸੀ । ਨਿਯਮ ਅਨੁਸਾਰ ਅੱਜ ਵੀ ਉਹ ਉਨ੍ਹਾਂ ਦੇ ਕਮਰੇ ਵਿਚ ਗਈ । ਥੋੜ੍ਹੀ ਦੇਰ ਬਾਅਦ ਮੈਂ ਘਸੀਟਦੀ-ਘਸੀਟਦੀ ਜਾ ਪੱਜੀ । ਪਿਆਰੀ ਦੀਨਾਮਾ ਬੰਦ ਦਰਵਾਜ਼ਾ ਜਦ ਖੋਲ੍ਹਿਆ ਤਾਂ ਮੈਂ ਕੀ ਵੇਖਿਆ......"

"ਹੇ, ਪਰਮਾਤਮਾ ।"

"ਬਾਕੀ ਦੀ ਗੱਲ ਮੈਂ ਨਹੀਂ ਦਸ ਸਕਦੀ । ਸ਼ੋਰ-ਗੁਲ ਸੁਣ ਕੇ ਬੇਟਾ ਜੋਣੀਕੁੱਟੀ ਉਠ ਕੇ ਆ ਗਿਆ । ਬਾਪ ਬੇਟਾ ਇਕ ਦੂਜੇ ਦੇ ਆਹਮਣੇ-ਸਾਹਮਣੇ ਖੜੇ ਸਨ ।"

"ਅੰਨਾ ਬੇਟੀ ।"

"ਕੀ ?"

"ਤੂੰ ਜਾ, ਇਸ ਦਾ ਉਪਾ ਅਸੀਂ ਕਰਾਂਗੇ ।"

"ਕੀ ਪਿਤਾ ਜੀ ਆਉਗੇ ਗੱਡੀ ਭੇਜਾਂ ?"

"ਕੀਵਰੀਤ ਕੋਲੋਂ ਅਖਵਾਵਾਂਗਾ ।"

"ਕੀਵਰੀਤ ਭਈਆ ਦੀ ਗੱਲ ਤਾਂ ਮੰਨਦੇ ਨਹੀਂ ।"

"ਨਾ ਮੰਨਿਆ ਤਾਂ ਮੈਂ ਖੁਦ ਆਵਾਂਗਾ । ਤੂੰ ਜਾ ।"

ਦੀਨਾਮਾ ਨੇ ਵੀ ਆਖਿਆ—"ਚਾਚੀ ਕਿਸੇ ਗੱਲ ਦਾ ਵੀ ਦੁਖ ਨਾ ਕਰ । ਸਭ ਦਾ ਰਸਤਾ ਨਿਕਲ ਆਵੇਗਾ ।

ਕੁੰਏਨਾਚੰਨ ਨੇ ਆਖਿਆ—"ਧਰਤੀ ਵਾਂਗ ਖਿਮਾਸ਼ੀਲ ਹੋਣਾ ਚਾਹੀਦਾ ਹੈ । ਅਵਿਵੇਕੀ ਨਹੀਂ ਅਖਵਾਣਾ ਚਾਹੀਦਾ । ਸਾਲਮੋਨ ਨੇ ਕੀ ਆਖਿਆ ਸੀ ? ਬੇਟੀ ਆਪਣੀ ਪੂਰੀ ਕਮਾਈ ਨਾਲ ਵਿਵੇਕ ਪ੍ਰਾਪਤ ਕਰ । ਉਹ ਵਧਾ ਲੈ । ਉਹ ਤੈਨੂੰ ਉਨਤੀ ਵੱਲ ਲੈ ਜਾਏਗਾ । ਉਸ ਦਾ ਲੜ ਫੜ, ਉਹ ਤੇਰੀ ਭਲਾਈ ਕਰੇਗਾ, ਉਹ ਤੇਰੇ ਸਿਰ ਤੇ ਸ਼ੋਭਾਦਾਇਕ ਤਾਜ ਬੰਨ੍ਹੇਗਾ ।"

ਅੰਨਾਮਾ ਚਲੀ ਗਈ । ਤਾਂ ਵੀ ਉਸ ਦੀਆਂ ਦੱਸੀਆਂ ਗੱਲਾਂ ਅੱਖਾਂ ਦੇ ਸਾਹਮਣੇ ਘੁੰਮਦੀਆਂ ਰਹੀਆਂ । ਸਿਰਫ਼ ਧਨ ਬਟੋਰਨ ਨਾਲ ਕੀ ਹੋ ਸਕਦਾ ਹੈ ? ਮੂਰਖ ਨੂੰ ਚੱਟੂ ਵਿਚ ਪਾ ਕੇ ਮੁਗਲੀ ਨਾਲ ਚਿਓੜੇ ਵਾਂਗ ਤਾਬੜ-ਤੋੜ ਕੁੱਟਣ ਨਾਲ ਵੀ ਉਸ ਦੀ ਮੂਰਖਤਾ ਦੂਰ ਨਹੀਂ ਹੁੰਦੀ ।

ਮਾਤੁਕੁੱਟੀ ਦੇ ਮੁੜ ਆਉਣ ਤੱਕ ਰਾਤ ਕਾਫੀ ਬੀਤ ਗਈ ਸੀ । ਉਸ ਦੇ ਆਉਣ ਦਾ ਪਤਾ ਲੱਗ ਗਿਆ ਸੀ । ਖਾਣਾ ਖਵਾਣ ਦੇ ਬਾਅਦ ਦੀਨਾਮਾ ਉਸ ਨੂੰ ਦਿਨ ਦੀ ਸਾਰੀ ਗੱਲਬਾਤ ਸੁਣਾ ਰਹੀ ਸੀ । ਸਵੇਰੇ-ਸਵੇਰੇ ਹੀ ਆ ਕੇ ਦੀਨਾਮਾ ਨੇ ਜਗਾਇਆ—

"ਬਾਬੂ ਜੀ......"

"ਹੂੰ"

"ਰਾਹੇਲੰਮਾ ਮਰ ਗਈ ।"

"ਕਿਸ ਨੇ ਆਖਿਆ ਹੈ ?"

"ਹੁਣੇ ਆਦਮੀ ਆਇਆ ਹੈ ।"

"ਹਾਂ ਕਲ ਹੀ ਮੈਂ......ਉਸ ਗੱਲ ਦਾ ਖਿਆਲ ਆ ਗਿਆ ।"

"ਮਸੀਹ । ਪ੍ਰਭੂ ਪ੍ਰਾਣਪੰਖੇਰੂ ਦੇ ਉਡਣ ਤੋਂ ਪਹਿਲਾਂ ਕੀ-ਕੀ ਵੇਖਣਾ-ਸਣਨਾ ਪਵੇਗਾ ।"

"ਹਾਂ ਕੀ-ਕੀ ?"

"ਬਾਬੂ ਜੀ ਆਓਗੇ ?"

"ਨਹੀਂ ਤੁਸੀਂ ਲੋਕ ਜਾਓ ।"

"ਗੱਡੀ ਭਿਜਵਾਵਾਂ ?"

"ਨਹੀਂ ਬੇਟੀ, ਤੁਸੀਂ ਜਾ ਸਕਦੀਆਂ ਹੋ ।"

ਨਾ ਜਾਣ ਤੇ ਵੀ ਸਾਰਾ ਦ੍ਰਿਸ਼ ਇਥੋਂ ਹੀ ਵੇਖਿਆ ਤੇ ਸੁਣਿਆ ਜਾ ਸਕਦਾ ਸੀ। ਉਹ ਬੰਧਨ ਤੋਂ ਮੁਕਤ ਹੋ ਗਈ ਹੈ। ਪੱਕੀ ਹਮੇਸ਼ਾ ਦੀ ਮੁਕਤੀ। ਯਹੋਵਾ ਦੇ ਨਾਂ ਦੀ ਜੈ ਹੋਵੇ। ਤੂੰ ਅਨਾਦੀ ਅਤੇ ਸਨਾਤਨ ਪ੍ਰਭੂ ਹੈਂ। ਆਦਮੀ ਨੂੰ ਮਿੱਟੀ ਵਿਚ ਮਿਲਾ ਦਿੰਦਾ ਹੈਂ। ਹੁਕਮ ਦੇਨਾ ਹੈਂ—"ਮਨੁੱਖ ਪੁਤ੍ਰ, ਵਾਪਸ ਆਓ।" ਹਜ਼ਾਰ ਵਰ੍ਹੇ ਤੇਰੀ ਨਜ਼ਰ ਵਿਚ ਕਲ ਦੇ ਦਿਨ ਦੀ ਭਾਂਤ ਤੇ ਰਾਤ ਦਾ ਇਕੋ ਪਹਿਰ ਜਿਹਾ ਲਗਦਾ ਹੈ। ਤੂੰ ਉਨ੍ਹਾਂ ਨੂੰ ਵਹਾ ਦੇਨਾ ਹੈਂ। ਉਹ ਨੀਂਦ ਦੇ ਸਮਾਨ ਹਨ। ਉਹ ਸਵੇਰੇ ਉਗਦੇ ਘਾਹ ਦੇ ਬਰਾਬਰ ਹਨ। ਲਹਿ ਲਹਾਂਦੇ ਹਨ। ਸ਼ਾਮ ਨੂੰ ਸੁੱਕ ਕੇ ਮੁਰਝਾ ਜਾਂਦੇ ਹਨ। ਅਸੀਂ ਤੇਰੇ ਕਰੋਧ ਨਾਲ ਭਰਮ ਵਿਚ ਪੈਂਦੇ ਹਾਂ। ਸਾਡੀ ਉਮਰ ਰਹੀ ਸੱਤਰ ਵਰ੍ਹੇ ਦੀ। ਵੱਧ ਤੋਂ ਵੱਧ ਅੱਸੀ ਵਰ੍ਹੇ। ਉਹ ਜਲਦੀ ਮੁੱਕ ਜਾਂਦੀ ਹੈ ਤੇ ਅਸੀਂ ਉਡ ਜਾਂਦੇ ਹਾਂ।

ਬਰਾਮਦੇ ਵਿਚ ਚਟਾਈ ਵਿਛਾ ਕੇ ਉਸ ਨੂੰ ਨਵ੍ਹਾ ਕੇ ਲਿਆਇਆ ਹੋਣਾ ਹੈ। ਉਸ ਨੂੰ ਸ਼ਾਦੀ ਵਾਲੇ ਕਪੜੇ ਪਵਾਏ ਹੋਣੇ ਨੇ। ਲੋਬਾਨ ਧੁਖਾਇਆ ਹੋਵੇਗਾ। ਸਿਰਹਾਣੇ ਮੋਮਬੱਤੀ ਜਗਾ ਕੇ ਰਖੀ ਹੈ। ਉਸ ਦੀ ਮਾਂ ਚੌਕ ਦੇ ਵਿਹੜੇ ਵਿਚ ਸੰਣੀ ਦੀ ਮੰਜੀ ਤੇ ਲੇਟੀ ਢਾਅ ਮਾਰ-ਮਾਰ ਕੇ ਰੋ ਰਹੀ ਹੋਵੇਗੀ। ਜੇਠੀ ਸੰਤਾਨ। ਮਾਂ ਨੂੰ ਹੀ ਅਸਲ ਗਹਿਰਾ ਦੁਖ ਹੁੰਦਾ ਹੈ। ਬਾਕੀ ਸਭ ਦਾ ਦਿਖਾਵਾ ਤਾਂ ਸਵਾਂਗਮਾਤ੍ਰ ਹੀ ਹੁੰਦਾ ਹੈ। ਛੋਟੀਆਂ ਭੈਣਾਂ, ਚਾਚੀਆਂ, ਮਾਮੀਆਂ ਕੁਲ ਵੀਹ ਜਨਾਨੀਆਂ ਚਾਰਪਾਈ ਦੇ ਆਲੇ-ਦੁਆਲੇ ਇਕੱਠੀਆਂ ਹਨ। ਜਦ ਕੋਈ ਨਵਾਂ ਵਿਅਕਤੀ ਮਾਤਮ ਲਈ ਆਉਂਦਾ ਹੈ ਤਾਂ ਸਭ ਮਿਲ ਕੇ ਰੋ ਉਠਦੀਆਂ ਹਨ।

ਸ਼ਾਂਤੀ ਪਿੰਡ ਦੀ ਚਾਚੀ ਆਉਂਦੀ ਹੈ—

"ਰਾਣੀ ਬੇਟੀ, ਤੂੰ ਬਹੁਤ ਕਸ਼ਟ ਸਹਾਰੇ, ਪ੍ਰਭੂ ਨੇ ਤੇਰਾ ਦੁਖ ਵੇਖ ਕੇ ਬੁਲਾਇਆ ਹੈ।"

ਤਾਬੂਤ ਬਣ ਗਿਆ ਹੈ। ਉਸ ਤੇ ਕਾਲਾ ਕਪੜਾ ਤੇ ਚਿੱਟਾ ਫੀਤਾ ਠੋਕਿਆ ਜਾ ਰਿਹਾ ਹੈ।

"ਸਭ ਜਗ੍ਹਾ ਖਬਰ ਦੇ ਚੁਕੇ?"

"ਹਾਂ, ਹਾਂ, ਸਵੇਰੇ-ਸਵੇਰੇ ਹੀ ਆਦਮੀ ਤੋਰ ਦਿਤੇ ਸਨ। ਬਹੁਤੇ ਲੋਕ ਆ ਗਏ ਨੇ।"

"ਕੁੰਏਨਾਚੰਨ ਨਹੀਂ ਆਏ ਨਾ?"

"ਚਲ ਨਹੀਂ ਸਕਦੇ।"

"ਮੌਤ ਕਦ ਹੋਈ?"

"ਕਲ ਰਾਤ ਖਾਣਾ ਖਾ ਕੇ ਸੌਂ ਗਈ ਸੀ। ਕੋਈ ਖਾਸ ਤਕਲੀਫ ਨਹੀਂ ਸੀ।"

"ਵਕਤ ਆ ਗਿਆ।"

"ਹਾਂ, ਇਹੀ"

"ਕੋੜਾਚੇਰੀ ਪਿੰਡ ਵਾਲੇ ਆ ਗਏ?"

"ਉਹ ਕਿਉਂ ਆਉਣਗੇ?"

"ਹਾਂ, ਪਾਦਰੀ ਜੀ ਆ ਚੁਕੇ। ਹੁਣ ਦੇਰ ਨਹੀਂ ਕਰਨੀ ਚਾਹੀਦੀ। ਕਿਉਂ ਕੀਵਰੀਤ ਭਈਆ ?"

"ਕਬਰ ਤਿਆਰ ਹੋ ਗਈ ?"

"ਹਾਂ, ਹਾਂ, ਕਦੋਂ ਦੀ ਤਿਆਰ ਹੋ ਗਈ।"

"ਕੋਈ ਜਲਦੀ ਨਹੀਂ। ਅਜੇ ਜੇ ਕੋਈ ਹੋਰ ਹੈ ਤਾਂ ਆਉਣ ਦਿਉ। ਕੁੰਏਨ ਚੰਨ ?"

"ਬਹੁਤ ਕਮਜ਼ੋਰ ਹਨ।"

"ਨੱਬੇ ਵਰ੍ਹਿਆਂ ਦੇ ਹੋਣਗੇ।"

"ਸਾਡੇ ਮੁਮੂਟ ਘਰ ਦੇ ਇਡੀਕੁੱਲਾ ਭਈਆ ਦੀ ਉਮਰ ਦੇ ਹਨ। ਉਨ੍ਹਾਂ ਨੂੰ ਮੋਇਆਂ ਦਸ ਸਾਲ ਹੋ ਗਏ।"

ਪਾਦਰੀ ਉਠਿਆ।

"ਤਾਂ ਅਸੀਂ ਪ੍ਰਾਰਥਨਾ ਕਰੀਏ।"

ਸਭ ਉਠਦੇ ਹਨ। ਘਰ ਦੇ ਅੰਦਰ ਜ਼ੋਰ-ਜ਼ੋਰ ਦੀਆਂ ਸਿਸਕੀਆਂ। ਪਾਦਰੀ ਜੀ ਪ੍ਰਾਰਥਨਾ ਸੁਣਾਉਂਦੇ ਹਨ। ਭੀੜ ਵਿਚੋਂ ਕੋਈ-ਕੋਈ ਦੁਹਰਾਉਂਦਾ ਹੈ। ਚਾਰ ਪੰਜ ਆਦਮੀ ਲਾਸ਼ ਨੂੰ ਚੁੱਕ ਕੇ ਤਾਬੂਤ ਵਿਚ ਰਖਣ ਲਗਦੇ ਹਨ। ਸਭ ਮਿਲ ਕੇ ਰੋ ਪੈਂਦੇ ਹਨ। ਮਾਂ ਲਾਸ਼ ਉਤੇ ਰੋਂਦੀ-ਰੋਂਦੀ ਡਿੱਗ ਪੈਂਦੀ ਹੈ।

"ਰਾਣੀ ਬੇਟੀ ਕੀ ਤੂੰ ਮੈਨੂੰ ਇਥੇ ਹੀ ਛੱਡ ਕੇ ਜਾ ਰਹੀ ਹੈਂ ?"

ਤਾਬੂਤ ਲੈ ਕੇ ਜਨਾਜ਼ਾ ਅੱਗੇ ਵੱਧ ਰਿਹਾ ਹੈ। ਨਾ ਕ੍ਰਾਸ ਹੈ, ਨਾ ਛਾਤਾ, ਨਾ ਬੈਂਡ, ਨਾ ਵਾਜਾ......

ਸਮੇਂ ਦੇ ਰੱਥ ਉਤੇ ਮੈਂ ਸਵਰਗ ਦੀ ਯਾਤਰਾ ਕਰਦੀ ਹਾਂ, ਆਪਣਾ ਦੇਸ ਵੇਖਣ ਲਈ ਜਲਦੀ-ਜਲਦੀ ਜਾ ਰਹੀ ਹਾਂ।

ਗਿਰਜਾਘਰ ਦਾ ਘੰਟਾ ਵੱਜਦਾ ਹੈ। ਗਿਰਜਾਘਰ ਦੇ ਅੰਦਰ ਅਖੰ ਦੀਪਕ ਦੇ ਕੋਲ ਤਾਬੂਤ ਰਖ ਦਿਤਾ ਹੈ। ਸਿਰਹਾਣਾ ਚੜ੍ਹਦੇ ਵਲ ਹੈ। ਪਾਦਰੀ ਜੀ ਅੰਤਮ ਸੰਸਕਾਰ ਸ਼ੁਰੂ ਕਰਦੇ ਹਨ।

"ਪ੍ਰਭੂ! ਇਸ ਸੰਸਾਰ ਵਿਚੋਂ ਨਿਕਲ ਕੇ ਤੇਰੇ ਕੋਲ ਆਉਣ ਵਾਲੀ ਇਸ ਦਾਸੀ ਦੀ ਆਤਮਾ ਸੋਭਾਗਪੂਰਣ ਸਿੰਗਾਰਧਾਰ ਆਨੰਦ ਦੇਣ ਵਾਲਾ ਛਟਰਸ ਭੋਜਨ ਅਤੇ ਹਰਸ਼ਪੂਰਣ ਨਿਵਾਸ ਪ੍ਰਦਾਨ ਕਰਨਾ।"

ਮ੍ਰਿਤਕ ਸਰੀਰ ਨੂੰ ਕਬਰ ਦੇ ਕਿਨਾਰੇ ਲੈ ਗਏ ਹਨ। ਇਤਰ ਪਾ ਰਹੇ ਹਨ। ਕਬਰ ਵਿਚ ਉਤਾਰਨ ਸਮੇਂ ਸਭ ਮਿਲ ਕੇ ਰੋਂਦੇ ਪਏ ਹਨ। ਪਾਦਰੀ ਮਿੱਟੀ ਲੈ ਕੇ ਸਲੀਬ ਦੀ ਸ਼ਕਲ ਵਿਚ ਕਬਰ ਵਿਚ ਪਾ ਦਿੰਦਾ ਹੈ।

"ਪਿਆਰ ਭਰੇ ਸਤਿਪੁਤ੍ਰ! ਮ੍ਰਿਤੂ ਨੂੰ ਪਾਏ ਹੋਏ ਪ੍ਰਭੂ! ਸਾਨੂੰ ਦੂਜੀ ਮ੍ਰਿਤੀ ਤੋਂ ਦਇਆ ਕਰਕੇ ਬਚਾਓ......"

ਹਰੇਕ ਆਦਮੀ ਇਕ-ਇਕ ਚੁਟਕੀ ਮਿੱਟੀ ਦੀ ਲੈ ਕੇ ਕਬਰ ਵਿਚ ਪਾ ਦਿੰਦਾ

ਹੈ। ਬਾਅਦ ਵਿਚ ਕਹੀ ਨਾਲ ਮਿੱਟੀ ਪਾ ਕੇ ਕਬਰ ਭਰ ਦਿਤੀ ਹੈ। ਸਿਰਹਾਣੇ ਲੱਕੜੀ ਦਾ ਕ੍ਰਾਸ ਗੱਢ ਦਿਤਾ ਹੈ। ਸਭ ਖਤਮ।

# ਛੇ

ਰਾਜਨ ਨਹਾ ਕੇ ਆਇਆ ਤਾਂ ਕੰਘੀ ਗਾਇਬ ਸੀ। ਚੁਗਾਠ ਤੇ—ਦਰਵਾਜ਼ੇ ਉਤੇ, ਹਰ ਜਗ੍ਹਾ ਢੂੰਡੀ।

"ਕੋਈ ਚੀਜ਼ ਠਿਕਾਣੇ ਨਹੀਂ।"

ਦੀਨਾਮਾ ਚੌਂਕੇ 'ਚੋਂ ਦੌੜੀ ਆਈ।

"ਕੀ ਹੈ ਬੇਟਾ ?"

"ਕੰਘੀ।"

"ਉਸ ਨਾਲਾਇਕ ਛੋਕਰੀ ਨੇ ਲੈ ਕੇ ਕਿਤੇ ਰਖ ਦਿਤੀ ਹੋਣੀ ਹੈ।

ਦੀਨਾਮਾ ਢੂੰਡ ਕੇ ਕੰਘੀ ਲੈ ਆਈ। ਗੁੱਸਾ ਨੱਕ ਤੇ ਹੈ। ਮਨ ਵਿਚ ਕੋਈ ਗੱਲ ਆਵੇ ਤਾਂ ਉਹ ਤੁਰੰਤ ਪੂਰੀ ਹੋਣੀ ਚਾਹੀਦੀ ਹੈ। ਕੰਘੀ ਕਰਕੇ ਉਹ ਕਪੜੇ ਬਦਲਣ ਲੱਗਾ ਤਾਂ ਦੀਨਾਮਾ ਨੇ ਪੁੱਛਿਆ—

"ਰਾਜਨ ਬੇਟਾ ਕਿਥੇ ਜਾ ਰਿਹੈਂ ?"

"ਨਾਕੇ ਤੱਕ।"

"ਕਲ ਪੁੱਤਨਾਟੁੱਕਰਾ ਜਾਣ ਦੀ ਗੱਲ ਹੋਈ ਏ ਨਾ ?"

"ਜੀ, ਮੈਂ ਕਿਧਰੇ ਨਹੀਂ ਜਾਣਾ।"

"ਵਾਹ ! ਲੜਕੀ ਦੇ ਘਰ ਵਾਲੇ ਸਾਰਾ ਇੰਤਜ਼ਾਮ ਕਰਕੇ ਲੜਕੇ ਦੀ ਇੰਤਜ਼ਾਰ ਵਿਚ ਰਹਿਣ ਤੇ ਅਸੀਂ ਜਾਈਏ ਹੀ ਨਾ ?"

"ਮੇਰੇ ਤੋਂ ਸਲਾਹ ਲਏ ਬਗੈਰ ਤੁਸਾਂ ਲੋਕਾਂ ਨੇ ਇਹ ਫੈਸਲਾ ਕਿਉਂ ਕੀਤਾ ?"

"ਵਾਹ, ਕੀ ਲੜਕੇ ਅਤੇ ਲੜਕੀ ਤੋਂ ਪੁੱਛ ਕੇ ਵੀ ਸ਼ਾਦੀ ਦੀ ਗੱਲ ਸੋਚੀ ਜਾਂਦੀ ਹੈ ? ਇਹ ਚੰਗਾ ਮਜ਼ਾਕ ਹੈ। ਠੀਕ ਵੇਲੇ ਸਿਰ ਹੋਇਆ ਕੰਮ ਹੀ ਚੰਗਾ ਹੁੰਦਾ ਹੈ।"

"ਵਕਤ ਤੇ ਹੋਵੇ। ਕੀ ਇਸ ਘਰ ਵਿਚ ਇਕ ਲੜਕੀ ਦੇ ਆ ਕੇ ਰਹਿਣ ਦੀ ਸੁਵਿਧਾ ਹੈ ? ਸੌਂਵੇਗੀ ਕਿਥੇ ?"

ਦੀਨਾਮਾ ਨੂੰ ਇਸ ਸਵਾਲ ਦੀ ਉਮੀਦ ਨਹੀਂ ਸੀ। ਉਹ ਕੁਝ ਤਲਮਲਾਈ। ਥੋੜ੍ਹੀ ਦੇਰ ਸੋਚ ਕੇ ਬੋਲੀ—

"ਸਾਰੀਆਂ ਸਹੂਲਤਾਂ ਦਾ ਪ੍ਰਬੰਧ ਕਰਕੇ ਹੀ ਸ਼ਾਦੀ ਕਰਨਾ ਕਿਵੇਂ ਸੰਭਵ ਹੋ ਸਕਦਾ ਹੈ ? ਸੁਵਿਧਾਵਾਂ ਵੇਲੇ ਸਿਰ ਆਪੇ ਹੋ ਜਾਣਗੀਆਂ।"

"ਕਮ-ਅਜ਼-ਕਮ ਕੁਝ ਤਾਂ ਪ੍ਰਬੰਧ ਹੋਣਾ ਹੀ ਚਾਹੀਦਾ ਹੈ। ਅਸੀਂ ਕਿਸੇ ਨਾ ਕਿਸੇ ਤਰ੍ਹਾਂ ਗੁਜ਼ਾਰਾ ਕਰ ਲਵਾਂਗੇ। ਪਰਾਏ ਘਰ ਦੀ ਲੜਕੀ ਨੂੰ ਘਰ ਲਿਆ ਕੇ ਕਿਉਂ ਤੰਗ ਕਰੀਏ ?"

"ਬਹੂ ਜੇ ਚੰਗੇ ਸੁਭਾਅ ਦੀ ਹੋਈ ਤਾਂ ਤਕਲੀਫਾਂ ਦੀ ਪਰਵਾਹ ਨਹੀਂ ਕਰਨ ਲੱਗੀ। ਨਹੀਂ ਤਾਂ ਘਰ ਦੀ ਮੁਰੰਮਤ ਆਦਿ ਹੋਣ ਤੱਕ ਉਸ ਨੂੰ ਆਪਣੇ ਨਾਲ ਨੌਕਰੀ ਤੇ ਲੈ ਜਾਣਾ।"

ਇਹ ਸਾਰੀ ਬਹਿਸ ਤਾਂ ਹੋਈ ਪਰ ਦੀਨਾਮਾ ਨੇ ਮਹਿਸੂਸ ਕੀਤਾ ਕਿ ਅਸਲ ਵਿਚ ਕੋਈ ਸੁਵਿਧਾ ਹੈ ਹੀ ਨਹੀਂ। ਸ਼ਾਦੀ ਦੇ ਬਾਅਦ ਦੂਲ੍ਹੇ ਤੇ ਦੁਲ੍ਹਣ ਨੂੰ ਆਪਣੀ ਇੱਛਾ ਅਨੁਸਾਰ ਮਿਲਣ-ਗਿਲਣ ਲਈ ਇਕ ਕਮਰਾ ਤਾਂ ਚਾਹੀਦਾ ਹੈ। ਇਥੇ ਤਾਂ ਗੁਦਾਮ ਵਰਗੇ ਦੋ ਕਮਰੇ ਹੀ ਹਨ। ਉਹ ਆਦਮੀ ਦੇ ਕੰਮ ਦੇ ਨਹੀਂ। ਬਾਕੀ ਜਗ੍ਹਾ ਤਾਂ ਇਕ ਦਮ ਖੁਲ੍ਹੀ ਸਪਾਟ ਪਈ ਹੈ। ਖ਼ੈਰ, ਫਾਦਰ ਨੇ ਸੁਝਾਓ ਦਿਤਾ ਤਾਂ ਜਾ ਕੇ ਲੜਕੀ ਵੇਖ ਹੀ ਲੈਣੀ ਚਾਹੀਦੀ ਹੈ। ਪਸੰਦ ਆ ਗਈ ਤਾਂ ਸ਼ਾਦੀ ਵੀ ਕਰਨੀ ਹੋਵੇਗੀ। ਦੱਖਣੀ ਬਰਾਮਦੇ 'ਚ ਹਲਕੇ-ਹਲਕੇ ਤਖਤਿਆਂ ਨਾਲ ਇਕ ਕਮਰਾ ਬਣਾ ਕੇ ਉਨ੍ਹਾਂ ਨੂੰ ਦੇ ਦੇਵਾਂਗੇ......"

ਰਾਜਨ ਜਦ ਦਹਿਲੀਜ ਪਾਰ ਕਰਨ ਲੱਗਾ ਤਾਂ ਕੰਏਨਾਚਨ ਨੇ ਉਸ ਨੂੰ ਵੇਖਿਆ। ਆਵਾਜ਼ ਦਿਤੀ—

"ਏਧਰ ਆ।"

ਰਾਜਨ ਕੋਲ ਆਇਆ।

"ਕਿਥੇ ਜਾ ਰਿਹਾ ਹੈਂ ?"

"ਨਾਕੇ ਤੱਕ ਜਾ ਰਿਹਾਂ।"

"ਹੈਂ !"

"ਨਾਕੇ ਤੱਕ ਜਾਂ ਰਿਹਾਂ।"

"ਜ਼ੋਰ ਦੀ ਬੋਲ, ਕੰਨ ਉੱਚਾ ਸੁਣਦੇ ਹਨ।"

"ਹੂੰ......"

"ਅੱਖਾਂ ਨੂੰ ਵੀ ਘੱਟ ਵਿਖਾਈ ਦਿੰਦਾ ਹੈ।"

"............"

"ਆਉਣ ਦੇ ਬਾਅਦ ਆਪਣੇ ਚਾਚਿਆਂ ਨੂੰ ਮਿਲਣ ਗਿਆ ਸੀ ?"

"ਗਿਆ ਸਾਂ !"

"ਕੀ ਕਹਿੰਦੇ ਸਨ ?"

"ਕੀ ਕਹਿਣਾ ਸੀ ?"

"ਮੇਰੇ ਬਾਰੇ ! ਕਿਸੇ ਨੂੰ ਇਥੇ ਚਾਰਪਾਈ ਤੇ ਲੇਟਿਆ ਹੋਇਆ ਯਾਦ ਨਹੀਂ। ਸ਼ਾਇਦ ਕਿਸੇ ਨੂੰ ਸੋਚਣ ਦੀ ਫੁਰਸਤ ਹੀ ਨਾ ਹੋਵੇ। ਕੀਵਰੀਤ ਨੂੰ ਹਮੇਸ਼ਾ ਹੀ

ਆਰਥਿਕ ਕਠਿਨਾਈ ਰਹਿੰਦੀ ਹੈ। ਉਸ ਦੀ ਵੱਡੀ ਲੜਕੀ ਮਰ ਗਈ ਹੈ। ਇਕ ਤਰ੍ਹਾਂ ਤਾਂ ਇਹ ਠੀਕ ਹੀ ਹੋਇਆ। ਵਰਨਾ ਉਹ ਵਿਚਾਰੀ ਨਰਕ ਵਿਚ ਪਈ ਸੀ। ਦੂਜਿਆਂ ਲਈ ਦੁੱਖ। ਇਕ ਮਾਸਟਰਨੀ ਬੇਟੀ ਕਵਾਰੀ ਬੈਠੀ ਹੈ। ਉਹ ਚਲੀ ਜਾਏ ਤਾਂ ਉਸ ਦੀ ਰੋਟੀ ਤੇ ਪਾਣੀ ਫਿਰ ਜਾਏ। ਉਹ ਲੜਕੀ ਤਾਂ ਮਨ ਵਿਚ ਚਾਹੁੰਦੀ ਹੈ ਕਿ ਕਿਸੇ ਤਰ੍ਹਾਂ ਇਸ ਦੋਜ਼ਖ 'ਚੋਂ ਨਿਕਲੇ। ਲੜਕੀ ਨੂੰ ਆਪਣੇ ਘਰ ਹੀ ਬਿਠਾਈ ਰਖਣ ਦਾ ਜੋ ਕੀਵਰੀਤ ਸੋਚਦਾ ਹੈ, ਉਹ ਗਲਤ ਹੈ। ਉਸ ਦੇ ਨੇੜੇ ਜੋ ਵੀ ਲੱਗਾ ਉਸੇ ਦੇ ਮੋਢੇ 'ਤੇ ਹੱਥ ਰਖ ਕੇ ਉਸ ਨਾਲ ਚਲ ਪਈ ਤਾਂ ਉਹ ਕੀ ਕਰ ਲਵੇਗਾ ?''

ਰਾਜਨ ਹੌਲੀ ਜਹੀ ਬੋਲਿਆ—

''ਮੈਨੂੰ ਕੀ ਪਤਾ।''

''............?''

ਰਾਜਨ ਚੁੱਪ ਰਿਹਾ।

''ਹਾਂ, ਤਾਂ ਉਸ ਦੀ ਇਹ ਹਾਲਤ ਹੈ। ਫਿਰ ਵਿਚਕਾਰਲੇ ਦੀ ਗੱਲ। ਉਹ ਤਾਂ ਜਿਉਂ-ਤਿਉਂ ਕਰਕੇ ਦਿਨ ਕੱਟਦਾ ਹੈ। ਪਾ ਦਾ ਦਿਮਾਗ ਹੈ ਤੇ ਪੰਣ ਦਗਾ ਲੈ ਕੇ ਚਲਦਾ ਹੈ। ਉਹ ਆਪਣਾ ਉੱਲੂ ਸਿੱਧਾ ਕਰਨ ਵਿਚ ਹੁਸ਼ਿਆਰ ਹੈ। ਫਿਰ ਵੀ ਕੋਈ ਤਰੱਕੀ ਤਾਂ ਨਜ਼ਰ ਨਹੀਂ ਆਉਂਦੀ।''

''ਦਾਦਾ ਜੀ ਇਹ ਸਾਰੀਆਂ ਗੱਲਾਂ ਮੈਨੂੰ ਕਿਉਂ ਦੱਸਦੇ ਹੋ ? ਮੈਨੂੰ ਸਭ ਦੀਆਂ ਗੱਲਾਂ ਦਾ ਪਤਾ ਹੈ।''

''ਕੀ.........?''

''.......।''

''ਤੂੰ ਕੀ ਆਖਿਆ ਹੈ ?''

ਤਿੰਨ ਚਾਰ ਸਾਲਾਂ ਤੋਂ ਮੈਂ ਪੂਰੀ ਕਮਾਈ ਪਿਤਾ ਜੀ ਨੂੰ ਭੇਜ ਰਿਹਾ ਹਾਂ। ਪਰ ਇਸ ਵਿਚੋਂ ਹੁਣ ਤੱਕ ਬਚਿਆ ਕੀ ਹੈ ? ਕੁਝ ਵੀ ਨਾ ਕਰਦੇ ਤਾਂ ਕਮ-ਅਜ਼-ਕਮ ਇਸ ਘਰ ਦੀ ਮੁਰੰਮਤ ਹੀ ਕਰਵਾ ਛੱਡਦੇ। ਪਰ ਉਹ ਕਿਵੇਂ ਹੋਵੇ ? ਜੋ ਕੁਝ ਮਿਲਦਾ ਹੈ ਉਹ ਗੱਡੀ ਭਾੜੇ ਵਿਚ ਹੀ ਖਪ ਜਾਂਦਾ ਹੈ। ਮੁਹੱਲੇ ਭਰ ਦੀ ਹਕੂਮਤ ਜੁ ਕਰਦੇ ਹੋਏ।

ਦੀਨਾਮਾ ਬਾਹਰ ਆਈ।

''ਪਿਆਰੇ ਬੇਟੇ, ਰੋਜ਼ ਇਸੇ ਗੱਲ ਨੂੰ ਲੈ ਕੇ ਝਗੜਾ ਹੁੰਦਾ ਹੈ। ਪਰ ਕਿਸੇ ਦੀ ਸੁਣਨ ਤਾਂ ਹੀ ਹੈ ਨਾ ?''

''ਮੈਂ ਉਸ ਦਾ ਉਪਾ ਸੋਚ ਲਿਆ ਹੈ।''

''ਕੀ ?''

''ਮੈਂ ਉਸ ਦਾ ਉਪਾ ਸੋਚ ਲਿਆ ਹੈ ਦਾਦਾ ਜੀ।''

ਕੁੰਏਨਾਚੰਨ ਨੇ ਕੁਝ ਘਬਰਾ ਕੇ ਦੀਨਾਮਾ ਵੱਲ ਵੇਖਿਆ। ਦੀਨਾਮਾ ਤਾਂ ਹੋਰ ਵੀ ਘਬਰਾ ਗਈ। ਲੜਕਾ ਰੁੱਸ ਗਿਆ ਤਾਂ ਸਭ ਖਤਮ।......

''ਉਏ, ਉਹ ਘਰ ਦੇ ਪੈਸੇ ਨਾਲ ਨਹੀਂ ਸਫਰ ਕਰਦਾ। ਸਫਰ ਦੇ ਪੈਸੇ ਉਸ

ਨੂੰ ਮਿਲ ਜਾਂਦੇ ਨੇ।"

"ਮਿਲ ਜਾਂਦੇ ਨੇ ? ਕਿਥੋਂ ? ਮਿਲਦੇ ਵੀ ਹੋਣ ਤਾ ਲੋਕਾਂ ਤੋਂ ਅਖਵਾਣ ਲਈ ਇਸ ਤਰ੍ਹਾਂ ਮਾਰੇ-ਮਾਰੇ ਕਿਉਂ ਫਿਰਦੇ ਹਨ ?"

ਇਸ ਤੇ ਕੁੰਏਨਾਚੰਨ ਨੇ ਆਪਣੇ ਪੁੱਤਰ ਦਾ ਪੱਖ ਲਿਆ। ਇਹੀ ਨਿਯਮ ਹੈ। ਚਾਹੇ ਕੋਈ ਵੀ ਹੋਵੇ, ਜਦ ਉਸ ਦੇ ਬੇਟਿਆਂ ਤੇ ਹਮਲਾ ਕਰਦਾ ਤਾਂ ਕੁੰਏਨਾਚੰਨ ਕਦੀ ਮੰਨਣ ਨੂੰ ਤਿਆਰ ਨਾ ਹੁੰਦੇ।

ਓਹ, ਇਸ ਵਿਚ ਵੀ ਕੋਈ ਰਾਜ਼ ਹੈ। ਜ਼ਰਾ ਬਾਹਰ ਜਾ ਕੇ ਪੁੱਛਤਾਛ ਤਾਂ ਕਰ, ਮੇਲੋਝਤੁ ਮਾਤੁਕੁੱਟੀ ਦਾ ਬੇਟਾ ਅਖਵਾਉਣਾ ਮਾਣ ਦੀ ਗੱਲ ਹੈ।

ਦੀਨਾਮਾ ਨੇ ਆਖਿਆ—

"ਪਿਤਾ ਜੀ ਹਮੇਸ਼ਾ ਆਪਣੇ ਪੁੱਤਰ ਵਲ ਦੀ ਗੱਲ ਕਰਦੇ ਹਨ।"

"ਉਸ ਵਲ ਦੀ ਗੱਲ ਕੀ ? ਕੀ ਬਿਸ਼ਪ ਨੇ ਉਸ ਵਾਸਤੇ ਮੋਟਰ ਨਹੀਂ ਸੀ ਭੇਜੀ ?"

"ਇਹ ਤਾਂ ਠੀਕ ਹੈ।"

"ਤਾਂ ? ਤਾਂ ਕੀ ਉਸ ਦੀ ਭੇਜੀ ਹੋਈ ਥੋੜ੍ਹੀ ਜਹੀ ਰਕਮ ਨਾਲ ਇਥੋਂ ਦਾ ਨਿਰਬਾਹ ਹੋ ਸਕਦਾ ਹੈ ? ਚਾਵਲ ਚਾਰ ਪੰਜ ਮਹੀਨੇ ਦਾ ਚਲ ਸਕੇਗਾ। ਅਹਾਤੇ 'ਚੋਂ ਸਾਲਾਨਾ ਕੁਝ ਨਾ ਕੁਝ ਮਿਲਦਾ ਹੀ ਹੈ। ਕੀ ਇਸ ਨਾਲ ਘਰ ਦਾ ਖਰਚ ਚਲ ਸਕੇਗਾ ?"

ਹੁਣ ਦੀਨਾਮਾ ਵੀ ਕੁੰਏਨਾਚੰਨ ਦੇ ਪੱਖ ਦੀ ਹੋ ਗਈ।

"ਪਿਤਾ ਜੀ ਇਥੇ ਨੇ। ਇਸ ਲਈ ਮਹਿਮਾਨ ਵੀ ਬਹੁਤੇ ਇਥੇ ਹੀ ਆਉਂਦੇ ਹਨ।"

ਇਸ ਦੇ ਬਾਅਦ ਕੁਝ ਪਲਾਂ ਤਕ ਕੋਈ ਵੀ ਕੁਝ ਨਾ ਬੋਲਿਆ। ਕਾਫੀ ਦੇਰ ਬਾਅਦ ਦੀਨਾਮਾ ਨੇ ਆਖਿਆ—

"ਦਾਦਾ ਜੀ, ਰਾਜਨ ਕਲ ਪੁੱਤਨਾਟੱਕਰਾ ਲੜਕੀ ਨੂੰ ਵੇਖਣ ਜਾਣ ਵਾਲਾ ਹੈ।"

"ਕਲ ?"

"ਹਾਂ।"

"ਪਹਿਲੀ ਚੀਜ਼ ਹੈ ਘਰਾਣਾ। ਕੀ ਮਰਦ ਕੀ ਔਰਤ, ਆਪਣੇ ਪਰਿਵਾਰ ਦੀ ਮਹੱਤਤਾ ਹਰ ਕੋਈ ਵਿਖਾਉਂਦਾ ਹੈ। ਫਿਰ ਇਹ ਵੇਖਣਾ ਹੈ ਕਿ ਲੜਕੀ ਨਾਲ ਟੁਰਨ ਦੇ ਲਾਇਕ ਹੈ ਕਿ ਨਹੀਂ। ਤੀਜੀ ਗੱਲ ਹੈ......"

"ਰਾਜਨ ਕੁਝ ਜਵਾਬ ਦਿਤੇ ਬਗੈਰ ਚਲਾ ਗਿਆ। ਜੇ ਨਾ ਜਾਏ ਤਾਂ ਦਾਦਾ ਜੀ ਗੱਲਾਂ ਕਰੀ ਹੀ ਜਾਣਗੇ।

ਰਾਜਨ ਨੇ ਆਖਿਆ ਤਾਂ ਸੀ ਕਿ ਨਹੀਂ ਜਾਣ ਲੱਗਾ, ਪਰ ਉਹ ਜਾਣ ਲਈ ਤਿਆਰ ਹੋ ਚੁੱਕਾ ਸੀ। ਕੀਵਰੀਤ ਦੀ ਛੋਟੀ ਧੀ ਲੀਲਾਮਾ ਦੇ ਪਤੀ ਬੇਬੀ ਨੂੰ ਨਾਲ ਲੈਣ ਦਾ ਪ੍ਰਬੰਧ ਵੀ ਹੋ ਚੁਕਾ ਸੀ। ਬੇਬੀ ਤਾਲੁਕੇ ਦੀ ਕਚਹਿਰੀ ਦਾ ਮੁਨੀਮ ਸੀ।

ਹਸਮੁੱਖ ਸਿਧੇ ਸੁਭਾਅ ਦਾ ਬੰਦਾ—ਰਾਜਨ ਦਾ ਬਹੁਤ ਦੋਸਤ ਸੀ । ਛੁੱਟੀ ਤੇ ਆਉਂਦਿਆਂ ਹੀ ਬੇਬੀ ਨੇ ਆਖਿਆ ਸੀ-—''ਇਸ ਵਾਰ ਰਾਜਨ ਨੂੰ ਕਿਧਰ ਫਸਾ ਦੇਣਾ ਚਾਹੀਦਾ ਹੈ ।'' ਰਸਤੇ ਵਿਚ ਚਲਦਿਆਂ ਕੁੜੀਆਂ ਤੇ ਟੀਕਾਟਿੱਪਣੀ ਕਰਦੇ ਹਨ । ਉਨ੍ਹਾਂ ਦਿਨਾਂ ਵਿਚ ਹੀ ਇਸ ਰਿਸ਼ਤੇ ਦਾ ਸੁਝਾਓ ਆ ਗਿਆ—

ਰਾਜਨ ਤੇ ਬੇਬੀ ਬਹੁਤ ਸਵੇਰੇ ਨਿਕਲ ਗਏ । ਉਹ ਪਿੰਡ ਤੀਹ ਮੀਲ ਦੂਰ ਸੀ । ਸਤਾਈ ਮੀਲ ਮੋਟਰ ਤੇ ਜਾਣਾ ਸੀ ਤੇ ਫੇਰ ਤਿੰਨ ਮੀਲ ਪੈਦਲ । ਰਾਹ ਵਿਚ ਦੋ ਘਾਟ ਪੈਂਦੇ ਸਨ । ਦੂਜੇ ਘਾਟ ਦੇ ਬਾਅਦ ਇਕ ਗਿਰਜਾਘਰ ਸੀ । ਗਿਰਜਾਘਰ ਦੇ ਕੋਲ ਹੀ ਉਹ ਘਰ ਸੀ । ਇਕ ਅੱਧ ਆਦਮੀ ਕੋਲੋਂ ਘਰ ਦਾ ਪਤਾ ਨਿਵਾਂ ਪੁੱਛਣਾ ਪਿਆ । ਫਾਟਕ ਤੇ ਪਹੁੰਚਣ ਤੇ ਅੰਦਰੋਂ ਅਧੇੜ ਉਮਰ ਦੇ ਇਕ ਭਲੇ ਪੁਰਸ਼ ਬਾਹਰ ਆਏ ਤੇ ਪੁੱਛਣ ਲੱਗੇ—''ਰਸਤੇ ਵਿਚ ਕੋਈ ਮੁਸ਼ਕਿਲ ਤਾਂ ਨਹੀਂ ਹੋਈ ?''

ਬੇਬੀ ਬੋਲਿਆ—

''ਜੀ ਨਹੀਂ ।''

ਘਰ ਅਧੂਰਾ ਹੀ ਬਣਿਆ ਸੀ । ਫਿਰ ਵੀ ਚੰਗਾ ਘਰ ਸੀ । ਲਿਪਾਈ ਦਾ ਕੰਮ ਬਾਕੀ ਰਹਿੰਦਾ ਸੀ । ਸਵਾਗਤ ਘਰ ਦੇ ਬੂਹੇ ਅੱਗੇ ਇਕ ਇਸਤ੍ਰੀ ਆ ਕੇ ਖਲੋ ਗਈ । ਰਾਜਨ ਨੇ ਮਨ ਵਿਚ ਆਖਿਆ—''ਲੜਕੀ ਦੀ ਮਾਂ ਹੈ । ਉਸ ਇਸਤ੍ਰੀ ਨੇ ਦੋਹਾਂ ਨੂੰ ਵਾਰੀ-ਵਾਰੀ ਵੇਖਿਆ—ਇਨ੍ਹਾਂ 'ਚੋਂ ਲੜਕਾ ਕੌਣ ਹੈ ? ਬੇਬੀ ਸਮਝ ਗਿਆ ਤੇ ਬੋਲਿਆ—

''ਮੈਂ ਨਾਲ ਆਇਆ ਹਾਂ । ਮੇਰਾ ਨਾਂ ਬੇਬੀ ਹੈ । ਲੜਕਾ ਇਹ ਹੈ ।''

ਭਲੀ ਪ੍ਰਕਿਰਤੀ ਦੇ ਅਧੇੜ ਵਿਅਕਤੀ ਤੇ ਮਾਂ ਮੁਸਕਰਾ ਪਈ । ਮਾਂ ਨੇ ਸੋਚਿਆ ਹੋਵੇਗਾ ਕਿ ਸਾਥੀ ਬਹੁਤ ਮਿਲਣਸਾਰ ਹੈ ।

ਭਲੇ ਵਿਅਕਤੀ ਨੇ ਆਖਿਆ—ਮੈਂ ਇਨ੍ਹਾਂ ਦਾ ਭਾਈ ਹਾਂ । ਮੇਰਾ ਘਰ ਇਥੋਂ ਅਠ ਦਸ ਮੀਲ ਦੂਰ ਹੈ । ਇਸ ਗਿਰਜੇ ਦੇ ਸਕੂਲ ਵਿਚ ਹੀ ਮੇਰੇ ਜੀਜਾ ਜੀ ਕੰਮ ਕਰਦੇ ਸਨ । ਜ਼ਮੀਨ ਖਰੀਦੀ, ਘਰ ਬਣਾਉਣ ਲੱਗੇ ਪਰ ਪੂਰਾ ਨਾ ਕਰ ਸਕੇ......

ਬੇਬੀ ਨੇ ਪੁੱਛਿਆ—

''ਭਈਆ ਕੀ ਕਰਦੇ ਹਨ ?''

''ਮੈਂ, ਮੈਂ ਵੀ ਅਧਿਆਪਕ ਹਾਂ ।''

''ਇਹ ਹੀ ਲੱਗਾ ਸੀ ।''

''ਉਹ ਕਿਵੇਂ ?''

''ਲੋਕਾਂ ਦੀ ਗਲਬਾਤ ਤੋਂ ਪਤਾ ਲੱਗ ਜਾਂਦਾ ਹੈ ।''

ਭਲੇ ਪੁਰਸ਼ ਹੱਸ ਪਏ । ਜਲਦੀ ਹੀ ਫਿਰ ਮਾਣ ਨਾਲ ਰਾਜਨ ਨੂੰ ਪੁੱਛਿਆ—

''ਕਿੰਨੇ ਦਿਨਾਂ ਦੀ ਛੁੱਟੀ ਹੈ ?''

''ਦੋ ਮਹੀਨੇ ।''

''ਸੱਠ ਦਿਨ ਦੀ ?''

''ਨਹੀਂ, ਛਵੰਜਾ ਦਿਨ ਦੀ ਛੁੱਟੀ ਤੇ ਸਫਰ ਦੇ ਦਿਨ ।''

"ਠੀਕ ਹੈ। ਸਫਰ ਦੇ ਕਿੰਨੇ ਦਿਨ ?"

"ਇਕ ਪਾਸੇ ਦੇ ਛੇ ਦਿਨ। ਪੰਜ ਦਿਨ ਕਾਫੀ ਹੁੰਦੇ ਹਨ।"

"ਬੇਬੀ ਭਈਆ ਵੀ ਕੁਝ ਕਹਿਣਾ ਚਾਹੁੰਦੇ ਨੇ ?"

"ਹਾਂ।"

"ਕੀ ?"

"ਆਪ ਵੀ ਪਲਟਨ ਵਿਚ ਰਹਿ ਚੁਕੇ ਹੋ ?"

ਹੁਣ ਕਮਰਾ ਠਹਾਕੇ ਨਾਲ ਭਰ ਗਿਆ। ਰਾਜਨ ਵੀ ਇਸ ਹਾਸੇ ਵਿਚ ਸ਼ਾਮਲ ਹੋਇਆ।

"ਠੀਕ ਹੈ। 1943 ਵਿਚ ਭਰਤੀ ਹੋਇਆ। 47 ਵਿਚ ਡਿਸਚਾਰਜ ਲੈ ਵਾਪਸ ਆ ਗਿਆ।"

ਮਾਂ ਬੋਲੀ, "ਹੱਥ ਧੋ ਲਵੋ। ਕੁਝ ਕਾਫੀ......"

ਸੁਣਦਿਆਂ ਹੀ ਬੇਬੀ ਉਠ ਕੇ ਬੋਲਿਆ—

"ਹਾਂ, ਹਾਂ, ਕੋਈ ਹਰਜ ਨਹੀਂ।"

ਜਲਪਾਨ ਦਾ ਪ੍ਰਬੰਧ ਦੂਜੇ ਕਮਰੇ ਵਿਚ ਸੀ। ਦੋਵੇਂ ਹੱਥ ਧੋ ਕੇ ਮੇਜ਼ ਦੇ ਸਾਹਮਣੇ ਬੈਠ ਗਏ। ਅੰਦਰਲੇ ਦਰਵਾਜ਼ੇ ਦੇ ਕਿਵਾੜ ਖੁਲੇ। ਇਕ ਚਮਕ। ਲਹਿੰਗਾ ਤੇ ਚੁੰਨੀ। ਹੱਥ ਵਿਚ ਖਾਣੇ ਦਾ ਬਰਤਨ। ਚਿਹਰਾ ਝੁਕਿਆ ਹੋਇਆ। ਸੁਰਮੇ ਵਾਲੀਆਂ ਮੋਟੀਆਂ-ਮੋਟੀਆਂ ਅੱਖੀਆਂ। ਅੱਖਾਂ ਕੁਝ ਫੜਕ ਪਈਆਂ। ਹੱਥ ਕੰਬ ਗਿਆ। ਦਿਖਾਈ ਘੱਟ ਦੇਣ ਲੱਗ ਪਿਆ।

ਫਿਰ ਖਾਣੇ ਵਾਲੇ ਭਾਂਡੇ ਆ ਰਹੇ ਨੇ।

ਕਾਫ਼ੀ ਦੇ ਪਿਆਲਿਆਂ ਨਾਲ ਭਰੀ ਟ੍ਰੇ। ਹੁਣ ਪਤਲੀਆਂ-ਪਤਲੀਆਂ ਨਾਜ਼ਕ ਉਂਗਲੀਆਂ ਕੰਬ ਨਹੀਂ ਰਹੀਆਂ। ਘਬਰਾਹਟ ਤਕਰੀਬਨ ਖਤਮ ਹੋ ਚੁਕੀ ਹੈ।

"ਕਾਫ਼ੀ ਪੀਓ......ਮਾਂ।"

"ਹਾਂ।"

"ਇਸ ਬੱਚੀ ਦੇ ਪਿਤਾ ਜ਼ਿੰਦਾ ਨਹੀਂ। ਜਾਣਦੇ ਹੋ ਨਾ ?"

"ਜਾਣਦੇ ਹਾਂ।"

"ਇਹ ਬੱਚੀ ਪੇਟ ਵਿਚ ਚਾਰ ਮਹੀਨੇ ਦੀ ਸੀ, ਜਦ ਇਸ ਦੇ ਪਿਤਾ ਜੀ ਦੀ ਮੌਤ ਹੋ ਗਈ।"

"ਹਾਂ।"

"ਤਿੰਨ ਲੜਕੀਆਂ ਹਨ। ਦੋਵੇਂ ਵੱਡੀਆਂ ਲੜਕੀਆਂ ਵਿਆਹ ਦਿਤੀਆਂ ਹਨ।"

"ਹਾਂ।"

"ਇਸ ਦੇ ਪਿਤਾ ਜ਼ਿੰਦਾ ਹੁੰਦੇ ਤਾਂ......" ਮਾਂ ਨੇ ਅੱਥਰੂ ਪੂੰਝੇ।

ਕਾਫ਼ੀ ਪੀਣ ਦੇ ਬਾਅਦ ਉਠ ਕੇ ਹੱਥ ਧੋ ਲਏ। ਮਾਂ ਦੇ ਫਿਰ ਕਹਿਣ ਤੇ ਉਹ ਜੋਤੀ ਫਿਰ ਦਰਵਾਜ਼ੇ ਅੱਗੇ ਆਈ। ਹੁਣ ਕਮਰੇ ਵਿਚ ਰਾਜਨ ਇਕੱਲਾ ਸੀ।

ਚੁੰਨੀ ਦੀਆਂ ਕੰਨੀਆਂ ਨੂੰ ਉਂਗਲੀਆਂ ਨਾਲ ਮਰੋੜਦੀ ਖੜ੍ਹੋ ਗਈ। ਚਿਹਰੇ ਤੇ ਅਜਿਹੀ ਦੀਨਤਾ ! ਮਾਨੋ ਹੁਣੇ ਰੋ ਪਵੇਗੀ......

"ਨਾਂ ਕੀ ਹੈ ?"

...........

"ਹੈਂ ?"

"ਸ਼ਾਤਾਮਾ" ਮਾਨੋ ਮੰਤ੍ਰ ਜਪ ਰਹੀ ਹੋਵੇ।

"ਕਿਸ ਜਮਾਤ ਵਿਚ ਪੜ੍ਹਨੀ ਏਂ ?"

ਛੇਵੀਂ ਵਿਚ।"

"ਹੁਣ ਤਾਂ ਛੇਵੀਂ ਜਮਾਤ ਹੈ ਹੀ ਨਹੀਂ।"

"ਦਸਵੇਂ ਸਟੈਂਡਰਡ ਵਿਚ।"

"ਇਹ ਠੀਕ ਹੈ। ਸਕੂਲ ਕਿੰਨੀ ਦੂਰ ਹੈ ?"

"ਇਕ ਮੀਲ।"

"ਹੁਣ ਮੀਲ ਤਾਂ ਹੈ ਨਹੀਂ ਨਾ ?"

ਉਹ ਕੁਝ ਘਬਰਾਈ ਹੋਈ ਪੁੱਛ ਬੈਠੀ—

"ਤੇ ਹੋਰ ?"

"ਕਿਲੋਮੀਟਰ।"

ਲੜਕੀ ਦੇ ਹੋਠਾਂ ਤੇ ਨਿੰਮੀ-ਨਿੰਮੀ ਮੁਸਕਰਾਹਟ ਖਿੜ ਗਈ। ਪਰ ਤੁਰੰਤ ਹੀ ਗਾਇਬ ਹੋ ਗਈ। ਟਪਕਦੀ ਤ੍ਰੇਲ ਦੀ ਬੂੰਦ ਦੀ ਇਕ ਛਿਣ ਦੀ ਚਮਕ ਸੀ।

ਮਾਂ ਦਰਵਾਜ਼ੇ ਤੇ ਆਈ—

"ਬੇਟਾਂ ਅਸੀਂ ਕੋਈ ਬਹੁਤ ਦੌਲਤ ਦੀ ਭੇਟ ਨਹੀਂ ਦੇ ਸਕਦੇ। ਤਿੰਨ ਬੇਟੀਆਂ ਹੀ ਸਾਡੀ ਜਾਇਦਾਦ ਹਨ।"

"ਹਾਂ।"

"ਬਾਅਦ ਵਿਚ ਪਛਤਾਉਣ ਦੀ ਲੋੜ ਨਹੀਂ ਪੈਣ ਲੱਗੀ। ਮੈਂ ਇਸ ਨੂੰ ਬੜੀ ਸਾਵਧਾਨੀ ਨਾਲ ਪਾਲਿਆ ਪੋਸਿਆ ਹੈ।"

"ਮਾਂ ਦੀਆਂ ਅੱਖੀਆਂ ਭਰ ਗਈਆਂ। ਬੇਟੀ ਦੀਆਂ ਅੱਖੀਆਂ ਵੀ ਗਿੱਲੀਆਂ ਹੋ ਗਈਆਂ।"

ਰਾਜਨ ਦਾ ਸਾਹ ਘੁੱਟਣ ਲੱਗ ਪਿਆ। ਉਸ ਨੇ ਆਪਣਾ ਹੱਥ ਵਧਾ ਕੇ ਸ਼ਾਤਾਮਾ ਦਾ ਹੱਥ ਪਕੜ ਲਿਆ। ਉਹ ਕੰਬ ਗਈ। ਘਬਰਾ ਕੇ ਮਾਂ ਵਲ ਵੇਖਿਆ। ਮਾਂ ਦਾ ਮੁਖਮੰਡਲ ਇਸ ਪ੍ਰਤੀਕ੍ਰਿਆ ਨੂੰ ਸਵੀਕ੍ਰਿਤੀ ਦੇ ਰਿਹਾ ਸੀ।

"ਸ਼ਾਤਾਮਾ !"

"ਕੀ ?"

"ਕੀ ਮੈਨੂੰ ਪਸੰਦ ਕਰਦੀ ਹੈਂ ?"

ਸ਼ਾਤਾਮਾ ਝਿਜਕੀ। ਕਿਵੇਂ ਕਹੇ ਕਿ ਪਸੰਦ ਹੈ।

"ਬੋਲੋ।"

ਉਸ ਨੇ ਹੌਲੀ ਜਹੀ ਆਖਿਆ—

"ਰਾਜਨ ਭਈਆ ਨੂੰ......"

ਮਾਂ ਦਾ ਮਨ ਖੁਸ਼ ਹੋ ਗਿਆ। ਇਸ ਮਾਰਮਿਕ ਘੜੀ ਵਿਚ ਰਾਜਨ ਭਈਆ ਪੁਕਾਰਣ ਦੀ ਤੈਨੂੰ ਅਕਲ ਆ ਗਈ। ਬੋਲੀ—

"ਰਾਜਨ ਭਈਆ ਹੀ ਹਨ ਬੇਟੀ!"

"ਮੈਂ ਪਸੰਦ ਆਈ?"

ਹਥੇਲੀ ਜ਼ੋਰ ਦੀ ਦਬਾਉਂਦੇ ਹੋਏ ਰਾਜਨ ਨੇ ਆਖਿਆ—"ਹਾਂ।"

"ਬੇਟਾ ਕੀ ਤੂੰ ਉਸ ਨੂੰ ਪਸੰਦ ਨਹੀਂ ਆਵੇਂਗਾ? ਕਹਿਣ ਵਿਚ ਸੰਕੋਚ ਕਰਦੀ ਹੈ। ਪ੍ਰਮੇਸ਼ਵਰ ਦੇ ਸਾਹਮਣੇ ਤੁਸੀਂ ਦੋਵੇਂ ਇਕ ਦੂਜੇ ਨਾਲ ਬੱਝ ਗਏ ਹੋ। ਹੁਣ ਕੇਵਲ ਰਸਮ ਹੀ ਪੂਰੀ ਕਰਨੀ ਹੈ।"

ਵਿਦਾ ਹੋਣ ਵੇਲੇ ਬੇਬੀ ਨੇ ਆਖਿਆ—

"ਅਗਲੇ ਹਫਤੇ ਤੁਹਾਡੇ ਵਲੋਂ ਕੋਈ ਸਾਡੇ ਵਲ ਆਵੇ। ਉਸ ਦੇ ਬਾਅਦ ਤਾਰੀਖ ਨਿਸਚਿਤ ਕਰਨ ਤੇ ਚਿੱਠੀਆਂ ਦੀ ਅਦਲਾ-ਬਦਲੀ ਲਈ ਇਥੇ ਆਉਣਾ ਕਾਫੀ ਹੋਵੇਗਾ।"

"ਅੱਛਾ।"

ਜਦ ਰਾਜਨ ਮੁੜ ਰਿਹਾ ਸੀ ਤਾਂ ਇਕ ਬਿਲਕੁਲ ਨਵਾਂ ਆਦਮੀ ਸੀ। ਇਕ ਤਰ੍ਹਾਂ ਦੀ ਮਿੱਠੀ-ਮਿੱਠੀ ਬੇਚੈਨੀ ਸੀ। ਮਨ ਵਿਚ ਇਕ ਨਵਾਂ ਰੂਪ, ਨਵੀਂ ਆਵਾਜ਼, ਨਵੀਂ ਖੁਸ਼ਬੂ..."ਕੀ ਰਾਜਨ ਭਈਆ ਨੂੰ ਮੈਂ ਪਸੰਦ ਆਈ?......"

ਦੀਨਾਮਾ ਨੇ ਪੁੱਛਿਆ ਤਾਂ ਬਿਨਾਂ ਸੰਕੋਚ ਦੇ ਕਹਿ ਦਿੱਤਾ—"ਪਸੰਦ ਆ ਗਈ ਚਾਚੀ ਜੀ।"

ਦੀਨਾਮਾ ਨੇ ਕਈਆਂ ਨੂੰ ਆਖਿਆ ਕਿ ਉਹ ਤਾਂ ਉਸ ਲੜਕੀ ਤੇ ਲੱਟੂ ਹੋ ਚੁਕਾ ਹੈ।

ਆਖੇ ਅਨੁਸਾਰ ਐਤਵਾਰ ਨੂੰ ਪੱਤਨਾਟੱਕਰਾ ਤੋਂ ਚਾਰ ਆਦਮੀ ਆਏ। ਲੜਕੀ ਦੇ ਮਾਮਾ, ਦੋ ਚਾਚੇ ਤੇ ਇਕ ਵਿਅਕਤੀ ਧਰਮ ਪ੍ਰਦੇਸ਼ ਤੋਂ। ਦਹੇਜ ਬਾਰੇ ਕੋਈ ਪੱਕੀ ਗੱਲ ਕੀਤੇ ਬਗੈਰ ਹੀ ਮੰਗਨੀ ਲਈ ਜਾਣ ਦਾ ਨਿਰਣਾ ਹੋ ਗਿਆ। ਲੜਕੀ ਦੇ ਘਰ ਵਾਲਿਆਂ ਦੀ ਜ਼ਮੀਨ ਦਾ ਤੀਜਾ ਹਿੱਸਾ, 80 ਸੈਂਟ ਜ਼ਮੀਨ ਤੇ ਘਰ ਮਿਲੇਗਾ। ਸ਼ਾਦੀ ਦੇ ਖਰਚ ਵਾਸਤੇ ਕੁਝ ਰੁਪਏ ਵੀ......। ਇਹੋ ਜਹੀਆਂ ਮੋਟੀਆਂ-ਮੋਟੀਆਂ ਗੱਲਾਂ ਤਾਂ ਹੋਈਆਂ ਹਨ। ਮਾਤੁਕੁੱਟੀ ਨੇ ਇਨ੍ਹਾਂ ਸਭਨਾਂ ਨਾਲ ਸੰਤੁਸ਼ਟ ਨਾ ਹੋਣ ਦਾ ਵਿਖਾਵਾ ਕੀਤਾ। ਪਰ ਲੜਕੀ ਆਪਣੇ ਲੜਕੇ ਨੂੰ ਪਸੰਦ ਸੀ। ਇਸ ਲਈ ਮੰਨ ਗਿਆ......।

ਉਨ੍ਹੀਂ ਦਿਨੀਂ ਹੀ ਇਕ ਖਾਸ ਘਟਨਾ ਵਾਪਰੀ। ਦੂਜੇ ਹਫਤੇ ਦੇ ਐਤਵਾਰ ਦੀ ਪ੍ਰਾਰਥਨਾ ਦੇ ਬਾਅਦ ਸਭ ਆਪਣੇ-ਆਪਣੇ ਘਰਾਂ ਨੂੰ ਮੁੜ ਰਹੇ ਸਨ। ਉਸ ਸਮੇਂ ਇਕ ਬੁੱਢਾ ਮੇਲੋਂਝਤੁ ਘਰ ਆ ਨਿਕਲਿਆ। 70-75 ਸਾਲ ਦਾ, ਧੁੱਪ ਵਿਚ ਚਲਦਾ-ਚਲਦਾ ਥੱਕ ਗਿਆ ਸੀ। ਵਿਹੜੇ 'ਚੋਂ ਹੀ ਆਵਾਜ਼ ਦਿਤੀ—

"ਕੁੰਏਨਾਚੰਨ ਹੈ ?"

ਰਾਜਨ ਘਰ ਨਹੀਂ ਸੀ। ਉਹ ਆਪਣੀ ਮਾਂ ਦੇ ਘਰ ਗਿਆ ਸੀ। ਦੀਨਾਮਾ ਬਾਹਰ ਆਈ ਤੇ ਸਵਾਗਤ ਕੀਤਾ—"ਆਓ।"

ਉਹ ਆ ਕੇ ਕੁਰਸੀ ਤੇ ਬੈਠ ਗਿਆ।

"ਸੌਂ ਰਹੇ ਨੇ ?"

"ਹਾਂ, ਥਕਾਨ ਨਾਲ ਊਂਘ ਰਹੇ ਨੇ।"

"ਨੱਬੇ ਦੇ ਹਨ ?"

"ਹਾਂ।"

"ਮੈਂ ਪਹਿਲਾਂ ਆਲਪੁੜਾ ਵਿਚ ਕਾਲੀ ਮਿਰਚ ਦਾ ਵਪਾਰ ਕਰਦਾ ਸਾਂ। ਕੁੰਏਨਾਚੰਨ ਕਾਲੀ ਮਿਰਚ ਵੇਚਣ ਆਉਂਦੇ ਸਨ। ਉਨ੍ਹਾਂ ਦਿਨਾਂ ਤੋਂ ਹੀ ਸਾਡੀ ਜਾਣ ਪਛਾਣ ਹੈ। ਕਈ ਵਾਰ ਇਥੇ ਵੀ ਆਇਆ ਹਾਂ। ਬਹੁਤ ਚਿਰ ਹੋਇਆ।"

"ਹਾਂ।"

"ਕੀ, ਉਨ੍ਹਾਂ ਦੀ ਪੋਤੀ ਏਂ ?"

ਦੀਨਾਮਾ ਕੁਝ ਸ਼ਰਮਾਈ।

"ਨਹੀਂ, ਛੋਟੇ ਬੇਟੇ ਦੀ ਇਸਤ੍ਰੀ ਹਾਂ।"

"ਓਹੋ, ਤਾਂ ਸ਼ਾਦੀ ਕਿਸ ਦੀ ਹੋ ਰਹੀ ਹੈ ?"

"ਬੇਟੇ ਦੀ, ਉਸ ਦੀ ਮਾਂ ਮਰ ਚੁਕੀ ਹੈ।"

"ਤੂੰ ਦੂਜੇ ਥਾਂ ਏਂ ?"

"ਹਾਂ।"

"ਹਾਂ, ਮੇਰੀ ਇਕ ਲੜਕੀ ਦੀ ਸ਼ਾਦੀ ਇਥੇ ਵੇਲੰਕਾਵ ਘਰ ਵਿਚ ਹੋਈ ਹੋਈ ਹੈ। ਉਥੇ ਹੀ ਜਾ ਰਿਹਾ ਸਾਂ। ਦਿਲ ਕਰ ਆਇਆ ਕੁੰਏਨਾਚੰਨ ਨਾਲ ਕੁਝ ਗੱਲ ਕਰਨ ਤੇ।"

"ਪਿਤਾ ਜੀ ਨੂੰ ਜਗਾਵਾਂ ?"

"ਜਗਾ, ਮੈਨੂੰ ਜਾਣਾ ਹੈ।"

"ਪਿਤਾ ਜੀ !"

ਕੁੰਏਨਾਚੰਨ ਗੁੰਮ-ਸੁੰਮ। ਮੋਢੇ ਤੇ ਹੱਥ ਰਖ ਕੇ ਹਿਲਾਇਆ।

"ਜ਼ਰਾ ਇਧਰ ਵੇਖੋ। ਇਕ ਆਦਮੀ ਮਿਲਣ ਆਇਆ ਹੈ।"

"ਕੌਣ ?"

"ਅੱਖ ਖੋਲ੍ਹ ਕੇ ਵੇਖੋ।"

"ਪਛਾਣਿਆ ਹੈ, ਕੋਨੋਚਿਰੀ ਦਾ ਲੋਨਾਨ।"

"ਕਾਲੀ ਮਿਰਚ ਲੋਨਾਨ।"

ਲੋਨਾਨ ਹੱਸ ਪਿਆ।

"ਹਾਂ।"

"ਕਾਂਜੀ ਦੇ ਬੇਟੀ।"

ਗਰਮ ਕਾਂਜੀ ਥੋੜ੍ਹੀ ਜਹੀ ਪੀਣ ਦੇ ਬਾਅਦ ਲੋਨਾਨ ਨੂੰ ਧਿਆਨ ਨਾਲ ਵੇਖਿਆ।

''ਮੈਨੂੰ ਪਛਾਣਿਆ ਹੈ ?''

''ਹਾਂ, ਹਾਂ।''

''ਮੁੱਦਤ ਹੋਈ ਮਿਲਿਆਂ।''

''ਤਬੀਅਤ ਠੀਕ ਨਹੀਂ, ਥਕਾਵਟ ਵੀ ਹੈ।''

''ਕੀ ਹੁਣ ਵੀ ਥਕਾਵਟ ਤੋਂ ਬਚ ਸਕਦੇ ਹੋ ?''

''ਤੇਰੀ ਇਕ ਬੇਟੀ ਦੀ ਸ਼ਾਦੀ ਵੇਲੰਕਾਵ ਦੇ ਹੋਈ ਹੈ ਨਾ ?''

''ਹਾਂ, ਉਥੇ ਹੀ ਜਾ ਰਿਹਾ ਸਾਂ। ਸੁਣਿਆ ਕੁੰਏਨਾਚੰਨ ਸਾਡੇ ਪਿੰਡ ਦੇ ਸੰਬੰਧੀ ਹੋਣ ਵਾਲੇ ਹਨ।''

''ਕਿਵੇਂ ਸਮਝਿਆ ?''

''ਕੋਤਚਿਰਾ ਤੋਂ ਪੁੱਤਨਾਟੁੱਕਰਾ ਸਿਰਫ ਚਾਰ ਮੀਲ ਹੀ ਦੂਰ ਹੈ। ਸ਼ਾਦੀ ਦੀ ਗੱਲ ਹੋਈ। ਕਹਿੰਦੇ ਸੁਣਦਿਆਂ ਖਬਰ ਮਿਲ ਗਈ। ਅਸੀਂ ਲੋਕ ਤੇ ਲੜਕੀ ਦੇ ਘਰ ਵਾਲੇ ਇਕ ਹੀ ਧਰਮ ਪ੍ਰਦੇਸ਼ ਦੇ ਸਾਂ। ਇਸ ਦੇ ਬਾਅਦ ਗਿਰਜਾਘਰ ਬਣ ਗਿਆ ਤੇ ਧਰਮ ਪ੍ਰਦੇਸ਼ ਅਲੱਗ ਹੋ ਗਿਆ।''

''ਕੀ ਚੰਗੇ ਆਦਮੀ ਨੇ ?''

ਲੋਨਾਨ ਨੇ ਥੋੜ੍ਹੀ ਦੇਰ ਸੋਚਿਆ। ਮੁਸਕਰਾਂਦੇ ਹੋਏ ਪੁੱਛਿਆ—

''ਅੱਛੇ ਹਨ, ਪੁੱਛਣ ਦਾ ਮਤਲਬ ?''

''ਲੜਕੀ, ਘਰ ਵਾਲੇ।''

''ਹਾਂ, ਹਾਂ, ਲੜਕੀ ਅੱਛੀ ਹੈ। ਘਰ ਵਾਲੇ ਵੀ ਅੱਛੇ ਨੇ। ਪੁਰਾਣਾ ਉਚ ਜ਼ਾਤ ਪਰਿਵਾਰ ਪੁਗ ਗਿਆ।''

''ਬਾਪ ਨਹੀਂ ਹੈ ਨਾ ? ਆਖਦੇ ਨੇ ਜਦ ਇਹ ਪੇਟ ਵਿਚ ਤਿੰਨ ਚਾਰ ਮਹੀਨੇ ਦੀ ਸੀ ਤਾਂ ਬਾਪ ਮਰ ਗਿਆ।''

ਥੋੜ੍ਹੀ ਦੇਰ ਬਾਅਦ ਲੋਨਾਨ ਬੋਲਿਆ—

''ਬਾਪ ਹੈ।''

''ਕੀ ?''

''ਬਾਪ ਹੈ, ਇਕ ਪਾਦਰੀ ਹੈ।''

ਦੀਨ ਮਾ ਨੂੰ ਲੱਗਾ ਜਿਵੇਂ ਕਿਸੇ ਨੇ ਇਕਦਮ ਧੌਣ ਮਰੋੜ ਦਿਤੀ ਹੋਵੇ।

''ਹੈਂ !''

''ਦਸ ਵੀਹ ਸਾਲ ਪਹਿਲਾਂ ਪੁੱਤਨਾਟੁੱਕਰਾ ਦੇ ਗਿਰਜੇ ਵਿਚ ਕਾਰਤੀਕੋਪਲਿ ਦਾ ਇਕ ਪਾਦਰੀ ਲੱਗਾ ਹੋਇਆ ਸੀ। ਉਸ ਦੀ ਬੇਟੀ ਹੈ।''

ਸਹਿਮੇ ਹੋਏ ਕੁੰਏਨਾਚੰਨ ਨੇ ਦੀਨਾਮਾ ਦੇ ਚਿਹਰੇ ਵੱਲ ਤੱਕਿਆ। ਉਠਣ ਦੀ ਇੱਛਾ ਦਾ ਇਸ਼ਾਰਾ ਕੀਤਾ। ਦੀਨਾਮਾ ਨੇ ਸਹਾਰਾ ਦੇ ਕੇ ਉਠਾ ਕੇ ਬਹਾ ਦਿਤਾ।

''ਇਹ ਤੂੰ ਕੀ ਕਹਿ ਰਿਹਾ ਹੈਂ ?''

''ਸੱਚ ਕਹਿ ਰਿਹਾ ਹਾਂ, ਕੁੰਏਨਾਚੰਨ । ਪ ਦਰੀ ਜੀ ਨੂੰ ਜਾਣਦੇ ਹੋ ?''

ਦੀਨਾਮਾ ਦੀ ਇੱਛਾ ਹੋਈ ਕਿ ਕਹਿ ਦੇਵੇ, ਉਹ ਪਾਦਰੀ ਜੀ ਮੇਰੇ ਜੀਜਾ ਹਨ—ਵੱਡੀ ਦੀਦੀ ਦੇ ਪਤੀ । ਪਰ ਉਸ ਦੇ ਮੂੰਹ 'ਚੋਂ ਇਹੀ ਸ਼ਬਦ ਨਿਕਲੇ—

''ਬੁਢਾਪੇ 'ਚ ਇਹੋ ਜਹੀਆਂ ਬੇਕਾਰ ਗੱਲਾਂ ਬਕਦੇ ਫਿਰਨਾ ਛੱਡ ਦਿਓ ।''

ਲੋਨਾਨ ਦਾ ਚਿਹਰਾ ਫਿੱਕਾ ਪੈ ਗਿਆ ।

''ਬੇਟੀ, ਤੂੰ ਮੇਰੀ ਛੋਟੀ ਲੜਕੀ ਦੀ ਉਮਰ ਦੀ ਹੀ ਹੈਂ । ਸ਼ਾਦੀ 'ਚ ਰੋੜਾ ਅਟਕਾਉਣ ਦਾ ਕੰਮ ਮੈਂ ਨਹੀਂ ਕਰਦਾ । ਪਤਾ ਕਰ ਲਵੋ । ਕੁੰਏਨਾਚੰਨ ਦੀ ਦੋਸਤੀ ਦੇ ਨਾਤੇ ਇਕ ਸੱਚੀ ਗੱਲ ਦੱਸਣ ਆਇਆ ਹਾਂ । ਉਸ ਮਾਸਟਰ ਦੀ ਮੌਤ ਦੇ ਇਕ ਸਾਲ ਬਾਅਦ ਹੀ ਉਸ ਔਰਤ ਨੇ ਇਸ ਬੱਚੀ ਨੂੰ ਜਨਮ ਦਿਤਾ ਸੀ । ਪਾਦਰੀ ਜੀ ਉਨ੍ਹਾਂ ਦਿਨਾਂ 'ਚ ਉਨ੍ਹਾਂ ਦੇ ਘਰ ਹੀ ਰਹਿੰਦੇ ਸਨ । ਉਸ ਇਸਤ੍ਰੀ ਦੇ ਗਰਭ ਠਹਿਰ ਜਾਣ ਨਾਲ ਉਸ ਪਾਦਰੀ ਨੇ ਉਥੋਂ ਆਪਣੀ ਤਬਦੀਲੀ ਕਰਵਾ ਲਈ । ਇਹ ਗੱਲ ਸਭ ਜਾਣਦੇ ਹਨ । ਲੋਕਾਂ ਨੇ ਬਿਸ਼ਪ ਅੱਗੇ ਸ਼ਿਕਾਇਤ ਕੀਤੀ ਸੀ ਕਿ ਇਸ ਪਾਦਰੀ ਨੂੰ ਸਜ਼ਾ ਮਿਲਣੀ ਚਾਹੀਦੀ ਹੈ । ਬਹੁਤ ਹੱਲਾ ਮੱਚਿਆ ਸੀ । ਪਰ ਉਸ ਇਸਤ੍ਰੀ ਨੇ ਹੀ ਪਾਦਰੀ ਨੂੰ ਬਚਾ ਦਿਤਾ.........''

ਕੁੰਏਨਾਚੰਨ ਦੇ ਚਿਹਰੇ ਤੇ ਵਿਆਕੁਲਤਾ ਵੇਖ ਕੇ ਲੋਨਾਨ ਕਹਿਣ ਲੱਗਾ—

''ਇਹ ਰਹੀ ਦਸ ਵੀਹ ਸਾਲ ਪਹਿਲਾਂ ਦੀ ਗੱਲ । ਇਸ ਨੂੰ ਆਸਾਨੀ ਨਾਲ ਭੁਲਿਆ ਜਾ ਸਕਦਾ ਹੈ । ਪਰ ਮੈਂ ਇਹ ਨਹੀਂ ਕਹਾਂਗਾ ਕਿ ਇਸ ਗੱਲ ਸਬਬ ਲੜਕੀ ਸਾਡੇ ਘਰ ਦੇ ਲਾਇਕ ਨਹੀਂ । ਤਾਂ ਵੀ ਜਿਸ ਗੱਲ ਦਾ ਪਤਾ ਸੀ ਉਹ ਤੁਹਾਨੂੰ ਦੱਸ ਦਿਤੀ ।''

ਖ਼ਾਮੋਸ਼ੀ । ਦੀਨਾਮਾ ਦੇ ਦਿਲ ਨੇ ਆਖਿਆ ਸ਼ਾਇਦ ਸੱਚ ਹੀ ਹੋਵੇ । ਵਰਨਾ ਫ ਦਰ ਇੰਨੀ ਦਿਲਚਸਪੀ ਨਾਲ........ਮੇਰੇ ਪ੍ਰਮੇਸ਼ਵਰ ।

ਲੋਨਾਨ ਨੇ ਕਿਸੇ ਤਰ੍ਹਾਂ ਖਿਸਕ ਜਾਣਾ ਚਾਹਿਆ ।

''ਤਾਂ ਮੈਂ ਚਲਦਾ ਹਾਂ ਕੁੰਏਨਾਚੰਨ ।''

ਜਵਾਬ ਨਹੀਂ ।

''ਚੱਲਾਂ ਬੇਟੀ ?''

ਉਹ ਵੀ ਚੁੱਪ ।

ਲੋਨਾਨ ਦੇ ਚਲੇ ਜਾਣ ਦੇ ਬਾਅਦ ਕੁੰਏਨਾਚੰਨ ਨੇ ਅਵਾਜ਼ ਦਿਤੀ—

''ਬਹੂ !''

''ਕੀ ?''

''ਸ਼ਾਇਦ ਸੱਚ ਹੋਵੇ ।''

ਦੀਨਾਮਾ ਨੇ ਜਵਾਬ ਨਹੀਂ ਦਿਤਾ । ਕੁੰਏਨਾਚੰਨ ਨੇ ਸੋਚਿਆ । ਜੇ ਇਹ ਗੱਲ ਸਹੀ ਹੈ ਤਾਂ ਭਰਾ ਤੇ ਭੈਣ । ਫਾਦਰ ਦੀ ਰਖੇਲ ਦੀ ਬੇਟੀ । ਛੋਟੇ ਭਾਈ ਦਾ ਲੜਕਾ ਦੂਲ੍ਹਾ । ਮਾਮੀ ਦਾ ਬੇਟਾ ਛੋਟਾ ਭਾਈ ਨਹੀਂ......ਤਾਂ ਹੋਰ ਕੌਣ ? ਪਹਿਲਾਂ ਨਹੀਂ ਸੁਣਿਆ । ਪੁਰਾਣੇ ਨਿਯਮਾਂ ਦੇ ਦਿਨਾਂ ਦੀ ਗੱਲ ਹੈ । ਦਾਊਦ ਦਾ ਪੁੱਤਰ ਅਮਨੋਨ

ਅਬਸ਼ਾਲੋਭ ਦੀ ਭੈਣ ਤਾਮਾਰ ਤੇ ਮੋਹਤ ਹੋ ਗਿਆ। ਉਹ ਚਤੁਰ ਨਨਾਦਾਬ ਦੇ ਉਪਦੇਸ਼ ਦੇ ਅਨੁਸਾਰ ਬੀਮਾਰ ਬਣ ਕੇ ਪਲੰਗ ਤੇ ਲੇਟ ਗਿਆ। ਜਦ ਪਿਤਾ ਉਸ ਨੂੰ ਵੇਖਣ ਆਇਆ ਤਾਂ ਅਮਨੋਨ ਨੇ ਰਾਜਾ ਨੂੰ ਆਖਿਆ ਕਿ ਮੇਰੀ ਭੈਣ ਤਾਮਾਰ ਆ ਕੇ ਦੋ ਪੂੜੀਆਂ ਬਣਾਏ ਤੇ ਮੈਂ ਉਸ ਦੇ ਹੱਥੋਂ ਖਾਵਾਂ। ਤਾਂ ਕਿ ਮੇਰਾ ਇਸ ਤਰ੍ਹਾਂ ਖਾਣਾ ਹੋਰ ਕੋਈ ਨਾ ਵੇਖੇ। ਉਹ ਪੂੜੀਆਂ ਕੋਠੀ ਵਿਚ ਲੈ ਗਈ। ਕੋਠੀ ਦੇ ਅੰਦਰ ਤਾਮਾਰ ਦੇ ਪਹੁੰਚਣ ਤੇ ਅਮਨੋਨ ਨੇ ਜ਼ਬਰਦਸਤੀ ਉਸ ਨਾਲ ਕੁਕਰਮ ਕੀਤਾ। ਦੋ ਸਾਲ ਦੇ ਬਾਅਦ ਹੀ ਸਹੀ ਅਬਸ਼ਾਲੋਭ ਨੇ ਆਪਣੀ ਭੈਣ ਦੇ ਅਪਮਾਨ ਦਾ ਬਦਲਾ ਲੈ ਲਿਆ। ਏਫ੍ਰੇਮ ਦੇ ਨੇੜੇ ਦੇ ਬਾਲ੍ਹਹਾਸੋਰ ਦੇ ਭੇਡ ਦੀ ਉਨ ਕਤਰਨ ਦੇ ਪਰਵ ਤੇ ਅਮਨੋਨ ਜਦ ਦਾਖਮਧੂ ਪੀ ਕੇ ਨਸ਼ੇ ਵਿਚ ਆ ਗਿਆ ਤਾਂ ਅਬਸ਼ਾਲੋਭ ਦੇ ਸੇਵਕਾਂ ਨੇ ਉਸ ਨੂੰ ਮਾਰ ਦਿਤਾ।

"ਲੱਤਾਂ ਮਾਰ ਮਾਰ ਕੇ ਮਾਰ ਦੇਣਾ ਚਾਹੀਦਾ ਹੈ।"

"ਬਾਬੂ ਜੀ !"

"ਕੀ...?"

"ਕਿਸ ਨੂੰ ਮਾਰਨ ਦੀ ਗੱਲ ਕਰਦੇ ਹੋ ?"

"ਹਾਂ...ਸੱਚ ਹੋਵੇਗਾ। ਹੋਵੇਗਾ ਨਾ ?"

"......"

"ਉਹ ਚੋਗਾ ਪਾਈ ਸਾਨ੍ਹ ਪਾਦਰੀ ਹੋਵੇਗਾ।"

"ਮੈਨੂੰ ਨਹੀਂ ਪਤਾ ਪਿਤਾ ਜੀ। ਮੈਨੂੰ ਕੁਝ ਨਾ ਪੁਛੋ। ਮੈਨੂੰ ਕੁਝ ਨਾ......"

ਦੀਨਾਮਾ ਫੁੱਟ-ਫੁੱਟ ਕੇ ਰੋਣ ਲੱਗ ਪਈ।

"ਨਹੀਂ ਹੋਵੇਗੀ ਸ਼ਾਦੀ। ਚਿੱਠੀ ਲਿਖੋ। ਲੜਕੇ ਨੂੰ ਕੰਮ ਤੇ ਵਾਪਸ ਜਾਣਾ ਪੈ ਗਿਆ ਹੈ ਤੇ ਸਾਡੇ ਸਾਂਝੇ ਨਿਸਚੇ ਅਨੁਸਾਰ......।"

"ਉਸ ਦੇ ਪਿਤਾ ਨੂੰ ਆਉਣ ਦਿਓ ਪਿਤਾ ਜੀ।"

"ਕੀ ?"

"ਜੇ ਮੁਹੱਲੇ ਵਾਲਿਆਂ ਸੁਣਿਆ ਤਾਂ ਬੇਇੱਜ਼ਤੀ ਸਾਡੀ ਹੀ ਹੋਵੇਗੀ।"

"ਬੇਇੱਜ਼ਤੀ ਕਦੀ ? ਉਸ ਲੰਪਟ ਪਾਦਰੀ ਨੇ ਬਦਮਾਸ਼ੀ ਹੀ ਕੀਤੀ ਨਾ ? ਉਹ ਤੇਰਾ ਜੀਜਾ ਹੈ ਤਾਂ ਮੇਰੇ ਸਾਲੇ ਦਾ ਲੜਕਾ ਵੀ ਤਾਂ ਹੈ। ਤੇਰੇ ਪਤੀ ਦੇ ਮਾਮੇ ਦਾ ਪੁੱਤਰ। ਬੇਇੱਜ਼ਤੀ ਸਭ ਦੀ ਹੋਵੇਗੀ। ਵੱਡੇ ਨੂੰ ਬੁਲਾਵਾਂ। ਅਜ ਹੀ ਚਿੱਠੀ ਲਿਖਣੀ ਹੈ। ਮੇਲੋਂਝੱਤੂ ਕੁੰਏਨਾ ਦੇ ਪੋਤੇ ਦਾ ਵਿਆਹ ਪਿਤਾਹੀਨ ਕੰਨਿਆ ਨਾਲ ਕਰਨਾ ਮਨਜ਼ੂਰ ਨਹੀਂ......"

"ਚੁੱਪ ਰਹੋ ਪਿਤਾ ਜੀ।"

ਸ਼ਾਮ ਨੂੰ ਮਾਤੁਕੁੱਟੀ ਆਇਆ। ਤਿੰਨਾਂ ਚਾਚਿਆਂ ਤੇ ਕੁੰਯਪੀ ਨੂੰ ਬੁਲਵਾਇਆ। ਕੀਵਰੀਤ ਤੇ ਕੁੰਯਪੀ ਹੀ ਆਏ। ਗੱਲਾਂ ਸੁਨਣ ਤੇ ਕੀਵਰੀਤ ਨੇ ਤਰਕ ਪੇਸ਼ ਕੀਤਾ— ਵਿਆਹ ਵਿਚ ਰੋੜਾ ਅਟਕਾਉਣ ਵਾਲੇ ਕੁਝ ਲੋਕ ਹੁੰਦੇ ਹਨ। ਇਸ ਲਈ ਸਾਵਧਾਨ ਰਹਿਣਾ ਚਾਹੀਦਾ ਹੈ। ਹੋ ਸਕਦਾ ਹੈ ਉਸ ਨੇ ਆਪਣੇ ਬੇਟੇ ਲਈ ਇਹ ਕੰਨਿਆ ਮੰਗੀ

ਹੋਵੇ ਤੇ ਉਹ ਰਾਜ਼ੀ ਨਾ ਹੋਏ ਹੋਣ।''

''ਹੋਵੇ ਨਾ ਹੋਵੇ ਕੁਝ ਪੁੱਛ ਪੜਤਾਲ ਕਰਨੀ ਹੀ ਪਵੇਗੀ।''

ਮਾਤੁਕੁੱਟੀ ਬੋਲਿਆ—''ਦਾਲ ਵਿਚ ਕਾਲਾ ਜ਼ਰੂਰ ਹੈ। ਵਰਨਾ ਪਾਦਰੀ ਏਨੀ ਦੂਰ ਤੋਂ ਵਿਆਹ ਦਾ ਸੁਝਾਓ ਕਿਉਂ ਲਿਆਉਂਦੇ।''

ਕੁੰਏਨਾਚੰਨ ਨੇ ਆਖਿਆ—''ਇਹੀ ਗੱਲ ਹੈ। ਉਸ ਫਾਦਰ ਨੂੰ ਮੂੰਹ ਤੇ ਫਿਟਕਾਰਨਾ ਸੀ।''

ਕੀਵਰੀਤ ਨੇ ਰੋਕਿਆ—

''ਪਿਤਾ ਜੀ ਬੇਮਤਲਬ ਗੱਲਾਂ ਕਰਨ ਦੀ ਥਾਂ ਚੁੱਪ ਰਹੋ।''

ਦੂਜੇ ਦਿਨ ਆਦਮੀ ਭੇਜਿਆ ਗਿਆ ਤੇ ਪੁੱਛ ਪੜਤਾਲ ਕੀਤੀ ਗਈ। ਸਵਾਲ ਸਿੱਧਾ ਕਿਵੇਂ ਪੁੱਛਦੇ ? ਕਈ ਲੋਕਾਂ ਤੋਂ ਚਤੁਰਾਈ ਨਾਲ ਪੁੱਛਿਆ ਗਿਆ। ਹੁਣ ਤਾਂ ਸ਼ੱਕ ਪਹਿਲਾਂ ਨਾਲੋਂ ਵੀ ਵਧ ਗਿਆ। ਧੋਖਾ ਹੋ ਗਿਆ। ਚਿੱਠੀ ਲਿਖਣ ਦਾ ਫੈਸਲਾ ਕੀਤਾ ਗਿਆ। ਉਸੇ ਵੇਲੇ ਰਾਜਨ ਸ਼ਹਿਰ ਤੋਂ ਆ ਗਿਆ। ਘਰ ਪਹੁੰਚਣ ਤੋਂ ਪਹਿਲਾਂ ਹੀ ਉਸ ਸਾਰੀਆਂ ਗੱਲਾਂ ਸੁਣ ਲਈਆਂ ਸਨ। ਬੇਬੀ ਨੇ ਉਸ ਨੂੰ ਸਭ ਕੁਝ ਦਸ ਦਿਤਾ ਸੀ। ਉਹ ਚੌਂਕ ਉਠਿਆ। ਬੜੀ ਉਮੀਦ ਨਾਲ ਪਿਆਰ ਦੀ ਬਣਾਈ ਕਲਪਨਾ ਦੀ ਮੂਰਤੀ ਅੱਖਾਂ ਦੇ ਸਾਹਮਣੇ ਹੇਠ ਡਿਗ ਕੇ ਚੂਰ-ਚੂਰ ਹੋ ਰਹੀ ਸੀ। ਅਮਾਨਤ ਦਾ ਖਜ਼ਾਨਾ ਠੀਕ ਲੋੜ ਵੇਲੇ ਮਾਨੋ ਛੁਪਾ ਲਿਆ ਗਿਆ। ਖਾਣਾ ਪੀਣਾ ਸਭ ਅਸੰਭਵ। ਮਨ ਦੇ ਅੰਦਰ ਸੰਘਰਸ਼ ਸੀ। ਮਾਰਮਿਕ ਸੰਘਰਸ਼। ਆਤਮਾ ਇਕ ਅਸਤ-ਵਿਅਸਤ ਭਵਨ ਸੀ। ਹੁਣ ਉਹ ਸਾਫ ਸੁਥਰਾ ਜਿਹਾ ਸੀ। ਦਰਵਾਜ਼ੇ ਤੇ ਇਕ ਵਿਅਕਤੀ ਮੰਗਲਤੀ ਮੋਮਬੱਤੀ ਹੱਥ ਵਿਚ ਲਈ ਖੜੀ ਹੈ। ਕੱਜਲ ਲੱਗੀਆਂ ਵੱਡੀਆਂ-ਵੱਡੀਆਂ ਸਿਆਮ ਰੰਗੀਆਂ ਅੱਖੀਆਂ। ਬਾਹਰੋਂ ਆ ਰਹੀ ਰੌਸ਼ਨੀ ਨਾਲ ਚਮਕਦਾ ਮੁੱਖੜਾ। ਮਨ ਵਿਚ ਛੁਪਾਏ ਪ੍ਰੇਮ ਦੀ ਅੰਗੂਰੀ ਨਾਲ ਗਿੱਲੇ ਪੇਲੰਵਾਘਰ......''

''ਦੇਰ ਕਿਉਂ ਕੀਤੀ ?''

''ਕੀ ?''

''ਕਿੰਨੀ ਦੇਰ ਦੀ ਰਾਹ ਵੇਖ ਰਹੀ ਹਾਂ। ਕੀ ਤੁਹਾਨੂੰ ਪਤਾ ਨਹੀਂ ਕਿ ਤੁਹਾਡੇ ਆਏ ਬਗੈਰ ਖਾਣਾ ਨਹੀਂ ਖਾਂਦੀ ?''

''ਤੂੰ ਤਾਂ ਕੁਝ ਹੋਰ ਹੈਂ। ਜਿਹੋ ਜਹੀ ਸੋਚਿਆ ਸੀ ਉਹੋ ਜਹੀ ਤਾਂ ਨਹੀਂ ਤੂੰ।''

''ਕੀ ?''

''ਜੈਸਾ ਸੋਚਿਆ ਸੀ ਉਹੋ ਜਹੀ ਤਾਂ ਨਹੀਂ ਤੂੰ। ਪਹਿਲੀ ਮਿਲਣੀ ਵੇਲੇ ਤੂੰ ਬਹਿਰੂਪ ਧਾਰਿਆ ਹੋਇਆ ਸੀ।''

''ਬਿਲਕੁਲ ਨਹੀਂ, ਰਾਜਨ ਭਈਆ। ਕਦੀ ਨਹੀਂ। ਮੈਨੂੰ ਛੂ ਕੇ ਵੇਖੋ।''

''ਤੇਰਾ ਬਾਪ ਕੌਣ ਹੈ ?''

ਚੌਂਕ ਜਾਂਦੀ ਹੈ। ਫਿੱਕੀ ਪੈ ਗਈ। ਅੱਖਾਂ ਭਰ ਆਉਂਦੀਆਂ ਹਨ।

''ਬਾਪ !''

''ਹਾਂ, ਮੈਂ ਜਾਣਨਾ ਚਾਹੁੰਦਾ ਹਾਂ। ਕਰਤਕਪਿਲੀ ਦੇ......''

ਮੂੰਹ ਹੱਥ ਨਾਲ ਬੰਦ ਕਰ ਲੈਂਦੀ ਹੈ। ਅੱਖਾਂ ਰਾਹੀਂ ਬੇਨਤੀ ਕਰਦੀ ਹੈ ਕਿ ਇਹੋ ਜਹੀ ਗੱਲ ਨਾ ਕਰੋ......

''ਰਾਜਨ ਭਈਆ !''

''ਹੂੰ।''

''ਇਹ ਰੋਸ਼ਨੀ ਨਹੀਂ ਵੇਖ ਰਹੇ ?''

''ਹੂੰ।''

''ਕੀ ਇਸ ਵਿਚ ਅਪਵਿੱਤ੍ਰਤਾ ਹੈ ?''

''ਨਹੀਂ।''

''ਕੀ ਇਹ ਮੋਮ ਨਾਪਾਕ ਹੈ ?''

''ਪਤਾ ਨਹੀਂ।''

''ਤਾਂ ਮੈਂ ਇਹ ਰੋਸ਼ਨੀ ਹਾਂ। ਮੇਰਾ ਹੱਥ ਪਕੜ ਕੇ ਬਚਨ ਦਿਤਾ ਸੀ ਨਾ ?......''

''.........''

''ਬੋਲੋ ਰਾਜਨ ਭਈਆ। ਆਖਿਆ ਸੀ ਨਾ ਕਿ ਮੈਨੂੰ ਪਸੰਦ ਕਰਦੇ ਹੋ।''

ਮਾਤੁਕੁੱਟੀ ਕੁਏਨਾਚੰਨ ਨੂੰ ਖ਼ਤ ਪੜ੍ਹ ਕੇ ਸੁਣਾ ਰਿਹਾ ਸੀ ਕਿ ਨਿਰਣੇ ਅਨੁਸਾਰ ਮੰਗਨੀ ਵਾਸਤੇ ਆਉਣ ਦੀ ਅਜੇ ਲੋੜ ਨਹੀਂ।

ਰਾਜਨ ਨੇ ਜਾ ਕੇ ਪੁੱਛਿਆ—

''ਚਿੱਠੀ ਲਿਖ ਲਈ ?''

ਕੁੰਏਨ ਚੰਨ ਨੇ ਆਖਿਆ—

''ਠੀਕ ਹੈ ! ਅਜ ਹੀ ਭੇਜ ਦਿਓ।''

''ਜ਼ਰਾ ਵੇਖਾਂ।''

ਹਿਚਕਨ ਦੇ ਬਾਵਜੂਦ ਵੀ ਮਾਤੁਕੁੱਟੀ ਨੇ ਚਿੱਠੀ ਰਾਜਨ ਦੇ ਹੱਥ ਵਿਚ ਦੇ ਦਿਤੀ।

ਚਿੱਠੀ ਪੜ੍ਹੀ। ਹੁਣ ਰਾਜਨ ਬੋਲਿਆ—

''ਪਿਤਾ ਜੀ ਇਹ ਨਹੀਂ ਭੇਜਣੀ। ਸ਼ਾਦੀ ਉਥੇ ਹੀ ਕਰਨੀ ਹੈ। ਸਾਡਾ ਮਤਲਬ ਲੜਕੀ ਨਾਲ ਹੀ ਹੈ। ਮੈਨੂੰ ਉਹ ਚੰਗੀ ਲੱਗੀ ਹੈ।

''ਛੀ, ਛੀ, ਮਾਨ-ਅਪਮਾਨ ਨਾ ਜਾਨਣ ਵਾਲੇ ਮੂਰਖ ਤੂੰ ਕੀ ਕਹਿਨਾ ਏਂ ? ਦੇ ਚਿੱਠੀ।''

''ਨਹੀਂ ਭੇਜਣੀ।''

ਉਸ ਚਿੱਠੀ ਫੀਤਾ-ਫੀਤਾ ਕਰਕੇ ਦੂਰ ਸੁਟ ਦਿਤੀ। ਨਾਲ ਹੀ ਮਾਤੁਕੁੱਟੀ ਨੇ ਬੇਟੇ ਦੇ ਮੂੰਹ ਉਤੇ ਇਕ ਤਮਾਚਾ ਦੇ ਮਾਰਿਆ।

''ਕੀ ਤੈਨੂੰ ਇਹ ਹੀ ਚਾਹੀਦੀ ਹੈ ? ਇਹ ਹੀ ਚਾਹੀਦੀ ਹੈ ?......''

ਮਾਤੁਕੁੱਟੀ ਗੁੱਸੇ ਨਾਲ ਕੰਬ ਰਿਹਾ ਸੀ। ਚਾਰ ਪੰਜ ਪਲ ਤੱਕ ਰਾਜਨ ਅੱਖੀਆਂ ਝਪਕੇ ਬਗੈਰ ਪਿਤਾ ਵਲ ਵੇਖਦਾ ਰਿਹਾ। ਫਿਰ ਬੋਲਿਆ—

''ਇਸ ਵਿਚ ਝਿਜਕ ਕਿਉਂ ? ਮੈਨੂੰ ਜੋ ਲੜਕੀ ਪਸੰਦ ਆਵੇਗੀ ਉਸੇ ਨਾਲ ਸ਼ਾਦੀ ਕਰਾਂਗਾ ।''

''ਸ਼ਾਦੀ ਕਰੇਗਾ......''

ਮਾਤੁਕੁੱਟੀ ਇਕ ਗੰਦੀ ਗਾਲ੍ਹੀ ਕਢਦਾ ਹੋਇਆ ਰਾਜਨ ਵਲ ਫਿਰ ਵਧਿਆ । ਰਾਜਨ ਨੇ ਉਸ ਦਾ ਹੱਥ ਖੁਦ ਪਕੜ ਲਿਆ—ਕੀ ਗੱਲ ਏ ? ਕੀ ਮੈਂ ਕੁਝ ਤੁਹਾਥੋਂ ਖੋਹਿਆ ਹੈ ਜਾਂ ਕੁਝ ਚੁਰਾਇਆ ਹੈ ਜੋ ਮਾਰਨ ਆਏ ਹੋ ?''

ਦੀਨਾਮਾ ਦੋਹਾਂ ਦੇ ਦਰਮਿਆਨ ਆ ਗਈ ਤੇ ਬੇਟੇ ਦੀ ਪਕੜ ਤੋਂ ਪਤੀ ਦਾ ਹੱਥ ਛੁਡਾਉਂਦੀ ਹੋਈ ਬੋਲੀ—

''ਇਹ ਕੀ ਗੱਲ ਏ । ਬਾਪ-ਬੇਟਾ ਦੋਵੇਂ ਹੀ ਪਾਗਲ ਹੋ ਗਏ ਹੋ ?''

ਕੁੰਏਨਾਚੰਨ ਤੜਫ ਕੇ ਮੰਜੀ ਤੋਂ ਉਠਿਆ ।

''ਲੜਕੇ ਨੂੰ ਨਾ ਮਾਰ । ਉਸ ਨੇ ਅਵਿਵੇਕ ਦੀ ਕੋਈ ਗੱਲ ਆਖੀ ਹੀ ਨਹੀਂ ਕਿ ਉਸ ਨੂੰ ਮਾਰ ਸੁਟਣਾ ਚਾਹੀਦਾ ਹੈ ?''

ਸਿਸਿਲੀ ਮੁੰਨੀ ਮਾਂ ਨੂੰ ਚੰਬੜ ਕੇ ਜ਼ੋਰ-ਜ਼ੋਰ ਦੀ ਰੋਣ ਲੱਗ ਪਈ ।

''ਨਿਕਲ ਜਾ । ਤੂੰ ਮੇਰਾ ਕੁਝ ਨਹੀਂ ਲਗਦਾ, ਜਾ ।''

''ਪਿਤਾ ਜੀ ਤੁਸੀਂ ਆਪਣੀ ਕਮਾਈ 'ਚੋਂ ਮੈਨੂੰ ਕੁਝ ਨਾ ਦੇਣਾ । ਇਹ ਘਰ ਮੇਰੇ ਦਾਦਾ ਜੀ ਦਾ ਹੈ ।''

ਦੀਨਾਮਾ ਚੀਕ ਉਠੀ—

''ਚੁਪ ਰਹੋ ਰਾਜਨ । ਕੁਝ ਵੀ ਹੋਵੇ ਤੇਰੇ ਪਿਤਾ ਜੀ ਨੇ ?''

''ਕੀ ਪਿਤਾ ਬੇਟੇ ਨੂੰ ਇਸ ਤਰ੍ਹਾਂ ਮਾਰਦੇ ਨੇ ਚਾਚੀ ਜੀ ? ਕੀ ਬੇਟਿਆਂ ਨੂੰ ਸੁਨਾਣ ਲਾਇਕ ਹੀ ਗਾਲ੍ਹੀ ਦਿਤੀ ਹੈ ?''

ਕੁੰਏਨਾਚੰਨ ਨੇ ਆਖਿਆ—''ਓਏ ਮਾਰੇਗਾ । ਗਾਲ੍ਹੀ ਵੀ ਦੇਵੇਗਾ । ਹਾਂ, ਪਿਤਾ ਨੂੰ ਨਿੰਦਨ ਵਾਲੇ ਨੂੰ ਪਰਮੇਸ਼ਰ ਦੰਡ ਦੇਵੇਗਾ । ਮੇਰਾ ਘਰ ਮੇਰੇ ਬੇਟੇ ਦਾ ਹੈ—ਤੂੰ ਜਾ, ਜਾ ਓਏ ।''

ਕੁੰਏਨਾਚੰਨ ਹੱਫ ਰਿਹਾ ਸੀ । ਰਾਜਨ ਰੁਕਿਆ ਨਹੀਂ । ਉਹ ਤੇਜ਼ੀ ਨਾਲ ਨਿਕਲ ਕੇ ਬਾਹਰ ਚਲਾ ਗਿਆ । ਹੁਣ ਮਾਤੁਕੁੱਟੀ ਨੇ ਸਾਰਾ ਗੁੱਸਾ ਦੀਨਾਮਾ ਤੇ ਉਤਾਰਿਆ—

''ਇਕੱਲੀ ਤੂੰ ਹੀ ਇਸ ਮੁੰਡੇ ਨੂੰ ਸਿਰ ਚੜ੍ਹਾਇਆ ਹੋਇਆ ਹੈ । ਇਕੱਲੀ ਤੂੰ ਹੀ ।''

ਦੀਨਾਮਾ ਨੇ ਜਵਾਬ ਨਹੀਂ ਦਿਤਾ । ਅੱਗ ਠੰਡੀ ਹੋ ਗਈ । ਦੀਨਾਮਾ ਦੇ ਦਿਲ ਵਿਚ ਡਰ ਸੀ ਕਿ ਇਹ ਮਾਮਲਾ ਜਲਦੀ ਖਤਮ ਹੋਣ ਵਾਲਾ ਨਹੀਂ । ਜਿਸ ਚੀਜ਼ ਤੇ ਦਿਲ ਆ ਗਿਆ ਉਹ ਉਸ ਲਈ ਜਾਨ ਤਕ ਦੇ ਦੇਵੇਗਾ ।......

''ਉਸ ਕੁੜੀ ਨੇ ਉਸ ਨੂੰ ਕੁਝ ਦੇ ਦਿਤਾ ਹੋਣਾ ਹੈ ।''

ਕੁੰਏਨਾਚੰਨ ਨੇ ਪੁਛਿਆ—

''ਕੀ ਏ ? ਕੀ ਏ ?''

ਕਿਸੇ ਜਵਾਬ ਨਹੀਂ ਦਿਤਾ। ਭਰੀ ਪੀਤੀ ਚੁੱਪ। ਫੈਲਦੀ ਅੱਗ ਦੀ ਸੂਹ ਕੱਢ ਕੇ ਮਾਨੋ ਇਕ ਜਗ੍ਹਾ ਤੋਂ ਬੁਝਾਈ ਗਈ ਹੋਵੇ ਤੇ ਸ਼ਾਂਤੀ ਲਿਆਂਦੀ ਗਈ ਹੋਵੇ।...

ਕੀਵਰੀਤ ਤੇ ਕੁੰਯਪੀ ਫਿਰ ਆਏ। ਇਸ ਵਾਰ ਕੁੰਯੁਚੇਰੁਕਨ ਵੀ ਨਾਲ ਸੀ। ਦੀਨਾਮਾ ਖੁਦ ਕੁੰਯੁਚੇਰੁਕਨ ਤੇ ਫਿਲਿਪਿਓਸ ਨੂੰ ਬੁਲਾਉਣ ਗਈ ਸੀ। ਫਿਲਿਪਿਓਸ ਬਾਗ ਖਰੀਦਣ ਮਾਲਾਬਾਰ ਗਿਆ ਹੋਇਆ ਸੀ।

ਨਵੇਂ ਹਾਲਾਤ ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਪਾੜੀ ਗਈ ਚਿੱਠੀ ਦੀ ਥਾਂ ਨਵੀਂ ਚਿੱਠੀ ਲਿਖਣ ਲਈ ਮਾੜੂਕੁੱਟੀ ਜ਼ੋਰ ਦੇ ਰਿਹਾ ਸੀ। ਕੁੰਯੁਚੇਰੁਕਨ ਨੇ ਹੀ ਮਨ੍ਹਾ ਕੀਤਾ। ਚਾਰ ਆਦਮੀਆਂ ਦੀ ਗੱਲ ਦਾ ਖੰਡਨ ਕੀਤੇ ਬਗੈਰ ਕਿਵੇਂ ਰਹੇ?

"ਨਹੀਂ, ਨਹੀਂ। ਫਾਦਰ ਸੰਬੰਧੀ ਕਿਸੇ ਦੇ ਮੂੰਹੋਂ ਗਲਤ ਗੱਲ ਸੁਣ ਕੇ ਇਸ ਤਰ੍ਹਾਂ ਦੀ ਬੇਈਮਾਨੀ ਨਹੀਂ ਕਰਨੀ ਚਾਹੀਦੀ।"

ਕੀਵਰੀਤ ਨੇ ਪੁਛਿਆ—"ਤੂੰ ਇਹ ਕੀ ਆਖ ਰਿਹਾ ਹੈਂ?"

"ਉਹੀ ਜੋ ਆਖਿਆ ਸੀ।"

"ਫਾਦਰ ਦੇ ਸੁਝਾਓ ਤੇ ਆਏ ਰਿਸ਼ਤੇ ਨੂੰ ਨਾ ਪਸੰਦ ਹੋਵੇ ਤਾਂ ਵੀ ਕਰਨਾ ਹੀ ਪਵੇਗਾ?"

"ਕਿਹੜੀ ਗੱਲ ਨਾਪਸੰਦ ਹੈ? ਦੱਸੋ ਨਾ?"

"ਗੱਲ ਦੱਸਾਂ। ਸਵਾਹ ਤੇ ਵੱਟੇ। ਮੇਰੀ ਬਲਾ ਤੋਂ।"

ਕੁੰਯਪੀ ਨੇ ਵਿਚ ਦਖਲ ਦਿੰਦੇ ਹੋਏ ਆਖਿਆ—ਖੈਰ, ਚਾਚੀ ਜੀ! ਮੰਨ ਲਵੋ ਕਿ ਅਸੀਂ ਛੱਡ ਦਿੰਦੇ ਹਾਂ।"

ਜੇ ਰਾਜਨ ਜ਼ਿਦ ਕਰੇ ਕਿ ਮੈਂ ਇਸੇ ਲੜਕੀ ਨਾਲ ਸ਼ਾਦੀ ਕਰਨੀ ਹੈ ਤਾਂ? ਉਹ ਜੇ ਲੜਕੀ ਨੂੰ ਲੈ ਕੇ ਰਜਿਸਟਰਾਰ ਦੀ ਕਚਹਿਰੀ ਵਿਚ ਜਾ ਕੇ ਸ਼ਾਦੀ ਕਰ ਲਏ ਤਾਂ? ਫਿਰ ਕੀ ਕਰੋਗੇ?

"ਜੇ ਨਾ ਮੰਨਿਆ ਤਾਂ ਜਿਵੇਂ ਉਸ ਦੇ ਮਨ ਆਵੇ ਕਰੇ।"

"ਵਾਹ! ਇਸ ਵਿਚ ਉਸ ਨੂੰ ਬੜਾ ਘਾਟਾ ਪੈ ਚਲਿਆ ਹੈ? ਉਸ ਨੂੰ ਸਰਕਾਰੀ ਤਨਖਾਹ ਮਿਲਦੀ ਹੈ। ਉਸ ਨੂੰ ਤੁਹਾਡੀ ਮਿਹਰਬਾਨੀ ਦੀ ਲੋੜ ਨਹੀਂ।"

"ਤਾਂ? ਕੀ ਮੈਂ ਉਸ ਤੋਂ ਡਰਾਂ?"

"ਡਰਨਾ ਹੈ। ਜ਼ਮਾਨਾ ਹੀ ਇਸ ਤਰ੍ਹਾਂ ਦਾ ਹੈ।"

ਸਭ ਲੋਕ ਕਿਸੇ ਨਤੀਜੇ ਤੇ ਪੁੱਜੇ ਬਗੈਰ ਆਪਣੇ-ਆਪਣੇ ਘਰ ਚਲੇ ਗਏ।

ਰਾਜਨ ਮੁੜ ਆਪਣੇ ਨਾਨਕੇ ਚਲਾ ਗਿਆ। ਉਸ ਦੇ ਚਾਰ ਮਾਮੇ ਸਨ। ਚਾਰੋਂ ਹੀ ਲੈਣ-ਦੇਣ ਦਾ ਧੰਦਾ ਕਰਦੇ, ਪੈਸੇ ਕਮਾਉਂਦੇ ਸਨ। ਸ਼ਾਦੀਆਂ ਹੋ ਜਾਣ ਦੇ ਬਾਅਦ ਵੀ ਸਭ ਮਿਲ ਕੇ ਰਹਿੰਦੇ ਸਨ। ਬੈਂਕ, ਚਿੱਟ ਵਗੈਰਾ ਦਾ ਧੰਦਾ ਕਰਦੇ ਸਨ। ਸਾਂਝੀ ਕਮਾਈ ਤੇ ਬਹੁਤ ਪ੍ਰੇਮ ਪਿਆਰ। ਰਾਜਨ ਜਦ ਉਥੇ ਪੁੱਜਾ ਤਾਂ ਉਸ ਦਾ ਚਿਹਰਾ ਬਹੁਤ ਉਤਰਿਆ ਹੋਇਆ ਸੀ। ਮਾਮੇ ਤੇ ਮਾਮੀਆਂ ਰਾਜਨ ਨੂੰ ਆਪਣੀਆਂ ਅੱਖੀਆਂ ਦਾ ਤਾਰਾ ਸਮਝਦੇ ਸਨ। ਸਭ ਨੇ ਅੱਡ-ਅੱਡ ਉਦਾਸੀ ਦਾ ਕਾਰਨ ਪੁਛਿਆ—

"ਉਹ ਕੀ ਹੋਇਆ ਹੈ?"

''ਕੀ ਹੋਇਆ ਹੈ ਰਾਜਨ ਬੇਟਾ ?''

ਰਾਜਨ ਆਪਣੇ ਆਪ ਨੂੰ ਕਾਬੂ ਵਿਚ ਨਾ ਰਖ ਸਕਿਆ ਤੇ ਰੋ ਪਿਆ। ਹੁਣ ਹੀ ਉਸ ਨੂੰ ਪਤਾ ਲੱਗਾ ਕਿ ਉਹ ਕਿੰਨਾ ਕਮਜ਼ੋਰ ਦਿਲ ਹੈ। ਸਾਰੀ ਗੱਲ ਵੀ ਸਾਫ-ਸਾਫ ਨਹੀਂ ਦਸ ਸਕਿਆ। ਸੁੱਜੀ ਹੋਈ ਗਲ੍ਹ ਵੇਖ ਕੇ ਵੱਡੇ ਮਾਮਾ ਕੋਚੁਕੁੱਟੀ ਬੋਲੇ—

''ਚਲ। ਮੈਂ ਨਾਲ ਚਲਾਂਗਾ। ਇਸ ਦਾ ਮਤਲਬ ਅਸੀਂ ਆਪੇ ਸਮਝ ਲਵਾਂਗੇ।''

ਮਾਮਾ ਤੇ ਭਨੇਵਾਂ ਦੋਵੇਂ ਇਕੱਠੇ ਆਏ। ਸ਼ਾਮ ਤਕ ਉਡੀਕਣ ਦੇ ਬਾਅਦ ਹੀ ਮਾਤੁਕੁੱਟੀ ਨਾਲ ਗੱਲਬਾਤ ਹੋ ਸਕੀ। ਉਦੋਂ ਤਕ ਕੋਚੁਕੁੱਟੀ ਨੇ ਕੁੰਏਨਾਚੰਨ ਜਾਂ ਦੀਨਾਮਾ ਨਾਲ ਆਪਣੇ ਦਿਲ ਦੀ ਗੱਲ ਨਹੀਂ ਕੀਤੀ। ਦੀਨਾਮਾ ਨੇ ਮਨਾਉਣ-ਸਮਝਾਉਣ ਦੇ ਕਈ ਪ੍ਰਯਤਨ ਵੀ ਕੀਤੇ, ਪਰ ਬੇਕਾਰ। ਮਾਤੁਕੁੱਟੀ ਕੋਚੁਕੁੱਟੀ ਨੂੰ ਆਪਣੇ ਘਰ ਦੇ ਬਰਾਮਦੇ ਵਿਚ ਵੇਖ ਕੇ ਕੁਝ ਦੁਚਿੱਤੀ ਵਿਚ ਪੈ ਗਿਆ।

''ਅੱਛਾ ਦੇਵਰ ਕਦ ਆਏ ?''

''ਦੁਪਹਿਰੀਂ।''

ਮਾਤੁਕੁੱਟੀ ਚੁਪਚਾਪ ਚੌਂਕੇ ਵਿਚ ਚਲਾ ਗਿਆ। ਚਤੁਰਾਈ ਨਾਲ ਪਤਨੀ ਤੋਂ ਪੁਛਿਆ ਕਿ ਕੋਈ ਗੱਲਬਾਤ ਤਾਂ ਨਹੀਂ ਹੋਈ। ਦੋਵੇਂ ਇਕ ਉਮਰ ਦੇ ਹੀ ਸਨ ਤੇ ਪਹਿਲਾਂ ਬਹੁਤ ਪੱਕੇ ਮਿੱਤਰ ਹੁੰਦੇ ਸਨ।

ਮਾਤੁਕੁੱਟੀ ਬਾਹਰ ਆ ਗਿਆ।

''ਕੋਈ ਖਾਸ ਗੱਲ ਤਾਂ ਨਹੀਂ ?''

''ਸੁਣਿਆ ਹੈ ਕਿ ਇਥੇ ਖਾਸ ਸਮਾਚਾਰ ਹੈ। ਉਹ ਜਾਨਣ ਵਾਸਤੇ ਹੀ ਆਇਆ ਹਾਂ।''

''ਹਾਂ, ਕੀ ਉਸ ਨੇ ਕੁਝ ਨਹੀਂ ਦਸਿਆ ?''

''ਠੀਕ ਠੀਕ ਨਹੀਂ ਦਸਿਆ, ਸੁੱਜੀ ਹੋਈ ਗਲ੍ਹ ਨਜ਼ਰੀਂ ਪਈ ਹੈ।''

''ਓਹੋ ! ਕੀ ਪੁੱਛਣ ਆਏ ਓ ?''

ਨਹੀਂ, ਨਹੀਂ। ਬੇਟਾ ਤੇਰਾ ਹੀ ਹੈ। ਮਾਰ ਕੇ ਕਿਧਰੇ ਦਫਨਾ ਦੇ ਤਾਂ ਵੀ ਕੌਣ ਪੁਛੇਗਾ ?''

''ਤੇ ਫਿਰ ?''

''ਕੁਝ ਨਹੀਂ। ਰਿਸ਼ਤੇ ਦੇ ਲੋਕ ਹਨ ਨਾ। ਸੁਣਿਆ ਹੈ ਕਿ ਤੁਸਾਂ ਲੋਕਾਂ ਸ਼ਾਦੀ ਦੀ ਗੱਲ ਕੀਤੀ ਸੀ। ਹੁਣ ਸੁਣਿਆ ਹੈ ਕਿ ਮਾਮਲਾ ਮਾਰ-ਕੁਟਾਈ ਤੇ ਆ ਗਿਆ ਹੈ।''

''ਕੀ ਆਏ ਹੋਏ ਰਿਸ਼ਤੇ ਸਾਰੇ ਹੀ ਕੀਤੇ ਜਾਂਦੇ ਹਨ ?''

''ਨਹੀਂ। ਪਰ ਤੁਹਾਡੇ ਦਸੇ ਅਨੁਸਾਰ ਉਹ ਗਿਆ ਤੇ ਲੜਕੀ ਵੇਖੀ। ਲੜਕੀ ਪਸੰਦ ਆ ਗਈ। ਹੁਣ ਕੀ ਬਖੇੜਾ ਹੈ ?''

ਕੁੰਏਨਾਚੰਨ ਨੇ ਆਖਿਆ—

''ਅਰੇ ਕੋਚੁਕੁੱਟੀ, ਸੁਣਿਆ ਹੈ ਕਿ ਉਸ ਦੀ ਮਾਂ ਦਾ ਚਾਲ ਚਲਣ ਠੀਕ

ਨਹੀਂ ।''

''ਚਾਲ ਚਲਣ ਕਿਹਾ ਠੀਕ ਨਹੀਂ ? ਅਸਾਂ ਮਾਂ ਨਾਲ ਨਹੀਂ, ਬੇਟੀ ਨਾਲ ਸ਼ਾਦੀ ਕਰਨੀ ਹੈ ਨਾ ?''

ਮਾਤੁਕੁੱਟੀ ਨੇ ਚਲਾਕੀ ਨਾਲ ਇਸ ਸਮੱਸਿਆ ਨੂੰ ਹਲ ਕਰਨ ਦਾ ਯਤਨ ਕੀਤਾ—

''ਸਾਲਾ ਸਾਹਿਬ, ਮਨ ਵਿਚ ਗਲਤਫਹਿਮੀ ਰਖ ਕੇ ਨਾ ਗੱਲ ਕਰਨੀ । ਕੀ ਸ਼ਾਦੀ ਪੱਕੀ ਕੀਤੇ ਬਗੈਰ ਸਾਨੂੰ ਸਭ ਗੱਲਾਂ ਦਾ ਪਤਾ ਲਗ ਸਕਦਾ ਹੈ ? ਪੁਛਗਿਛ ਕੀਤੀ ਜਾਂਦੀ ਹੈ, ਠੀਕ ਲੱਗੇ ਤਾਂ ਸ਼ਾਦੀ ਹੋ ਜਾਂਦੀ ਹੈ । ਸਾਲਾ ਸਾਹਿਬ ਦੇ ਸੰਬੰਧ ਵਿਚ ਤਾਂ ਇਹ ਹੀ ਗੱਲ ਲਾਗੂ ਹੁੰਦੀ ਹੈ ਨਾ ?''

ਅਨੁਕੂਲ ਮੌਕਾ ਵੇਖ ਕੇ ਦੀਨਾਮਾ ਨੇ ਮਾਤੁਕੁੱਟੀ ਦੀ ਹਾਮੀ ਭਰੀ—

''ਕੀ ਅਸੀਂ ਰਾਜਨ ਬੇਟੇ ਨੂੰ ਕੰਡਿਆਂ ਤੇ ਘਸੀਟਨ ਵਾਲਾ ਕੋਈ ਕੰਮ ਕਰ ਸਕਦੇ ਹਾਂ ?''

''ਸੋ ਸਭ ਠੀਕ ਹੈ । ਸਾਲਾ ਸਾਹਿਬ ਦੇ ਮਾਮੇ ਦੇ ਪੁੱਤਰ ਕਾਰਤਿਕ ਪੱਲੀ ਵਾਲੇ ਫਾਦਰ ਹੀ ਇਹ ਰਿਸ਼ਤਾ ਲਿਆਏ ਸਨ । ਜਿਸ ਗੱਲ ਨੂੰ ਵੇਖ ਕੇ ਇਕ ਸੂਝ-ਬੂਝ ਵਾਲਾ ਵਿਅਕਤੀ ਇਕ ਅਨੁਕੂਲ ਸਿੱਟੇ ਤੇ ਪੁੱਜੇ ਉਸ ਨੂੰ ਮੰਨਣਾ ਹੀ ਚਾਹੀਦਾ ਹੈ । ਤੁਸਾਂ ਜਾ ਕੇ ਵੇਖਿਆ ਤਾਂ ਤੁਹਾਨੂੰ ਵੀ ਰਿਸ਼ਤਾ ਪਸੰਦ ਆਇਆ । ਹੁਣ ਕਿਵੇਂ ਪਤਾ ਲੱਗਾ ਕਿ ਮਾਂ ਦਾ ਚਾਲ ਚਲਣ ਖਰਾਬ ਹੈ । ਪੂਰੀ ਗੱਲ ਦੱਸੋ ।''

ਮਾਤੁਕੁੱਟੀ ਹੁਣ ਉਲਝਣ ਵਿਚ ਫਸ ਗਿਆ । ਦੀਨਾਮਾ ਵੀ ਦੁਬਿਧਾ ਵਿਚ ਸੀ । ਕਿਵੇਂ ਕਹਿਣ ਕਿ ਲੜਕੀ ਫਾਦਰ ਦੀ ਧੀ ਹੈ । ਇਹ ਕਹਿਣਾ ਹੀ ਸ਼ਰਮ ਦੀ ਗੱਲ ਹੈ । ਤੇ ਦੂਜਾ ਇਹ ਕਹਿਣ ਦੀ ਬੁਨਿਆਦ ? ਸੁਣੀ ਸੁਣਾਈ ਗੱਲ । ਇਸ ਲਈ ਕੁਝ ਗੋਲਮੋਲ ਗੱਲ ਕਰਨ ਲੱਗੇ—

''ਜਵਾਨੀ 'ਚ ਪਤੀ ਮਰ ਗਿਆ । ਘਰ ਵਿਚ ਕੋਈ ਹੁਕਮ ਮਨਾਉਣ ਵਾਲਾ ਨਹੀਂ ਸੀ । ਇਸ ਹਾਲਤ ਵਿਚ ਆਸਾਨੀ ਨਾਲ ਬਹਿਕ ਸਕਦੀ ਸੀ ਨਾ ?''

''ਛੀ ਛੀ ਕੀ ਗੱਲ ਕਰਦੇ ਹੋ ?......ਉਸ ਧਰਮ ਪ੍ਰਦੇਸ਼ ਦੇ ਗਿਰਜੇ ਦੇ ਪਾਦਰੀ......ਤੁਹਾਡੇ ਮਾਮਾ ਦੇ ਪੁੱਤਰ......ਜੋ ਹਾਮੀ ਭਰਦੇ ਹਨ ਉਹ ਕੀ ਉਸ ਔਰਤ ਦੇ ਚਾਲ ਚਲਣ ਦੇ ਠੀਕ ਹੋਣ ਲਈ ਕਾਫੀ ਸਬੂਤ ਨਹੀਂ ?''

''ਕੀ ਫਾਦਰ ਨੂੰ ਸਭ ਕੁਝ ਪਤਾ ਹੋਵੇਗਾ ?''

''ਇਹ ਜਾਨਣਾ ਹੀ ਕਾਫੀ ਹੈ । ਰਾਜਨ ਨੂੰ ਇਹ ਰਿਸ਼ਤਾ ਪਸੰਦ ਹੈ । ਇਹੋ ਕਰੋ ।''

ਮਾਤੁਕੁੱਟੀ ਨੇ ਕੋਚੁਕੁੱਟੀ ਦੇ ਚਿਹਰੇ ਵਲ ਧਿਆਨ ਨਾਲ ਵੇਖਿਆ । ਇਹ ਤਾਂ ਲੜਨ ਲਈ ਤਿਆਰ ਹੋ ਕੇ ਆਇਆ ਹੈ । ਹੁਣ ਸਮਝਾਣ ਬੁਝਾਣ ਦਾ ਕੋਈ ਲਾਭ ਨਹੀਂ ।......

ਕੰਦੇਨਾਚੰਨ ਨੇ ਪੁੱਛਿਆ—

''ਕੋਚੁਕੁੱਟੀ ਨੇ ਕੀ ਆਖਿਆ ਹੈ ?''

"ਉਥੇ ਹੀ ਵਿਆਹ ਕਰੋ ।"

"ਨਾਮੁਮਕਿਨ ।"

ਮਾਤੁਕੁੱਟੀ ਬੋਲਿਆ—

"ਇਹ ਗੱਲ ਛੱਡੋ ਸਾਲਾ ਸਾਹਿਬ, ਉਸ ਦੀ ਉਮਰ ਕੋਈ ਅਠਾਈ, ਤੀਹ ਸਾਲ ਦੀ ਤਾਂ ਨਹੀਂ ਹੋ ਗਈ ?"

"ਉਸ ਦੀ ਗੱਲ ਵੀ ਤਾਂ ਸੁਣੋ, ਭਣੋਈ ਸਾਹਿਬ ।"

ਦੀਨਾਮਾ ਬੋਲੀ—

"ਕੋਚੁਕੁੱਟੀ ਭਈਆ, ਇਹ ਤਾਂ ਰਾਜਨ ਦੇ ਚਾਚਾ ਵੀ ।"

"ਤੂੰ ਅੰਦਰ ਜਾ ।"

"ਰਾਜਨ ਦੀ ਇੱਛਾ ਹੈ ਕਿ ਇਹੀ ਰਿਸ਼ਤਾ ਹੋਵੇ ।"

ਮਾਤੁਕੁੱਟੀ ਦੇ ਹੋਠਾਂ ਤੇ ਵਿਅੰਗ ਭਰਿਆ ਹਾਸਾ ਸੀ—

"ਆਦਮੀ ਦੀਆਂ ਸਭ ਇਛਾਵਾਂ ਕਿਵੇਂ ਪੂਰੀਆਂ ਹੋਣ ? ਇਹ ਹੀ ਹੋ ਜਾਏ ਤਾਂ ਸਾਰਾ ਝੰਜਟ ਹੀ ਖਤਮ ਸਮਝੋ ।"

"ਖੈਰ ਜੇ ਉਹ ਕਿਧਰੋਂ ਕਿਸੇ ਲੜਕੀ ਨੂੰ ਲੈ ਆਵੇ ਤਾਂ ਭਣੋਈ ਸਾਹਿਬ ਕੀ ਕਰਨਗੇ ?"

"ਇਹ ਤਾਂ ਹੱਠ ਹੈ । ਇਹੀ ਹੋਇਆ ਤਾਂ ਵੇਖਿਆ ਜਾਏਗਾ । ਕਿਸੇ ਵੀ ਹਾਲਤ ਵਿਚ ਉਹ ਮੇਰੇ ਕਾਬੂ 'ਚੋਂ ਨਿਕਲ ਕੇ ਕਿਧਰੇ ਨਹੀਂ ਜਾ ਸਕਦਾ । ਮੈਂ ਆਪਣੇ ਬਾਪ ਦੇ ਇਸ਼ਾਰੇ ਤੇ ਜੀ ਜੀਉਂਦਾ ਰਿਹਾ ਹਾਂ ।"

"ਉਹ ਗੱਲ ਛੱਡੋ, ਉਹ ਤਾਂ ਸਭ ਜਾਣਦੇ ਹਨ ।"

"ਕੀ ਜਾਣਦੇ ਹਨ ?"

"ਕਹਿਣਾ ਠੀਕ ਨਹੀਂ ।"

"ਕਹੋ ਨਾ, ਸੁਣਾ ਤਾਂ ਸਹੀ ।"

"ਕੀ ਪਿਤਾ ਜੀ ਦੇ ਹੁਕਮ ਨਾਲ ਹੀ ਸੈਂਤੀ ਸਾਲ ਦੀ ਉਮਰ ਵਿਚ ਇਕ ਬਾਲਗ ਲੜਕੇ ਦਾ ਬਾਪ ਹੋਣ ਦੇ ਬਾਅਦ ਅਠਾਰਾਂ ਸਾਲ ਦੀ ਲੜਕੀ ਨਾਲ ਮੁਹੱਬਤ ਕਰਕੇ ਸ਼ਾਦੀ ਕੀਤੀ ਸੀ ?"

"ਤਾਂ ਕੀ ਤੁਹਾਡੀ ਭੈਣ ਦੇ ਮਰ ਜਾਣ ਤੇ ਮੈਨੂੰ ਸੰਨਿਆਸ ਲੈ ਲੈਣਾ ਚਾਹੀਦਾ ਸੀ ?"

ਉਸ ਵੇਲੇ ਦੀਨਾਮਾ ਦਰਵਾਜ਼ੇ ਦੀ ਆੜ 'ਚੋਂ ਬਾਹਰ ਆ ਗਈ ।

"ਹਰੇਕ ਆਦਮੀ ਆਪਣੀ ਸੁਵਿਧਾ ਅਨੁਸਾਰ ਚਲਦਾ ਹੈ । ਇਸ ਸੱਜਨ ਦੀ ਲੜਕੀ ਪੜ੍ਹਨ ਗਈ ਤੇ ਕਿਸੇ ਨਾਲ ਨਿਕਲ ਗਈ ਤੇ ਮੁੜੀ ਹੀ ਨਾ ? ਉਸ ਬਾਰੇ ਕੀ ਆਖਦੇ ਹੋ ?"

ਮਾਤੁਕੁੱਟੀ ਨੇ ਮੁੜ ਕੇ ਆਪਣੀ ਪਤਨੀ ਦੇ ਇਕ ਥੱਪੜ ਜੜ ਦਿਤਾ—
"ਕੁਲੱਛਨੀ । ਚਲ ਅੰਦਰ ।"

"ਵਾਹ, ਇਸ ਬਰਾਮਦੇ ਵਿਚ ਆ ਕੇ ਮੇਰੇ ਮੂੰਹ ਤੇ ਗਲਤ ਬੋਲੇ ਤਾਂ ਮੈਂ ਕੀ

ਚੱਪ ਰਹਾਂ ?''

''ਕੈਸੀ ਗਲਤ ਗੱਲ ?''

''ਗੱਲ ਨਾ ਵਧਾਉਣੀ ਹੀ ਚੰਗੀ ਹੈ।''

''ਨਹੀਂ ਵਧਾਉਂਦੇ।''

ਕੁੰਏਨਾਚੰਨ ਸੋਟੀ ਟੇਕਦੇ ਹੋਏ ਉਠ ਖੜੋਤੇ—

''ਕੀ ਮੈਨੂੰ ਪਾਣੀ ਗਰਮ ਕਰਕੇ ਦੇਣ ਵਾਲੀ ਲੜਕੀ ਨੂੰ ਗਾਲ੍ਹੀਆਂ ਦੇਣ ਲਈ ਹੀ ਤੂੰ ਆਇਆ ਹੈਂ ?''

ਕੋਚੁਕੱਟੀ ਉਠ ਬੈਠੇ ਤੇ ਜਾਂਦੇ-ਜਾਂਦੇ ਕਹਿਣ ਲੱਗੇ—

''ਜੇ ਭਲਮਾਨਸੀ ਨਾਲ ਗੱਲ ਬਣ ਜਾਏ ਤਾਂ ਸਭ ਲਈ ਹੀ ਠੀਕ ਹੈ। ਤੇ ਜੇ ਸਰ ਫਤ ਛੱਡਣ ਦੀ ਹੀ ਗੱਲ ਹੈ ਤਾਂ ਵੀ ਕੋਈ ਡਰ ਨਹੀਂ।''

ਫਿਰ ਸਲਾਹ ਮਸ਼ਵਰਾ, ਬਹਿਸ ਮੁਬਾਹਿਸਾ, ਬੇਕਾਰ ਗੱਲਾਂ ਸਭ ਹੋਈਆਂ। ਰਾਜਨ ਨੇ ਪੂਰਾ ਹਫਤਾ ਭਰ ਘਰ ਭੋਜਨ ਨਹੀਂ ਕੀਤਾ। ਉਸ ਨੇ ਸਭ ਨੂੰ ਦਸ ਦਿਤਾ ਕਿ ਜੇ ਉਸ ਦੀ ਇਥੇ ਸ਼ਾਦੀ ਨਾ ਹੋਈ ਤਾਂ ਉਹ ਜ਼ਿੰਦਗੀ ਭਰ ਕਿਧਰੇ ਹੋਰ ਵਿਆਹ ਨਹੀਂ ਕਰਨ ਲੱਗਾ। ਮਾਂ ਮਹਿੱਟਰ ਹੋਣ ਦੇ ਨਾਤੇ ਉਸ ਦੀਆਂ ਸਭ ਗੱਲਾਂ ਮੰਨੀਂਦੀਆਂ ਰਹੀਆਂ ਸਨ। ਪਰ ਇਸ ਗੱਲ ਤੇ ਮਾਤੁਕੱਟੀ ਸਮਝੌਤੇ ਲਈ ਤਿਆਰ ਨਹੀਂ ਸੀ।

ਇਕ ਦਿਨ ਸਵੇਰੇ-ਸਵੇਰੇ ਕੀਵਰੀਤ ਨੇ ਮੇਲੋਝਤੂ ਘਰ ਆ ਕੇ ਮਾਤੁਕੱਟੀ ਨੂੰ ਜਗਾਇਆ। ਕੁੰਏਨਾਚੰਨ ਤਾਂ ਲੇਟੇ ਹੋਏ ਜਾਗਦੇ ਹੀ ਸਨ। ਵਿਆਹ ਦਾ ਸਵਾਲ ਉਠਣ ਦੇ ਬਾਅਦ ਉਨ੍ਹਾਂ ਦੀ ਨੀਂਦ ਹਰਾਮ ਹੋ ਚੁਕੀ ਸੀ। ਕੁੰਏਨਾਚੰਨ ਉਸ ਹਾਕਮ ਵਾਂਗ ਥੱਕੇ-ਟੁਟੇ ਤੇ ਉਦਾਸ ਸਨ ਜਿਸ ਦੀ ਹਕੂਮਤ ਦੇ ਇਲਾਕੇ ਉਤੇ ਦੂਜੇ ਲੋਕ ਕਬਜ਼ਾ ਕਰਕੇ ਆਪਸ ਵਿਚ ਵੰਡ ਰਹੇ ਹੋਣ। ਉਨ੍ਹਾਂ ਦੇ ਮੰਜੀ ਤੇ ਪੈ ਜਾਣ ਕਾਰਨ ਹੀ ਇਹ ਸਭ ਕੁਝ ਹੋਇਆ ਸੀ। ਉਨ੍ਹਾਂ ਦੀ ਤਾਕਤ ਦੇ ਦਿਨਾਂ ਵਿਚ ਇਸ ਤਰ੍ਹਾਂ ਦਗਾ-ਬਾਜ਼ੀ ਕਰਨ ਦੀ ਕਿਸੇ ਦੀ ਹਿੰਮਤ ਨਹੀਂ ਸੀ ਹੁੰਦੀ।

ਕੀਵਰੀਤ ਨੇ ਆਖਿਆ—

''ਪਿਤਾ ਜੀ, ਮੈਂ ਪਿਤਾ ਜੀ ਦਾ ਸਭ ਤੋਂ ਵੱਡਾ ਲੜਕਾ ਹਾਂ। ਪਿਤਾ ਜੀ ਦੀ ਸਿਹਤ ਠੀਕ ਨਾ ਹੋਣ ਕਾਰਨ ਆਪ ਦੇ ਨਿਰਬਾਹ ਦੀ ਜ਼ਿੰਮੇਵਾਰੀ ਦਾ ਭਾਰ ਹੁਣ ਮੇਰੇ ਸਿਰ ਹੈ, ਮੇਰਾ ਫੈਸਲਾ ਪਿਤਾ ਜੀ ਨੇ ਮੰਨਣਾ ਹੀ ਹੋਵੇਗਾ। ਮਾਤੁਕੱਟੀ ਇਸ 'ਚ ਇਨਕਾਰ ਨਾ ਕਰਨਾ।''

''ਕੀ ਗੱਲ ਹੈ ਭਈਆ ?''

''ਰਾਜਨ ਦੀ ਸ਼ਾਦੀ ਉਸੇ ਲੜਕੀ ਨਾਲ ਹੋਵੇ। ਸੁਫਨੇ ਵਿਚ ਪਰਮੇਸ਼ਰ ਨੇ ਮੈਨੂੰ ਇਹ ਹੀ ਫੈਸਲਾ ਸੁਣਾਇਆ ਹੈ।''

ਕੁੰਏਨਾਚੰਨ ਨੇ ਆਖਿਆ—

''ਭੈਣ-ਭਰਾ ਹਨ।''

''ਚੁੱਪ ਰਹੋ। ਬਕਵਾਸ ਨਾ ਕਰੋ। ਚਾਹੇ ਇਹ ਠੀਕ ਹੀ ਹੋਵੇ ਫਿਰ ਵੀ ਇੰਨੇ ਨਜ਼ਦੀਕ ਦੇ ਭਾਈ ਭੈਣ ਨਹੀਂ ਕਿ ਰਿਸ਼ਤਾ ਹੀ ਨਾ ਹੋ ਸਕੇ।''

ਦੀਨਾਮਾ ਬੋਲੀ—

''ਰਾਜਨ ਦੇ ਮਾਮੇ ਨੇ ਇਥੇ ਆ ਕੇ ਜੋ ਕੁਝ ਆਖਿਆ ਹੈ ਕੀ ਭਰਾ ਜੀ ਨੇ ਉਹ ਸੁਣਿਆ ਹੈ ?''

''ਸਭ ਸੁਣਿਆ ਹੈ। ਉਹ ਜੋ ਚਾਲ੍ਹੀ-ਪੰਜਾਹ ਭੇਜਦਾ ਹੈ ਉਸੇ ਦੇ ਸਿਰ ਹੁਸ਼ਿਆਰ ਹੋ ਕੇ ਤੁਸੀਂ ਗੁਜ਼ਾਰਾ ਕਰਦੇ ਹੋ। ਹਕੂਮਤ ਜਤਾ ਕੇ ਕੰਮ ਵਿਗਾੜ ਲਵੋਗੇ ਤਾਂ ਫਿਰ ਕੀ ਕਰੋਗੇ ?''

ਮਾਤੁਕੁੱਟੀ ਗੋਡਿਆਂ ਵਿਚ ਸਿਰ ਦੇ ਕੇ ਨੀਵੀਂ ਪਾਈ ਬੈਠਾ ਸੀ। ਮੂੰਹ ਨਹੀਂ ਚੁਕਿਆ। ਕੁੰਏਨਾਚੰਨ ਅੱਖਾਂ ਖੋਲ੍ਹੀ, ਮੂੰਹ ਅੱਧ ਖੁਲਾ ਇਓਂ ਲੇਟੇ ਹਨ ਜਿਵੇਂ ਇਹ ਸਾਰੀ ਗੱਲ ਉਨ੍ਹਾਂ ਦੀ ਸਮਝ ਵਿਚ ਨਾ ਆ ਰਹੀ ਹੋਵੇ। ਦਲੀਜ ਤੇ ਖੜੀ ਦੀਨਾਮਾ ਨਹੁੰ ਖੁਰਚਦੀ ਤਾੜੀ ਲਾਈ ਖੜੀ ਸੀ।

''ਪਿਤਾ ਜੀ''

''ਹੈਂ''

''ਕੀ ਮੈਂ ਸੱਚ ਨਹੀਂ ਆਖਿਆ ?''

''ਮੈਂ ਇਹ ਮੰਨ ਨਹੀਂ ਸਕਦਾ।''

''ਉਹ ਕਿਉਂ ?''

ਮਾਤੁਕੁੱਟੀ ਬੋਲਿਆ—

''ਭਈਆ ਦੇ ਇਸ ਪ੍ਰਸ਼ਨ ਦਾ ਮਤਲਬ ਕੁਝ ਨਹੀਂ। ਜੋ ਭਈਆ ਨੂੰ ਠੀਕ ਜਾਪੇ ਉਹੀ ਕਰੋ।''

ਕੁੰਏਨਾਚੰਨ ਨੇ ਕੁਝ ਨਹੀਂ ਆਖਿਆ। ਦੀਨਾਮਾ ਨੇ ਵੀ। ਉਹ ਚੁਪਚਾਪ ਹਾਰ ਮੰਨ ਰਹੇ ਸਨ।

# ਸੱਤ

ਸ਼ਾਦੀ ਦੀ ਤਿਆਰੀ ਹੋ ਰਹੀ ਹੈ। ਪਰ ਕੋਈ ਵੀ ਬਹੁਤ ਖੁਸ਼ ਨਜ਼ਰ ਨਹੀਂ ਆਉਂਦਾ। ਕਿਸੇ ਨੂੰ ਜੇ ਖੁਸ਼ੀ ਹੈ ਤਾਂ ਸਿਸਿਲੀ ਮੁੰਨੀ ਨੂੰ। ਉਸ ਨੂੰ ਦੋ-ਤਿੰਨ ਨਵੇਂ ਸਾਥੀ ਮਿਲ ਗਏ ਹਨ। ਰਾਜਨ ਦੇ ਤੀਜੇ ਮਾਮੇ ਦੀ ਬੇਟੀ ਸੂਸਨ, ਏਲੁੱਪਰੰਪ ਦੀ ਏਲੁੱਕੁੱਟੀ ਦੀ ਬੇਟੀ ਕੋਚੂਮੋਲ, ਕੁਯੰਪੀ ਦਾ ਬੇਟਾ ਅਜਯਨ। ਚਾਰੋਂ ਮਿਲ ਕੇ ਪੰਡਾਲ ਵਿਚ, ਅਹਾਤੇ ਵਿਚ, ਘਰ ਦੇ ਅੰਦਰ—ਹਰ ਜਗ੍ਹਾ ਦੌੜ ਲਗਾਂਦੇ ਫਿਰਦੇ ਹਨ। ਸ਼ਾਦੀ ਦੇ ਇੰਤਜ਼ਾਮ ਲਈ ਕੁਯੰਪੀ ਦੀ ਮਾਂ ਤੇ ਕੀਵਰੀਤ ਅਤੇ ਕੁੰਯੁਚੇਰੁਕਨ ਦੀਆਂ ਪਤਨੀਆਂ ਵੀ ਆਈਆਂ ਹੋਈਆਂ ਹਨ। ਚਵਾਂ ਘਰਾਂ ਦੀਆਂ ਬਾਕੀ ਦੀਆਂ ਔਰਤਾਂ ਆਂਦੀਆਂ-ਜਾਂਦੀਆਂ ਰਹਿੰਦੀਆਂ ਹਨ। ਅਜ ਮੰਗਲ ਹੈ। ਕਲ ਬੁੱਧਵਾਰ ਤੇ ਪਰਸੋਂ ਸਵੇਰੇ ਸ਼ਾਦੀ। ਬੁੱਧਵਾਰ

ਸ਼ਾਮ ਨੂੰ ਬੁਲਾਏ ਜਾਣ ਵਾਲੇ ਲੋਕਾਂ ਦੀ ਦਾਵਤ ਹੋਵੇਗੀ। ਸ਼ਾਦੀ ਵਿਚ ਲੜਕੀ ਵਾਲੇ ਪਾਸਿਓਂ ਕਮ-ਅਜ਼-ਕਮ ਪੰਜਾਹ ਆਦਮੀ ਹੋਣਗੇ। ਉਨ੍ਹਾਂ ਨੂੰ ਦਾਵਤ ਦੇਣੀ ਹੋਵੇਗੀ। ਮੰਗਨੀ ਅਤੇ ਚਿੱਠੀਆਂ ਦੀ ਅਦਲਾ-ਬਦਲੀ ਵਾਸਤੇ ਦੋ ਮੋਟਰਾਂ ਵਿਚ ਯਾਰਾਂ ਆਦਮੀ ਗਏ ਸਨ। ਧਰਮ ਪ੍ਰਦੇਸ਼ ਦੇ ਪਾਦਰੀ, ਘਰ ਦੇ ਕੀਵਰੀਤ, ਫਿਲਿਪਿਓਸ, ਕੁਯੰਪੀ ਅਤੇ ਕੋਚੁਕੁੱਟੀ। ਧਰਮ ਪ੍ਰਦੇਸ਼ ਦੇ ਛੇ ਹੋਰ ਆਦਮੀ ਵੀ ਸਨ। ਕਾਰਤੀਕੇਪਲੀ ਦੇ ਫਾਦਰ ਨੂੰ ਸ਼ਾਦੀ ਲਈ ਸੱਦਾ ਨਹੀਂ ਭੇਜਿਆ ਗਿਆ। ਕੁੰਯੁਚੇਰੁਕਨ ਨੇ ਪੂਰੇ ਜ਼ੋਰ ਨਾਲ ਇਸ ਦਾ ਵਿਰੋਧ ਕੀਤਾ ਸੀ। ਪਰ ਹੋਰ ਲੋਕਾਂ ਨੇ ਇਸ ਦੀ ਪ੍ਰਵਾਹ ਨਹੀਂ ਸੀ ਕੀਤੀ।

ਮੰਗਨੀ ਦੇ ਦਿਨ ਵੀ ਗੜਬੜੀ ਹੋਣ ਵਾਲੀ ਸੀ, ਕੀਵਰੀਤ ਨੇ ਹੀ ਸ਼ੁਰੂ ਕੀਤੀ—

"ਸ਼ਰੀਫ਼ ਘਰ ਦਾ ਲੜਕਾ ਹੈ। ਸਰਕਾਰੀ ਤਨਖਾਹ ਪਾਉਂਦਾ ਹੈ। ਇਹ ਨਾ ਸਮਝਣਾ ਕਿ ਲੜਕੀਆਂ ਨਾ ਮਿਲਣ ਕਾਰਨ ਇਧਰ ਆਏ ਹਾਂ।"

"ਇਥੇ ਵੀ ਸ਼ਰਾਫ਼ਤ ਦੀ ਘਾਟ ਨਹੀਂ। ਪੁੱਛ ਪੜਤਾਲ ਕਰ ਲੈਣੀ।"

"ਪੁੱਛ ਲਿਆ ਹੈ।"

"ਤਾਂ ਕੀ ਪਤਾ ਲੱਗਾ ?"

"ਕੁਝ ਨਹੀਂ। ਸਾਡਾ ਮਤਲਬ ਸਿਰਫ ਲੜਕੀ ਨਾਲ ਹੈ।"

ਹੁਣ ਕੁਯੰਪੀ ਬੋਲ ਪਿਆ—

"ਬੇਮਤਲਬ ਗੱਲਾਂ ਕਿਉਂ ਕਰਦੇ ਹੋ ? ਜਿਸ ਗੱਲ ਲਈ ਆਏ ਉਸ ਨੂੰ ਤੈਅ ਕਰੀਏ ਤੇ ਚਲੀਏ।"

"ਗੋਲ-ਮਟੋਲ ਗੱਲਾਂ ਕਰਨੀਆਂ ਛੱਡੋ। ਦਿਲ ਵਿਚ ਜੇ ਕਿਸੇ ਤਰ੍ਹਾਂ ਦਾ ਇਤਰਾਜ਼ ਹੈ ਤਾਂ ਛੱਡ ਦਿਓ। ਸਾਡੀ ਕੋਈ ਜ਼ਿਦ ਨਹੀਂ।"

"ਇਸ ਦੀ ਤਰਕੀਬ ਤਾਂ ਪਹਿਲਾਂ ਹੀ ਕਰ ਚੁਕੇ ਹੋ।"

"ਕਿਹੀ ਤਰਕੀਬ ?"

ਕਾਨਾਫੂਸੀ ਸ਼ੁਰੂ ਹੋ ਗਈ। ਇਧਰ ਉਧਰ ਲੋਕ ਹੌਲੀ-ਹੌਲੀ ਇਕ ਦੂਜੇ ਨਾਲ ਗੱਲਾਂ ਕਰਨ ਲਗ ਪਏ। ਬਹਿਸ ਛਿੜ ਗਈ। ਪੁਰੋਹਿਤ ਜੀ ਦੇ ਖੁਸ਼ਮਿਜਾਜ਼ ਪ੍ਰਯਤਨਾਂ ਕਾਰਨ ਮਾਮਲਾ ਜ਼ਿਆਦਾ ਨਹੀਂ ਵਿਗੜਿਆ। ਚਿੱਠੀ ਲਈ ਦਿਤੀ ਗਈ। ਜਲਪਾਨ ਅਤੇ ਭੋਜਨ ਦੇ ਬਾਅਦ ਵਾਪਸ ਮੁੜ ਆਏ।

ਪੂਰਬੀ ਵਿਹੜੇ ਵਿਚ ਪੰਡਾਲ ਲਗਾਇਆ ਗਿਆ ਹੈ। ਫਿਲਿਪਿਓਸ ਦੇ ਘਰੋਂ ਲਿਆਂਦੇ ਸੈਟੀ ਕੁਰਸੀ ਵਗੈਰਾ ਪੰਡਾਲ ਵਿਚ ਸਜਾਏ ਗਏ ਹਨ। ਕੁੰਏਨਾਚੰਨ ਕੁਰਸੀ ਤੇ ਬੈਠੇ ਹਨ। ਦੱਖਣ ਵਲ ਬਣੇ ਚਬੂਤਰੇ ਉਤੇ ਇਸਤ੍ਰੀਆਂ ਦਾਅਵਤ ਦੀ ਤਿਆਰੀ ਵਿਚ ਲਗੀਆਂ ਹਨ। ਭੰਡਾਰੇ ਦੀ ਕੁੰਜੀ ਦੀਨਾਮਾ ਦੇ ਹੱਥ ਵਿਚ ਹੀ ਹੈ। ਸਭ ਦੇਖਦੀਆਂ ਭਾਲਦੀਆਂ, ਸੁਣਦੀਆਂ ਦਸਦੀਆਂ ਫਿਰਦੀਆਂ ਹਨ।

"ਸਿਸਿਲੀ ਮੁੰਨੀ, ਆਖਿਆ ਏ ਨਾ ਕਿ ਸ਼ੋਰ ਨਾ ਮਚਾਓ। ਕਟਹਿਰੇ ਦੇ ਰੁੱਖ ਹੇਠਾਂ ਜਾ ਕੇ ਖੇਡਦੀ ਰਹੋ—ਜਾਓ।"

"ਸੌਂਫ ਕਿਥੇ ਹੈ ਦੀਨਾਮਾ ?"

"ਲਿਆਈ ਚਾਚੀ—ਵਾਹ ! ਅੰਪਾਟ ਘਰ ਦੀ ਚਾਚੀ ਖੜੀ ਹੀ ਹੈ। ਬੈਠੋ ਨਾ ?"

"ਨੀ, ਮੁਲੱਤਰਾ ਘਰ ਤੋਂ ਕੜਛੀ ਮੰਗਾਈ ?"

"ਆਦਮੀ ਗਿਆ ਹੈ।"

ਮਾਤੁਕੁੱਟੀ ਉਤੋਂ-ਉਤੋਂ ਤਾਂ ਮਸਤ ਵਿਖਾਈ ਦਿੰਦੀ ਹੈ। ਕਿਸੇ ਕੰਮ ਵਿਚ ਉਸ ਦਾ ਜੀਅ ਨਹੀਂ ਲਗਦਾ। ਮੰਗਨੀ ਦੇ ਬਾਅਦ ਉਸ ਨੇ ਦਿਲ ਖੋਲ੍ਹ ਕੇ ਇਸਤ੍ਰੀ ਜਾਂ ਪਿਤਾ ਜੀ ਨਾਲ ਗੱਲ ਤੱਕ ਨਹੀਂ ਕੀਤੀ। ਪਿਓ ਪੁੱਤਰ ਇਕ ਦੂਜੇ ਤੋਂ ਵਿਮੁੱਖ ਹਨ ਤੇ ਆਪਸ ਵਿਚ ਬੋਲੇ ਨਹੀਂ। ਵੱਡੇ ਭਰਾ ਦਾ ਕਹਿਣਾ ਮੰਨ ਤਾਂ ਲਿਆ ਪਰ ਬਾਅਦ ਵਿਚ ਸੋਚਿਆ ਕਿ ਇਹ ਤਾਂ ਹਾਰ ਮੰਨਣ ਬਰਾਬਰ ਸੀ। ਬੇਟੇ ਦੇ ਭੇਜੇ ਜਾਂਦੇ ਪੈਸਿਆਂ ਦਾ ਖਿਆਲ ਕਰਕੇ ਵੀ ਇਸ ਲਾਚਾਰੀ ਵਿਚ ਨਹੀਂ ਸੀ ਪੈਣਾ ਚਾਹੀਦਾ। ਉਸ ਦੀ ਮਾਂ ਦੇ ਮਰਨ ਤੇ ਦੂਜੀ ਸ਼ਾਦੀ ਜ਼ਰੂਰ ਕੀਤੀ। ਫ਼ਿਰ ਵੀ ਉਸ ਨਾਲ ਪਿਆਰ ਉਕਾ ਨਹੀਂ ਘਟਿਆ। ਬੜੀ ਤਕਲੀਫ ਝਲ ਕੇ ਕਰਜ਼ਾ ਲੈ ਕੇ ਪੜ੍ਹਾਇਆ ਸੀ। ਫਿਰ ਵੀ ਐਨ ਮੌਕੇ ਤੇ ਉਸ ਨੇ ਠੁਕਰਾ ਦਿਤਾ। ਇਹ ਸੋਚ ਕੇ ਦਿਲ ਭਰ ਆਉਂਦਾ ਹੈ। ਦੁਖ ਤੇ ਲਾਚਾਰੀ ਸਭ ਮਿਲ ਕੇ ਪਤਨੀ ਵਿਰੁਧ ਗੁੱਸੇ ਦਾ ਰੂਪ ਧਾਰ ਲੈਂਦੇ ਹਨ।

"ਪਿਤਾ ਜੀ !"

"ਹੈਂ।"

"ਕਾਂਜੀ ਕਿ ਕਾਫੀ—ਕੁਝ ਚਾਹੀਦਾ ਹੈ ਤਾਂ ਦੱਸੋ।"

"ਅਜੇ ਨਹੀਂ। ਲੜਕਾ ਕਿਥੇ ਹੈ ?"

"ਰਾਜਨ ? ਨਾਨਕੇ ਗਿਆ ਹੈ। ਅਜੇ ਆਇਆ ਨਹੀਂ।"

"ਕੀ ਐਨ ਵੇਲੇ ਸਿਰ ਉਥੋਂ ਜਾ ਕੇ ਲਿਆਉਣਾ ਪਵੇਗਾ ?"

ਦੀਨਾਮਾ ਨੇ ਕੋਈ ਜਵਾਬ ਨਹੀਂ ਦਿਤਾ। ਜਦੋਂ ਤੋਂ ਸ਼ਾਦੀ ਦਾ ਮਾਮਲਾ ਚਲਿਆ ਹੈ ਰਾਜਨ ਬਹੁਤਾ ਸਮਾਂ ਆਪਣੀ ਮਾਂ ਦੇ ਪੇਕੇ ਹੀ ਗੁਜ਼ਾਰਦਾ ਹੈ। ਜਦੋਂ ਦਾ ਨੌਕਰੀ ਤੋਂ ਵਾਪਸ ਆਇਆ ਸੀ ਉਸ ਦਿਨ ਤੋਂ ਦੀਨਾਮਾ ਚਾਚੀ ਹੀ ਉਸ ਦੇ ਪਿਛੇ-ਪਿਛੇ ਪੁੱਛਦੀ ਫਿਰਦੀ ਸੀ—ਠੰਡਾ ਪਾਣੀ ਚਾਹੀਦਾ ਹੈ ਕਿ ਗਰਮ, ਚਾਹ ਪੀਣੀ ਹੈ ਕਿ ਕਾਫੀ। ਹੁਣ ਇਹ ਚਾਚੀ ਉਸ ਦੀ ਕੁਝ ਨਹੀਂ ਲਗਦੀ। ਆਖਰ ਇਸ ਔਰਤ ਨਾਲ ਉਸ ਦਾ ਰਿਸ਼ਤਾ ਹੀ ਕੀ ਹੈ। ਉਸ ਦੀ ਉਮਰ ਜਦ ਬਾਰਾਂ, ਤੇਰਾਂ ਸਾਲਾਂ ਦੀ ਸੀ ਤਾਂ ਪਿਤਾ ਜੀ ਇਸ ਔਰਤ ਨੂੰ ਦੂਜੀ ਇਸਤ੍ਰੀ ਦੇ ਰੂਪ ਵਿਚ ਕਿਧਰੋਂ ਲੈ ਆਏ ਸਨ। ਉਸ ਦੇ ਬਾਅਦ ਘਰ ਵਿਚ ਹੀ ਜੋ ਸਨੇਹ ਵਧਿਆ ਬਸ ਉਹ ਹੀ......।"

ਸਾਰੀ ਆਫ਼ਤ ਦੀ ਜੜ੍ਹ ਵਿਆਹ ਦਾ ਇਹ ਪ੍ਰਸਤਾਵ ਹੈ। ਆਪਣੇ ਆਪ ਨੂੰ ਹੌਂਸਲਾ ਦੇਣਾ ਪਵੇਗਾ ਕਿ ਪਰਮਾਤਮਾ ਦੀ ਇਹ ਹੀ ਇੱਛਾ ਹੈ। ਉਸ ਲਈ ਪ੍ਰਭੂ ਨੇ ਇਹ ਹੀ ਬਹੂ ਸਜਾਈ ਹੈ। ਪ੍ਰਭੂ ਦੀ ਇੱਛਾ ਦਾ ਖੰਡਨ ਕਰਨ ਵਾਲੇ ਅਸੀਂ ਕੌਣ ਹੁੰਦੇ ਹਾਂ ? ਅਯੂਬ ਦੀ ਪੋਥੀ ਵਿਚ ਲਿਖਿਆ ਹੈ ਕਿ ਮੇਰਾ ਪੈਰ ਤੂੰ ਬੰਧਨ ਵਿਚ ਜਕੜ ਦਿਤਾ ਹੈ। ਮੇਰੀ ਗਤੀ ਦਾ ਪੂਰਾ ਵੇਰਵਾ ਤੂੰ ਲਿਖ ਦਿਤਾ ਹੈ। ਮੇਰੇ ਪੈਰ ਚਿਨ੍ਹਾਂ ਦੇ ਚੌਹੀਂ ਪਾਸੀਂ ਲਕੀਰਾਂ ਖਿਚੀਆਂ ਹੋਈਆਂ ਹਨ। ਇਸਤ੍ਰੀ ਦੇ ਪੇਟ 'ਚੋਂ ਜਨਮਿਆ

ਮਾਨਵ ਛੋਟੀ ਉਮਰ ਵਾਲਾ ਅਤੇ ਦੁਖੀ ਹੁੰਦਾ ਹੈ।

ਪੈਟਰੋਮੈਕਸ ਗੈਸ ਆ ਗਿਆ। ਅਵਰਾਨ ਲੈ ਕੇ ਆਇਆ ਸੀ। ਉਸ ਦੇ ਨਾਲ ਕੀਵਰੀਤ ਦਾ ਪੁੱਤਰ ਅੰਚਨਕੁੰਞ, ਕੁੰਞਚੇਰੁਕਨ ਦਾ ਪੁੱਤਰ ਸੰਣੀ ਅਤੇ ਫਿਲਿਪਿਓਸ ਦਾ ਪੁੱਤਰ ਸਾਕੁੱਟੀ ਆਏ। ਸਭ ਨੇ ਪੁਛਿਆ—

"ਰਾਜਨ ਭਈਆ ਕਿਥੇ ਨੇ ਦਾਦਾ ਜੀ ?"

"ਉਹ ਇਥੇ ਨਹੀਂ।"

"ਕਿਥੇ ਗਏ ?"

"ਮੈਨੂੰ ਕੀ ਪਤਾ ? ਤੇਰਾ ਬਾਪ ਕਿਥੇ ਹੈ ?"

"ਵੱਛਾ ਕੱਟਣ ਵਾਲੀ ਜਗ੍ਹਾ ਤੇ।"

"ਕੀ ?"

"ਵੱਛਾ ਕੱਟਣ ਵਾਲੀ ਜਗ੍ਹਾ ਤੇ ਖੜੇ ਹਨ।"

"ਹਾਂ, ਪੰਦਰਾਂ ਵੀਹ ਮੁਰਗੇ ਵੀ ਹਨ। ਮਹਿਮਾਨਾਂ ਨੂੰ ਮੁਰਗਾ ਤੇ ਬੈਲ ਦੋਵੇਂ ਖਵਾਏ ਜਾਣਗੇ।"

"ਹੂੰ।"

"ਮੇਰੀ ਸ਼ਾਦੀ ਦੇ ਦਿਨ ਤੀਹ ਬਤਖਾਂ ਤੇ ਵੀਹ ਮੁਰਗੇ ਸਨ। ਵੱਛਾ ਨਹੀਂ ਸੀ ਮਾਰਿਆ ਗਿਆ। ਉਨ੍ਹਾਂ ਦਿਨਾਂ 'ਚ ਮੁਰਗਿਆਂ ਦਾ ਭਾਅ ਕੀ ਸੀ ? ਸਿਰਫ ਦੋ ਆਨੇ।"

"ਬਸ।"

"ਹਾਂ, ਮੈਂ ਹੀ ਮਨ੍ਹਾ ਕੀਤਾ ਸੀ ਕਿ ਵੱਛਾ ਨਹੀਂ ਚਾਹੀਦਾ। ਉਨ੍ਹਾਂ ਦਿਨਾਂ ਵਿਚ ਕਿਰਿਆਨ ਕਾਕਾ ਹੀ ਘਰ ਦੇ ਬਜ਼ੁਰਗ ਸਨ। ਮਰ ਗਏ। ਬੜੇ ਕਾਨੂੰਨਦਾਨ ਸਨ। ਸ਼ਾਦੀ ਹੋਵੇ ਜਾਂ ਮਾਤਮ, ਤੁਰੰਤ ਪਹੁੰਚਦੇ ਤੇ ਹੁਕਮ ਜਾਰੀ ਕਰ ਦਿੰਦੇ।" ਚਾਵਲ ਇੰਨਾ ਲੈਣਾ--ਵੱਛੇ ਇੰਨੇ ਹੋਣ--ਆਦਿ ਕਹਿਣ ਲਗਦੇ। ਮੈਂ ਆਖਿਆ-- ਕਾਕਾ ਜੀ ਕਿਉਂ ਕਸ਼ਟ ਉਠਾਉਂਦੇ ਹਨ। ਐਨ ਵਕਤ ਸਿਰ ਆ ਜਾਣਾ ਇਸ 'ਤੇ ਉਨ੍ਹਾਂ ਆਖਿਆ--"ਕੀ ਮੈਂ ਪਚਾਇਆ ਹਾਂ, ਜੋ ਬਸ ਖਾਣ ਦੇ ਵੇਲੇ ਹੀ ਆਵਾਂ--ਉਹ ਤਾਂ ਕੋਈ ਹੋਰ ਹੀ ਹੋਵੇਗਾ।" ਤਾਂ ਠੀਕ ਹੈ। ਕਾਕਾ ਜੀ ਬਜ਼ੁਰਗ ਫਿਰ ਨਹੀਂ ਆਏ। ਕਿਧਰੇ ਵੀ ਨਹੀਂ ਗਏ। ਜ਼ਿਆਦਾ ਦਿਨ ਇਸ ਦੁਨੀਆਂ 'ਚ ਰਹੇ ਹੀ ਨਹੀਂ।......

ਚਾਲ ਬਜ਼ੁਰਗ ਪੰਡਾਲ ਵਿਚ ਆਏ। ਸੰਣੀ ਤੇ ਸਾਥੀ ਚਲੇ ਗਏ।

"ਕੀ ? ਵਿਹੜੇ 'ਚ ਪਹੁੰਚ ਗਏ ?"

"ਧਿਆਨ ਨਾਲ ਵੇਖਿਆ ਤਾਂ ਪਛਾਣ ਲਿਆ। ਕੋਚੂਪਾਪੀ ਅਤੇ ਕੁੰਞੰਮੰਨ, ਪੇਣਕੱਗਾਵਾਲਾ ਸਾਲਾ, ਕੋਲਾਮਪਿਮੱਤਾਯੀ।"

"ਹੁਣ ਰਸਤੇ ਤੇ ਉਤਰਨਗੇ।"

"ਅੱਗੇ ਸਫਰ।"

"ਵਕਤ ਹੋ ਗਿਆ ਹੈ।"

"ਹਾਂ, ਹਾਂ ਸ਼ਾਮਾਂ ਪੈ ਗਈਆਂ ਹਨ। ਹੁਣ ਬਹੁਤ ਹੋਇਆ ਤਾਂ ਅੱਧੀ ਘੜੀ।"

ਬਿਰਧ ਲੋਕ ਹੱਸ ਪਏ ।

''ਸੱਚ ਹੈ, ਚੌਥਾਈ ਜਾਂ ਅੱਧੀ ਘੜੀ ਹੀ ਬਾਕੀ ਹੈ ।''

''ਬੈਠੋ ਓ ਬੱਚਿਓ ।''

''ਕੀ ਏ ਦਾਦਾ ਜੀ ?''

''ਪਾਨਦਾਨ ਲਿਆ ਦੇ ।''

ਪਾਨਦਾਨ ਆ ਗਿਆ । ਮੱਤਾਯੀ ਨੇ ਪਾਨਦਾਨ ਆਪਣੇ ਵਲ ਖਿਚ ਲਿਆ ਤੇ ਆਰਾਮ ਨਾਲ ਪਾਨ ਲਾਉਣ ਲਗ ਪਿਆ । ਮੱਤਾਯੀ ਜੀ ਵਾਸਤੇ ਭੋਜਣ ਨਾਲੋਂ ਵਧੀਕ ਜ਼ਰੂਰੀ ਪਾਨ ਹੈ । ਪਾਨ ਮੂੰਹ ਵਿਚ ਰਖ ਕੇ ਹੀ ਸੌਂਦੇ । ਪਹਿਲਾਂ ਮੱਝਾਂ ਦਾ ਵਪਾਰ ਕਰਦੇ ਸਨ । ਆਲੱਪੁਝਾ ਜਾ ਕੇ ਮੱਝਾਂ ਸਸਤੀਆਂ ਖਰੀਦ ਲਿਆਉਂਦੇ । ਖਵਾ ਪਿਆ ਕੇ ਗੱਭਨ ਮੱਝਾਂ ਨੂੰ ਚੰਗੀ ਕੀਮਤ ਤੇ ਵੇਚ ਦਿੰਦੇ । ਕਦੀ-ਕਦੀ ਸੌ ਦੋ ਸੌ ਰੁਪਏ ਕਮਾ ਲੈਂਦੇ । ਹੁਣ ਸਰੀਰ ਨੇ ਜਵਾਬ ਦੇ ਦਿਤਾ ਹੈ--ਦੂਜੀ ਪਤਨੀ ਦੀ ਛਤਰ ਛਾਇਆ ਹੇਠ ਗੁਜ਼ਾਰਾ ਕਰਦੇ ਹਨ ।

ਕੋਚੂਪਾਪੀ ਨੇ ਪੁਛਿਆ--

''ਸ਼ਾਦੀ ਦੀ ਤਿਆਰੀ ਕਿਥੋਂ ਤੱਕ ਹੋ ਗਈ ਹੈ ?''

''ਕੀ ?''

''ਸ਼ਾਦੀ ਦੀ ਤਿਆਰੀ ਕਿੰਨੀ ਕੁ ਹੋ ਚੁਕੀ ਏ ? ਕੀ ਤੁਹਾਡੇ ਕੰਨ ਨਹੀਂ ?''

ਤਾੜੀ ਦੀ ਬਦਬੂ ਆਈ । ਕੁੰਯੁੰਮੰਨ ਚੌਹਾਂ 'ਚੋਂ ਸਭ ਤੋਂ ਬਿਰਧ ਹਨ । ਪਚਾਸੀ ਦੇ ਹੋਣਗੇ । ਪਰ ਅਜੇ ਵੀ ਸਿਹਤ ਚੰਗੀ ਹੈ । ਮਸਖਰੇ ਸੁਭਾਅ ਦੇ ਹਨ । ਸ਼ਾਮ ਨੂੰ ਥੋੜ੍ਹੀ ਜਹੀ ਪੀ ਲੈਂਦੇ ਹਨ । ਇਸ ਦੇ ਬਾਅਦ ਸਿਰ ਤੇ ਪਰਨੇ ਦੀ ਪਗੜੀ ਬੰਨ੍ਹੀ ਦੁਕਾਨ ਦੇ ਸਾਹਮਣਿਉਂ ਘਰ ਤੱਕ ਦਿਹਾਤੀ ਲੋਕ ਗੀਤ ਗਾਂਦੇ ਚਲੇ ਜਾਂਦੇ ਹਨ ।

''ਅਸੀਂ ਨੁੱਕਰ ਤੇ ਖੜੇ ਸਾਂ ਤਾਂ ਕੁੰਯੁੰਮੰਨ ਜੀ ਲਹਿੰਦੇ ਪਾਸਿਉਂ ਗੀਤ ਗਾਉਂਦੇ ਆ ਰਹੇ ਸਨ । ਸਭ ਨੇ ਮਿਲ ਕੇ ਤੈਅ ਕੀਤਾ ਕਿ ਕੁੰਏਨਾਚੰਨ ਜੀ ਨੂੰ ਮਿਲੀਏ । ਸ਼ਾਦੀ ਹੈ ਨਾ ?''

ਸਾਲਾ ਸਾਹਿਬ ਕੁਝ ਦੱਬੇ-ਦੱਬੇ ਸੁਭਾਅ ਦੇ ਹਨ । ਸ਼ਾਂਤੀਵਾਦੀ । ਕਿਧਰੇ ਕੋਈ ਬਹਿਸ-ਝਗੜਾ ਹੋਵੇ ਤਾਂ ਸਮਝੌਤਾ ਇਹ ਹੀ ਕਰਾਉਂਦੇ ਹਨ । ਸਾਲਾ ਸਾਹਿਬ ਪੂਰੇ ਪਿੰਡ ਦੇ ਸਾਲੇ ਹਨ ।

ਸਾਲਾ ਸਾਹਿਬ ਬੋਲੇ--

''ਮੇਰੇ ਵੱਡੇ ਭਰਾ ਦੀ ਇਕ ਲੜਕੀ ਦਾ ਵਿਆਹ ਪੁੱਤਨਾਟੁਕਰਾ ਵਿਚ ਹੋਇਆ ਸੀ । ਇਸ ਘਰ ਦੀ ਬਹੂ ਤੇ ਉਸ ਦੀ ਮਾਂ ਆਦਿ ਨੂੰ ਜਾਣਦੀ ਹੈ ।''

''ਜਾਣਦੀ ਹੈ ?''

''ਹਾਂ ਹਾਂ, ਉਨ੍ਹਾਂ ਦਾ ਘਰ ਵੀ ਗਿਰਜੇ ਦੇ ਨੇੜੇ ਹੀ ਹੈ ।''

''ਕਿਸ ਤਰ੍ਹਾਂ ਦੇ ਨੇ ?''

''ਉਹ ਆਖਦੀ ਹੈ ਕਿ ਬੜੇ ਆਸਤਕ ਹਨ ।''

''ਤਾਂ ਲੜਕੀ ਵਿਨੀਤ ਹੋਵੇਗੀ ।''

''ਸਾਨੂੰ ਤਾਂ ਨਹੀਂ ਚਾਹੀਦੀ।''

ਜਾਣਦਾ ਸਾਂ ਕਿ ਅਫਵਾਹ ਸੱਚੀ ਹੈ ਜਾਂ ਝੂਠੀ, ਪਰ ਹੁਣ ਦੱਬੇ ਹੋਏ ਮੁਰਦੇ ਉਖੇੜਨਾ ਗਲਤ ਹੈ। ਸ਼ੱਕ ਨਹੀਂ ਹੋਣਾ ਚਾਹੀਦਾ। ਕਿੰਨੇ ਵੀ ਨਜ਼ਦੀਕੀ ਕਿਉਂ ਨਾ ਹੋਣ ਸਾਨੂੰ ਇਹੋ ਜਹੀਆਂ ਗੱਲਾਂ ਬੜੀ ਸਾਵਧਾਨੀ ਨਾਲ ਕਰਨੀਆਂ ਚਾਹੀਦੀਆਂ ਹਨ। ਨਹੀਂ ਤਾਂ ਤੂਫਾਨ ਵਿਚ ਮੱਚਣ ਵਾਲੀ ਅੱਗ ਵਾਲੀ ਗੱਲ ਹੋ ਜਾਏਗੀ......

''ਕੁੰਏਨਾਚੰਨ ਨੇ ਸੁਣਿਆ ?''

''ਕੀ......?''

''ਮੁੱਲਤੱਰਾ ਦੇ ਛੋਟੇ ਸਰਕਾਰ ਮਰ ਗਏ... ..''

''ਮਰ ਗਏ ।''

''ਕਦੋਂ ?''

''ਅਜ ਸਵੇਰੇ ਤਾਰ ਆਈ ਹੈ, ਵੇਲੂਰ ਦੇ ਹਸਪਤਾਲ ਵਿਚ ਸਨ। ਉਥੇ ਹੀ ਮੌਤ ਹੋ ਗਈ।''

''ਕਈ ਦਿਨਾਂ ਤੋਂ ਬੀਮਾਰ ਸਨ।''

''ਨਾਸੂਰ ਸੀ......''

''ਨਹੀਂ ਕੰਠਮਾਲਾ ਸੀ।''

''ਦੋਵੇਂ ਇਕ ਹੀ ਹਨ ।''

''ਚੰਗੇ ਜਵਾਨ ਸਨ। ਕਰੀਬ-ਕਰੀਬ ਪੈਂਤਾਲੀ ਦੇ ਹੀ ਸਨ। ਵੱਡੇ ਸਰਕਾਰ ਦੀ ਮੌਤ ਬਾਅਦ ਇਹ ਹੀ ਸਾਰੀ ਗ੍ਰਿਹਸਥੀ ਸੰਭਾਲਦੇ ਸਨ।''

''ਬੀਮਾਰੀ ਚੰਗੇ ਬੁਰੇ ਦਾ ਫ਼ਰਕ ਨਹੀਂ ਜਾਣਦੀ। ਪਹਿਲਾਂ ਚੰਗੇ ਲੋਕਾਂ ਨੂੰ ਹੀ ਨਿਗਲਦੀ ਹੈ।''

''ਮਾਤੁਕੁੱਟੀ ਕਿਥੇ ਹਨ ?''

''ਇਥੇ ਹੀ ਸੀ। ਕਿਧਰੇ ਅੰਦਰ ਹੋਣਾ ਹੈ।''

ਦੋ ਔਰਤਾਂ ਆ ਗਈਆਂ। ਬਿਰਧ ਜਨ ਉਠੇ। ਕੁੰਯੁੰਮੰਨ ਬੋਲਿਆ—

''ਅਸੀਂ ਚਲਦੇ ਹਾਂ। ਬੇਕਾਰ ਕਿਉਂ ਕਸ਼ਟ ਦਈਏ ? ਜੇ ਕੋਈ ਜਵਾਨ ਹੁੰਦਾ ਤਾਂ ਕਮ-ਅਜ਼-ਕਮ ਕੋਈ ਕੰਮ ਹੀ ਕਰ ਦਿੰਦਾ ।''

ਦੀਨਾਮਾ ਪੰਡਾਲ ਵਿਚ ਆਈ। ਆਖਣ ਲੱਗੀ—

''ਥੋੜ੍ਹੀ ਜਹੀ ਕਾਫੀ ਪੀ ਕੇ ਜਾਣਾ ਦਾਦਾ ਜੀ !''

''ਨਹੀਂ ਬੇਵਕਤ ਕਾਫੀ ਨਹੀਂ ਪੀਂਦੇ।''

ਕੋਲਾਂਪੀ ਬੋਲਿਆ—

''ਕਲ ਆਵਾਂਗੇ।''

''ਅਸੀਂ ਚਲਣੇ ਆਂ ਕੁੰਏਨਾਚੰਨ।''

''ਅੱਛਾ।''

ਦੋਵੇਂ ਔਰਤਾਂ ਕੁੰਏਨਾਚੰਨ ਦੇ ਕੋਲ ਆ ਗਈਆਂ।

''ਬਾਬੂ ਜੀ ਇਸ ਨੂੰ ਨਹੀਂ ਪਛਾਣਿਆ ?''

ਕੁੰਏਨਾਚੰਨ ਨੇ ਸਿਰ ਮਾਰ ਕੇ ਦਸਿਆ ਕਿ ਨਹੀਂ ।

''ਰਾਜਨ ਬੇਟੇ ਦੀ ਮਾਸੀ ਹੈ ।''

''ਪੱਪਨਤਿੱਟਾ ਵਿਚ ਵਿਆਹੀ ਹੋਈ ਹੈ ।''

''ਹਾਂ, ਇਹ ਵੱਡੀ ਨਨਦ ।''

''ਕੋਚੁਕੁੱਟੀ ਦੀ ਔਰਤ ।''

''ਹਾਂ ।''

''ਅੱਛਾ, ਅੰਦਰ ਜਾਓ ।''

''ਬਾਬੂ ਜੀ ਦੀ ਤਬੀਅਤ ਕੈਸੀ ਹੈ ? ਕੋਈ ਖਾਸ ਤਕਲੀਫ ਤਾਂ ਨਹੀਂ ?''

''ਚਲਦਾ ਹੈ ।''

ਔਰਤਾਂ ਚਲੀਆਂ ਗਈਆਂ । ਕੋਈ ਖਾਸ ਤਕਲੀਫ ਤਾਂ ਨਹੀਂ । ਕੁਝ ਨਾ ਕੁਝ ਤਾਂ ਪੁੱਛਣਾ ਹੋਇਆ । ਸੋ ਇਕ ਸਵਾਲ ਪੁੱਛ ਲਿਆ......

''ਪਿਤਾ ਜੀ !''

''ਕੌਣ ?''

''ਮੈਂ ਹਾਂ, ਕੁੰਯੁਚੇਰੁਕਨ ।''

''ਕੀ ਏ ?''

''ਪਿਤਾ ਜੀ ਕਾਫੀ, ਕਾਂਜੀ ਕੁਝ ਪੀਤੀ ਜੇ ਨਾ ?''

''ਕਾਫੀ ਪੀ ਚੁੱਕਾਂ ।''

''ਸ਼ਾਦੀ ਦਾ ਸੱਦਾ ਕੀ ਸਭ ਨੂੰ ਦਿਤਾ ਸੀ ?''

''ਹੋਰ ਕੀ ? ਦਿਤਾ ਹੋਵੇਗਾ ।

''ਕੀ ਕਰਤੀਕੱਪਲੀ ਦੇ ਫਾਦਰ ਨੂੰ ਵੀ ?''

''ਨਹੀਂ ।''

''ਇਹ ਕਿਉਂ ?''

''ਇਹ ਕਿਉਂ ? ਕੌਣ ਜਾਣੇ ?''

''ਇਹ ਹੀ ਮੈਨੂੰ ਅਖਰਦਾ ਏ । ਬਜ਼ੁਰਗਾਂ ਨੂੰ ਪੁੱਛਦਾ ਹਾਂ ਤਾਂ ਕਹਿੰਦੇ ਨੇ ਮੈਨੂੰ ਨਹੀਂ ਪਤਾ । ਲੜਕੇ ਦੇ ਪਿਉ ਨੂੰ ਪੁੱਛਿਆ ਤਾਂ ਕਹਿੰਦਾ ਮੈਨੂੰ ਨਹੀਂ ਪਤਾ । ਆਖਰ ਜ਼ਿੰਮੇਵਾਰੀ ਕਿਸ ਦੀ ਹੈ ? ਪਰਿਵਾਰ ਦੇ ਇਕ ਵੱਡੇ ਆਦਮੀ ਨੂੰ ਸ਼ਾਦੀ ਤੇ ਨਾ ਬੁਲਾਉਣ ਦੀ ਕੋਈ ਤੁਕ ਨਹੀਂ । ਹਰ ਭਰਾ ਦੀ ਲੜਕੀ ਦੇ ਵਿਆਹ ਵਿਚ ਉਹ ਆਏ ਤੇ ਚਾਲ੍ਹੀ ਪੰਜਾਹ ਰੁਪੈ ਭੇਟ ਵੀ ਦੇ ਗਏ । ਮੇਰੀਆਂ ਦੋਹਾਂ ਲੜਕੀਆਂ ਦੀ ਸ਼ਾਦੀ ਵਿਚ ਉਹ ਆਏ ਸਨ......''

''ਤਾਂ ਕੀ ਹੋਇਆ ? ਭਈਆ ਦੀ ਲੜਕੀ ਦੀ ਸ਼ਾਦੀ ਵਿਚ ਬੁਲਾ ਲੈਣਾ ।''

ਕੁੰਯੁਚੇਰੁਕਨ ਨੇ ਮੁੜ ਕੇ ਵੇਖਿਆ । ਫਿਲਿਪਿਓਸ ਹੈ । ਜ਼ਰਾ ਰੁਕ ਕੇ ਸੋਚ ਲਿਆ । ਉਸ ਨਾਲ ਗੱਲ ਕਰਦੇ ਸਮੇਂ ਸਾਵਧਾਨ ਰਹਿਣਾ ਹੈ—

''ਤਾਂ ਕੀ ਸਭ ਅਲੱਗ-ਅਲੱਗ ਹਨ ?''

''ਤੇ ਹੋਰ ਕੀ ਸਭ ਇਕ ਹਨ ?''

"ਕੀ ਏ ਪਿਤਾ ਜੀ ?"

"ਥੱਕੇ ਪਏ ਪਿਤਾ ਜੀ ਕੋਲੋਂ ਕੀ ਚਾਹੁੰਦੇ ਹੋ ? ਜਦ ਤੱਕ ਉਹ ਜ਼ਿੰਦਾ ਹਨ, ਅਲੱਗ-ਅਲੱਗ ਦਾ ਖਿਆਲ ਮੇਰੇ ਮਨ ਵਿਚ ਨਹੀਂ ਆਉਂਦਾ। ਮੇਰੇ ਵੱਡੇ ਭਰਾ ਵੀ ਇਸ ਤਰ੍ਹਾਂ ਨਹੀਂ ਸੋਚਣ ਲੱਗੇ।"

"ਇਹ ਰਾਮ ਕਹਾਣੀ ਕਿਉਂ ਸੁਣਾਉਂਦੇ ਹੋ ? ਸੌ ਵਾਰ ਇਹ ਸੁਣ ਚੁਕੇ ਹਾਂ। ਲੋਕਾਂ ਕੋਲੋਂ ਕੁਝ ਸੁਣ ਸਕਦੇ ਹੋ ? ਸਭ ਕੁਝ ਜਾਣਦੇ ਹੋਏ ਕੁੰਞੁਚੇਰੁਕਨ ਭਈਆ ਨੂੰ ਕਿਉਂ ਉਲਝਣ ਵਿਚ ਪਾਉਂਦੇ ਹੋ ?"

ਕੁੰਏਨਾਚੰਨ ਨੇ ਆਖਿਆ—

"ਬਸ ਓ ਬਸ ! ਜਾਉ, ਜਾ ਕੇ ਆਪਣਾ-ਆਪਣਾ ਕੰਮ ਸੰਭਾਲੋ।"

"ਜਾ ਰਿਹਾ ਹਾਂ। ਪਰ ਜੇ ਅੱਚਨ ਨੂੰ ਨਿਓਤਾ ਨਾ ਦਿਤਾ ਤਾਂ ਸ਼ਾਦੀ ਪੂਰੀ ਹੋਣ ਤੱਕ ਮੈਂ ਇਸ ਅਹਾਤੇ ਵਿਚ ਕਦਮ ਨਹੀਂ ਰਖਣ ਲੱਗਾ। ਨਾ ਪਾਣੀ ਪੀਆਂਗਾ।"

ਹੁਣ ਮਾਤੁਕੁੱਟੀ ਆ ਪੁਜਾ।

"ਕਦਮ ਰਖਣਾ ਨਾ ਰਖਣਾ ਹਰੇਕ ਦੀ ਆਪਣੀ ਮਰਜੀ ਹੈ। ਇਕ ਨੀਂਦ ਨਾਲ ਰਾਤ ਥੋੜਾ ਖਤਮ ਹੋ ਜਾਂਦੀ ਹੈ। ਇਹ ਵੀ ਖੂਬ ਰਹੀ।"

ਬਹਿਸ ਵਧ ਜਾਂਦੀ। ਪਰ ਪੁਰੋਹਿਤ ਜੀ ਤੇ ਸਹਾਇਕ ਆ ਗਏ।

ਮਾਤੁਕੁੱਟੀ ਨੇ ਆਖਿਆ—"ਸਵੇਰੇ ਢੂੰਡਿਆ ਪੁਰੋਹਿਤ ਜੀ ਉਥੇ ਹੈ ਹੀ ਨਹੀਂ ਸਨ।"

"ਹਾਂ, ਕਾਯੰਕੁਲਪ ਤੱਕ ਗਿਆ ਸਾਂ।......ਤਾਂ ਸ਼ਾਦੀ ਦੀ ਤਿਆਰੀ ਕੈਸੀ ਹੈ ?"

"ਓਹ ਕਰਨਾ ਕੀ ਹੈ ? ਕੁਝ ਲੋਕਾਂ ਲਈ ਦਾਵਤ ਤਿਆਰ ਕਰਨੀ ਹੈ।"

ਸਹਾਇਕ ਨੇ ਸਵਾਲ ਕੀਤਾ—

"ਹੋ......ਹੋ......ਹੋਰ ਕੁਝ ਨਹੀਂ ?"

"ਹੋਰ ਲੜਕੇ ਨੂੰ ਲੜਕੀ ਦੇ ਗਲੇ ਵਿਚ ਮੰਗਲਸੂਤਰ ਪਾਉਣਾ ਹੈ।"

"ਵਾਹ !...... ਇਹ ਬੋ......ਬੋ...... ਬੋਲੋ।"

ਸਭ ਹੱਸ ਪਏ ਪੁਰੋਹਿਤ ਜੀ ਵੀ ਉਨ੍ਹਾਂ ਦੇ ਹਾਸੇ ਵਿਚ ਸ਼ਾਮਿਲ ਹੋ ਗਏ।

"ਕੁੰਏਨਾਚੰਨ ਕਿਉਂ ਚੁਪਚਾਪ ਲੇਟੇ ਹਨ ?"

"ਕੀ ਹੈ ?"

"ਸਾਡੀਆਂ ਗੱਲਾਂ ਨਹੀਂ ਸੁਣੀਆਂ ?"

"ਧੁਣ ਨਹੀਂ ਸਕਿਆ।"

"ਸ਼ਾਦੀ ਦੀ ਗੱਲ ਕਰ ਰਹੇ ਸਾਂ। ਕਲ ਆਵਾਂਗੇ। ਹਾਲ-ਚਾਲ ਜਾਨਣ ਲਈ ਚਕਰ ਲਾਇਆ ਹੈ।"

ਪੁਰੋਹਿਤ ਜੀ ਤੇ ਸਹਾਇਕ ਚਲੇ ਗਏ। ਮਾਸ ਕਟਣ ਲਈ ਚਾਰ-ਪੰਜ ਜਵਾਨ ਪੰਡਾਲ ਵਿਚ ਆ ਗਏ। ਨਾਰੀਅਲ ਰਗੜਨ ਲਗ ਪਏ। ਇਨ੍ਹਾਂ ਦੇ ਹਾਸੇ-

ਮਜ਼ਾਕ ਨਾਲ ਪੰਡਾਲ ਗੂੰਜ ਉਠਿਆ ।

ਗੱਲਬਾਤ ਕਰਦੇ ਫਿਰ ਹੱਸਦੇ ਤਾਂ ਕੁੰਏਨਾਚੰਨ ਪੁਛਦੇ—ਕੀ ਕੀ ?

ਜਵਾਬ ਮਿਲਦਾ—"ਕੁਝ ਨਹੀਂ, ਕੁਝ ਨਹੀਂ ।"

ਫਿਰ ਹੌਲੀ ਜਹੀ ਆਵਾਜ਼ ਵਿਚ ਆਖਦੇ । "ਬੁੱਢਾ ਕੀ ਚੁਪ ਨਹੀਂ ਲੇਟਿਆ ਰਹਿ ਸਕਦਾ ?"

ਨੌਂ ਵਜੇ ਫਿਲਿਪਿਓਸ ਦੀ ਪਤਨੀ ਅੰਨਾਮਾ ਨੇ ਆ ਕੇ ਆਵਾਜ਼ ਦਿਤੀ—"ਬਾਬੂ ਜੀ ।"

"ਹੂੰ"

"ਆਓ । ਖਾਣਾ ਖਾਕੇ ਲਹਿੰਦੇ ਦੇ ਬਰਾਮਦੇ ਵਿਚ ਸੌਂ ਜਾਓ । ਉਥੇ ਮੰਜੀ ਡਾਹ ਦਿਤੀ ਹੈ ।"

"ਇਥੇ ਹੀ ਸੌਵਾਂਗਾ ਬੇਟੀ ।"

"ਇਸ ਚਾਨਣੇ ਵਿਚ ਨੀਂਦ ਕਿਵੇਂ ਆਵੇਗੀ ? ਆਓ ।"

ਉਠ ਬੈਠੇ । ਅੰਨਾਮਾ ਹੱਥ ਦਾ ਸਹਾਰਾ ਦੇ ਕੇ ਹੌਲੀ-ਹੌਲੀ ਚਲ ਪਈ ਤੇ ਲਹਿੰਦੇ ਦੇ ਬਰਾਮਦੇ ਦੀ ਚਾਰਪਾਈ ਤੇ ਬੈਠਾ ਦਿਤਾ । ਉਸ ਦੇ ਬਾਅਦ ਥਾਲੀ ਵਿਚ ਚਾਵਲ ਪਾ ਕੇ ਲੈ ਆਈ......

"ਤੂੰ ਕਦੋਂ ਆਈ ਹੈਂ ?"

"ਥੋੜ੍ਹੀ ਦੇਰ ਹੋ ਗਈ ।"

"ਤੇਰੀਆਂ ਬੇਟੀਆਂ 'ਚੋਂ ਕੋਈ ਆਈ ਹੈ ?"

"ਰੋਸਾਮਾ ਆਈ ਹੈ ।"

"ਵੱਡੀ ਦੇ ਤਿੰਨ ਬੱਚੇ ਨੇ ਨਾ ?"

"ਹਾਂ, ਚਿੱਠੀ ਆਈ ਸੀ ਕਿ ਕਲਕੱਤੇ ਤੋਂ ਪਤੀ ਅਤੇ ਬੱਚਿਆਂ ਸਮੇਤ ਇਸ ਮਹੀਨੇ ਆ ਰਹੀ ਹੈ ਪਰ ਅਜੇ ਆਈ ਨਹੀਂ ।

"ਘਰ ਵਾਲੇ ਨਾਲ ਤੇਰਾ ਝਗੜਾ ਖਤਮ ਹੋ ਗਿਆ ਹੈ ?"

"ਕੀ ਹੈ ਬੇਟੀ ?"

"ਉਹ ਤਾਂ ਇਸ ਦੁਨੀਆਂ ਵਿਚ ਨਹੀਂ ਖਤਮ ਹੋਣ ਲੱਗਾ ।"

"ਮਸੀਹ ਨੇ ਆਖਿਆ ਹੈ ਕਿ ਸੱਠ-ਸੱਤਰ ਵਾਰ ਮੁਆਫ ਕਰਨਾ ਚਾਹੀਦਾ ਹੈ ।"

"ਸੱਤ ਸੌ ਵਾਰ ਮੁਆਫ ਕੀਤਾ । ਹੁਣ ਸੰਭਵ ਨਹੀਂ, ਪਿਤਾ ਜੀ । ਮੇਰੇ ਮੁਆਫ ਕਰਨ ਨਾ ਕਰਨ ਨਾਲ ਉਨ੍ਹਾਂ ਦਾ ਕੁਝ ਬਣਦਾ ਵਿਗੜਦਾ ਨਹੀਂ । ਰਹੀ ਮਸੀਹ ਦੀ ਮੁਆਫ ਕਰਨ ਦੀ ਗੱਲ । ਜਾਪਦੇ ਹੁਣ ਉਨ੍ਹਾਂ ਨੂੰ ਉਸ ਦਾ ਡਰ ਵੀ ਨਹੀਂ ਰਿਹਾ ।"

"ਉਹ ਔਰਤ ਚਲੀ ਗਈ ?"

"ਚਲੀ ਗਈ । ਸੁਣਿਆ ਹੈ ਹੁਣ ਉਧਰ ਜਾ ਕੇ ਮਿਲਦੇ ਨੇ ।"

"ਆਪਣੇ ਬਰਾਬਰ ਬੇਟੇ । ਦੋ-ਤਿੰਨ ਬੱਚਿਆਂ ਵਾਲੀਆਂ ਧੀਆਂ । ਫਿਰ ਵੀ ਸੋਚ ਰਿਹਾ ਹੈ ਕਿ ਨੌਜਵਾਨ ਹੈ ।" ਕੁੰਏਨਾਚੰਨ ਨੇ ਆਖਿਆ ।

ਕਹਿ ਤਾਂ ਦਿਤਾ ਪਰ ਤੁਰੰਤ ਸੁਝ ਗਿਆ ਕਿ ਸਰਾਸਰ ਗਲਤੀ ਕਰ ਦਿਤੀ। ਜਿਵੇਂ ਅਚਾਨਕ ਕਿਸੇ ਕੰਡੇ ਤੇ ਪੈਰ ਆ ਗਿਆ ਹੋਵੇ......

"ਅਸੀ ਵੀ ਦਗਾਬਾਜ਼ ਹਾਂ ਨਾ ?......"

"ਢਾ।"

"ਜਾਵਾਂ ਪਿਤਾ ਜੀ ! ਸਭ ਔਰਤਾਂ ਅੰਦਰ ਕੁਝ ਨਾ ਕੁਝ ਕੰਮ ਕਰ ਰਹੀਆਂ ਹਨ। ਮੈਂ ਹੀ ਇਥੇ ਬੈਠੀ ਰਹਾਂ। ਕੀ ਇਹ ਠੀਕ ਹੈ ?"

"ਜਾਓ।"

"ਸੌਂ ਜਾਓ। ਜੇ ਸੁਤੇ ਨਾ ਤਾਂ ਬਹੁਤ ਥਕਾਵਟ ਮਹਿਸੂਸ ਹੋਵੇਗੀ।"

"ਹੂੰ।"

ਲੇਟ ਗਏ। ਪੰਡਾਲ ਦੀ ਰੌਸ਼ਨੀ ਛਣ-ਛਣ ਕੇ ਆਉਂਦੀ ਸੀ। ਜ਼ਮੀਨ ਤੇ ਚਟਾਈ ਵਿਛੀ ਹੈ। ਚਾਰ ਪੰਜ ਬੱਚੇ ਚਟਾਈਆਂ ਤੇ ਸੰਵਾਏ ਹੋਏ ਹਨ। ਮੰਜੀ ਦੇ ਹੇਠ ਕੜਾਹੀ, ਕੜਛੀ, ਸਭ ਕਿਧਰੋਂ ਲਿਆ ਰਖੇ ਹਨ।

ਨੀਂਦ ਨਹੀਂ ਆਉਂਦੀ। ਦਿਨ ਦੇ ਵਕਤ ਸਮੇਂ ਸੌਂ ਜਾਣ ਬਾਅਦ ਰਾਤ ਨੂੰ ਇਕ ਝਪਕੀ ਆ ਜਾਏ ਤਾਂ ਵੀ ਗਨੀਮਤ ਹੈ......।

ਸੌਣ ਦਾ ਮਹੀਨਾ ਸੀ। ਮੌਸਮੀ ਬਰਸਾਤ ਦੇ ਬਾਅਦ ਨਦੀ ਨਾਲਿਆਂ ਵਿਚ ਹੜ੍ਹ ਜਿਹਾ ਆਇਆ ਹੋਇਆ ਸੀ। ਬਾਰਿਸ਼ ਨਹੀਂ। ਦੋ ਵਡੇ ਤੇ ਮੋਟੇ ਤਕੜੇ ਬਲਦਾਂ ਨੂੰ ਲੈ ਕੇ ਪੰਪਾ ਨਦੀ ਵਿਚ ਠਿਲ੍ਹ ਕੇ ਨਦੀ ਪਾਰ ਕੀਤੀ ਸੀ। ਮੰਡੀ 'ਚੋਂ ਆ ਰਿਹਾ ਸਾਂ। ਇਕ ਚਿਕਨਾ ਦੂਜਾ ਬੁੰਦਕੀ ਵਾਲਾ। ਦੋਹਰੇ ਰੱਸੇ। ਬੈਲਾਂ ਦੇ ਰੱਸੇ ਪਕੜੀ ਘਾਟ ਦੀ ਬੇੜੀ ਤੇ ਚੜ੍ਹ ਗਿਆ। ਬੇੜੀ ਲੋਕਾਂ ਨਾਲ ਭਰੀ ਹੋਈ ਸੀ। ਨਦੀ ਦੇ ਦਰਮਿਆਨ ਪਹੁੰਚ ਕੇ ਦੋਵੇਂ ਬੈਲ ਬੇੜੀ ਨੂੰ ਖਿਚਦੇ ਹੋਏ ਨਦੀ ਦੇ ਬਹਾ ਵਲ ਤੈਰਨ ਲਗ ਪਏ। ਨੁਕੇਲ ਪਕੜ ਕੇ ਕਾਬੂ ਵਿਚ ਕਰਨ ਦੀ ਕੋਸ਼ਿਸ਼ ਕੀਤੀ। ਪਰ ਬੈਲ ਰੁਕ ਨਹੀਂ ਸਨ ਰਹੇ। ਬੇੜੀ ਦੂਰ ਹੇਠ ਵਲ ਰੁੜ੍ਹਦੀ ਜਾ ਰਹੀ ਸੀ। ਮੁਸਾਫਰਾਂ ਨੇ ਸ਼ੋਰ ਮਚਾ ਦਿਤਾ। ਬੈਲ ਦੀ ਰੱਸੀ ਛੱਡ ਦੇ। ਕਿਵੇਂ ਛੱਡਾਂ ? ਨਦੀ ਵਿਚ ਕੁੱਦ ਪਿਆ ਤੇ ਤੈਰਨ ਲਗ ਪਿਆ। ਉਂਗਲੀਆਂ ਨੂੰ ਚੀਰਦੀ ਧਾਰ ਤੇ ਨਾਲੇ ਠੰਡ। ਕਿਸੇ ਨਾ ਕਿਸੇ ਤਰ੍ਹਾਂ ਕਿਨਾਰੇ ਲੱਗਾ। ਕਿਥੇ ? ਘਾਟ ਤੋਂ ਤਿੰਨ ਮੀਲ ਹੇਠ ਵਲ। ਅਜ ਯਾਦ ਕਰਨ ਨਾਲ ਹੀ ਡਰ ਲਗਦਾ ਹੈ। ਕਪੜੇ ਨਿਚੋੜ ਕੇ ਪਾ ਲਏ। ਬਿਲਕੁਲ ਓਪਰੀ ਜਗ੍ਹਾ ਸੀ। ਕਿਸੇ ਤੋਂ ਪੁਛਿਆ ਤਾਂ ਇਕ ਗਲੀ ਵਿਖਾਈ ਦਿਤੀ। ਉਧਰ ਚਲ ਪਿਆ। ਲਾਲ ਰੰਗ ਦੀ ਮਿੱਟੀ ਸੀ। ਚੌਹਾਂ ਪਾਸੇ ਕਾਜੂ ਦੇ ਰੁੱਖ। ਛੋਟੇ-ਛੋਟੇ ਟਿੱਲੇ ਤੇ ਝਾੜੀਆਂ......

ਚਲਦਾ ਗਿਆ। ਵੱਡੀ ਸੜਕ ਤੇ ਪੁਜਣ ਲਈ ਛੇ ਸਤ ਮੀਲ ਚਲਣਾ ਪਿਆ। ਸ਼ਾਮ ਹੋਣ 'ਚ ਹੁਣ ਜ਼ਿਆਦਾ ਦੇਰ ਨਹੀਂ ਸੀ। ਕੀ ਕਰਦਾ ? ਸ਼ਾਮ ਹੋਣ ਤੱਕ ਇਕ ਘਰ ਦੇ ਫਾਟਕ ਤੇ ਜਾ ਪੁੱਜਾ। ਇਹ ਖਪਰੈਲ ਵਾਲਾ ਅੱਛਾ ਘਰ ਸੀ। ਵਾੜਾ ਸੀ। ਵਿਹੜੇ ਵਿਚ ਵੱਡਾ ਸਾਰਾ ਕਟਹਿਰ ਦਾ ਰੁੱਖ ਸੀ। ਆਵਾਜ਼ ਦਿਤੀ—
"ਕੋਈ ਹੈ ?"

ਕੋਈ ਜਵਾਬ ਨਹੀਂ ।

ਹਿੰਮਤ ਕਰਕੇ ਬੈਲਾਂ ਨੂੰ ਕਟਹਿਰ ਦੇ ਰੁੱਖ ਨਾਲ ਬੰਨ੍ਹ ਦਿਤਾ । ਕਿਧਰੋਂ ਇਕ ਇਸਤ੍ਰੀ ਪੌੜੀਆਂ ਚੜ੍ਹਦੀ ਆਈ । ਨਹਾ ਕੇ ਆ ਰਹੀ ਸੀ । ਬਾਲਟੀ ਵਿਚ ਧੋਤੇ ਹੋਏ ਕਪੜੇ । ਭਿੱਜਾ ਹੋਇਆ ਦੁਪੱਟਾ ਲਪੇਟਿਆ ਹੋਇਆ ਸੀ । ਕਰੀਬ ਪੈਂਤੀ ਸਾਲਾਂ ਦੀ ਹੋਵੇਗੀ । ਨਹੀਂ ਤਾਂ ਅਠੱਤੀ ਸਾਲਾਂ ਦੀ । ਜ਼ਰੂਰ ਚਾਲ੍ਹੀ ਤੋਂ ਘਟ ਹੀ ਸੀ । ਗੁਲਾਬੀ ਗਲ੍ਹਾਂ । ਕਾਲੇ-ਕਾਲੇ ਲੰਮੇ ਵਾਲ ਗਿੱਟਿਆਂ ਤੱਕ । ਇਸਤ੍ਰੀ ਥੋੜ੍ਹੀ ਦੇਰ ਉਸ ਵਲ ਵੇਖਦੀ ਰਹੀ । ਉਹ ਵੀ ਉਸ ਵਲ ਵੇਖਦਾ ਰਿਹਾ—

"ਕੌਣ ਹੋ ? ਕੀ ਚਾਹੀਦਾ ਹੈ ?"

ਗੱਲ ਦੱਸੀ, "ਰਾਤ ਸੌਣਾ ਹੈ । ਰਾਤ ਭਰ ਲਈ ਬਲਦ ਬੰਨ੍ਹਣੇ ਹਨ ।"

ਬਰਾਮਦੇ ਵਿਚ ਬੈਠ ਜਾਓ ।

"ਕੀ ਘਰ ਦੇ ਮਾਲਕ ਨਹੀਂ ਹਨ ?"

ਕੁਝ ਨਹੀਂ ਕਿਹਾ । ਅੰਦਰ ਗਈ । ਧੋਤੇ ਹੋਏ ਕਪੜੇ ਸੁੱਕਣੇ ਪਾਉਣ ਦੇ ਬਾਅਦ ਕਪੜੇ ਬਦਲ ਕੇ ਆ ਗਈ ।

ਬਲਦਾਂ ਨੂੰ ਵਾੜੇ 'ਚ ਬੰਨ੍ਹ ਦਿਓ । ਕੋਲ ਹੀ ਘਾਹ ਦਾ ਢੇਰ ਸੀ । ਬਲਦਾਂ ਨੂੰ ਬੰਨ੍ਹ ਦਿਤਾ ਤੇ ਘਾਹ ਦੀ ਪੰਡ ਉਨ੍ਹਾਂ ਅੱਗੇ ਪਾ ਦਿਤੀ । ਮੁੜਿਆ ਤਾਂ ਮੇਜ਼ ਉਤੇ ਇਕ ਗਿਲਾਸ ਵਿਚ ਕਾਫੀ ਪਈ ਸੀ ।

ਬਰਾਮਦੇ ਵਿਚ ਇਕ ਹੋਰ ਔਰਤ ਵੀ ਸੀ, ਉਸ ਨੇ ਪੁਛਿਆ—

"ਕੀ ਇਹ ਹੀ ਪੋਨੰਮਾ ਦਾ ਵੱਡਾ ਭਰਾ ਹੈ ?"

"ਹਾਂ ਮਾਮੀ । ਭਈਆ ਕਈ ਦਿਨਾਂ ਤੋਂ ਬਾਹਰ ਸਨ ।"

"ਚੰਗਾ ਏ, ਮੰਡੀ 'ਚੋਂ ਮੁੜਦਿਆਂ ਭੈਣ ਦੀ ਯਾਦ ਆ ਗਈ । ਇਹ ਹੀ ਗਨੀਮਤ ਹੈ । ਕਿੰਨੇ ਬੱਚੇ ਹਨ ?"

"ਛੇ ।"

"ਲੜਕੀਆਂ ਕਿੰਨੀਆਂ, ਲੜਕੇ ਕਿੰਨੇ ?"

"ਪੰਜ ਲੜਕੇ ਤੇ ਇਕ ਲੜਕੀ ।"

"ਛੋਟੇ ਭਰਾ ਨੂੰ ਮੈਂ ਜਾਣਦੀ ਹਾਂ । ਇਥੇ ਆਉਂਦੇ ਹੀ ਵੇਖਿਆ ਹੈ ।"

"ਹਾਂ ।"

"ਕਪੜੇ ਦੀ ਦੁਕਾਨ ਕਰਦਾ ਹੈ ਨਾ ?"

ਪਸੀਨੇ ਨਾਲ ਤਰ ਹੋ ਗਿਆ । ਇਹ ਕੀ ਮਾਇਆ ਜਾਲ ਹੈ ?

"ਓਹ ! ਭਈਆ ਕਿਸੇ ਕੰਮ ਤੇ ਡਟੇ ਨਹੀਂ ਰਹਿੰਦੇ । ਹੁਣ ਪਹਾੜਾਂ ਤੇ ਥੋੜ੍ਹੀ ਜ਼ਮੀਨ ਸਰਕਾਰ ਕੋਲੋਂ ਮਿਲੀ ਹੈ । ਉਥੇ ਖੇਤੀ ਕਰਨ ਗਏ ਹਨ ।"

ਬਚ ਗਿਆ ।

"ਜਾਵਾਂ ਪੋਨੰਮਾ ?"

"ਹਨੇਰਾ ਹੋਣ ਤੋਂ ਪਹਿਲਾਂ ਘਰ ਪਹੁੰਚੋ ।"

ਉਹ ਚਲੀ ਗਈ ।

''ਕੀ ਨਹਾਉਣਾ ਨਹੀਂ ?''

''ਹੈਂ ।''

ਮੁਸਕਰਾਹਟ । ਮਾਨੋ ਚੰਨ ਨਿਕਲ ਰਿਹਾ ਹੋਵੇ । ਉਦੋਂ ਖ਼ੁਦ ਪੰਤਾਲੀਆਂ ਦਾ ਸਾਂ । ਉਮਰ ਘਟ ਹੀ ਦਿਸਦੀ ਸੀ । ਸਭ ਤੋਂ ਵਡੇ ਨੇ ਸ਼ਾਦੀ ਕਰ ਲਈ ਸੀ । ਉਸ ਦੇ ਬੱਚੇ ਸਨ । ਯਾਦ ਨਹੀਂ, ਪਰ ਅਲੱਗ ਰਹਿੰਦਾ ਸੀ......।

''ਝੂਠ ਕਿਉਂ ਬੋਲਿਆ ?''

ਹੱਸ ਪਈ ।

''ਝੂਠ ਕਿਹਾ ? ਸਿਰਫ ਭਰਾ ਹੀ ਬਣਾਇਆ ਹੈ ਨਾ ?''

''ਇਹ ਵੀ ਕੋਈ ਗੁਨਾਹ ਹੈ ?''

ਮਨ ਵਿਚ ਆਖਿਆ—ਗੁਨਾਹ ਨਹੀਂ । ਪਰ ਤੇਰੀ ਹਾਲਤ ਤਾਂ ਮੂਰਤੀ ਮਾਨ ਪ੍ਰਥਮ ਪਾਪ ਦੀ ਹੈ ।

''ਪਾਣੀ ਗਰਮ ਕੀਤਾ ਹੋਇਆ ਹੈ । ਨਹਾ ਆਓ ।''

ਅਸ਼ਨਾਨ ਕਰ ਆਇਆ ਤੇ ਦੋਵੇਂ ਗੱਲਾਂ ਕਰਦੇ ਰਹੇ । ਪਤੀ ਕਿਸੇ ਬਾਗ ਵਿਚ ਮਿਸਤਰੀ ਹੈ । ਮਹੀਨੇ ਵਿਚ ਇਕ ਵਾਰ ਆਉਂਦਾ ਹੈ । ਬੱਚੇ ਕੋਈ ਨਹੀਂ ।

ਚੌਲ ਪਰੋਸੇ । ਧੂਮਧਾਮ ਨਾਲ ਕੀਤੀ ਦਾਅਵਤ ਹੈ, ਜਿਵੇਂ ਖਾਸ ਮਨੋਰਥ ਲਈ ਸਭ ਕੁਝ ਤਿਆਰ ਕੀਤਾ ਹੋਵੇ । ਹਰ ਚੀਜ਼ ਬੜੇ ਪਿਆਰ ਨਾਲ ਤੇ ਜ਼ੋਰ ਦੇ ਕੇ ਖਵਾਈ । ਬੜੇ ਚਿਰ ਦੇ ਵਿਛੋੜੇ ਬਾਅਦ ਮੁੜ ਮਿਲਣ ਜਿਹਾ ਅਨੁਭਵ ਹੋ ਰਿਹਾ ਸੀ । ਖਾਣਾ ਖਾ ਲੈਣ ਦੇ ਬਾਅਦ ਵੀ ਗੱਲਬਾਤ ਜਾਰੀ ਰਹੀ । ਮਨ ਦੀ ਗੱਲ ਮੂੰਹ ਤੇ ਨਹੀਂ ਆਉਂਦੀ । ਜੋ ਗੱਲ ਕਹੀ ਜਾਂਦੀ ਹੈ ਉਹ ਦਿਮਾਗ ਵਿਚ ਨਹੀਂ ਬੈਠਦੀ । ਕੁਲ ਮਿਲਾ ਕੇ ਇਕ ਤਰ੍ਹਾਂ ਦੀ ਬੇਚੈਨੀ ਜਹੀ ਸੀ । ਖਤਰੇ ਦਾ ਡਰ......

ਬਹੁਤ ਰਾਤ ਬੀਤ ਗਈ ਤਾਂ ਅੰਦਰਲੇ ਕਮਰੇ ਵਿਚ ਬਿਸਤਰ ਵਿਛਾ ਦਿੱਤਾ ਗਿਆ ।

''ਹੁਣ ਸੌਂ ਜਾਓ ।''

ਇਕ ਚਟਾਈ ਬਰਾਮਦੇ ਵਿਚ ਵਿਛਾ ਦਈਏ, ਬਸ ।

''ਠੰਡ, ਕਿਥੋਂ ਦੀ ਠੰਡ । ਅੰਦਰ ਗਰਮੀ ਹੈ । ਪਸੀਨਾ । ਹੱਫ ਗਿਆ ਹਾਂ । ਇੰਨੀ ਲੰਮੀ ਯਾਤਰਾ ਵਿਚ ਕਦੀ ਇਸ ਤਰ੍ਹਾਂ ਨਹੀਂ ਮਹਿਸੂਸ ਕੀਤਾ । ਨਾ ਹੀ ਕਦੀ ਅਜਿਹਾ ਵੇਖਣ ਵਿਚ ਹੀ ਆਇਆ ।''

ਦੋ ਜਣਿਆਂ ਦੇ ਲੇਟਣ ਲਈ ਵੇਲ ਬੂਟਿਆਂ ਨਾਲ ਸਜੀ ਹੋਈ ਸੇਜ । ਗੱਦੇਦਾਰ ਮੋਟਾ ਬਿਸਤਰਾ । ਨਰਮ ਤੇ ਰੰਗਦਾਰ ਚਾਦਰ......

ਜਿਹਾ ਕਿ ਸ਼ਲੋਮੋਨ ਨੇ ਕਿਹਾ ਸੀ—ਹੇ ਪ੍ਰਭੂ ਕੁਮਾਰੀ ! ਤੇਰੇ ਪੈਰ ਕਿੰਨੇ ਸੁੰਦਰ ਹਨ । ਤੇਰੇ ਪੱਟਾਂ ਦੀ ਗੋਲਾਈ ਅਜਿਹੇ ਗਹਿਣਿਆਂ ਸਮਾਨ ਹੈ, ਜਿਨ੍ਹਾਂ ਨੂੰ ਕਿਸੇ ਨਿਪੁੰਨ ਕਾਰੀਗਰ ਨੇ ਘੜਿਆ ਹੋਵੇ । ਤੇਰਾ ਪੇਟ ਕਣਕ ਦੇ ਢੇਰ ਸਮਾਨ ਹੈ, ਜਿਸ ਦੇ ਚੌਹੀਂ ਪਾਸੀਂ ਸੋਸਨ ਦੇ ਫੁੱਲ ਹੋਣ । ਤੇਰੀਆਂ ਦੋਵੇਂ ਛਾਤੀਆਂ ਹਿਰਣੀ ਦੇ ਦੋ ਜੁੜਵੇਂ ਬੱਚਿਆਂ ਸਮਾਨ ਹਨ । ਤੇਰਾ ਗਲਾ ਹਾਥੀ ਦੰਦ ਦਾ ਗੁੰਬਦ ਹੈ । ਤੇਰੀਆਂ ਅੱਖੀਆਂ

ਹੇਸ਼ਬੋਨ ਦੇ ਉਨ੍ਹਾਂ ਕੁੰਡਿਆਂ ਸਮਾਨ ਹਨ ਜੋ ਬਤਨੀਮ ਦੇ ਫਾਟਕ ਪਾਸ ਹਨ । ਤੇਰੀ ਨੱਕ ਲੇਬਾਨੀਨ ਦੇ ਗੁੰਬਦ ਤੁਲ ਹੈ ਜਿਸ ਦਾ ਮੂੰਹ ਦਮਿਸ਼ਕ ਵੱਲ ਹੈ ।

ਹੇ ਪਿਆਰੀ, ਪ੍ਰੇਮ ਭੋਗ ਵਿਚ ਤੂੰ ਕਿੰਨੀ ਸੁੰਦਰੀ ਹੈਂ । ਤੇਰੀ ਡੀਲਡੋਲ ਖਜੂਰ ਦੇ ਸਮਾਨ ਸ਼ਾਨਦਾਰ ਹੈ ਤੇ ਤੇਰੇ ਕੇਸ ਤਾੜ ਦੇ ਗੁੱਛਿਆਂ ਵਾਂਗ ਹਨ ।

ਨਵੇਂ ਸਾਲ ਦੀ ਉਮਰ ਵਿਚ ਸੋਚਣ ਨਾਲ ਹੀ ਨਸ਼ਾ ਆ ਜਾਂਦਾ ਹੈ ।

ਚਖਸਾਲੇਮ ਦੀ ਬੇਟੀ ਵਾਂਗ ਊਸ਼ਾਕਾਲ ਵੇਲੇ ਠੰਡ ਵਧਣ ਤੇ ਛਾਤੀ ਦੀ ਗਰਮੀ ਨਾਲ ਤੇਰੇ ਦਿਲ ਨੇ ਕਿਹਾ ਹੋਵੇਗਾ—

ਆਪਣਾ ਚੋਗਾ ਮੈਂ ਉਤਾਰ ਦਿਤਾ ਹੈ ।

ਉਹ ਹੁਣ ਫਿਰ ਕਿਵੇਂ ਪਾਵਾਂ ?

ਪੈਰ ਧੋਤੇ ਹਨ ।

ਉਨ੍ਹਾਂ ਨੂੰ ਕਿਵੇਂ ਗੰਦਾ ਕਰਾਂ ?

ਦਿਨ ਦੇ ਨਿਕਲਣ ਤੋਂ ਪਹਿਲਾਂ ਹੀ ਉਠ ਗਈ । ਕਾਲੀ ਕਾਫੀ ਤਿਆਰ ਕੀਤੀ । ਇਕ ਮਾਮੀ ਨੂੰ ਧੋਖਾ ਦਿਤਾ । ਹੁਣ ਕਿਸੇ ਦੀ ਨਜ਼ਰ ਪੈ ਜਾਣ ਤੋਂ ਪਹਿਲਾਂ ਹੀ ਜਾਓ । ਚੁੰਮ ਲਿਆ ।

''ਪੁੰਨੰਮਾ ਨੂੰ ਕੁਝ ਦੇ ਨਾ ਸਕਿਆ ।''

''ਵਾਹ ! ਬਹੁਤ ਚੰਗੀ ਗੱਲ ਕਹੀ । ਜੋ ਦਿਤਾ ਹੈ ਉਹ ਕੀ ਘੱਟ ਹੈ ? ਮੈਂ ਅਜ ਤੱਕ ਇੰਨਾ ਆਨੰਦ ਕਦੀ ਨਹੀਂ ਸੀ ਮਾਣਿਆ । ਇਸ ਤਰ੍ਹਾਂ ਦਾ ਭੋਗ ਕਦੀ ਨਹੀਂ ਸੀ ਮਾਣਿਆ ।''

ਗਲੇ ਵਿਚ ਬਾਹਵਾਂ ਪਾ ਕੇ ਬੱਚੇ ਵਾਂਗ ਰੋ ਪਈ ।

ਸ਼ਾਮ ਵੇਲੇ ਘਰ ਪਹੁੰਚਿਆ । ਘਰ ਲੋਕ ਛਾਤੀ ਪਿੱਟ-ਪਿੱਟ ਕੇ ਰੋ ਰਹੇ ਸਨ । ਸੁਣਿਆ ਸੀ ਕਿ ਪਾਣੀ ਵਿਚ ਡੁੱਬ ਕੇ ਮਰ ਗਿਆ ਹੈ ।

ਲੋਕ ਭਿੰਨ-ਭਿੰਨ ਪਾਸੇ ਢੂੰਡਣ ਨਿਕਲੇ ਸਨ ।

ਸ਼ੁਰੂਆਤ ਇਸੇ ਤਰ੍ਹਾਂ ਹੋਈ । ਸਫ਼ਰ ਵਿਚ ਪਿਆਸ ਲੱਗੀ ਸੀ । ਬਿਨਾਂ ਪਹਿਰੇਦਾਰ ਦੇ ਅਹਾਤੇ ਵਿਚ ਘੁਸ ਕੇ ਇਕ ਖੋਪਾ ਤੋੜ ਲਿਆ । ਉਸ ਨੂੰ ਉਸੇ ਵੇਲੇ ਭੁਲ ਜਾਣਾ ਚਾਹੀਦਾ ਸੀ । ਪਰ ਭੁਲ ਨਹੀਂ ਸਕਿਆ । ਫਿਰ ਵੇਖਣ ਦੀ ਇੱਛਾ ਹੋਈ । ਕਈ ਬਹਾਨੇ ਬਣਾਏ । ਤਿਜੋਰੀ ਦਾ ਵਜ਼ਨ ਘਟ ਹੁੰਦਾ ਗਿਆ । ਸਵਾਸਥ ਵੀ ਵਿਗੜਦਾ ਗਿਆ ।

ਇਕ ਅੱਧ ਮਹੀਨੇ ਬਾਅਦ ਇਕ ਦਿਨ ਗਿਆ ਤੇ ਪ੍ਰਸੰਨਤਾ ਭਰੇ ਸੰਕੋਚ ਨਾਲ ਕਹਿਣ ਲੱਗੀ—''ਜਿਸ ਬਾਰੇ ਸੋਚਿਆ ਸੀ ਉਹ ਹੋ ਗਿਆ ਹੈ ।''

''ਕੀ ?''

''ਡਰਨ ਦੀ ਕੋਈ ਗੱਲ ਨਹੀਂ । ਮੇਰਾ ਆਦਮੀ ਇਨ੍ਹਾਂ ਦਿਨਾਂ 'ਚ ਦੋ ਤਿੰਨ ਵਾਰ ਆਇਆ ਸੀ ।''

''ਓਹ ।''

''ਦਿਲ ਦਾ ਬੋਝ ਹਲਕਾ ਹੋਇਆ । ਕੁਝ ਦਿਨ ਬੀਤੇ ਤਾਂ ਦਿਨ ਵੇਲੇ

ਪਹੁੰਚਣ ਦੀ ਮਨਾਹੀ ਹੋ ਗਈ। ਗਵਾਂਢੀਆਂ ਨੂੰ ਸ਼ੱਕ ਹੋਣ ਲਗ ਪਿਆ ਸੀ। ਰਾਤ ਵੇਲੇ ਚੋਰ ਵਾਂਗ ਜਾਂਦਾ, ਸਵੇਰੇ ਤੜਕੇ ਹੀ ਵਾਪਸ ਆ ਜਾਂਦਾ।

ਇਕ ਦਿਨ ਪਤਨੀ ਕਹਿ ਰਹੀ ਸੀ—

"ਇਹ ਕਹਿਣ ਵਾਲੇ ਵੀ ਦਗਾਬਾਜ਼ ਹਨ।"

"......"

"ਸਮਝ ਲਵਾਂਗੀ ਕਿ ਇਕ ਨਵੀਂ ਭੈਣ ਮਿਲ ਗਈ ਹੈ।"

ਜਿਸ ਬੁੱਢੀ ਨੂੰ ਉਹ ਮਾਮੀ ਆਖਦੀ ਸੀ, ਉਸ ਨੇ ਗੜਬੜ ਕੀਤੀ ਸੀ। ਪੁਛਦੀ ਪੁਛਾਉਂਦੀ ਆ ਗਈ ਤੇ ਕੰਨ ਭਰ ਕੇ ਚਲੀ ਗਈ।

ਗੱਲ ਇਥੇ ਹੀ ਨਹੀਂ ਮੁੱਕੀ। ਚੁੰਬਕ ਵਰਗੀ ਗੱਲ ਸੀ। ਮਨ ਕਾਬੂ ਵਿਚ ਨਾ ਰਿਹਾ। ਪਾਗਲਪਨ ਜਿਹਾ ਸੀ। ਇਕ ਵਾਰ ਉਥੇ ਗਿਆ ਤਾਂ ਉਸ ਦਾ 'ਉਹ' ਉਥੇ ਹੀ ਸੀ। ਉਸੇ ਦੇ ਸਾਹਮਣੇ ਜਾ ਪੁੱਜਾ। ਉਸ ਵੇਲੇ ਉਸ ਦੀ ਚਾਲਾਕੀ ਦਾ ਦੂਜਾ ਪੱਖ ਵੇਖਿਆ। ਉਸ ਨੇ ਅਨਜਾਣ ਬਣ ਕੇ ਪੁਛਿਆ—"ਕੌਣ ਹੈ ? ਕੀ ਚਾਹੀਦਾ ਹੈ ?"

"ਚੈਂਪਝਯੀ ਘਰ ਕਿਥੇ ਹੈ ?"

ਉਸ ਵੇਲੇ ਮੈਨੂੰ ਇਹ ਹੀ ਨਾਂ ਸੁੱਝਾ ਸੀ।

ਪਤੀ ਤੇ ਪਤਨੀ ਨੇ ਇਕ ਦੂਜੇ ਦੀਆਂ ਅੱਖੀਆਂ ਵਿਚ ਗੌਰ ਨਾਲ ਵੇਖਿਆ। ਕਿਹੜਾ ਚੈਂਪਝਯੀ ਘਰ ? ਉਸ ਨੂੰ ਪਹਿਲਾਂ ਹੀ ਸ਼ੱਕ ਸੀ। ਕਿਸੇ ਤਰ੍ਹਾਂ ਬਚ ਗਿਆ। ਪਰ ਘਰ ਨਹੀਂ ਮੁੜ ਸਕਿਆ। ਨਹੀਂ ਮੁੜ ਸਕਿਆ ਦਾ ਮਤਲਬ ਹੈ ਕਿ ਮੁੜਨ ਦੀ ਗੱਲ ਸੁੱਝੀ ਹੀ ਨਹੀਂ। ਉਸ ਥਾਂ ਤੋਂ ਦੋ ਮੀਲ ਦੱਖਣ ਵੱਲ ਇਕ ਮੱਦਸ਼ਾਲਾ ਹੈ। ਉਥੇ ਜਾ ਕੇ ਖੂਬ ਪੀਤੀ। ਪੀਣ ਤੇ ਹਿੰਮਤ ਮਿਲੀ। ਇਹ ਨਾਰੀ ਦੀ ਮਹਿਮਾ ਹੈ। ਉਸ ਦੇ ਹੱਥੋਂ ਖੋਹ ਕੇ ਆਪ ਭੋਗਣ ਦਾ ਵਿਚਾਰ ਕਰ ਲਿਆ। ਲਾਚਾਰੀ ਤਾਂ ਸੀ। ਫਿਰ ਵੀ ਉਸ ਔਰਤ ਨੇ ਪੁਛਿਆ ਕਿ ਕੌਣ ਹੈ ? ਉਸ ਔਰਤ ਨੇ ਜਿਸ ਦੇ ਪੇਟ ਵਿਚ ਮੇਰਾ ਬੀਜ ਸੀ। ਨੀਤੀਵਚਨਾ ਵਿਚ ਜੋ ਕਿਹਾ ਗਿਆ ਹੈ, ਉਹ ਸੱਚ ਹੀ ਨਿਕਲਿਆ। ਪਰਾਈ ਇਸਤ੍ਰੀ ਦੇ ਹੋਠਾਂ 'ਚੋਂ ਸ਼ਹਿਦ ਟਪਕਦਾ ਹੈ। ਉਸ ਦੀਆਂ ਗੱਲ੍ਹਾਂ ਤੇਲ ਨਾਲੋਂ ਵੀ ਵਧੀਕ ਚਿਕਨੀਆਂ ਹੁੰਦੀਆਂ ਹਨ। ਪਰ ਉਸ ਦਾ ਪਰਿਨਾਮ ਤੁੰਮੇ ਵਰਗਾ ਕੌੜਾ ਤੇ ਦੋਧਾਰੀ ਤਲਵਾਰ ਵਰਗਾ ਘਾਤਕ ਹੁੰਦਾ ਹੈ।

ਨਸ਼ੇ ਵਿਚ ਸਾਂ। ਪੱਤੀਆਂ ਵਿਚਲੀਆਂ ਦਰਜਾਂ ਵਿਚੋਂ ਦੀ ਵੇਖਿਆ ਕਿ ਤਾੜੀ ਦੀ ਦੁਕਾਨ ਦੇ ਸਾਹਮਣੇ ਦੀ ਸੜਕ ਤੇ ਚਾਰ ਪੰਜ ਆਦਮੀ ਦੌੜਦੇ ਆ ਰਹੇ ਹਨ। ਪਾਨ ਵਾਲੇ ਤੋਂ ਪੁਛਿਆ—

"ਇਕ ਦੱਖਣੀ ਬੈਲ ਵਾਲਾ ਤਾਂ ਏਧਰ ਨਹੀਂ ਆਇਆ ?"

"ਇਕ ਤਕੜਾ ਜਿਹਾ ?"

"ਹਾਂ।"

"ਦੁਕਾਨ ਦੇ ਅੰਦਰ ਹੈ।"

"ਦੁਕਾਨ ਦੇ ਦਰਵਾਜ਼ੇ ਤੇ ਆਏ ਤੇ ਅੰਦਰ ਝਾਕਿਆ।

"ਓਇ, ਬਾਹਰ ਆ।"

ਮੈਂ ਛੁਰਾ ਹੱਥ ਵਿਚ ਲੈ ਲਿਆ। ਛੁਰਾ ਹਮੇਸ਼ਾ ਕੋਲ ਰਖਦਾ ਹੁੰਦਾ ਸਾਂ। ਪਾਨ ਵਾਲੇ ਨੇ ਆਖਿਆ—"ਬਾਹਰ ਜਾ ਕੇ ਮਿਲ।"

ਪੇਟ ਵਿਚ ਤਾੜੀ ਜ਼ਰੂਰ ਹੈ। ਫਿਰ ਵੀ ਡਰ ਲੱਗਾ। ਨਵੀਂ ਅਨਜਾਣ ਜਗ੍ਹਾ। ਕਮਰ ਕੱਸੀ ਦੁਸ਼ਮਨ। ਕਿਧਰੇ ਫਸ ਤਾਂ ਨਹੀਂ ਚਲਿਆ? ਪਰ ਡਰ ਜ਼ਾਹਿਰ ਨਹੀਂ ਹੋਣ ਦਿਤਾ।

ਹੂੰ? ਗੱਲ ਕੀ ਹੈ?"

ਜਵਾਬ ਵਿਚ ਇਕ ਥੱਪੜ ਮਿਲਿਆ। ਉਸ ਨੂੰ ਰੋਕ ਲਿਆ। ਛੁਰਾ ਖੋਲ੍ਹਿਆ। ਜਿਸ ਵੀ ਛੁਰਾ ਖੋਹਣ ਦੀ ਕੋਸ਼ਿਸ਼ ਕੀਤੀ ਉਸੇ ਦਾ ਹੱਥ ਚੀਰ ਦਿਤਾ। ਪਰ ਇਕ ਹੋਰ ਨੇ ਡੰਡਾ ਮਾਰ ਕੇ ਛੁਰਾ ਹੱਥ 'ਚੋਂ ਛੁਡਾ ਕੇ ਦੂਰ ਸੁਟਵਾ ਦਿਤਾ। ਜਦ ਮਹਿਸੂਸ ਹੋਇਆ ਕਿ ਚਿੱਤ ਡਿੱਗ ਪਵੇਗਾ ਤਾਂ ਹਨੇਰੇ ਦੀ ਆੜ ਲੈ ਕੇ ਨੱਸ ਨਿਕਲਿਆ। ਜਾਨ ਬਚੀ।

ਸੱਤ ਅੱਠ ਦਿਨ ਬਾਅਦ ਸ਼ਾਮੀਂ ਘਰ ਮੁੜਿਆ ਤਾਂ ਪੋਨੰਮਾ ਬਰਾਮਦੇ ਵਿਚ ਬੈਠੀ ਸੀ। ਦਰਵਾਜ਼ੇ ਦੇ ਸਾਹਮਣੇ ਲੋਕਾਂ ਦੀ ਭੀੜ ਲੱਗੀ ਹੋਈ ਸੀ। ਪੋਨੰਮਾ ਦੇ ਪਤੀ ਨੇ ਲੱਤਾਂ ਮਾਰ ਮਾਰ ਕੇ ਉਸ ਦਾ ਗਰਭ ਗਿਰਾ ਦਿਤਾ ਸੀ। ਫਿਰ ਘਰੋਂ ਵੀ ਕਢ ਦਿਤਾ। ਇਸ ਦੁਨੀਆਂ ਵਿਚ ਹੋਰ ਕੋਈ ਸਹਾਰਾ ਨਹੀਂ। ਇਸ ਲਈ ਬਚਾਉਣਾ ਚਾਹੀਦਾ ਹੈ। ਖਬਰ ਸੁਣ ਕੇ ਵੱਡਾ ਪੁੱਤਰ ਆ ਗਿਆ। ਉਸ ਨੇ ਉਸ ਸਮੇਂ ਜੋ ਕੁਝ ਵੀ ਕਿਹਾ ਉਹ ਅਜ ਵੀ ਯਾਦ ਹੈ--"ਪਿਤਾ ਜੀ ਪੁੱਤਰਾਂ ਨੂੰ ਬਹੁਤ ਅੱਛੀ ਦੌਲਤ ਵਿਰਾਸਤ ਵਿਚ ਦੇ ਰਹੇ ਹਨ। ਬਸ।"

ਕੋਚੂਪਾਤੀ ਅਤੇ ਮੱਤਾਯੀ ਹੀ ਉਸ ਨੂੰ ਉਥੋਂ ਲੈ ਕੇ ਗਏ। ਉਸ ਦਿਨ ਠਹਿਰਾ ਕੇ ਦੂਜੇ ਦਿਨ ਉਸ ਨੂੰ ਵਿਦਾ ਕਰ ਦਿਤਾ। ਕੁਝ ਪੈਸੇ ਵੀ ਦਿਤੇ। ਉਸ ਦੇ ਬਾਅਦ ਉਹ ਵਿਖਾਈ ਨਹੀਂ ਦਿਤੀ। ਅੱਠ ਦਸ ਸਾਲ ਬਾਅਦ ਸੁਣਿਆ ਸੀ ਕਿ ਉਹ ਮਰ ਗਈ ਹੈ—

ਮੁਰਗੇ ਨੇ ਬਾਂਗ ਦਿਤੀ। ਅੱਧੀ ਰਾਤ ਦੀ ਬਾਂਗ ਹੋਵੇਗੀ। ਪਿਆਸ। ਤਰਸ। ਘਬਰਾਹਟ......।

"ਬੇਟੀ!"

ਕੋਈ ਆਵਾਜ਼ ਨਹੀਂ। ਸਭ ਲੋਕ ਕਿਧਰੇ ਸੌਂ ਤਾਂ ਨਹੀਂ ਗਏ? ਪੰਡਾਲ ਵਿਚ ਬੱਤੀਆਂ ਜਗ ਰਹੀਆਂ ਹਨ।

"ਦਾਦਾ ਜੀ।"

"ਕੌਣ?"

"ਮੈਂ ਹਾਂ ਕੁੱਟੀਅੰਮਾਂ।"

ਤੂੰ ਕਦੋਂ ਆਈ ਹੈਂ?"

"ਥੋੜ੍ਹੀ ਦੇਰ ਹੋ ਗਈ। ਮਾਂ ਨੂੰ ਚੱਕਰ ਆ ਗਿਆ ਸੀ। ਇਸ ਲਈ ਸਭ ਨੂੰ ਖਾਣਾ ਖਵਾ ਕੇ ਹੀ ਚਲ ਸਕੀ।"

"ਪਿਆਸ ਲੱਗੀ ਹੈ, ਕਾਂਜੀ ਹੀ ਸਹੀ।"

ਕੱਟੀਅੰਮਾਂ ਅੰਦਰ ਗਈ । ਦੀਵਾ ਜਗਾਇਆ । ਦੀਵਾ ਲੈ ਕੇ ਵਾਪਸ ਮੁੜੀ ।

"ਕਾਂਜੀ ਗਰਮ ਨਹੀਂ । ਕਾਫੀ ਬਣਾ ਲਿਆਉਣੀ ਆਂ ।"

"ਤੈਨੂੰ ਪਤਾ ਹੈ ਕਾਫੀ ਸ਼ਕਰ ਆਦਿ ਕਿਥੇ ਪਏ ਨੇ ?"

"ਦੇਖ ਲਵਾਂਗੀ ।"

ਕੱਟੀਅੰਮਾਂ ਫਿਰ ਅੰਦਰ ਚਲੀ ਗਈ । ਬਰਤਨਾਂ ਦੇ ਟਕਰਾਣ ਦੀ ਆਵਾਜ਼ ਆਈ । ਚੁਲ੍ਹੇ ਦੀ ਅੱਗ ਦੀ ਲਾਲ ਲੋਅ । ਵਿਚਾਰੀ, ਇਕ ਆਵਾਜ਼ ਦਿਤਿਆਂ ਹੀ ਜਾਗ ਪਈ । ਦੂਲ੍ਹਾ ਉਸ ਨਾਲੋਂ ਸਤ ਅੱਠ ਸਾਲ ਛੋਟਾ ਹੈ । ਆਪਣੇ ਹੀ ਪਰਿਵਾਰ ਵਿਚ ਦਸ ਬਾਰਾਂ ਛੋਟੀਆਂ ਭੈਣਾਂ ਦੀਆਂ ਸ਼ਾਦੀਆਂ ਵਿਚ ਉਸ ਕੰਮ ਕੀਤਾ ਹੋਵੇਗਾ । ਉਸ ਦਾ ਐਬ ਇਹ ਹੀ ਹੈ ਕਿ ਉਹ ਫਲ ਦੇਣ ਵਾਲਾ ਰੁੱਖ ਹੈ । ਦਸ ਦਿਨ ਉਹ ਚਲ ਫਿਰ ਨਾ ਸਕੇ ਤਾਂ ਉਸ ਨੂੰ ਗਰਮ ਪਾਣੀ ਵੀ ਕੌਣ ਪੁਛੇਗਾ ? ਮੰਨ ਲਿਆ ਕਿ ਛੋਟੇ ਭਰਾ ਕੋਲ ਰਹਿੰਦੀ ਹੈ । ਵਕਤ ਲੰਘਾਉਣ ਨਾਲ ਉਸ ਦੀ ਬੇਟੀ ਦੀ ਉਮਰ ਦੀ ਛੋਟੀ ਭਾਬੀ ਪਤੀ ਦੇ ਕੰਨਾਂ ਵਿਚ ਮੰਤਰ ਫੂਕੇਗੀ—

"ਇਕ ਭੈਣ ਆ ਬੈਠੀ ਹੈ । ਨਾ ਕੋਈ ਪੁਛਦਾ ਹੈ...ਨਾ ਮੌਤ ਦੇ ਘਾਟ ਹੀ ਉਤਰਦੀ ਹੈ ।"

ਭਰਾ ਆਖਦਾ ਹੈ—

"ਇਸ ਤਰ੍ਹਾਂ ਨਾ ਕਹਿ । ਇਹ ਭੈਣ ਨਾ ਹੁੰਦੀ ਤਾਂ ਸਾਡੇ ਘਰ ਦੇ ਲੋਕ ਸੜਕ ਦੇ ਭਿਖਾਰੀ ਹੁੰਦੇ ।"

"ਮੈਂ ਕੁਝ ਨਹੀਂ ਆਖਦੀ । ਤੂਹ ਨੂੰ ਪਤਾ ਹੈ ਇਥੇ ਗ ੜੇ ਪਸੀਨੇ ਦੀ ਕਮਾਈ ਨਾਲ ਕਿੰਨੀ ਮੁਸ਼ਕਿਲ ਨਾਲ ਗੁਜ਼ਾਰਾ ਹੀ ਹੁੰਦਾ ਹੈ ?"

ਰੋਣ ਲੱਗ ਪੈਂਦੀ ਹੈ । ਪਤੀ ਦਾ ਦਿਲ ਦਰਦ ਨਾਲ ਭਰ ਆਉਂਦਾ ਹੈ । ਲੜਕਪਨ ਵਿਚ ਹੁਸ਼ਿਆਰ ਸੀ । ਪਰ ਹੁਣ ਸ਼ਾਂਤ ਹੈ । ਉਸ ਦੀ ਗੱਲ ਵੀ ਤਾਂ ਠੀਕ ਹੈ । ਕੀ ਭੈਣ ਹੋਰ ਕਿਸੇ ਕੋਲ ਨਹੀਂ ਰਹਿ ਸਕਦੀ ? ਮਨ ਵਿਚ ਇਸ ਖਿਆਲ ਦੇ ਆ ਜਾਣ ਨਾਲ ਵਰਤਾ ਵਿਚ ਨਫਰਤ ਦਾ ਰੰਗ ਆ ਜਾਂਦਾ ਹੈ । ਗੱਲਬਾਤ ਵਿਚ ਨਫਰਤ । ਮਾਂ-ਬਾਪ ਤੋਂ ਬੱਚੇ ਵੀ ਨਫਰਤ ਦਾ ਸਬਕ ਸਿੱਖ ਜਾਂਦੇ ਹਨ । ਕਈ ਦਿਨ ਬਰਦਾਸ਼ਤ ਕਰ ਕੇ ਹਾਰ ਜਾਣ ਤੇ ਉਹ ਇਕ ਛੋਟੀ ਭੈਣ ਕੋਲ ਜਾਣ ਲਈ ਤਿਆਰ ਹੁੰਦੀ ਹੈ । ਉਸ ਤੋਂ ਘੱਟ ਉਮਰ ਦੀ ਇਕ ਇਸਤ੍ਰੀ ਨੂੰ—ਜੋ ਕਿ ਹੁਣ ਦਾਦੀ ਬਣ ਚੁਕੀ ਹੈ—ਉਹ ਰਸਤੇ ਵਿਚ ਵੇਖਦੀ ਹੈ—

"ਕੱਟੀਅੰਮਾ ਕਿਥੇ ਚਲੀਏ ?"

"ਤੰਕੰਮਾ ਦੇ ਘਰ ਜਾ ਰਹੀ ਆਂ ।"

"ਸਾਲ ਕੁ ਛੋਟੇ ਭਰਾ ਕੋਲ ਰਹੀ ਨਾ ?"

"ਹਾਂ ।"

ਗੱਲਾਂ ਘੱਟ ਕਰਦੀ ਹੈ ਤੇ ਥਕਾਵਟ ਬਾਹਰ ਪ੍ਰਗਟ ਕੀਤੇ ਬਗੈਰ ਹੀ ਚਲੀ ਜਾਂਦੀ ਹੈ । ਤੇਰੀ ਸਾਥਨ ਦੇ ਦੋ ਮੁੰਡੇ ਹਜ਼ਾਰ-ਹਜ਼ਾਰ ਰੁਪਿਆ ਤਨਖਾਹ ਲੈ ਰਹੇ ਨੇ । ਪਰ ਉਸ ਸਾਥਣ ਦੀ ਹਮਦਰਦੀ ਵਿਚ ਤੇਰਾ ਕੀ ਲਾਭ ?......

"ਦਾਦਾ ਜੀ, ਕਾਫੀ।"

"ਹੂੰ"

"ਦੇਖਣਾ, ਜ਼ਿਆਦਾ ਗਰਮ ਤਾਂ ਨਹੀਂ ?"

ਉਂਗਲੀ ਨਾਲ ਛੂਹ ਕੇ ਵੇਖਿਆ।

"ਠੰਡੀ ਕਰ।"

ਥੋੜ੍ਹੀ-ਥੋੜ੍ਹੀ ਕਰ ਕੇ ਠੰਡੀ ਕਰ ਕੇ ਪਿਲਾਈ। ਚਾਅ ਨਾਲ ਪੀਤੀ। ਜਦ ਗਰਮੀ ਹੌਲੀ-ਹੌਲੀ ਪੇਟ ਵਿਚ ਪੁੱਜਦੀ ਹੈ ਤਾਂ ਆਰਾਮ ਮਹਿਸੂਸ ਹੁੰਦਾ ਹੈ।

"ਤੂੰ ਸੁੱਤੀ ਕਿਉਂ ਨਹੀਂ ?"

"ਮੈਨੂੰ ਨੀਂਦ ਬਹੁਤ ਦੇਰ ਨਾਲ ਆਉਂਦੀ ਹੈ।"

"ਤੂੰ ਵੀ ਮੇਰੇ ਵਾਂਗ ਹੀ ਹੈਂ।"

"ਦਾਦਾ ਜੀ ਦੀ ਨੀਂਦ ਉਮਰ ਦੇ ਕਾਰਨ ਵਿਗੜੀ ਹੈ। ਸੁਣਿਆ ਹੈ ਬੁਢਾਪੇ 'ਚ ਨੀਂਦ ਘਟ ਆਉਂਦੀ ਹੈ।

"ਬੈਠ ਜਾ, ਮੰਜੀ ਤੇ ਬੈਠ ਜਾ।"

"ਪੈਰ ਦੀ ਮਾਲਿਸ਼ ਕਰਾਂ ?"

"ਕਰ।"

"ਪਹਿਲਾਂ ਜਦ ਮੈਂ ਛੋਟੀ ਜਹੀ ਹੁੰਦੀ ਸਾਂ ਤਾਂ ਦਾਦਾ ਜੀ ਮਾਲਿਸ਼ ਕਰਨ ਵਾਸਤੇ ਪੈਸੇ ਦਿੰਦੇ ਸਨ। ਇਸ ਤੇ ਕਾਨੀਕੁੱਟੀ, ਜੋਣੀਕੁੱਟੀ ਹੋਰ ਵੀ ਝਗੜਾ ਕਰਦੇ। ਜਿੱਤ ਮੇਰੀ ਹੀ ਹੁੰਦੀ।"

"ਦਾਨੀ ਸਿੱਧਾ ਹੈ। ਕਾਲਾਯੀ ਦਾ ਜੋਣੀ ਬਹੁਤ ਉਦਮੀ ਸੀ। ਹੈ ਨਾ ?"

"ਉਹ ਤਾਂ ਲੜਕਪਨ ਦੀ ਗੱਲ ਸੀ ਦਾਦਾ ਜੀ। ਹੁਣ ਉਹ ਵੀ ਸ਼ਾਂਤ ਹੈ।"

"ਕੀ ਤੇਰੇ ਲਈ ਹੋਰ ਕੋਈ ਪ੍ਰਸਤਾਵ ਆਇਆ ਹੈ ?"

"........."

"ਬੋਲੋ ਬੇਟੀ"

"ਹੂੰ ਕਿਥੋਂ ?"

ਕੁੱਟੀਅੰਮਾ ਬਿਨਾ ਜਵਾਬ ਦਿਤੇ ਮਾਲਿਸ਼ ਕਰਦੀ ਰਹੀ।

"ਬੋਲਦੀ ਕਿਉਂ ਨਹੀਂ ?"

"ਪ੍ਰਸਤਾਵ ਦੀ ਗੱਲ ਨਹੀਂ ਦਾਦਾ ਜੀ। ਮੇਰੇ ਨਾਲ ਸਕੂਲ ਵਿਚ ਪੜ੍ਹਾਨ ਵਾਲੇ ਮਾਸਟਰ ਹਨ।"

"ਕੌਣ ? ਕਿਥੇ ਦਾ ਹੈ ?"

"ਕੇਵਲ ਇਹ ਹੀ ਆਖਿਆ ਹੈ ਕਿ ਇਛਾ ਹੈ।"

"ਕੀ ਆਖਿਆ ਹੈ ?"

ਕੁੱਟੀਅੰਮਾ ਉਲਝਨ ਵਿਚ ਪੈ ਗਈ। ਜਿਵੇਂ ਕਿ ਦਸਣਾ ਨਹੀਂ ਸੀ ਚਾਹੀਦਾ।

"ਬਿਟੀਆ।"

''ਕੀ ?''

''ਬੋਲ ਨਾ ਕੀ ਗੱਲ ਹੈ ?''

ਹਿੰਮਤ ਕਰਕੇ ਬੋਲੀ—

''ਤੋਟੁਪੂਝਾ ਦੇ ਹਨ। ਨਾਂ ਹੈ ਥਾਮਸ। ਦੁਹਾਜੂ ਹੈ। ਪਰ ਬੱਚੇ ਨਹੀਂ...''

''ਹੋਰ।''

''ਮੈਂ ਮਾਂ ਨੂੰ ਆਖਿਆ ਸੀ। ਮਾਂ ਮੇਰੇ ਵਲ ਵੇਖਦੀ ਰੋ ਪਈ ਸੀ। ਉਸ ਸੱਜਨ ਨੇ ਗੋਪਾਲਨ ਨਾਇਰ ਮਾਸਟਰ ਰਾਹੀਂ ਪਿਤਾ ਜੀ ਕੋਲ ਪ੍ਰਸਤਾਵ ਭੇਜਿਆ ਸੀ। ਪਿਤਾ ਜੀ ਉਸ ਮਾਸਟਰ ਨੂੰ ਗਾਲ੍ਹੀਆਂ ਕੱਢਣ ਲੱਗ ਪਏ।''

''ਤੇਰੇ ਬਾਪ ਕੋਲ ਪੈਸਾ ਕਿਥੇ ਹੈ ? ਇਸ ਲਈ ?''

''ਪੈਸੇ ਦੀ ਜ਼ਰੂਰਤ ਨਹੀਂ। ਦਾਜ ਨਹੀਂ ਦੇਣਾ। ਸ਼ਾਦੀ ਦਾ ਖਰਚ ਮੈਂ ਦੇਵਾਂਗੀ।''

''ਤੂੰ ਦੇਵੇਂਗੀ ?''

''ਹਾਂ।''

''ਕਿਸ ਸਭਾ ਦੇ ਹਨ ?''

''ਇਹ ਪੁਛਿਆ ਨਹੀਂ।''

ਕੁੰਏਨਾਚੰਨ ਨੇ ਮਨ ਹੀ ਮਨ ਸੋਚਿਆ।

'ਸਭਾ' ਪੁਛਣ ਦੀ ਕੀ ਲੋੜ ਹੈ ? ਘਰ, ਪਰਿਵਾਰ, ਉਮਰ, ਸਭਾ ਸਭ ਵੇਖ ਕੇ ਅੱਛਾ ਵਰ ਢੂੰਡਣ ਦਾ ਕੰਮ ਪਿਤਾ ਦਾ ਹੈ। ਉਸ ਇਹ ਨਹੀਂ ਕੀਤਾ। ਹੁਣ ਜੋ ਇਸ ਨੂੰ ਪਸੰਦ ਕਰਕੇ ਖੁਦ ਆਇਆ ਹੈ ਉਹ ਹੀ ਠੀਕ ਹੈ......

''ਮੈਂ ਇਕ ਗੱਲ ਦਾ ਫੈਸਲਾ ਕਰ ਲਿਆ ਹੈ, ਦਾਦਾ ਜੀ।''

''ਹੈਂ !''

ਅੱਥਰੂਆਂ ਦੀਆਂ ਦੋ ਗਰਮ ਬੂੰਦਾਂ ਕੁੰਏਨਾਚੰਨ ਦੇ ਪੈਰਾਂ ਤੇ ਡਿਗ ਪਈਆਂ।

''ਬਿਟੀਆ।''

''ਕੀ ?''

''ਰੋ ਰਹੀ ਹੈਂ ?''

''ਜੇ ਉਸ ਮੈਨੂੰ ਚਲਣ ਲਈ ਆਖਿਆ ਤਾਂ ਮੈਂ ਉਸ ਨਾਲ ਚਲੀ ਜਾਵਾਂਗੀ, ਦਾਦਾ ਜੀ।''

''ਹੈਂ !''

''......''

''ਇਸ ਦੀ ਲੋੜ ਨਹੀਂ ਪੈਣ ਲੱਗੀ ਬੇਟੀ। ਤੇਰੇ ਪਿਤਾ ਦੇ ਆਉਣ ਤੇ ਮੈਂ ਕਹਾਂਗਾ। ਰਾਹ ਨਿਕਲ ਆਵੇਗਾ।''

''ਜਿਸ ਦਾ ਰਾਹ ਅਜੇ ਤੱਕ ਨਹੀਂ ਨਿਕਲਿਆ ਹੁਣ ਕਿਥੋਂ ਨਿਕਲੇਗਾ ? ਛੋਟੀਆਂ ਭੈਣਾਂ ਜਦ ਆਪਣੇ ਪਤੀਆਂ ਦੇ ਨਾਲ ਆ ਜਾਂਦੀਆਂ ਹਨ ਤਾਂ ਮੇਰੇ ਸੌਣ ਜੋਗੀ ਜਗ੍ਹਾ ਨਹੀਂ ਬਚਦੀ। ਉਦੋਂ ਬੱਕਰੀਆਂ ਬੰਨ੍ਹਣ ਵਾਲੇ ਛੋਟੇ ਦਾਲਾਨ ਵਿਚ ਸੌਣਾ

ਪੈਂਦਾ ਹੈ। ਬਾਰਸ਼ ਵਿਚ ਫੁਹਾਰ ਦਾ ਪਾਣੀ ਉਤੇ ਪੈਂਦਾ ਹੈ। ਉਨ੍ਹਾਂ ਲੋਕਾਂ ਨੂੰ ਇਹ ਖਿਆਲ ਹੀ ਨਹੀਂ ਰਹਿੰਦਾ ਕਿ ਉਥੇ ਵੀ ਕੋਈ ਹੈ।"

ਕੁੱਟੀਅੰਮਾ ਨੇ ਦਾਦਾ ਜੀ ਦੇ ਪੈਰਾਂ ਤੇ ਡਿੱਗੇ ਅੱਥਰੂਆਂ ਦੀਆਂ ਬੂੰਦਾਂ ਆਪਣੇ ਦੁਪੱਟੇ ਨਾਲ ਪੂੰਝੀਆਂ।

"ਜਾ, ਸੌਂ ਜਾ, ਹੁਣ ਦਿਨ ਨਿਕਲਣ ਵਿਚ ਦੇਰ ਨਹੀਂ।"

ਦਾਦਾ ਜੀ ਤੇ ਹਰੀ ਚੱਦਰ ਦੇ ਕੇ ਕੁੱਟੀਅੰਮਾ ਚਲੀ ਗਈ।

ਤੁਰੰਤ ਮੁੜ ਆਈ ਤੇ ਪੁਛਿਆ—

"ਦਾਦਾ ਜੀ ਥੋੜ੍ਹੀ ਹੋਰ ਕਾਫ਼ੀ ਦੇਵਾਂ?"

"ਨਹੀਂ, ਤੂੰ ਸੌਂ ਜਾ।"

ਉਹ ਤਾਂ ਚਲੀ ਗਈ। ਫਿਰ ਵੀ ਉਸ ਦੀ ਮੂਰਤੀ ਸਾਹਮਣੇ ਹੀ ਹੈ। ਉਸ ਦੀਆਂ ਦੱਸੀਆਂ ਗੱਲਾਂ ਦਿਲ ਵਿਚ ਚੁਭ ਰਹੀਆਂ ਹਨ। ਉਸ ਨੇ ਆਖਿਆ ਹੈ ਕਿ ਜੇ ਉਸ ਆਖਿਆ ਤਾਂ ਉਸ ਦੇ ਨਾਲ ਚਲੀ ਜਾਏਗੀ। ਸੁਨਣ ਵਾਲਿਆਂ ਨੂੰ ਜਾਪੇਗਾ ਕਿ ਬਦਤਮੀਜ਼ ਲੜਕੀ ਹੈ। ਪਰ ਉਹ ਲਾਚਾਰ ਹੈ। ਇਹ ਹੀ ਗੱਲ ਹਮੇਸ਼ਾ ਹੁੰਦੀ ਆਈ ਹੈ। ਯਹੂਦਾ ਦੀ ਬਹੂ ਤਾਮਾਰ ਨੇ ਕੀ ਕੀਤਾ ਸੀ? ਯਹੂਦਾ ਦਾ ਵੱਡਾ ਪੁੱਤਰ 'ਪਰ' ਜਦ ਮਰ ਗਿਆ ਤਾਂ ਦੂਜੇ ਪੁੱਤਰ ਕਿਨਾਨ ਨੂੰ ਯਹੂਦਾ ਨੇ ਆਖਿਆ—ਆਪਣੀ ਭਰਜਾਈ ਪਾਸ ਜਾ ਕੇ ਉਸ ਨਾਲ ਦੇਵਰ ਦਾ ਧਰਮ ਪੂਰਾ ਕਰਕੇ ਆਪਣੇ ਭਰਾ ਵਾਸਤੇ ਸੰਤਾਨ ਪੈਦਾ ਕਰ। ਓਨਾਨ ਨੇ ਇਸ ਆਗਿਆ ਦਾ ਪਾਲਣ ਨਹੀਂ ਕੀਤਾ। ਯਹੋਵਾ ਨੇ ਅਪ੍ਰਸੰਨ ਹੋ ਕੇ ਉਸ ਨੂੰ ਮਾਰ ਦਿਤਾ। ਹੁਣ ਯਹੋਵਾ ਨੇ ਤਾਮਾਰ ਨੂੰ ਆਖਿਆ। ਜਦ ਤੱਕ ਮੇਰਾ ਪੁੱਤਰ ਸ਼ੇਲਾ ਸਿਆਣਾ ਨਹੀਂ ਹੁੰਦਾ, ਆਪਣੇ ਪਿਤਾ ਦੇ ਘਰ ਜਾ ਕੇ ਵਿਧਵਾ ਇਸਤ੍ਰੀ ਵਾਂਗ ਬੈਠੀ ਰਹਿ। ਤਾਮਾਰ ਆਪਣੇ ਪਿਤਾ ਦੇ ਘਰ ਚਲੀ ਗਈ। ਪਰ ਸ਼ੇਲਾ ਦੇ ਸਿਆਣਾ ਹੋ ਜਾਣ ਤੇ ਵੀ ਯਹੂਦਾ ਨੇ ਤਾਮਾਰ ਨੂੰ ਬੁਲਾਇਆ ਨਹੀਂ। ਉਹਨੀਂ ਦਿਨੀਂ ਯਹੂਦਾ ਭੇਡ ਬੱਕਰੀਆਂ ਦੀ ਉੱਨ ਕਤਰਾਣ ਦੇ ਉਤਸਵ ਵਾਸਤੇ ਤਿਮਨਾ ਜਾਣ ਲੱਗਾ। ਤਾਮਾਰ ਨੂੰ ਇਹ ਖਬਰ ਮਿਲ ਗਈ। ਉਸ ਆਪਣੇ ਵਿਧਵਾਪਨ ਦਾ ਪਹਿਨਾਵਾ ਉਤਾਰ ਦਿਤਾ ਤੇ ਘੁੰਡ ਕੱਢ ਕੇ ਆਪਣੇ ਆਪ ਨੂੰ ਢੱਕ ਲਿਆ ਅਤੇ ਏਨੇਮ ਨਗਰ ਦੇ ਫਾਟਕ ਦੇ ਕੋਲ ਜੋ ਤਿਮਨਾ ਦੇ ਰਸਤੇ ਵਿਚ ਹੈ, ਜਾ ਬੈਠੀ। ਜਦ ਯਹੂਦਾ ਨੇ ਉਸ ਨੂੰ ਵੇਖਿਆ ਤਾਂ ਉਸ ਨੂੰ ਵੇਸਵਾ ਸਮਝਿਆ। ਉਸ ਨਹੀਂ ਪਛਾਣਿਆ ਕਿ ਇਹ ਉਸੇ ਦੀ ਬਹੂ ਹੈ। ਸੋ ਉਸ ਨੇ ਉਸ ਨੂੰ ਆਖਿਆ ਮੈਨੂੰ ਆਪਣੇ ਕੋਲ ਆਉਣ ਦੇ। ਉਸ ਨੇ ਕਿਹਾ ਕਿ ਜੇ ਮੈਂ ਤੈਨੂੰ ਆਪਣੇ ਕੋਲ ਆਉਣ ਦੇਵਾਂ ਤਾਂ ਮੈਨੂੰ ਕੀ ਦੇਵੇਂਗਾ? ਉਸ ਆਖਿਆ, ਮੈਂ ਆਪਣੀਆਂ ਬੱਕਰੀਆਂ 'ਚੋਂ ਇਕ ਚੰਗਾ ਜਿਹਾ ਮੇਮਨਾ ਤੇਰੇ ਕੋਲ ਭੇਜ ਦੇਵਾਂਗਾ। ਤਾਂ ਉਸ ਨੇ ਆਖਿਆ, "ਕੀ ਉਸ ਮੇਮਨੇ ਦੇ ਭੇਜਣ ਤੱਕ ਤੂੰ ਮੇਰੇ ਕੋਲ ਕੁਝ ਗਹਿਣੇ 'ਚ ਰਖ ਸਕਦਾ ਹੈਂ?" ਉਸ ਪੁਛਿਆ, "ਮੈਂ ਤੇਰੇ ਪਾਸ ਕੀ ਗਹਿਣੇ ਰਖ ਜਾਵਾਂ?" ਉਸ ਆਖਿਆ, "ਆਪਣੀ ਮੋਹਰ, ਬਾਜੂਬੰਦ ਅਤੇ ਹੱਥ ਦੀ ਛੜੀ।" ਤਾਂ ਉਸ ਨੇ ਉਹਨੂੰ ਉਹ ਚੀਜ਼ਾਂ ਦੇ ਦਿਤੀਆਂ। ਉਸ ਦੇ ਕੋਲ ਗਿਆ ਤੇ ਉਹ ਗਰਭਵਤੀ ਹੋ ਗਈ। ਤਦ ਉਹ ਚਲੀ ਗਈ ਤੇ ਆਪਣਾ ਘੁੰਡ ਉਤਾਰ ਕੇ ਫਿਰ

ਵਿਧਵਾਪਨ ਦੇ ਕਪੜੇ ਪਾ ਲਏ । ਯਹੂਦਾ ਨੇ ਰਹਿਣ ਦੀਆਂ ਚੀਜ਼ਾਂ ਵਾਪਸ ਲੈਣ ਲਈ ਮੇਮਨਾ ਭੇਜਿਆ । ਪਰ ਉਹ ਇਸਤ੍ਰੀ ਨਾ ਲੱਭੀ । ਤਕਰੀਬਨ ਤਿੰਨ ਮਹੀਨੇ ਬੀਤੇ ਤਾਂ ਯਹੂਦਾ ਨੇ ਆਖਿਆ ਉਸ ਨੂੰ ਬਾਹਰ ਲੈ ਆਓ ਮੈਂ ਸਾੜ ਦੇਵਾਂ । ਇਸ ਤੇ ਤਾਮਾਰ ਨੇ ਸਾਰਾ ਭੇਦ ਖੋਲ੍ਹ ਦਿਤਾ । ਹੁਣ ਯਹੂਦਾ ਪਛਤਾਏ । ਉਸ ਨੇ ਆਖਿਆ ਕਿ ਤਾਮਾਰ ਮੇਰੇ ਨਾਲੋਂ ਘਟ ਦੋਸ਼ੀ ਹੈ । ਤਾਮਾਰ ਨੇ ਜੌੜੇ ਬੱਚਿਆਂ ਨੂੰ ਜਨਮ ਦਿਤਾ । ਉਨ੍ਹਾਂ ਦੇ ਨਾਂ ਸਨ 'ਪੇਰੇਸ' ਅਤੇ 'ਜੇਰਹ'......

ਮਨ ਵਿਚ ਇਹ ਗੱਲਾਂ ਹੀ ਸੋਚ ਰਿਹਾ ਸੀ ਕਿ ਆਸਮਾਨ ਵਿਚ ਇਕ ਜੋਤੀ ਨਜ਼ਰ ਆਈ । ਆਕਾਸ਼ ਦੇ ਦਵਾਰੇ ਖੁਲ੍ਹੇ ਹਨ । ਸੋਨੇ ਦੇ ਪਤਰਕਾਂ ਨਾਲ ਜੜਿਆ ਆਕਾਸ਼ ਦਾ ਗੋਪੁਰ । ਗੋਪੁਰ ਦੇ ਦਵਾਰ ਉਤੇ ਦਵਾਰ ਪਾਲਕ ਦੇਵਦੂਤ ਰਾਬਰਿਅਲ ਅਤੇ ਮਿਖਾਇਲ ਸੁਨਹਿਰੀ ਪੌੜੀਆਂ ਤੇ ਪੈਰ ਰਖਦੇ-ਰਖਦੇ ਧਰਤੀ ਵਲ ਆ ਰਹੇ ਹਨ । ਸੂਰਜ ਦੀ ਜੋਤੀ ਨਾਲ ਦਮਕਦੇ ਸੁਨਹਿਰੀ ਵਸਤ੍ਰ । ਬਰਫ ਵਰਗੇ ਸਵੈਛ ਸਫੇਦ ਕੇਸ । ਕੋਲ ਆ ਰਹੇ ਹਨ । ਮੁਸਕਰਾਂਦੇ ਪਏ ਨੇ । ਮਾਨੋ ਪੁਰਾਣੇ ਦੋਸਤ ਹਨ । ਮੱਧ ਆਕਾਸ਼ ਵਿਚ ਖੜੇ ਹੋ ਗਏ । ਪੁਛਣਾ ਚਾਹਿਆ ਕਿ ਤੁਸੀਂ ਕੌਣ ਹੋ । ਜੀਭ ਨਹੀਂ ਹਿਲਦੀ । ਪਰ ਜਿਵੇਂ ਉਹ ਦਿਲ ਦਾ ਭਾਵ ਜਾਣ ਗਏ ਹੋਣ, ਬੋਲੇ—

"ਪਛਾਣਿਆ ਨਹੀਂ ?"

ਸੰਕੋਚ ਨਾਲ ਬੋਲਿਆ—"ਨਹੀਂ ।"

"ਸਲੋਮੋਨ, ਦਾਊਦ ਦਾ ਪੁੱਤਰ ।"

ਅੰਗੋਛਾ ਕਮਰ ਤੇ ਬੰਨ੍ਹੀ, ਹੱਥ ਮੂੰਹ ਤੇ ਰਖੀ, ਸਨਿਮਰ ਖੜਾ ਹੋ ਗਿਆ । ਗਿਆਨੀਆਂ ਦੇ ਰਾਜਾ ।

"ਆਉਣਾ ਹੈ ? ਲੈ ਚਲਾਂਗੇ ।"

"ਜੀ ਹਜ਼ੂਰ ।"

"ਕੀ ?"

"ਪੋਤੇ ਦੀ ਸ਼ਾਦੀ ਹੈ ।"

ਹੱਸਦੇ ਨੇ । ਹਾਸਾ ਗੂੰਜ ਉਠਦਾ ਹੈ ।

"ਸ਼ਾਦੀਆਂ ਅੱਗੋਂ ਵੀ ਹੋਣਗੀਆਂ । ਕੀ ਸਭ ਸ਼ਾਦੀਆਂ ਵਿਚ ਤੂੰ ਹਾਜ਼ਰ ਹੋ ਸਕੇਂਗਾ ?"

"ਜੀ ।"

ਇਸ ਖੁਸ਼ੀ ਤੇ ਦਾਅਵਤ ਵਿਚ ਕੁਝ ਨਹੀਂ ਰਖਿਆ । ਜਸ਼ਨ ਮਨਾਉਣ ਵਾਲੇ ਘਰ ਜਾਣ ਦੀ ਬਜਾਏ ਮਾਤਮ ਵਾਲੇ ਘਰ ਜਾਣਾ ਹੀ ਚੰਗਾ ਹੈ । ਸਭ ਲੋਕਾਂ ਦਾ ਅੰਤ ਇਹ ਹੀ ਹੈ । ਚਿਹਰਾ ਜਦ ਮੁਰਝਾਇਆ ਹੁੰਦਾ ਹੈ ਤਾਂ ਮਨ ਸੁਖੀ ਹੁੰਦਾ ਹੈ । ਗਿਆਨੀਆਂ ਦਾ ਹਿਰਦਾ ਵਿਰਲਾਪ ਭਵਨ ਵਿਚ ਹੈ ਤੇ ਮੂਰਖਾਂ ਦਾ ਹਿਰਦਾ ਸੰਤੋਸ਼-ਭਵਨ ਵਿਚ......

"ਦਾਦਾ ਜੀ"

"ਹੈਂ, ਹੈਂ ।"

"ਸੌਂ ਰਹੇ ਸਾਓ ?"

"ਹਾਂ, ਕੁਝ ਉਂਘਦਾ ਪਿਆ ਸਾਂ।"

"ਦਿਨ ਨਿਕਲ ਚੁਕਾ। ਥੋੜ੍ਹੀ ਕਾਫੀ ਲਿਆਵਾਂ ?"

"ਲੈ ਆ।"

ਰੋਸ਼ਨੀ ਅਜੇ ਆ ਰਹੀ ਹੈ। ਹਨੇਰਾ ਤੇ ਰੋਸ਼ਨੀ ਮਿਲੇ ਹੋਏ ਹਨ। ਰੋਸ਼ਨੀ ਦਾ ਵਧੀ ਜਾਣਾ ਪਛਾਣਿਆ ਜਾ ਸਕਦਾ ਹੈ।

ਕੱਟੀਅੰਮਾ ਕਾਫੀ ਲੈ ਆਈ। ਪੀ ਲਈ। ਬੱਚੇ ਤੇ ਇਸਤ੍ਰੀਆਂ ਪਹਿਲਾਂ ਹੀ ਜਾਗ ਚੁਕੇ ਹਨ। ਪੰਡਾਲ ਵਿਚ ਜਿਹੜੇ ਜਵਾਨ ਗੋਸ਼ਤ ਕੱਟ ਰਹੇ ਸਨ, ਹੁਣ ਉਹ ਗਹਿਰੀ ਨੀਂਦ ਸੌਂ ਰਹੇ ਹਨ। ਦਿਨ ਨਿਕਲਣ ਤੋਂ ਕੋਈ ਦੋ ਘੜੀਆਂ ਪਹਿਲਾਂ ਹੀ ਉਹ ਲੇਟੇ ਹੋਣਗੇ।

ਜਦ ਧੁੱਪ ਚੜ੍ਹੀ ਤਾਂ ਕੁੰਏਨਾਚੰਨ ਫਿਰ ਪੰਡਾਲ ਵਿਚ ਕੁਰਸੀ ਤੇ ਆ ਲੇਟੇ। ਭਾਈ ਬੰਧੂ ਤੇ ਬਰਾਦਰੀ ਦੇ ਲੋਕ ਆਉਣ ਲੱਗ ਪਏ। ਬਹੁਤ ਸ਼ੋਰ ਗੁਲ ਮੱਚ ਰਿਹਾ ਸੀ। ਗਿਰਜੇ ਦੇ ਮੇਲੇ ਵਾਂਗ। ਲੇਟੇ-ਲੇਟੇ ਹੀ ਦੇਖਦੇ ਰਹੇ। ਸਵਸਥ ਯੁਵਕਾਂ ਨੂੰ ਕੰਮ ਕਰਦੇ ਵੇਖ ਕੇ ਰਸਕ ਆਉਂਦਾ ਹੈ। ਦੌੜਨ ਭੱਜਨ ਤੇ ਜਾਂ ਕੁਝ ਨਾ ਕੁਝ ਕਰਨ ਤੇ ਜੀ ਕਰਦਾ ਹੈ। ਪਰ ਜੋ ਉਠ ਹੀ ਨਹੀਂ ਸਕਦਾ ਉਸ ਦੇ ਹੌਂਸਲੇ ਦੀ ਕੀ ਕੀਮਤ ?

ਦੁਪਹਿਰ ਦੇ ਬਾਅਦ ਦਾਅਵਤ ਲਈ ਬੁਲਾਏ ਗਏ ਲੋਕ ਆਉਣ ਲਗ ਪਏ। ਜ਼ਿਆਦਾਤਰ ਦੂਜੇ ਧਰਮ ਦੇ ਹੀ ਲੋਕ ਸਨ। ਜੋ ਵੀ ਆਉਂਦਾ ਕੁਸ਼ਲ ਸਮਾਚਾਰ ਪੁੱਛਦਾ। ਵਿਚ ਜਿਹੇ ਇਕ ਆਵਾਜ਼ ਆਈ—

"ਅੱਛਾ ਕੁੰਯੇਨਾਮਾਪਿੱਲਾ ਇਥੇ ਹੀ ਬੈਠੇ ਹਨ ?"

ਸ਼ਿਵਰਾਮ ਕੁਰੁਪ। ਦੋ ਹਫਤੇ ਤੋਂ ਮੁਲਾਕਾਤ ਨਹੀਂ ਹੋਈ।

"ਆਓ ਕੁਰੁਪ ਜੀ।"

ਕੁਰੁਪ ਬਗਲ ਵਾਲੀ ਕੁਰਸੀ ਤੇ ਬੈਠ ਗਿਆ।

"ਦਿਖਾਈ ਨਹੀਂ ਦਿਤੇ।"

"ਏਰਨਾਕੁਲਮ ਤੱਕ ਜਾਣਾ ਸੀ। ਵਹੀਆਂ ਠੀਕ ਕਰਨੀਆਂ ਹਨ। ਦਵਾ ਪਹੁੰਚਾਣ ਦਾ ਪ੍ਰਬੰਧ ਕਰ ਦਿਤਾ ਸੀ। ਕੀ ਮਿਲੀ ਨਹੀਂ ?"

"ਮਿਲ ਗਈ, ਮਿਲ ਗਈ।"

"ਤਬੀਅਤ ਠੀਕ ਹੀ ਹੈ ਨਾ ? ਆ ਤਾਂ ਨਹੀਂ ਸਕਿਆ ਪਰ ਮਨ ਇਥੇ ਹੀ ਸੀ।"

"ਸਭ ਠੀਕ ਹੋ ਰਿਹਾ ਹੈ।"

ਸਵਾਲ ਦਾ ਜਵਾਬ ਨਹੀਂ ਸੀ। ਫਿਰ ਵੀ ਕੁਰੁਪ ਨੇ ਉਸ ਦੇ ਬਾਅਦ ਕੁਝ ਨਹੀਂ ਪੁਛਿਆ। ਮੌਕਾ ਵੀ ਤਾਂ ਵੇਖਣਾ ਹੋਇਆ। ਵਿਆਹ ਦੀ ਭੱਜਦੌੜ ਵਿਚ ਸੁਖਸਾਂਦ ਪੁੱਛਣ ਲਈ ਕਿਸ ਨੂੰ ਫੁਰਸਤ ਹੈ ? ਸਭ ਰੁੱਝੇ ਹੋਏ ਹਨ। ਮਹਿਮਾਨਾਂ ਦਾ ਆਉਣਾ ਜਾਣਾ। ਪੰਡਾਲ ਦੀ ਸਜਾਵਟ। ਰਸੋਈ ਦੀ ਤਿਆਰੀ......।

ਕੁੰਯਪੀ ਕੁਰੁਪ ਦੇ ਕੋਲ ਆ ਕੇ ਬੋਲਿਆ—

"ਆਓ, ਕਾਫੀ ਪੀਓ।"

"ਹਾਂ, ਜਾਓ।"

"ਹਾਂ, ਹਾਂ, ਕੋਈ ਇਤਰਾਜ਼ ਨਹੀਂ।"

ਪਝੇਕੱਲਤਿਲ ਰਾਮਕ੍ਰਿਸ਼ਨਨ ਅਤੇ ਪਨੱਚਵਿਲਾ ਘਰ ਦੇ ਵਾਸੂਕੁਰੁਪ ਦਾ ਭਨੇਵਾਂ, ਸ੍ਰੀਧਰਨ—ਪਿੱਲਾ ਦੇ ਨਾਲ ਸ਼ਿਵਰਾਮ ਕੁਰੁਪ ਕਾਫੀ ਪੀਣ ਬੈਠ ਗਏ। ਵਾਸੂਕੁਰੁਪ ਨਾਲ ਦੁਸ਼ਮਨੀ ਸੀ। ਪਰ ਉਸ ਦਾ ਭਨੇਵਾਂ ਰਾਜਨ ਦਾ ਦੋਸਤ ਸੀ। ਪਰੋਸਨ ਵਾਲਿਆਂ ਦਾ ਮੁੱਖੀਆ ਅਵਰਾਨ ਸੀ। ਉਹ ਬਹੁਤ ਸਵੇਰੇ ਹੀ ਆ ਗਿਆ ਸੀ। ਆਪਣੇ ਨੂੰ ਸੱਚਾ ਹਿਤੈਸ਼ੀ ਸਿੱਧ ਕੀਤਾ। ਚੰਗੇ ਰਸੋਈਏ ਵਾਂਗ ਕਮਰ ਤੇ ਅੰਗੋਛਾ ਬੰਨ੍ਹ ਕੇ ਇਧਰ ਉਧਰ ਨੱਠ ਭੱਜ ਕਰ ਰਿਹਾ ਸੀ। ਕੁੰਏਨਾਚੰਨ ਪਛਤਾਏ ਕਿ ਇਸ ਚੰਗੇ ਲੜਕੇ ਨੂੰ ਕਠੋਰ ਸ਼ਬਦ ਬੋਲੇ। ਵਿਚਾਰੇ ਦਾ ਇਹ ਹੀ ਕਸੂਰ ਹੈ ਕਿ ਉਸ ਦਾ ਪਿਓ ਕਸਾਈ ਸੀ। ਦਾਖਵਾਹੀ ਵਾਸਤੇ ਨੌਕਰਾਂ ਨੂੰ ਬੁਲਾਉਣ ਚਲੇ ਮਾਲਕ ਦੀ ਉਪਮਾ ਵਿਚ ਪ੍ਰਭੂ ਨੇ ਜਿਵੇਂ ਕਿਹਾ ਹੈ, ਪਹਿਲਾਂ ਵਾਲੇ ਲੋਕ ਪਿਛੇ ਰਹਿ ਜਾਂਦੇ ਹਨ, ਪਿਛੇ ਰਹਿਣ ਵਾਲੇ ਅੱਗੇ ਹੋਣਗੇ। ਰਾਜਾ ਤੇ ਸੈਨਾਪਤੀ ਪਲ ਭਰ ਵਿਚ ਡਿਗ ਪੈਂਦੇ ਹਨ।

ਮੰਧ ਬੁੱਧੀ ਵਾਲਾ ਮਾਨਵ ਇਹ ਨਹੀਂ ਸਮਝ ਸਕਦਾ--

ਕਾਫੀ ਪੀਣ ਦੇ ਬਾਅਦ ਕੁਰੁਪ ਤੇ ਦੋਸਤ ਵਿਦਾ ਹੋ ਚਲੇ ਗਏ। ਰਾਤ ਦੀ ਦਾਅਵਤ ਦੀ ਤਿਆਰੀ ਸ਼ੁਰੂ ਹੋ ਗਈ।

"ਮਾਤੁਕੁੱਟੀ।"

"ਕੀ ਏ ਪਿਤਾ ਜੀ ?"

"ਕੁੰਯੁਚੇਰੁਕਨ ਨਹੀਂ ਆਇਆ।"

ਮਾਤੁਕੁੱਟੀ ਕੁਝ ਵੀ ਜਵਾਬ ਦਿਤੇ ਬਗੈਰ ਕਿਸੇ ਕੰਮ ਵਿਚ ਲਗ ਪਿਆ।

"ਬੇਟੀ ਦੀਨਾਮਾ।"

ਕੀਵਰੀਤ ਦੀ ਔਰਤ ਕੁੰਯੁਮਰਿਅੰਮਾ ਨੇ ਆ ਕੇ ਪੁਛਿਆ--"ਪਿਤਾ ਜੀ ਕੀ ਚਾਹੀਦਾ ਏ ? ਦੀਨਾਮਾ ਭੰਡਾਰੇ ਵਿਚ ਹੈ।"

"ਕੱਲੂ ਵਿਲਪਾ ਦੀ ਬੇਟੀ ਤੇ ਬੱਚੇ ਕੀ ਨਹੀਂ ਆਏ ?"

ਇਸ ਸਵਾਲ ਦਾ ਜਵਾਬ ਫਿਲਿਪਿਓਸ ਨੇ ਦਿਤਾ--

"ਆਉਣ ਨਾ ਆਉਣ। ਪਿਤਾ ਜੀ ਨੂੰ ਕੀ ਚਾਹੀਦਾ ਏ ? ਜੋ ਆਉਣਾ ਪਸੰਦ ਕਰਦੇ ਨੇ ਆ ਜਾਂਦੇ ਨੇ। ਕੀ ਇਹ ਨਹੀਂ ਆਏ ? ਕੀ ਉਹ ਨਹੀਂ ਆਏ ?"

ਰਾਤ ਦੀ ਦਾਅਵਤ ਖਤਮ ਹੋਈ। ਬਿਨਾਂ ਮੰਗਿਆਂ ਹੀ ਉਪਦੇਸ਼—ਹੁਕਮ ਦੇ ਕੇ ਟੀਕਾ ਟਿਪਣੀ ਕਰਦੇ ਕੁੰਏਨਾਚੰਨ ਕੁਰਸੀ ਤੇ ਬੈਠੇ ਰਹੇ। ਘੁੱਪ ਹਨੇਰਾ ਹੋ ਜਾਣ ਤੇ ਲਹਿੰਦੇ ਦੇ ਬਰਾਮਦੇ ਵਿਚ ਜਾ ਕੇ ਮੰਜੀ ਤੇ ਲੇਟ ਗਏ। ਦਿਨ ਚੜ੍ਹਨ ਵੇਲੇ ਅੱਖਾਂ 'ਚ ਝਪਕੀ ਜਿਹੀ ਆਈ, ਉਸ ਸਮੇਂ ਵੀ ਰਸੋਈਏ ਕੰਮ ਕਰ ਰਹੇ ਸਨ।

ਨੌਂ ਵਜੇ ਤੱਕ ਗਿਰਜਾਘਰ ਜਾਣ ਦੀਆਂ ਤਿਆਰੀਆਂ ਹੋਈਆਂ। ਬੱਚੇ, ਔਰਤਾਂ ਸਭ ਨੇ ਪੰਡਾਲ ਵਿਚ ਬੈਠ ਕੇ ਕਾਫੀ ਪੀਤੀ। ਤਿੰਨ ਭੈਣਾਂ, ਕੁੰਯੁਮਰਿਅਮ,

ਰਾਜਨ ਦੀ ਵੱਡੀ ਮਾਮੀ, ਇਕ ਚਾਚੀ—ਇੰਨੀਆਂ ਇਸਤ੍ਰੀਆਂ ਦੂਲ੍ਹੇ ਦੇ ਨਾਲ ਜਾਣ ਲਈ ਤਿਆਰ ਹੋ ਗਈਆਂ। ਪੁਰੋਹਿਤ, ਪਾਦਰੀ ਤੇ ਸਹਾਇਕ ਆ ਗਏ।

"ਬੈਠੋ ਫਾਦਰ।"

"ਦੁਲਹਨ ਤੇ ਉਸ ਦੇ ਘਰ ਵਾਲੇ ਕਦੋਂ ਆ ਰਹੇ ਨੇ ?"

"ਸਵੇਰੇ ਨਿਕਲਣਗੇ। ਯਾਰਾਂ ਵਜੇ ਤੋਂ ਪਹਿਲਾਂ ਪਹੁੰਚ ਜਾਣਗੇ।"

"ਰਾਹੂਕਲ ਕਦੋਂ ਹੈ ?"

"ਬ੍ਰਹਸਪਤ ਹੈ ਨਾ ? ਦੁਪਹਿਰ ਦੇ ਬਾਅਦ ਹੀ ਪੈਂਦਾ ਹੈ।"

"ਤਾਂ ਪ੍ਰਾਰਥਨਾ ਕਰਕੇ ਨਿਕਲਣ ਦਾ ਵਕਤ ਹੋ ਗਿਆ ਹੈ।"

"ਕੀ ਉਨ੍ਹਾਂ ਦੇ ਗਿਰਜੇ ਵਿਚ ਆ ਜਾਣ ਦੇ ਬਾਅਦ ਹੀ ਸਾਡਾ ਨਿਕਲਣਾ ਠੀਕ ਨਹੀਂ ?"

"ਠੀਕ ਹੀ ਹੈ, ਤਿਆਰ ਰਹਾਂਗੇ।"

"ਹੱਥ ਧੋ ਲਵੋ। ਥੋੜ੍ਹਾ ਪਾਣੀ ਪੀ ਲਵੋ।"

"ਸਿਰਫ ਕਾਫੀ ਹੀ ਚਾਹੀਦੀ ਹੈ। ਕੀ ਕੁੰਏਨਾਚੰਨ ਗਿਰਜਾਘਰ ਚਲਣਗੇ ?"

"ਨਹੀਂ ਆ ਸਕਦਾ, ਅੱਚਨ।"

"ਓਹ, ਪਿਤਾ ਜੀ ਗਿਰਜੇ ਵਿਚ ਆ ਕੇ ਖੜੇ ਨਹੀਂ ਰਹਿ ਸਕਦੇ।"

"ਨਹੀਂ, ਨਹੀਂ, ਸਿਰਫ ਪੁਛਿਆ ਹੀ ਸੀ।"

ਬੇਬੀ ਰਾਜਨ ਨੂੰ ਪੰਡਾਲ ਵਿਚ ਲੈ ਆਇਆ। ਪ੍ਰਾਰਥਨਾ ਦੇ ਬਾਅਦ ਸੋਚੀ ਹੋਈ ਕੁਰਸੀ ਤੇ ਬਿਠਾ ਦਿਤਾ।

ਅੱਚਨ ਨੇ ਆਖਿਆ—

"ਹੁਣ ਦੱਖਨਾ ਦੇਣ ਤੇ ਅਸ਼ੀਰਵਾਦ ਲੈਣ ਦਾ ਕੰਮ ਸ਼ੁਰੂ ਕੀਤਾ ਜਾਏ। ਪਹਿਲਾਂ ਕੁੰਏਨਾਚੰਨ ਕੋਲ ਜਾਓ।"

"ਪਿਤਾ ਜੀ !"

"ਹੈਂ।"

"ਦੱਖਨਾ ਲਵੋ।"

ਅਵਰਾਨ ਨੇ ਕੁੰਏਨਾਚੰਨ ਦੇ ਹੱਥ ਨੂੰ ਸਹਾਰਾ ਦੇ ਕੇ ਉਪਰ ਚੁਕਿਆ। ਰਾਜਨ ਨੇ ਪਾਨ ਸੁਪਾਰੀ ਦਾਦਾ ਦੇ ਹੱਥ ਵਿਚ ਦਿਤਾ। ਉਹ ਲੈ ਕੇ ਆਪਣੀ ਛਾਤੀ ਨਾਲ ਲਾ ਕੇ ਖੜੇ ਹੋਏ ਤੇ ਸਿਰ ਚੁੰਮ ਲਿਆ। ਸਿਰ ਤੇ ਹੱਥ ਰਖਿਆ, ਅੱਖਾਂ ਆਸਮਾਨ ਵਲ ਟਿਕਾ ਕੇ ਪ੍ਰਾਰਥਨਾ ਕੀਤੀ—"ਹੇ ਈਸ਼ੋ ! ਆਪਣੀ ਦਇਆ ਦੇ ਅਨੁਸਾਰ ਮੇਰੇ ਤੇ ਮਿਹਰ ਕਰ, ਆਪਣੀ ਮਹਾਨ ਦਇਆ ਅਨੁਸਾਰ ਇਸ ਦੇ ਅਪਰਾਧਾਂ ਨੂੰ ਮਿਟਾ ਦੇ। ਇਹ ਮੇਰੇ ਬੀਜ ਤੋਂ ਪੈਦਾ ਹੋਇਆ ਛੋਟਾ ਜਿਹਾ ਅੰਕੁਰ ਹੈ। ਇਸ ਨੂੰ ਤੂੰ ਹਨੇਰੀ ਤੇ ਘੋਰ ਤੂਫਾਨ ਤੋਂ ਬਚਾਅ। ਤੇਰੇ ਹੁਕਮ ਅਨੁਸਾਰ ਇਹ ਪਸੀਨੇ ਦੀ ਕਮਾਈ ਖਾ ਸਕੇ। ਇਸ ਦੀ ਤਲਾਸ਼ ਵਿਚ ਤੇਰੀ ਦਿਤੀ ਲੜਕੀ ਨੂੰ ਲੈ ਕੇ ਨਿਕਲਣਾ ਚਾਹੁੰਦਾ ਹੈ। ਉਹ ਇਸ ਦੀਆਂ ਬਾਹਾਂ ਦੀ ਤਾਕਤ ਹੋਵੇ।

ਅੱਥਰੂ ਦੀ ਇਕ ਬੂੰਦ ਰਾਜਨ ਦੇ ਸਿਰ ਤੇ ਪਈ।

ਹਾਂ, ਕੁੰਏਨਾਚੰਨ ਬੈਠ ਜਾਣ ।''

ਹੋਰਨਾਂ ਨੂੰ ਵੀ ਦੱਖਨਾ ਦਿਤੀ । ਹੁਣ ਸਾਂਕੁਟੀ ਨੇ ਸਾਈਕਲ ਤੇ ਆ ਕੇ ਖਬਰ ਦਿਤੀ ।

''ਉਹ ਸਭ ਆ ਗਏ ਨੇ, ਤਿੰਨ ਮੋਟਰਾਂ ਹਨ ।''

''ਤਾਂ ਚਲੀਏ ।''

ਉਸੀ ਸਮੇਂ ਦੀਨਾਮਾ ਬਾਹਰ ਆਈ । ਉਹ ਭੰਡਾਰੇ ਵਿਚ ਸੀ । ਇਸ ਲਈ ਨਹਾ ਕੇ ਕਪੜੇ ਬਦਲਣ ਵਿਚ ਦੇਰ ਲੱਗੀ ।

''ਆਗਿਆ ਦਿਓ ਚਾਚਾ ਜੀ ।''

ਮਾਂ ਦੇ ਪਿਆਰ 'ਚ ਭਰੀ ਰਾਜਨ ਨਾਲ ਲਿਪਟ ਕੇ ਰੋ ਪਈ ।

''ਵਾਹ ਰੋਣ ਦਾ ਵਕਤ ਚੰਗਾ ਵੇਖਿਆ ।''

ਕੁੰਏਨਾਚੰਨ ਨੇ ਆਖਿਆ—

''ਉਸ ਨੂੰ ਵੀ ਆਉਣ ਦੇ ਬਿਟੀਆ ।''

ਖੁਸ਼ੀ ਦੀ ਘੜੀ ਤਾਂ ਹੈ । ਪਰ ਨਾਲ ਹੀ ਮਾਵਾਂ ਲਈ ਸੰਦੇਹ ਤੇ ਉਤਸੁਕਤਾ ਦੀ ਵੀ ਘੜੀ ਹੈ । ਇਹ ਇਕ ਮੋੜ ਹੈ । ਲਾਡ ਲਡਾ ਤੇ ਪੁਚਕਾਰ ਕੇ ਸਾਧਨਾ ਤਪੱਸਿਆ ਕਰ ਇਕ ਬੱਚੇ ਨੂੰ ਬਾਲਿਗ ਬਣਾ ਦਿਤਾ । ਹੁਣ ਇਕ ਪਰਾਈ ਲੜਕੀ ਉਸ ਉਤੇ ਆਪਣਾ ਹੱਕ ਜਮਾਉਣ ਲਈ ਆ ਜਾਂਦੀ ਹੈ । ਹੁਣ ਤੋਂ ਦੋਨੋ ਇਕ ਹੋ ਜਾਣਗੇ ।

ਉਨ੍ਹਾਂ 'ਚੋਂ ਸੌਣ ਦਾ ਕਮਰਾ ਅਲਗ, ਕਮਾਈ ਅਲਗ । ਕੀ ਹੁਣ ਉਸ ਨੂੰ ਦੁਤਕਾਰਿਆ ਤਾਂ ਨਹੀਂ ਜਾਏਗਾ ? ਅੰਤਿਮ ਘੜੀ ਵੇਲੇ ਕੀ ਉਹ ਉਸ ਨੂੰ ਪਾਣੀ ਦੀ ਬੂੰਦ ਪਿਲਾਏਗੀ ?

ਦੀਨਾਮਾ ਅਤੇ ਹੋਰ ਦੂਜੇ ਕਈ ਜਣੇ ਫਾਟਕ ਉਤੇ ਆਉਂਦਿਆਂ-ਜਾਂਦਿਆਂ ਨੂੰ ਵੇਖਦੇ ਖੜੇ ਰਹੇ । ਕਾਫੀ ਦੇਰ ਬਾਅਦ ਗਿਰਜੇ 'ਚੋਂ ਘੰਟੇ ਦੀ ਆਵਾਜ਼ ਆਈ ।

ਰਸੋਈ ਵਿਚੋਂ ਕਿਸੇ ਨੇ ਆਖਿਆ—

''ਘੰਟੀ ਵਜ ਰਹੀ ਹੈ । ਵਿਆਹ ਦੇ ਬੰਧਨ ਦਾ ਆਰੰਭ ਹੋ ਗਿਆ ਹੈ । ਜਲਦੀ ਕਰੋ । ਉਹ ਅੱਧੀ ਘੜੀ ਤੱਕ ਇਥੇ ਆਉਣ ਵਾਲੇ ਹਨ ।''

ਕੁੰਏਨਾਚੰਨ ਨੇ ਸੋਚਿਆ ।

ਸਾਥੀ ਤੇ ਸਾਥਨ ਦੂਲ੍ਹੇ ਤੇ ਦੁਲ੍ਹਹਣ ਦੀ ਅਗਲ-ਬਗਲ ਵਿਚ ਹੋਣਗੇ । ਅਮਲ ਵਿਚ ਦੂਲ੍ਹਾ ਤਾਂ ਪਰਮੇਸ਼ਵਰ ਹੈ । ਸਭਾ ਦੁਲਹਨ ਹੈ ।

ਤੂੰ ਉਸ ਨੂੰ ਮਹੱਤਵ ਦੇ ਕਪੜੇ ਪਵਾਏ । ਲਿਖਿਆ ਹੈ ਕਿ ਜਲ ਅਤੇ ਆਤਮਾ ਨਾਲ ਵਿਆਹ ਦਾ ਨਿਰਣਾ ਕੀਤਾ ਗਿਆ ਹੈ ।

''ਕੌਣ ਹੈ ? ਚੇਰੀਆਨ ਹੈ ਨਾ ?''

''ਕੀ ਹੈ ਭਈਆ ?''

''ਸਫੇਦ ਕਪੜੇ ਤੇ ਊਨੀ ਚਾਦਰ ਵਿਛਾਓ । ਖਲੋਤੇ ਕੀ ਵੇਖਦੇ ਹੋ ? ਉਹ ਹੁਣ ਆ ਜਾਣਗੇ ।''

ਅੰਗੂਠੀ ਪਹਿਨਾਣ ਦਾ ਕ੍ਰਮ ਸ਼ੁਰੂ ਹੋਇਆ ਹੋਣਾ ਹੈ। ਅੰਗੂਠੀ ਤੇ ਹੱਥ ਰਖੀ "ਵਿਸ਼ਪ ਸਭਾ ਸੰਤਾਨਾਂ ਦੀ ਪ੍ਰਸੰਨਤਾ ਲਈ" ਵਾਲਾ ਆਸ਼ੀਰਵਾਦ ਦੇਂਦੇ ਹੋਏ ਪੁਰੋਹਿਤ ਜੀ ਦੂਲ੍ਹੇ ਦੇ ਸੱਜੇ ਹੱਥ ਦੀ ਅਨਾਮਾ ਉਂਗਲੀ ਤੇ ਅੰਗੂਠੀ ਪਹਿਨਾਂਦੇ ਹਨ—ਇਸਤ੍ਰੀਓ। ਤੁਸੀਂ ਪਤੀਆਂ ਨੂੰ ਈਸ਼ਵਰ ਜਿਹਾ ਮੰਨੋ ਤੇ ਉਨ੍ਹਾਂ ਦੀ ਆਗਿਆ ਦਾ ਪਾਲਣ ਕਰੋ। ਜਿਸ ਤਰ੍ਹਾਂ ਮਸੀਹ ਸਭਾ ਦੇ ਸਿਰ ਅਤੇ ਸਰੀਰ ਦੇ ਰਖਿਅਕ ਹਨ, ਉਸੇ ਤਰ੍ਹਾਂ ਪਤੀ-ਪਤਨੀ ਦਾ ਸਿਰ ਹੈ। ਸਭਾ ਜਿਵੇਂ ਮਸੀਹ ਦੀ ਆਗਿਆ ਦੇ ਅਧੀਨ ਹੈ, ਉਸੇ ਤਰ੍ਹਾਂ ਪਤਨੀ ਨੂੰ ਹਰ ਗੱਲ ਵਿਚ ਪਤੀ ਦੇ ਅਧੀਨ ਰਹਿਣਾ ਚਾਹੀਦਾ ਹੈ......

"ਦੀਨਾਮਾ"

"ਜੀ।"

"ਭੰਡਾਰ ਵਿਚ ਸਭ ਠੀਕ ਹੈ?"

"ਪੂਵਨ ਕੇਲੇ ਸ਼ਾਇਦ ਘੱਟ ਹੋ ਜਾਣ......"

"ਤਾਂ?"

"ਸੰਣੀ ਨੂੰ ਸਾਈਕਲ ਦੇ ਕੇ ਮੰਡੀ ਭੇਜਿਆ ਹੈ।"

"ਹਾਂ, ਉਹ ਲੈ ਆਵੇਗਾ ਪਿਤਾ ਜੀ।"

"ਕੀ ਹੈ ਓ?"

"ਕੁਝ ਕਾਫ਼ੀ ਪੀਓਗੇ?"

"ਨਹੀਂ।"

"ਖਾਣਾ ਖਾਣ ਦੇ ਸਮੇਂ ਦਾ ਕੋਈ ਠਿਕਾਣਾ ਨਹੀਂ।"

"ਠੀਕ ਹੈ।"

ਕੁੰਏਨਾਚੰਨ ਨੇ ਸੋਚਿਆ—

"ਕਿਰੀਟ ਸੇਵਾ ਹੋਵੇਗੀ। ਦੂਲ੍ਹਾ ਸਿਰ ਝੁਕਾਈ ਖੜਾ ਰਹਿੰਦਾ ਹੈ। ਸਵਰਨਹਾਰ ਦਾ ਕ੍ਰਾਸ ਖੱਬੇ ਹੱਥ ਵਿਚ ਲਈ ਤੇ ਸੱਜਾ ਹੱਥ ਸਿਰ ਤੇ ਰਖੀ ਪੁਰੋਹਿਤ ਜੀ "ਕਲੀਲੋਬੀ ਦੇਤੁ ਮੋਰੋਨ" ਪਾਰਾਇਣ ਕਰਦੇ ਹੋਣਗੇ।"

ਮੰਗਲ ਸੂਤ੍ਰ ਬਨਾਣ ਲਈ ਦੂਲ੍ਹੇ ਨੂੰ ਦੁਲਹਨ ਦੇ ਪਿੱਛੇ ਖੜਾ ਕਰ ਦਿੰਦੇ ਹਨ। ਗੰਢ ਠੀਕ ਪੈਣੀ ਚਾਹੀਦੀ ਹੈ। ਨਹੀਂ ਤਾਂ ਪੁਰੋਹਿਤ ਜੀ ਦੋਬਾਰਾ ਬੰਨਾਣਗੇ। ਸ਼ਰਮਿੰਦਾ ਹੋਣਾ ਪਏਗਾ। ਵਿਆਹ ਦਾ ਮੰਗਲ ਵਸਤ੍ਰ ਉਪਰ ਦੇ ਦਿੰਦੇ ਹਨ। ਉਸ ਦੇ ਬਾਅਦ ਦੁਲਹਨ 'ਤੇ ਦੂਲ੍ਹੇ ਦੀਆਂ ਭੈਣਾਂ ਦਾ ਹੀ ਹੱਕ ਹੁੰਦਾ ਹੈ। ਉਹ ਉਸ ਨੂੰ ਛੂੰਹਦੀਆਂ ਹਨ, ਸਵਾਰਦੀਆਂ ਹਨ, ਮੰਗਲ ਵਸਤ੍ਰ ਠੀਕ ਕਰ ਦਿੰਦੀਆਂ ਹਨ।

"ਇਹ ਸਾਨੂੰ ਵਿਸ਼ੁਧ ਪਿਤਾਮਿਆਂ ਤੋਂ ਮਿਲਿਆ ਹੈ। ਆਦਰਨੀਯ ਪੂਰਵਜਾਂ ਨੇ ਇਹ ਸਾਨੂੰ ਸੌਂਪ ਦਿਤਾ ਹੈ। ਪੁਤ੍ਰੋ! ਯਾਦ ਰਖੋ ਕਿ ਹੁਣ ਤੁਸੀ ਪ੍ਰਭੂ ਦੇ ਸਾਹਮਣੇ, ਆਪਣੇ ਪ੍ਰਭ ਈਸਾ ਮਸੀਹ ਦੀ ਗੱਦੀ ਜੀਵਮੇਸ਼ ਅਤੇ ਸਲੀਬ ਦੇ ਸਵੱਛ ਗਲੀਆਂ ਤੇ ਇਸ ਜਨਤਾ ਦੇ ਵਿਚਕਾਰ ਹੋ। ਹੁਣ ਇਸ ਪਲ ਤੋਂ ਲੈ ਕੇ ਤੁਹਾਡੇ ਦੋਨਾਂ ਦੀ ਜ਼ਿੰਮੇਵਾਰੀ ਤੁਹਾਨੂੰ ਹੀ ਸੌਂਪਦਾ ਹਾਂ। ਮੇਰੇ ਅਤੇ ਤੁਹਾਡੇ ਵਿਚ ਈਸ਼ਵਰ ਸਾਖੀ ਰਹੇ। ਤੁਸੀਂ ਜੋ ਵੀ ਨਿਯਮਾਂ ਦੇ ਖਿਲਾਫ਼ ਕਰੋ ਉਸ ਦੇ ਸੰਬੰਧ ਵਿਚ ਮੈਂ ਬੇਕਸੂਰ

ਹੋਵਾਂਗਾ......"

"ਗੁਲਾਬ ਜਲ ਛਿੜਕਣ ਲਈ ਦੋ ਲੜਕੀਆਂ ਚਾਹੀਦੀਆਂ ਹਨ ।"

"ਇਕ ਕੁਯੰਪੀ ਦੀ ਲੜਕੀ ।"

"ਮੈਂ ਵੀ ਛਿੜਕਾਂਗੀ ਪਿਤਾ ਜੀ ।"

"ਸ਼ਾਬਾਸ਼ ! ਉਨ੍ਹਾਂ ਦੇ ਆਉਣ ਤੇ ਦੋਵੇਂ ਇਥੇ ਦਰਵਾਜ਼ੇ ਤੇ ਹੀ ਖੜੀਆਂ ਰਹਿਣਾ ।"

"ਨਿੰਬੂ, ਅਗਰਬੱਤੀ, ਚੰਦਨ—ਸਭ ਲੈ ਲਵੋ ।"

ਅੱਚਨਕੁੰਯੁ ਗਿਰਜਾਘਰ ਤੋਂ ਦੌੜਦਾ ਆਇਆ ਪਸੀਨੇ ਨਾਲ ਤਰੋ ਤਰ ਹੋ ਗਿਆ ।

"ਕੀ ਗੱਲ ਹੈ ਬੇਟਾ ?"

"ਵਿਆਹ ਦੀਆਂ ਰਸਮਾਂ ਪੂਰੀਆਂ ਹੋਣ ਵਾਲੀਆਂ ਹਨ ।"

"ਤੂੰ ਜਦ ਆਇਆ ਉਸ ਵੇਲੇ ਕੀ ਚਲ ਰਿਹਾ ਸੀ ?"

"ਰਾਜਨ ਭਈਆ ਤੇ ਉਸ ਲੜਕੀ ਦੇ ਹੱਥ ਮਿਲਾ ਰਹੇ ਸਨ ।"

"ਅੱਛਾ ! ਠੀਕ ਹੈ ।"

ਕੁੰਏਨਾਚੰਨ ਨੇ ਪੁਛਿਆ—

"ਕੀ ? ਕੀ ?"

"ਹੱਥ ਮਿਲਾ ਚੁਕੇ ।"

"ਹਾਂ, ਹੁਣ ਇਕ ਹੀ ਉਪਦੇਸ਼ ਬਾਕੀ ਰਹਿ ਗਿਆ ਹੈ ।"

"ਇਹ ਆਪਣੇ ਲੋਕਾਂ ਨੂੰ ਛੱਡ ਪਤੀ ਨਾਲ ਜੋੜੀ ਗਈ ਹੈ । ਇਸ ਲਈ ਪਤੀ ਨੂੰ ਇਸ ਨੂੰ ਖੁਸ਼ ਰਖਣਾ ਚਾਹੀਦਾ ਹੈ । ਇਸ ਤੇ ਦਇਆ ਕਰਨੀ ਚਾਹੀਦੀ ਹੈ । ਉਸ ਨੂੰ ਆਪਣੀ ਪਤਨੀ ਤਾਈਂ ਪ੍ਰਾਣਾਂ ਤੋਂ ਵੀ ਵਧ ਪਿਆਰ ਕਰਨਾ ਚਾਹੀਦਾ ਹੈ । ਖੁਦ ਭੁਖਾ ਰਹਿ ਕੇ ਵੀ ਪਤਨੀ ਨੂੰ ਖਵਾਉਣਾ ਚਾਹੀਦਾ ਹੈ । ਖੁਦ ਪਿਆਸੇ ਰਹਿ ਕੇ ਵੀ ਉਸ ਦੀ ਪਿਆਸ ਬੁਝਾਉਣੀ ਚਾਹੀਦੀ ਹੈ । ਇਸ ਲੜਕੀ ਨੂੰ ਵੀ ਠੀਕ ਢੰਗ ਨਾਲ ਪਤੀ ਦੀ ਸੇਵਾ ਕਰਨੀ ਚਾਹੀਦੀ ਹੈ......"

ਇਕ ਗੱਡੀ ਫਾਟਕ ਤੇ ਆਈ । ਸਾਰੇ ਫਾਟਕ ਵਲ ਦੌੜ ਪਏ । ਔਰਤਾਂ ਨੇ ਝਾਕ ਕੇ ਵੇਖਿਆ— 'ਉਹ ਹੀ ਹਨ ।"

ਕੁੰਏਨਾਚੰਨ ਕੁਰਸੀ ਤੋਂ ਉਠੇ । ਵੇਖਿਆ ਕਿ ਸਹਾਰਾ ਦੇਣ ਲਈ ਕੋਲ ਕੋਈ ਹੈ ਹੀ ਨਹੀਂ । ਸਭ ਦੇ ਸਭ ਦੁਲ੍ਹਣ ਨੂੰ ਵੇਖਣ ਦੌੜ ਗਏ ਹਨ । ਘੜੀ ਵੀ ਨਹੀਂ ਨਜ਼ਰ ਪੈਂਦੀ । ਦੁਲ੍ਹਣ ਦੇ ਪੱਖ ਵਾਲਿਆਂ ਦਾ ਮੁਖੀਆ ਕੌਣ ਹੈ ? ਸਫੇਦ ਦਾੜ੍ਹੀ-ਮੁੱਛ ਵਾਲਾ ਜਾਂ ਜ਼ਰੀਦਾਰ ਦੁਪੱਟੇ ਵਾਲਾ ? ਜ਼ਮੀਨ ਠੋਸ ਨਹੀਂ ਲਗਦੀ ਕਿ ਪੈਰ ਜੰਮ ਜਾਣ । ਪੰਡਾਲ ਡਾਵਾਂਡੋਲ ਹੋ ਗਿਆ ਹੈ ।

"ਬੱਚਿਓ ।"

"........"

"ਪਕੜ ਲਓ ਓਏ!" ਕੋਈ ਦੌੜਿਆ ਆਇਆ। ਉਦੋਂ ਤੱਕ ਕੁੰਏਨਾਚੰਨ ਡਿੱਗ ਪਏ ਸਨ।

## ਅੱਠ

ਪਹੁ ਫਟ ਰਹੀ ਸੀ। ਸਵੇਟ-ਸਾਰ ਜਗਾਈ ਲਾਲਟੈਨ ਅਜੇ ਵੀ ਟਿਮਟਿਮਾ ਰਹੀ ਸੀ। ਰਾਜਨ ਨੇ ਮੁੜ ਬਕਸਾ ਖੋਲ੍ਹ ਕੇ ਵੇਖਿਆ। ਕਿਧਰੇ ਕੁਝ ਭੁੱਲ ਤਾਂ ਨਹੀਂ ਗਿਆ। ਪੇ ਬੁਕ, ਰੇਲਵੇ ਵਰੰਟ, ਲੀਵ ਸਰਟੀਫਿਕੇਟ ਸਭ ਕੁਝ ਹੈ। ਬਕਸਾ ਬੰਦ ਕਰਕੇ ਦਰਵਾਜ਼ੇ ਵਲ ਵੇਖਿਆ। ਬੇਬੀ ਅਜੇ ਨਹੀਂ ਆਇਆ। ਆਖਿਆ ਸੀ ਕਿ ਉਸ ਦੇ ਆਉਣ ਦੇ ਬਾਅਦ ਹੀ ਚਲਾਂਗੇ। ਬਕਸਾ, ਬਿਸਤਰਾ ਲੈ ਜਾਣ ਲਈ ਚਾਤੱਨ ਵਿਹੜੇ ਵਿਚ ਹਾਜ਼ਰ ਖੜਾ ਸੀ.,....

ਘੜੀ ਵੇਖੀ। ਸਾਢੇ ਪੰਜ ਵਜ ਗਏ ਨੇ। ਰੇਲ ਗੱਡੀ ਛੇ ਵਜ ਕੇ ਚਾਲ੍ਹੀ ਮਿੰਟ ਤੇ ਚਲਦੀ ਹੈ।

ਦੀਨਾਮਾ ਬੋਲੀ— 'ਪ੍ਰਾਰਥਨਾ ਕਰੋ ਬੇਟਾ! ਉਦੋਂ ਤੱਕ ਬੇਬੀ ਆ ਜਾਏਗਾ।"

ਕੁੰਏਨਾਚੰਨ ਨੇ ਮੰਜੀ ਤੇ ਲੇਟੇ-ਲੇਟੇ ਹੀ ਪੁੱਛਿਆ—

"ਮਾਤੁਕੁੱਟੀ ਅਜੇ ਨਹੀਂ ਆਇਆ?"

"ਕਹਿ ਗਏ ਸਨ ਕਿ ਭਾਵੇਂ ਦੇਰ ਹੋ ਜਾਵੇ, ਪਰ ਰਾਤ ਤੱਕ ਜ਼ਰੂਰ ਆ ਜਾਣਗੇ। ਉਨ੍ਹਾਂ ਦਾ ਇੰਤਜ਼ਾਰ ਕਰੋ ਤਾਂ ਰਾਜਨ ਹੁਣ ਕਿਵੇਂ ਜਾ ਸਕਦਾ ਹੈ?"

"ਹਾਂ, ਛੋਟੀ ਬਹੂ! ਪੋਥੀ ਪੜ੍ਹੋ ਜ਼ਰਾ।" ਭਜਨ ਸੰਹਿਤਾ।

ਸ਼ਾਂਤੰਮਾ ਨੇ ਆਪਣਾ ਮੂੰਹ ਪੂੰਝਿਆ। ਚਾਹੁੰਦੀ ਸੀ ਕਿ ਭਰੀਆਂ ਹੋਈਆਂ ਅੱਖੀਆਂ ਤੇ ਗਲ੍ਹਾਂ ਤੇ ਸੁੱਕੇ ਹੋਏ ਅੱਥਰੂ ਕਿਸੇ ਨੂੰ ਨਜ਼ਰ ਨਾ ਆਉਣ। ਰਾਤ ਭਰ ਪਲ ਭਰ ਵੀ ਪਲਕਾਂ ਨਹੀਂ ਝਪਕੀਆਂ।

"ਜੋ ਪੰਨਾ ਨਿਕਲ ਆਵੇ ਉਸੇ ਤੋਂ ਪੜ੍ਹੋ—ਫਲ ਪਤਾ ਲਗ ਜਾਏਗਾ।"

ਧਰਮ ਪੋਥੀ ਖੋਲ੍ਹਣ ਤੇ ਅੱਖੀਆਂ ਫਿਰ ਭਰ ਆਈਆਂ, ਪਰ ਇਸ ਦਾ ਪਤਾ ਨਾ ਲੱਗਣ ਦਿਤਾ। ਪੜ੍ਹਨ ਲਗ ਪਈ—

"ਹੇ ਯਹੋਵਾ ਈਸ਼ਵਰ, ਮੇਰੀ ਰੱਖਿਆ ਕਰ, ਕਿਉਂਕਿ ਮੈਂ ਤੇਰੀ ਹੀ ਸ਼ਰਣ ਵਿਚ ਹਾਂ। ਮੈਨੂੰ ਕਦੀ ਕਿਸੇ ਦਿਨ ਵੀ ਲਜਿਤ ਨਾ ਹੋਣ ਦੇਣਾ। ਆਪਣੀ ਨੀਤੀ ਦੇ ਫਲ ਮੈਨੂੰ ਛੁੜਾ ਦੇਣਾ। ਤੂੰ ਮੇਰੀ ਮਜ਼ਬੂਤ ਚੱਟਾਨ ਤੇ ਮੇਰਾ ਰੱਖਿਆ ਕੇਂਦਰ ਬਣਿਆ ਰਹਿ!......"

ਹੁਣ ਉਹ ਅੱਥਰੂਆਂ ਨੂੰ ਛੁਪਾ ਨਹੀਂ ਸਕੀ। ਧਰਮ ਪੋਥੀ ਦੇ ਪੰਨਿਆਂ ਤੇ ਇਕ-ਅੱਧ ਅੱਥਰੂ ਡਿੱਗ ਹੀ ਪਿਆ। ਅੱਖਰ ਸਾਫ ਦਿਖਾਈ ਨਹੀਂ ਸਨ ਦੇ ਰਹੇ।

ਕੁੰਏਨਾਚੰਨ ਨੇ ਆਖਿਆ—

''ਡਰਨ ਦੀ ਕੋਈ ਗੱਲ ਨਹੀਂ। ਯਹੋਵਾ ਅੰਗ ਸੰਗ ਹਨ। ਤੇਰੇ ਹੱਥਾਂ ਵਿਚ ਮੈਂ ਆਪਣੀ ਆਤਮਾ ਸੌਂਪ ਦਿੰਦਾ ਹਾਂ। ਈਸ਼ਵਰ ਯਹੋਵਾ, ਤੂੰ ਮੈਨੂੰ ਅਪਣਾ ਲਿਆ ਹੈ......''

''ਪ੍ਰਾਰਥਨਾ ਕਰੋ ਪਿਤਾ ਜੀ !''

''ਜਾਓ ! ਯਹੋਵਾ ਰਖਿਆ ਕਰਨਗੇ।''

''ਹੋ ਆਵਾਂ, ਚਾਚੀ ?''

''ਹੋ ਆਓ ਬੇਟਾ ! ਪਹੁੰਚਦਿਆਂ ਹੀ ਚਿੱਠੀ ਲਿਖਣੀ।''

ਸ਼ਾਂਤੰਮਾ ਹੁਣ ਕਿਵਾੜ ਪਕੜੀ ਖੜੀ ਹੈ। ਰਾਜਨ ਨਜ਼ਦੀਕ ਪਹੁੰਚਿਆ ਤਾਂ ਉਹ ਕੁਝ ਕਮਰੇ ਦੇ ਅੰਦਰ ਖਿਸਕ ਗਈ। ਦੋਹਾਂ ਨੇ ਇਕ ਦੂਜੇ ਦੇ ਚਿਹਰੇ ਵਲ ਵੇਖਿਆ। ਇਕ ਦੂਜੇ ਨੂੰ ਗਲੇ ਲਾਇਆ। ਰਾਜਨ ਨੇ ਉਸ ਦੀਆਂ ਗਿੱਲੀਆਂ ਗਲ੍ਹਾਂ ਨੂੰ ਚੁੰਮ ਲਿਆ। ਲਗਦਾ ਸੀ ਜਿਵੇਂ ਉਹ ਉਸ ਗਲਵਕੜੀ 'ਚੋਂ ਛੁਟਣਾ ਨਹੀਂ ਸੀ ਚਾਹੁੰਦੀ।

ਸਿਸਿਲੀ ਸੁੱਤੀ ਹੋਈ ਸੀ। ਦੀਨਾਮਾ ਨੇ ਉਸ ਨੂੰ ਜਗਾ ਕੇ ਆਖਿਆ—''ਮੁੰਨੀ ਰਾਜਨ ਭਈਆ ਜਾ ਰਿਹਾ ਹੈ।''

''ਮੁੰਨੀ ਮੈਂ ਰਾਜਨ ਭਈਆ ਜਾ ਰਿਹਾਂ ਪਰ ਜਲਦੀ ਆ ਜਾਵਾਂਗਾ।''

ਦੀਨਾਮਾ ਨੇ ਆਖਿਆ—''ਖ਼ਤ ਪਾਉਣਾ ਨਾ ਭੁਲਨਾ।''

''ਹੂੰ''

ਫਾਟਕ ਪਾਰ ਕਰਦਿਆਂ ਹੀ ਸ਼ਾਂਤੰਮਾ ਦੀਆਂ ਸਿਸਕੀਆਂ ਫੁੱਟ ਪਈਆਂ।

ਕੁੰਏਨਾਚੰਨ ਬੋਲੇ—''ਰੋ ਨਾ ਬੇਟੀ।''

ਦੀਨਾਮਾ ਨੇ ਸਮਝਾਇਆ—

''ਛੇ ਮਹੀਨੇ ਬਾਅਦ ਛੁਟੀ ਲੈ ਕੇ ਆਵੇਗਾ ਨਾ ? ਉਦੋਂ ਤਕ ਪ੍ਰਾਰਥਨਾ ਕਰਦਿਆਂ ਇਸ ਦੀ ਇੰਤਜ਼ਾਰ ਕਰਨੀ।''

ਆਖਣਾ ਬਹੁਤ ਸੌਖਾ ਹੈ। ਪਰ ਮਨ ਮੰਨੇ ਤਾਂ ਹੀ ਨਾ। ਆਖਿਆ ਸੀ ਭਾਵੇਂ ਜੰਗਲ ਵਿਚ ਜਾਣ ਤੇ ਭਾਵੇਂ ਰੇਗਿਸਤਾਨ ਵਿਚ ਮੈਨੂੰ ਨਾਲ ਲੈ ਚਲਣ—ਹੁਣ ਮੇਰੇ ਲਈ ਕੇਵਲ ਰਾਜਨ ਭਈਆ ਹੀ ਹਨ—ਸਿਰਫ ਰਾਜਨ ਭਈਆ। ਹੱਥ ਜੋੜ ਬੇਨਤੀ ਕੀਤੀ। ਹੈ ਵੀ ਤਾਂ ਸੱਚ ਹੀ। ਹੁਣ ਉਸ ਦਾ ਹੋਰ ਕੌਣ ਹੈ ? ਘਰ ਗਿਆਂ ਉਹ ਮਹਿਮਾਨ ਹੀ ਰਹੇਗੀ। ਭਾਈਬੰਧੂ ਤੇ ਪੜੋਸੀ ਆਖਣਗੇ—ਪਨੇਚੀਮੂਟ ਤੋਂ ਸ਼ਾਂਤੰਮਾ ਆਈ ਹੈ। ਮੇਲ-ਮੁਲਾਕਾਤੀ ਲੋਕ ਕੁਸ਼ਲ-ਸਮਾਚਾਰ ਦੇ ਬਾਅਦ ਪੁਛਣਗੇ—''ਕਦੋਂ ਜਾ ਰਹੀ ਹੈਂ ?'' ਇਥੇ ਆਉਣ ਤੇ ਰਾਜਨ ਦੀ ਪਤਨੀ। ਇਹ ਨਾਤਾ ਉਸ ਨੂੰ ਇਸ ਘਰ ਨਾਲ ਬੰਨ੍ਹੀ ਰਖਦਾ ਹੈ। ਰਾਜਨ ! ਆਦਮੀ ਦੀ ਇੱਛਾ ਪਸੰਦ ਆਦਿ ਪਛਾਨਣਾ—ਨੇੜੇ ਹੋ ਕੇ ਕੁਝ ਸਮਝਾਉਣ ਦਾ ਮੌਕਾ ਤੱਕ ਨਹੀਂ ਮਿਲਿਆ। ਨੌਂ ਦਿਨ ਤੇ ਨੌਂ ਰਾਤਾਂ ਇਕ ਘੜੀ ਵਾਂਗ ਬੀਤ ਗਈਆਂ।

ਦੀਨਾਮਾ ਨੇ ਆਖਿਆ—

"ਹੁਣ ਸੌਂ ਜਾ। ਅੱਧੀ ਰਾਤ ਹੋ ਗਈ ਹੈ।"

"ਨੀਂਦ ਨਹੀਂ ਆਉਂਦੀ।"

"ਕੀ ਸਾਰੀ ਰਾਤ ਹੀ ਜਾਗਦੀ ਰਹੇਂਗੀ ?"

"ਅੱਜ ਦੀ ਹੀ ਗੱਲ ਹੈ।"

"ਆਖਿਆ ਏ ਨਾ ਕਿ ਰੋਣਾ ਨਹੀਂ। ਸੌਂ ਜਾ।"

ਆਪਣੀਆਂ ਬਾਹਵਾਂ ਵਿਚ ਲੈ ਕੇ ਛਾਤੀ ਨਾਲ ਕੱਸ ਲਿਆ ਮਾਨੋ ਇਹ ਦੱਸਣਾ ਚਾਹੁੰਦੀ ਹੋਵੇ ਕਿ ਕਿਸੇ ਵੀ ਤੂਫ਼ਾਨ ਜਾਂ ਅੱਗ ਤੋਂ ਬਚਾਉਣ ਦੀ ਤਾਕਤ ਮੇਰੀਆਂ ਬਾਹਵਾਂ ਵਿਚ ਹੈ। ਫਿਰ ਵੀ ਇਕ ਪਲ ਲਈ ਵੀ ਅੱਖ ਨਹੀਂ ਝਪਕੀ।

"ਸ਼ਾਂਤਮਾ !"

"ਜੀ।"

"ਆ, ਥੋੜ੍ਹੀ ਕਾਫੀ ਪੀ ਲੈ।"

"ਨਹੀਂ ਚਾਹੀਦੀ।"

"ਉਹ ਕਿਉਂ ? ਮੈਂ ਆਖਿਆ ਨਾ ਦੁੱਖ ਮਨ ਵਿਚ ਛੁਪਾਉਣਾ ਚਾਹੀਦਾ ਹੈ। ਔਰਤ ਦੀ ਕਿਸਮਤ ਹੈ—ਲੈ ਪੀ ਲੈ। ਇਕ ਗਲਾਸ ਪਿਤਾ ਜੀ ਨੂੰ ਵੀ ਦੇ ਆ।"

ਹੁਣ ਨਾਂਹ ਨੁੱਕਰ ਨਹੀਂ ਕੀਤੀ। ਇਕ ਘੁਟ ਕਾਫੀ ਪੀਤੀ। ਇਸ ਦੇ ਬਾਅਦ ਕਾਫੀ ਦਾ ਗਲਾਸ ਲੈ ਕੇ ਦਾਦਾ ਜੀ ਕੋਲ ਗਈ।

"ਦਾਦਾ ਜੀ।"

"ਹੈਂ।"

"ਕਾਫੀ।"

ਕੁੰਏਨਾਚੰਨ ਨੇ ਵੇਖਿਆ ਕਿ ਆਵਾਜ਼ ਥੱਰਾਈ ਹੋਈ ਹੈ। ਉਠ ਕੇ ਗਲਾਸ ਲੈ ਲਿਆ ਤੇ ਕਿਹਾ—

"ਦੁਖੀ ਨਾ ਹੋ ਬਿਟੀਆ। ਵਿਵੇਕੀ ਇਸਤ੍ਰੀ ਆਪਣੇ ਪਤੀ ਦਾ ਮੁਕਟ ਹੁੰਦੀ ਹੈ। ਉਹ ਵਿਵੇਕ ਨਾਲ ਪਤੀ ਦਾ ਘਰ ਵਸਾਉਂਦੀ ਹੈ। ਜੋ ਸੁੰਦਰੀ ਵਿਵੇਕ ਨਹੀਂ ਜਾਣਦੀ ਉਹ ਨਥਨੇ ਵਿਚ ਸੋਨੇ ਦੀ ਨੱਥ ਪਾਏ ਸੂਰ ਸਮਾਨ ਹੈ।"

"ਹਾਂ।"

"ਕਿਥੇ।"

"ਨੀਤੀਵਚਨ।"

"ਹਾਂ ਉਹੀ।"

"ਪੂਰਾ ਧਰਮ ਗ੍ਰੰਥ ਦੋ ਵਾਰ ਪੜ੍ਹਿਆ ਹੈ, ਦਾਦਾ ਜੀ ! ਸੰਡੇ ਸਕੂਲ ਵਿਚ ਪੜ੍ਹਾਂਦੀ ਸਾਂ।"

"ਅੱਛਾ !"

"ਮਾਤਾ ਜੀ ਮਹਿਲਾ ਸਮਾਜ ਦੀ ਕਾਰਜ ਕਰਤਾ ਹੈ। ਇਕ ਵੀ ਦਿਨ ਸਵੇਰੇ ਜਾਂ ਸ਼ਾਮੀ ਪ੍ਰਾਰਥਨਾ ਖੁੰਝਦੀ ਨਹੀਂ ਵੇਖੀ।"

"ਕੀ ਕਰਤਿਕਪੱਲੀ ਵਾਲੇ ਫਾਦਰ ਤੁਹਾਡੇ ਘਰ ਆਉਂਦੇ ਸਨ ?"

"ਕਦੀ-ਕਦੀ ਆਉਂਦੇ ਸਨ।"

"ਕੀ ਫਾਦਰ ਤੈਨੂੰ ਪਿਆਰ ਕਰਦੇ ਸਨ ?"

"ਹਾਂ, ਮੈਨੂੰ ਬੇਟੀ ਹੀ ਆਖਦੇ ਸਨ। ਫਾਦਰ ਕੁਝ ਦਿਨ ਸਾਡੇ ਘਰ ਰਹੇ ਸਨ। ਪਰ ਯਾਦ ਨਹੀਂ। ਮੈਂ ਛੋਟੀ ਬੱਚੀ ਜਾਂ।"

ਇਹ ਹੀ ਤਾਂ ਗੱਲ ਹੈ। ਕੀ ਸਿਰਫ ਰਹਿੰਦੇ ਹੀ ਸਨ ? ਤੂੰ ਫਾਦਰ ਦੀ ਧੀ ਹੈਂ। ਧਿਆਨ ਨਾਲ ਵੇਖਿਆਂ ਯਕੀਨ ਹੋ ਜਾਵੇਗਾ। ਘੁੰਗਰਾਲੇ ਵਾਲ। ਨੈਣ-ਨਕਸ਼ ਜਾਂਚਣ ਨਾਲ ਤਾਂ ਰੰਗੇ ਹੱਥ ਪਕੜੇ ਜਾਣ ਵਾਲੇ ਚੋਰੀ ਦੇ ਮਾਲ ਵਰਗੀ ਗਲਤੀ ਹੈ। ਪਰ ਇਹ ਖੁਦ ਚੋਰ ਦੇ ਪੱਖ ਵਿਚ ਹਨ। ਇਸ ਲਈ ਕੁਝ ਆਖ ਨਹੀਂ ਸਕਦੇ। ਜਾਣ ਦਿਉ। ਨੁਕਸਾਨ ਕਿਸਦਾ ? ਫਾਦਰ ਦਾ ਹੀ। ਇਸ ਤੋਂ ਪਹਿਲਾਂ ਪਰਿਵਾਰ ਦੇ ਪੁਰੋਹਿਤ ਸਨ। ਦੀਨਾਮਾ ਬਹੂ ਦੇ ਸਮਾਨ ਪਾਤਰ ਸਨ। ਗੱਲਬਾਤ ਕਰਦਿਆਂ ਉਹ ਆਖਦੀ ਸੀ ਕਿ ਮੇਰੇ ਜੀਜਾ ਪਾਦਰੀ ਹਨ। ਪਰ ਅਜ ? ਉਹ ਪੱਕ ਚੁਕੇ ਖੇਤ ਦੇ ਬੰਨੇ ਉਤੇ ਜਾਂ ਅਧੂਰੇ ਮਕਾਨ ਦੇ ਅੱਗੇ ਮਾੜੀ ਨਜ਼ਰ ਤੋਂ ਬਚਾਉਣ ਲਈ ਰਖੇ ਗਏ ਦੀੜ੍ਹੀ ਵਾਲੇ ਨਜ਼ਰਵੱਟੂ ਦਾ ਪੁਤਲਾ ਰਹਿ ਗਿਆ ਹੈ। ਪੁਤਲੇ ਨੂੰ ਪਵਾਏ ਹੋਏ ਕਪੜੇ ਹੀ ਉਸ ਦੀ ਪੋਸ਼ਾਕ ਹੈ। ਜ਼ਮੀਨ ਦੀ ਮਿੱਟੀ। ਵਿਵੇਕ ਦਾ ਫਲ ਖਾਣ ਵਾਲੇ ਆਦਮ ਯਹੋਵਾ ਦੇ ਸਾਹਮਣੇ ਜਿਵੇਂ ਪਕੜੇ ਗਏ ਚੋਰ ਦੇ ਰੂਪ ਵਿਚ ਖੜੇ ਸਨ, ਉਸੇ ਤਰ੍ਹਾਂ ਅਜ ਇਹ ਖੜਾ ਹੈ। ਉਨ੍ਹਾਂ ਦਾ ਤੇ ਪੁੱਤਰਾਂ ਦਾ ਕੋਈ ਨਹੀਂ। ਪਿਆਰੀ ਭੋਲੀ-ਭਾਲੀ ਸੁੰਦਰ ਲੜਕੀ। ਵਿਵੇਕੀ ਹੈ ਤੇ ਈਸ਼ਵਰ ਤੋਂ ਡਰਦੀ ਹੈ। ਲੜਕੇ ਦੇ ਨਾਲ ਚਲਣ ਲਾਇਕ।

"ਦਾਦਾ ਜੀ।"

"ਹੈਂ।"

"ਕਾਫੀ ਪੀਓ ਠੰਡੀ ਨਾ ਹੋ ਜਾਏ।

"ਕੁੰਯੁਚੇਰੁਕਨ ਨੂੰ ਛੱਡ ਕੇ ਬਾਕੀ ਸਭ ਦੇ ਘਰ ਦਾਅਵਤ ਲਈ ਗਈ ਹੈਂ ਨਾ ?"

"ਹਾਂ ਜੀ, ਇਕ ਚਾਚਾ ਜੀ ਦੇ ਘਰ ਨਹੀਂ ਗਏ।"

"ਹਾਂ, ਉਹ ਹੀ ਤੇਰੇ ਸਹੁਰੇ ਦਾ ਵੱਡਾ ਭਰਾ।"

"ਉਥੋਂ ਦੀ ਚਾਚੀ ਤਾਂ ਇਥੇ ਆ ਕੇ ਮਿਲ ਗਈ ਹੈ।"

ਉਸ ਦੇ ਦਿਲ ਵਿਚ ਅਜੇ ਇਕ ਗੰਢ ਹੈ। ਉਹ ਸ਼ਾਦੀ ਵਿਚ ਆਇਆ ਤੇ ਕਿਸੇ ਚੀਜ਼ ਨੂੰ ਛੁਹਿਆ ਤੱਕ ਨਹੀਂ। ਇਹ ਹੀ ਨਹੀਂ ਚਾਰ ਪੈਸੇ ਖਰਚਣ ਲੱਗਾ ਵੀ ਉਹ ਹੱਥ ਪਿਛੇ ਖਿੱਚ ਲੈਂਦਾ ਸੀ। ਕੋਈ ਕੁਝ ਕਹਿੰਦਾ ਤਾਂ ਜਵਾਬ ਇਹ ਹੀ ਦਿੰਦਾ ਕਿ ਗਰੀਬ ਹਾਂ। ਚਾਰ ਚੰਗੇ ਆਦਮੀਆਂ ਵਿਚ ਬੈਠਣ ਲਾਇਕ ਕੋਈ ਪੱਕਾ ਘਰ ਤੱਕ ਵੀ ਨਹੀਂ। ਗੱਲ ਹੈ ਵੀ ਤਾਂ ਠੀਕ ਹੀ ਨਾ ? ਹਰੀਜਨ ਦੀ ਝੌਂਪੜੀ ਨਾਲੋਂ ਵੀ ਗਈ ਗੁਜਰੀ ਹਾਲਤ ਹੈ।......

"ਰੇਯਿਨ (ਟ੍ਰੇਨ) ਹੈ ਨਾ ਬੇਟੀ ?"

"ਹਾਂ।"

''ਮੁੰਡਾ ਉਸ ਵਿਚ ਹੋਵੇਗਾ ।''

ਇਕ-ਇਕ ਕਰਕੇ ਗੱਲਾਂ ਯਾਦ ਕਰਦਾ ਹੋਵੇਗਾ । ਕਲ ਸਵੇਰੇ ਮਦਰਾਸ । ਉਥੋਂ ਟ੍ਰੇਨ ਬਦਲ ਕੇ ਅਠਤਾਲੀ ਘੰਟੇ ਵਿਚ ਦਿੱਲੀ । ਇਕ ਹੋਰ ਦਿਨ ਬੀਤਣ ਤੇ ਅੰਮ੍ਰਿਤਸਰ । ਸਭ ਸਾਥੀ ਮਿਲ ਕੇ ਮਜ਼ਾਕ ਉਡਾਉਣਗੇ । ਫੋਟੋ ਵੇਖ ਕੇ ਆਪਣੀ-ਆਪਣੀ ਰਾਏ ਦਿੰਦੇ ਹੋਣਗੇ ।......

''ਸ਼ਾਤੰਮਾ ।''

''ਜੀ ।''

''ਮੈਨੂੰ ਪਹਿਲੀ ਮੁਲਾਕਾਤ ਤੇ ਹੀ ਰਾਜਨ ਭਈਆ ਕਿਉਂ ਆਖਿਆ ?''

''ਮੇਰੇ ਦਿਲ ਨੇ ਆਖਿਆ ਕਿ ਪਹਿਲਾਂ ਵੀ ਵੇਖਿਆ ਹੈ । ਇਸ ਤਰ੍ਹਾਂ ਦਾ ਹੀ ਆਦਮੀ ਮੇਰੇ ਅੰਦਰ ਸੀ ।''

''ਝੂਠ ।''

''ਸੱਚ ਰਾਜਨ ਭਈਆ ।''

''ਅੱਗੇ ਕੁਝ ਕਹਿਣ ਨਹੀਂ ਦਿਤਾ । ਜਦ ਦੇਖੋ ਸ਼ਰਾਰਤ, ਮਜ਼ਾਕ । ਕਿਧਰੇ ਚੈਨ ਨਾਲ ਕੰਮ ਕਰਨ ਦੇਣ ਤਾਂ ਨਾ । ਗੰਭੀਰਤਾ ਦਾ ਤਾਂ ਸਾਂਗ ਹੀ ਕੀਤਾ । ਰੁੱਸ ਜਾਣ ਦਾ ਵੀ ਨਾਟਕ ਕੀਤਾ । ਇਸ ਤੇ ਕੋਈ ਚਟਕਲਾ ਸੁਣਾ ਕੇ ਜਾਂ ਸ਼ਰਾਰਤ ਕਰਕੇ ਹਸਾ ਦਿੰਦੇ । ਉਹ ਸਭ ਗੱਲਾਂ ਹੁਣ ਯਾਦ ਆਉਂਦੀਆਂ ਹੋਣਗੀਆਂ......''

ਖਾਲੀ ਗਿਲਾਸ ਲੈ ਕੇ ਸ਼ਾਤੰਮਾ ਚੌਂਕੇ ਨੂੰ ਮੁੜ ਰਹੀ ਸੀ । ਇਕ ਆਦਮੀ ਫਾਟਕ ਤੋਂ ਆ ਰਿਹਾ ਸੀ—ਜਵਾਨ । ਸ਼ਾਤੰਮਾ ਨੂੰ ਗੌਰ ਨਾਲ ਵੇਖਿਆ । ਮੁਸਕਰਾਇਆ । ਸ਼ਾਤੰਮਾ ਸਿਰ ਝੁਕਾਈ ਚੌਂਕੇ ਵਿਚ ਚਲੀ ਗਈ ।......

''ਦਾਦਾ ਜੀ ।''

''ਕੌਣ ਹੈ ?''

''ਮੈਂ ਹਾਂ ।''

''ਹੈਂ, ਮੈਂ ਦਾ ਕੀ ਮਤਲਬ ?''

ਦੀਨਾਮਾ ਬਾਹਰ ਆਈ ।

''ਅੱਛਾ, ਇਹ ਕੌਣ ਹੈ ? ਬਾਬੂ ਜੀ ਨੇ ਪਛਾਣਿਆ ਨਹੀਂ ?''

''ਕੌਣ ਹੈ ਬੇਟੀ ?''

''ਕਾਲਾਯੀ ਦਾ ਜੋਨੀਕੁੱਟੀ ਹੈ, ਬਾਬੂ ਜੀ ।''

''ਰਾਜਨ ਚਲਾ ਗਿਆ ਹੈ ਨਾ ?''

''ਸਵੇਰੇ ਗਿਆ ਹੈ ।''

''ਕਲ ਸਵੇਰੇ ਮੈਂ ਉਸ ਨੂੰ ਚੌਰਾਹੇ ਵਿਚ ਮਿਲਿਆ ਸਾਂ ।''

''ਇਧਰ ਨੇੜੇ ਆ ।''

''ਦਾਦਾ ਜੀ ਮੈਂ ਅਜ ਵਯਨਾਡਾ ਜਾ ਰਿਹਾ ਹਾਂ ।''

''ਵਲੰਯਵੱਟਮ ਜਾ ਰਹੇ ਹੋ ?''

ਦੀਨਾਮਾ ਹੱਸ ਪਈ ।

"ਉਚਾ ਸੁਣਦੇ ਨੇ ਪਿਤਾ ਜੀ, ਵਲੰਯਵੱਟਮ ਨਹੀਂ ਵਯਨਾੜਾ ਮਾਲਾਬਾਰ 'ਚ ਹੈ।"

"ਉਥੇ ਕਿਉਂ ਜਾ ਰਿਹਾ ਏਂ ?"

"ਉਥੇ ਸੌ ਏਕੜ ਬਾਗ ਖਰੀਦਿਆ ਹੈ।"

"ਕਿਉਂ ?"

"ਮੈਂ ਹੁਣ ਉਥੇ ਹੀ ਰਿਹਾ ਕਰਾਂਗਾ। ਜਾਣ ਤੋਂ ਬਾਅਦ ਜਲਦੀ ਨਹੀਂ ਮੁੜਨ ਲੱਗਾ।"

ਦੀਨਾਮਾ ਨੇ ਪੁਛਿਆ—

"ਉਹ ਕਿਉਂ ਜੋਣੀਕੁੱਟੀ। ਕੀ ਤੂੰ ਉਥੇ ਇਕੱਲਾ ਹੀ ਰਹੇਂਗਾ ?"

"ਇਕੱਲੇ ਰਹਿਣਾ ਹੀ ਠੀਕ ਹੈ। ਇਕ ਨੌਕਰ ਰਖ ਲਵਾਂਗੇ।"

"ਮਾਮਲਾ ਕੀ ਹੈ ? ਬੋਲ ਨਾ ਜੋਣੀਕੁੱਟੀ।"

"ਗੱਲ ਇਹ ਹੈ ਕਿ ਪਿਤਾ ਜੀ ਤੇ ਮੈਂ ਹੁਣ ਇਕ ਘਰ ਵਿਚ ਨਹੀਂ ਰਹਿ ਸਕਦੇ।"

"ਕੀ ਕੋਈ ਝਗੜਾ ਹੋ ਗਿਆ ਹੈ ?"

"ਚਾਚੀ ਨੂੰ ਕੀ ਸਾਰੀਆਂ ਗੱਲਾਂ ਦਾ ਪਤਾ ਨਹੀਂ ? ਹੁਣ 'ਖੂਨ' ਹੋਣਾ ਹੀ ਬਾਕੀ ਹੈ। ਉਸ ਤੋਂ ਪਹਿਲਾਂ ਹੀ ਚਲਾ ਜਾਵਾਂਗਾ।"

ਕੁੰਏਨਾਚੰਨ ਨੇ ਪੁਛਿਆ—

"ਕੀ ਏ...ਕੀ ਏ ਰੀ ?"

"ਓਹ, ਕੁਝ ਨਹੀਂ ਪਿਤਾ ਜੀ—ਆਨਮਾ ਚਾਚੀ ਨੇ ਕੀ ਆਖਿਆ ?"

"ਮਾਂ ਕੀ ਕਹਿਣਾ ਏ ? ਕੁਝ ਕਹਿਣ ਦਏ ਤਾਂ ਹੀ ਨਾ ? ਹੁਣ ਮਾਂ ਦੀ ਤਬੀਅਤ ਵੀ ਠੀਕ ਨਹੀਂ।"

ਕੁੰਏਨਾਚੰਨ ਨੇ ਅੱਗੇ ਆਖਿਆ—

"ਤੇਰੇ ਪਿਤਾ ਦੀ ਗੱਲ ਹੈ ਨਾ ?—ਉਸ ਨੂੰ ਫੈਸਲਾ ਸੁਣਾਉਣ ਦਾ ਤੇਰਾ ਕੀ ਹੱਕ ਹੈ ?"

"ਫੈਸਲਾ ਨਹੀਂ ਸੁਣਾਉਂਦਾ। ਪਰ ਕੀ ਇਸ ਮੁਹੱਲੇ ਵਿਚ ਜਿੰਦਾ ਨਹੀਂ ਰਹਿਣਾ, ਦਾਦਾ ਜੀ ?"

"ਕਿਹਾ ਮੁਹੱਲਾ ? ਕਿਹਾ ਦੇਸ਼ ? ਕਿਹੜਾ ਦੇਸ਼ ਹੈ ਜੋ ਮੈਂ ਨਹੀਂ ਵੇਖਿਆ, ਇੰਨਾ ਨੇਕ ਕੌਣ ਹੈ ?"

"ਹੌਲੀ ਬੋਲੋ। ਬਹੂ ਉਸ ਪਾਸੇ ਖੜੀ ਏ ਨਾ ? ਬਾਬੂ ਜੀ ਵਾਸਤੇ ਅੱਜ ਦੇ ਦਿਨ ਲਈ ਇੰਨਾ ਹੀ ਕਾਫੀ ਹੈ।"

ਕੁੰਏਨਾਚੰਨ ਨੇ ਇਸ ਤੇ ਧਿਆਨ ਨਹੀਂ ਦਿਤਾ।

"ਰਹੀ ਖੁਦ ਸਮਝ-ਬੁਝ ਕੇ ਕਰਨ ਦੀ ਗੱਲ। ਉਸ ਦੀ ਸਜ਼ਾ ਤਾਂ ਈਸ਼ਵਰ ਦੇਵੇਗਾ।"

"ਫੇਰ ਕੀ ਲੋਕਾਂ ਤੋਂ ਨਹੀਂ ਡਰਨਾ, ਦਾਦਾ ਜੀ।"

''ਓਹ ! ਇਸ ਜ਼ਮਾਨੇ ਵਿਚ ਵੈਦਿਕ ਵੀ ਈਮਾਨਦਾਰ ਨਹੀਂ ਹੁੰਦੇ । ਹੋਰਾਂ ਦਾ ਕੀ ਕਹਿਣਾ ?......''

ਦੀਨਾਮਾ ਨੇ ਕੁਝ ਹੜਬੜੀ ਵਿਚ ਉਤਰ ਦਿਤਾ—''ਚੱਪ ਵੀ ਰਹੋ ਪਿਤਾ ਜੀ ।''

''ਦਾਦਾ ਜੀ ਆਗਿਆ ਦਿਓ ।''

''ਜਾ ।''

''ਹੋ ਆਵਾਂ ਚਾਚੀ ਜੀ ?''

''ਹੋ ਆ ਜੋਣੀਕੁੱਟੀ ।''

ਜੋਣੀਕੁੱਟੀ ਦੇ ਚਲੇ ਜਾਣ ਤੇ ਦੀਨਾਮਾ ਬੋਲ਼ੀ—

''ਬਾਬੂ ਜੀ ।''

''ਹੂੰ ।''

''ਕੀ ਯਾਦ ਹੈ ਕੀ ਕੀ ਕਹਿ ਰਹੇ ਸਾਓ ?''

''ਕੀ ?''

''ਕੀ ਭੁਲ ਗਏ ਕਿ ਬਹੂ ਅੰਦਰ ਹੈ ? ਵੈਦਿਕ ਪੁਰੋਹਿਤ ਆਦਿ ਦੀ ਗੱਲ ਸੁਣ ਕੇ ਮੈਂ ਘਬਰਾ ਗਈ ਸਾਂ ।''

''ਅੰਦਰ ਬਹੂ ਦੇ ਖੜੇ ਹੋਣ ਦੀ ਗੱਲ ਮੈਂ ਵੀ ਭੁਲ ਗਿਆ ।''

''ਇਹ ਕੀ ? ਇਸ ਤਰ੍ਹਾਂ ਸੋਚੇ ਸਮਝੇ ਬਗੈਰ ਗੱਲਾਂ ਕੀਤੀਆਂ ਤਾਂ ? ਬੜੀ ਸ਼ਰਮ ਦੀ ਗੱਲ ਹੋਵੇਗੀ ।''

''ਕੀ ?''

''ਜੋਣੀਕੁੱਟੀ ਦੇ ਬਾਪ ਦੀ ਗੱਲ ।''

''ਬਰਦਾਸ਼ਤ ਕਰਨਾ ਹੋਵੇਗਾ । ਤੇਰੇ ਬਦਨ ਤੇ ਚੋਟ ਲੱਗੇ ਤਾਂ ਤੈਨੂੰ ਹੀ ਸਹਿਣੀ ਪਵੇਗੀ । ਹੋਰ ਕੋਈ ਚਾਰਾ ਨਹੀਂ ।''

ਦੀਨਾਮਾ ਦੇ ਅੰਦਰ ਜਾਣ ਦੇ ਬਾਅਦ ਕੁੰਏਨਾਚੰਨ ਨੇ ਸੋਚਿਆ—

ਮੈਂ ਹੁਣ ਅੱਗੋਂ ਕਿਸੇ ਨੂੰ ਕੁਝ ਨਹੀਂ ਕਹਿਣ ਲੱਗਾ । ਮੇਰਾ ਕੀ ਵਿਗੜਦਾ ਹੈ ? ਜੋ ਨਮਕ ਖਾਏ, ਉਹ ਹੀ ਪਾਣੀ ਪੀਏ । ਕਿਆਮਤ ਦੇ ਰੋਜ਼ ਉਹ ਹਿਸਾਬ ਮੰਗ ਲਏਗਾ । ਉਦੋਂ ਇਹ ਬਹਾਨਾ ਕਰਕੇ ਨਹੀਂ ਬਚ ਸਕਦੇ ਕਿ ਜਾਣਦੇ ਨਹੀਂ ਸਾਂ । ਪ੍ਰਭੂ ਦੇ ਗ੍ਰੰਥ ਵਿਚ ਸਭ ਕੁਝ ਦਸਿਆ ਹੈ । ਮੈਂ ਇਕ ਦਿਨ ਆਪਣੇ ਘਰ ਦੇ ਝਰੋਖੇ ਵਿਚੋਂ ਝਾਕਿਆ ਸੀ । ਉਦੋਂ ਮੈਂ ਭੋਲੇ ਲੋਕਾਂ 'ਚ ਇਕ ਜਵਾਨ ਵੇਖਿਆ ਸੀ । ਉਹ ਉਸ ਇਸਤ੍ਰੀ ਦੇ ਘਰ ਦੀ ਪੌੜੀ ਦੇ ਕੋਲੋਂ ਦੀ ਸੜਕ ਤੇ ਜਾ ਰਿਹਾ ਸੀ । ਯਕਾਯਕ ਉਸ ਨਾਲ ਇਕ ਇਸਤ੍ਰੀ ਆ ਮਿਲੀ ਜਿਸ ਦਾ ਭੇਸ ਇਕ ਵੇਸਵਾ ਵਰਗਾ ਸੀ । ਉਹ ਬਹੁਤ ਸਵਾਰਥੀ ਸੀ । ਚੰਚਲ ਵੀ ਤੇ ਉਸ ਨੇ ਬੜੀ ਨਿਰਲੱਜਤਾ ਨਾਲ ਉਸ ਨੂੰ ਆਖਿਆ—ਮੈਂ ਮੇਲਬਲੀ ਚੜ੍ਹਾਣੀ ਸੀ । ਮੈਂ ਆਪਣੀਆਂ ਮੰਨਤਾਂ ਅਜ ਹੀ ਪੂਰੀਆਂ ਕੀਤੀਆਂ ਹਨ । ਇਸੇ ਕਾਰਨ ਹੀ ਮੈਂ ਤੇਰੇ ਨਾਲ ਮਿਲਣ ਨਿਕਲੀ ਹਾਂ । ਮੈਂ ਆਪਣੇ ਪਲੰਘ ਦੇ ਵਿਛੌਣੇ ਉਤੇ ਮਿੱਸ ਦੇ ਵੇਲ ਬੂਟਿਆਂ ਵਾਲੇ ਕਪੜੇ ਵਿਛਾਏ ਹਨ । ਮੇਰਾ

ਪਤੀ ਘਰ ਨਹੀਂ । ਉਹ ਦੂਰ ਦੇ ਦੇਸ ਚਲਾ ਗਿਆ ਹੈ......ਆ ਜਾ ।

ਉਸ ਦੇ ਪਿਛੇ ਚਲਣ ਵਾਲੇ ਨੂੰ......ਕਿਆਮਤ ਦੇ ਦਿਨ ਹਿਸਾਬ ਚੁਕਾਉਣਾ ਹੀ ਪਵੇਗਾ......।

ਬਾਹਰ ਹਰੀਜਨ ਇਸਤ੍ਰੀਆਂ ਦੀ ਆਵਾਜ਼ ।

ਸਿਸਿਲੀ ਦੌੜਦੀ ਆਈ ਤੇ ਬੋਲੀ—"ਸ਼ਾਂਤਾਮਣੀ ਨੂੰ ਵੇਖਣ ਵਾਸਤੇ ਚਾਤੱਪੁਲਯਨ ਦੀ ਮਾਂ ਆਦਿ ਆਏ ਹਨ ।"

"ਚਾਤੱਪੁਲਯਨ ਦੀ ਮਾਂ ?"

"ਹਾਂ, ਮੈਨੂੰ ਵਡੀ ਸਰਕਾਰ ਬੁਲਾਣ ਵਾਲੀ ਅੜਕੀ ।"

"ਹੂੰ ।"

"ਅੜਕੀ ਕਹਿੰਦੀ ਹੈ ਕਿ ਸ਼ਾਂਤਾਮਾਮੀ ਚੰਗੀ ਹੈ ?"

ਚੰਗੀ ! ਸ਼ਾਂਤਾਮਾਮੀ ਸੋਨੇ ਦੀ ਹੈ । ਸ਼ਾਂਤਾਮਾਮੀ ਨੂੰ ਬਹੁਤ ਗੀਤ ਆਉਂਦੇ ਹਨ ।"

"ਗਾਣਾ ਜਾਣਦੀ ਹੈ ?"

"ਹਾਂ, ਦਾਦਾ ਜੀ ਕਹਿਣ ਤਾਂ ਗਾਏਗੀ ।"

"ਵੱਡੀ ਸਰਕਾਰ ।"

"ਕੀ ਅੜਕੀ ਹੈ ?"

"ਜੀ ਹਜ਼ੂਰ ! ਛੋਟੀ ਸਰਕਾਰ ਨੂੰ ਜ਼ਰਾ ਵੇਖਣ ਆਈ ਸਾਂ । ਮੈਂ ਕਟਨੀ ਵਾਸਤੇ ਗਈ ਸਾਂ । ਗੁਜ਼ਰ ਗਈ ਛੋਟੀ ਸਰਕਾਰ ਦੀ ਤਰ੍ਹਾਂ ਹੀ ਖੂਬਸੂਰਤ ਹੈ ।"

"ਕੁਯੰਮਾ ਦੀ ਤਰ੍ਹਾਂ......ਹੈ ਨਾ ?"

"ਹਾਂ, ਚਿਹਰਾ ਵੇਖਿਆਂ ਪਤਾ ਲਗ ਜਾਂਦਾ ਹੈ ਸਰਕਾਰ ।"

"ਹੂੰ ?"

ਆਪਣੀ ਛੋਟੀ ਸਰਕਾਰ ਦੀ ਯਾਦ ਆਉਂਦਿਆਂ ਹੀ ਬਹੁਤ ਦੁਖ ਹੁੰਦਾ ਹੈ । ਮੈਂ ਅਹਾਤੇ ਦੇ ਕੇਲੇ ਦੇ ਪੌਦਿਆਂ ਵਿਚ ਖਾਦ ਪਾ ਕੇ ਆਉਂਦੀ ਤਾਂ ਆਖਦੀ—ਅੜਕੀ ਕਿਉਂ ਇੰਨੀ ਜਲਦੀ ਆ ਗਈ ? ਕਿੰਨੇ ਪੌਦਿਆਂ ਨੂੰ ਖਾਦ ਦਿਤੀ ? ਵੇਖ ਕੇ ਆਵਾਂ ਤਾਂ ਹੀ ਮਜ਼ਦੂਰੀ ਦੇਵਾਂਗੀ ।...

"ਉਹ ਮੇਰੇ ਘਰ ਦਾ ਦੀਵਾ ਸੀ । ਉਸ ਦੇ ਜੀਊਂਦਿਆਂ ਹੀ ਮੈਂ ਕਮਾਇਆ ਹੈ, ਬਸ ਉਹ ਹੀ ਰਿਹਾ । ਦੀਵਾ ਜਗਾ ਕੇ ਵਿਖਾਇਆ, ਲੁਭਾਇਆ ਤੇ ਬਾਅਦ ਵਿਚ ਬੁਝਾ ਦਿਤਾ......"

"ਹਾਂ, ਵੱਡੇ ਸਰਕਾਰ ।"

"ਕੀ ਤੇਰਾ ਪੁੱਤਰ ਤੈਨੂੰ ਕੁਝ ਦੇਂਦਾ-ਪੁਛਦਾ ਹੈ ?"

"ਉਸ ਦੀ ਇਕ ਔਰਤ ਤੇ ਚਾਰ ਬੱਚੇ ਨੇ ਵੱਡੀ ਸਰਕਾਰ ? ਉਨ੍ਹਾਂ ਨੂੰ ਖਵਾਣਾ ਪਾਲਣਾ ਵੀ ਬਹੁਤ ਔਖਾ ਹੈ ।"

"ਹੂੰ । ਜਾ । ਚਾਤਨ ਨੂੰ ਏਧਰ ਭੇਜ ਦੇ ।"

ਕੁੰਏਨਾਚੰਨ ਨੂੰ ਯਾਦ ਆਇਆ ।

ਨੇਵਨ ਜਦ ਅੜਕੀ ਨੂੰ ਲਿਆਇਆ ਸੀ, ਉਸ ਦੀ ਉਮਰ ਤੇਰਾਂ, ਚੌਦਾਂ ਸਾਲਾਂ ਦੀ ਸੀ। ਹੁਸ਼ਿਆਰ ਹਰੀਜਨ ਛੋਕਰੀ ਸੀ। ਬੀਜਣ, ਗੋਡਣ, ਕੱਟਣ, ਪੁੱਟਣ, ਖਾਦ ਪਾਉਣ, ਖੁਰਪਾ ਲਾਉਣ ਹਰ ਕੰਮ ਵਿਚ ਹੁਸ਼ਿਆਰ ਸੀ। ਵੇਖਣ ਵਿਚ ਵੀ ਚੰਗੀ। ਬਹੁਤ ਮਿਹਨਤ ਕਰਦੀ। ਪਰ ਹੁਣ ਉਸ ਕੰਮ ਨੂੰ ਕੋਈ ਯਾਦ ਨਹੀਂ ਕਰਦਾ। ਅਜਕਲ ਦੇ ਜਵਾਨ ਕੰਮ ਦੇ ਹਿਸਾਬ ਨਾਲ ਪੈਸੇ ਮੰਗਦੇ ਹਨ ਤਾਂ ਉਸ ਵਿਚ ਭੈੜ ਕੀ? ਦਿਨ ਰਾਤ ਖੇਤ ਦੇ ਬੰਨਿਆਂ ਉਤੇ ਅਤੇ ਕੇਲਿਆਂ ਦੇ ਪੌਦਿਆਂ ਦੀਆਂ ਜੜ੍ਹਾਂ ਵਿਚ ਮਿਹਨਤ ਕਰ ਉਨ੍ਹਾਂ ਨੂੰ ਮਿਲਦਾ ਕੀ? ਭੁਖਿਆਂ ਰਹਿ-ਰਹਿ ਕੇ ਮਿਹਨਤ ਕਰਦੇ-ਕਰਦੇ ਆਪਣੀ ਉਮਰ ਦੇ ਅੱਧ ਵਿਚ ਹੀ ਚਲ ਵਸਦੇ ਹਨ। ਖਾਦ ਦਾ ਬੋਝ ਸਿਰ ਤੇ ਚੁਕੀ ਆਉਂਦੇ ਤੇਵਨ ਦੇ ਛੋਟੇ ਭਰਾ ਕੰਟਨਕਾਲੀ ਦਾ ਰਸਤੇ ਵਿਚ ਪੈਰ ਤਿਲਕ ਗਿਆ ਤੇ ਉਥੇ ਹੀ ਮਰ ਗਿਆ। ਉਹ ਖੂਨ ਪਸੀਨਾ ਇਕ ਕਰਦੇ ਹਨ ਤੇ ਉਸ ਦਾ ਫਲ ਦੂਜੇ ਲੁਟਦੇ ਹਨ। ਇਹ ਸਰਾਸਰ ਅਨਿਆਇ ਹੈ। ਪਰ ਧਰਮ ਗ੍ਰੰਥ ਵਿਚ ਇਸ ਦਾ ਵੀ ਸਪਸ਼ਟੀਕਰਨ ਹੈ। ਪੁਰਾਣੇ ਨਿਯਮ ਦੇ ਅਨੁਸਾਰ ਦੁਖ ਝਲਣ ਵਾਲੇ ਤੇ ਸੁਖ ਭੋਗਣ ਵਾਲੇ ਹਨ। ਪ੍ਰਭੂਵਾਣੀ ਵਿਚ ਆਖਿਆ ਹੈ ਕਿ ਉਹ ਨਿਰਧਨ ਦਾ ਪੈਸਾ ਲੈ ਕੇ ਧਨ ਵਾਲੇ ਨੂੰ ਦੇਵੇਗਾ। ਇਹ ਹੀ ਕਿਉਂ? ਕੀ ਹੱਥ ਦੀਆਂ ਦਸ ਉਂਗਲੀਆਂ ਬਰਾਬਰ ਹੁੰਦੀਆਂ ਹਨ? ਕੇਲੇ ਦੇ ਦਸ ਪੌਦੇ ਲਾਏ ਜਾਣ ਤਾਂ ਕੀ ਦਸ ਦੇ ਦਸ ਇਕ ਤਰਾਂ ਹੀ ਖਿਲਦੇ ਹਨ? ਇਕ ਹੀ ਈਸ਼ਵਰ ਨੇ ਛੋਟਿਆਂ ਤੇ ਵਡਿਆਂ ਦੀ ਰਚਨਾ ਕੀਤੀ ਹੈ—

"ਪਿਤਾ ਜੀ! ਦਾਤਨ ਕਰ ਲਵੋ ਤੇ ਕਾਫੀ ਪੀ ਲਵੋ।"

ਕੁੰਏਨਾਚੰਨ ਨੇ ਵੇਖਿਆ। ਸ਼ਾਤੰਮਾ ਦੇ ਚਿਹਰੇ ਤੋਂ ਦੁਖ ਨਜ਼ਰ ਆ ਰਿਹਾ ਸੀ। ਫਿਰ ਵੀ ਉਸ ਦੁਖ ਨੂੰ ਆਪਣੇ ਮਨ ਦੇ ਅੰਦਰ ਹੀ ਛੁਪਾਇਆ ਹੋਇਆ ਹੈ।

ਕਾਫੀ ਪੀਂਦੇ ਸਮੇਂ ਸ਼ਾਤੰਮਾ ਦਰਵਾਜ਼ੇ ਤੇ ਹੀ ਇੰਤਜ਼ਾਰ ਵਿਚ ਖੜੀ ਸੀ ਕਿ ਹੋਰ ਕੋਈ ਜ਼ਰੂਰਤ ਨਾ ਹੋਵੇ। ਕੁੰਏਨਾਚੰਨ ਨੂੰ ਯਾਦ ਆਇਆ ਕਿ ਕੁਰੁਪ ਕਈ ਦਿਨਾਂ ਤੋਂ ਦਿਖਾਈ ਨਹੀਂ ਦਿਤਾ। ਵਿਆਹ ਦੇ ਬਾਅਦ ਕੇਵਲ ਇਕ ਵਾਰ ਵੇਖਿਆ ਸੀ। ਸ਼ਾਇਦ ਅਜ ਦੁਪਹਿਰ ਨੂੰ ਆਵੇ।

ਉਸ ਦਿਨ ਦੁਪਹਿਰ ਨੂੰ ਵੀ ਕੁਰੁਪ ਨਹੀਂ ਆਇਆ। ਗੱਲਬਾਤ ਕਰਨ ਲਈ ਕੋਈ ਨਾ ਮਿਲਿਆ ਤਾਂ ਕਈ ਗੱਲਾਂ ਮਨ ਵਿਚ ਸੋਚਦੇ-ਸੋਚਦੇ ਹੀ ਵਕਤ ਕੱਟਣ ਲਗ ਪਏ। ਅੱਧੀ ਰਾਤ ਦੇ ਬਾਅਦ ਅੱਖ ਲਗੀ। ਇਸ ਉਨੀਂਦੀ ਹਾਲਤ ਵਿਚ ਕਿਸੇ ਨੇ ਮੰਜੀ ਦੇ ਕੋਲ ਆ ਕੇ ਆਵਾਜ਼ ਦਿਤੀ—

"ਚਾਚੀ ਨਹੀਂ ਹਨ?"

"ਕੌਣ।"

"ਮੈਂ ਹਾਂ, ਦਾਦਾ ਜੀ।"

"ਬਹੂ।"

"ਜੀ।"

"ਦੀਵਾ ਜਗਾ ਦੇ।"

ਸ਼ਾਤਮਾ ਤੇ ਦੀਨਾਮਾ ਦੋਨੋਂ ਇਕੱਠੀਆਂ ਜਾਗ ਪਈਆਂ। ਦੀਨਾਮਾ ਦੀਵਾ ਜਗਾ ਕੇ ਬਰਾਮਦੇ ਵਿਚ ਲੈ ਆਈ। ਡਰ ਗਈ। ਗਾੜ੍ਹੀਆਂ ਮੁੱਛਾਂ ਦਾੜ੍ਹੀ ਵਾਲਾ ਕੋਈ ਆਦਮੀ ਖੜਾ ਸੀ।

"ਕੀ ਚਾਚੀ ਮੈਨੂੰ ਪਛਾਣਿਆ ਨਹੀਂ ?"

ਗੌਰ ਨਾਲ ਵੇਖਿਆ।

"ਦਾਨੀਕੁੱਟੀ।"

"ਹਾਂ।"

"ਹੇ ਪ੍ਰਭੂ ! ਮੈਂ ਤਾਂ ਸਮਝ ਨਹੀਂ ਸਕੀ। ਕਿਵੇਂ ਪਛਾਣਾਂ ? ਇਹ ਦਾੜ੍ਹੀ ਮੁੱਛ ਵੇਖ ਕੇ ਲੋਕ ਡਰ ਜਾਣਗੇ।"

ਦਾਨੀਕੁੱਟੀ ਹੱਸ ਪਿਆ।

"ਛੋਟੇ ਚਾਚਾ ਕਿਥੇ ਗਏ ਹਨ ?"

"ਕੋਲੰਮ ਗਏ ਹਨ। ਬਾਬੂ ਜੀ ਪਛਾਣਿਆ ਨਹੀਂ ? ਕੁੱਲੂਵਿਲਾਦਾ ਦਾਨੀਕੁੱਟੀ......"

"ਕੌਣ ?"

"ਕੁੰਯੁਚੇਰੁਕਨ ਭਈਆ ਦਾ ਪੁੱਤਰ......"

"ਜ਼ਰਾ ਦੀਵਾ ਵਿਖਾ।

ਦੀਨਾਮਾ ਨੇ ਦੀਵਾ ਲਿਆ ਕੇ ਵਿਖਾਇਆ। ਸਿਰ ਤੋਂ ਪੈਰ ਤੱਕ ਵੇਖਿਆ। ਸਿੰਸ਼ੋਨ ਵਾਂਗ ਛੱਤ ਨੂੰ ਛੂੰਹਦਾ ਲੰਮਾ ਸਾਰਾ ਆਦਮੀ। ਪੈਂਟ, ਕੋਟ ਤੇ ਪੇਟੀ......

"ਤੂੰ ਕਿਥੋਂ ਆ ਰਿਹਾ ਹੈਂ ਇਸ ਵੇਲੇ ?"

"ਬੰਬਈ ਤੋਂ ਆਇਆ ਹਾਂ, ਦਾਦਾ ਜੀ।"

"ਕਿਥੋਂ ?"

ਦੀਨਾਮਾ ਨੇ ਜ਼ੋਰ ਦੀ ਆਖਿਆ—

"ਬੰਬਈ ਤੋਂ।"

"ਹਨੇਰਾ ਪੈਣ ਦੇ ਬਾਅਦ ਨਿਕਲਿਆ ਸੈਂ ?"

ਦਾਨੀਕੁੱਟੀ ਨੇ ਹੱਸਦਿਆਂ ਹੋਇਆਂ ਕਿਹਾ—

"ਨਿਕਲਿਆਂ ਦੋ ਦਿਨ ਹੋ ਗਏ ਨੇ ਦਾਦਾ ਜੀ। ਬੰਬਈ ਜਾਣ ਲਈ ਦੋ ਦਿਨ ਦਾ ਸਫਰ ਕਰਨਾ ਪੈਂਦੈ, ਦਾਦਾ ਜੀ।"

"ਅੱਛਾ ਇੰਨੇ ਦਿਨਾਂ ਬਾਅਦ ਆਇਆ ਤੇ ਦੋ ਦਿਨਾਂ ਦੇ ਬਾਅਦ ਚਲਾ ਵੀ ਜਾਵੇਂਗਾ ?"

ਦਾਨੀਕੁੱਟੀ ਕੁਝ ਨਾ ਸਮਝ ਸਕਿਆ। ਵੇਖਦਾ ਰਿਹਾ। ਦੀਨਾਮਾ ਬੋਲੀ— ਕੰਨ ਬਿਲਕੁਲ ਘੱਟ ਸੁਣਦੇ ਹਨ, ਦਾਨੀਕੁੱਟੀ ਤੇ ਨੀਂਦ ਦੀ ਬੜਬੜਾਹਟ ਵੀ ਤਾਂ ਹੈ।"

"ਕੀ ਤੂੰ ਆਪਣੇ ਬਾਪ ਨੂੰ ਕੁਝ ਨਹੀਂ ਭੇਜਦਾ ?"

"ਕੌਣ ਕਹਿੰਦਾ ਏ, ਦਾਦਾ ਜੀ ?"

''ਉਹ ਹਮੇਸ਼ਾ ਹੀ ਔਖਾ ਰਹਿੰਦਾ ਹੈ। ਕਿਸ-ਕਿਸ ਚਾਲਾਕੀ ਤੇ ਛਲਕਪਟ ਨਾਲ ਤੁਹਾਨੂੰ ਪਾਲ ਪੋਸ ਕੇ ਉਸ ਵੱਡਾ ਕੀਤਾ ਹੈ। ਉਹ ਹਮੇਸ਼ਾ ਨੰਗਾ ਹੀ ਰਹਿੰਦਾ ਹੈ। ਹੁਣ ਉਮਰ ਵੀ ਵਧ ਗਈ। ਕੁਦਾਲੀ, ਖੁਰਪੀ ਚਲਾਉਣ ਜਾਂ ਬੋਝ ਉਠਾਣ ਕਿਵੇਂ ਜਾਏ ?''

''ਇਹ ਸਭ ਬਹਾਨਾ ਹੈ, ਦਾਦਾ ਜੀ। ਦਾਦਾ ਜੀ ਦੀਆਂ ਅੱਖੀਆਂ ਵਿਚ ਮਿੱਟੀ ਧੂੜਨਾ ਚਾਹੁੰਦੇ ਹਨ।''

''ਹੂੰ।''

''ਹਰ ਮਹੀਨੇ ਖਰਚ ਵਾਸਤੇ ਢਾਈ ਸੌ ਰੁਪਏ ਭੇਜਦਾ ਹਾਂ ਉਹ ਕੀ ਕਾਫੀ ਨਹੀਂ ?''

ਕੁੰਏਨਾਚੰਨ ਤੱਕਦੇ ਰਹਿ ਗਏ।

''ਦਸ ਪੰਦਰਾਂ ਹਜ਼ਾਰ ਮਕਾਨ ਦੇ ਨਕਸ਼ੇ ਵਾਸਤੇ ਵੀ ਲਿਖਿਆ ਸੀ।''

ਦੀਨਾਮਾ ਬੋਲੀ—ਮੈਂ ਪਿਤਾ ਜੀ ਨੂੰ ਉਸੇ ਦਿਨ ਹੀ ਦਸਿਆ ਸੀ ਨਾ ਕਿ ਕਲੂਵਿਲਾ ਤੇ ਘਰ ਬਣਵਾਉਣ ਵਾਲੇ ਹਨ।''

ਦਾਨੀਕੁੱਟੀ ਨੇ ਅੱਗੇ ਆਖਿਆ—

''ਕੋਲ ਕਿੰਨਾ ਵੀ ਕਿਉਂ ਨਾ ਹੋਵੇ, 'ਨਹੀਂ ਹੈ' ਹੀ ਆਖਦੇ ਹਨ। ਇਹ ਹੀ ਤਾਂ ਸਿਖਿਆ ਹੈ।''

''ਤਾਂ ਉਸ ਸਾਨੂੰ ਇਹ ਗੱਲਾਂ ਨਹੀਂ ਦਸੀਆਂ।''

''ਕਿਸੇ ਨੂੰ ਸੱਚ ਨਹੀਂ ਦਸਦੇ।''

ਦੀਨਾਮਾ ਬੋਲੀ—

''ਮਿਲਣ ਤਾਂ ਨਾਰਾਜ਼ ਹੁੰਦੇ ਨੇ ਖਿਝਦੇ ਨੇ। ਪਰ ਪਿਤਾ ਜੀ ਨੂੰ ਮਨ ਅੰਦਰ ਸਭ ਬੱਚਿਆਂ ਨਾਲ ਬਹੁਤ ਪਿਆਰ ਹੈ।......''

''ਕੁਝ ਦਿਨਾਂ ਤੋਂ ਦਾਦਾ ਜੀ ਨੂੰ ਮਿਲਣ ਦੀ ਇੱਛਾ ਹੋ ਰਹੀ ਸੀ। ਇਕ ਵਾਰ ਸੁਫਨਾ ਵੇਖਿਆ ਸੀ ਕਿ ਪਿਤਾ ਜੀ ਬਹੁਤ ਬੀਮਾਰ ਹਨ।''

''ਕਮਜ਼ੋਰੀ ਹੈ। ਕਮਜ਼ੋਰੀ ਦਿਨੋਂ ਦਿਨ ਵਧਦੀ ਜਾਂਦੀ ਹੈ।''

ਦਾਨੀਕੁੱਟੀ ਨੇ ਪੈਂਟ ਦੀ ਜੇਬ 'ਚੋਂ ਸੌ ਸੌ ਦੇ ਨੋਟਾਂ ਦਾ ਇਕ ਬੰਡਲ ਕਢਿਆ। ਉਨ੍ਹਾਂ 'ਚੋਂ ਪੰਜ ਨੋਟ ਕਢ ਕੇ ਦੀਨਾਮਾ ਦੇ ਹੱਥ ਵਿਚ ਦੇ ਕੇ ਆਖਿਆ—

''ਲਓ ਚਾਚੀ—ਦਾਦਾ ਜੀ ਦੀ ਜ਼ਰੂਰਤ ਲਈ ਖਰਚ ਕਰ ਲੈਣਾ।''

'ਲੋੜ ਨਹੀਂ ਬੇਟਾ।''

''ਇਹ ਕੀ ? ਕੀ ਮੈਂ ਕੋਈ ਪਰਾਇਆ ਹਾਂ, ਬੁਢੇ ਦਾਦਾ ਜੀ ਦੇ ਚਰਨਾਂ 'ਚ ਬੈਠ ਕੇ ਉਨ੍ਹਾਂ ਦੀ ਸੇਵਾ ਕਰਨ ਦੀ ਜ਼ਿਮੇਂਵਾਰੀ ਮੇਰੀ ਵੀ ਹੈ। ਪਰ ਉਹ ਕਰ ਨਹੀਂ ਸਕਦਾ। ਇਸ ਲਈ ਆਪਣੀ ਕਮਾਈ 'ਚੋਂ ਕੁਝ ਹਿੱਸਾ ਹੀ ਤਾਂ ਦੇ ਰਿਹਾ ਹਾਂ।''

ਦੀਨਾਮਾ ਨੇ ਲੈਣ ਤੋਂ ਫਿਰ ਵੀ ਸੰਕੋਚ ਕੀਤਾ।

''ਚਾਚੀ ਸੰਕੋਚ ਨਾ ਕਰੋ। ਮੇਰੇ ਕੋਲ ਪੈਸੇ ਹੁੰਦੇ ਤਾਂ ਪੰਜ ਸੌ ਤਾਂ ਕੀ ਮੈਂ ਪੰਜ ਹਜ਼ਾਰ ਖਰਚ ਕਰਨ ਤੋਂ ਵੀ ਨਾ ਝਿਜਕਦਾ।''

ਦੀਨਾਮਾ ਨੇ ਨੋਟ ਲੈ ਕੇ ਮੁੱਠੀ ਵਿਚ ਪਕੜ । ਲਏ

"ਦਾਦਾ ਜੀ !"

"ਹੂੰ ।"

"ਚੱਲਾਂ ?"

ਦਾਨੀਕੁੱਟੀ ਗੋਡਿਆਂ ਦੇ ਭਾਰ ਦਾਦਾ ਜੀ ਦੇ ਪੈਰਾਂ ਦੇ ਕੋਲ ਬੈਠ ਗਿਆ ।

"ਦਾਦਾ ਜੀ ਮੈਨੂੰ ਅਸ਼ੀਰਵਾਦ ਦਿਓ ।"

ਦਾਨੀਕੁੱਟੀ ਦੇ ਸਿਰ ਤੇ ਕੁੰਏਨਾਚੰਨ ਨੇ ਹੱਥ ਰਖਿਆ ਤੇ ਆਸਮਾਨ ਵਲ ਨਜ਼ਰ ਚੁਕੀ । ਬੱਚਿਆਂ ਤੇ ਪੋਤਿਆਂ ਨੇ ਜੋ ਅਜ ਤੱਕ ਨਹੀਂ ਮੰਗਿਆ, ਉਹ ਇਸ ਨੇ ਮੰਗਿਆ ਹੈ । ਸੱਚੇ ਦਿਲੋਂ ਪ੍ਰਾਰਥਨਾ ਕੀਤੀ—"ਲੇਨਾਵਾ ਦੇ ਪ੍ਰਭੂ ਯਹੋਵਾ, ਇਸ ਤੇ ਕਿਰਪਾ ਕਰੋ । ਦੁਸ਼ਕਰਮ ਚਾਚੀਆਂ ਦੀ ਸਾਜ਼ਿਸ਼ ਤੋਂ ਅਤੇ ਅਨਿਆਈਆਂ ਦੀ ਕਲਾਹ ਤੋਂ ਇਸ ਨੂੰ ਬਚਾਅ ਲੈਣਾ । ਨਦੀ ਤਟ ਦੇ ਉਪਵਨ (ਬੇਲੇ) ਵਾਂਗ, ਯਹੋਵਾ ਦੇ ਲਾਏ ਚੰਦਨ ਰੁੱਖ ਵਾਂਗ ਤੇ ਜਲਕੁੰਡ ਤੋਂ ਦੂਰ ਦੇਵਦਾਰੂ ਦੇ ਸਮਾਨ ਇਸ ਦਾ ਪਾਲਣ ਕਰਨਾ......"

"ਤੈਨੂੰ ਕੋਈ ਤਕਲੀਫ ਨਹੀਂ ਹੋਣ ਲਗੀ, ਜਾ ।"

ਦਾਨੀਕੁੱਟੀ ਦਾਦਾ ਜੀ ਦੇ ਪੈਰਾਂ ਨੂੰ ਚੁੰਮ ਕੇ ਚਲਾ ਗਿਆ । ਦੀਨਾਮਾ ਨੇ ਮੁਠੀ ਖੋਲ੍ਹ ਕੇ ਨੋਟ ਗਿਣੇ । ਕਿਧਰੇ ਸੁਫਨਾ ਤਾਂ ਨਹੀਂ ਵੇਖ ਰਹੀ । ਬੜੀ ਅਜੀਬ ਗੱਲ ਹੈ । ਇੰਨੀ ਵੱਡੀ ਰਕਮ ਨੂੰ ਅਜ ਤੱਕ ਕਦੀ ਹੱਥ ਲਾ ਕੇ ਨਹੀਂ ਤੱਕਿਆ । ਸਿਸਿਲੀ ਮੁੰਨੀ ਦੇ ਪਿਤਾ ਜੀ ਨੂੰ ਦਸਾਂ ? ਨਹੀਂ, ਦਾਦਾ ਜੀ ਤੇ ਮੈਂ ਦੋਵੇਂ ਜਣੇ ਹੀ ਇਸ ਨੂੰ ਜਾਣਦੇ ਹਾਂ । ਕਪੜਿਆਂ ਦੀ ਪੇਟੀ ਵਿਚ ਛੁਪਾ ਕੇ ਰਖ ਦੇਵਾਂਗੀ । ਸਖਤ ਜ਼ਰੂਰਤ ਪੈਣ ਤੇ ਵਿਖਾ ਕੇ ਹੈਰਾਨਗੀ ਪੈਦਾ ਕਰਨੀ ਚਾਹੀਦੀ ਹੈ ।

ਦਾਨੀਕੁੱਟੀ ਦੀ ਜੇਬ ਸੌ ਸੌ ਦੇ ਨੋਟਾਂ ਨਾਲ ਭਰੀ ਹੋਈ ਸੀ । ਤਾਂ ਜੋ ਕੁਝ ਸੁਣਿਆ ਉਹ ਠੀਕ ਹੀ ਹੈ । ਜਹਾਜ਼ ਤੇ ਆਉਣ ਵਾਲਾ ਸਾਮਾਨ, ਸਰਕਾਰ ਤੋਂ ਚੋਰੀ ਖਰੀਦ ਕੇ ਵੇਚਦਾ ਹੈ । ਇਕ ਅੱਧ ਮਹੀਨੇ ਬਾਅਦ ਇਕ ਵਾਰ ਕਿਸੇ ਨੂੰ ਪਤਾ ਲਗਣ ਦਿਤੇ ਬਗੈਰ ਰਾਤੋ-ਰਾਤ ਕੱਲਵਿਲਾ ਜਾਂਦਾ ਹੈ । ਖੈਰ ਇਹ ਸਭ ਕੁਝ ਜਾਨਣ ਦਾ ਮੇਰਾ ਕੀ ਨਫਾ ਨੁਕਸਾਨ ? ਜੋ ਵੀ ਹੋਵੇ, ਪਿਆਰ ਤਾਂ ਹੈ, ਅੱਧੀ ਰਾਤ ਵੇਲੇ ਆ ਕੇ ਇਹ ਰਕਮ ਦਾਦਾ ਜੀ ਨੂੰ ਦੇਣ ਦਾ ਦਿਲ ਤਾਂ ਕੀਤਾ ।

"ਬੇਟੀ !"

"ਕੀ ?"

"ਕਿੰਨੇ ਹਨ ?"

"ਪੰਜ ਸੌ ।"

"ਕੀ ਪੰਜ ਸੌ ਹਨ ?"

"ਹਾਂ, ਇਕ ਤਾਂ ਅਜਿਹਾ ਹੈ ਜੋ ਪਿਆਰ ਜਾਣਦਾ ਹੈ—ਬੇਟੇ ਨੂੰ ਦਸਣਾ ਹੈ ?"

"ਹੈਂ ।"

"ਬਾਬੂ ਜੀ ਦੇ ਬੇਟੇ ਨੂੰ ਦੱਸਾਂ ?"

"ਨਾ, ਨਹੀਂ ਤਾਂ ਉਹ ਤੈਨੂੰ ਫੁਸਲਾ ਕੇ ਪੈਸੇ ਲੈ ਲਏਗਾ ਤੇ ਉਡਾ ਦੇਵੇਗਾ।"

"ਕਪੜਿਆਂ ਦੀ ਪੇਟੀ ਵਿਚ ਰਖ ਦੇਨੀ ਆਂ। ਬਹੁਤ ਜ਼ਿਆਦਾ ਲੋੜ ਪੈਣ ਤੇ ਦੇ ਦੇਵਾਂਗੀ।"

"ਹਾਂ, ਇਹ ਹੀ ਠੀਕ ਹੈ। ਵੱਡੀਆਂ-ਵੱਡੀਆ ਲੋੜਾਂ ਆਉਣ ਵਾਲੀਆਂ ਹਨ।"

"ਕਿਵੇਂ ?"

"ਕਬਰ ਬਣਾਉਣੀ ਹੈ, ਦਾਅਵਤ ਵੀ ਖਵਾਉਣੀ ਹੈ......।"

"ਬਾਬੂ ਜੀ ਨੂੰ ਇਹੀ ਗੱਲਾਂ ਯਾਦ ਰਹਿੰਦੀਆਂ ਹਨ। ਉਸ ਦਾ ਖਰਚ ਵੀ ਕਰਨ ਵਾਲੇ ਸੈਂਕੜੇ ਲੋਕ ਹਨ।"

ਫਿਰ ਵੀ ਚਾਰ ਪੈਸੇ ਆਪਣੇ ਹੱਥ ਵਿਚ ਲੈਣੇ ਹੀ ਬੁਧੀਮਾਨੀ ਹੈ। ਖਿਟੀਆ ਕਿਸੇ ਵੀ ਹਾਲਤ ਵਿਚ ਮਕਬਰਾ ਬਣਾ ਲੈਣਾ ਚਾਹੀਦਾ ਹੈ। ਵੱਡੇ-ਵੱਡੇ ਲੋਕਾਂ ਦੇ ਨਾਲ ਨਹੀਂ ਚਾਹੀਦਾ। ਦੂਰ ਬਣਾ ਲੈਣਾ ਹੀ ਕਾਫੀ ਹੈ। ਇਕੱਲਾ ਖੜਾ ਰਹਾਂਗਾ। ਕਰ ਇਸਟ ਦੇ ਜਨਮ ਉਤਸਵ ਤੇ ਪੁਰ ਉਥਾਨ ਦੇ ਦਿਨ ਮੋਮਬੱਤੀ ਜਗਾਣੀ ਚਾਹੀਦੀ ਹੈ। ਈਸ਼ਵਰ ਦੇ ਦੂਜੇ ਆਗਮਨ ਦੇ ਸਮੇਂ ਬੰਦੇ ਹਾਜ਼ਰ ਹੈ, ਇਹ ਕਹਿੰਦੇ ਹੋਏ ਉਠ ਚਲਣਾ ਚਾਹੀਦਾ ਹੈ।

"ਬਾਬੂ ਜੀ ਜ਼ਰਾ ਸੌਂ ਜਾਓ। ਸੂਰਜ ਨਿਕਲਣ ਦਾ ਵਕਤ ਹੋ ਰਿਹਾ।"

ਦੀਨਾਮ ਅੰਦਰ ਗਈ। ਕਪੜਿਆਂ ਦੀ ਪੇਟੀ ਖੋਲ੍ਹਣ ਦੀ ਆਵਾਜ਼ ਕੁੰਏਨਾਚੇਨ ਨੇ ਸੁਣੀ। ਘੰਟੀ ਵਜਾਣ ਵਾਲਾ ਤਾਲਾ ਹੈ। ਬੰਦ ਕਰਨ ਲੱਗਿਆਂ ਫਿਰ ਘੰਟੀ ਵਜਦੀ ਹੈ। ਗੌਣੋ 'ਚ ਲਿਆਂਦੀ ਪੇਟੀ ਹੈ......।

ਈਸ਼ਵਰ ਦੀ ਲੀਲਾ ਵੀ ਅਜੀਬ ਹੈ। ਉਸ ਦੇ ਰਾਹ ਕਿਸ ਨੇ ਵੇਖੇ ? ਅਫ਼ੀਮ ਦੇ ਪੈਸਿਆਂ ਤੱਕ ਨੂੰ ਤਰਸਦੇ ਸਾਂ ਤੇ ਪੰਜ ਸੌ ਰੁਪਏ ਮਿਲ ਗਏ। ਪ੍ਰਭੂ ਪਰੇਸ਼ਾਨ ਨਹੀਂ ਕਰਨ ਲੱਗਾ। ਅਜ ਤੱਕ ਕਸ਼ਟ ਨਹੀਂ ਦਿਤਾ। ਕਿੰਨੇ ਹੀ ਅਨੁਭਵ ਹੋਏ। ਜਿਵੇਂ ਕਿ ਦਾਊਦ ਦੇ ਬਾਠਵੇਂ ਭਜਨ ਵਿਚ ਕਿਹਾ ਹੈ, ਮੈਂ ਚੁਪਚਾਪ ਈਸ਼ਵਰ ਵਲ ਮਨ ਲਗਾਇਆ ਹੋਇਆ ਹੈ। ਮੇਰਾ ਪਾਰ ਉਤਾਰਾ ਉਸੇ ਤੋਂ ਹੋਣਾ ਹੈ। ਉਹ ਹੀ ਮੇਰਾ ਗੜ੍ਹ ਹੈ। ਮੈਨੂੰ ਬਹੁਤਾ ਨਹੀਂ ਡਿਗਾਣ ਲਗਾ।

"ਬੱਤੀ ਬੁਝਾ ਕੇ ਸੌਂ ਜਾਓ ਬੇਟੀ।"

"......"

"ਸੁਣਿਆ ਨਹੀਂ ?"

"......"

ਹੱਸ ਰਹੀ ਏਂ ? ਕੌਣ ?"

"ਮੈਂ ਹਾਂ ਪਿਤਾ ਜੀ, ਕੁਯੰਮਾ।"

ਵਧੀਆ ਕਪੜੇ। ਕੰਚਯੁਰੀ, ਚੱਟਾ, ਕਵਣੀ ਓਹੀ ਹੈ।

''ਏਨੇ ਦਿਨ ਤੂੰ ਕਿਥੇ ਛੁਪੀ ਰਹੀ ?''

''ਨਿਤਰਾਜ ਵਿਚ। ਮੇਰੇ ਨਾਲ ਇਕ ਹੋਰ ਆਦਮੀ ਹੈ।''

''ਕਿਥੇ ?''

''ਵਿਹੜੇ ਵਿਚ ਹੈ।''

''ਕੌਣ ?''

''ਮਾਂ।''

''ਤੇਰੀ ਮਾਂ ?''

''ਹਾਂ—ਅਸੀਂ ਪਿਤਾ ਜੀ ਨੂੰ ਲੈ ਚਲਣ ਲਈ ਆਈਆਂ ਹਾਂ। ਇਥੇ ਪਿਤਾ ਜੀ ਦੀ ਦੇਖਭਾਲ ਕੌਣ ਕਰੇ ? ਮਿੱਠੀਆਂ-ਮਿੱਠੀਆਂ ਗੱਲਾਂ ਕਰਨ ਵਾਲਿਆਂ ਤੇ ਭਰੋਸਾ ਨਾ ਕਰਨਾ। ਆਓ ਉਠੋ ਅਸੀਂ ਆਪਣੇ ਘਰ ਚਲੀਏ।''

''ਕਿਹੜਾ ਘਰ ?''

''ਅਮਰ ਘਰ।''

''ਤੇਰੀ ਮਾਂ ਬਾਹਰ ਕਿਉਂ ਖਲੋਤੀ ਹੈ ?'' ਬੁਲਾ।

''ਆਖਿਆ ਏ ਨਾ ਕਿ ਉਹ ਅੰਦਰ ਨਹੀਂ ਆਉਣ ਲਗੀ।''

''ਉਹ ਕਿਉਂ ?''

''ਇਹ ਗੱਲਾਂ ਰਾਹ ਵਿਚ ਮਾਂ ਤੋਂ ਖੁਦ ਪੁਛ ਲੈਣੀਆਂ।''

''ਕਿਹਾ ਰਾਹ ? ਕੀ ਬਹੁਤ ਦੂਰ ਹੈ ?''

''ਨੇੜੇ ਹੀ ਹੈ, ਪਿਤਾ ਜੀ। ਲਵੋ ਵੇਖੋ। ਸਵਰਗਦੂਤ ਗਬਰਿਅਲ ਪੰਖਾਂ ਤੇ ਬੈਠਾ ਕੇ ਲੈ ਜਾਣਗੇ। ਪਹਿਰੇਦਾਰ ਦੇਵਦੂਤ ਜੋਤੀ ਦਾ ਬਸਤਰ ਪਾਈ ਖੜੇ ਹਨ।''

ਕੁੰਏਨਾਚੰਨ ਨੇ ਵੇਖਿਆ। ਆਸਮਾਨ ਤੇ ਇਕ ਦਰਵਾਜ਼ਾ ਖੁਲ੍ਹਾ ਹੈ। ਦਰੀ ਵਿਛੀ ਹੋਈ ਹੈ। ਪੱਥਰ ਦੀਆਂ ਪੌੜੀਆਂ......

''ਪਿਤਾ ਜੀ ਦੇ ਪਹਿਨਾਣ ਲਈ ਚੋਗਾ ਲਿਆਈ ਹਾਂ।''

''ਗੱਲਾਂ-ਗੱਲਾਂ 'ਚ ਉਸ ਨਵਾਂ ਚੋਗਾ ਪਵਾ ਦਿਤਾ। ਨਵੀਂ ਫੁਰਤੀ। ਉਠ ਕੇ ਚਲਣ 'ਚ ਕੋਈ ਕਠਿਨਾਈ ਨਹੀਂ।''

''ਸੋਟੀ ਚਾਹੀਦੀ ਹੈ ?''

''ਨਹੀਂ।''

ਉਠ ਕੇ ਚਲਣ 'ਚ ਸੋਟੀ ਦੀ ਲੋੜ ਹੀ ਨਹੀਂ। ਛੋਟੇ ਬੱਚਿਆਂ ਦੀ ਤਰ੍ਹਾਂ ਦੌੜਨ ਦਾ ਜੋਸ਼ ਹੈ। ਫਿਰ ਵੀ ਉਸ ਮੋਢਿਆਂ ਤੇ ਹੱਥ ਰਖ ਦਿਤਾ। ਆਪਣੇ ਬਰਾਬਰ ਹੈ। ਵਿਹੜੇ 'ਚ ਪਹੁੰਚ ਕੇ ਪੁਛਿਆ—''ਤੇਰੀ ਮਾਂ ਕਿਥੇ ਹੈ ?''

''ਆਲੇ ਦੁਆਲੇ ਝਾਕ ਕੇ ਵੇਖਿਆ ਕੋਈ ਨਹੀਂ।''

''ਕੀ ਉਹ ਚਲੀ ਗਈ ?''

ਕੁਯੰਮਾ ਚੁਪ। ਉਸ ਦੇ ਮੂੰਹ ਵਲ ਵੇਖਿਆ। ਇਹ ਤਾਂ ਕੁਯੰਮਾ ਨਹੀਂ ਪੋਨੰਮਾ ਹੈ। ਪ੍ਰੇਮ ਵਿਲਾਸ ਨਾਲ ਜਿਸ ਉਸ ਨੂੰ ਮਸਤ ਕਰ ਦਿਤਾ ਸੀ—

''ਜਿਥੇ ਮੈਂ ਹੋਵਾਂ, ਕੀ ਉਹ ਉਥੇ ਆਉਣਗੀਆਂ ?''

"ਤੂੰ......"

"ਕਿੰਨੇ ਦਿਨਾਂ ਦੀ ਆਪ ਦਾ ਰਾਹ ਵੇਖ ਰਹੀ ਹਾਂ। ਹੋਰ ਕੋਈ ਸਾਥ ਨਹੀਂ ਦਿੰਦਾ। ਕੀ ਆਪਣੀ ਪਹਿਲੀ ਮੁਲਾਕਾਤ ਯਾਦ ਹੈ ?"

"ਹਾਂ।"

"ਹੇ ਮੇਰੇ ਪ੍ਰਭੂ ਆ, ਅਸੀਂ ਖੇਤਾਂ 'ਚ ਨਿਕਲ ਜਾਈਏ ਤੇ ਪਿੰਡਾਂ ਵਿਚ ਰਾਤ ਕੱਟੀਏ। ਫਿਰ ਸਵੇਰੇ ਉਠ ਕੇ ਦਾਖ ਦੀਆਂ ਬਾੜੀਆਂ ਵਿਚ ਚੱਲੀਏ ਤੇ ਵੇਖੀਏ ਕਿ ਦਾਖਲਤਾ ਦੀਆਂ ਕਲੀਆਂ ਖਿਲੀਆਂ ਹਨ ਕਿ ਨਹੀਂ। ਅਨਾਰਾਂ ਨੂੰ ਫੁਲ ਪਏ ਹਨ ਕਿ ਨਹੀਂ। ਮੈਂ ਉਥੇ ਤੁਹਾਨੂੰ ਆਪਣਾ ਪ੍ਰੇਮ ਦੇਵਾਂਗੀ।......"

"ਪੋਨੰਮਾ ਕੀ ਤੂੰ ਨਹੀਂ ਵੇਖਦੀ ਕਿ ਮੈਂ ਬੁੱਢਾ ਹੋ ਗਿਆ ਹਾਂ ?"

"ਕੌਣ ਆਖਦਾ ਹੈ ? ਨਿੱਤਯੋਵਨ ਸਾਨੂੰ ਵਾਪਸ ਮਿਲ ਗਿਆ ਹੈ। ਮੇਰੇ ਵਲ ਵੇਖੋ। ਮੇਰੀਆਂ ਗਲ੍ਹਾਂ ਨੂੰ ਵੇਖੋ। ਅੱਖੀਆਂ ਨੂੰ ਵੇਖੋ। ਸੱਠ ਰਾਣੀਆਂ, ਅੱਸੀ ਟਖੇਲੀਆਂ ਤੇ ਅਨੇਕਾਂ ਕੰਨਿਆਵਾਂ ਮੈਨੂੰ 'ਭਾਗਵਤੀ' ਆਖਦੀਆਂ ਹਨ। ਹੇ ਪਿਆਰੇ, ਮੈਨੂੰ ਚੁੰਮ ਲਵੋ......"

ਚੁੰਮਨ ਲਈ ਕੋਲ ਖੜਾ ਕਰ ਲਿਆ......ਨਹੀਂ ਕੁਝ ਨਹੀਂ......

ਧੂੰਏਂ ਵਾਂਗ, ਬੱਦਲ ਦੇ ਝੋਕਿਆਂ ਵਾਂਗ ਉਹ ਹੱਥਾਂ 'ਚੋਂ ਗਾਇਬ ਹੋ ਗਈ।

ਸੁੰਨਾਪਨ।

..........

"ਬਾਬੂ ਜੀ ਉਠੋ।"

ਤ੍ਰਬਕ ਉਠੇ। ਘਬਰਾ ਕੇ ਵੇਖਿਆ। ਕਈ ਲੋਕ ਖੜੇ ਹਨ। ਕੁਯੰਮਾ ਨਹੀਂ, ਪੋਨੰਮਾ ਨਹੀਂ......

ਕੋਈ ਢਾਹਾਂ ਮਾਰ ਕੇ ਰੋ ਰਿਹਾ ਹੈ।

ਹੁਣ ਲੋਕਾਂ ਨੂੰ ਪਛਾਣ ਸਕਦੇ ਸਨ। ਦੀਨਾਮਾ, ਸ਼ਾਤੰਮਾ, ਮੱਨੀ...... ਫਿਰ ?

ਕੁੰਯੁਚੇਰੁਕਨ ਦੀ ਪਤਨੀ, ਉਸ ਦਾ ਛੋਟਾ ਬੇਟਾ......

"ਬਾਬੂ ਜੀ।"

"ਹੂੰ।"

"ਦਾਨੀਕੁੱਟੀ ਨੂੰ ਪੁਲੀਸ ਵਾਲੇ ਹੱਥਕੜੀ ਲਾ ਕੇ ਲੈ ਗਏ। ਕੁੰਯੁਚੇਰੁਕਨ ਭਈਆ ਨੂੰ ਵੀ ਲੈ ਗਏ।"

"ਹੱਥਕੜੀ ?"

"ਮੇਰੇ ਬੱਚੇ ਨੂੰ ਲਿਜਾ ਕੇ ਮਾਰ ਦੇਣਗੇ ਦਾਦਾ ਜੀ। ਹੁਣ ਮੇਰਾ ਆਸਰਾ ਕੌਣ ਹੈ ਦੀਨਾਮਾ।"......

"ਚਾਚੀ ਰੋਵੋ ਨਾ।"

ਦੀਨਾਮਾ ਉਸ ਦਾ ਹੱਥ ਫੜ ਕੇ ਅੰਦਰ ਲੈ ਗਈ। ਕੁੰਏਨਾਚੰਨ ਅੱਖੀਆਂ ਖੋਲ੍ਹੀ ਲੇਟੇ ਰਹੇ। ਰੋਸ਼ਨੀ ਆ ਰਹੀ ਸੀ। ਸੁਪਨਾ ਤੇ ਸਚਾਈ ਆਪਸ ਵਿਚ ਮਿਲ ਗਏ

ਸਨ । ਸਮਝ ਨਹੀਂ ਆਉਂਦਾ ਕਿ ਸੱਚ ਕੀ ਹੈ ਤੇ ਝੂਠ ਕੀ । ਸੋਚਦੇ ਲੇਟੇ ਸਨ ਕਿ ਫਾਟਕ ਅੱਗੋਂ ਇਕ ਮੋਟਰ ਦੇ ਰੁਕਣ ਦੀ ਆਵਾਜ਼ ਆਈ । ਚਾਰੇ ਭਰਾ ਗੱਡੀ 'ਚੋਂ ਉਤਰ ਆਏ । ਅੱਗੇ ਕੀਵਰੀਤ, ਸਭ ਤੋਂ ਪਿਛੇ ਪਕੜਿਆ ਗਿਆ ਚੋਰ ਜਿਹਾ ਕੁੰਯੁਚੇਰੁਕਨ ।

ਕੀਵਰੀਤ ਨੇ ਆਖਿਆ—ਐਿਆਂ ਗੈਰਿਆਂ ਦੀ ਦੌਲਤ ਤੈਨੂੰ ਕਿਉਂ ਚਾਹੀਦੀ ਹੈ ? ਲੈ ਜਾਵੇ । ਜੋ ਨਮਕ ਖਾਏ ਉਹ ਹੀ ਪਾਣੀ ਪੀਏ । ਭਾਵੇਂ ਬੇਟਾ ਹੋਵੇ ਤੇ ਭਾਵੇਂ ਭਤੀਜਾ ।......

ਫਿਲਿਪਿਓਸ ਨੇ ਆਖਿਆ—ਚਾਲਾਕੀ ਤੇ ਬੁੱਧੀਮਾਨੀ ਵਧ ਜਾਣ ਨਾਲ ਇਹ ਹੀ ਹੁੰਦਾ ਹੈ । ਸੋਚਿਆ ਕਿ ਜਲਦੀ ਘਰ ਬਣਾ ਕੇ ਗ੍ਰਹਿਸਥੀ ਜਮਾਵਾਂਗੇ ।...

ਕੀਵਰੀਤ ਨੇ ਫਿਰ ਆਖਿਆ—"ਮਰੇ ਨੂੰ ਨਾ ਮਾਰੋ ।"

ਇਸ ਦਾ ਉਤਰ ਮਾਤੁਕੁੱਟੀ ਨੇ ਦਿਤਾ—

"ਮਰੇ ਨੂੰ ਮਾਰਨੇ ਆਂ ? ਡੀ. ਐਸ. ਪੀ, ਚੀਫ ਇੰਜੀਨੀਅਰ ਦੇ ਸਾਥੀ ਹਨ । ਚੀਫ ਇੰਜੀਨੀਅਰ ਨਾਲ ਫਿਲਿਪਿਓਸ ਭਈਆ ਦੀ ਜਾਣ-ਪਛਾਣ ਸੀ । ਤਾਂ ਹੀ ਜ਼ਮਾਨਤ ਤੇ ਲਿਆ ਸਕੇ । ਵਰਨਾ ਬੇਟੇ ਦੀ ਚੋਰੀ ਤੇ ਬਾਪ ਨੂੰ ਵੀ ਹਵਾਲਾਤ ਦਾ ਪ੍ਰਸਾਦ ਮਿਲਦਾ ।"

ਕੁੰਯੁਚੇਰੁਕਨ ਨੇ ਕੋਈ ਜਵਾਬ ਨਹੀਂ ਦਿਤਾ । ਮੋਢੇ ਤੇ ਪਿਆ ਪਰਨਾ ਕੁੰਏਨਾਚੰਨ ਦੀ ਮੰਜੀ ਦੇ ਕੋਲ ਵਿਛਾਇਆ ਤੇ ਲੇਟ ਗਿਆ ।

ਕੁੰਯੁਚੇਰੁਕਨ ਦੀ ਪਤਨੀ ਸ਼ੋਸ਼ਾਮਾ ਨੇ ਪੁਛਿਆ—

"ਦਾਨੀਕੁੱਟੀ ਕਿਥੇ ਹੈ ਕੀਵਰੀਤ ਭਈਆ ?"

"ਉਸ ਨੂੰ ਬੰਬਈ ਲੈ ਗਏ ਹਨ । ਮੁਕੱਦਮੇ ਦੇ ਬਾਅਦ ਛਡਣਗੇ ।"

"ਹੇ ਮੇਰੇ ਪ੍ਰਭੂ !"

ਕੁੰਏਨਾਚੰਨ ਨੇ ਦੀਨਾਮਾ ਤੇ ਸ਼ਾਤੰਮਾ ਤੋਂ ਸਾਰਾ ਮਾਮਲਾ ਸਮਝਣ ਦੇ ਬਾਅਦ ਪੁਛਿਆ—

"ਉਸ ਨੂੰ ਨਹੀਂ ਸਾਓ ਛੁੜਾ ਸਕਦੇ ?"

ਫਿਲਿਪਿਓਸ ਨੇ ਆਖਿਆ—

"ਪਿਤਾ ਜੀ ਜਾਓ ਓਧਰ, ਛੁੜਾ ਲਿਆਓ । ਹੁਣ ਰੋਣ ਦਾ ਕੋਈ ਲਾਭ ਨਹੀਂ । ਚੋਰੀ ਡਾਕਾ ਕਰਕੇ ਅੱਧੀ ਰਾਤ ਵੇਲੇ ਮੂੰਹ ਹਨੇਰੇ ਜਦ ਲਿਆਉਂਦਾ ਸੀ ਤਾਂ ਲੈ ਕੇ ਜਮ੍ਹਾਂ ਕਰ ਲੈਂਦੇ ਸਨ । ਉਸ ਵੇਲੇ ਸੋਚਣਾ ਸੀ । ਪੰਜ ਹਜ਼ਾਰ ਦੀ ਚੋਰੀ ਦਾ ਮਾਲ ਘਰ 'ਚੋਂ ਬਰਾਮਦ ਕਰਕੇ ਲੈ ਗਏ ਹਨ ।"

ਕੀਵਰੀਤ ਨੇ ਸ਼ਾਂਤੀਪੂਰਵਕ ਆਖਿਆ—

"ਕੀ ਇਹ ਸਭ ਕੁਝ ਜਾਣ ਬੁਝ ਕੇ ਲੈ ਰਖਿਆ ਸੀ ? ਕੀ ਇਸ ਸੋਚਿਆ ਹੋਣਾ ਕਿ ਇਸ ਤਰ੍ਹਾਂ ਹੋਵੇਗਾ ?"

ਫਿਲਿਪਿਓਸ ਚੁਪਚਾਪ ਮੋਟਰ ਵਿਚ ਬੈਠ ਕੇ ਚਲਾ ਗਿਆ ।

ਬੜੀ ਨਿਮਰਤਾਪੂਰਨ ਆਵਾਜ਼ ਵਿਚ ਕੁੰਯੁਚੇਰੁਕਨ ਨੇ ਆਖਿਆ—

"ਮੈਂ ਕੀ ਗੁਨਾਹ ਕੀਤਾ ਹੈ ਪਿਤਾ ਜੀ ਜੋ ਮੇਰੀ ਇਹ ਹਾਲਤ ਹੋਈ ਹੈ ?"

"ਹਾਂ, ਗੁਨਾਹ । ਸ਼ਾਂਤ ਰਹੋ । ਉਸ ਨੂੰ ਕਿਸੇ ਤਰ੍ਹਾਂ ਛੁਡਾ ਲਿਆਵਾਂਗੇ ।"

ਇੰਝ ਸਮਝਾ ਕੇ ਕੀਵਰੀਤ ਚਲਾ ਗਿਆ—

ਕੁੰਏਨਾਚੰਨ ਲਾਠੀ ਟੇਕਦੇ ਹੋਏ ਉਠੇ । ਸ਼ਾਤੰਮਾ ਦੇ ਹੱਥ ਦੇ ਸਹਾਰੇ ਵਿਹੜੇ ਵਿਚ ਉਤਰੇ ।

ਸੋਟੀ ਦੇ ਸਹਾਰੇ ਬੜੀ ਮੁਸ਼ਕਿਲ ਨਾਲ ਦੋ ਕਦਮ ਵਧੇ । ਦੀਨਾਮਾ ਨੂੰ ਕੋਲ ਬੁਲਾ ਕੇ ਕੰਨ ਵਿਚ ਆਖਿਆ—

"ਕਪੜਿਆਂ ਦੀ ਪੇਟੀ 'ਚ ਰਖੇ ਰੁਪਏ ਕੁੰਯੁਚੇਰੁਕਨ ਨੂੰ ਦੇ ਦੇ ਬੇਟੀ । ਉਸ ਕੋਲ ਕਮ-ਅਜ਼-ਕਮ ਇੰਨੇ ਕੁ ਪੈਸੇ ਤਾਂ ਹੋਣ ।"

## ਨੌਂ

ਸ਼ਾਤੰਮਾ ਨੇ ਸਲੇਟ ਤੇ ਦਸ ਲਕੀਰਾਂ ਖਿਚੀਆਂ । ਹੁਣ ਸਿਸਿਲੀ ਮੁੰਨੀ ਤੋਂ ਪੁਛਿਆ—"ਕਿੰਨੀਆਂ ?"

ਸਿਸਿਲੀ ਨੇ ਸੋਚਿਆ । ਉਂਗਲੀਆਂ ਤੇ ਗਿਣਤੀ ਕੀਤੀ । ਮਨ ਹੀ ਮਨ ਸੋਚਿਆ ਫਿਰ ਕਿਹਾ—"ਦਸ ।"

ਸ਼ਤੰਮਾ ਨੇ ਚਾਰ ਲਕੀਰਾਂ ਮਿਟਾ ਦਿਤੀਆਂ ।

"ਹੁਣ ?"

ਸਿਸਿਲੀ ਨੇ ਫਿਰ ਉਂਗਲੀਆਂ ਤੇ ਗਿਣਤੀ ਕਰਕੇ ਆਖਿਆ—"ਛੇ ।"

"ਹੁਸ਼ਿਆਰ ! ਹੁਣ ਇਕ ਤੋਂ ਸੌ ਤੱਕ ਲਿਖ ਕੇ ਵਿਖਾ । ਸਾਫ਼-ਸਾਫ਼ ਲਿਖਣਾ ।"

ਸਿਸਿਲੀ ਸਲੇਟ ਨੂੰ ਛਾਤੀ ਨਾਲ ਲਾ ਕੇ ਲਿਖਣ ਲਗ ਪਈ । ਸ਼ਾਤੰਮਾ ਨੇ ਫਿਰ ਖ਼ਤ ਖੋਲ੍ਹ ਕੇ ਪੜ੍ਹਿਆ । ਚੌਥੀ ਵਾਰ । ਖ਼ਤ ਇਕ ਹਫਤਾ ਇੰਤਜ਼ਾਰ ਕਰਨ ਦੇ ਬਾਅਦ ਮਿਲਣ ਵਾਲਾ ਅਨਮੋਲ ਖਜ਼ਾਨਾ ਹੈ । ਉਸ ਖਜ਼ਾਨੇ ਦੇ ਬਣਾਏ ਸ਼ਾਤੰਮਾ ਦੇ ਤੰਬੂ ਵਿਚ ਦੋ ਦਿਨ ਬੀਤ ਜਾਂਦੇ । ਅਗਲੇ ਖ਼ਤ ਲਈ ਦਿਨ ਗਿਣ-ਗਿਣ ਕੇ ਇੰਤਜ਼ਾਰ ਕਰਨਾ ਪੈਂਦਾ ।

ਸਿਸਿਲੀ ਮੰਤਰ ਵਾਂਗ ਦੋਹਰਾਂਦੀ—"ਇਕ, ਦੋ, ਤਿੰਨ, ਚਾਰ, ਪੰਜ......"

ਇਕੱਲੀ ਰਹਿਣ ਦਾ ਦੁਖ ਮਿਟਾਣ ਲਈ ਪੂਰੇ ਚਾਰ ਪੰਜ ਪੰਨੇ ਲਿਖ ਕੇ ਭੇਜਦੇ । ਰੋਜ਼ ਸ਼ਾਮ ਨੂੰ ਭੋਜਨ ਕਰਕੇ ਸੌਣ ਤੋਂ ਪਹਿਲਾਂ ਡਾਇਰੀ ਵਾਂਗ ਉਸ ਨੂੰ ਭੇਜਣ ਲਈ ਕੁਝ ਲਿਖ ਰਖਦੇ । ਚਾਰ ਦਿਨ ਹੋ ਜਾਣ ਤੇ ਇਕੱਠੇ ਭੇਜ ਦਿੰਦੇ ।

"......"ਕਿਸੇ ਕਾਰਨ ਦੁਖੀ ਨਾ ਹੋਣਾ ।" ਚਿੱਠੀ ਵਿਚ ਇਹ ਚਾਰ ਪੰਜ

ਵਾਰ ਦੋਹਰਾਇਆ ਹੈ।''

ਵਿਚਾਰੇ ! ਜੇ ਜਾਣ ਲੈਂਦੇ ਤਾਂ ਬਰਦਾਸ਼ਤ ਨਾ ਕਰ ਸਕਦੇ। ਸਤਾਰਾਂ, ਅਠਾਰਾਂ, ਉਨੀ......

ਕੋਈ ਵੀ ਸਬਰ ਨਹੀਂ ਕਰਨ ਲੱਗਾ। ਇਕ ਆਦਮੀ ਲਈ ਇਸ ਤੋਂ ਵਧ ਕੇ ਬੇਇਜ਼ਤੀ ਦੀ ਗੱਲ ਹੋ ਵੀ ਕਿਹੜੀ ਸਕਦੀ ਹੈ ?

ਪਹਿਲਾਂ ਸੋਚਿਆ ਸੀ ਕਿ ਕਾਰਤਿਕ ਪੱਲੀ ਦੇ ਫਾਦਰ ਸ਼ਾਦੀ ਵਿਚ ਕਿਸੇ ਮਜਬੂਰੀ ਕਾਰਨ ਨਹੀਂ ਆਏ ਹੋਣੇ ਤੇ ਕਿਸੇ ਸ਼ੱਕ ਦੀ ਗੁੰਜਾਇਸ਼ ਨਹੀਂ ਸੀ।

ਪਰ ਪਤਾ ਲੱਗਾ—

ਅੱਜ ਤੱਕ ਉਹ ਪਿਤਾ ਮੰਨ ਕੇ ਜਿਸ ਦੀ ਪੂਜਾ ਕਰਦੀ ਸੀ ਉਹ ਉਸ ਦੇ ਪਿਤਾ ਨਹੀਂ ? ਪਤੀ ਦੇ ਦੇਹਾਂਤ ਦੇ ਬਾਅਦ ਉਸ ਦੀ ਮਾਂ ਬਦਚਲਣ ਹੋ ਗਈ ਸੀ ਤੇ ਉਸ ਦੀ ਨਿਸ਼ਾਨੀ ਉਹ ਖੁਦ ਹੈ। ਹੋਰ ਕੀ ? ਅਸਲ ਪਿਤਾ ਕਾਰਤਿਕਪੱਲੀ ਦੇ ਫਾਦਰ ਹਨ। ਇਹ ਭੇਦ ਛੁਪਾ ਕੇ ਫਾਦਰ ਨੇ ਸ਼ਾਦੀ ਦਾ ਪ੍ਰਸਤਾਵ ਰਖਿਆ। ਗੱਲ ਖੁਲ੍ਹਣ ਤੇ ਖਿਸਕਣ ਲਗੇ ਸਨ। ਨਹੀਂ, ਨਹੀਂ। ਇਨ੍ਹਾਂ ਗੱਲਾ ਨੂੰ ਯਾਦ ਕੀਤਿਆਂ ਡਰ ਲਗਦਾ ਹੈ।

ਦੁਖ ਰੋਕਣ ਤੋਂ ਅਸਮਰਥ ਹੋ ਕੇ ਉਹ ਸਾਰੀ ਰਾਤ ਰੋਂਦੀ ਰਹੀ। ਚਾਚੀ ਮੰਜੀ ਤੇ ਪਿੱਠ ਤੇ ਹੱਥ ਫੇਰਦੀ ਹੋਈ ਹੌਂਸਲਾ ਦਿੰਦੀ ਰਹੀ। ਜਿਨ੍ਹਾਂ ਨੇ ਉਸ ਨੂੰ ਇਹ ਗੱਲ ਦੱਸੀ, ਉਨ੍ਹਾਂ ਨੂੰ ਫਟਕਾਰਿਆ। ਉਸ ਵੇਲੇ ਸੋਚਿਆ ਸੀ ਕਿ ਸਭ ਗੱਲਾਂ ਲਿਖ ਭੇਜਾਂਗੀ। ਪਰ ਚਾਚੀ ਨੇ ਸਮਝਾਇਆ—''ਲਿਖਣਾ ਨਹੀਂ ਬੇਟੀ, ਰਾਜਨ ਕਿਸੇ ਸਮਝੌਤੇ ਲਈ ਤਿਆਰ ਨਹੀਂ ਹੋਣ ਲੱਗਾ। ਜੇ ਉਸ ਨੂੰ ਪਤਾ ਲੱਗਾ ਕਿ ਤੈਨੂੰ ਦੁਖ ਹੋਇਆ ਹੈ ਤਾਂ ਉਹ ਖੂਨ ਕਰਨੋਂ ਵੀ ਨਹੀਂ ਮੁੜਨ ਲੱਗਾ।''

''......ਅਗਲੇ ਮਹੀਨੇ ਸਕੀਮ ਤੇ ਜਾਣਾ ਹੈ। ਲਿਖਿਆ ਹੈ ਉਸ ਬਾਅਦ ਜੁਲਾਈ ਵਿਚ ਛੁਟੀ ਦੇਣਗੇ। ਨੀਲਗਿਰੀ 'ਚ ਤਬਾਦਲੇ ਦੀ ਵੀ ਕੋਸ਼ਿਸ਼ ਕਰ ਰਿਹਾ ਹਾਂ। ਉਥੇ ਕਵਾਟਰ ਹਨ। ਸ਼ਾਇਦ ਮਿਲ ਜਾਏ। ਸਭ ਕੁਝ ਤੇਰੀ ਕਿਸਮਤ ਤੇ ਨਿਰਭਰ ਕਰਦਾ ਹੈ। ਪ੍ਰਾਰਥਨਾ ਕਰੋ......''

ਅੱਛਾ ! ਇਸ ਦੇ ਇਲਾਵਾ ਮੇਰੇ ਮਨ ਵਿਚ ਵੀ ਹੋਰ ਕੀ ਇੱਛਾ ਹੋ ਸਕਦੀ ਹੈ ? ਹੋਰ ਕੀ ਮੰਗਦੀ ? ਨਾਲ ਰਹਿਣਾ ਹੈ, ਸੇਵਾ ਕਰਨੀ ਹੈ......

''ਸ਼ਾਂਤਾਮਾਮੀ।''

''ਹੂੰ।''

''ਕੀ ਸੋਚ ਰਹੀ ਏਂ ?''

''ਕੁਝ ਨਹੀਂ, ਬਿਟੀਆ ਨੇ ਲਿਖਿਆ ਹੈ ?''

''ਕਦ ਦੀ ਲਿਖ ਚੁਕੀ ਹਾਂ।''

ਸਲੇਟ ਲੈ ਕੇ ਵੇਖਿਆ।

''ਤੂੰ ਹੁਸ਼ਿਆਰ ਹੈਂ।''

''ਹੁਣ ਸ਼ਬਦਾਂ 'ਚ ਲਿਖਾਂ ?''

''ਹੂੰ ।''

''ਕਲ ਮਾਸਟਰ ਨੇ ਸ਼ਬਦ ਬੋਲ ਕੇ ਲਿਖਵਾਏ ਤਾਂ ਸਿਰ ਦੇਵੀ ਦੇ ਸਭ ਸ਼ਬਦ ਗਲਤ ਨਿਕਲੇ ।''

''ਸਿਰ ਦੇਵੀ ਨਹੀਂ ਬੇਟੀ—ਸ੍ਰੀਦੇਵੀ ।''

''ਸਿਰ ਦੇਵੀ ।''

ਉਧਰੋਂ ਵਿਹੜੇ 'ਚੋਂ ਕਿਸੇ ਦੀ ਗੀਤ ਗੁਣਗੁਣਾਨ ਦੀ ਆਵਾਜ਼ ਆਈ । ਹੌਲੀ ਜਿਹੀ ਪੈਰ ਦੀ ਆਹਟ ਵੀ ਸੁਣਾਈ ਦੇ ਰਹੀ ਸੀ ।

''ਇੰਦਰ ਧਨੁਸ਼ ਦੇ ਨਿਚੁੜੇ ਹੋਏ ਸਾਰ ।

ਹੇ ਸੌਂਦਰੀਯ । ਤੂੰ ਹੌਲੀ-ਹੌਲੀ ਦੂਰ ਹੁੰਦੀ ਗਈ ।

ਮੈਨੂੰ ਦੁਖ ਨਾ ਦੇਣਾ । ਸੌਕੁਮਾਰ ਨਦੀ ਦੀ ਛੋਟੀ ਤਰੰਗ ! ਹੇ ਕਪੋਤ !''

ਥੋੜ੍ਹੀ ਦੇਰ ਬਾਅਦ ਸ਼ਿਵਰਾਮ ਕੁਰੁਪ ਅੰਦਰ ਆਇਆ । ਸ਼ਾਂਤੰਮਾ ਉਠੀ ।

''ਬੈਠੋ, ਬੈਠੋ । ਸਿਸਿਲੀ ਮੁੰਨੀ ਨੂੰ ਪੜ੍ਹਾ ਰਹੀ ਹੈਂ ਨਾ ?''

ਸ਼ਾਂਤੰਮਾ ਨੇ ਕੋਈ ਉਤਰ ਨਹੀਂ ਦਿਤਾ ।

ਸਿਸਿਲੀ ਬੋਲੀ—ਮੈਂ ਇਕ ਤੋਂ ਸੌ ਤਕ ਲਿਖ ਰਹੀ ਸਾਂ ਕੁਰੁਪ ਮਾਮਾ ਜੀ ।

''ਹੁਸ਼ਿਆਰ ! ਸਿਸਿਲੀ ਮੁੰਨੀ ਦੀ ਮਾਂ ਕਿਥੇ ਹੈ ?''

ਜਵਾਬ ਸ਼ਾਂਤੰਮਾ ਨੇ ਦਿਤਾ—ਚੇਨੀਤੱਲਾ ਗਏ ਹਨ । ਚਾਚੀ ਦੀ ਇਕ ਮਮੇਰੀ ਭੈਣ ਉਥੇ ਵਿਆਹੀ ਹੈ । ਹੁਣੇ ਆ ਜਾਏਗੀ ।''

''ਅੱਛਾ ! ਐਵੇਂ ਹੀ ਪੁਛਿਆ ਸੀ । ਮੈਂ ਕੁੰਏਨਾਮਾਪਿੱਲਾ ਦੇ ਪਾਸ ਬੈਠਾਂਗਾ । ਸਿਸਿਲੀ ਮੁੰਨੀ ਹੁਸ਼ਿਆਰੀ ਨਾਲ ਪੜ੍ਹਨਾ । ਉਸ ਦੇ ਬਾਅਦ ਕਾਲਜ ਜਾਣਾ । ਐਮ. ਬੀ. ਬੀ. ਐਸ. ਪਾਸ ਕਰਕੇ ਡਾਕਟਰ ਬਣਨਾ ।''

''ਸ਼ਾਂਤੰਮਾ ਜਿੱਡੀ ਹੋ ਜਾਣ ਤੇ ਕਾਲਜ ਜਾਵਾਂਗੀ । ਫਿਰ ਸਾੜ੍ਹੀ ਵੀ ਪਾਵਾਂਗੀ ।''

ਕੁਰੁਪ ਜ਼ੋਰ ਦੀ ਹੱਸਿਆ । ਸ਼ਾਂਤੰਮਾ ਮੁਸਕਰਾਈ ।

ਹਾਸਾ ਸੁਣ ਕੇ ਕੁੰਏਨਾਚੰਨ ਨੇ ਦੂਰੋਂ ਆਵਾਜ਼ ਦਿਤੀ—''ਕੌਣ ਹੈ ? ਕੁਰੁਪ ਹਨ ?''

''ਹਾਂ, ਕੁੰਏਨਾਮਾਪਿੱਲਾ, ਇਕ ਅੱਧ ਆਵਾਜ਼ ਦਿਤੀ ਪਰ ਤੁਸੀਂ ਜਾਗੇ ਨਹੀਂ । ਊਂਘਦੇ ਵੇਖ ਇਧਰ ਆ ਗਿਆ ।''

''ਜਾਗ ਪਿਆ ਹਾਂ । ਆ ਜਾਓ ।''

ਕੁਰੁਪ ਕੁੰਏਨਾਚੰਨ ਦੇ ਕੋਲ ਚਲਾ ਗਿਆ ।

''ਗੱਲਾਂ ਕਰਨ ਲਈ ਕੋਈ ਨਹੀਂ ਸੀ । ਬਹੁਤ ਪਰੇਸ਼ਾਨ ਸਾਂ ।''

''ਬੇਟੇ ਦੀਆਂ ਗੱਲਾਂ ਸੁਣੀਆਂ । ਕਲਯੁਗ ਹੈ ਨਾ ?''

''ਕੀ ?''

''ਕੁੰਯੁਚੇਰੁਕਨ ਤੇ ਉਸ ਦੇ ਬੇਟੇ ਦੀ ਗ੍ਰਿਫਤਾਰੀ ਦੀ ਗੱਲ......''

''ਓਹ !''

"ਇਸ ਤੋਂ ਵਧ ਕੇ ਹੋਰ ਕਿਹੜੀ ਬੇਇਜ਼ਤੀ ਘਰ ਤੇ ਆ ਸਕਦੀ ਹੈ ਕੁੰਏਨਾਮਾਪਿੱਲਾ ?"

"........."

"ਮੇਰੇ ਕਹਿਣ ਦਾ ਬੁਰਾ ਨਾ ਮੰਨਣਾ......ਕੁੰਏਨਾਮਾਪਿਲਾ ਦੇ ਚੋਹਾਂ ਬੇਟਿਆਂ 'ਚੋਂ....,.ਹੋਰ ਕੋਈ ਇੰਨੀ ਈਰਖਾ, ਘਿਣਾ ਤੇ ਦੂਜਿਆਂ ਲਈ ਸਾੜਾ ਨਹੀਂ ਰਖਦਾ। ਠੀਕ ਹੈ ਨਾ ? ਕਹੋ ।"

ਕੁੰਏਨਾਚੰਨ ਨੇ ਇਸ ਦਾ ਕੋਈ ਜਵਾਬ ਨਹੀਂ ਦਿਤਾ। ਕੁਰੁਪ ਵਲ ਗੌਰ ਨਾਲ ਵੇਖਿਆ।

"ਕੁਝ ਦਿਨ ਹਵਾਲਾਤ ਵਿਚ ਰਖਣਾ ਸੀ।"

"ਕੁਰੁਪ ਦੇ ਕੋਈ ਸੰਤਾਨ ਨਹੀਂ ਹੈ ਨਾ ?"

"ਨਹੀਂ। ਕੀ ਆਪ ਨੂੰ ਪਤਾ ਨਹੀਂ ?"

"ਵਰਨਾ ਮੇਰੇ ਨਾਲ ਇਸ ਤਰ੍ਹਾਂ ਗੱਲਾਂ ਨਾ ਕਰਦੇ।"

"ਸੋ......"

"ਪਿਤਾ ਲਈ ਸਭ ਪੁੱਤਰ ਸਮਾਨ ਹੁੰਦੇ ਹਨ। ਸ਼ਾਇਦ ਸਭ ਤੋਂ ਵਧ ਪਿਆਰ ਲੰਗੜੇ ਬਕਰੇ ਨਾਲ ਹੁੰਦਾ ਹੈ। ਜਿਵੇਂ ਕਿ ਈਸ਼ਵਰ ਨੇ ਕਿਹਾ ਹੈ। ਸੌ ਬਕਰੇ ਵਾਲਾ ਗਡਰੀਆ ਜੇ ਇਕ ਨੂੰ ਨਹੀਂ ਵੇਖਦਾ ਤਾਂ ਨੜਿਨਵੇਂ ਬਕਰਿਆਂ ਨੂੰ ਰੇਗਿਸਤਾਨ ਵਿਚ ਛੱਡ ਕੇ ਉਸ ਦੀ ਤਲਾਸ਼ ਸ਼ੁਰੂ ਕਰ ਦਿੰਦਾ ਹੈ। ਪਿਤਾ ਨਹੀਂ ਆਪਣੇ ਪੁੱਤਰ ਨੂੰ ਦੋਸ਼ੀ ਠਹਿਰਾ ਸਕਦਾ, ਕੁਰੁਪ ਜੀ ! ਉਹ ਭੈੜੇ ਚਾਲ ਚਲਣ ਵਾਲਾ ਸ਼ਰਾਬੀ ਤੇ ਹੋਰ ਵੀ ਸਭ ਕੁਝ ਹੋਵੇ, ਉਹ ਫਿਰ ਵੀ ਪੁੱਤਰ ਹੀ ਹੈ। ਕਈ ਆਖਦੇ ਕਾਸ਼ ! ਤੂੰ ਮੇਰਾ ਬੇਟਾ ਨਾ ਹੁੰਦਾ। ਝੂਠੀ ਗੱਲ। ਖਰਚੀਲੇ ਪੁੱਤਰ ਦੀ ਵਾਪਸੀ ਤੇ ਖੁਸ਼ ਹੋਣ ਵਾਲੇ ਪਿਤਾ ਲਈ ਪ੍ਰਭੂ ਨੇ ਇਕ ਉਪਮਾ ਦਿਤੀ ਹੈ। ਝਗੜਾ ਕਰਕੇ ਛੋਟਾ ਬੇਟਾ ਘਰ 'ਚੋਂ ਹਿੱਸਾ ਲੈ ਕੇ ਪ੍ਰਦੇਸ ਚਲਾ ਗਿਆ। ਵੱਡੇ ਪੁਤਰ ਨੇ ਪਿਤਾ ਦੇ ਕੋਲ ਰਹਿ ਕੇ ਪਿਤਾ ਦੀ ਸੇਵਾ ਕੀਤੀ। ਪਿਤਾ ਦਾ ਮਾਨ ਵਧਾਇਆ। ਕੁਝ ਦਿਨ ਬੀਤਣ ਬਾਅਦ ਆਪਣਾ ਸਾਰਾ ਧਨ ਉਡਾ ਦੇਣ ਬਾਅਦ ਨਿਰਾਸ਼ ਤੇ ਅਪਮਾਨਿਤ ਹੋ ਕੇ ਛੋਟਾ ਬੇਟਾ ਘਰ ਮੁੜ ਆਇਆ। ਉਸ ਆਖਿਆ—"ਪਿਤਾ ਜੀ ! ਮੈਂ ਆਪ ਦਾ ਤੇ ਸਵਰਗ ਪ੍ਰਤੀ ਅਪਰਾਧ ਕੀਤਾ ਹੈ। ਹੁਣ ਮੈਂ ਪੁੱਤਰ ਨਾਂ ਦੇ ਯੋਗ ਨਹੀਂ ਹਾਂ, ਮੈਨੂੰ ਆਪਣੇ ਮਜ਼ਦੂਰਾਂ 'ਚ ਰਖ ਲਵੋ।"

ਪਿਤਾ ਦੌੜਦੇ ਹੋਏ ਉਸ ਦੇ ਕੋਲ ਗਏ। ਉਸ ਨੂੰ ਚੁੰਮਿਆ। ਵਧੀਆ ਕਪੜੇ ਲਿਆ ਕੇ ਉਸ ਨੂੰ ਪੁਆਏ। ਪਾਲਿਆ ਹੋਇਆ ਵੱਛਾ ਕਟਵਾਇਆ।

"ਇਹ ਹੀ ਪਿਤਾ ਜੀ ਦਾ ਦਿਲ ਹੁੰਦਾ ਹੈ ਕੁਰੁਪ ਜੀ !"

ਕੁਰੁਪ ਫਿੱਕਾ ਹਾਸਾ ਹੱਸ ਪਿਆ।

"ਨਹੀਂ ਸਭ ਗੱਲਾਂ ਦਾ ਮੈਨੂੰ ਵੀ ਪਤਾ ਹੈ। ਫਿਰ ਕੀ ਪਰਿਵਾਰ ਦੀ ਇਜ਼ਤ......"

ਦੀਨਾਮਾ ਆ ਗਈ। ਉਸ ਦੇ ਚਿਹਰੇ ਉਤੇ ਕਿਸੇ ਦੁਰਘਟਨਾ ਦੀ

ਵਿਆਕੁਲਤਾ ਸੀ। ਚੇਨਿਡਲਾ ਤੋਂ ਆ ਰਹੀ ਸੀ।

"ਬਾਬੂ ਜੀ।"

"ਹੂੰ।"

"ਸੁਣਿਆ ਜੇ ?"

"ਕੀ ?"

"ਏਲੂਪਰੰਪ ਦੀ ਕੁੱਟੀਅੰਮਾ ਕਲ ਸਕੂਲ ਜਾਣ ਦੇ ਬਾਅਦ ਵਾਪਸ ਨਹੀਂ ਆਈ।"

"ਸਕੂਲੋਂ ਮੁੜੀ ਨਹੀਂ ?"

"ਕਿਥੇ ਹੈ ? ਓਹ ਹੋ, ਉਹ ਆਵੇਗੀ।"

"ਹਾਂ, ਹਾਂ, ਚੌਰਾਹੇ ਤੇ ਲੋਕ ਆਖਦੇ ਹਨ ਕਿ ਅਧਿਆਪਕ ਸਾਥੀ ਨਾਲ ਨੱਸ ਗਈ ਹੈ। ਇਹ ਵੀ ਆਖਦੇ ਹਨ ਕਿ ਰਜਿਸਟਰ ਸ਼ਾਦੀ ਕੀਤੀ ਹੈ।"

ਕੁਰੁਪ ਨੇ ਪੁਛਿਆ—

"ਕੁੱਟੀਅੰਮਾ ਦਾ ਮਤਲਬ ਕੀਵਰੀਤਮਾਪਿਲਾ ਦੀ ਬੇਟੀ ਹੈ ਨਾ ?"

ਦੀਨਾਮਾ ਨੇ ਲਾਪਰਵਾਹੀ ਨਾਲ ਆਖਿਆ—

"ਹਾਂ, ਹਾਂ।"

ਕੁੰਏਨਾਚੰਨ ਨੇ ਆਖਿਆ—

"ਉਹ ਇਕ ਕੈਥੋਲਿਕ ਹੈ।"

"ਕੀ ਪਿਤਾ ਜੀ ਨੂੰ ਪਤਾ ਹੈ ?"

"ਵੇਖਿਆ ਨਹੀਂ। ਦੁਹਾਜੂ ਹੈ। ਪਹਿਲੀ ਪਤਨੀ 'ਚੋਂ ਕੋਈ ਬੱਚਾ ਨਹੀਂ।"

"ਪਿਤਾ ਜੀ ਨੂੰ ਇਨ੍ਹਾਂ ਸਭ ਗੱਲਾਂ ਦਾ ਕਿਵੇਂ ਪਤਾ ਹੈ ?"

"ਕਿਵੇਂ ਪਤਾ ਹੈ ?"

"ਹਾਂ।"

"ਉਸ ਮੈਨੂੰ ਸਭ ਕੁਝ ਦਸਿਆ ਸੀ ਬਿਟੀਆ। ਇਹ ਵੀ ਆਖਿਆ ਸੀ ਕਿ ਜੇ ਉਸ ਨੇ ਨਾਲ ਚਲਣ ਲਈ ਆਖਿਆ ਤਾਂ ਉਹ ਚਲੀ ਜਾਵੇਗੀ।"

"ਹੇ ਮੁਕਤੀ ਦਾਤਾ ! ਪਿਤਾ ਜੀ ਨੇ ਫਿਰ ਇਹ ਕਿਸੇ ਨੂੰ ਦੱਸਿਆ ਕਿਉਂ ਨਹੀਂ ?"

ਕਿਸ ਨੂੰ ਦੱਸਦਾ ? ਕੀ ਦੱਸਦਾ ? ਜਦ ਲੜਕੀ ਸਿਆਣੀ ਹੋ ਜਾਏ ਤਾਂ ਸ਼ਾਦੀ ਕਰ ਦੇਣੀ ਹੀ ਬਾਪ ਦਾ ਫਰਜ਼ ਹੈ। ਹੈ ਨਾ ਕੁਰੁਪ ਜੀ ?"

"ਹਾਂ, ਹਾਂ, ਸਾਡੇ ਸਮਾਜ ਵਿਚ ਲੜਕੀ ਮੰਗੀ ਜਾਂਦੀ ਹੈ। ਦੇਣਾ ਨਾ ਦੇਣਾ ਲੜਕੀ ਦੇ ਘਰ ਵਾਲਿਆਂ ਦੀ ਇੱਛਾ ਤੇ ਨਿਰਭਰ ਹੁੰਦਾ ਹੈ।"

"ਹਾਂ, ਇਥੇ ਵੀ ਕਈ ਜਗ੍ਹਾ ਤੋਂ ਮੰਗ ਆਈ। ਕਿਸੇ ਨੂੰ ਕੋਲ ਫਟਕਣ ਦੇਵੇ ਤਾਂ ਨਾ ? ਪੁਛਣ ਤੇ ਕਹਿੰਦਾ—'ਦੇਖਾਂਗੇ ਪਿਤਾ ਜੀ।' 'ਸੋਚਾਂਗੇ।' ਕਦ ਸੋਚੋਗੇ ? ਕੌਣ ਜਾਣੇ ? ਸ਼ਾਇਦ ਇਸੇ ਤਰ੍ਹਾਂ ਆਵੇ ? ਜਾਣ ਦਿਓ। ਇਕ ਮਰਦ ਨਾਲ ਹੀ ਗਈ ਨਾ ? ਉਹ ਉਸ ਨੂੰ ਸੰਭਾਲ ਲਵੇਗਾ।"

ਦੀਨਾਮਾ ਬੋਲੀ—

"ਕੀ, ਕੀ ਵੇਖਣ ਦੇ ਬਾਅਦ ਇਹ ਅੱਖੀਆਂ ਬੰਦ ਹੋ ਸਕਣਗੀਆਂ। ਮੇਰੀ ਸਮਝ ਵਿਚ ਕੁਝ ਨਹੀਂ ਆਉਂਦਾ।"

"ਸਭ ਵੇਖਣਾ ਪਏਗਾ। ਨੱਬੇ ਸਾਲ ਤੋਂ ਮੈਂ ਕੀ-ਕੀ ਵੇਖਦਾ ਆ ਰਿਹਾ ਹਾਂ। ਭੁਗਤ ਰਿਹਾ ਹਾਂ। ਇਸਤ੍ਰੀ ਚਲੀ ਗਈ। ਪਿਆਰੀ ਬੇਟੀ ਗਈ। ਵੱਡਾ ਬੇਟਾ ਘਰ ਦਾ ਆਧਾਰ ਥੰਮ੍ਹ ਸੀ, ਉਹ ਵੀ ਗਿਆ। ਪਰ ਕਦੇ ਪੰਛੀ ਵਾਂਗ, ਪਾਣੀ ਨਾਲ ਚੌਹੀਂ ਪਾਸੀਂ ਘਿਰੇ ਟਾਪੂ ਵਿਚ ਸਭ ਕੁਝ ਦੇਖਦਾ ਸੁਣਦਾ ਸ਼ਰਣਹੀਨ ਹੋ ਬੈਠਾ ਹਾਂ। ਦੇਣ ਲੈਣ ਵਾਲਾ ਉਪਰ ਬੈਠਾ ਹੈ। ਜਿਵੇਂ ਕਿ ਨੀਤੀਵਾਨ ਅਯੂਬ ਨੇ ਪੁਛਿਆ ਸੀ—

ਨਿਰਜਨ ਦੇਸ਼ ਵਿਚ ਤੇ ਜੰਗਲ ਵਿਚ ਜਿਥੇ ਕੋਈ ਮਨੁੱਖ ਨਹੀਂ ਰਹਿੰਦਾ, ਮੀਂਹ ਵਸਾ ਕੇ ਉਜਾੜ ਹੀ ਉਜਾੜ ਜ਼ਮੀਨ ਨੂੰ ਵੀ ਪਾਣੀ ਦੇ ਕੇ ਕੌਣ ਹਰਾ-ਹਰਾ ਘਾਹ ਉਗਾਉਂਦਾ ਹੈ? ਕਿਸ ਦੇ ਗਰਭ 'ਚੋਂ ਬਰਫ ਨਿਕਲਦੀ ਹੈ ਤੇ ਆਕਾਸ਼ ਵਿਚੋਂ ਡਿਗੇ ਹੋਏ ਗੜੇ ਨੂੰ ਕੌਣ ਪੈਦਾ ਕਰਦਾ ਹੈ? ਅਸੀਂ ਕੁਝ ਨਹੀਂ ਜਾਣਦੇ ਕੁਰੁਪ ਜੀ।

"ਠੀਕ ਹੈ। ਅਸੀਂ ਤਾਂ ਘਾਹ ਅਤੇ ਕੀੜੇ ਦੇ ਬਰਾਬਰ ਹਾਂ। ਪਰ ਉਸ ਪਰਮਸ਼ਕਤੀ ਦੀ ਮਹਿਮਾ ਸਮਝੋ। ਸਭ ਦਾ ਨਾਸ ਕਰਨ ਵਾਲੀ ਮੌਤ ਅਤੇ ਅੱਗੋਂ ਪੈਦਾ ਹੋਣ ਵਾਲੇ ਪ੍ਰਾਣੀਆਂ ਦਾ ਜਨਮ ਸਭ ਕੁਝ ਜਗਦੀਸ਼ਵਰ ਦੀ ਹੀ ਮਹਿਮਾ ਹੈ—

ਮ੍ਰਿਤੁਯੁ ਸਰਵਹਰਸ੍ਚਾਹ
ਮੁਦ੍ਭਵਸ੍ਚ ਭਵਿਸ਼੍ਯਾਤਾਸ੍
ਕੀਰਤੀ : ਸ੍ਰੀ ਵਾਕ ਦ ਨਾਰੀਣਾਮ੍
ਸਮ੍ਰਿਤਿਮਮੇਧਾ ਧ੍ਰਿਤਿ : ਕਸ਼ਮਾ।
ਬ੍ਰਿਹਤ੍ਸਾਮ ਤਥਾ ਸਾਮ੍ਨਾਮ੍
ਗਾਯਤ੍ਰੀ ਛੰਦਸਾਮਹਮ੍
ਮਾਸਨਾਮ੍ ਮਾਰਗਸ਼ੀਰ੍ਸੋਹਮ੍
ਰਿਤੂਨਾਮ ਕੁਸੁਮਾਕਰਾ : ।

"ਦਾਊਦ ਨੇ ਆਪਣੇ ਪ੍ਰਾਸ਼ਚਿਤ ਦੀ ਪ੍ਰਾਰਥਨਾ ਵਿਚ ਨਿਵੇਦਨ ਕੀਤੀ ਹੈ—ਹੇ ਈਸ਼ਵਰ! ਯਹੋਵਾ। ਤੂੰ ਸਭ ਤੋਂ ਮਹਾਨ ਹੈਂ। ਵੈਭਵ ਮਹੱਤਵ ਅਤੇ ਐਸ਼ਵਰੀਯ ਦਾ ਵਸਤਰ ਪਹਿਨਿਆ ਹੋਇਆ ਹੈ। ਤੂੰ ਪ੍ਰਕਾਸ਼ ਨੂੰ ਚਾਦਰ ਵਾਂਗ ਓੜੀ ਰਹਿਣਾ ਹੈ। ਆਕਾਸ਼ ਨੂੰ ਸਾਮਾਨ ਤਾਣੀ ਰਖਦਾ ਹੈਂ......"

"ਪਿਤਾ ਜੀ......"

"ਕੌਣ?"

ਕੀਵਰੀਤ। ਤੁਹਾਡੇ ਚਿਹਰੇ ਨੂੰ ਵੇਖਦਾ ਚਾਰਪਾਈ ਦੇ ਕੋਲ ਖੜਾ ਸਾਂ।

ਕੁਰੁਪ ਨੇ ਮਹਿਸੂਸ ਕੀਤਾ ਕਿ ਹੁਣ ਉਥੇ ਉਹ ਇਕ ਫਾਲਤੂ ਆਦਮੀ ਰਹਿ ਗਿਆ ਹੈ। ਖਿਸਕ ਜਾਣ ਦਾ ਸੋਚ ਕੇ ਕਹਿਣ ਲਗਾ—

"ਮੈਂ ਚਲਦਾ ਹਾਂ ਕੁੰਏਨਾਮਾਪਿਲਾ।"

ਕਿਸੇ ਨੇ ਹੁੰਗਾਰਾ ਨਹੀਂ ਭਰਿਆ। ਕੁਰੁਪ ਚਲਾ ਗਿਆ। ਦੀਨਾਮਾ ਦਰਵਾਜ਼ੇ

ਤੇ ਆਈ। ਕੀਵਰੀਤ ਨੇ ਪੁਛਿਆ—

"ਕੀ ਪਿਤਾ ਜੀ ਨੇ ਸੁਣਿਆ ਨਹੀਂ ?"

ਕੁੰਏਨਾਚੰਨ ਨੇ ਕੁਝ ਨਹੀਂ ਕਿਹਾ।

"ਲੜਕੀ ਕਲ ਸਵੇਰੇ ਸਕੂਲ ਜਾਣ ਦੇ ਬਾਅਦ ਅਜੇ ਤੱਕ ਨਹੀਂ ਆਈ, ਪਿਤਾ ਜੀ।"

"ਹੂੰ।"

"ਹੁਣ ਮੈਂ ਕੀ ਕਰਾਂ ?"

"ਹੈਂ ?"

"ਹੁਣ ਕੀ ਕਰਾਂ ?"

"ਇਹ ਸਭ ਪਹਿਲਾਂ ਸੋਚਣਾ ਸੀ। ਮੈਂ ਤੈਨੂੰ ਕਿੰਨੀ ਵਾਰ ਆਖਿਆ ਸੀ ਕਿ ਇਸ ਲੜਕੀ ਦੇ ਗਲੇ ਵਿਚ ਮੰਗਲਸੂਤਰ ਬੰਨ੍ਹਵਾ ਕੇ ਵਿਦਾ ਕਰ। ਜਦ ਆਖਦਾ ਤਾਂ ਤੂੰ ਟੁਟ ਪੈਂਦਾ ਸੈਂ ਨਾ ?"

ਦੀਨਾਮਾ ਨੇ ਆਖਿਆ—"ਹੁਣ ਇਸ ਤਰ੍ਹਾਂ ਦੀਆਂ ਗੱਲਾਂ ਕਿਉਂ ਕਰਦੇ ਹੋ ਬਾਬੂ ਜੀ ?"

' ਤੇ ਹੋਰ ਕਦੋਂ ਕਹਿਣੀਆਂ ਹਨ। ਜੋ ਕਰਨਾ ਹੋਵੇ ਠੀਕ ਸਮੇਂ ਸਿਰ ਕਰਨਾ ਚਾਹੀਦਾ ਹੈ।"

"ਪਿਤਾ ਜੀ ਦੀ ਨਜ਼ਰ ਵਿਚ ਵੀ ਮੈਂ ਹੀ ਕਸੂਰਵਾਰ ਹਾਂ। ਹੈ ਨਾ ? ਬੱਚਿਆਂ ਨਾਲ ਮੇਰਾ ਕੋਈ ਪਿਆਰ ਹੀ ਨਹੀਂ ? ਮੈਂ ਤਾਂ ਸੋਚਿਆ ਸੀ ਕਿ ਉਹ ਮੇਰੇ ਲਈ ਇਕ ਆਸਰਾ ਰਹੇਗੀ। ਬਸ ਇੰਨੀ ਤਾਂ ਗੱਲ ਹੈ। ਭੁਖਾ ਰਹਿ ਕੇ ਵੀ ਉਸ ਦੀ ਤਨਖਾਹ 'ਚੋਂ ਕੁਝ ਬਚਾਅ ਕੇ ਚਿਟ ਦੇ ਪੈਸੇ ਜਮ੍ਹਾਂ ਕਰਦਾ ਸਾਂ। ਸੋਚਿਆ ਸੀ ਉਸੇ ਦੇ ਪੈਸੇ ਇਕੱਠੇ ਕਰਕੇ ਉਸ ਨੂੰ ਵਿਦਾ ਕਰ ਦੇਵਾਂਗਾ।"

"ਨੋਟੁਪੁਝਾ ਆਲੇ ਦੁਆਲੇ ਦੇ ਉਸ ਮਾਸਟਰ ਨੇ ਕੀ ਗੋਪਾਲਨ ਨਾਇਰ ਮਾਸਟਰ ਦੀ ਮਾਹਰਫਤ ਤੈਨੂੰ ਬੇਨਤੀ ਨਹੀਂ ਸੀ ਕੀਤੀ ਕਿ ਉਹ ਉਸ ਨਾਲ ਵਿਆਹ ਕਰਨਾ ਚਾਹੁੰਦਾ ਹੈ ? ਸੁਨੇਹਾ ਮਿਲਣ ਤੇ ਤੂੰ ਉਸ ਨੂੰ ਦੁਤਕਾਰ ਦਿਤਾ। ਹੈ ਨਾ ?"

"ਦੁਹਾਜੂ ਹੈ, ਕੈਥੋਲਿਕ ਹੈ। ਕੀ ਸਾਡੇ ਲਾਇਕ ਹੈ ਪਿਤਾ ਜੀ ?"

"ਉਹ ਤਾਂ ਇਹ ਗੱਲ ਕਿਸੇ ਤਮੀਜ਼ ਨਾਲ ਦੱਸਣੀ ਸੀ। ਤੂੰ ਅਜੇ ਤੱਕ ਤਮੀਜ਼ ਤਾਂ ਸਿੱਖੀ ਹੀ ਨਹੀਂ। ਇਹ ਨਾ ਸੋਚ ਕੇ ਧੀਆਂ ਨੂੰ ਘਰ ਬਿਠਾਈ ਰਖੇਂਗਾ। ਬੇਟੇ ਵੀ ਆਪਣੇ ਬਰਾਬਰ ਹੋ ਜਾਣ ਤਾਂ ਉਨ੍ਹਾਂ ਨੂੰ 'ਤੁਸੀਂ' ਕਹਿ ਕੇ ਬੁਲਾਉਣਾ ਪੈਂਦਾ ਹੈ। ਕੀ ਬੇਟੇ, ਕੀ ਔਰਤ ਤੇ ਕੀ ਪਿਤਾ ਗੱਲ ਕਰਦਿਆਂ ਹੀ ਯਕਦਮ ਝਪਟ ਪੈਂਦੇ ਸਾਓ।"

ਕੀਵਰੀਤ ਸਿਰ ਝੁਕਾਈ ਖਲੋਤਾ ਰਿਹਾ।

"ਉਸ ਦੀਆਂ ਛੋਟੀਆਂ ਭੈਣਾਂ ਦੇ ਦੋ ਦੋ ਤਿੰਨ ਤਿੰਨ ਬੱਚੇ ਹੋ ਚੁਕੇ ਹਨ। ਸਭ ਦੇ ਆਪਣੇ ਪਤੀ ਹਨ। ਸਿਰਫ ਉਹ ਹੀ ਇਕੱਲੀ ਨਹੀਂ। ਤੇਰੇ ਅੱਖੀਆਂ ਬੰਦ ਕਰ ਲੈਣ ਤੇ ਉਸ ਦਾ ਕੌਣ ਹੋਵੇਗਾ ? ਜ਼ਰਾ ਸੋਚ ਤਾਂ।

ਦੀਨਾਮਾ ਨੇ ਮਨ ਹੀ ਮਨ ਵਿਚ ਸੋਚਿਆ ਕਿ ਬਾਬੂ ਜੀ ਬਿਲਕੁਲ ਠੀਕ ਆਖਦੇ ਹਨ। ਕੁੱਟੀਅੰਮਾ ਨੇ ਉਸ ਨੂੰ ਇਕ ਦਿਨ ਆਖਿਆ ਵੀ ਸੀ। ਸਭ ਤੋਂ ਛੋਟੀ ਭੈਣ ਲੀਲਾਅੰਮਾ ਦੀ ਸ਼ਾਦੀ ਹੋ ਚੁਕੀ ਸੀ। ਪਹਿਲੀ ਵਾਰ ਪਤੀ ਦੇ ਨਾਲ ਆਈ ਸੀ। ਦੂਜੀਆਂ ਭੈਣਾਂ ਤੇ ਉਨ੍ਹਾਂ ਦੇ ਪਤੀ ਵੀ ਆਏ ਹੋਏ ਸਨ। ਸਭ ਲੋਕਾਂ ਵਾਸਤੇ ਆਰਾਮ ਨਾਲ ਸੌਣ ਵਾਸਤੇ ਜਗ੍ਹਾ ਮਿਲੀ। ਉਸ ਨੇ ਸਵੇਰੇ ਤੜਕੇ ਉਠ ਕੇ ਕਾਫ਼ੀ ਬਣਾਈ। ਕੀਵਰੀਤ ਨੂੰ ਉਠਦਿਆਂ ਹੀ ਕਾਫ਼ੀ ਪੀਣ ਦੀ ਆਦਤ ਹੈ। ਕਾਫ਼ੀ ਲੈ ਕੇ ਬਰਾਮਦੇ ਵਿਚ ਆਈ ਤਾਂ ਕੀ ਵੇਖਦੀ ਹੈ, ਉਸ ਤੋਂ ਦਸ ਸਾਲ ਛੋਟੀ ਭੈਣ ਬਰਾਮਦੇ ਦੀ ਮੰਜੀ ਤੇ ਨੰਗੀ ਪਈ ਘੁਰਾੜੇ ਮਾਰਦੀ ਸੁਤੀ ਪਈ ਹੈ। ਨਾਲ ਸੁਤੇ ਆਦਮੀ ਦੀ ਵੀ ਉਹ ਹੀ ਹਾਲਤ ਸੀ। ਉਹ ਖੜੀ-ਖੜੀ ਸ਼ਰਮ ਵਿਚ ਡੁਬ ਗਈ। ਕਰੇ ਕੀ? ਕਿਸ ਨੂੰ ਕਹੇ? ਬੂਹੇ ਦੀ ਆੜ ਵਿਚ ਖੜੀ ਹੋ ਕੇ ਆਵਾਜ਼ ਦਿਤੀ। ਕੋਈ ਸੁਣੇ ਤਾਂ ਨਾ। ਕਿਧਰੇ ਕੀਵਰੀਤ ਜਾਂ ਚਾਚੀ ਨੇ ਆ ਕੇ ਵੇਖ ਲਿਆ ਤਾਂ। ਸੋਚਿਆ ਭਾਵੇਂ ਕੁਝ ਵੀ ਹੋਵੇ। ਮੰਜੀ ਦੇ ਕੋਲ ਚਲੀ ਗਈ ਤੇ ਪੈਰਾਂ ਤੇ ਇਕ ਚੂੰਡੀ ਵੱਢੀ......

ਕੀਵਰੀਤ ਨੇ ਕਿਹਾ—

"ਮੇਰੀਆਂ ਸਾਰੀਆਂ ਭੁੱਲਾਂ ਦੀ ਸਜ਼ਾ ਪ੍ਰਭੂ ਮੈਨੂੰ ਦੇਣ। ਹੁਣ ਮੈਂ ਕੀ ਕਰਾਂ? ਕੀ ਉਸ ਨੂੰ ਆਪਣੇ ਆਪ ਤੇ ਛੱਡ ਦੇਵਾਂ?"

ਕੀਵਰੀਤ ਦੇ ਮੂੰਹੋਂ ਇਹ ਸ਼ਬਦ ਨਿਕਲਦਿਆਂ ਹੀ ਮਾਤੁਕੁੱਟੀ ਆ ਗਿਆ। ਉਸ ਨੇ ਕਿਹਾ—"ਮੁਕੱਦਮਾ ਦਾਇਰ ਕਰਨਾ ਹੋਵੇਗਾ। ਇਸ ਵਿਚ ਬਹੁਤ ਸੋਚਣ ਵਾਲੀ ਕਿਹੜੀ ਗੱਲ ਹੈ? ਹੋਰ ਕਿਸੇ ਤੇ ਇਲਜ਼ਾਮ ਲਾਉਣ ਦਾ ਕੋਈ ਲਾਭ ਨਹੀਂ। ਕੀਵਰੀਤ ਭਈਆ ਤੇ ਭਾਬੀ ਹੀ ਜ਼ਿੰਮੇਵਾਰ ਹਨ। ਲੜਕੀਆਂ ਨੂੰ ਖੁਰਾਕ ਦੇ ਨਾਲ ਜ਼ਾਬਤੇ ਦੀ ਸਿਖਿਆ ਵੀ ਦੇਣੀ ਚਾਹੀਦੀ ਹੈ। ਜੋ ਨਾਲਾਇਕ ਨਿਕਲੇ ਉਸ ਦੇ ਗੋਡੇ ਤੋੜ ਕੇ ਕਮਰੇ 'ਚ ਬੰਦ ਕਰ ਤਾਲਾ ਲਾ ਦੇਣਾ ਚਾਹੀਦਾ ਹੈ। ਸਾਰਾ ਪਿੰਡ ਹੀ ਗੰਦਾ ਕਰ ਦਿਤਾ ਹੈ ਨਾ?"

ਮਾਤੁਕੁੱਟੀ ਦੇ ਨਾਲ ਕੁਰੂੰਪੀ ਵੀ ਸੀ—

"ਮੁਕੱਦਮਾ ਕਿਹਾ? ਬਾਲਿਗ ਲੜਕੀ ਆਪਣੇ ਮਨ ਪਸੰਦ ਆਦਮੀ ਨਾਲ ਨਿਕਲ ਗਈ ਤਾਂ ਉਸ ਵਿਚ ਮੁਕੱਦਮਾ ਖਾਕ ਦਾ ਏ। ਇਕ ਰਜਿਸਟਰਾਰ ਦੇ ਸਾਹਮਣੇ ਜਾ ਕੇ ਉਹ ਹਮੇਸ਼ਾ ਲਈ ਪਤੀ-ਪਤਨੀ ਦੇ ਰੂਪ ਵਿਚ ਰਹਿ ਸਕਦੇ ਹਨ।"

"ਜੇ ਮੁਕੱਦਮਾ ਹੈ ਨਹੀਂ ਤਾਂ ਮੁਕੱਦਮਾ ਘੜਨਾ ਪਏਗਾ। ਲੜਕੀ ਦੇ ਗਲੇ 'ਚੋਂ ਪੰਜ ਛੇ ਗਿੰਨੀ ਦਾ ਹਾਰ ਚੁਰਾ ਲਿਆ। ਉਸ ਨੂੰ ਜ਼ਬਰਦਸਤੀ ਲੈ ਗਿਆ। ਹੋਰ ਕੀ?"

ਕੁਰੂੰਪੀ ਨੇ ਸ਼ਾਂਤੀਪੂਰਵਕ ਆਖਿਆ—"ਹਾਂ, ਹਾਂ, ਜ਼ਬਰਦਸਤੀ ਲੈ ਜਾਣ ਦੀ ਗੱਲ ਤਾਂ ਲੜਕੀ ਨੂੰ ਕਚਹਿਰੀ ਵਿਚ ਮੰਨਣੀ ਪਏਗੀ। ਉਹ ਛੋਟੀ ਬੱਚੀ ਤਾਂ ਨਹੀਂ।"

"ਜੇ ਨਾ ਮੰਨੀ ਤਾਂ ਮਨਵਾਵਾਂਗੇ। ਤੁਸੀਂ ਉਸ ਦੀ ਚਿੰਤਾ ਨਾ ਕਰੋ। ਵਕੀਲ ਉਮਨ ਜੀ ਤੋਂ ਸਲਾਹ ਲੈ ਕੇ ਆਇਆ ਹਾਂ। ਉਸ ਲਈ ਕਾਇਦੇ ਕਾਨੂੰਨ ਹਨ।

ਗਵਾਹਾਂ ਦਾ ਇੰਤਜ਼ਾਮ ਮੈਂ ਕਰ ਲਵਾਂਗਾ ।''

''ਝੂਠੇ ਮੁਕੱਦਮੇ ਦੀ ਕੋਸ਼ਿਸ਼ ਕਿਉਂ ਕਰੀਏ ਚਾਚਾ ਜੀ ?''

''ਕੀ ਪਿੰਡ ਵਿਚ ਸਿਰ ਚੁਕ ਕੇ ਨਹੀਂ ਚਲਣਾ ? ਚੌਰਾਹੇ 'ਚ ਲੋਕ ਗੱਲਾਂ ਬਣਾ ਰਹੇ ਹਨ । ਇਜ਼ਤ ਨਹੀਂ ਤਾਂ ਜ਼ਿੰਦਾ ਰਹਿਣ ਦਾ ਕੀ ਲਾਭ ?''

ਕੁੰਏਨਾਚੰਨ ਨੇ ਆਖਿਆ—''ਨਾਲਿਸ਼ ਮੁਕੱਦਮੇ ਵਾਸਤੇ ਮੋਟੀ ਰਕਮ ਚਾਹੀਦੀ ਹੈ ? ਕੀ ਉਸ ਦੇ ਹੱਥਾਂ ਵਿਚ ਕੁਝ ਹੈ ?''

''ਜੇ ਨਹੀਂ ਤਾਂ ਭਿਖ ਮੰਗੇ । ਰੁਪਿਆ ਨਹੀਂ ਹੈ ।''

ਕੁਯੰਪੀ ਸਮਝਾਉਣ ਦੀ ਕੋਸ਼ਿਸ਼ ਕਰਦਾ ਰਿਹਾ—''ਬਿਨਾਂ ਸੋਚੇ ਸਮਝੇ ਕੁਝ ਕਰ ਦੇਣ ਨਾਲ ਕੋਈ ਲਾਭ ਨਹੀਂ ਹੋਣ ਲੱਗਾ, ਚਾਚਾ ਜੀ ! ਜੋ ਹੋ ਗਿਆ ਸੋ ਹੋ ਗਿਆ ।''

''ਤੂੰ ਚੁਪ ਰਹੋ ਕੁਯੰਪੀ । ਮੇਰੀ ਬਾਂਹ ਫੜਕ ਰਹੀ ਹੈ । ਜੇ ਮੇਰੇ ਘਰ ਦੀ ਲੜਕੀ ਇਸ ਤਰ੍ਹਾਂ ਕਰਦੀ ਤਾਂ ਕਿਧਰੇ ਵੀ ਜਾ ਕੇ ਉਸ ਨੂੰ ਖਿਚ ਲਿਆਉਂਦਾ ਤੇ ਇਸ ਬਰਾਮਦੇ ਵਿਚ ਛੁਰਾ ਮਾਰ ਦਿੰਦਾ, ਹਾਂ ।''

ਖਾਮੋਸ਼ੀ । ਦੀਨਾਮਾ ਹੱਥ ਵਿਚ ਠੂਠੀ ਲਈ ਦਲੀਜ਼ ਤੇ ਖੜੀ ਹੈ । ਕੁੰਏਨਾਚੰਨ ਉਠ ਕੇ ਬੈਠ ਗਏ ਹਨ । ਮੰਜੀ ਦੇ ਕੋਲ ਹੱਥਾਂ 'ਚ ਸਿਰ ਘੁੱਟੀ ਕੀਵਰੀਤ ਬੈਠਾ ਹੈ ।

''ਕੀਵਰੀਤ ਭਈਆ ਚੁਪ ਕਿਉਂ ਹੋ ?''

''ਮੁਕੱਦਮਾ ਹੀ ਕਰਨਾ ਹੋਵੇ ਤਾਂ ਕਰਾਂਗੇ ।''

''ਕਰਨਾ ਹੋਵੇ ? ਕਿਸ ਦੇ ਲਈ ? ਮੇਰੇ ਲਈ ਨਾ ਕਰੋ ।''

''ਸਿਰਫ ਤੁਹਾਡੇ ਲਈ ਨਹੀਂ । ਤੁਹਾਡੇ ਵੱਡੇ ਭਰਾ ਫਿਲਿਪਓਸ ਨੇ ਚੌਰਾਹੇ ਤੇ ਮੈਨੂੰ ਅਜਿਹਾ ਲਤਾੜਿਆ ਕਿ ਬਸ ਕੁਟਾਈ ਹੀ ਬਾਕੀ ਰਹਿ ਗਈ ਸੀ । ਜਿਵੇਂ ਤੁਸਾਂ ਆਖਿਆ ਹੈ, ਉਸੇ ਤਰ੍ਹਾਂ ਹੀ ਉਹ ਵੀ ਆਖਦਾ ਹੈ ਕਿ ਲੋਕਾਂ ਦੇ ਸਾਹਮਣੇ ਚਲਣਾ ਮੁਸ਼ਕਿਲ ਹੋ ਗਿਆ ਹੈ । ਸੋ ਬੋਲੋ ਕਿ ਕੀ ਕਰਨਾ ਹੈ ? ਉਹੀ ਕਰਾਂਗਾ । ਮੈਂ ਕਮਜ਼ੋਰ ਤੇ ਨਿਰ-ਆਸਰਾ ਹੋ ਗਿਆ ਹਾਂ । ਕੋਈ ਵੱਡਾ ਮੈਨੂੰ ਸਹਾਰਾ ਦੇਣ ਵਾਲਾ ਨਹੀਂ ਰਿਹਾ ।''

ਕੁੰਏਨਾਚੰਨ ਨੇ ਕਿਹਾ—''ਵਾਹ ! ਉਸ ਦੀ ਇਜ਼ਤ । ਆਪਣੇ ਬਰਾਬਰ ਦੇ ਲੜਕੇ ਦਾ ਬਾਪ ਨੌਕਰਾਣੀ ਨੂੰ ਰਖੇਲ ਬਣਾਈ ਬੈਠਾ ਹੈ । ਸ਼ਰਮ ਦੇ ਮਾਰੇ ਕੀ ਉਸ ਦਾ ਲੜਕਾ ਪਿੰਡ ਨਹੀਂ ਛੱਡ ਗਿਆ ?''

ਦੀਨਾਮਾ ਡਾਂਟ ਜਹੀ ਵਿਚ ਬੋਲੀ--''ਚੁਪ ਰਹੋ ਨਾ । ਕੀ ਕਿਸੇ ਨੇ ਇਹ ਗੱਲ ਕੀਤੀ ਹੈ ? ਆਏ ਦਿਨ ਬਾਬੂ ਜੀ ਨੂੰ ਯਾਦ ਨਹੀਂ ਰਹਿੰਦਾ ਕੀ ਕਹਿਣਾ ਹੈ ਤੇ ਕੀ ਨਹੀਂ ਕਹਿਣਾ ।''

''ਇਹ ਕੁਝ ਸੁਣ ਕੇ ਜਵਾਬ ਦਿਤੇ ਬਗੈਰ ਕਿਵੇਂ ਰਹਾਂ ?''

''ਹਾਂ, ਵੱਡੇ ਕੰਮ ਵਿਚ ਛੋਟੀਆਂ-ਛੋਟੀਆਂ ਗੱਲਾਂ''--ਮਾਤੁਕੁੱਟੀ

ਅੱਗੋਂ ਕੁਯੰਪੀ ਨੇ ਕਿਹਾ--''ਦਾਦਾ ਜੀ ਨੇ ਠੀਕ ਹੀ ਤਾਂ ਆਖਿਆ ਹੈ । ਇਸ ਨੂੰ ਜਾਣ ਦਿਓ--ਕੁੰਯੁਚੇਰੁਕਨ ਚਾਚਾ ਦੇ ਬੇਟੇ ਨੂੰ ਚੋਰੀ ਦੇ ਮਾਮਲੇ ਵਿਚ ਪੁਲਸ

ਲੈ ਗਈ। ਕੀ ਇਜ਼ਤ ਦੀ ਗੱਲ ਸੀ ?''

''ਓਹ, ਉਹ ਹੁਣ ਠੀਕ ਹੈ। ਪਰ ਘਰ ਦੀਆਂ ਔਰਤਾਂ ਦੀ ਬਦਚਲਨੀ ਤਾਂ ਅਜਿਹੀ ਬੇਇਜ਼ਤੀ ਦੀ ਗੱਲ ਹੈ ਕਿ ਬਰਦਾਸ਼ਤ ਨਹੀਂ ਹੋ ਸਕਦੀ। ਤੂੰ ਸਵੇਰ ਤੋਂ ਸ਼ਾਮ ਤੱਕ ਦਫਤਰ ਵਿਚ ਘੁਸਿਆ ਬੈਠਾ ਰਹਿਣਾ ਏਂ। ਮੈਂ ਤਾਂ ਦੇਰ ਤਕ ਬਾਹਰ ਫਿਰਨ ਵਾਲਾ ਬੰਦਾ ਹਾਂ।''

ਇਹ ਗੱਲ ਕਹਿ ਹੀ ਰਹੇ ਸਨ ਕਿ ਇਕ ਟੈਕਸੀ ਫਾਟਕ ਤੇ ਰੁਕੀ। ਟੈਕਸੀ ਦਾ ਦਰਵਾਜ਼ਾ ਖੋਲ੍ਹ ਕੇ ਦੋ ਆਦਮੀ ਬਾਹਰ ਨਿਕਲੇ। ਸਭ ਹੈਰਾਨ ਰਹਿ ਗਏ। ਕੁੱਟੀਅੰਮਾ ਤੇ ਨੋਟਪੁਝਾ ਵਾਲੇ ਥਾਮਸ ਮਾਸਟਰ।

ਕੀਵਰੀਤ ਉਠਿਆ। ਦੀਨਾਮਾ ਤੇ ਕੁਯੰਪੀ ਨੇ ਇਕ ਦੂਜੇ ਵਲ ਅੱਖਾਂ 'ਚ ਵੇਖਿਆ। ਮਾਤੁਕੁੱਟੀ ਨੇ ਕੀਵਰੀਤ ਨੂੰ ਵੇਖਿਆ। ਨਾ ਜਾਣੇ ਕਿਥੋਂ ਇਕ-ਇਕ ਕਰਕੇ ਵਿਹੜੇ ਵਿਚ ਵੀਹ-ਤੀਹ ਆਦਮੀ ਇਕੱਠੇ ਹੋ ਗਏ। ਖਤਰੇ ਤੋਂ ਡਰਦੀ ਕੁੱਟੀਅੰਮਾ ਡਰ ਡਰ ਕੇ ਕਦਮ ਰਖਦੀ ਅੰਦਰ ਆਈ। ਪਿਛੇ ਥਾਮਸ ਮਾਸਟਰ ਵੀ ਸਨ। ਕੋਈ ਵੀ ਕੁਝ ਨਾ ਬੋਲਿਆ। ਕੁੱਟੀਅੰਮਾ ਕੁੰਏਨਾਚੰਨ ਦੀ ਮੰਜੀ ਦੇ ਕੋਲ ਆ ਕੇ ਖੜੀ ਹੋ ਗਈ ਤੇ ਭੈਭੀਤ ਨਜ਼ਰਾਂ ਨਾਲ ਸਭ ਦੇ ਚਿਹਰਿਆਂ ਵਲ ਵੇਖਣ ਲਗ ਪਈ। ਹਤਿਆਰੇ ਨੂੰ ਵੇਖ ਰਹੀਆਂ ਅੱਖੀਆਂ। ਕੁੱਟੀਅੰਮਾ ਕੀਵਰੀਤ ਦੇ ਪੈਰਾਂ ਨੂੰ ਲਿਪਟ ਕੇ ਰੋ ਪਈ।

''ਮੈਂ ਇਹ ਨਹੀਂ ਸਹਾਰ ਸਕਦੀ ਪਿਤਾ ਜੀ ! ਮੈਂ ਸਹਾਰ ਨਹੀਂ ਸਕਦੀ......''

ਕੀਵਰੀਤ ਨੇ ਚੁਪ ਰਹਿੰਦਿਆਂ ਬੇਟੀ ਨੂੰ ਉਠਾ ਲਿਆ।

ਮਾਤੁਕੁੱਟੀ ਥਾਮਸ ਮਾਸਟਰ ਦੇ ਕੋਲ ਜਾ ਕੇ ਬੋਲਿਆ--

''ਕੀ ਤੂੰ ਸ਼ਰੀਫ ਮਰਦਾਂ ਦੇ ਲਾਇਕ ਕੰਮ ਕੀਤਾ ਹੈ ? ਕਿਸ ਤੈਨੂੰ ਇਸ ਅਹਾਤੇ ਵਿਚ ਪੈਰ ਰਖਣ ਦੀ ਇਜਾਜ਼ਤ ਦਿਤੀ ? ਨਿਕਲ ਜਾ ਬਾਹਰ......''

ਕੁਯੰਪੀ ਨੇ ਅੱਗੇ ਵਧ ਕੇ ਆਖਿਆ—

''ਕੁਝ ਨਾ ਬੋਲਣਾ। ਚਾਚਾ ਜੀ ਇਕ ਲਫਜ ਤੱਕ ਨਾ ਬੋਲਣਾ।''

ਥਾਮਸ ਮਾਸਟਰ ਬੋਲੇ—ਗਾਲ੍ਹੀਆਂ ਦਿਓ ਜਾਂ ਮਾਰੋ ਕੁਟੋ। ਮੈਂ ਕੁੱਟੀਅੰਮਾ ਲਈ ਸਭ ਕੁਝ ਬਰਦਾਸ਼ਤ ਕਰਨ ਲਈ ਤਿਆਰ ਹੋ ਕੇ ਆਇਆ ਹਾਂ। ਸਕੂਲ ਤੋਂ ਕੁੱਟੀਅੰਮਾ ਨੂੰ ਘਰ ਲੈ ਜਾਣ ਦੀ ਗੱਲ ਠੀਕ ਹੈ। ਆਪਣੀ ਬੀਮਾਰ ਮਾਂ ਨੂੰ ਵਿਖਾਣ ਵਾਸਤੇ ਲੈ ਗਿਆ ਸਾਂ। ਹੋਰ ਕੋਈ ਬੁਰਾ ਕੰਮ ਨਹੀਂ ਕੀਤਾ, ਪਰ ਇਕ ਗੱਲ ਹੈ। ਅਸਾਂ ਇਕਠਿਆਂ ਜੀਣ ਦਾ ਫੈਸਲਾ ਕੀਤਾ ਹੈ, ਉਸ ਦੀ ਆਗਿਆ ਦੇ ਕੇ ਸਾਨੂੰ ਕਿਰਤਾਰਥ ਕਰੋ......''

ਇਸ ਦੇ ਬਾਅਦ ਵੀ ਬਹੁਤ ਦੇਰ ਤੱਕ ਖਾਮੋਸ਼ੀ ਹੀ ਰਹੀ। ਸਭ ਦਾ ਸਾਹ ਘੁੱਟ ਰਿਹਾ ਸੀ। ਕਾਫੀ ਦੇਰ ਬਾਅਦ ਕੀਵਰੀਤ ਨੇ ਆਖਿਆ--

''ਪਿਤਾ ਜੀ ਤੋਂ ਮਾਫੀ ਮੰਗ।''

ਕੁੱਟੀਅੰਮਾ ਗੋਡਿਆਂ ਭਾਰ ਬੈਠ ਗਈ। ਦਾਦਾ ਜੀ ਦੇ ਚਰਨਾਂ ਨੂੰ ਚੁੰਮਿਆ। ਅੱਥਰੂਆਂ ਨਾਲ ਉਨ੍ਹਾਂ ਚਰਨਾਂ ਨੂੰ ਗਿੱਲਾ ਕਰ ਦਿਤਾ। ਫਿਰ ਮੂੰਹ ਉਪਰ ਚੁਕ ਕੇ ਦਾਦਾ ਜੀ

ਵਲ ਵੇਖਿਆ। ਮੇਰਾ ਅੰਦਰਲਾ ਮਨ ਦਾਦਾ ਜੀ ਬਾਕੀ ਸਭ ਨਾਲੋਂ ਵਧੀਕ ਜਾਣਦੇ ਹਨ। ਮੈਂ ਕੋਈ ਅਪਰਾਧ ਨਹੀਂ ਕੀਤਾ। ਉਡਦਿਆਂ-ਉਡਦਿਆਂ ਥੱਕ ਕੇ ਵਾਪਸੀ ਸਮੇਂ ਲੇਟ ਕੇ ਝਪਕੀ ਲੈਣ ਲਈ ਆਲ੍ਹਣਾ ਢੂੰਡ ਰਹੀ ਸਾਂ। ਜੇ ਨਾ ਢੂੰਡਾਂ ਤਾਂ ਕੀ ਰਸਤੇ ਵਿਚ ਸੜ ਕੇ ਡਿੱਗ ਨਾ ਪਵਾਂਗੀ ? ਉਸ ਦੇ ਦੁਖ ਭਰੇ ਮੁਖਮੰਡਲ ਤੋਂ ਕਈ ਇਸ ਤਰ੍ਹਾਂ ਦੇ ਭਾਵ ਉਘੜ ਰਹੇ ਸਨ। ਕੁੰਏਨਾਚੰਨ ਨੇ ਉਨ੍ਹਾਂ ਨੂੰ ਪੜ੍ਹ ਲਿਆ ਤੇ ਆਖਿਆ--

"ਕੀਵਰੀਤ।"

"ਕੀ ਏ ਪਿਤਾ ਜੀ ?"

"ਭਾਈ-ਬੰਧੂਆਂ ਤੇ ਮਿਤ੍ਰਾਂ ਨੂੰ ਬੁਲਾ ਕੇ ਇਸ ਲੜਕੀ ਨੂੰ ਇਸ ਮਾਸਟਰ ਨਾਲ ਇਜ਼ਤ ਨਾਲ ਵਿਦਾ ਕਰੋ।"

ਮਾਤੁਕੁੱਟੀ ਨੇ ਵਿਅੰਗਪੂਰਣ ਸ਼ਬਦਾਂ ਵਿਚ ਆਖਿਆ--

"ਵਿਦਾ ਕਰਨ ਨੂੰ ਕੀ ਰਿਹਾ ਹੈ। ਉਹ ਤਾਂ ਹੋ ਹੀ ਆਏ ਹਨ ?"

"ਚੁਪ ਰਹਿ ਉਹ ਬੱਤਮੀਜ਼। ਬੇਟੀ ਤੂੰ ਘਰ ਚਲ।"

ਪਿਤਾ ਦੇ ਨਾਲ ਕੁੱਟੀਅੰਮਾ ਚਲੀ ਗਈ। ਟੈਕਸੀ ਵਿਚ ਥਾਮਸ ਮਾਸਟਰ ਮੁੜ ਗਏ। ਹੌਲੀ-ਹੌਲੀ ਭੀੜ ਵੀ ਤਿਤਰ-ਬਿਤਰ ਹੋ ਗਈ। ਕੁੰਏਨਾਚੰਨ ਉਸੇ ਤਰ੍ਹਾਂ ਬੈਠੇ ਰਹੇ। ਮਨ ਤੇ ਬਹੁਤ ਭਾਰਾ ਬੋਝ ਮਹਿਸੂਸ ਕਰਦੇ ਰਹੇ ਜਿਵੇਂ ਬਹੁਤ ਭਾਰਾ ਬੋਝ ਛਾਤੀ ਤੇ ਰਖਿਆ ਹੋਵੇ।

"ਬੇਟੀ, ਥੋੜ੍ਹੀ ਜਹੀ ਕਾਂਜੀ ਦੇਣਾ।"

"ਦਵਾਈ ਖਾਣ ਲਈ ਪਿਤਾ ਜੀ ?"

"ਹੂੰ।"

ਇਕ ਗੋਲੀ ਨਿਗਲ ਲਈ ਤੇ ਕਾਂਜੀ ਪੀ ਲਈ। ਥੋੜ੍ਹੀ ਦੇਰ ਬਾਅਦ ਨਸਾਂ ਦਾ ਤਣਾਉ ਘਟ ਗਿਆ। ਅੰਦਰ ਦਾ ਭਾਰ ਹਟਦਾ ਜਾ ਰਿਹਾ ਸੀ। ਪਿਛਲੇ ਦ੍ਰਿਸ਼ ਹੁਣ ਵਧੀਕ ਸਾਫ਼ ਨਜ਼ਰ ਆ ਰਹੇ ਸਨ। ਭੈਭੀਤ ਹੁੰਦੀ ਹੋਈ ਆਉਣ ਵਾਲੀ ਸ਼ਰਨ ਮੰਗਣ ਵਾਲੀ ਦ੍ਰਿਸ਼ਟੀ...ਜੋ ਹੈ, ਇਹ ਕੁਝ ਜ਼ਿਆਦਾ ਹੋ ਗਈ ਬੇਟੀ...ਇਹ ਭਵਿਸ਼ ਵਿਚ ਤੇਰਾ ਨੁਕਸਾਨ ਕਰੇਗਾ। ਤੇਰੇ ਪੁੱਤਰਾਂ ਦਾ ਨੁਕਸਾਨ ਕਰੇਗਾ। ਪੜੋਸ ਦਾ ਮੁਰਗਾ ਜਦ ਦਾਣੇ ਚੁਗੇ ਤਾਂ ਪੜੋਸਨ ਨਾਲ ਤੇਰਾ ਝਗੜਾ ਠੰਡਾ ਵੀ ਹੋ ਸਕਦਾ ਹੈ। ਤਾਂ ਉਹ ਕਹੇਗੀ......

"ਮੈਂ ਚਾਰ ਲੋਕਾਂ ਦੇ ਆਸ਼ੀਰਵਾਦ ਨਾਲ ਘਰ ਵਸਾਉਣ ਆਈ ਹਾਂ। ਕਿਸੇ ਨਾਲ ਨੱਸ ਨਹੀਂ ਆਈ।"

ਤੇਰੀ ਲੜਕੀ ਸਿਆਣੀ ਹੋਣ ਦੇ ਬਾਅਦ ਕਿਸੇ ਵਲ ਵੇਖ ਕੇ ਹੱਸੀ ਤਾਂ ਕੋਈ ਚੁਗਲਖੋਰ ਔਰਤ ਕਹਿਣ ਲਗ ਪਏਗੀ--

"ਪਹਿਲਾਂ ਸਮਝਣਾ ਹੈ ਕਿ ਇਹ ਕਿਸ ਮਾਂ ਦੀ ਧੀ ਹੈ।"

ਤੇਰੀਆਂ ਬੇਟੀਆਂ ਵਾਸਤੇ ਜਦ ਕੋਈ ਰਿਸ਼ਤਾ ਆਵੇਗਾ ਤਾਂ ਵੀ ਇਸ ਕਾਲਖ ਵਲ ਕੋਈ ਇਸ਼ਾਰਾ ਕਰ ਦੇਵੇਗਾ। ਕੋਈ ਤੇਰੇ ਝੱਲੇ ਮਾਨਸਿਕ ਕਸ਼ਟ ਵਲ ਨਹੀਂ

ਸੋਚੇਗਾ। ਕਿਸੇ ਨੂੰ ਇਹ ਯਾਦ ਨਹੀਂ ਰਹਿਣ ਲੱਗਾ ਕਿ ਤੂੰ ਇਕ ਪੁਰਸ਼ ਦੀ ਹੀ ਰਹੀ ਹੈਂ ਤੇ ਉਹ ਸ਼ੁਧ ਤੇ ਪਵਿੱਤਰ ਹੈ। ਇਹੀ ਸੰਸਾਰ ਦਾ ਰਿਵਾਜ ਹੈ। ਉਨ੍ਹਾਂ ਨੂੰ ਕਹਿਣ ਦਿਓ। ਤੇਰਾ ਅੰਦਰ ਸ਼ੁਹ ਹੈ ਤਾਂ ਇਹ ਹੀ ਕਾਫੀ ਹੈ। ਇਹੀ ਕਿਉਂ, ਕਿਸ ਨੂੰ ਜ਼ਿੰਦਗੀ ਵਿਚ ਕਿਸੇ ਨਾ ਕਿਸੇ ਕਲੰਕ ਦੀ ਗੱਲ ਨਹੀਂ ਸੁਣਨੀ ਪਈ।

ਵਿਚਾਰੇ ਕੀਵਰੀਤ ਨੇ ਇਥੋਂ ਤਕ ਨਹੀਂ ਸੀ ਸੋਚਿਆ। ਸੱਚ ਹੈ ਕਿ ਉਹ ਆਪਣਾ ਬੋਝ ਇਕ ਲੜਕੇ ਦੇ ਮੋਢੇ ਤੇ ਨਹੀਂ ਰਖ ਸਕਿਆ। ਹੋਰ ਚੌਹਾਂ ਨੂੰ ਜਵਾਨੀ ਵਿਚ ਪੁੱਤਰ ਮਿਲੇ--ਕੇਵਲ ਉਸ ਦੇ ਹੀ ਧੀਆਂ ਹੋਈਆਂ--

''ਈਸ਼ਵਰ ਦੀ ਇੱਛਾ ਹੈ ਭਾਈ।''

ਇਕ ਬਿਰਧ ਰੂੰ ਵਰਗੀ ਸਫੇਦ ਦਾੜ੍ਹੀ ਤੇ ਮੁੱਛਾਂ ਨੂੰ ਸਵਾਂਰਦਾ ਸਾਹਮਣੇ ਖੜਾ ਹੈ। ਹੱਸਦਾ ਹੈ। ਫਿਰ ਸੰਕੋਚ ਨਾਲ ਕੋਲ ਪਈ ਕੁਰਸੀ ਤੇ ਬੈਠ ਜਾਂਦਾ ਹੈ।

''ਮੇਰੇ ਬਾਰਾਂ ਬੱਚੇ ਹਨ।''

''ਬਾਰਾਂ ?''

''ਹਾਂ, ਤੂੰ ਜਾਣਦਾ ਹੀ ਹੈਂ। ਸਭ ਤੋਂ ਵੱਡਾ ਰੂਬੇਨ। ਸਭ ਤੋਂ ਛੋਟਾ ਵਨਿਆਮੀਨ।''

ਕੁੰਏਨਾਚੰਨ ਨੇ ਮੂੰਹ ਤਲੀਆਂ ਨਾਲ ਢੱਕੇ ਖੜੇ-ਖੜੇ ਪੁਛਿਆ--

''ਤਾਂ ਕੀ ਆਪ ਬਾਰ੍ਹਾਂ ਇਜ਼ਰਾਈਲ ਗੋਨਾ ਦੇ ਪਿਤਾ ਯਾਕੂਬ ਹੋ ?''

''ਹਾਂ, ਹਾਂ।''

''ਆਪ ਕਿਧਰੋਂ ਆ ਰਹੇ ਹੋ ?''

''ਤੈਨੂੰ ਵੇਖਣ ਆਇਆ ਹਾਂ। ਤੈਨੂੰ ਬੁੱਢੇ ਤੇ ਕਮਜ਼ੋਰ ਨੂੰ ਬੱਚਿਆਂ ਤੇ ਪੋਤਿਆਂ ਪਿਛੇ ਮਨ ਮਸੋਸਦੇ ਵੇਖਿਆ।''

''ਹਰ ਬੱਚੇ ਨੂੰ ਕੋਈ ਨਾ ਕੋਈ ਨਵਾਂ ਹੀ ਦੁਖ ਹੈ, ਪਿਤਾ ਜੀ।''

''ਤਾਂ ਤੂੰ ਕੀ ਕਰ ਸਕਦਾ ਹੈਂ, ਤੂੰ ਖਾਲੀ ਹੱਥ ਲੜਾਈ ਦੇ ਮੈਦਾਨ ਵਿਚ ਆਇਆ ਸੀ ਨਾ ? ਤੂੰ ਦੁਸ਼ਮਨ ਦੇ ਹੱਥ 'ਚੋਂ ਭਾਲਾ ਤਲਵਾਰ ਖੋਹ ਕੇ ਯੁਧ ਕੀਤਾ ਹੈ। ਘਾਤਕ ਚੋਟ ਲਗਣ ਤੇ ਵੀ ਬਿਨਾਂ ਡਿਗੇ ਲੜਾਈ ਲੜੀ। ਹੁਣ ਤੇਰੇ ਬੱਚੇ ਲੜਨ। ਤਾਕਤਵਰ ਤਾਂ ਡਟਿਆ ਰਹੇਗਾ। ਵਰਨਾ ਡਿਗ ਪਏਗਾ। ਉਸ ਵਿਚ ਤੂੰ ਕੀ ਕਰ ਸਕਦਾ ਹੈਂ ?''

''ਜੀ ਹਜ਼ੂਰ।''

''ਉਤਪਤੀ ਗ੍ਰੰਥ--ਉਨੰਜਵਾਂ ਅਧਿਆਇ ਕੀ ਤੂੰ ਪੜ੍ਹਿਆ ਨਹੀਂ ? ਮੇਰੇ ਬਾਰਾਂ ਬੱਚੇ ਬਾਰਾਂ ਤਰ੍ਹਾਂ ਦੇ ਹੀ ਸਨ। ਸਭ ਤੋਂ ਵੱਡਾ ਰੂਬੇਨ ਮੇਰੀ ਸ਼ਕਤੀ ਦਾ ਪਹਿਲਾ ਫਲ ਸੀ। ਪਰ ਉਸ ਮੇਰੇ ਬਿਸਤਰ ਤੇ ਚੜ੍ਹ ਕੇ ਉਸ ਨੂੰ ਅਪਵਿੱਤਰ ਕਰ ਦਿਤਾ। ਕਹਾਣੀ ਜਾਣਦਾ ਹੈਂ ਨਾ ?''

''ਹਾਂ ਜਾਣਦਾ ਹਾਂ।''

"ਦੂਜਾ ਸ਼ਿਮਓਨ ਤੇ ਤੀਜਾ ਲੈਵੀ ਬੜੇ ਹਿੰਮਤ ਵਾਲੇ ਤੇ ਬਿਨਾਂ ਸੋਚੇ ਸਮਝੇ ਕੰਮ 'ਤੇ ਕੁੱਦ ਪੈਣ ਵਾਲੇ ਸਨ। ਚੌਥਾ ਯਹੂਦਾ ਬਾਲਸਿੰਹ ਸੀ। ਉਸ ਨੂੰ ਮੈਂ ਰਾਜ ਦੰਡ ਤੇ ਰਾਜ ਚਿੰਨ੍ਹ ਸੌਂਪ ਦਿਤਾ ਸੀ। ਸੇਬਲੂਨ ਜਹਾਜ਼ ਦਾ ਮੱਲਾਹ ਸੀ। ਯਿਸਾਖਾਨ ਸਰੀਰਕ ਸ਼ਕਤੀ ਦਾ ਧਨੀ। ਜੇਸਿਨ ਰਾਧਾ ਸੀ, ਅਕਲਮੰਦ ਨਹੀਂ ਸੀ। ਪਰ ਕੰਮ ਖ਼ੂਬ ਕਰਦਾ ਸੀ। ਦਾਨ ਈਮਾਨਦਾਰ ਸੀ। ਲੁਟੇਰਿਆਂ ਦੀ ਟੋਲੀ ਨੇ ਗਾਦੋ ਨੂੰ ਬੁਰੀ ਤਰ੍ਹਾਂ ਦਬਾਇਆ। ਆਸ਼ੇਰ ਸ਼ਾਹੀ ਸ਼ਾਨਸ਼ੌਕਤ ਦੇ ਅਨੁਰੂਪ ਸਵਾਦੀ ਭੋਜਨ ਕਰਦਾ।... ਇਸ ਤਰ੍ਹਾਂ ਬਾਰਾਂ ਦੇ ਬਾਰਾਂ ਆਪਣੀ-ਆਪਣੀ ਰੁਚੀ ਅਤੇ ਸ਼ਕਤੀ ਦੇ ਅਨੁਕੂਲ ਜੀਊਂਦੇ ਰਹੇ। ਗੋਤਰਾਂ ਦੀ ਸਥਾਪਨਾ ਕੀਤੀ। ਉਨ੍ਹਾਂ ਦੀ ਤਰੱਕੀ ਤੇ ਵਿਕਾਸ ਹੁੰਦਾ ਗਿਆ।

"ਇਨ੍ਹਾਂ ਸਭ ਗੱਲਾਂ ਦਾ ਬੰਦੇ ਨੂੰ ਪਤਾ ਹੈ।"

"ਹਾਂ, ਤੇ ਤਿਆਰ ਰਹਿਣ। ਹੁਣ ਸੰਸਾਰ ਨਾਲ ਤੇਰਾ ਮਤਲਬ ?"

"ਤਿਆਰ ਹਾਂ।"

"ਰੂੰ ਵਰਗੇ ਪਕੇ ਦਾੜ੍ਹੀ ਮੁੱਛ ਦੇ ਵਾਲਾਂ ਨੂੰ ਸਵਾਰਦੇ ਮੁਸਕਰਾ ਪਏ। ਮਾਨੋ ਪੁਛ ਰਹੇ ਸਨ ਕਿ ਮੂਰਖ ਤੂੰ ਕਿਥੇ ਤਿਆਰ ਹੈਂ ? ਮੇਰੇ ਨਾਲ ਦਗਾ ਕਰਨਾ ਚਾਹੁੰਦਾ ਹੈਂ ?"

"ਅਰੇ, ਇਹ ਕੌਣ ? ਕੋਈ ਸਿਆਣਾ ਆ ਰਿਹਾ ਹੈ।"

ਕੁੰਏਨਾਚੰਨ ਨੇ ਮੁੜ ਕੇ ਵੇਖਿਆ।

"ਮੇਰੇ ਸਾਲੇ ਦਾ ਪੁੱਤਰ ਹੈ। ਪਰ ਹੈ ਨੀਚ। ਪੁਰੋਹਿਤ ਦੇ ਪਵਿੱਤਰ ਕਪੜਿਆਂ ਨੂੰ ਕਲੰਕ ਲਗਾਇਆ ਹੈ। ਵਿਧਵਾ ਨਾਲ ਨਜਾਇਜ਼ ਰਿਸ਼ਤਾ ਜੋੜ ਬੱਚੀ ਪੈਦਾ ਕਰਨ ਵਾਲਾ ਹੈ।......"

"ਅੱਛਾ ! ਤਾਂ ਇਸ ਨੂੰ ਇਥੇ ਕਿਉਂ ਆਉਣ ਦਿਤਾ ?"

ਨਿਕਲ ਜਾ ਸਾਨ੍ਹ ਪਾਦਰੀਆ। ਕੀਵਰੀਤ, ਕੁੰਯੁਚੇਰੁਕਨ--ਸਭ ਆ ਜਾਓ। ਇਸ ਬਦਮਾਸ਼ ਨੂੰ ਫੜ ਕੇ ਬੰਨ੍ਹ ਦਿਓ। ਮੇਲੋਝੱਤਿਲ ਕੁੰਯੁੰਨੈਨਾ ਦੇ...."

ਫਾਦਰ ਦੇ ਮੁੱਖ ਮੰਡਲ ਤੇ ਉਹ ਹੀ ਸਹਿਜ ਵਿਅੰਗ ਦਾ ਹਾਸਾ। ਉਹ ਵੇਖ ਕੇ ਕਰੋਧ ਨੂੰ ਦਬਾ ਨਹੀਂ ਸਕੇ। ਹੱਥ ਵਧਾ ਕੇ ਗਲ੍ਹ ਤੇ ਥੱਪੜ ਦੇ ਮਾਰਿਆ......

"ਹਾਏ।"

ਦੀਨਾਮਾ ਤੇ ਸ਼ਾਤੰਮਾ ਦੌੜੀਆਂ ਆਈਆਂ। ਮੰਜੀ ਤੋਂ ਹੇਠਾਂ ਡਿਗਣ ਵਾਲੇ ਸਨ। ਮੂੰਹ ਦੇ ਬਲ ਮੰਜੀ ਥੰਮੀ ਪਏ ਸਨ। ਦੋਵੇਂ ਪੈਰ ਜ਼ਮੀਨ ਤੇ।

ਫੜ ਕੇ ਮੰਜੀ ਤੇ ਲਿਟਾਇਆ।

"ਬਾਬੂ ਜੀ ਇਹ ਕੀ ਕਰ ਰਹੇ ਸਾਓ ¿"

"........."

"ਦਾਦਾ ਜੀ !"

"ਹੂੰ।"

ਕੀ ਸੁਪਨਾ ਵੇਖਿਆ ਜੇ ?"
ਨਹੀਂ ਤਾਂ । ਕਾਰਤਿਕਪਲੀ ਤੇ ਪਾਦਰੀ ਇਥੋਂ ਹੋ ਕੇ ਗਏ ਹਨ ?
ਦੀਨਾਮਾ ਨੇ ਆਖਿਆ—
"ਇਥੇ ਨਾ ਕੋਈ ਪਾਦਰੀ ਆਏ ਨਾ ਕੋਈ ਸਹਾਇਕ !"

## ਦਸ

ਮਾਤੁਕੁੱਟੀ ਨੇ ਦੀਨਾਮਾ ਦੇ ਵਾਲਾਂ ਦੇ ਜੂੜੇ ਨੂੰ ਕੱਸ ਕੇ ਪਕੜ ਲਿਆ ।

......ਹਰਾਮਜ਼ਾਦੀ......ਬੋਲ । ਮੇਰੇ ਜਾਣੇ ਬਿਨਾਂ ਕਿਸੇ ਦੇ ਹੱਥੋਂ ਪੈਸੇ ਕਿਉਂ ਲਏ ?

ਬਿਨਾਂ ਝਿਜਕੇ ਦੀਨਾਮਾ ਨੇ ਆਖਿਆ—

"ਮੈਂ ਕਿਸੇ ਕੋਲੋਂ ਪੈਸੇ ਨਹੀਂ ਲਏ ।"

"ਤਾਂ ਤੇਰੇ ਕਪੜਿਆਂ ਦੇ ਸੰਦੂਕ ਵਿਚ ਪੈਸੇ ਕਿਥੋਂ ਆਏ ?"

"ਮੈਂ ਆਖਿਆ ਹੈ ਨਾ ਕਿ ਪਿਤਾ ਜੀ ਨੇ ਲਏ ਸਨ ਤੇ ਉਨ੍ਹਾਂ ਹੀ ਰਖਣ ਲਈ ਦਿਤੇ ਸਨ ।"

"ਤਾਂ ਮੇਰੇ ਆਉਣ ਤੇ ਮੈਨੂੰ ਦੱਸਿਆ ਕਿਉਂ ਨਹੀਂ ?"

ਹੁਣ ਦੀਨਾਮਾ ਕੋਲ ਕੋਈ ਜਵਾਬ ਨਹੀਂ ਸੀ । ਉਸ ਨੇ ਇਹ ਨਹੀਂ ਸੀ ਸੋਚਿਆ ਕਿ ਹਾਲਾਤ ਇਸ ਤਰ੍ਹਾਂ ਮੋੜਾ ਖਾ ਜਾਣਗੇ । ਪੈਸਿਆਂ ਦੀ ਤੰਗੀ ਹੋਣ ਤੇ ਇਕ ਵੱਡੀ ਰਕਮ ਪੇਟੀ 'ਚੋਂ ਕੱਢ ਕੇ ਦਿਖਾਉਣ ਤੇ ਹੈਰਾਨੀ ਪੈਦਾ ਕਰਨ ਦਾ ਹੀ ਖਿਆਲ ਸੀ—

ਮਾਤੁਕੁੱਟੀ ਗੁਸੇ ਵਿਚ ਕੰਬ ਰਿਹਾ ਸੀ । ਇਸ ਤੋਂ ਵਧ ਕੇ ਵੀ ਕੋਈ ਬੇਇਜ਼ਤੀ ਹੋ ਸਕਦੀ ਹੈ ? ਅਜਿਹਾ ਗੁਸਾ ਆਇਆ ਕਿ ਧੌਣ ਮਰੋੜ ਦੇਵੇ । ਕੁੰਏਨਾਚੰਨ ਭੈ-ਭੀਤ ਹੋ ਗਏ । ਮੰਜੀ ਤੇ ਉਠ ਕੇ ਬੈਠ ਗਏ ਤੇ ਕਈ ਗੱਲਾਂ ਆਖੀਆਂ, ਦੁਖ ਹੋਇਆ । ਬੜਬੜਾਂਦੇ ਰਹੇ ।

"ਉਹ ਇਹ ਬਹੂ ਦੀ ਨਹੀਂ ਗਲਤੀ । ਉਸ ਨੂੰ ਨਾ ਡਾਂਟ ।"

"ਚੁਪ ਰਹੋ । ਮੇਰੀ......ਨੱਬੇ ਸਾਲ ਦੇ ਹੋ ਗਏ । ਅਜੇ ਵੀ ਹੋਸ਼ ਨਹੀਂ । ਕੀ ਬੇਹੋਸ਼ ਹੋ ?......ਨੀ ਮੇਰੇ ਸਵਾਲ ਦਾ ਜਵਾਬ ਦੇ......"

ਗੱਲ ਇੰਨੀ ਵਧ ਗਈ ਕਿ ਹੁਣੇ ਥੱਪੜ ਪਿਆ ਕਿ ਪਿਆ । ਕਿਵਾੜ ਦੇ ਪਿਛੇ ਖਲੋਤੀ ਸ਼ਾਤੰਮਾ ਸਾਹਮਣੇ ਆ ਗਈ ਤੇ ਦ੍ਰਿੜ ਆਵਾਜ਼ ਵਿਚ ਕਹਿਣ ਲੱਗੀ—

"ਚਾਚੀ ਨੂੰ ਕਿਉਂ ਮਾਰਦੇ ਹੋ ਚਾਚਾ ? ਰੁਪਏ ਲੈਣੇ ਤੇ ਦੇਣੇ ਮੈਂ ਸਭ ਕੁਝ ਵੇਖਿਆ ਹੈ । ਕੱਲੂਵਿਲਾ ਦੇ ਦਾਨੀਕੁੱਟੀ ਭਈਆ ਨੇ ਪਿਤਾ ਜੀ ਨੂੰ ਰੁਪੈ ਦਿਤੇ ਸਨ ।

ਚਾਚੀ ਨੇ ਉਹ ਪੈਸੇ ਅੰਦਰ ਸਾਂਭ ਕੇ ਰਖ ਦਿਤੇ, ਬਸ ਇਹ ਹੀ ਤਾਂ ਗੱਲ ਹੈ।''

ਮਾਤੁਕੁੱਟੀ ਦਾ ਹੱਥ ਰੁਕ ਗਿਆ। ਅਜ ਤੱਕ ਜਿਸ ਲੜਕੀ ਨੇ ਅੱਖ ਉਪਰ ਚੁੱਕ ਕੇ ਵੇਖਿਆ ਨਹੀਂ ਸੀ, ਜਿਸ ਲੜਕੀ ਨੇ ਜ਼ੋਰ ਦੀ ਗੱਲ ਨਹੀਂ ਸੀ ਕੀਤੀ, ਉਸੇ ਨੇ......

''ਨਾ ਦੱਸ ਕੇ ਜ਼ਰੂਰ ਗਲਤੀ ਕੀਤੀ। ਬੜੀ ਲੋੜ ਪੈਣ ਤੇ ਦੇਣ ਲਈ ਸੰਭਾਲ ਕੇ ਰਖੇ ਸਨ।''

ਮਾਤੁਕੁੱਟੀ ਨੇ ਵਾਲ ਛੱਡ ਦਿਤੇ। ਉਹ ਮੁੜ ਕੇ ਚਾਰ ਕਦਮ ਚਲਿਆ। ਹੋਰ ਕਰੇ ਹੀ ਕੀ ? ਅਜ ਤੱਕ ਉਸ ਨੇ ਪਤਨੀ ਦੇ ਬਦਨ ਤੇ ਜ਼ਰਾ ਮਿੱਟੀ ਤੱਕ ਨਹੀਂ ਸੀ ਮਾਰੀ। ਵੱਡੀ ਤੋਂ ਵੱਡੀ ਤਕਲੀਫ ਵਿਚ ਵੀ ਪੈਸੇ ਦੇ ਕਾਰਨ ਝਗੜਾ ਨਹੀਂ ਸੀ ਕੀਤਾ। ਘਰੇਲੂ ਮਾਮਲਿਆਂ ਦਾ ਸਾਰੇ ਦਾ ਸਾਰਾ ਪ੍ਰਬੰਧ ਉਹ ਹੀ ਕਰਦੀ ਸੀ। ਪਰ ਇੰਨੀ ਕੁ ਬੇਵਕੂਫੀ ਕੀਤੀ, ਤੇ ?

ਕੁੰਏਨਾਚੰਨ ਨੇ ਆਖਿਆ—

''ਤਾਂ ਮੈਂ ਕੀ ਕਰਾਂ ਓਏ ? ਬੱਚੇ ਜੇ ਚਾਰ ਪੈਸੇ ਦੇਣ ਤਾਂ ਲੈ ਕੇ ਮੈਂ ਖਰਚ ਨਹੀਂ ਚਲਾ ਸਕਦਾ ?''

''ਲੈ ਜ਼ਰੂਰ ਸਕਦੇ ਹੋ ? ਪਰ ਕੀ ਅਜਿਹੇ ਲੋਕਾਂ ਕੋਲੋਂ ਹੀ ਲੈਣੇ ਚਾਹੀਦੇ ਹਨ। ਕੀ ਪਿਤਾ ਜੀ ਨੇ ਉਨ੍ਹਾਂ ਦੀਆਂ ਉਹ ਗੰਦੀਆਂ ਗੱਲਾਂ ਸੁਣੀਆਂ ਜੋ ਉਨ੍ਹਾਂ ਨਾਕੇ ਤੇ ਕਹੀਆਂ ? ਕਹਿ ਰਹੇ ਸਨ ਕਿ ਅਸੀਂ ਅਜ ਤੱਕ ਉਨ੍ਹਾਂ ਦੇ ਬੱਚੇ ਦੇ ਸਾਰੇ ਪੈਸੇ ਖੋਂਹਦੇ ਰਹੇ ਹਾਂ। ਕੀ ਇਹ ਤੋਹਮਤ ਕਾਫੀ ਨਹੀਂ ?''

''ਉਸ ਦੀ ਜੀਭ ਵਿਚ ਹੱਡੀ ਨਹੀਂ। ਮਾਂ ਬਾਪ ਨਾਲ ਪਿਆਰ ਨਹੀਂ।''

''ਇਹ ਸਾਰੀਆਂ ਗੱਲਾਂ ਇਥੇ ਬੈਠੇ-ਬੈਠੇ ਕਰਦੇ ਹੋ। ਅੱਛਾ ! ਲੜਕੇ ਨੇ ਦਿਤਾ। ਤੁਸਾਂ ਲਿਆ। ਤਾਂ ਮੋੜਿਆਂ ਕਿਉਂ ?''

''ਮੋੜਿਆ ਮੇਰੇ ਕਹਿਣ ਤੇ। ਪੁਲਸ ਜਦ ਉਸ ਨੂੰ ਕੈਦ ਕਰਕੇ ਲੈ ਗਈ ਤਾਂ ਕੁੰਯੁਚੇਰੁਕਨ ਇਸ ਬਰਾਮਦੇ ਵਿਚ ਪਿਆ ਹੋ ਰਿਹਾ ਸੀ। ਉਸ ਦਾ ਦੁਖ ਵੇਖ ਕੇ ਸਹਾਰਿਆ ਨਹੀਂ ਗਿਆ। ਮਨ ਵਿਚ ਦਇਆ ਆ ਗਈ। ਇਸ ਲਈ ਦੇ ਦਿਤੇ।''

''ਪਿਤਾ ਜੀ ਦੀ ਦਿਆਲਤਾ ਨਾਲ ਹੀ ਇਨ੍ਹਾਂ ਸਭਨਾਂ ਦੀ ਇਹ ਹਾਲਤ ਹੋ ਰਹੀ ਹੈ।''

ਦੀਨਾਮੀ ਬੋਲੀ—''ਕੁਝ ਨਹੀਂ ਕਹਿਣਾ। ਮੇਰੀ ਕਿਸਮਤ ਹੀ ਫੁਟ ਗਈ ਹੈ। ਸਭ ਕਸ਼ਟ ਝਲਣ ਦੀ ਮਜਬੂਰੀ ਉਠਾਉਣੀ ਪੈ ਰਹੀ ਹੈ।''

''ਮੇਰੀ ਕਿਸਮਤ ਖੋਟੀ ਹੈ ਬੇਟੀ। ਕੀ ਮੈਂ ਨਹੀਂ ਅਪਰਾਧੀ ਜੋ ਦਿਨ ਰਾਤ ਇਸ ਘਰ ਦਾ ਕੰਮ ਕਾਜ ਸੰਭਾਲਣ ਵਾਲੀ ਤੇਰੇ ਤੇ ਸਾਰੀ ਬਦਨਾਮੀ ਆ ਪਈ ਹੈ। ਮੇਰੇ ਪਾਪਾਂ ਦਾ ਪਰਮਾਤਮਾ ਦੰਡ ਦੇ ਰਹੇ ਹਨ। ਜਿਵੇਂ ਕਿ ਆਯੂਬ ਨੇ ਵਿਰਲਾਪ ਕੀਤਾ ਸੀ—ਮੇਰੀ ਸ਼ਾਨ ਉਸ ਨੇ ਖੋਹ ਲਈ ਹੈ। ਮੇਰੇ ਸਿਰ ਤੋਂ ਮੁਕਟ ਉਤਾਰ ਗਿਆ ਹੈ। ਮੇਰਾ ਸਹਾਰਾ ਉਸ ਨੇ ਇਕ ਰੁੱਖ ਵਾਂਗ ਉਖੇੜ ਦਿਤਾ ਹੈ। ਮੇਰੇ ਪਿਆਰੇ ਦੋਸਤ

ਵਿਮੁੱਖ ਹੋ ਗਏ ਹਨ । ਆਪਣੇ ਘਰ 'ਚ ਰਹਿਣ ਵਾਲਿਆਂ ਦੀਆਂ ਨਜ਼ਰਾਂ ਵਿਚ ਮੈਂ ਪਰਦੇਸੀ ਹੋ ਗਿਆ ਹਾਂ ।''

''ਬਾਬੂ ਜੀ, ਚੁਪ ਰਹੋ ।''

ਮਾਂ ਦੀ ਡਾਂਟ ਸੁਣ ਕੇ ਚੌਂਕੇ । ਬੱਚੇ ਵਾਂਗ ਕੁੰਏਨਾਚੰਨ ਨੇ ਝਟ ਮੋਨ ਧਾਰ ਲਿਆ । ਸਹਿਮੀਆਂ ਨਜ਼ਰਾਂ ਨਾਲ ਚੌਹੀਂ ਪਾਸੀਂ ਦੇਖਿਆ । ਜਿਹਾ ਕਿ ਮਾਤੁਕੁੱਟੀ ਨੇ ਆਖਿਆ, ਕੀ ਉਹ ਬੇਸੁੱਧ ਹਨ ? ਕੀ ਉਨ੍ਹਾਂ ਦਾ ਮਨੋਬਲ ਟੁੱਟ ਗਿਆ ਹੈ ? ਉਹ ਅਨਾਥ ਹੋ ਗਏ ਹਨ ਕਿ ਸਰਕਾਰੀ ਜ਼ਮੀਨ ਵਾਂਗ ਉਸ ਤੇ ਕੋਈ ਵੀ ਕਬਜ਼ਾ ਕਰ ਲਏ, ਆਪਣੇ ਹੀ ਖੇਮੇ ਵਿਚ ਉਨ੍ਹਾਂ ਦੇ ਦੁਸ਼ਮਨ ਛਲ ਕਰ ਰਹੇ ਹਨ......।

''ਅੱਗੋਂ ਮੇਰੇ ਜਾਣੇ ਬਗੈਰ ਇਸ ਅਹਾਤੇ ਵਿਚ ਕੋਈ ਪੈਰ ਨਾ ਰਖੇ । ਦੱਸ ਦੇਵਾਂ ਮੈਂ ।''

ਮਾਤੁਕੁੱਟੀ ਬਾਹਰ ਚਲਾ ਗਿਆ । ਦਲੀਲਾਂ ਤੇ ਪੇਸ਼ ਕੀਤੀਆਂ ਸਨ, ਪਰ ਫਿਰ ਵੀ ਦੀਨਾਮਾ ਨੇ ਸੋਚਿਆ ਕਿ ਗਲਤੀ ਮੇਰੀ ਹੀ ਹੈ । ਜਾਣ ਬੁਝ ਕੇ ਤਾਂ ਨਹੀਂ ਕੀਤੀ । ਫਿਰ ਵੀ ਗਲਤੀ-ਗਲਤੀ ਹੀ ਰਹੇਗੀ । ਕੋਈ ਮਰਦ ਬਰਦਾਸ਼ਤ ਨਹੀਂ ਕਰ ਸਕੇਗਾ । ਬਿਨਾਂ ਮੰਗੇ ਪੰਜ ਸੌ ਰੁਪੈ ਮਿਲੇ ਤਾਂ ਕੁੰਯੁਚੇਰੁਕਨ ਨੂੰ ਖੁਦ ਵੀ ਹੈਰਾਨੀ ਹੋਈ । ਦੋ ਦਿਨਾਂ ਬਾਅਦ ਔਰਤਾਂ ਵਿਚ ਫੁਸ ਫੁਸ ਹੋਣ ਲੱਗੀ । ਹਜ਼ਾਰ ਦਿਤਾ ਹੋਣਾ ਹੈ । ਕੌਣ ਜਾਣੇ ? ਕਈ ਵਾਰ ਦਿਤਾ ਹੋਵੇਗਾ । ਦੀਨਾਮਾ ਨੇ ਸੋਚਿਆ—ਇਹ ਜ਼ਰਾ ਟੇਡੀ ਗੱਲ ਹੈ । ਸੱਚੀ ਗੱਲ ਖੋਲ੍ਹ ਦੇਣੀ ਚਾਹੀਦੀ ਹੈ । ਨਹੀਂ ਤਾਂ ਮਨ ਵਿਚ ਅਖਰਦੀ ਰਹੇਗੀ । ਦੀਨਾਮਾ ਕੱਲੂਵਿਲਾ ਘਰ ਗਈ । ਉਸ ਨੂੰ ਵੇਖ ਕੇ ਸ਼ਾਤੰਮਾ ਦਾ ਚਿਹਰਾ ਸੁੱਜ ਭੜੋਲਾ ਹੋ ਗਿਆ । ਵੱਡੀ ਕੁੜੀ ਚੇਲੰਮਾ ਦਾ ਵੀ । ਸਾਰੀ ਗੱਲ ਦੱਸਣ ਲੱਗੀ ਤਾਂ ਮਾਂ ਅਤੇ ਬੇਟੀ ਦੋਹਾਂ ਦੀਆਂ ਗਲ੍ਹਾਂ ਤੇ ਵਿਅੰਗ ਅਤੇ ਅਵਿਸ਼ਵਾਸ ਝਲਕਣ ਲਗ ਪਿਆ ।

''ਮੇਰੀ ਚਾਚੀ, ਅੱਧੀ ਰਾਤ ਦੇ ਬਾਅਦ ਦਾਦਾ ਜੀ ਪੁਕਾਰਦਾ ਹੋਇਆ ਦਾਨੀਕੁੱਟੀ ਆਇਆ । ਮੈਂ ਸੌਂ ਰਹੀ ਸੀ । ਆਵਾਜ਼ ਸੁਣ ਕੇ ਉਠੀ ਤੇ ਜਾ ਕੇ ਵੇਖਿਆ ਤੇ ਪਛਾਣ ਵੀ ਨਾ ਸਕੀ......''

ਚੇਲੰਮਾ ਨੇ ਪੁਛਿਆ—''ਪਛਾਨਣ ਦਾ ਸਵਾਲ ਹੀ ਕੀ ਸੀ ? ਕੀ ਚਾਚੀ ਨੇ ਦਾਨੀਕੁੱਟੀ ਭਈਆ ਨੂੰ ਵੇਖਿਆ ਹੋਇਆ ਨਹੀਂ ਸੀ ?''

''ਮੇਰੀ ਚੇਲੰਮਾ, ਤਿੰਨ ਚਾਰ ਸਾਲ ਬਾਅਦ ਪਹਿਲੀ ਵਾਰ ਉਸ ਸਮੇਂ ਦਾਨੀਕੁੱਟੀ ਨੂੰ ਵੇਖਿਆ ਸੀ ।

ਸ਼ੋਸ਼ੰਮਾ ਨੇ ਝਟ ਜਵਾਬ ਦਿਤਾ—

''ਚੁਪ ਰਹੋ ਦਾਨਾ । ਕਹੋ ਨਾ ਕਿ ਪਿਛਲੀ ਵਾਰ ਵੀ ਉਥੇ ਆਇਆ ਸੀ ।''

''ਕੌਣ ? ਦਾਨੀਕੁੱਟੀ ?''

''ਜਾਣ ਦਾ ਕੀ ਡਰ ਹੈ ਮਾਂ ? ਉਹ ਕੋਈ ਪਰਾਇਆ ਘਰ ਹੈ ?''

''ਪਰ ਝੂਠ ਕਿਉਂ ਬੋਲਦੀ ਹੈਂ ?''

ਇਸ ਤੇ ਵੀ ਆਪਣੇ ਆਪ ਨੂੰ ਕਾਬੂ ਵਿਚ ਰਖਦਿਆਂ ਕਿਹਾ—

''ਮੈਂ ਕੋਈ ਝੂਠ ਨਹੀਂ ਬੋਲਦੀ । ਝੂਠ ਬੋਲਣ ਦਾ ਕੁਝ ਮਤਲਬ ਵੀ ਤਾਂ

ਹੋਵੇ ?''

''ਮਤਲਬ ਦਾ ਤਾਂ ਤੈਨੂੰ ਪਤਾ ਹੋਵੇ। ਸੱਚ ਕਹਿਣ ਤੇ ਕੀ ਸਭ ਨੂੰ ਪਤਾ ਨਾ ਲਗ ਜਾਏ ਕਿ ਘਰ ਦੇ ਅੰਦਰ ਬੁਲਾ ਕੇ ਕੀ ਕੁਝ ਖੋਹ ਲਿਆ ?''

ਹੁਣ ਉਹ ਆਪਣੇ ਆਪ ਨੂੰ ਰੋਕ ਨਾ ਸਕੀ—

''ਇਹ ਧੰਦਾ ਤੁਹਾਡਾ ਹੀ ਹੈ।''

''ਛੀ, ਛੀ, ਜਾ, ਜਾ, ਬਾਪ ਤੇ ਭਰਾ ਦਾ ਫ਼ਰਕ ਨਾ ਸਮਝਣ ਵਾਲੀ।''

ਇਸ ਦੇ ਬਾਅਦ ਜੋ ਕਿਹਾ ਤੇ ਜੋ ਸੁਣਿਆ ਕੁਝ ਯਾਦ ਨਹੀਂ। ਖੂਬ ਸੁਣਾਈਆਂ। ਜਦ ਗੱਲ ਇੰਨੀ ਵਧ ਜਾਏ ਤਾਂ ਚੁਪ ਕਿਵੇਂ ਰਹੇ ?''

ਘਰ ਪਹੁੰਚੀ ਤਾਂ ਕੁੰਏਨਾਚੰਨ ਨੂੰ ਵੀ ਗੁੱਸੇ ਭਰੀ ਆਵਾਜ਼ ਵਿਚ ਹੀ ਸਭ ਗੱਲਾਂ ਸੁਣਾਈਆਂ।

ਕੁੰਏਨਾਚੰਨ ਇਹ ਕਿੱਸਾ ਸੁਨ ਕੇ ਚੌਂਕ ਉਠੇ। ਅੰਗ-ਅੰਗ ਸਿਥਲ ਹੋ ਗਿਆ।

''ਸੋਟੀ ਦੇ ਕੇ ਮਾਰ ਖਾਣ ਵਾਲੀ ਗੱਲ ਹੋ ਗਈ ਬੇਟੀ।''

''ਸਭ ਕੁਝ ਬਰਦਾਸ਼ਤ ਕਰ ਲਵਾਂਗੇ। ਸਿਸਿਲੀ ਮੁੰਨੀ ਦੇ ਪਿਤਾ ਨੂੰ ਸਾਰੀ ਗੱਲ ਦਾ ਪਤਾ ਲੱਗਾ ਤਾਂ ਖੂਨ ਹੋ ਜਾਏਗਾ। ਇਨ੍ਹਾਂ ਲੋਕਾਂ ਵਿਚ ਚੈਨ ਨਾਲ ਰਹਿਣਾ ਵੀ ਮੁਸ਼ਕਿਲ ਹੋ ਗਿਆ......''

ਸੋਚਿਆ ਸੀ ਕਿ ਉਸ ਦਿਨ ਸ਼ਾਮ ਨੂੰ ਮਾਤੁਕੁੱਟੀ ਦੇ ਆਉਣ ਤੇ ਵਿਸਤਾਰ ਨਾਲ ਸਭ ਗੱਲਾਂ ਦਸੇਗੀ। ਪਰ ਉਹ ਕਿਵੇਂ ? ਘਰ ਇਕ ਘੜੀ ਠਹਿਰਣ ਤਾਂ ਹੀ ਤੇ ਕੁਝ ਦੱਸਿਆ ਜਾ ਸਕਦਾ ਹੈ। ਆਉਣ ਤਾਂ ਚਾਰ ਖੁਸ਼ਾਮਦੀ ਨਾਲ ਹੁੰਦੇ ਨੇ। ਕਿਧਰੇ ਵੀ ਜਾਣਾ ਹੋਵੇ, ਚਾਰ ਆਦਮੀ ਨਾਲ ਹੁੰਦੇ ਨੇ। ਜਿਵੇਂ ਰਾਜਨ ਬੇਟਾ ਆਖਦਾ ਹੈ, ਹਕੂਮਤ ਕਰਦੇ-ਫਿਰਦੇ ਨੇ। ਏਰਨਾਕੁਲਮ ਜਾਂ ਵਿਰੁਵਿਨੰਤਪੁਰਮ ਜਾਣ ਦੀ ਤਿਆਰੀ ਵਿਚ ਕਪੜੇ ਬਦਲਣ ਹੀ ਆਉਂਦੇ ਹਨ। ਅੱਧੇ ਘੰਟੇ ਵਿਚ ਚਲੇ ਵੀ ਜਾਂਦੇ ਨੇ। ਇੰਨੇ 'ਚ ਇਹ ਸਾਰੀਆਂ ਗੱਲਾਂ ਕਿਵੇਂ ਦਸੀਆਂ ਜਾਣ।

ਸ਼ਾਤੰਮਾ ਨੇ ਕਿਹਾ—''ਇਹ ਇਕ ਸਬਕ ਹੋ ਜਾਏ ਚਾਚੀ। ਹੁਣ ਪਛਤਾਇਆਂ ਜਾਂ ਮਨ ਮਸੋਸਿਆਂ ਕੀ ਲਾਭ ? ਈਸ਼ੋ ਸਭ ਜਾਣਦਾ ਹੈ।''

''ਫਿਰ ਵੀ ਬਿਨਾਂ ਕੁਝ ਕੀਤੇ—ਸੋਚੇ ਇਹ ਬਦਨਾਮੀ ਸਹਿਣੀ ਪਈ ਹੈ ਬੇਟੀ ?''

''ਬਿਨਾਂ ਜਾਣੇ ਸਮਝੇ ਇਸ ਤੋਂ ਵੀ ਸਖਤ ਅਪਮਾਨ ਝਲਣ ਵਾਲੇ ਵੀ ਹਨ ਚਾਚੀ। ਜਦ ਆਪਣੇ ਸਿਰ ਤੇ ਪੈਂਦੀ ਹੈ ਤਾਂ ਹੀ ਪਤਾ ਲਗਦਾ ਹੈ।''

ਦੀਨਾਮਾ ਸਮਝ ਗਈ ਕਿ ਸ਼ਾਤੰਮਾ ਦਾ ਕੀ ਮਤਲਬ ਹੈ। ਤਾਂ ਵੀ ਕੋਈ ਜਵਾਬ ਨਹੀਂ ਦਿਤਾ। ਜਾ ਕੇ ਮੰਜੀ ਤੇ ਪੈ ਗਈ। ਵਧ ਤੋਂ ਵਧ ਸੰਭਲ ਕੇ ਜੀਵਨ ਬਿਤਾਉਣ ਤੇ ਵੀ ਅਣਜਾਣੇ ਭੰਵਰ ਵਿਚ ਫਸ ਜਾਈਦਾ ਹੈ। ਦਾਨੀਕੁੱਟੀ ਤੋਂ ਪੈਸਾ ਲੈਣ ਸਮੇਂ ਅਜਿਹੇ ਖਤਰੇ ਦਾ ਸਵਾਲ ਸੁਫਨੇ ਵਿਚ ਵੀ ਨਹੀਂ ਸੀ। ਇਹ ਸੋਚ ਕੇ ਕੁਝ ਰਾਹਤ ਮਿਲੀ! ਕਠਿਨਾਈਆਂ ਹਲ ਹੋ ਜਾਣਗੀਆਂ। ਤੇਲ, ਉਬਟਨ, ਅਫੀਮ ਬਗੈਰਾ ਦੇ ਪੈਸਿਆਂ ਲਈ ਹੁਣ ਕਿਸੇ ਨੂੰ ਤੰਗ ਨਾ ਕਰਨਾ ਪਏਗਾ। ਸੋਚਿਆ ਤਾਂ ਇਹ

ਹੀ ਸੀ। ਪਰ ਹੋਇਆ ਕੁਝ ਹੋਰ ਹੀ। ਕੱਲੂਵਿਲਾ ਦੀ ਚਾਚੀ ਨੇ ਜੋ ਦੋਸ਼ ਲਾਇਆ ਹੈ, ਇਸ ਨੂੰ ਸੁਨਣ ਵਾਲੇ ਉਸ ਤੇ ਥੋੜ੍ਹਾ ਬਹੁਤ ਯਕੀਨ ਵੀ ਕਰਨਗੇ। ਆਖਦੇ ਨੇ ਸਿਰਫ ਪੰਜ ਸੌ ਦਿਤੇ। ਇਸ ਦੀ ਗਵਾਹੀ ਕਿਥੇ ਹੈ? ਆਖਦੇ ਨੇ ਇਕ ਵਾਰ ਹੀ ਆਇਆ। ਇਸ ਦਾ ਵੀ ਕੋਈ ਸਬੂਤ ਨਹੀਂ।''

ਸ਼ਾਤੰਮਾ ਨੇ ਸਿਸਿਲੀ ਮੁੰਨੀ ਨੂੰ ਨਵ੍ਹਾਇਆ। ਸਿਰਫ ਉਸ ਲਈ ਬਣਾਇਆ ਖਾਣਾ ਤੇ ਕਾਫੀ ਉਸ ਨੂੰ ਦਿਤੀ। ਧੋਤੇ ਹੋਏ ਕਪੜੇ ਪਵਾ ਕੇ ਸਕੂਲ ਭੇਜ ਦਿਤਾ। ਚੁਲ੍ਹੇ ਤੇ ਤਿਆਰ ਹੁੰਦੀ ਕੰਜੀ ਠੀਕ ਵੇਲੇ ਸਿਰ ਉਤਾਰ ਲਈ। ਅੰਬ ਦੀ ਚਟਨੀ ਪੀਸੀ। ਪਾਪੜ ਤਲੇ। ਦਾਦਾ ਜੀ ਨੂੰ ਦਾਤਨ ਤੇ ਪਾਣੀ ਲਿਆ ਦਿਤਾ। ਹੱਥ ਦਾ ਸਹਾਰਾ ਦੇ ਕੇ ਉਠਾਇਆ। ਇੰਨਾ ਕਰਨ ਦੇ ਬਾਅਦ ਰੋਜ਼ ਵਾਂਗ ਚਾਚੀ ਕੋਲ ਜਾ ਕੇ ਬੋਲੀ—

''ਉਠ ਕੇ ਕਾਂਜੀ ਪਿਲਾਓ ਚਾਚੀ ਜੀ।''

''ਕੁਝ ਕਰ ਨਹੀਂ ਸਕਦੀ ਬੇਟੀ। ਦਾਦਾ ਜੀ ਨੂੰ ਪਿਆ ਕੇ ਤੂੰ ਵੀ ਪੀ ਲੈ।''

''ਉਠੋ ਚਾਚੀ! ਬੁੱਢੇ ਦਾਦਾ ਜੀ ਦਾ ਦਿਲ ਹੋਰ ਨਾ ਦੁਖਾਓ।''

ਹੱਠ ਕਰਨ ਤੇ ਦੀਨਾਮਾ ਨੇ ਉਠ ਕੇ ਹੱਥ ਮੂੰਹ ਧੋਤਾ ਤੇ ਚੌਂਕੇ ਵਿਚ ਆ ਕੇ ਕਾਂਜੀ ਪਰੋਸ ਦਿਤੀ।

ਸ਼ਾਤੰਮਾ ਕਾਂਜੀ ਲੈ ਕੇ ਕੁੰਏਨਾਚੰਨ ਦੇ ਕੋਲ ਗਈ ਤਾਂ ਉਸ ਸਮੇਂ ਉਹ ਮੰਜੀ ਤੇ ਲੇਟੇ ਹੋਏ ਸਨ। ਚਿਹਰੇ ਤੇ ਦੁਖ ਪੂਰਣ ਭਾਵ ਸੀ। ਜਾਨੋ ਕਿਸੇ ਨੇ ਅਚਾਨਕ ਹੀ ਥੱਪੜ ਦੇ ਮਾਰਿਆ ਹੋਵੇ।

''ਦਾਦਾ ਜੀ।''

''ਹੂੰ।''

''ਕਾਂਜੀ ਪੀਣ ਲਈ ਉਠੋ ਨਾ?''

ਉਸ ਨੂੰ ਆਉਣ ਦੇ।''

''ਕਿਸ ਨੂੰ?''

''ਸਭ ਤੋਂ ਵਡੇ ਨੂੰ। ਸਵੇਰੇ-ਸਵੇਰੇ ਕੁਝ ਵੀ ਖਾਧੇ ਬਗੈਰ ਹੀ ਗਿਆ ਹੈ ਨਾ?''

ਸ਼ਾਤੰਮਾ ਤੱਕਦੀ ਰਹਿ ਗਈ।

''ਕੁੰਯਹਮੰਦ ਰਾਓਤਰ ਪਿਛਲੀ ਸੋਲਾਂ ਤਾਰੀਖ ਨੂੰ ਕੋਲੱਕਟਵ ਤੋਂ ਉਹ ਬੁੰਦਕੀ ਵਾਲਾ ਬੈਲ ਲੈ ਗਿਆ। ਅਜੇ ਤੱਕ ਪੈਸੇ ਨਹੀਂ ਦਿਤੇ।''

''ਦਾਦਾ ਜੀ!''

ਕਹੀ ਦੀਨਤਾਪੂਰਨ ਨਜ਼ਰ। ਬੰਧਨ ਵਿਚ ਪਿਆ ਇਕ ਲਾਚਾਰ ਬੁੱਢਾ ਬੈਲ ਮਾਰ ਪੈਣ ਤੇ ਛੁਟ ਕੇ ਦੌੜਨ ਦੀ ਕੋਸ਼ਿਸ਼ ਕਰਕੇ ਹਾਰ ਗਿਆ। ਜਿਵੇਂ ਸੌ ਮੀਲ ਚਲਣ ਦੀ ਥਕਾਵਟ ਨਾਲ ਹਫ ਜਾਈਦਾ ਹੈ। ਪਸੀਨੇ ਨਾਲ ਤਰ ਸ਼ਾਤੰਮਾ ਡਰ ਗਈ।

''ਦਾਦਾ ਜੀ।''

ਕੁੰਏਨਾਚੰਨ ਦੀਆਂ ਅੱਖੀਆਂ 'ਚੋਂ ਬਿਨਾਂ ਬੱਦਲ ਦੇ, ਬਿਨਾਂ ਗਰਜਨ ਦੇ ਹੋਣ

ਵਾਲੀ ਬਾਰਿਸ਼ ਵਾਂਗ ਅੱਥਰੂ ਵਗ ਟੁਰੇ । ਉਨ੍ਹਾਂ ਅੱਖੀਆਂ ਬੰਦ ਕਰ ਲਈਆਂ ।

ਸ਼ਾਤੰਮਾ ਚੀਕ ਉਠੀ—

"ਚਾਚੀ ਜੀ ! ਇਹ ਵੇਖਿਆ ?......"

ਦੀਨਾਮਾ ਦੌੜਦੀ ਆਈ—

"ਬਾਬੂ ਜੀ ।"

"ਦਾਦਾ ਜੀ ।"

ਹਿਲਦੇ ਨਹੀਂ । ਬੇਹੋਸ਼ੀ । ਅੱਖੀਆਂ ਖੋਲ੍ਹਣ ਦੀ ਕੋਸ਼ਿਸ਼ ਤਾਂ ਕਰ ਰਹੇ ਹਨ— ਪਰ ਖੋਲ੍ਹ ਨਹੀਂ ਸਕਦੇ ।

ਦੀਨਾਮਾ ਨੇ ਜਿਵੇਂ ਆਪਣੇ ਮਨ ਵਿਚ ਹੀ ਆਖਿਆ—

"ਏ ਪਿਤਾ ! ਇਹ ਕਿਹੋ ਜਿਹੀ ਸਜ਼ਾ ਹੈ ।"

ਕਾਫੀ ਦੇਰ ਬਾਅਦ ਕੁੰਏਨਾਚੰਨ ਨੇ ਅੱਖੀਆਂ ਖੋਲ੍ਹੀਆਂ, ਜਿਵੇਂ ਹੁਣੇ ਨੀਂਦ ਖੁਲ੍ਹੀ ਹੋਵੇ ।

"ਪਿਤਾ ਜੀ ! ਕੀ ਤਬੀਅਤ ਠੀਕ ਨਹੀਂ ?"

"ਅਚੀ, ਕੁਝ ਨਹੀਂ ।"

"ਕੁਝ ਨਹੀਂ ? ਯਾਦ ਏ ਕੀ ਕੀ ਬੜਬੜਾਂਦੇ ਪਏ ਸਾਓ ?"

"ਹਾਂ ।"

"ਕੀ ਇਨ੍ਹਾਂ ਤਕਲੀਫਾਂ ਨਾਲ ਜੀ ਨਹੀਂ ਭਰਿਆ ਜੋ ਦਾਦਾ ਜੀ ਆਪ ਹੋਰ ਵੀ ਤੰਗ ਕਰਦੇ ਹੋ ?"

"......"

"ਕਾਂਜੀ ਲਿਆਵਾਂ ?"

"ਲੈ ਆ ।"

ਬੜੇ ਚਾਅ ਨਾਲ ਕਾਂਜੀ ਪੀਣ ਲੱਗ ਪਏ । ਪਰ ਚਾਰ ਚਮਚੇ ਪੀਤਿਆਂ ਹੀ ਜੀਅ ਭਰ ਆਇਆ ਫਿਰ ਪਸੀਨਾ ਛੁਟ ਪਿਆ । ਥੱਕ ਕੇ ਮੰਜੀ ਤੇ ਲੇਟ ਗਏ ।

ਦੀਨਾਮਾ ਤੇ ਸ਼ਾਤੰਮਾ ਕੁੰਏਨਾਚੰਨ ਤੇ ਹਰੀ ਚਾਦਰ ਦੇ ਕੇ ਚੌਂਕੇ ਵਿਚ ਗਈਆਂ ।

ਦੀਨਾਮਾ ਬੋਲੀ—

"ਮਨ ਦਾ ਕਸ਼ਟ ਬਹੁਤ ਵਧ ਗਿਆ ਹੈ । ਸਹਿਣ ਕਰਨ ਦੀ ਤਾਕਤ ਨਹੀਂ ਰਹੀ ।"

ਦੁਪਹਿਰ ਦਾ ਵਕਤ । ਸ਼ਿਵਰਾਮ ਕੁਰੁਪ ਕੁੰਏਨਾਚੰਨ ਨਾਲ ਗੱਲਾਂ ਕਰ ਰਿਹਾ ਸੀ ਕਿ ਦੋ ਜਣੇ ਫਾਟਕ ਪਾਰ ਕਰਕੇ ਅੰਦਰ ਆਏ । ਇਕ ਕਰਤਿਕਪੱਲੀ ਦੇ ਫਾਦਰ ਦੂਜੀ ਸ਼ਾਤੰਮਾ ਦੀ ਮਾਂ ।

"ਆਓ ਫਾਦਰ ! ਵੇਖਿਆਂ ਬਹੁਤ ਦਿਨ ਹੋ ਗਏ ।"

ਕੁਰੁਪ ਦੀਆਂ ਗੱਲਾਂ ਸੁਣ ਕੇ ਦੀਨਾਮਾ ਬਾਹਰ ਆਈ ਤੇ ਵੇਖਿਆ ਤਾਂ ਘਬਰਾ ਗਈ । ਚਿਹਰਾ ਠੰਡਾ ਹੋ ਗਿਆ । ਦੋਵੇਂ ਇਕੱਠੇ ਆਏ ਹਨ । ਨਾ ਹਿਚਕ ਨਾ

ਸੰਕੋਚ । ਚਾਰ ਪੰਜ ਮਹੀਨੇ ਪਹਿਲਾਂ ਹੀ ਫਾਦਰ ਨੂੰ ਵੇਖਿਆ ਸੀ । ਵਿਆਹ ਦੇ ਸੱਦੇ ਦੇਣ ਗਈ ਤਾਂ ਕੇਵਲ ਫਾਦਰ ਦੇ ਘਰ ਹੀ ਨਹੀਂ ਗਈ ।

ਗੁਆਂਢ ਵਿਚ ਰਹਿਣ ਵਾਲੀ ਵੱਡੀ ਭੈਣ ਨੂੰ ਜਾ ਕੇ ਨਿਓਤਾ ਦੇ ਆਈ ਸੀ । ਘਰੋਂ ਤਾਕੀਦ ਕਰ ਦਿਤੀ ਗਈ ਸੀ ਕਿ ਫਾਦਰ ਦੇ ਘਰ ਕਦਮ ਨਹੀਂ ਰਖਣਾ । ਇਸ ਘਟਨਾ ਕਾਰਨ ਬਹੁਤ ਸ਼ਕਾਇਤ ਤੇ ਝਾੜ ਝਪਟ ਸੁਣਨੀ ਪਈ ।

ਕੁਰੁਪ ਨੇ ਆਖਿਆ—

ਕੁੰਯੇਨਾਮਾਪਿਲਾ ਨੂੰ ਅਜ ਕੁਝ ਵਧੀਕ ਥਕਾਵਟ ਮਹਿਸੂਸ ਹੋ ਰਹੀ ਹੈ ।''

''ਮਾਮਾ ਜੀ ਨੇ ਕੀ ਮੈਨੂੰ ਪਛਾਣਿਆ ਨਹੀਂ ?''

ਕੌਣ ?''

ਫਾਦਰ ਨੇ ਉਤਰ ਨਹੀਂ ਦਿਤਾ । ਦੀਨਾਮਾ ਨੇ ਆਖਿਆ—

''ਕਾਰਤੀਪੱਲੀ ਦੇ ਫਾਦਰ ਹਨ, ਬਾਬੂ ਜੀ ।''

''ਕਦ ਆਏ ?''

''ਹੁਣੇ ਆਇਆ ਹਾਂ, ਮਾਮਾ ਜੀ ।''

''ਕੀ ਇਥੇ ਹੀ ਨਹੀਂ ਸਾਓ ?''

''ਕੀ ਡਰ ਕੇ ਕਿਧਰੇ ਭੱਜ ਕੇ ਜਾ ਸਕਦਾ ਸਾਂ ?''

ਆਵਾਜ਼ ਦੁਖ ਭਰੀ ਹੋਣ ਦੇ ਬਾਵਜੂਦ ਵੀ ਫਾਦਰ ਦੇ ਸਹਿਜ ਹਾਸੇ ਨੇ ਕਮਰੇ ਨੂੰ ਗੁੰਜਾ ਦਿਤਾ ।

''ਦੂਜਾ ਕੌਣ ਏ ?''

''ਸ਼ਾਤੰਮਾ ਦੀ ਮਾਂ ।''

ਕੁਰੁਪ ਨੇ ਆਖਿਆ—

''ਵੇਖਦਿਆਂ ਹੀ ਮਨ ਵਿਚ ਸ਼ੱਕ ਹੋਇਆ ਸੀ । ਪੁੱਛਣ ਦੀ ਇੱਛਾ ਸੀ ਦੇਖ ਕੇ ਬਹੁਤ ਪ੍ਰਸੰਨਤਾ ਹੋਈ ।''

ਦੀਨਾਮਾ ਬੋਲੀ—

''ਪਿਤਾ ਜੀ ਦੇ ਦੋਸਤ ਹਨ ਕੁਰੁਪ ।''

''ਬਿਟੀਆ ਕਿਥੇ ਹੈ ਦੀਨਾਮਾ ?''

''ਨਹਾਣ ਲਈ ਨਦੀ ਦੇ ਘਾਟ ਤੇ ਗਈ ਹੈ ।''

ਕੁਝ ਘਬਰਾ ਕੇ ਸ਼ਾਤੰਮਾ ਦੀ ਮਾਂ ਨੇ ਪੁਛਿਆ—

''ਇਸ ਦੁਪਹਿਰ ਵੇਲੇ ?''

''ਕਪੜੇ ਧੋਣੇ ਸਨ । ਨਾਲ ਕਿਸੇ ਨੂੰ ਭੇਜਿਆ ਹੈ ।''

ਕੁਰੁਪ ਨੇ ਆਖਿਆ—

''ਡਰਨ ਦੀ ਕੋਈ ਗੱਲ ਨਹੀਂ । ਪੂਰੇ ਇਲਾਕੇ ਵਿਚ ਕੁੰਯੇਨਾਮਾਪਿਲ਼ਾ ਦੇ ਘਰ ਵਾਲੇ ਹੀ ਹਨ ।''

''ਮਾਮਾ ਜੀ ਨੂੰ ਕਮਜ਼ੋਰੀ ਮਹਿਸੂਸ ਹੋ ਰਹੀ ਹੈ ।''

''ਕਮਜ਼ੋਰੀ ?''

''ਹਾਂ।''

''ਝੜੀ ਹੋਈ ਪੀੜ੍ਹੀ ਦਾ ਆਖਰੀ ਪੱਤਾ, ਗੰਡਾਂ, ਡੰਡਲਾਂ ਨਾਲੋਂ ਛੁੱਟ ਰਿਹਾ ਹੈ।''

''ਹਾਂ ਮਾਮਾ ਜੀ, ਤਿਆਰ ਰਹਿਣਾ ਚਾਹੀਦਾ ਹੈ।''

ਕੁਰੁਪ ਬੋਲਿਆ--

''ਓਹ ! ਕਿਹੋ ਜਿਹਾ ਫ਼ਲਸਫ਼ਾ। ਅਪਰੰਪਾਰ। ਫਾਦਰ ? ਅਸਲ ਵਿਚ ਕੁੰਯੇਨਾਮਾਪਿਲਾ ਨਾਲ ਨਿਕਟਤਾ ਹੋ ਜਾਣ ਕਾਰਨ ਕੋਈ ਵੀ ਹੋਵੇ ਈਸਾਈ ਮਤ ਤੇ ਵਿਸ਼ਵਾਸ ਕਰਨ ਲਗ ਪਵੇਗਾ।''

''ਕੁੰਏਨਾਚੰਨ ਦਾ ਧਿਆਨ ਇਥੇ ਨਹੀਂ ਸੀ।

''ਪਰ ਇਕ ਗੱਲ ਹੈ......''

''ਕੀ ?''

''ਦੁਸ਼ਟ ਲੋਕ ਜਿਤ ਗਏ ਹਨ। ਉਨ੍ਹਾਂ ਦੀ ਤਾਕਤ ਵਧ ਗਈ ਹੈ। ਪ੍ਰਭੂ ਦਾ ਡੰਡਾ ਉਨ੍ਹਾਂ ਲੋਕਾਂ ਤੇ ਨਹੀਂ ਪੈਂਦਾ। ਉਹ ਕਿਉਂ ? ਜਿਵੇਂ ਕਿ ਅਯੂਬ ਨੇ ਪੁਛਿਆ-- ਅਜਿਹਾ ਕਿਉਂ ਹੁੰਦਾ ਹੈ ?''

''ਮਾਮਾ ਜੀ, ਅਯੂਬ ਦੀ ਪੁਸਤਕ ਵਿਚ ਹੀ ਉਸ ਦਾ ਜਵਾਬ ਵੀ ਦਿਤਾ ਹੈ। ਈਸ਼ਵਰ ਮਨੁੱਖ ਦਾ ਕੁਕਰਮ ਉਸ ਦੀ ਸੰਤਾਨ ਲਈ ਸੁਰਖਿਅਤ ਰਖਦਾ ਹੈ।''

ਕੁੰਏਨਾਚੰਨ ਦੀਆਂ ਗੱਲਾਂ ਜਾਰੀ ਸਨ--

''ਯਹੋਵਾ ਮੂਸਾ ਨੂੰ ਆਖਦੇ ਹਨ--ਆਹਰੋਨ ਦੇ ਪੁੱਤਰ ਪੁਰੋਹਿਤਾਂ ਨੂੰ ਇਹ ਹੀ ਕਹੋ ਕਿ ਜਿਸ ਪੁਰੋਹਿਤ ਦੇ ਸਿਰ ਤੇ ਅਭਿਸ਼ੇਕ ਦਾ ਇਤਰ ਪਾਇਆ ਗਿਆ ਹੈ, ਸਭਾ ਬਸਤ੍ਰ ਧਾਰਨ ਕਰਕੇ ਜੋ ਪ੍ਰਤਿਸ਼ਠਿਤ ਹੈ, ਉਸ ਪੁਰੋਹਿਤ ਨੂੰ ਕਵਾਰੀ ਲੜਕੀ ਨਾਲ ਹੀ ਵਿਆਹ ਕਰਨਾ ਚਾਹੀਦਾ ਹੈ। ਵਿਧਵਾ, ਛੁੱਟੜ, ਭੈੜੇ ਚਾਲਚਲਣ ਵਾਲੀ ਜਾਂ ਵੇਸਵਾ ਨੂੰ ਸਵੀਕਾਰ ਨਹੀਂ ਕਰਨਾ ਚਾਹੀਦਾ।''

''ਹਾਂ ਠੀਕ ਹੈ, ਪਰ ਮਾਮਾ ਜੀ ਇਸ ਸਮੇਂ ਇਹ ਕਿਉਂ ਦੱਸ ਰਹੇ ਹਨ ?''

''ਕਾਰਨ ?''

''ਹਾਂ।''

ਦੀਨਾਮਾ ਦੇ ਕਾਹਲੀ ਕਰਦੇ ਹੋਏ ਕਿਹਾ--

''ਚੁੱਪ ਰਹੋ ਬਾਬੂ ਜੀ। ਪਤਾ ਹੈ ਜੇ ਕੀ ਕਹਿ ਰਹੇ ਹੋ ?''

ਫਾਦਰ ਨੇ ਰੁੱਖਾ ਹੋ ਕੇ ਕਿਹਾ--

''ਤੂੰ ਕਿਉਂ ਡਰਨੀ ਏਂ ? ਮਾਮਾ ਜੀ ਦਾ ਕਹਿਣਾ ਬੇਹੋਸ਼ੀ ਦੀ ਬਕਬਕ ਵੀ ਹੋਵੇ, ਪਰ ਮੇਰੇ ਸੁਨਣ ਨਾਲ ਕੋਈ ਆਫ਼ਤ ਨਹੀਂ ਆਉਣ ਲਗੀ।''

ਦੀਨਾਮਾ ਦੀ ਘਬਰਾਹਟ ਘਟੀ ਨਹੀਂ।

''ਤਾਂ ਕੁਰੁਪ ਜੀ ਜਾਓ।''

ਅਜੇ ਵੀ ਫਾਦਰ ਹੱਠ ਛੱਡਣ ਨੂੰ ਤਿਆਰ ਨਹੀਂ ਸਨ।

''ਕਿਉਂ ? ਕੁਰੁਪ ਜੀ ਰਹਿਣ ਇਥੇ। ਮੈਂ ਕੁਝ ਗੱਲਾਂ ਕਰਨੀਆਂ ਚਾਹੁੰਦਾ ਹਾਂ

ਜੋ ਮਾਮਾ ਜੀ ਦੇ ਪਿਆਰੇ ਤੇ ਪੱਕੇ ਮਿੱਤਰ ਕੁਰੂਪ ਵੀ ਸੁਣ ਲੈਣ। ਦੀਨਾਮਾ ਤੂੰ ਨਾ ਘਬਰਾ। ਇਹ ਮੇਰੀ ਭੂਆ ਦਾ ਸਹੁਰਾ ਘਰ ਹੈ।''

ਫਿਸ ਤੇ ਵੀ ਦੀਨਾਮਾ ਨੇ ਮਨਾਣ ਦਾ ਯਤਨ ਨਹੀਂ ਛਡਿਆ—

''ਫਾਦਰ ਦੀ ਮਾਮੀ ਦਾ ਹੀ ਘਰ ਹੈ। ਇਹ ਮੈਨੂੰ ਵੀ ਪਤਾ ਹੈ। ਪਰ ਪਿਤਾ ਜੀ ਦਿਮਾਗ਼ ਦੀ ਖਰਾਬੀ ਵਿਚ ਕੁਝ ਕਹਿ ਗਏ ਤਾਂ ਉਸ ਦਾ ਬੁਰਾ ਨਾ ਮਨਾਉਣਾ।''

''ਓਹ! ਇਹ ਗੱਲ ਹੈ। ਦਿਮਾਗ ਦੀ ਖਰਾਬੀ ਮਾਮਾ ਜੀ ਦੀ ਹੈ ਨਾ? ਤੇਰੇ ਪਤੀ ਤੇ ਹੋਰ ਵੱਡੇ ਭਰਾਵਾਂ ਦੇ ਦਿਮਾਗ਼ ਤਾਂ ਠੀਕ ਹਨ ਨਾ? ਕੀ ਤੇਰਾ ਵਰਤਾ ਤੇ ਗੱਲਾਂ ਠੀਕ ਸਨ?''

ਦੀਨਾਮਾ 'ਚ ਫਾਦਰ ਦਾ ਮੁਕਾਬਲਾ ਕਰਨ ਦੀ ਹਿੰਮਤ ਨਹੀਂ ਰਹੀ। ਸ਼ਾਤੰਮਾ ਦੀ ਮਾਂ ਵਲ ਵੀ ਅੱਖ ਚੁਕ ਕੇ ਵੇਖਣ ਦੀ ਹਿੰਮਤ ਨਹੀਂ। ਉਸ ਦੀ ਨਜ਼ਰ ਵਿਚ ਕਿਹੋ ਜਹੀ ਨਿਡੱਰਤਾ ਹੈ?

''ਵਿਆਹ ਮੇਰੀ ਭੂਆ ਦੇ ਪੋਤੇ ਦਾ। ਨਾਲ ਹੀ ਇਸ ਦਾ ਸੁਝਾਓ ਵੀ ਮੈਂ ਪੁਰੋਹਿਤ ਨੇ ਹੀ ਲਿਆਂਦਾ ਸੀ। ਉਸ ਵਿਆਹ ਲਈ ਮੈਨੂੰ ਸੱਦਾ ਨਾ ਭੇਜਣ ਦਾ ਕੀ ਮਤਲਬ ਹੈ?''

ਦੀਨਾਮਾ ਪੈਰ ਦੇ ਅੰਗੂਠੇ ਨਾਲ ਜ਼ਮੀਨ ਤੇ ਲਕੀਰਾਂ ਖਿਚਦੀ ਸਿਰ ਝੁਕਾ ਕੇ ਖਲੋਤੀ ਰਹੀ।

''ਕੀ ਤੂੰ ਕੋਈ ਜਵਾਬ ਨਹੀਂ ਦੇਣਾ ਦੀਨਾਮਾ?''

''ਮੈਂ ਕੀ ਕਹਾਂ? ਵਿਆਹ ਦਾ ਸੱਦਾ ਤਾਂ ਮਰਦ ਹੀ ਦਿੰਦੇ ਹਨ।''

''ਆਪਣੀ ਵੱਡੀ ਦੀਦੀ ਤੇ ਬੱਚਿਆਂ ਨੂੰ ਤਾਂ ਤੂੰ ਹੀ ਸੱਦਾ ਦੇ ਕੇ ਆਈ ਸੀ। ਉਹ ਵੀ ਮੇਰੇ ਗੁਆਂਢ ਵਿਚ। ਫਿਰ ਦੂਜੀ ਦੀਦੀ ਤੇ ਬੱਚਿਆਂ ਨੂੰ ਕਿਉਂ ਨਾ ਸੱਦਾ ਦਿਤਾ?''

ਦੀਨਾਮਾ ਹੁਣ ਵੀ ਚੁੱਪ।

''ਜਵਾਬ ਕੋਈ ਨਹੀਂ ਨਾ। ਹੈ ਨਾ?''

''ਕੀ ਸੱਦਾ ਭੇਜਣ ਦਾ ਫੈਸਲਾ ਮੇਰੀ ਇੱਛਾ ਨਾਲ ਕੀਤਾ ਜਾਂਦਾ ਹੈ?''

''ਆਪਣੀ ਪਸੰਦ ਅਨੁਸਾਰ ਕੁਝ ਨਾ ਕਰੋ। ਪਰ ਤੈਨੂੰ ਪਤਾ ਹੈ ਕਿ ਬੁਲਾਇਆ ਕਿਉਂ ਨਹੀਂ। ਉਹ ਕਾਰਨ ਤਾਂ ਦੱਸ। ਮੈਂ ਸੁਣਨਾ ਚਾਹੁੰਦਾ ਹਾਂ।''

ਦੀਨਾਮਾ ਪਰੇਸ਼ਾਨ ਹੋ ਗਈ।

''ਹਿਚਕਨੀ ਕਿਉਂ ਏਂ? ਜਦ ਰੋਗ ਛੁਪਾ ਕੇ ਦਵਾਦਾਰੂ ਕਰਨ ਦਾ ਵਕਤ ਲੰਘ ਜਾਂਦਾ ਹੈ ਤਾਂ ਰੋਗ ਦਾ ਸਭ ਨੂੰ ਪਤਾ ਲਗ ਹੀ ਜਾਂਦਾ ਹੈ।''

''ਜੋ ਹੋ ਚੁਕਾ ਸੋ ਹੋ ਚੁਕਾ? ਉਹੀ ਪੁਰਾਣੀਆਂ ਗੱਲਾਂ ਦੋਹਰਾਣ ਦਾ......''

''ਕੀ ਹੋ ਚੁਕਾ ਏ? ਮਨ ਨਾਲ ਜਾਂ ਜ਼ਬਾਨ ਨਾਲ ਕੋਈ ਅਪਰਾਧ ਨਾ ਕਰਨ ਵਾਲੀ ਇਕ ਲੜਕੀ ਤੁਹਾਡੇ ਘਰ ਵਿਚ ਤੜਫ ਰਹੀ ਹੈ। ਅਭਾਗਣ ਲੜਕੀ ਨੂੰ ਆਪਣੇ ਪਿਤਾ ਦਾ ਮੂੰਹ ਦੇਖਣਾ ਤੱਕ ਨਸੀਬ ਨਹੀਂ ਹੋਇਆ। ਫਿਰ ਵੀ ਉਹ ਆਪਣੇ ਪਿਤਾ ਦੀ ਇਕ ਮੂਰਤੀ ਆਪਣੇ ਮਨ ਵਿਚ ਰਖ ਕੇ ਉਸ ਦੀ ਪੂਜਾ ਕਰ ਰਹੀ

ਸੀ । ਨਬੀ ਏਲੀਸਾ ਦੀ ਤਰ੍ਹਾਂ ਤੁਹਾਨੂੰ ਵੀ ਇਕ ਸੰਦੇਸ਼ ਮਿਲਿਆ । ਇਸ ਲੜਕੀ ਦਾ ਬਾਪ ਕੋਈ ਹੋਰ ਹੈ । ਹੈ ਨਾ ?......''

''ਇਹ ਸਭ ਗੱਲਾਂ ਫਾਦਰ ਨੂੰ ਕਿਸ ਨੇ ਕਹੀਆਂ ?''

''ਵਾਹ ! ਤੁਸਾਂ ਲੋਕਾਂ ਧਰਮਪ੍ਰਦੇਸ਼ ਦੇ ਲੋਕਾਂ ਨੂੰ ਬੁਲਾ ਕੇ ਜਿਸ ਗੱਲ ਤੇ ਵਿਚਾਰ-ਵਟਾਂਦਰਾ ਕੀਤਾ ਕੀ ਉਸ ਦਾ ਦੂਜੇ ਲੋਕਾਂ ਨੂੰ ਪਤਾ ਨਹੀਂ ਲੱਗਣ ਲੱਗਾ ? ਇਹ ਵੀ ਖੂਬ ਰਹੀ ।''

ਹੁਣ ਪਹਿਲੀ ਵਾਰ ਸ਼ਾਂਤੰਮਾ ਦੀ ਮਾਂ ਵਿਚ ਬੋਲੀ ।

''ਮੇਰੇ ਅਪਮਾਨ ਦੀ ਗੱਲ ਸੁਣ ਕੇ ਕਿਸੇ ਨੂੰ ਚਿੰਤਾ ਕਰਨ ਦੀ ਲੋੜ ਨਹੀਂ । ਅਬਲਾ ਅਤੇ ਵਿਧਵਾ ਇਸਤ੍ਰੀ ਕਿੰਨੀ ਵੀ ਆਸਤਿਕਤਾ ਨਾਲ ਕਿਉਂ ਨਾ ਦਿਨ ਗੁਜ਼ਾਰੇ ਉਹ ਮਾਨਵ ਸਮਾਜ ਦੇ ਅਪਮਾਨ-ਜਨਕ ਦੋਸ਼ਾਂ ਤੋਂ ਬਚਾਅ ਨਹੀਂ ਕਰ ਸਕਦੀ । ਇਹ ਮੇਰੇ ਆਪਣੇ ਤਜਰਜੇ ਦੀ ਗੱਲ ਹੈ । ਮੇਰੇ ਲਈ ਇਹ ਹੀ ਕਾਫੀ ਹੈ ਕਿ ਮੈਂ ਪ੍ਰਭੂ ਦੇ ਸਾਹਮਣੇ ਅਪਰਾਧੀ ਨਾ ਬਣਾ । ਮੈਂ ਆਪਣੀ ਬੇਟੀ ਨੂੰ ਇੰਨੀ ਸਾਵਧਾਨੀ ਨਾਲ ਪਾਲਿਆ ਹੈ ਕਿ ਉਹ ਨਾ ਧੁੱਪ ਵਿਚ ਮੁਰਝਾਏਗੀ ਨਾ ਅੱਗ ਵਿਚ ਹੀ ਸੜੇਗੀ । ਇਹ ਗੱਲਾਂ ਕਰਕੇ ਉਹ ਆਤਮ ਹੱਤਿਆ ਨਹੀਂ ਕਰਨ ਲੱਗੀ ।

ਕੁਰੂਪ ਬੋਲਿਆ--

''ਮੈਂ ਇਥੇ ਫਾਦਰ ਦੇ ਕਹਿਣ ਤੇ ਹੀ ਖੜਾ ਰਿਹਾ ਸਾਂ । ਤੁਸੀਂ ਲੋਕ ਇਥੇ ਪਰਿਵਾਰ ਦੀ ਕਿਸੇ ਗੱਲ ਦਾ ਚਰਚਾ ਕਰ ਰਹੇ ਹੋ ਇਸ ਲਈ ਮੇਰਾ ਇਥੇ ਕੋਈ ਕੰਮ ਨਹੀਂ । ਫਿਰ ਵੀ ਜੋ ਸੁਣਿਆ ਉਸ ਦੇ ਆਧਾਰ ਤੇ ਕਹਿ ਰਿਹਾ ਹਾਂ । ਸਭ ਕੁਝ ਗਲਤਫਹਿਮੀ ਸੀ । ਇਹ ਸਭ ਗੱਲਾਂ ਸਿਸਿਲੀ ਮੁੰਨੀ ਦੀ ਮਾਂ ਜਾਂ ਕੁੰਏਨਾਚੰਨ ਨੂੰ ਨਹੀਂ ਪਤਾ ।''

ਫਾਦਰ ਨੇ ਕੁਰੂਪ ਦੇ ਚਿਹਰੇ ਵਲ ਨਜ਼ਰ ਦੌੜਾਈ । ਵਿਅੰਗਮਈ ਹਾਸਾ ਹੱਸੇ—

''ਕੁਰੂਪ ਰਾਜ-ਗਵਾਹ ਬਣ ਰਹੇ ਹਨ । ਹੈ ਨਾ ? ਜਦ ਮੈਂ ਇਸ ਦੀ ਦੀਦੀ ਨਾਲ ਵਿਆਹ ਕਰਾਇਆ ਤਾਂ ਇਸ ਦੀ ਉਮਰ ਕੇਵਲ ਚਾਰ ਸਾਲ ਦੀ ਸੀ । ਇਹ ਮੇਰੀ ਛੋਟੀ ਭੈਣ ਦੇ ਰੂਪ ਵਿਚ ਵੱਡੀ ਹੋਈ ਪਰ ਕਿਸੇ ਚੁਗਲਖੋਰ ਦੀਆਂ ਗੱਲਾਂ ਸੁਣ ਕੇ ਇਸ ਨੇ ਇਕ ਭੇਦੀਏ ਦਾ ਕੰਮ ਕੀਤਾ ਹੈ ।''

''ਕੀ ਇਹ ਸੰਭਵ ਹੈ ?''

''ਥੋੜ੍ਹੀ ਦੇਰ ਪਹਿਲਾਂ ਮਾਮਾ ਜੀ ਨੇ ਇਕ ਪੁਰੋਹਿਤ ਦੀ ਉਪਮਾ ਦਿਤੀ ਸੀ ਨਾ ? ਉਹ ਮੇਰੇ ਵਲ ਇਸ਼ਾਰਾ ਕਰਕੇ ਹੀ ਦਿਤੀ ਗਈ ਸੀ । ਮਾਮਾ ਹੀ ਦਸਣ ਇਹ ਠੀਕ ਨਹੀਂ ।''

ਦੀਨਾਮਾ ਘਬਰਾਈ ਹੋਈ ਬੋਲੀ—

''ਬਕਬਕ ਕਰਦੇ ਬਾਬੂ ਜੀ ਕੋਲੋਂ ਕਿਉਂ ਇਹ ਸਭ ਗੱਲਾਂ ਅਖਵਾਂਦੇ ਹੋ ?''

''ਕੋਨਿਚਰਾ ਦੇ ਇਕ ਆਦਮੀ ਨੇ ਆ ਕੇ ਸਭ ਕੁਝ ਕਿਹਾ ਸੀ ।''

''ਹਾਂ ।''

"ਹਾਂ, ਕੀ ਕਿਹਾ ਸੀ ? ਸੁਣਾ ਤਾਂ ਸਹੀ ਮਾਮਾ ਜੀ।"

ਪਕੜੇ ਜਾਣ ਤੇ ਆਪਣਾ ਅਪਰਾਧ ਮੰਨਦੇ ਮਜਬੂਰ ਬਾਲਕ ਵਾਂਗ ਕੁੰਏਨਾਚੰਨ ਨੇ ਦੀਨ-ਦਰਿਸ਼ਟੀ ਨਾਲ ਰਵੀਂ ਪਾਸੀਂ ਨਜ਼ਰ ਫੇਰੀ। ਰੇਤ ਦਾ ਕਿਣਕਾ ਡਿੱਗੇ ਤਾਂ ਵੀ ਆਵਾਜ਼ ਸੁਣੀ ਜਾ ਸਕੇ।

ਕੁਝ ਪੱਕੇ ਦਾੜੀ ਮੁੱਛਾਂ ਵਾਲੇ ਮੂੰਹ ਤੇ ਨਿਰਭੈਤਾ ਸੀ। ਵਿਚ-ਵਿਚ ਵਿਅੰਗ ਦਾ ਰੰਗ ਵੀ ਨਜ਼ਰ ਆਉਂਦਾ ਸੀ।

ਅਚਾਨਕ ਮਿੱਟੀ ਦਾ ਘੜਾ ਹੇਠ ਡਿੱਗ ਕੇ ਚਕਨਾਚੂਰ ਹੋ ਗਿਆ। ਵਿਹੜੇ ਵਿਚੋਂ ਜ਼ੋਰ ਦੀ ਗੱਲਬਾਤ ਦੀ ਆਵਾਜ਼ ਆਈ। ਕੀਵਰੀਤ ਅਤੇ ਮਾਤੁਕੁੱਟੀ।

"ਤੁਸੀਂ ਉਸ ਦਾ ਸੁਭਾਅ ਬਚਪਨ ਤੋਂ ਹੀ ਜਾਣਦੇ ਹੋ। ਹੁਣ ਇਸ ਵੇਲੇ ਸਿੱਟਿਆਂ ਸਮੇਂ ਖਾਦ ਦੇਣ ਨਾਲ ਕੀ ਫ਼ਸਲ ਸੁਧਰ ਸਕਦੀ ਹੈ ?"

"ਹੋਰ ਕਿਸੇ ਨੂੰ ਕਿਉਂ ਕਹੀਏ ? ਪਿਤਾ ਜੀ ਦੀ ਭੁਲ ਹੈ। ਦੂਜੇ ਘਰ ਦੀ ਸ੍ਰੀਮਤੀ ਦੀ ਵੀ। ਉਸ ਛੋਕਰੇ ਦੇ ਦਿਤੇ ਹੋਏ ਰੁਪਏ ਲੈ ਕੇ ਰਖ ਤਾਂ ਲਏ। ਉਹ ਵਾਪਸ ਦੇਣ ਦੀ ਕੀ ਲੋੜ ਸੀ ? ਸੋਟੀ ਦੇ ਕੇ ਮਾਰ ਖਾ ਰਹੇ ਸਨ ਨਾ ?"

"ਓਹ, ਬਹੁਤ ਕਮਜ਼ੋਰ ਹੋਣ ਤੇ ਵੀ ਪਿਤਾ ਜੀ ਨੂੰ ਕਿਸੇ ਪੁੱਤਰ ਦੇ ਮਨ ਦਾ ਕਸ਼ਟ ਵੇਖਣ ਤੇ ਚੈਨ ਨਹੀਂ ਮਿਲਦਾ।"

ਮਹਿਮਾਨਾਂ ਨੂੰ ਵੇਖ ਦੋਨੋ ਕੁਝ ਝਿਜਕੇ। ਘਬਰਾਹਟ ਛੁਪਾਂਦੇ ਹੋਏ ਕੀਵਰੀਤ ਨੇ ਪੁਛਿਆ—

"ਫਾਦਰ ਕਦ ਆਏ ?"

"ਥੋੜ੍ਹੀ ਦੇਰ ਹੋਈ।"

"ਦੋਨੋ ਇਕੱਠੇ ਹੀ ਆਏ ?"

"ਹਾਂ।"

ਹੋਰ ਪੁੱਛਣ ਲਈ ਕੁਝ ਨਹੀਂ ਰਿਹਾ। ਇਸ ਲਈ ਪਿਤਾ ਜੀ ਤੋਂ ਪੁਛਿਆ— "ਸੁਣਿਆ ਸੀ ਪਿਤਾ ਜੀ ਦੀ ਤਬੀਅਤ ਕੁਝ ਖਰਾਬ ਸੀ। ਹੁਣ ਕਿਸ ਤਰ੍ਹਾਂ ਹੈ ?"

"ਕੀਵਰੀਤ ਹੈ ਨਾ ?"

"ਹਾਂ, ਪਿਤਾ ਜੀ।"

"ਫਾਦਰ ਪੁੱਛ ਰਹੇ ਸਨ ਕਿ ਕੋਨਾਚਿਰਾ ਵਾਲੇ ਲੋਨਾਨਾ ਨੇ ਇਥੇ ਆ ਕੇ ਕੀ ਆਖਿਆ ਸੀ ? ਤੂੰ ਦਸ।"

ਅਚਾਨਕ ਬੰਦੂਕ ਦੀ ਨੋਕ ਤੇ ਖੜਾ ਕਰ ਦੇਣ ਵਾਂਗ ਮਹਿਸੂਸ ਕੀਤਾ। ਕੀਵਰੀਤ ਤੇ ਮਾਤੁਕੁੱਟੀ ਨੇ ਝੁਕਵੀਂ ਨਜ਼ਰ ਨਾਲ ਸ਼ਾਤੰਮਾ ਦੀ ਮਾਂ ਨੂੰ ਵੇਖਿਆ, ਦੀਨਾਮਾ ਨੂੰ ਵੀ।

ਕੀਵਰੀਤ ਸਮਝ ਗਿਆ ਕਿ ਸੰਕਟ ਤੋਂ ਪਾਰ ਲੰਘਣਾ ਉਸ ਦਾ ਆਪਣਾ ਫਰਜ਼ ਹੈ। ਇਸ ਲਈ ਕਹਿਣ ਲੱਗਾ—

"ਪਿਤਾ ਜੀ ਇਹ ਕੀ ਕਹਿ ਰਹੇ ਹੋ ? ਕਿਹੜੇ ਕੋਨਚਿਰਾ ਵਾਲੇ ? ਕਿਹੜੇ ਲੋਨਾਨਾ, ਅਜੇ ਵੀ ਦਿਮਾਗ਼ ਕੁਝ ਵਿਗੜਿਆ ਹੋਇਆ ਲੱਗਦਾ ਏ ?"

ਫਾਦਰ ਨੇ ਆਖਿਆ—

"ਨਹੀਂ, ਕੀਵਰੀਤ ਭਈਆ, ਮਾਮਾ ਜੀ ਨੇ ਠੀਕ ਆਖਿਆ ਹੈ ਕਿ ਮੈਂ ਪੁਛਿਆ ਹੈ। ਮੈਂ ਇਹ ਜਾਨਣ ਲਈ ਹੀ ਇਥੇ ਆਇਆ ਹਾਂ।"

ਛੁੱਟਣ ਦਾ ਕੋਈ ਰਾਹ ਨਹੀਂ। ਬੰਦੂਕ ਛਾਤੀ ਦੇ ਸਾਹਮਣੇ ਤਾਨੀ ਹੋਈ ਹੈ। ਫਿਰ ਵੀ ਇਕ ਵਾਰ ਹੋਰ ਕੋਸ਼ਿਸ਼ ਕੀਤੀ--

"ਓਹ ! ਪੁਛਿਆ ! ਸੁਣਿਆ ! ਫਾਦਰ ਚੁੱਪ ਰਹਿਣ।"

"ਇਹ ਠੀਕ ਨਹੀਂ ਕੀਵਰੀਤ ਭਈਆ। ਮੈਂ ਇਹ ਗੱਲ ਸ਼ਾਦੀ ਦੇ ਪਹਿਲਾਂ ਹੀ ਪੁਛ ਸਕਦਾ ਸਾਂ। ਪਰ ਸ਼ਾਦੀ ਰੁਕ ਜਾਂਦੀ। ਇਹ ਗੱਲ ਗਲਤ ਸਮਝ ਕੇ ਨਹੀਂ ਆਇਆ। ਹੁਣ ਹੀ ਸਹੀ। ਇਸ ਗੱਲ ਦੀ ਸਚਾਈ ਜਾਨਣੀ ਚਾਹੀਦੀ ਹੈ।"

ਦਲੀਲਾਂ ਸੁਣ ਕੇ ਮਾਤੁਕੁੱਟੀ ਦੇ ਦਿਲ ਵਿਚ ਕੁਝ ਚੁਭਿਆ--

"ਸੱਚ ਤੇ ਝੂਠ ਤਾਂ ਕਰਨ ਵਾਲਿਆਂ ਨੂੰ ਪਤਾ ਹੋਵੇਗਾ। ਉਹ ਹੁਣ ਇਥੇ ਦੋਹਰਾਣ ਦਾ ਲਾਭ ?"

ਫਾਦਰ ਕਿਥੇ ਛੱਡਣ ਵਾਲੇ ਸਨ ?

"ਓਹ, ਇਹ ਤਾਂ ਘਰ ਦੇ ਸ਼ੇਰਾਂ ਦੀ ਊਟਪਟਾਂਗ ਗੱਲ ਹੈ। ਅੱਛੇ ਲੋਕਾਂ ਬਾਰੇ ਗਲਤ-ਮਲਤ ਗੱਲ ਕਰਕੇ ਹੁਣ ਕਹਿੰਦੇ ਹੋ ਕਿ ਦੋਹਰਾਨ ਦਾ ਕੀ ਲਾਭ ?"

"ਗਲਤ-ਮਲਤ ਗੱਲ ਕਿਹੜੀ ?"

"ਕੀ ਕੁਝ ਨਹੀਂ ਕਿਹਾ ?"

ਸ਼ਾਤੰਮਾ ਦੀ ਮਾਂ ਨੇ ਆਖਿਆ--

"ਤੁਸੀਂ ਲੋਕ ਭਾਵੇਂ ਕੁਝ ਵੀ ਆਖੋ ਮੇਰਾ ਕੁਝ ਨਹੀਂ ਵਿਗੜਦਾ। ਪਰ ਜੇ ਮੈਨੂੰ ਪਤਾ ਹੁੰਦਾ ਕਿ ਤੁਹਾਡੇ ਲੋਕਾਂ ਦੇ ਦਿਲ ਵਿਚ ਜ਼ਰਾ ਵੀ ਝਿਜਕ ਹੈ ਤਾਂ ਮੈਂ ਇਸ ਸ਼ਾਦੀ ਲਈ ਕਦੀ ਹਾਂ ਨਾ ਕਰਦੀ। ਮੈਂ ਚਵ੍ਹੀ ਵਰ੍ਹੇ ਦੀ ਉਮਰ ਵਿਚ ਵਿਧਵਾ ਹੋ ਗਈ ਸਾਂ। ਆਪਣੇ ਬੱਚਿਆਂ ਨੂੰ ਪੜ੍ਹਾਉਣ ਤੇ ਪਾਲਣ-ਪੋਸਣ ਲਈ ਮੈਂ ਫਾਕੇ ਕੱਟੇ ਹਨ। ਪਰ ਕਿਸੇ ਦਾ ਦਿਲ ਦੁਖਾਣ ਦੀ ਨੌਬਤ ਕਦੀ ਨਹੀਂ ਆਉਣ ਦਿਤੀ।"

ਵਾਤਾਵਰਨ ਨੂੰ ਹਲਕਾ ਕਰਨ ਲਈ ਕੀਵਰੀਤ ਨੇ ਇਕ ਵਾਰ ਫਿਰ ਕੋਸ਼ਿਸ਼ ਕੀਤੀ--

"ਸੌ ਘੜਿਆਂ ਦਾ ਮੂੰਹ ਤਾਂ ਬੰਦ ਕੀਤਾ ਜਾ ਸਕਦਾ ਹੈ, ਪਰ ਇਕ ਆਦਮੀ ਦਾ ਮੂੰਹ ਕਿਵੇਂ ਬੰਦ ਕਰੋਗੇ ?"

ਸ਼ਾਤੰਮਾ ਦੀ ਮਾਂ ਇਸ ਵਲ ਧਿਆਨ ਨਾ ਦੇਂਦੀ ਹੋਈ ਬੋਲੀ--

"ਮੈਂ ਭਈਆ ਦੀ ਛੋਟੀ ਲੜਕੀ ਦੀ ਉਮਰ ਦੀ ਹੀ ਹਾਂ। ਹੁਣ ਲੁਕਾਉਣ ਲਈ ਕੀ ਰਖਿਆ ਹੈ ? ਆਸਤਿਕ ਦੇ ਘਰ ਪ੍ਰਭੂ ਤੇ ਜੀਵਨ ਸਮਰਪਿਤ ਕਰਦੀ ਪਲੀ ਸਾਂ। ਦਿਵਯ ਸੰਦੇਸ਼ ਦੇ ਪ੍ਰਚਾਰ ਦੇ ਕੰਮ ਵਿਚ ਵਿਘਣ ਪੈਣ ਦੇ ਡਰ ਕਾਰਨ ਵਿਆਹ ਦੇ ਬਾਅਦ ਵੀ ਇਕ ਸਾਲ ਤੱਕ ਭੈਣ-ਭਰਾ ਬਣ ਕੇ ਰਹਿਣ ਦਾ ਵਰਤ ਧਾਰਿਆ ਸੀ ਤੇ ਉਸ ਨੂੰ ਨਿਭਾਇਆ ਵੀ ਸੀ। ਇਥੇ ਇਹ ਕਿੱਸਾ ਘੜ ਲਿਆ ਗਿਆ ਹੈ ਕਿ ਮੈਂ ਪਤੀ ਦੀ ਮੌਤ ਦੇ ਬਾਅਦ ਇਕ ਪੁਰੋਹਿਤ ਨਾਲ ਗੁਪਤ ਸੰਬੰਧ ਕਰ ਲਿਆ ਸੀ।"

''ਕਿਸੇ ਨੇ ਆਖਿਆ ਹੈ ?''

''ਪਤਾ ਨਹੀਂ ਕਿਸ ਕਿਸ ਨੇ ਆਖਿਆ ਹੈ ?''

ਮਾਤੁਕੁੱਟੀ ਨੇ ਚਿੜ ਕੇ ਪੁਛਿਆ--

''ਕਿਸੇ ਨੇ ਕੁਝ ਕਿਹਾ ਹੋਵੇਗਾ। ਉਸ ਦਾ ਜਵਾਬ ਅਸੀਂ ਲੋਕ ਕਿਸ ਤਰ੍ਹਾਂ ਦਈਏ ?''

ਫਾਦਰ ਵੀ ਰਿਆਇਤ ਕਰਨ ਲਈ ਤਿਆਰ ਨਹੀਂ ਸੀ।

''ਮੂੰਹਫਟ ਗੱਲਾਂ ਨਾ ਕਰ ਮਾਤੁਕੁੱਟੀ। ਇਹ ਕਾਰਨ ਦਸ ਕਿ ਕੀ ਤੁਸਾਂ ਲੋਕਾਂ ਨੇ ਵਿਆਹ ਛੱਡਣ ਦੀ ਕੋਸ਼ਿਸ਼ ਨਹੀਂ ਸੀ ਕੀਤੀ ? ਲੜਕੇ ਦੇ ਹੱਠ ਨੂੰ ਮੰਨ ਕੇ ਹੀ ਬਾਅਦ ਵਿਚ ਤਿਆਰ ਹੋਏ ਨਾ ? ਬੋਲ ਕੀ ਇਹ ਗੱਲ ਠੀਕ ਨਹੀਂ......ਈਸ਼ਵਰ ਦੇ ਨਾਂ ਤੇ......''

ਕੀਵਰੀਤ ਨੇ ਆਖਿਆ—

''ਫਾਦਰ ਕਿਸ ਤਰ੍ਹਾਂ ਇੰਞ ਮਨ ਤੋਂ ਕਾਬੂ ਹਟਾ ਇਸ ਤਰ੍ਹਾਂ ਦੀਆਂ ਗੱਲਾਂ ਕਰਨ ਲੱਗ ਪਏ ?''

''ਬਹੁਤ ਦੁਖ ਹੋਇਆ ਹੈ ਕੀਵਰੀਤ। ਲਕਵੇ ਦੀ ਮਾਰੀ ਮੰਜੀ ਤੇ ਪਈ ਹੋਈ ਮੇਰੀ ਮਸਕੀਅੰਮਾ ਇਹ ਮਨਘੜਤ ਕਿੱਸੇ ਸੁਣ ਕੇ ਜ਼ਹਿਰ ਖਾ ਕੇ ਮਰਨ ਲੱਗੀ ਸੀ—ਪਤਾ ਹੈ ਤੈਨੂੰ ?''

ਆਪਣੀ ਹਾਜ਼ਰੀ ਨਾਲ ਨਿਆਂ ਕਰਨ ਤੇ ਆਪਣੀ ਯੋਗਤਾ ਵਿਖਾਉਣ ਲਈ ਕੁਰੁਪ ਨੇ ਖੁਦ-ਬਖੁਦ ਇਕ ਸਲਾਹ ਦਿਤੀ—

''ਇਹ ਤਾਂ ਆਪ ਲੋਕਾਂ ਦੀ ਘਰੇਲੂ ਗੱਲ ਹੈ। ਫਾਦਰ ਦੇ ਕਹਿਣ ਤੇ ਹੀ ਮੈਂ ਇਥੇ ਰੁਕਿਆ ਸਾਂ। ਇਸ ਤਰ੍ਹਾਂ ਦੀ ਅਫਵਾਹ—ਤੋਹਮਤ ਦੀਆਂ ਖਬਰਾਂ ਫੈਲਾਣ ਵਾਲਾ ਕੁੰਯੇਨਾਮਾਪਿਲਾ ਦੇ ਪਰਿਵਾਰ ਵਿਚ ਇਕ ਆਦਮੀ ਹੀ ਹੈ—

''ਕੁੰਯੁਚੇਰੁਕਨਮਾਪਿਲਾ......''

ਮਾਤੁਕੁੱਟੀ ਨੇ ਫਿਟਕਾਰਦੇ ਹੋਏ ਕਿਹਾ—

''ਚੁਪ ਰਹੋ ਕੁਰੁਪ। ਕੈਸੀਆਂ ਬੇਮਤਲਬ ਦੀਆਂ ਗੱਲਾਂ ਕਰਦੇ ਹੋ ?''

ਇਸ ਵਲ ਧਿਆਨ ਦਿਤੇ ਬਿਨਾਂ ਫਾਦਰ ਬੋਲਦੇ ਗਏ।

''ਆਪ ਲੋਕਾਂ ਨੂੰ ਜੇ ਇਸ ਵਿਚ ਸ਼ੱਕ ਹੈ ਤਾਂ ਮੇਰੇ ਨਾਲ ਚਲੋ। ਪੁੰਤਨਾਟੁਕਰਾ ਦੇ ਗਿਰਜੇ ਦੇ ਕਾਗਜ਼ ਵਿਖਾ ਦੇਵਾਂਗਾ।''

ਕੀਵਰੀਤ ਨੇ ਸ਼ਾਂਤੀਪੂਰਵਕ ਆਖਿਆ--

''ਕੋਈ ਸ਼ੱਕ ਨਹੀਂ ਫਾਦਰ। ਹੁਣ ਇਹ ਗੱਲ ਨਾ ਦੋਹਰਾਓ। ਕਿਸੇ ਚੁਗਲਖੋਰ ਦੀਆਂ ਗੱਲਾਂ ਸੁਣ ਕੇ ਮੂਰਖਤਾ ਦੀ ਕਮਜ਼ੋਰ ਘੜੀ ਵਿਚ ਸ਼ੱਕ ਹੋ ਗਿਆ ਸੀ। ਉਸ ਨੂੰ ਭੁਲ ਜਾਓ।''

ਅੱਗੇ ਸ਼ਾਤੰਮਾ ਦੀ ਮਾਂ ਨੂੰ ਕਿਹਾ--

''ਬਸ ਮੈਨੂੰ ਆਪਣੇ ਪਿਤਾ ਦੇ ਬਰਾਬਰ ਸਮਝ ਕੇ ਮੁਆਫ ਕਰ ਦੇਣਾ।''

ਫਾਦਰ ਬੋਲੇ--

''ਹਾਂ । ਖਿਮਾ ਕਰਨਾ । ਹੋਰ ਚਾਰਾ ਕੀ ਹੈ ? ਮਨ ਵਿਚ ਸਬਰ ਨਾ ਕਰ ਸਕਿਆ ਤਾਂ ਕਹਿ ਦਿਤਾ । ਪੀਣ ਦੇ ਪਾਣੀ ਵਿਚ ਜ਼ਹਿਰ ਘੋਲਣ ਵਾਂਗ ਇਕ ਬੁੱਢੇ ਨੇ ਇਥੇ ਆ ਕੇ ਇਹ ਅਫਵਾਹ ਫੈਲਾ ਦਿਤੀ । ਆਪ ਨੂੰ ਦਸ ਦਿੰਦਾ ਹਾਂ ਉਹ ਬੁੱਢਾ ਕੌਣ ਹੈ ? ਉਹ ਪੁਤਨਾਟੁਕਰਾ ਦੇ ਸਭ ਤੋਂ ਵੱਡੇ ਧਨੀ ਪਤੋਸਮੁਤਲਾਲੀ ਦ ਕਾਰਿੰਦਾ ਹੈ । ਪਤੋਸਮੁਤਲਾਲੀ ਨੇ ਇਸ ਇਸਤ੍ਰੀ ਨੂੰ ਬਹੁਤ ਸਤਾਇਆ ਹੈ । ਗੱਲ ਇਹ ਹੈ ਕਿ ਉਸ ਧਰਮਦੇਸ਼ ਵਿਚ ਜਦ ਮੈਂ ਪੁਰੋਹਿਤ ਸਾਂ, ਉਨ੍ਹਾਂ ਦਿਨਾਂ ਵਿਚ ਉਸ ਦੇ ਬੁਰੇ ਵਿਹਾਰ ਦੀ ਮੈਂ ਵਿਰੋਧਤਾ ਕੀਤੀ ਸੀ । ਇਨ੍ਹਾਂ ਦੇ ਘਰ ਜੋ ਮੈਂ ਕੁਝ ਦਿਨ ਠਹਿਰਿਆ ਉਸ ਦੇ ਆਧਾਰ ਤੇ ਉਨ੍ਹਾਂ ਲੋਕਾਂ ਨੇ ਸਾਨੂੰ ਦੋਨਾਂ ਨੂੰ ਜੋੜ ਕੇ ਅਫਵਾਹਾਂ ਫੈਲਾਈਆਂ । ਧਰਮ ਪ੍ਰਦੇਸ਼ ਵਿਚ ਫੁੱਟ ਪਵਾ ਦਿਤੀ ।''

ਸ਼ਾਤੰਮਾ ਦੀ ਮਾਂ ਨੇ ਕਿਹਾ—

''ਬਸ, ਅੱਗੇ ਕੁਝ ਨਾ ਕਹੋ । ਇਹ ਹੀ ਪ੍ਰਾਰਥਨਾ ਹੈ । ਇਸ ਗੱਲ ਕਾਰਨ ਮੇਰੀ ਬੱਚੀ ਨੂੰ ਹੋਰ ਦੁਖ ਨਾ ਦੇਣਾ । ਮੈਂ ਇਸ ਦੀਆਂ ਖੁਸ਼ੀਆਂ ਵੇਖਣ ਲਈ ਜ਼ਿੰਦਗੀ ਭਰ ਦੁਖ ਝੱਲਿਆ ਹੈ । ਇਸ ਅਫਵਾਹ ਦਾ ਦੁਖ ਝੱਲਣ ਦੀ ਤਾਕਤ ਮੇਰੇ ਵਿਚ ਨਹੀਂ ।''

ਉਨ੍ਹਾਂ ਨੇ ਮੁੜ ਕੇ ਵੇਖਿਆ ਤਾਂ ਦਵਾਰ ਤੇ ਸ਼ਾਤੰਮਾ ਖੜੀ ਸੀ । ਮਾਂ ਨੂੰ ਅਪਰਾਧਣੀ ਸਮਝ ਕੇ ਵੇਖ ਰਹੀ ਸੀ ।

''ਬੇਟੀ ਕਦ ਆਈ ?''

ਨਦੀ ਦੇ ਘਾਟ ਤੋਂ ਬਾਲਟੀ ਭਰ ਧੋਤੇ ਹੋਏ ਕਪੜੇ ਲੈ ਕੇ ਸ਼ਾਤੰਮਾ ਘਰ ਆ ਰਹੀ ਸੀ । ਰਾਹ ਵਿਚ ਦਾਦਾ ਜੀ ਦੀ ਮੰਜੀ ਦੇ ਕੋਲ ਜ਼ੋਰ-ਜ਼ੋਰ ਦੀਆਂ ਆਵਾਜ਼ਾਂ ਸੁਣੀਆਂ । ਮਾਂ ! ਕਾਸਤਿਕਪੱਲੀ ਦੇ ਫਾਦਰ । ਸਿਧਿਆਂ ਆਉਣ ਦੀ ਬਜਾਏ ਪਛਵਾੜੇ ਤੋਂ ਆਈ ਤੇ ਕਪੜੇ ਜਲਦੀ-ਜਲਦੀ ਸੁੱਕਣੇ ਪਾ ਦਿਤੇ--

ਮਾਂ ਦੇ ਸਵਾਲ ਦਾ ਜਵਾਬ ਨਾ ਦੇ ਕੇ ਸ਼ਾਤੰਮਾ ਨੇ ਪੁਛਿਆ--

''ਮਾਂ ਕੀ ਇਹ ਸਭ ਕੁਝ ਪੁੱਛਣ ਲਈ ਇਥੇ ਆਈ ਹੈਂ ?''

''ਨਹੀਂ ਤਾਂ ਜ਼ਿੰਦਗੀ ਭਰ ਇਹ ਤੁਹਮਤ ਸਹਿੰਦੀ ਰਹਿ ਸਕਦੀ ਹੈਂ ?''

ਦੀਨਾਮਾ ਨੇ ਆਖਿਆ—ਪੁਛ ਕੇ ਵੇਖੋ ਸ਼ਾਤੰਮਾ ਦੀ ਮਾਂ, ਮੈਂ ਇਸ ਨੂੰ ਆਪਣੀ ਸਕੀ ਛੋਟੀ ਭੈਣ ਦੇ ਸਮਾਨ ਹੀ ਮੰਨਿਆ ਹੈ ।

ਸ਼ਾਤੰਮਾ ਦੀ ਮਾਂ ਨੇ ਕੋਈ ਉਤਰ ਨਾ ਦਿਤਾ । ਮਨ ਹੀ ਮਨ ਸੋਚਿਆ । ਜੇ ਛੋਟੀ ਭੈਣ ਮੰਨਦੀ ਤਾਂ ਇਕ ਇਸਤ੍ਰੀ ਨੂੰ ਘਰ ਆ ਕੇ ਇਹ ਨੀਚ ਤੋਹਮਤ ਸੁਨਾਣ ਦਿੰਦੀ ? ਸੜਦੀ ਧੁੱਪ ਵਿਚ ਕਪੜਿਆਂ ਦੀ ਗੰਢ ਦੇ ਕੇ ਨਦੀ ਦੇ ਘਾਟ ਤੇ ਭੇਜਦੀ ?''

ਫਾਦਰ ਬੋਲੇ--

''ਮੈਂ ਚਲਦਾ ਹਾਂ ਕੀਵਰੀਤ ਭਈਆ ।''

''ਥੋੜ੍ਹੀ ਜਹੀ ਕਾਫੀ ਵੀ ਪੀਤੇ ਬਗੈਰ ਹੀ... ..''

''ਓ ! ਦੁਪਹਿਰ ਵੇਲੇ ਕਾਫੀ ਕੈਸੀ ? ਹੁਣ ਪੱਤਨੰਤਿੱਟਾ ਜਾਣਾ ਹੈ ।''

ਦੀਨਾਮਾ ਨੇ ਆਖਿਆ--

''ਖਾਣਾ ਖਾ ਕੇ ਜਾਇਆ ਜੇ ਫਾਦਰ।''

''ਬਿਨਾਂ ਤਿਆਰੀ ਦੇ ਬਾਹਰੋਂ ਆਏ ਦੋ ਆਦਮੀਆਂ ਨੂੰ ਕਿਵੇਂ ਖਾਣਾ ਖਵਾ ਸਕੇਂਗੇ ?''

''ਜੋ ਤਿਆਰ ਹੈ ਆਪਸ ਵਿਚ ਵੰਡ ਲਵਾਂਗੇ।''

''ਅਜੇ ਤਾਂ ਲੋੜ ਨਹੀਂ।''

ਇਸ ਦੇ ਬਾਅਦ ਹੱਠ ਨਹੀਂ ਕੀਤਾ। ਹੁਣ ਉਸ ਦੀ ਆਜ਼ਾਦੀ ਨਹੀਂ ਰਹੀ। ਉਸ ਨੂੰ ਯਾਦ ਆਇਆ ਕਿ ਪਹਿਲਾਂ ਉਹ ਫਾਦਰ ਦੀ ਛਤਰੀ ਛੁਪਾ ਦਿੰਦੀ ਹੁੰਦੀ ਸੀ। ਸੁਹਾਂਜਨੇ ਦੇ ਪੱਤਿਆਂ ਦੀ ਸਬਜ਼ੀ ਤੇ ਸੁੱਕੀ ਸਬਜ਼ੀ ਤਿਆਰ ਕਰਨ ਚੌਂਕੇ ਵਿਚ ਜਾਂਦੀ ਹੁੰਦੀ ਸੀ। ਮਾਨੋ ਦੀਨਾਮਾ ਦੇ ਮਨ ਦੇ ਦੁਖ ਨੂੰ ਸਮਝ ਕੇ ਫਾਦਰ ਬੋਲ ਪਏ--

''ਮੇਰੇ ਦਿਲ ਵਿਚ ਕੋਈ ਵੈਰ ਵਿਰੋਧ ਨਹੀਂ ਹੈ ਬੇਟੀ। ਹੋਰ ਕੀ ਮੈਂ ਤੇਰੇ ਨਾਲ ਦੁਸ਼ਮਨੀ ਕਰ ਸਕਦਾ ਹਾਂ ?''

ਸ਼ਾਂਤੰਮਾ ਦੀ ਮਾਂ ਨੇ ਆਖਿਆ--

ਮੈਂ ਵੀ ਚਲਦੀ ਹਾਂ ਫਾਦਰ।''

ਮਾਤੁਕੁੱਟੀ ਨੇ ਆਖਿਆ--

''ਇਸ ਵੇਲੇ ਕੀ ਪੁਤਨਾਟੁਕਰਾ ਦੀ ਮੋਟਰ ਮਿਲ ਜਾਏਗੀ ? ਘਾਟ ਵਗੈਰਾ ਪਾਰ ਕਰਕੇ ਉਥੇ ਕਿਸ ਵੇਲੇ ਪਹੁੰਚੇਗੀ ?''

''ਕੁਲਕੱਟਾ ਦੇ ਆਲੀਮੁਕਟੀ ਦੇ ਘਰ ਰਹਾਂਗੀ।''

ਦੀਨਾਮਾ ਨੇ ਆਖਿਆ--

''ਨਾ, ਇਹ ਤਾਂ ਨਹੀਂ ਚਾਹੀਦਾ। ਹੁਣ ਕੱਲ ਹੀ ਜਾਣਾ।''

ਸ਼ਾਂਤੰਮਾ ਨੇ ਅ ਖਿਆ--

''ਇਥੇ ਹੀ ਬਸ ਕਰੋ ਮਾਂ।''

''ਸ਼ਾਂਤੰਮਾ ਦੀ ਮਾਂ ਨੇ ਹੁਣ ਜ਼ਿੱਦ ਨਹੀਂ ਕੀਤੀ।''

ਫਾਦਰ ਕੁੰਏਨਾਚੰਨ ਦੇ ਕੋਲ ਗਏ।

''ਚਲਦਾ ਹਾਂ ਮਾਮਾ ਜੀ।''

ਹਿੱਲੇ ਨਹੀਂ।

''ਬਾਬੂ ਜੀ ਸੁਣਿਆ ਨਹੀਂ ? ਫਾਦਰ ਜਾ ਰਹੇ ਹਨ।''

ਚੌਂਕ ਕੇ ਅੱਖਾਂ ਖੋਲ੍ਹੀਆਂ।

''ਕੀ ਜਾ ਰਹੇ ਨੇ ?''

''ਹਾਂ।''

''ਅੱਛਾ।''

ਸਿਰ ਤੇ ਹੱਥ ਰਖ ਕੇ ਪ੍ਰਾਰਥਨਾ ਕਰਕੇ ਫਾਦਰ ਚਲੇ ਗਏ। ਥੋੜ੍ਹੀ ਦੇਰ ਬਾਅਦ ਮਾਤੁਕੁੱਟੀ ਵੀ ਚਲਾ ਗਿਆ।

ਅੱਖ ਖੁਲ੍ਹੀ। ਫਿਰ ਵੀ ਕੁੰਏਨਾਚੰਨ ਨੀਂਦ ਦੀ ਖੁਮਾਰੀ ਤੋਂ ਛੁਟਣ ਦੀ ਕੋਸ਼ਿਸ਼ ਕਰ ਰਹੇ ਸਨ।

''ਫਾਦਰ ਚਲੇ ਗਏ ?''

''ਹਾਂ, ਸਿਰ ਤੇ ਹਥ ਰਖ ਕੇ ਪ੍ਰਾਰਥਨਾ ਕਰਨ ਦੇ ਬਾਅਦ ਹੀ ਗਏ ਸਨ ਨਾ ?''

''ਅੱਛਾ ? ਦੀਨਾਮਾ ਬੇਟੀ ਕਿਥੇ ਹੈ ?''

''ਅੰਦਰ ਹੈ।''

''ਬਹੁਤ ਪਰੇਸ਼ਾਨੀ ਹੈ। ਗਰਮ ਪਾਣੀ ਦੀ ਬੂੰਦ ਪਿਲਾ ਦੇ।''

ਦੀਨਾਮਾ ਨੇ ਕਾਫੀ ਲਿਆ ਕੇ ਦਿਤੀ। ਪੀ ਲਈ ਤਾਂ ਤਾਜ਼ਗੀ ਮਿਲੀ। ਠੰਡੀ ਰਾਤ ਦੇ ਬਾਅਦ ਨਿੱਘੀ ਪ੍ਰਭਾਤ ਵਾਂਗ।

''ਵਿਆਹ ਦੇ ਬਾਅਦ ਤੇਰੀ ਬੇਟੀ ਕੁੱਟੀਅੰਮਾ ਤੇ ਦਾਮਾਦ ਕੀ ਇਥੇ ਹੀ ਰਹਿੰਦੇ ਹਨ ?''

''ਹਾਂ।''

''ਘਰ ਦਾ ਖਰਚ ਕੀ ਉਹ ਹੀ ਕਰਦੀ ਹੈ ?''

''ਹੁਣ ਉਹ ਹੀ ਸਾਰਾ ਖਰਚ ਕਰਦੇ ਹਨ।''

''ਕੀ ?''

''ਹੁਣ ਘਰ ਦਾ ਖਰਚ ਉਹ ਹੀ ਕਰਦੇ ਹਨ।''

''ਹਾਂ, ਹੁਣ ਤੈਨੂੰ ਚਿੰਤਾ ਵਾਲੀ ਕੋਈ ਗੱਲ ਨਹੀਂ। ਲੜਕੀਆਂ ਨੂੰ ਵਿਦਾ ਕਰ ਚੁਕਾ ਹੈਂ। ਛੋਟੇ ਲੜਕੇ ਨੂੰ ਕੋਈ ਕੰਮ ਮਿਲ ਜਾਏ ਤਾਂ ਬੇੜਾ ਪਾਰ ਹੋ ਜਾਏ। ਬਾਅਦ ਵਿਚ ਤੂੰ ਤੇ ਕੁੰਯੁਮਰੀਆ ਹੀ ਹੋ ਨਾ ?''

''ਸਾਡੇ ਲਈ ਪਿਤਾ ਜੀ ਦੀ ਦਿਤੀ ਹੋਈ ਮਿੱਟੀ ਬਹੁਤ ਹੈ।''

''ਕੁੰਯੁਚੇਰੁਕਨ ਦੀ ਕੀ ਗੱਲ ਹੈ ? ਉਹ ਬੜਾ ਬਦਨਸੀਬ ਹੈ। ਝੀਲ ਤੇ ਜਾਲ ਲਾਉਣ ਨਾਲ ਵੀ ਉਸ ਦੇ ਜਾਲ ਵਿਚ ਕੋਈ ਮੱਛੀ ਨਹੀਂ ਫਸਣ ਲੱਗੀ।''

''ਕੋਈ ਆਫਤ ਨਹੀਂ ਪਿਤਾ ਜੀ।''

''ਹੈਂ ?''

ਲੜਕੇ ਨੂੰ ਪੁਲਸ ਵਾਲੇ ਲੈ ਤਾਂ ਜ਼ਰੂਰ ਗਏ। ਤਾਂ ਵੀ ਗੜਬੜੀ ਕੋਈ ਨਹੀਂ। ਆਖਦੇ ਨੇ ਉਸ ਦੀ ਦਿਤੀ ਹੋਈ ਸਾਰੀ ਰਕਮ ਪੁਲਸ ਦੇ ਹੱਥ ਨਹੀਂ ਲੱਗੀ।''

ਕਿੰਨੀ ਰਕਮ ?''

''ਇਹ ਕੌਣ ਜਾਣੇ ? ਤੇ ਆਖਦੇ ਨੇ ਉਸ ਦਾ ਇਕ ਉਤਰ ਭਾਰਤੀ ਮਿਤਰ ਹਾਲ ਵਿਚ ਹੀ ਆਇਆ ਸੀ ਤੇ ਕੁਝ ਰੁਪੈ ਦੇ ਗਿਆ ਹੈ।''

''ਫਿਲਿਪਿਓਸ ਅਮੀਰ ਹੈ, ਪਰ ਉਸ ਦਾ ਚਾਲ ਚਲਣ ਵਿਗੜ ਗਿਆ।''

''ਹਾਂ, ਹੁਣ ਕੀ ਉਸ ਨੂੰ ਝਾੜ ਝੰਬ ਕੇ ਸੁਧਾਰ ਸਕਦੇ ਹੋ ?''

''ਰਹੀ ਤੇਰੀ ਗੱਲ। ਵੱਡੀ ਕੁੜੀ ਬੀਮਾਰ ਹੋ ਗਈ। ਛੋਟੀ ਮਾਸਟਰਨੀ ਲੜਕੀ ਨੂੰ ਕਿਸੇ ਦੇ ਲੜ ਲਾਉਣਾ ਹੈ।''

''ਪਿਤਾ ਜੀ।''

''ਹੂੰ।''

''ਇਹ ਤੁਸੀਂ ਕੀ ਕਹਿ ਰਹੇ ਹੋ ? ਬੀਮਾਰ ਲੜਕੀ ਤਾਂ ਮਰ ਚੁਕੀ ਹੈ ਨਾ ?''

''.........''

''ਕੁੱਟੀਅੰਮਾ ਦਾ ਵਿਆਹ ਪਿਛਲੇ ਹਫ਼ਤੇ ਹੋਇਆ ਹੈ ਨਾ ? ਇਹ ਤਾਂ ਹੁਣੇ-ਹੁਣੇ ਆਖਿਆ ਸੀ । ਕੀ ਬਿਲਕੁਲ ਯਾਦ ਨਹੀਂ ?''

ਡੂੰਘੇ ਭੰਵਰ ਵਿਚ ਹੱਥ ਪੈਰ ਮਾਰਦੇ ਆਦਮੀ ਦੇ ਮੁਖਮੰਡਲ ਦੀ ਨਿਦ-ਆਸਰਤਾ । ਸਹਾਇਤਾ ਮੰਗਦੇ ਨੇ ।

''ਪਿਤਾ ਜੀ''

ਅੱਖਾਂ ਖੁਲੀਆਂ ਹਨ । ਪਰ ਬੋਲਦੇ ਨਹੀਂ ।

''ਦੀਨਾਮਾ ਬੇਟੀ, ਇਧਰ ਆ ।''

ਦੀਨਾਮਾ ਆਈ । ਗਿੱਲੇ ਕਪੜੇ ਨਾਲ ਮੱਥੇ ਦਾ ਪਸੀਨਾ ਪੂੰਝਿਆ । ਹੱਥਾਂ ਪਰਾਂ ਦੀ ਮਾਲਿਸ਼ ਕੀਤੀ ।

''ਕੀ ਕੀਵਰੀਤ ਚਲਾ ਗਿਆ ਹੈ ?''

''ਨਹੀਂ ਪਿਤਾ ਜੀ, ਮੈਂ ਇਥੇ ਹੀ ਹਾਂ, ਬੋਲੋ ਕੀ ਚਾਹੀਦਾ ਹੈ ?''

''ਕਬਰ ਬਨਵਾਣੀ ਚਾਹੀਦੀ ਹੈ । ਪੱਥਰ ਵਿਚ ਲਿਖਵਾ ਦੇਣਾ—'ਮੇਲੋਝਲਿਲ ਕੁੰਯੁਨੈਨਾ ।' ਅਗਲੀ ਪੀੜੀ ਇਹ ਵੇਖ ਕੇ ਸਮਝ ਜਾਏ ਕਿ ਇਥੇ ਇਸ ਨਾਂ ਦਾ ਇਕ ਆਦਮੀ ਰਹਿੰਦਾ ਸੀ । ਮੇਰੇ ਕੋਲ ਹੋਰ ਹੈ ਹੀ ਕੀ ?''

ਸ਼ਾਤੰਮਾ ਤੇ ਉਸ ਦੀ ਮਾਂ ਮੰਜੀ ਦੇ ਨੇੜੇ ਆ ਗਈਆਂ ।

ਦੀਨਾਮਾ ਨੇ ਪੁੱਛਿਆ—

''ਬਾਬੂ ਜੀ ਇਹ ਸਭ ਗੱਲਾਂ ਇਸ ਵੇਲੇ ਕਿਉਂ ਕਰ ਰਹੇ ਹੋ ?''

''ਅੰਨ ਵਕਤ ਤੇ ਜੇ ਉਹ ਇਥੇ ਨਾ ਹੋਵੇ ਤਾਂ ? ਦਿਲ ਆਖਦਾ ਹੈ ਕਿ ਹੁਣ ਵਕਤ ਨੇੜੇ ਹੀ ਹੈ ।''

''ਬਾਬੂ ਜੀ ਪਏ-ਪਏ ਇਹੀ ਗੱਲਾਂ ਸੋਚਦੇ ਰਹਿੰਦੇ ਹਨ । ਤਾਂ ਹੀ ਤੇ ਤਕਲੀਫ਼ ਹੁੰਦੀ ਹੈ ।''

''ਪਰਿਵਾਰ ਵਿਚ ਤੂੰ ਹੀ ਮੁਖੀਆ ਰਹਿਣਾ । ਝਗੜਾ-ਫਸਾਦ ਤੇ ਵੈਰ-ਵਿਰੋਧ ਹੋਣ ਤੇ ਵੀ ਘਰ ਤਿੰਨ-ਤੇਹਾਂ ਨਾ ਹੋਣ ਦੇਣਾ । ਹੋਰ ਦੇਵਤਿਆਂ ਦੀਆਂ ਮੂਰਤੀਆਂ ਬਣਾ ਦੇਣਾ ਤੇ ਉਨ੍ਹਾਂ ਤੇ ਪ੍ਰਸਾਦ ਚੜ੍ਹ ਨਾ । ਫਿਰ ਵੀ ਮੂਸਾ ਨੇ ਇਜ਼ਰਾਈਲ ਦੇ ਲੋਕਾਂ ਦੀ ਅਗਵਾਈ ਕੀਤੀ । ਉਨ੍ਹਾਂ ਨੂੰ ਤਿਤਰ-ਬਿਤਰ ਨਹੀਂ ਹੋਣ ਦਿਤਾ । ਇਸੇ ਤਰ੍ਹਾਂ ਤੈਨੂੰ ਵੀ ਵਿਚਾਰਸ਼ੀਲ ਨਾਇਕ ਬਨਣਾ ਹੋਵੇਗਾ । ਗੁੱਸਾ ਛੱਡ ਦੇਣਾ ।''

''ਪਿਤਾ ਜੀ ਕੀ ਇਹ ਸਭ ਕੁਝ ਸਿਖਾਣ ਦੀ ਲੋੜ ਹੈ ?''

''ਆਪਸ ਵਿਚ ਦਮੜੀ-ਦਮੜੀ ਦਾ ਹਿਸਾਬ ਕਰਨ ਤੇ ਬੇਸ਼ਕ ਝਗੜਨਾ, ਪਰ ਜੇ ਪਰਿਵਾਰ ਦੇ ਕਿਸੇ ਬੰਦੇ ਤੇ ਮੁਸੀਬਤ ਆ ਪਵੇ ਤਾਂ ਇਕੱਠੇ ਹੋ ਜਾਣਾ । ਪਰਿਵਾਰ' ਚ ਪੈਦਾ ਹੋਏ ਸਭ ਬੱਚਿਆਂ ਦੇ ਧਰਮਪਿਤਾ ਰਹਿਣਾ, ਵਿਆਹ, ਅੰਤਿਮ ਸਸਕਾਰ ਆਦਿ ਸਭ ਰਸਮਾਂ ਵਿਚ ਸ਼ੁਰੂ ਤੋਂ ਅਖੀਰ ਤੱਕ ਤੂੰ ਨਾਲ ਰਹਿਣਾ ।''

''ਪਿਤਾ ਜੀ ਕੁਝ ਹੋਰ ਕਾਫ਼ੀ ਪਿਓਗੇ ?''

"ਪਿਆ ਦਿਓ। ਪਿਆਸ ਹੈ।"

"ਜ਼ਿਆਦਾ ਗੱਲਬਾਤ ਨਾ ਕਰੋ।"

"ਨਾਂ ਸਾਰਾਅੰਮਾ ਹੈ ਨਾ ?"

"ਸ਼ਾਤੰਮਾ ਦੀ ਮਾਂ ਦਾ ?" ਨਹੀਂ ਪਿਤਾ ਜੀ—ਮਰਿਆਕੁੱਟੀ।

"ਮਰਿਆਕੁੱਟੀ ਦੀ ਬੇਟੀ ਪਰਿਵਾਰ ਦੀ ਪ੍ਰਤਿਸ਼ਠਾ ਹੈ। ਆਪਣੇ ਪਤੀ ਦਾ ਗੌਰਵ ਹੈ। ਸ਼ਲੋਮੋਨ ਪੁਛਦੇ ਹਨ—"ਦਖਸ਼ ਪਤਨੀ ਕਿਸ ਨੂੰ ਮਿਲੇਗੀ ? ਉਸ ਦਾ ਮੁਲ ਮੋਤੀਆਂ ਤੋਂ ਵੀ ਵਧ ਕੇ ਹੈ।

ਆਪਣੀ ਹੀ ਸਿਆਣਪ ਨਾਲ ਉਹ ਦਾਖਵਾੜੀ ਲਗਾਂਦੀ ਹੈ—ਕੀ ਮਰਿਆਕੁੱਟੀ ਇਹ ਪੜ੍ਹਿਆ ਹੈ ?"

"ਹਾਂ, ਪਿਤਾ ਜੀ—ਸਭੋਪਦੇਸ਼ਕ।"

"ਕਿਤਾਬ ਹੈ। ਲੈ ਕੇ ਪੜ੍ਹ ਤੇ ਸੁਣਾ।"

ਕੀਵਰੀਤ ਨੇ ਪੁਛਿਆ—

"ਕੀ ਹੁਣੇ ਹੀ ਪੜ੍ਹਨਾ ਹੈ ਪਿਤਾ ਜੀ ?"

"ਓ ਪੜ੍ਹਨ ਦੇ। ਤੂੰ ਵੀ ਸੁਣ। ਹਾਲ ਵਿਚ ਹੀ ਵਿਆਹੀ ਮਾਸਟਰਨੀ ਬੇਟੀ ਨੂੰ ਵੀ ਦੱਸਣ ਲਾਇਕ ਹੈ।"

ਸ਼ਾਤੰਮਾ ਧਰਮਪੋਥੀ ਲੈ ਆਈ। ਮਰਿਆਕੁੱਟੀ ਪੜ੍ਹਨ ਲਗੀ—

"ਉਹ ਸਵੇਰੇ-ਸਵੇਰੇ ਸਵਖਤੇ ਹੀ ਉਠ ਬੈਠਦੀ ਹੈ ਤੇ ਆਪਣੇ ਘਰਾਨੇ ਨੂੰ ਭੋਜਨ ਖਵਾਂਦੀ ਹੈ ਅਤੇ ਆਪਣੀਆਂ ਨੌਕਰਾਨੀਆਂ ਨੂੰ ਅਲੱਗ-ਅਲੱਗ ਕੰਮ ਦਿੰਦੀ ਹੈ। ਉਹ ਕਿਸੇ ਖੇਤ ਦੇ ਸੰਬੰਧ ਵਿਚ ਸੋਚ-ਵਿਚਾਰ ਕਰਦੀ ਹੈ ਤੇ ਉਸ ਨੂੰ ਖਰੀਦ ਲੈਂਦੀ ਹੈ ਤੇ ਆਪਣੀ ਮਿਹਨਤ ਨਾਲ ਦਾਖ ਦੀ ਵਾੜੀ ਲਗਾਂਦੀ ਹੈ। ਉਹ ਆਪਣੀ ਕਮਰ ਨੂੰ ਬਲ ਦੀ ਪੇਟੀ ਨਾਲ ਕਸਦੀ ਹੈ। ਆਪਣੀਆਂ ਬਾਹਾਂ ਨੂੰ ਮਜ਼ਬੂਤ ਬਣਾਂਦੀ ਹੈ। ਉਹ ਪਰਖ ਲੈਂਦੀ ਹੈ ਕਿ ਮੇਰਾ ਵਿਵਹਾਰ ਲਾਭਦਾਇਕ ਹੈ। ਰਾਤ ਵੇਲੇ ਉਸ ਦਾ ਦੀਵਾ ਨਹੀਂ ਬੁੱਝਦਾ। ਉਹ ਚਰਖਾ ਕਤਦੀ ਹੈ। ਉਹ ਗਰੀਬਾਂ' ਚ ਵੰਡਦੀ ਹੈ ਤੇ ਦਰਿਦਰਤਾ ਨੂੰ ਸੰਭਾਲਣ ਲਈ ਹੱਥ ਵਧਾਂਦੀ ਹੈ। ਉਹ ਆਪਣੇ ਘਰਾਨੇ ਵਾਸਤੇ ਹਿੰਮ ਤੋਂ ਨਹੀਂ ਡਰਦੀ ਕਿਉਂਕਿ ਉਸ ਦੇ ਘਰਾਨੇ ਦੇ ਸਭ ਲੋਕ ਲਾਲ ਕਪੜੇ ਪਾਂਦੇ ਹਨ। ਉਹ ਤਕੀਏ ਬਣਾ ਲੈਂਦੀ ਹੈ। ਉਸ ਦੇ ਕਪੜੇ ਸੂਖਮ, ਸਣ ਤੇ ਬੈਂਗਨੀ ਰੰਗ ਦੇ ਹੁੰਦੇ ਹਨ। ਜਦ ਉਸ ਦਾ ਪਤੀ ਸਭਾ ਵਿਚ ਦੇਸ਼ ਦੇ ਪਤਵੰਤਿਆਂ ਦੇ ਨਾਲ ਬੈਠਦਾ ਹੈ ਤਾਂ ਉਸ ਦੀ ਇਜ਼ਤ ਹੁੰਦੀ ਹੈ। ਇਹ ਸਭ ਦੇ ਕਪੜੇ ਬਣਾ ਕੇ ਵੇਚਦੀ ਹੈ ਤੇ ਵਪਾਰੀ ਨੂੰ ਕਮਰ ਬੰਦ ਦਿੰਦੀ ਹੈ। ਉਹ ਬਲ ਅਤੇ ਪ੍ਰਤਾਪ ਦਾ ਪਹਿਰਾਵਾ ਪਹਿਣੀ ਰਹਿੰਦੀ ਹੈ ਤੇ ਆਉਣ ਵਾਲੇ ਕਾਲ ਤੇ ਹੱਸਦੀ ਹੈ। ਉਹ ਬੁੱਧੀਮਾਨੀ ਦੀ ਗੱਲ ਕਰਦੀ ਹੈ ਤੇ ਉਸ ਦੇ ਵਚਨ ਕਿਰਪਾ ਦੀ ਸਿਖਿਆ ਅਨੁਸਾਰ ਹੁੰਦੇ ਹਨ। ਉਹ ਆਪਣੇ ਘਰ ਦੇ ਚਾਲ-ਚਲਣ ਨੂੰ ਧਿਆਨ ਨਾਲ ਵੇਖਦੀ ਹੈ ਤੇ ਆਪਣੀ ਰੋਟੀ ਬਿਨਾ ਮਿਹਨਤ ਕੀਤੇ ਨਹੀਂ ਖਾਂਦੀ। ਉਸ ਦੇ ਪੁੱਤਰ ਉਠ-ਉਠ ਕੇ ਉਸ ਨੂੰ ਧੰਨ ਆਖਦੇ ਹਨ। ਉਸ ਦਾ ਪਤੀ ਵੀ ਉਠ ਕੇ ਉਸ ਦੀ ਇਸੇ ਤਰ੍ਹਾਂ ਪ੍ਰਸ਼ੰਸਾ ਕਰਦਾ ਹੈ। ਬਹੁਤ ਸਾਰੀਆਂ ਇਸਤ੍ਰੀਆਂ ਨੇ

ਚੰਗੇ-ਚੰਗੇ ਕੰਮ ਤਾਂ ਕੀਤੇ ਹਨ, ਪਰ ਤੂੰ ਉਨ੍ਹਾਂ ਸਭਨਾਂ 'ਚੋਂ ਉਤਮ ਹੈ। ਸ਼ੋਭਾ ਤਾਂ ਝੂਠੀ ਤੇ ਸੁੰਦਰਤਾ ਵਿਅਰਥ ਹੈ। ਪਰ ਜੋ ਇਸਤ੍ਰੀ ਯਹੋਵਾ ਦਾ ਭੈ ਮੰਨਦੀ ਹੈ ਉਸ ਦੀ ਪ੍ਰਸੰਸਾ ਕੀਤੀ ਜਾਏਗੀ। ਈਸ਼ਵਰ ਤੇਰੀ ਜੈ ਹੋ—ਬਾਰਕ ਮੋਰ।"

ਧਰਮ ਸ਼ਾਸਤ੍ਰ ਬੰਦ ਕਰ ਕੇ ਸ਼ਾਤੰਮਾ ਦੀ ਮਾਂ ਨੇ ਜਦ ਮੂੰਹ ਉਪਰ ਚੁਕ ਕੇ ਵੇਖਿਆ ਤਾਂ ਕੁੰਏਨਾਚੰਨ ਅੱਖੀਆਂ ਬੰਦ ਕੀਤੀ ਲੇਟੇ ਹੋਏ ਸਨ।

ਦੀਨਾਮਾ ਬੋਲੀ—

"ਪਿਤਾ ਜੀ ਫੇਰ ਬੇਹੋਸ਼ ਹੋ ਗਏ।"

ਕੀਵਰੀਤ ਨੇ ਆਖਿਆ—"ਬਹੁਤ ਕਮਜ਼ੋਰੀ ਹੈ।"

"ਦੋ ਦਿਨਾਂ ਤੋਂ ਹੀ ਕਮਜ਼ੋਰੀ ਇੰਨੀ ਵਧੀ ਹੈ।"

"ਖਾਸ ਧਿਆਨ ਰਖਣਾ। ਰਾਤ ਵੇਲੇ ਬੱਤੀ ਮੱਧਮ ਕਰ ਕੇ ਕੋਲ ਰਖ ਦੇਣਾ।"

"ਭਈਆ ਰੋਜ ਹੀ ਰਖ ਦੇਣੀ ਆਂ।"

"ਚਲਾਂ ਮਰਿਆਕੁੱਟੀ। ਕਲ ਆਵਾਂਗਾ।"

"ਮੈਂ ਕਲ ਸਵੇਰੇ ਚਲੀ ਜਾਵਾਂਗੀ।"

"ਉਸ ਤੋਂ ਪਹਿਲਾਂ ਹੀ ਆ ਜਾਵਾਂਗਾ।"

ਕੀਵਰੀਤ ਨੂੰ ਗਿਆਂ ਇਕ ਘੰਟਾ ਬੀਤਿਆ ਤਾਂ ਇਕ ਮੋਟਰ ਵਿਚ ਕੁੱਟੀਅੰਮਾ ਤੇ ਉਸ ਦੇ ਪਤੀ ਸ਼ਹਿਰ ਤੋਂ ਇਕ ਨਾਮੀ ਡਾਕਟਰ ਜਾਰਜ ਨੂੰ ਲੈ ਕੇ ਕੁੰਏਨਾਚੰਨ ਦੇ ਕੋਲ ਪੁੱਜੇ।

ਜਦ ਡਾਕਟਰ ਆਏ, ਉਸ ਵੇਲੇ ਕੁੰਏਨਾਚੰਨ ਦੀ ਬੇਹੋਸ਼ੀ ਦੂਰ ਹੋ ਚੁਕੀ ਸੀ। ਪਰ ਸਥਿਲਤਾ ਦੂਰ ਨਹੀਂ ਸੀ ਹੋਈ।

ਡਾਕਟਰ ਕੁੰਏਨਾਚੰਨ ਦੇ ਚਿਹਰੇ ਵਲ ਵੇਖ ਕੇ ਮੁਸਕਰਾਇਆ।

"ਦਾਦਾ ਜੀ ਮੈਨੂੰ ਪਛਾਣਦੇ ਹੋ ?"

"ਕੀ ? ਜ਼ੋਰ ਦੀ ਬੋਲਣਾ।"

"ਮੈਨੂੰ ਪਛਾਣਦੇ ਹੋ ?"

"ਯਾਦ ਨਹੀਂ। ਦੱਸੋ ਤਾਂ ਸ਼ਾਇਦ ਯਾਦ ਆ ਜਾਏ।"

ਕੁੱਟੀਅੰਮਾ ਨੇ ਆਖਿਆ—

"ਕੋਟਾਰੱਤਰਾ ਦੇ ਜਾਰਜ ਡਾਕਟਰ ਹਨ ਦਾਦਾ ਜੀ।"

"ਨੋਮਾਪਣੀਕਰ ਅੱਪੋਤਿਕੀਰੀ ਦੇ ਪੁੱਤਰ ਹੋ ?"

"ਹਾਂ, ਹਾਂ, ਥਕਾਵਟ ਹੈ ਨਾ ?"

"ਡਾਕਟਰ ਨੇ ਟੂਟੀ ਛਾਤੀ ਤੇ ਲਾਈ।"

"ਉਮਰ ਕਿੰਨੀ ਹੈ ?"

"ਕੀ ?"

"ਉਮਰ"

"ਨੱਬੇ ਪੂਰੇ ਹੋ ਚੁਕੇ।"

"ਹੂੰ, ਉਮਰ ਦੀ ਥਕਾਵਟ ਹੀ ਹੈ।"

"ਅੱਖਾਂ ਵੇਖੀਆਂ। ਨਬਜ਼ ਵੇਖੀ।"

"ਖੁਰਾਕ ਦੀ ਕੀ ਹਾਲਤ ਹੈ ?"

ਦੀਨਾਮਾ ਨੇ ਆਖਿਆ—

"ਥੋੜ੍ਹੀ-ਥੋੜ੍ਹੀ ਹੀ ਸਹੀ, ਲੈਂਦੇ ਤਿੰਨੇ ਵਾਰ ਹਨ। ਦੋ ਦਿਨ ਪਾਣੀ ਤੇ ਕੰਜੀ ਨੂੰ ਛੱਡ ਕੁਝ ਨਹੀਂ ਲਿਆ।"

"ਹੂੰ"

ਪਣਿਕਰ ਔਪਤਿਕੀਰੀ ਮੈਨੂੰ ਚੰਗੀ ਤਰ੍ਹਾਂ ਜਾਣਦੇ ਸਨ। ਜਾਨਣ ਦਾ ਕਾਰਨ ਵੀ ਹੈ ਸੀ।

"ਕੀ ?"

"ਵੀਹ-ਤੀਹ ਵਰ੍ਹੇ ਪਹਿਲਾਂ ਦੀ ਗੱਲ ਹੈ। ਏਰਾਨੀਕੱਟੀ ਪੁਲ ਦੇ ਕੋਲ......"

ਡਾਕਟਰ ਨੇ ਇਸ ਕਹਾਣੀ ਨੂੰ ਜਾਰੀ ਰਖਣਾ ਨਹੀਂ ਚਾਹਿਆ.... ਇਸ ਲਈ ਬੋਲਿਆ —

"ਜਰਾ ਜੀਭ ਵਿਖਾਓ।"

ਦੀਨਾਮਾ ਬੋਲੀ —

"ਬਿਨਾ ਯਾਦ ਦੇ ਕੁਝ ਨਾ ਕੁਝ ਕਹੀ ਜਾਂਦੇ ਨੇ। ਕਦੀ ਗੱਲਬਾਤ ਕਰਦਿਆਂ ਬੇਹੋਸ਼ ਹੋ ਜਾਂਦੇ ਹਨ।"

"ਹੂੰ।"

"ਅਫ਼ੀਮ ਖਾਣ ਦੀ ਆਦਤ ਹੈ।"

"ਅੱਛਾ।"

ਜਾਂਚ ਦੇ ਬਾਦ ਡਾਕਟਰ ਨੇ ਆਖਿਆ—

"ਬਦਨ ਵਿਚ ਕੁਝ ਫੁਰਤੀ ਦੇਣ ਵਾਲੀਆਂ ਦਵਾਈਆਂ ਦੇਣੀਆਂ ਚਾਹੀਦੀਆਂ ਹਨ। ਖੁਰਾਕ ਅਤੇ ਦਿਨ ਭਰ ਦੇ ਕੰਮ ਕਾਰ ਵਿਚ ਸੰਜਮ ਤੇ ਨਿਯਮ ਦਾ ਪਾਲਨ ਕਰਨਾ ਪਏਗਾ। ਇਸ ਦੇ ਇਲਾਵਾ ਸੇਵਾ ਆਦਿ ਦੀ ਵੀ ਲੋੜ ਹੈ। ਬੁੱਢਿਆਂ ਲਈ ਸਭ ਤੋਂ ਵਧ ਮਹੱਤਵ ਦੀ ਗੱਲ ਸੇਵਾ ਹੁੰਦੀ ਹੈ। ਸਾਵਧਾਨ ਸੇਵਾ ਨਾਲ ਦਿਲ ਦੀ ਕਮਜ਼ੋਰੀ ਦੂਰ ਕਰਨੀ ਚਾਹੀਦੀ ਹੈ।......ਮੇਰੇ ਨਾਲ ਕੌਣ ਆਵੇਗਾ। ਕੁਝ ਦਵਾਈਆਂ ਦੇਵਾਂਗਾ।

ਥਾਮਸ ਮਾਸਟਰ ਨੇ ਪ੍ਰਸ਼ਨ ਕੀਤਾ—

"ਕੀ ਅਫੀਮ ਖਾਣ ਨਾਲ ਨੁਕਸਾਨ ਹੈ ਡਾਕਟਰ ਸਾਹਿਬ ?"

ਡਾਕਟਰ ਮੁਸਕਰਾ ਪਿਆ।

"ਅਫੀਮ ਬੁਰੀ ਚੀਜ਼ ਹੈ। ਪਰ ਇਸ ਹਾਲਤ ਵਿਚ ਬੰਦ ਕਰਨ ਨਾਲ ਵਧੀਕ ਹਾਨੀ ਹੋਣ ਦਾ ਹੀ ਡਰ ਹੋ ਸਕਦਾ ਹੈ। ਜ਼ਹਿਰ ਵੀ ਨਿਯਤ ਮਾਤਰਾ ਵਿਚ ਕਾਫੀ ਚਿਰ ਖਾਧਾ ਜਾਂਦਾ ਰਹੇ ਤਾਂ ਬਾਅਦ ਵਿਚ ਉਹ ਬਦਨ ਲਈ ਅਵੱਸ਼ਕ ਹੋ ਜਾਏਗਾ।"

"ਇਹ ਠੀਕ ਹੈ।"

''ਮਾਸਟਰ ਜੀ ਹੀ ਨਾਲ ਆ ਰਹੇ ਨੇ ਨਾ ?''

''ਹਾਂ ।''

''ਆਓ ।''

ਡਾਕਟਰ ਦੇ ਨਾਲ ਥਾਮਸ ਮਾਸਟਰ ਗਏ । ਕੁੱਟੀਅੰਮਾ ਦੀ ਮਾਂ ਦੇ ਮੋਢੇ ਤੇ ਹੱਥ ਰਖ ਕੇ ਬੋਲੀ—''ਪਤਾ ਲੱਗਾ ਸੀ ਕਿ ਤੁਸੀਂ ਆਏ ਹੋ । ਅਸਾਂ ਸਕੂਲੋਂ ਆਉਂਦਿਆਂ ਪਿਤਾ ਜੀ ਨੂੰ ਵੇਖਿਆ ਸੀ । ਦਾਦਾ ਜੀ ਨੂੰ ਕੀ ਬੜੀ ਬੇਚੈਨੀ ਸੀ ?''

''ਜ਼ਿਆਦਾ ਤਾਂ ਨਹੀਂ । ਗੱਲਾਂ ਕਰਦੇ-ਕਰਦੇ ਵਿਚ-ਵਿਚ ਬੇਹੋਸ਼ ਹੋ ਜਾਂਦੇ ਹਨ । ਕਦੀ-ਕਦੀ ਤਾਂ ਬਿਨਾਂ ਯਾਦਦਾਸ਼ਤ ਦੇ ਹੀ ਕੁਝ ਬੜਬੜਾਨ ਲੱਗ ਪੈਂਦੇ ਹਨ......''

''ਦਾਦਾ ਜੀ ।''

ਅੱਛੀ ਤਰ੍ਹਾਂ ਅੱਖ ਖੋਲ੍ਹ ਕੇ ਵੇਖਿਆ—

''ਬੇਟੀ ! ਤੂੰ ਕਿਉਂ ਅਪੋਤਿਕੀਰੀ ਨੂੰ ਲੈ ਆਈ ? ਮੈਨੂੰ ਕੋਈ ਖਾਸ ਬੀਮਾਰੀ ਤਾਂ ਹੈ ਨਹੀਂ । ਉਮਰ ਨੂੰ ਕੌਣ ਰੋਕ ਸਕਦਾ ਹੈ ?''

''ਜਦ ਤਕ ਜਾਨ ਹੋਵੇ ਤਦ ਤਕ ਕੀ ਆਰਾਮ ਨਹੀਂ ਰਹਿਣਾ ਚਾਹੀਦਾ ਦਾਦਾ ਜੀ ?''

''ਤੂੰ ਮੈਨੂੰ ਹਵਾ ਤੇ ਬੈਠਾ ਕੇ ਦੌੜਾਉਂਦਾ ਹੈਂ । ਤੂਫਾਨ ਵਿਚ ਤੂੰ ਮੈਨੂੰ ਵਿਲੀਨ ਕਰ ਦੇਂਦਾ ਹੈਂ । ਮੈਂ ਜਾਣਦਾ ਹਾਂ ਕਿ ਤੂੰ ਮੈਨੂੰ ਮੌਤ ਦੇ ਘਰ ਤੇ ਸਲ ਜੀਵਾਂ ਦੇ ਅੰਤਿਮ ਲਖਸ਼ ਵਲ ਲੈ ਜਾਏਂਗਾ......''

''ਵੇਖਿਆ, ਗੱਲ-ਗੱਲ ਤੇ ਬੇਕਾਰ ਦੀਆਂ ਗੱਲਾਂ ਸੋਚਦੇ ਰਹਿੰਦੇ ਹਨ । ਤਾਂ ਹੀ ਤੇ ਬੇਹੋਸ਼ੀ ਹੋ ਜਾਂਦੀ ਹੈ ।''

''ਕੀ ਮੈਂ ਆਪਣੇ ਪਰਿਵਾਰ ਵਿਚ ਕੋਈ ਹੋਰ ਸ਼ਾਦੀ ਵੇਖ ਸਕਾਂਗਾ ? ਤੇਰੀ ਸ਼ਾਦੀ ਹੀ ਆਖਰੀ ਹੈ । ਹੈ ਨਾ ਬੇਟੀ ?''

''ਬੇਟੀ ।''

''ਕੀ ?''

''ਕੀ ਮੇਰੀ ਗੱਲ ਨਹੀਂ ਸੁਣੀ ?''

''ਸੁਣਿਆ ਹੈ ? ਸੁਣਿਆ ਹੈ ਕਿ ਸਾਡੇ ਪਰਿਵਾਰ ਵਿਚ ਸਾਨੂੰ ਪਤਾ ਲੱਗੇ ਬਗੈਰ ਹੀ ਇਕ ਸ਼ਾਦੀ ਹੋ ਗਈ ਹੈ ।''

''ਉਹ ਕਿਥੇ ?''

''ਦਾਦਾ ਜੀ ਨੂੰ ਕੁਝ ਦੱਸਣਾ ਵੀ ਆਫਤ ਮੁੱਲ ਲੈਣਾ ਹੈ । ਹਰ ਇਕ ਅੱਗੇ ਕਹਿਣਾ ਸ਼ੁਰੂ ਕਰ ਦੇਣਗੇ ।''

''ਕਿਸੇ ਨੂੰ ਨਹੀਂ ਦੱਸਣ ਲੱਗਾ ਬੇਟੀ ।''

''ਨਹੀਂ ਤਾਂ ਉਸੇ ਬਾਰੇ ਮਨ ਵਿਚ ਸੋਚਦੇ ਲੇਟੇ ਰਹੋਗੇ ?''

''ਤੇਰੇ ਪਿਤਾ ਨੇ ਮੈਨੂੰ ਕੁਝ ਨਹੀਂ ਦੱਸਿਆ ।''

''ਅਫਵਾਹ ਹੈ । ਸੁਣਿਆ ਕਾਲਾਯੀ ਦੇ ਜੋਣੀਕੁੱਟੀ ਨੇ ਘਰ ਦੀ ਨੌਕਰਾਨੀ

ਲੜਕੀ ਨੂੰ ਵਾਯਨਾਡ ਲਿਜਾ ਕੇ ਉਸ ਨਾਲ ਸ਼ਾਦੀ ਕਰ ਲਈ ਹੈ।''

''ਹੈ''

''ਉਹ ਹੁਣ ਉਸੇ ਦੇ ਨਾਲ ਰਹਿੰਦੀ ਹੈ।''

ਕੁੰਏਨਾਚੰਨ ਕੁਝ ਸਮਝ ਨਹੀਂ ਸਕਿਆ। ਬਾਰ-ਬਾਰ ਸਵਾਲ ਪੁਛਦਾ ਰਿਹਾ। ਉਲਟ-ਪਲਟ ਕੇ ਕਈ ਵਾਰ ਪੁਛਿਆ। ਸੁਣਿਆ ਕਿ ਜਿਸ ਲੜਕੀ ਨਾਲ ਫਿਲਿਪਿਓਸ ਦਾ ਸੰਬੰਧ ਸੀ ਉਸ ਨਾਲ ਬੇਟੇ ਨੇ ਸ਼ਾਦੀ ਕੀਤੀ ਹੈ। ਕਹਿੰਦਾ ਸੀ ਕਿ ਪਿਤਾ ਦੇ ਬੁਰੇ ਚਾਲ-ਚਲਣ ਤੋਂ ਬੇਇਜ਼ਤੀ ਮਹਿਸੂਸ ਕਰ ਕੇ ਹੀ ਪਿੰਡ ਛੱਡ ਗਿਆ ਸੀ। ਹੁਣ ਸੁਣਨੇ ਆਂ ਕਿ ਉਸੇ ਲੜਕੀ ਦੇ ਗਲ ਵਿਚ ਉਸ ਮੰਗਲਸੂਤ੍ਰ ਬੰਨ੍ਹਿਆ ਹੈ। ਕੈਸੀ ਮਾਯਾ ਹੈ?

''ਲੜਕੀ ਤੇ ਉਹ ਪਹਿਲਾਂ ਹੀ ਇਕ ਦੂਜੇ ਨੂੰ ਚਾਹੁੰਦੇ ਸਨ। ਬਾਅਦ ਵਿਚ ਪੈਸੇ ਦੇ ਲਾਲਚ ਜਾਂ ਕਿਸੇ ਹੋਰ ਕਾਰਨ ਉਹ ਚਾਚੇ ਨਾਲ...... । ਕੌਣ ਜਾਣੇ, ਲੋਕ ਆਖਦੇ ਨੇ, ਕਿਸ ਨੂੰ ਪਤਾ ਕਿ ਸੱਚ ਕੀ ਹੈ।''

''ਜੇ ਕੋਈ ਅਜਿਹੀ ਗੱਲ ਹੁੰਦੀ ਤਾਂ ਕੀ ਤੇਰੇ ਪਿਤਾ ਮੇਰੇ ਨਾਲ ਨਾ ਗੱਲ ਕਰਦੇ?''

''ਮੈਂ ਆਖਿਆ ਨਹੀਂ ਦਾਦਾ ਜੀ। ਇਹ ਸਭ ਅਫਵਾਹ ਹੈ। ਦਾਦਾ ਜੀ ਹੋਰ ਕਿਸੇ ਨੂੰ ਨਾ ਕਹਿਣਾ। ਹੁਣੇ ਦਵਾਈ ਲੈ ਆਉਣਗੇ। ਠੀਕ ਸਮੇਂ ਸਿਰ ਦਵਾਈ ਖਾਣੀ।''

''ਸ਼ਾਇਦ ਸੱਚ ਹੋਵੇ। ਇਹ ਉਸ ਲੜਕੀ ਨੂੰ ਕੱਢ ਕੇ ਲੈ ਗਿਆ ਹੋਣਾ ਹੈ।''

''ਵੇਖਿਆ। ਇਸੇ ਲਈ ਤਾਂ ਦਾਦਾ ਜੀ ਨੂੰ ਕੁਝ ਵੀ ਕਹਿਣਾ ਮੁਸ਼ਕਿਲ ਹੋ ਗਿਆ ਹੈ। ਇਹ ਗੱਲ ਭੁਲ ਜਾਓ। ਮੈਂ ਜਾ ਰਹੀ ਹਾਂ।''

ਦਿਲ 'ਚੋਂ ਇਹ ਕਿਵੇਂ ਭੁਲੇ? ਸੋਚਣ ਸਮਝਣ ਤੇ ਬੇਟੀ ਦੀ ਕਹੀ ਗੱਲ ਹੀ ਠੀਕ ਲੱਗੀ। ਉਹ ਜਵਾਨ ਹੈ—ਵੀਹ ਪੰਝੀ ਵਰ੍ਹੇ ਦੀ। ਉਹ ਲੜਕੀ ਵੀ ਜਵਾਨ—ਅਠਾਰਾਂ ਵੀਹ ਵਰ੍ਹਿਆਂ ਦੀ। ਲੜਕਾ ਅਮੀਰ ਦਾ ਪੁੱਤਰ, ਖ਼ੂਬਸੂਰਤ। ਉਹ ਲੜਕੀ ਭਾਵੇਂ ਨਿਰਧਨ ਹੈ, ਪਰ ਹੈ ਸੁੰਦਰ। ਉਸ ਦਾ ਬਾਪ ਇਨ੍ਹਾਂ ਦੋਹਾਂ ਵਾਸਤੇ ਬਹਿਸ਼ਤ ਦਾ ਕੀੜਾ ਸਾਬਤ ਹੋਇਆ ਹੋਵੇਗਾ। ਲੜਕੀ ਦੀ ਉਭਰਦੀ ਜਵਾਨੀ ਵੇਖ ਕੇ ਉਹ ਆਪਣੇ ਆਪ ਨੂੰ ਭੁਲ ਗਿਆ ਹੋਵੇਗਾ। ਪਛਤਾਇਆ ਹੋਵੇਗਾ ਕਿ ਚੜ੍ਹਦੀ ਜਵਾਨੀ ਵਿਚ ਇੱਛਾ ਅਨੁਸਾਰ ਸੁਖ ਭੋਗ ਦਾ ਮਜ਼ਾ ਨਹੀਂ ਲੁਟਿਆ। ਇਸ਼ਾਰਾ ਕਰਨ ਤੇ ਉਹ ਲੜਕੀ ਮੰਨ ਗਈ ਹੋਵੇਗੀ। ਨਹੀਂ ਤਾਂ ਸ਼ਾਮੀਂ ਜਾਂ ਸਵੇਰੇ ਜ਼ਬਰਦਸਤੀ ਕਰਨ ਤੇ ਨਾ ਛੁਟ ਸਕਣ ਤੇ ਚੁਪ ਖੜੀ ਰਹੀ ਹੋਵੇਗੀ। ਬਾਕੀ ਗੱਲਾਂ ਉਹੀ। ਜਿਹੜੀਆਂ ਸੁਣੀਆਂ ਸਨ ਉਹੀ।

ਪਹਿਲਾਂ ਹੀ ਪ੍ਰੋਗਰਾਮ ਬਣਾ ਕੇ ਉਹ ਯੁਵਕ ਉਸ ਨੂੰ ਲੈ ਜਾਂਦਾ ਹੈ। ਝੂਠੀ ਤੋਹਮਤ ਲਾ ਦਿੰਦਾ ਹੈ ਕਿ ਪਿਤਾ ਭੈੜੇ ਚਾਲ ਚਲਣ ਦਾ ਹੈ। ਸੌ ਏਕੜ ਦਾ ਟਬੜ ਦਾ ਬਾਗ ਤੇ ਵਿਚ ਬੰਗਲਾ। ਉਹ ਉਥੇ ਕਿਸੇ ਰਾਜੇ ਦੀ ਸ਼ਾਨ ਨਾਲ ਉਸ ਲੜਕੀ ਨਾਲ ਰਹਿ ਰਿਹਾ ਹੋਵੇਗਾ। ਰਾਜਕੁਮਾਰ ਅਤੇ ਰਾਜਕੁਮਾਰੀ।

ਖਬਰ ਸੁਣ ਕੇ ਪਿਤਾ ਉਥੇ ਜਾਂਦੇ ਹਨ। ਕੀ ਹੋਵੇਗਾ? ਕੁਝ ਝੰਜਟ ਦੀ

ਸੰਭਾਵਨਾ ਤਾੜ ਕੇ ਉਸ ਦਾ ਸਾਹਮਣਾ ਕਰਨ ਲਈ ਨੌਕਰਾਂ 'ਚੋਂ ਦਸ ਬਾਰਾਂ ਗੁੰਡਿਆਂ ਦਾ ਪ੍ਰਬੰਧ ਕਰ ਰਖਦਾ ਹੈ। ਲੜਕਾ ਲੜਕੀ ਨੂੰ ਅੰਦਰ ਲੁਕਾ ਕੇ ਬਾਹਰਲੇ ਦਰਵਾਜ਼ੇ ਤੇ ਖੜਾ ਹੋ ਜਾਂਦਾ ਹੈ। ਤੇ ਸਭ ਜਗ੍ਹਾ ਜਿੱਤਣ ਵਾਲਾ ਪਿਤਾ ਇਥੇ ਹਾਰ ਦੇ ਡਰੋਂ ਅੱਖ ਉਪਰ ਚੁਕਿਉਂ ਬਗੈਰ ਹੀ ਕਹਿੰਦਾ—

"ਤੂੰ ਘਰ ਚਲਾ ਜਾ। ਇਥੇ ਹੋਰ ਪ੍ਰਬੰਧ ਕਰ ਦੇਵਾਂਗਾ।"

"ਮੈਂ ਨਹੀਂ ਜਾਂਦਾ।"

"ਹੂੰ। ਕਿਉਂ ?"

"ਨਹੀਂ ਜਾਂਦਾ। ਇਥੇ ਹੀ ਰਹਾਂਗਾ। ਪਿਤਾ ਜੀ ਕੁਝ ਵੀ ਨਾ ਦੇਣ ਇਹ ਬਾਗ ਮੇਰੇ ਲਈ ਕਾਫੀ ਹੈ।"

"ਕੀ ਇਹ ਬਾਗ ਤੇਰੇ ਸਹੁਰੇ ਨੇ ਦਾਜ ਵਿਚ ਦਿਤਾ ਹੈ ?"

"ਜੋ ਚਾਹੋ ਸਮਝੋ।"

ਇਹ ਤਾਂ ਚੁਣੌਤੀ ਹੋਈ।

ਪਿਤਾ ਸੋਚਦੇ ਹਨ ਕਰਨਾ ਕੀ ਹੈ ? ਕੀ ਸਰੀਰਕ ਬਲ ਅਜ਼ਮਾਉਣਾ ਚਾਹੀਦਾ ਹੈ ? ਪੁਲਿਸ 'ਚ ਰਿਪੋਰਟ ਕਰਾਂ ? ਤਾਕਤ ਨਾਲ ਜਿਤਨਾ ਸੰਭਵ ਨਹੀਂ। ਬਦਨਾਮੀ ਰਹਿ ਜਾਏਗੀ ਕਿ ਬਾਪ ਤੇ ਬੇਟੇ ਵਿਚ ਮਾਰ ਪਿਟਾਈ ਹੋਈ। ਕੁਝ ਵੀ ਹੋਵੇ ਉਸ ਵੇਸਵਾ ਯੁਵਤੀ ਨੂੰ ਇਥੋਂ ਕੱਢਣਾ ਹੀ ਹੋਵੇਗਾ।......

"ਓਏ, ਉਹ ਕਿਥੇ ਹੈ ?"

"ਉਹ ਕੌਣ ? ਇਥੇ ਨਹੀਂ।"

"ਦਰਵਾਜ਼ੇ ਤੋਂ ਹਟ ਜਾ।"

'ਆਖਿਆ ਏ ਨਾ ਇਥੇ ਨਹੀਂ।"

"ਹਟ ਜਾ ਓਏ।"

"ਨਹੀਂ ਹਟਦਾ।"

"ਮਾਰੋ......"

ਤਮਾਚਾ। ਉਸ ਆਪਣੇ ਆਪ ਨੂੰ ਬਚਾ ਲਿਆ। ਫਿਰ ਮਾਰਨ ਲਈ ਅਗੇ ਵਧਿਆ ਤਾਂ ਬਾਂਹ ਮਰੋੜ ਦਿੱਤੀ। ਹੁਣ ਪਿਤਾ ਪੁੱਤਰ ਨਹੀਂ ਰਹੇ। ਇਕ ਲੜਕੀ ਲਈ ਲੜ ਮਰਨ ਵਾਲੇ ਦੋ ਮਰਦ ਹਨ। ਪਿਤਾ ਪੁੱਤਰ ਨੂੰ ਟੰਗ ਦਾ ਦਾਅ ਮਾਰ ਕੇ ਹੇਠ ਸੁੱਟ ਲੈਂਦਾ ਹੈ। ਪੁੱਤਰ ਦੀ ਛਾਤੀ ਤੇ ਚੜ੍ਹ ਕੇ ਉਸ ਦਾ ਗਲਾ ਦਬਾਉਂਦਾ ਹੈ। ਇਸੇ ਵੇਲੇ ਚੌਹਾਂ ਪਾਸਿਆਂ ਤੋਂ ਝਾੜੀਆਂ 'ਚ ਲੁਕ ਕੇ ਬੈਠੇ ਪੁੱਤਰ ਦੇ ਬੁਲਾਏ ਗੁੰਡੇ ਟੁੱਟ ਪੈਂਦੇ ਹਨ। ਪਿਤਾ ਇਕੱਲਾ। ਕਟਾਰ, ਬਰਛੀ, ਤਲਵਾਰ ਹੈਂ ਹੈਂ......ਆਪਣੇ ਪੁੱਤਰ ਨੂੰ ਥੱਪੜ ਤੇ ਮੁੱਕੇ ਮਾਰ ਰਿਹਾ ਹੈ। ਪਹਿਲਾਂ ਹੀ ਦਮੇ ਦਾ ਰੋਗੀ ਹੈ—

"ਛੀ, ਰੋਕੋ।"

"ਪਿਤਾ ਜੀ ਹਟ ਜਾਓ। ਇਨ੍ਹਾਂ ਸਭਨਾਂ ਨੂੰ ਮੈਂ ਗਾਜਰ ਮੂਲੀ ਦੇ ਟੁਕੜਿਆਂ ਵਾਂਗ ਕਟ ਦੇਵਾਂਗਾ।

"ਹਾਏ ਓਏ। ਕੀ ਸਿਰ ਪਾਟ ਗਿਆ ਹੈ ?......ਕੀ ਮੇਰੇ ਬੱਚੇ ਨੂੰ ਮਾਰ

ਦਿੱਤਾ ?"

"ਪਕੜੋ ਉਸ ਨੂੰ......ਬਦਮਾਸ਼ ।"

"........."

"ਬਾਬੂ ਜੀ ।"

"ਦਾਦਾ ਜੀ ।"

ਕੁੰਏਨਾਚੰਨ ਚੀਕ ਉਠੇ । ਉਨ੍ਹਾਂ ਦੀ ਅੱਖ ਖੁਲ ਗਈ ।

"ਹੈਂ, ਕੀ ਹੈ ਨੀ ।"

"ਲੋਕਾਂ ਨੂੰ ਇੰਝ ਕਿਉਂ ਪਰੇਸ਼ਾਨ ਕਰਦੇ ਹੋ ?"

"ਕੀ ਹੈ ?"

"ਕੌਣ ਜਾਣੇ ਕੀ ਹੈ ? ਪਿਤਾ ਜੀ ਤੁਸੀਂ ਹੀ ਜਾਣੋ ।"

"ਮਨ ਕਹਿ ਰਿਹਾ ਸੀ ਕਿ ਮਾਰ ਸੁਟਿਆ ।"

"ਕਿਸ ਨੂੰ ?"

"ਫਿਲਿਪਿਓਸ ਨੂੰ ।"

"ਇਹ ਕੀ ਕਹਿ ਰਹੇ ਹੋ ? ਮੇਰੀ ਸਮਝ ਵਿਚ ਕੁਝ ਵੀ ਨਹੀਂ ਆਉਂਦਾ । ਲਓ ! ਪੋਤੇ ਦੀ ਚਿੱਠੀ ਆਈ ਜੇ ।"

"ਕਿਸ ਦੀ ?"

"ਰਾਜਨ ਬੇਟੇ ਦੀ ।"

"ਕੀ ਖਬਰ ਹੈ ? ਪੜ੍ਹ ।"

"ਅਗਲੇ ਮਹੀਨੇ ਪੰਦਰਾਂ ਦਿਨ ਦੀ ਛੁਟੀ ਆ ਰਿਹਾ ਹੈ । ਸ਼ਾਂਤੰਮਾ ਨੂੰ ਲੈ ਜਾਣ ਲਈ ਆ ਰਿਹਾ ਹੈ । ਨੀਲਗਿਰੀ ਤਬਦੀਲੀ ਹੋ ਜਾਏਗੀ ।"

"ਨੀਲਗਿਰੀ ਵਿਚ ?"

"ਹਾਂ, ਉਥੇ ਪਰਿਵਾਰ ਦੇ ਨਾਲ ਰਹਿਣ ਲਈ ਉਸ ਨੂੰ ਮਕਾਨ ਮਿਲ ਜਾਏਗਾ ।"

"ਇਥੇ ਸਾਡੇ ਨਾਲ ਉਸ ਲੜਕੀ ਦੇ ਰਹਿਣ ਨਾਲ ਸਾਡਾ ਇਕ ਸਹਾਰਾ ਤੇ ਤੇਰੀ ਇਕ ਮਦਦਗਾਰ ਵੀ ਹੋ ਗਈ ਸੀ ਨਾ ?"

"ਪਰ ਕੀ ਉਹ ਜ਼ਿੰਦਗੀ ਭਰ ਸਾਡੇ ਨਾਲ ਰਹਿ ਸਕਦੀ ਹੈ ?"

"ਨਹੀਂ ।"

ਸ਼ਾਂਤੰਮਾ ਦੀ ਮਾਂ ਨੇ ਆਖਿਆ—"ਜੇ ਜਾ ਵੀ ਰਹੀ ਹੈ ਤਾਂ ਇਕ ਸਾਲ ਨਾਲ ਰਹਿ ਕੇ ਹੀ ਆ ਜਾਵੇਗੀ । ਉਸ ਦੇ ਬਾਅਦ ਇਥੇ ਹੀ ਆਵੇਗੀ ।

ਸੂਰਜ ਡੁਬ ਗਿਆ ਸੀ । ਦੀਨਾਮਾ ਤੇ ਸ਼ਾਂਤੰਮਾ ਦੀ ਮਾਂ ਅੰਦਰ ਚਲੀਆਂ ਗਈਆਂ । ਸ਼ਾਂਤੰਮਾ ਨੇ ਟੀਨ ਦੀ ਬੱਤੀ ਜਗਾ ਕੇ ਕੁੰਏਨਾਚੰਨ ਦੀ ਮੰਜੀ ਦੇ ਕੋਲ ਰਖ ਦਿਤੀ । ਦੀਪਕ ਦੀ ਲੋਅ ਉਸ ਦੀਆਂ ਗਲ੍ਹਾਂ ਤੇ ਝਲਕ ਪਈ ।

"ਬਿਟੀਆ ।"

"ਜੀ"

"ਤੇਰੇ ਵਾਪਸ ਅ ਉਣ ਤੱਕ ਕੀ ਦਾਦਾ ਜੀ ਜ਼ਿੰਦਾ ਰਹਿਣਗੇ ?"

"ਹੋਰ ਕੀ। ਚੰਗੀ ਗੱਲ ਕਰਿਆ ਕਰੋ।"

"ਇੱਛਾ ਹੈ। ਪਰ ਅੰਤਰ ਆਤਮਾ ਆਖਦਾ—ਨਹੀਂ। ਤੈਨੂੰ ਮੇਰੇ ਨਾਂ ਦਾ ਮਕਬਰਾ ਹੀ ਵੇਖਣ ਲਈ ਲੱਭੇਗਾ।" ਪੇਲੋਝਤਿਲ ਕੁੰਯੁਨੈਨਾ। ਉਸ ਸਮੇਂ ਤੂੰ ਮਾਂ ਬਣ ਚੁਕੀ ਹੋਵੇਂਗੀ। ਤੇਰਾ ਬੇਟਾ......

"ਦਾਦਾ ਜੀ !"

"ਹੂੰ।"

"ਇਸ ਤਰ੍ਹਾਂ ਬਹੁਤਾ ਸੋਚੋ ਨਾ। ਤਾਂ ਹੀ ਤੇ ਭੈੜੇ ਸੁਫਨੇ ਆਉਂਦੇ ਨੇ।"

ਕੁੰਏਨਾਚੰਨ ਨੇ ਸੋਚਿਆ।

ਬੇਟੀ ਠੀਕ ਆਖਦੀ ਹੈ। ਮਨ ਖੁਲ੍ਹੀ ਸਰਾਂ ਵਰਗਾ ਹੋ ਗਿਆ ਹੈ। ਚਿੰਤਾਵਾਂ ਬਿਨਾਂ ਬੁਲਾਵੇ ਹੀ ਆ ਕੇ ਕਬਜ਼ਾ ਕਰ ਲੈਂਦੀਆਂ ਹਨ।

## ਗਿਆਰਾਂ

ਸ਼ਾਮ ਦਾ ਵਕਤ ਸੀ। ਦੀਨਾਮਾ ਸ਼ੀਸ਼ੀ 'ਚੋਂ ਦਵਾ ਉਲਟ ਕੇ ਕੁੰਏਨਾਚੰਨ ਨੂੰ ਪਿਲਾ ਰਹੀ ਸੀ ਕਿ ਕੁੰਯੁਚੇਰੁਕਨ ਆ ਗਿਆ। ਦੋਨਾਂ ਨੇ ਇਕ ਦੂਜੇ ਨੂੰ ਵੇਖਿਆ। ਪਰ ਦੀਨਾਮਾ ਬੋਲੀ ਨਹੀਂ। ਦਵਾ ਦੀ ਸ਼ੀਸ਼ੀ ਲੈ ਕੇ ਅੰਦਰ ਚਲੀ ਗਈ। ਪੀਣ ਦੀ ਦਵਾ ਤੇ ਗੋਲੀਆਂ ਹਰ ਰੋਜ਼ ਤਿੰਨ ਵਾਰ ਦੇਣੀਆਂ ਸਨ। ਓਵਲਟੀਨ ਵੀ ਦੁੱਧ ਵਿਚ ਪਾ ਕੇ। ਪਿੰਡੇ ਲਈ ਮਾਲਿਸ਼ ਦਾ ਤੇਲ। ਇਹ ਸਭ ਚੀਜ਼ਾਂ ਥਾਮਸ ਮਾਸਟਰ ਹੀ ਖਰੀਦ ਕੇ ਲਿਆਉਂਦੇ ਸਨ। ਦਵਾ ਪੀਣ ਨਾਲ ਤਬੀਅਤ ਕੁਝ ਸੁਧਰਨ ਲਗ ਪਈ। ਬੇਹੋਸ਼ੀ ਦੇ ਦੌਰੇ ਬੰਦ ਹੋ ਗਏ। ਭੁਖ ਲਗਣ ਲਗ ਪਈ। ਖਾਣ ਦੀ ਇੱਛਾ ਹੋਣ ਲਗ ਪਈ। ਸੋਟੀ ਟੇਕ ਕੇ ਵਿਹੜੇ ਵਿਚ ਚਲਣ ਦੀ ਸ਼ਕਤੀ ਮੁੜ ਆਈ।

ਹਰ ਰੋਜ਼ ਥਾਮਸ ਮਾਸਟਰ ਸਵੇਰੇ ਸਕੂਲ ਜਾਂਦੇ ਤੇ ਸ਼ਾਮ ਵੇਲੇ ਸਕੂਲੋਂ ਮੁੜਦੇ ਹੋਏ ਆਉਂਦੇ ਸਨ। ਜਿਹੜੀ ਚੀਜ਼ ਦੀ ਲੋੜ ਭਾਂਪਦੇ ਖਰੀਦ ਕੇ ਲਿਆ ਰਖਦੇ। ਜ਼ਿੱਦ ਕਰਨ ਤੇ ਵੀ ਪੈਸੇ ਨਹੀਂ ਲੈਂਦੇ। ਥਾਮਸ ਮਾਸਟਰ ਜਦੋਂ ਤੋਂ ਜਵਾਈ ਬਣ ਕੇ ਆਏ ਉਦੋਂ ਤੋਂ ਏਲੁਪਰੰਪ ਘਰਾਣੇ ਵਿਚ ਖੁਸ਼ਹਾਲੀ ਆ ਗਈ। ਘਰ ਦੀ ਲਿਪਾਈ ਕੀਤੀ ਗਈ। ਸੌਣ ਦਾ ਇਕ ਹੋਰ ਕਮਰਾ ਉਸਾਰ ਲਿਆ ਗਿਆ। ਮੇਜ਼ ਤੇ ਚਾਰ-ਪੰਜ ਕੁਰਸੀਆਂ ਖਰੀਦੀਆਂ ਗਈਆਂ।

ਕੁੰਏਨਾਚੰਨ ਨੇ ਸੋਚਿਆ—

ਯਹੋਵਾ ਦੇ ਰਾਹ ਕਿੰਨੇ ਨਿਆਰੇ ਹਨ। ਕਿਸ ਨੇ ਇਸ ਸਬਬ ਬਾਰੇ ਸੋਚਿਆ ਸੀ। ਤੂੰ ਨਹੀਂ ਜਾਣਦਾ ਕਿ ਹਵਾ ਦਾ ਰੁੱਖ ਕਿਸ ਪਾਸੇ ਦਾ ਹੈ। ਗਰਭਵਤੀ ਦੇ ਗਰਭ

ਵਿਚ ਹੱਡੀਆਂ ਕਿਵੇਂ ਬਨਣ ਲਗ ਪੈਂਦੀਆਂ ਹਨ। ਇਸ ਤਰ੍ਹਾਂ ਸਰਵਸ਼ਕਤੀਮਾਨ ਪਰਮੇਸ਼ਵਰ ਦੇ ਕੰਮ ਤੂੰ ਨਹੀਂ ਜਾਣਦਾ। ਤੂੰ ਨਹੀਂ ਜਾਣਦਾ ਕਿ ਬੀਜੇ ਗਏ ਬੀਜਾਂ ਵਿਚੋਂ ਕਿਹੜਾ ਫੁੱਟੇਗਾ ਤੇ ਕਿਹੜਾ ਫਲੇਗਾ। ਤੂੰ ਨਹੀਂ ਜਾਣਦਾ ਕਿ ਪੈਰ ਤਿਲਕਣ ਤੇ ਜਦ ਤੂੰ ਡਿਗਦਾ ਹੈਂ ਤਾਂ ਕੌਣ ਉਠਾਂਦਾ ਹੈ। ਕੱਦ ਸੋਚਿਆ ਸੀ ਕਿ ਹਾਲਾਤ ਇਹ ਮੋੜ ਲੈਣਗੇ। ਵਿਆਹ ਦੀ ਉਮਰ ਪਾਰ ਕਰ ਚੁਕੀ ਕਵਾਰੀ ਕੰਨਿਆ ਨੂੰ ਬਿਨਾ ਕਿਸੇ ਤਰੱਦਦ ਦੇ ਵਿਆਹ ਦਿੱਤਾ। ਹੁਣ ਉਸ ਨੂੰ ਹੀ ਨਹੀਂ ਸਾਰੇ ਪਰਿਵਾਰ ਨੂੰ ਹੀ ਉਹ ਸੰਭਾਲ ਰਹੀ ਹੈ। ਇਸੇ ਨੂੰ ਹੀ ਮਾਰਨ ਤੇ ਕੈਦ ਕਰਨ ਦੀ ਸਾਜ਼ਿਸ਼ ਕੀਤੀ ਜਾ ਰਹੀ ਸੀ। ਮੁੱਦਤ ਤੋਂ ਬੁਝ ਚੁਕੀ ਅਨੁਗ੍ਰਹਿ ਦੀ ਬੱਤੀ ਮੁੜ ਇਸੇ ਨੇ ਹੀ ਜਗਾਈ। ਯਹੋਵਾ ਦੇ ਰਾਹ ਇੰਨੇ ਨਿਆਰੇ ਹਨ। ਉਹ ਕਿਸ ਨੇ ਵੇਖੇ ਹਨ ?

ਕੁੰਯੁਚੇਰੁਕਨ ਨੇ ਆਵਾਜ਼ ਦਿਤੀ—

"ਦੀਨਾਮਾ !"

"ਜੀ"

"ਥੋੜ੍ਹਾ ਜਿਹਾ ਗਰਮ ਪਾਣੀ ਪਿਲਾ।"

"ਪਿਤਾ ਜੀ।"

"ਹੂੰ"

"ਹੁਣ ਕੋਈ ਖਾਸ ਤਕਲੀਫ ਤਾਂ ਨਹੀਂ ?"

"ਨਹੀਂ।"

"ਮੈਂ ਪਰਸੋਂ ਨਾਕੇ ਤੇ ਇਕ ਵੈਦ ਜੀ ਨੂੰ ਮਿਲਿਆ ਸਾਂ। ਸੋਚਿਆ ਉਨ੍ਹਾਂ ਨੂੰ ਬੁਲਾ ਲਿਆਵਾਂ ਤੇ ਤੁਹਾਡਾ ਇਲਾਜ ਕਰਾਵਾਂ। ਫਿਰ ਪਤਾ ਲੱਗਾ ਕਿ ਜਾਰਜ ਡਾਕਟਰ ਦਵਾਈ ਦੇ ਰਹੇ ਹਨ।"

ਦੀਨਾਮਾ ਨੇ ਰਕਾਬੀ ਵਿਚ ਕਾਂਜੀ ਲਿਆ ਕੇ ਦਿਤੀ।

"ਮਾਤੁਕੁੱਟੀ ਕਿਥੇ ਹਨ ?"

"ਏਨਾਕਾਟ ਤੱਕ ਗਏ ਹਨ।"

"ਬੇਟੀ ਪੁਤਟੁਨਾਕਰਾ ਗਈ ਹੈ ਨਾ ?"

"ਹਾਂ, ਮਾਂ ਦੇ ਨਾਲ ਗਈ ਹੈ।"

ਹੋਰ ਗੱਲ ਕੀਤੇ ਬਿਨਾਂ ਦੀਨਾਮਾ ਰਕਾਬੀ ਲੈ ਕੇ ਅੰਦਰ ਜਾਣ ਲੱਗੀ ਤਾਂ ਫਿਰ ਬੋਲਿਆ—

"ਕੀ ਪਾਨ ਸੁਪਾਰੀ ਨਹੀਂ ਦੀਨਾਮਾ ?"

ਪਾਨਦਾਨ ਸਾਹਮਣੇ ਰਖ ਕੇ ਦੀਨਾਮਾ ਚਲੀ ਗਈ। ਸੁਪਾਰੀ ਦਾ ਛਿਲਕਾ ਛਿਲਦਿਆਂ ਕੁੰਯੁਚੇਰੁਕਨ ਨੇ ਪਿਤਾ ਜੀ ਨੂੰ ਕਿਹਾ—

"ਕਲ ਬੰਬਈ ਤੋਂ ਵੱਡੇ ਲੜਕੇ ਦਾ ਭੇਜਿਆ ਹੋਇਆ ਇਕ ਆਦਮੀ ਸੀ, ਪਿਤਾ ਜੀ।"

"ਕੁਝ ਦਿਨ ਪਹਿਲਾਂ ਵੀ ਇਕ ਹਿੰਦੁਸਤਾਨੀ ਆਇਆ ਸੀ ਨਾ ?"

"ਪਿਤਾ ਜੀ ਨੂੰ ਕਿਸ ਨੇ ਦੱਸਿਆ ਹੈ ?"

"ਕਿਸੇ ਵੀ ਦੱਸਿਆ ਹੋਵੇ। ਆਇਆ ਸੀ ਨਾ ?"

"ਹਾਂ, ਪਿਤਾ ਜੀ ਨੂੰ ਦੱਸ ਨਹੀਂ ਸਕਿਆ। ਮੁਕੱਦਮਾ ਮਾਮੂਲੀ ਹੈ। ਆਖਦੇ ਨੇ ਛੁੱਟ ਸਕਦਾ ਹੈ...ਕੌਣ ਜਾਣੇ ?"

"ਹੂੰ"

"ਦੂਜੇ ਦੀ ਚਿੱਠੀ ਆਈ ਸੀ। ਉਹ ਵੱਡੇ ਭਰਾ ਨੂੰ ਵੇਖਣ ਗਿਆ ਸੀ।"

"ਵੇਖ ਆਇਐਂ ?"

"ਹਾਂ, ਉਸ ਨੇ ਜੋ ਰੁਪਿਆ ਪਿਤਾ ਜੀ ਨੂੰ ਦਿੱਤਾ ਸੀ, ਉਹ ਮੈਂ ਲੈ ਲਿਆ ਸੀ, ਇਹ ਜਾਣ ਕੇ ਵੱਡੇ ਲੜਕੇ ਨੇ ਛੋਟੇ ਨਾਲ ਬੜੀ ਰੁਖਾਈ ਨਾਲ ਗੱਲ ਕੀਤੀ।"

"ਸਾਡਾ ਲੈਣਾ ਦੇਣਾ ਉਸ ਨੂੰ ਕਿਵੇਂ ਪਤਾ ਲੱਗਾ ?"

"ਮਾਂ ਨੇ ਛੋਟੇ ਬੇਟੇ ਨੂੰ ਲਿਖਿਆ ਹੋਵੇਗਾ। ਉਹ ਕਿਧਰੇ ਵੱਡੇ ਭਰਾ ਨੂੰ ਪੁਛ ਬੈਠਾ ਹੋਵੇਗਾ।

"ਹੂੰ"

"ਛੋਟੇ ਨੇ ਲਿਖਿਆ ਹੈ ਕਿ ਉਹ ਇਸ ਗੱਲੇ ਬਹੁਤ ਨਾਰਾਜ਼ ਹੈ। ਉਸ ਨੇ ਆਖਿਆ ਹੈ ਕਿ ਜੇ ਉਹ ਰੁਪਿਆ ਦਾਦਾ ਜੀ ਨੂੰ ਵਾਪਸ ਨਾ ਦਿੱਤਾ ਤਾਂ ਇਸ ਦੇ ਬਾਅਦ ਉਹ ਘਰ ਨਾਲ ਕੋਈ ਨਾਤਾ ਨਹੀਂ ਰਖਣ ਲੱਗਾ।"

"ਅੱਛਾ।"

"ਉਹ ਤਾਂ ਤੁਰੰਤ ਖਰਚ ਹੋ ਗਿਆ ਸੀ। ਪਿਤਾ ਜੀ ਨੂੰ ਤਾਂ ਪਤਾ ਹੀ ਹੋਣੈ ? ਜਿਧਰ ਵੇਖੋ ਉਧਰ ਹੀ ਕਰਜ਼ ਹੈ।"

"ਹੂੰ"

ਕੰਯੁਚੇਰੁਕਨ ਨੇ ਬੜੀ ਸਾਵਧਾਨੀ ਨਾਲ ਕਮਰ 'ਚੋਂ ਇਕ ਪੋਟਲੀ ਕੱਢੀ। ਪੋਟਲੀ ਖੋਲ੍ਹ ਕੇ ਨੋਟ ਗਿਣੇ।

ਪੰਜਾਹ ਨੇ। ਛੋਟੇ ਨੇ ਭੇਜੇ ਨੇ। ਇਹ ਪਿਤਾ ਜੀ ਦੇ ਦਵਾ-ਦਾਰੂ ਲਈ ਹਨ।

"ਨਹੀਂ। ਪ੍ਰਭੂ ਦੀ ਕਿਰਪਾ ਨਾਲ ਕੋਈ ਤਕਲੀਫ ਨਹੀਂ। ਤੂੰ ਮੈਨੂੰ ਕੁਝ ਵੀ ਨਾਂਹ ਦੇ। ਮੇਰੇ ਹੱਥ ਆਇਆ ਪੈਸਾ ਵੀ ਕਿਉਂ ਨਾ ਲੈ ਜਾਏ, ਫਿਰ ਵੀ ਮੇਰਾ ਬੇਟਾ ਹੈ। ਮੇਰੇ ਲਈ ਸਭ ਬਰਾਬਰ ਹਨ। ਤੂੰ ਜਾ।"

"ਪਿਤਾ ਜੀ ਇੰਜ ਨਾ ਕਹੋ। ਮੈਨੂੰ ਬਹੁਤ ਦੁੱਖ ਹੋਵੇਗਾ।"

"ਜਾ, ਦੁਖੀ ਨਾ ਹੋ। ਜ਼ਰੂਰਤ ਪਈ ਤਾਂ ਕਿਸੇ ਨੂੰ ਭੇਜ ਦੇਵਾਂਗਾ। ਰੁਪੈ ਆਪਣੇ ਕੋਲ ਹੀ ਰਖ।"

"ਲੈ ਦੀਨਾਮਾ। ਇਹ ਲੈ ਕੇ ਅੰਦਰ ਰਖ ਲੈ।"

ਦੀਨਾਮਾ ਦਰਵਾਜ਼ੇ ਤੇ ਹੀ ਖੜੀ ਸੀ। ਸਾਰੀ ਗੱਲਬਾਤ ਸੁਣ ਰਹੀ ਸੀ। ਸੋਚਣ ਲਗੀ ਕਿ ਕੁਝ ਕਹਿਣਾ ਨਹੀਂ ਚਾਹੀਦਾ। ਪਰ ਇਹ ਗੱਲ ਸੁਣ ਕੇ ਉਹ ਜਵਾਬ ਦਿਤੇ ਬਗੈਰ ਨਾ ਰਹਿ ਸਕੀ।

"ਗਲਤੀ ਇਕ ਵਾਰ ਹੀ ਹੋ ਸਕਦੀ ਹੈ ਭਈਆ। ਦਿਉ ਜਾਂ ਲਉ, ਜੋ ਦਿਲ ਚਾਹੇ ਕਰੋ, ਪਰ ਮੈਨੂੰ ਕੁਝ ਨਾ ਕਹਿਣਾ।"

"ਗਲਤੀ ਕਹੀ ਦੀਨਾਮਾ ? ਮੇਰੇ ਘਰ ਦੀ ਮੂਰਖ ਇਸਤ੍ਰੀ ਨੇ ਕੁਝ ਕਹਿ ਦਿੱਤਾ ਇਸ ਲਈ ? ਉਹ ਜਾਏ ਭੱਠ ਵਿਚ ।"

"ਤੇ ਜੋ ਭਈਆ ਨੇ ਖੁਦ ਇਥੋਂ ਦੇ ਸੱਜਨ ਨੂੰ ਆਖਿਆ ਸੀ ?"

"ਕੀ ਕਿਹਾ ਸੀ ? ਮਾਤੁਕੁੱਟੀ ਤੇ ਮੈਂ ਕੀ ਕਹਾਣੀਆਂ ਪਾਈਆਂ ਸਨ ? ਵਾਹ ! ਇਹ ਕੀ ਮਜ਼ਾਕ ਹੈ ? ਬੇਟੀ ਲੈ ਜਾ ਇਹ ਤੇ ਰਖ ਲੈ ਅੰਦਰ ।"

"ਮੈਂ ਨਹੀਂ ਲੈਣੇ । ਭਈਆ ਕੁਝ ਵੀ ਕਹੋ, ਭਾਵੇਂ ਮਾਰੋ ਭਾਵੇਂ ਕੁਟੋ, ਮੈਂ ਨਹੀਂ ਲੈਣੇ ।"

"ਤੂੰ ਜਾ ਓਏ । ਅਜੇ ਤਾਂ ਮੈਨੂੰ ਗਰਮ ਪਾਣੀ ਦਾ ਘੁੱਟ ਪਿਲਾਂਦੀ ਹੈ । ਇਸ ਤੇ ਵੀ ਪਾਣੀ ਨਾ ਫੇਰ ।"

ਪਿਤਾ ਜੀ ਵੀ ਅਜਿਹੀਆਂ ਕੌੜੀਆਂ ਗੱਲਾਂ ਕਰਦੇ ਨੇ । ਵੱਡੇ ਨੂੰ ਪਤਾ ਲਗ ਜਾਏ ਕਿ ਤੁਸੀਂ ਪੈਸੇ ਵਾਪਸ ਨਹੀਂ ਲਏ ਤਾਂ ਮੇਰੀ ਰੋਟੀ ਤੇ ਪਾਣੀ ਫਿਰ ਜਾਏਗਾ । ਮੈਂ ਕੀ ਕਰਾਂ ?"

"ਕਹਿ ਦੇਣਾ ਮੋੜ ਦਿਤੇ ਨੇ, ਕਿਸ ਨੂੰ ਪਤਾ ਲਗਣਾ ਹੈ ?"

"ਇਥੇ ਆ ਕੇ ਉਹ ਪੁਛ ਬੈਠਾ ਤਾਂ ?"

"ਉਦੋਂ ਤੱਕ ਮੈਂ ਨਹੀਂ ਰਹਿਣਾ । ਜੇ ਰਿਹਾ ਤਾਂ ਵੀ ਕਹਿ ਦਿਆਂਗਾ ਕਿ ਤੂੰ ਮੋੜ ਦਿਤੇ ਸਨ ਬਸ ?"

ਕੁੰਯੁਚੇਰੁਕਨ ਨੇ ਸੋਚਿਆ—

ਪਿਤਾ ਜੀ ਦਾ ਕਹਿਣਾ ਠੀਕ ਹੀ ਹੈ । ਉਸ ਨੇ ਕਾਗਜ਼ ਵਿਚ ਨੋਟ ਲਪੇਟ ਕੇ ਕਮਰ ਵਿਚ ਸਾਂਭ ਲਏ । ਬਚ ਜਾਣ ਦੀ ਤਸੱਲੀ ਵਿਚ ਦੀਨਾਮਾ ਨੇ ਕੁੰਯੁਚੇਰੁਕਨ ਤੋਂ ਪੁਛਿਆ—"ਗਰਮ ਦੁੱਧ ਲਿਆਵਾਂ ?"

"ਹਾਂ ਲੈ ਆ ।"

ਕੁੰਯੁਚੇਰੁਕਨ ਵਾਪਸ ਜਾਣ ਹੀ ਵਾਲਾ ਸੀ ਕਿ ਚਾਰ ਪੰਜ ਆਦਮੀ ਪੌੜੀਆਂ ਪਾਰ ਕਰੀ ਜਾਂਦੇ ਨਜ਼ਰ ਆਏ । ਗਾਂ ਚੋਣ ਦਾ ਸਮਾਂ ਲੰਘ ਚੁਕਾ ਸੀ । ਚੜ੍ਹਦੇ ਦੇ ਵਿਹੜੇ ਵਿਚਲੇ ਕਟਹਿਰੇ ਦੇ ਰੁੱਖ ਹੇਠ ਦੋ ਆਦਮੀ ਖੜੇ ਰਹੇ । ਤਿੰਨ ਆਦਮੀ ਬਰਾਮਦੇ ਵਿਚ ਆ ਗਏ । ਕੀਵਰੀਤ, ਬੇਬੀ ਤੇ ਬੁੱਚੜ ਦਾ ਪੁੱਤਰ ਅਵਰਾਨ ।

ਕੀਵਰੀਤ ਨੇ ਦੱਬੀ ਆਵਾਜ਼ ਵਿਚ ਛੋਟੇ ਭਰਾ ਨੂੰ ਪੁਛਿਆ—

"ਥੋੜ੍ਹੀ ਦੇਰ ਹੀ ਹੋਈ ਹੈ ।"

"ਮਾਤੁਕੁੱਟੀ ਕਿਥੇ ਹੈ, ਦੀਨਾਮਾ ?"

"ਸਵੇਰੇ ਏਨਾਕਾਟ ਗਏ ਸਨ ।"

"ਪਿਤਾ ਜੀ ।"

"ਹੂੰ ।"

ਸਭ ਚੁਪ । ਸਾਏ 'ਚ ਖਲੋਤੇ ਦੋਵੇਂ ਆਦਮੀ ਹੌਲੀ-ਹੌਲੀ ਬਰਾਮਦੇ ਵਿਚ ਆ ਗਏ । ਹੁਣ ਤੱਕ ਦੀਨਾਮਾ ਨੇ ਟੀਨ ਦਾ ਦੀਵਾ ਜਗਾ ਕੇ ਬਰਾਮਦੇ ਵਿਚ ਰਖ ਦਿਤਾ ਸੀ । ਕੁੰਯਪੀ...ਸਾਂਕੁਟੀ...ਹਰੇਕ ਦੇ ਚਿਹਰੇ ਤੇ ਘਬਰਾਹਟ ਸੀ । ਕੋਈ ਸਿਰ ਨਹੀਂ

ਸੀ ਚੁਕ ਰਿਹਾ। ਬੇਬੀ ਦੇ ਚਿਹਰੇ ਉਤੇ ਕੋਈ ਬਹੁਤ ਡਰਾਉਣੀ ਚੀਜ਼ ਵੇਖਣ ਦਾ ਡਰ ਜਿਹਾ ਛਾਇਆ ਹੋਇਆ ਸੀ।

ਦੀਨਾਮਾ ਨੇ ਹੈਰਾਨ ਹੋ ਕੇ ਪੁਛਿਆ—

' ਭਈਆ, ਗੱਲ ਕੀ ਏ ?''

ਸਵਾਲ ਦਾ ਜਵਾਬ ਕਿਸੇ ਨਹੀਂ ਦਿਤਾ।

''ਮਾਤੁਕੁੱਟੀ ਕਦੋਂ ਤੱਕ ਵਾਪਸ ਆ ਜਾਣ ਲਈ ਕਹਿ ਗਿਆ ਹੈ ?''

''ਕੁਝ ਨਹੀਂ ਸੀ ਆਖਿਆ।''

''ਸ਼ਾਤੰਮਾ ਪੁੱਤਟੁਨਾਕਰਾ ਤੋਂ ਕਦੋਂ ਆਵੇਗੀ ?''

''ਉਸ ਨੂੰ ਲਿਆਉਣ ਲਈ ਕਿਸੇ ਨੂੰ ਜਾਣਾ ਪਏਗਾ।''

ਕੁੰਏਨਾਚੰਨ ਨੇ ਪੁਛਿਆ—

''ਗੱਲ ਕੀ ਹੈ ਓ ?''

''ਕੁਝ ਨਹੀਂ ਪਿਤਾ ਜੀ।''

''ਕੀ ?''

ਕੀਵਰੀਤ ਨੇ ਕੁਝ ਨਹੀਂ ਆਖਿਆ। ਕੁੰਯੁਚੇਰੁਕਨ ਨੂੰ ਇਸ਼ਾਰੇ ਨਾਲ ਥੋੜ੍ਹੀ ਦੂਰ ਲੈ ਗਿਆ ਤੇ ਉਸ ਦੇ ਕੰਨਾਂ ਵਿਚ ਕੁਝ ਆਖਿਆ। ਕੁੰਯੁਚੇਰੁਕਨ ਨੇ ਦੱਬੀ ਆਵਾਜ਼ ਵਿਚ ਆਖਿਆ—

''ਹਾਏ, ਠੱਗੇ ਗਏ।''

ਹੁਣ ਤਕ ਹੋਰ ਵੀ ਤਿੰਨ ਚਾਰ ਆਦਮੀ ਵਿਹੜੇ ਵਿਚ ਆ ਗਏ ਸਨ। ਦੀਨਾਮਾ ਨੇ ਉਤਾਵਲੀ ਹੋ ਕੇ ਪੁਛਿਆ—''ਕੀ ਗੱਲ ਹੈ ਭਈਆ ? ਦੱਸੋ ਨਾ ? ਇਸ ਤਰ੍ਹਾਂ ਨਾ ਸਾੜੋ।''

ਕੁੰਏਨਾਚੰਨ ਨੇ ਆਖਿਆ—''ਬੋਲੋ ਓਏ।''

ਕੀਵਰੀਤ ਦੀਆਂ ਅੱਖੀਆਂ ਭਰ ਗਈਆਂ। ਸਬਰ ਦੀਆਂ ਕੰਧਾਂ ਢਹਿੰਦੀਆਂ ਜਾ ਰਹੀਆਂ ਸਨ। ਇਕੱਠੇ ਹੋਏ ਲੋਕਾਂ ਵੱਲ ਵੇਖਿਆ। ਕੀ ਕਹੇ ? ਕਿਵੇਂ ਕਹੇ ?

ਉਸੇ ਵੇਲੇ ਕੁੱਟੀਅੰਮਾ ਤੇ ਥਮਸ ਮਾਸਟਰ ਦੌੜਦੇ-ਦੌੜਦੇ ਆ ਵੜੇ। ਕੁੱਟੀਅੰਮਾ ਨੇ ਮਾਨੋ ਚੀਕ ਮਾਰ ਕੇ ਜ਼ੋਰ ਦੀ ਕਿਹਾ—''ਚਾਚੀ।''

''ਕੀ ਹੈ ਕੁੱਟੀਅੰਮਾ ? ਹਾਏ ਮਸੀਹਾ। ਗੱਲ ਕੀ ਹੈ ? ਕੋਈ ਕੁਝ ਬੋਲਦਾ ਨਹੀਂ।''

ਕੁੰਏਨਾਚੰਨ ਵੀ ਚਿੱਲਾ ਪਏ—

''ਕੀਵਰੀਤ ਗੱਲ ਕੀ ਏ ?''

''ਪਿਤਾ ਜੀ।''

''ਕੁਝ ਬੋਲ ਨਾ।''

''ਰਾਜਨ ਦੀ ਪਲਟਨ ਦੇ ਦਫਤਰੋਂ ਤਾਰ ਆਈ ਹੈ।''

ਅਵਰਾਨ ਨੇ ਆਖਿਆ—

''ਕਦੀ-ਕਦੀ ਕੁਝ ਲੋਕ ਝੂਠੀ ਤਾਰ ਭੇਜ ਦੇਂਦੇ ਹਨ। ਸੋ ਠੀਕ ਪਤਾ ਨਹੀਂ

ਕਿ ਸੱਚ ਹੈ ਕਿ ਝੂਠ ?"

ਕੀਵਰੀਤ ਨੇ ਦੱਬੀ ਹੋਈ ਆਵਾਜ਼ ਵਿਚ ਕਿਹਾ—

"ਤਾਰ ਵਿਚ ਲਿਖਿਆ ਹੈ ਕਿ ਉਹ ਦੁਰਘਟਨਾ ਵਿਚ ਮਰ ਗਿਆ ਹੈ ।"

ਆਪਣੇ ਹੱਥ ਵਿਚਲਾ ਲਾਲ ਕਾਗਜ਼ ਉਸ ਨੇ ਥਾਮਸ ਮਾਸਟਰ ਦੇ ਹਥ ਵਿਚ ਦੇ ਦਿੱਤਾ ।

ਪਲ ਭਰ ਬਿਲਕੁਲ ਖਾਮੋਸ਼ੀ । ਕਿਜਲੀ ਚਮਕਣ ਦੇ ਬਾਅਦ ਬੱਦਲ ਦੀ ਗਰਜ ਤੋਂ ਪਹਿਲਾਂ ਦੀ ਖਾਮੋਸ਼ੀ ।

"ਹੇ ਈਸ਼ਵਰ । ਮੈਂ ਇਹ ਕੀ ਸੁਣ ਰਹੀ ਹਾਂ ?"

ਦੀਨਾਮਾ ਦੀ ਚੀਕ ਬੱਦਲ ਦੀ ਗਰਜ ਵਾਂਗ ਤੇਜ਼ ਹੋ ਨਿਕਲੀ ।

ਸਿਸਿਲੀ ਮਾਂ ਨੂੰ ਲਿਪਟ ਕੇ ਰੋ ਪਈ । ਹਾਹਾਕਾਰ ਮੱਚ ਗਿਆ ।

ਕੋਈ ਕਿਸੇ ਦੀ ਧੀਰਜ ਰਖਣ ਦੀ ਗੱਲ ਸੁਣਨ ਲਈ ਤਿਆਰ ਨਹੀਂ ਸੀ, ਤੇ ਹੌਂਸਲਾ ਵੀ ਕਿਹਾ ? ਦੋ ਮਹੀਨੇ ਪਹਿਲਾਂ ਹੀ ਆਇਆ ਸੀ ਤੇ ਸ਼ਾਦੀ ਕਰਕੇ ਗਿਆ ਸੀ । ਹੁਣ ਕਹਿੰਦੇ ਨੇ ਮਰ ਗਿਆ ਹੈ । ਕਿਵੇਂ ਯਕੀਨ ਆਵੇ ? ਧੀਰਜ ਕਿਵੇਂ ਕੀਤਾ ਜਾਏ ?

ਕੀਵਰੀਤ ਦੀ ਗੱਲ ਕੁੰਏਨਾਚੰਨ ਨੇ ਠੀਕ ਤਰ੍ਹਾਂ ਨਹੀਂ ਸੁਣੀ । ਘੜੀਮੁੜੀ ਪੁਛਦੇ ਹੀ ਰਹੇ—"ਕੀ ਹੋਇਆ ਹੈ ? ਬੇਟਾ ਹੋਇਆ ਕੀ ਹੈ ? ਕਿਸੇ ਨੇ ਉਕਾ ਧਿਆਨ ਨਹੀਂ ਦਿੱਤਾ । ਕੋਈ ਵੱਡੀ ਦੁਰਘਟਨਾ ਵਾਪਰੀ ਹੈ । ਇਹ ਤਾਂ ਪਤਾ ਲੱਗ ਹੀ ਗਿਆ । ਘਬਰਾ ਕੇ ਉਠ ਖਲੋਤੇ । ਦੋ ਕਦਮ ਚਲ ਕੇ ਡਿਗ ਪਏ । ਥਾਮਸ ਮਾਸਟਰ ਨੇ ਸਹਾਰਾ ਦੇ ਕੇ ਉਠਾਇਆ । ਗੱਲ ਦਾ ਪਤਾ ਲੱਗਣ ਤੇ ਗਵਾਚੇ ਹੋਏ ਤੱਕਦੇ ਰਹਿ ਗਏ, ਜਿਵੇਂ ਕੁਝ ਵੀ ਸਮਝ ਨਾ ਆ ਰਿਹਾ ਹੋਵੇ । ਅੱਖ 'ਚੋਂ ਅੱਥਰੂ ਦੀ ਬੂੰਦ ਤੱਕ ਨਹੀਂ ਟਪਕੀ । ਲੋਕਾਂ ਨੇ ਸਹਾਰਾ ਦੇ ਕੇ ਮੰਜੀ ਤੇ ਲਿਟਾ ਦਿਤਾ । ਚੌਹਾਂ ਪਾਸਿਆਂ ਤੋਂ ਤੇਜ਼ੀ ਨਾਲ ਆ ਆ ਕੇ ਲੋਕ ਇਕੱਠੇ ਹੋ ਰਹੇ ਸਨ । ਪੈਰਾਂ ਦੀ ਆਹਟ ਸੁਣ ਕੇ ਚੌਂਕ ਉਠੇ ।

"ਪਹਿਲਾਂ ਹਰ ਆਵਾਜ਼ ਨਾਲ ਚੌਂਕ ਉਠਦੇ ਸਨ ।

"ਰਾਜਾ ਬੇਟਾ ।"

"ਬਸ ਮੈਂ ਆਪਣੀ ਕੁਖੋਂ ਇਕ ਜਨਮ ਹੀ ਨਹੀਂ ਸੀ ਦਿਤਾ......"

"ਅਜਿਹੀ ਅਭਾਗਣ ਹੋ ਗਈ ਮੇਰੀ ਸਿਸਿਲੀ ਬੇਟੀ ।......"

"ਸ਼ਾਤੰਮਾ ਕਿਵੇਂ ਸਬਰ ਕਰੇਗੀ ?"

"ਉਹ ਉਸ ਨਾਲ ਤਿੰਨ ਦਿਨ ਵੀ ਨਹੀਂ ਰਹਿ ਸਕੀ ।"

ਖਬਰ ਸੁਣ ਕੇ ਫਿਲਿਪਿਓਸ ਮੋਟਰ ਵਿਚ ਆਇਆ । ਸਭ ਇਕ ਦੂਜੇ ਦੀਆਂ ਅੱਖੀਆਂ ਵਿਚ ਵੇਖਦੇ ਹਨ । ਕੋਈ ਮੂੰਹ ਨਹੀਂ ਖੋਲ੍ਹਦਾ । ਥੋੜ੍ਹੀ ਦੇਰ ਬਾਅਦ ਕੀਵਰੀਤ ਨੇ ਪੁਛਿਆ—

"ਕੀ ਮਾਤੁਕੁੱਟੀ ਨੂੰ ਨਹੀਂ ਬੁਲਾਵਾ ਭੇਜਣਾ ?"

"ਕੀ ਪਤਾ ਉਹ ਕਿਥੇ ਹਨ ? ਮੈਂ ਡਰਾਈਵਰ ਨੂੰ ਗੱਡੀ ਦੇ ਕੇ ਪਤਾ ਕਰਨ

ਲਈ ਭੇਜਿਆ ਹੈ।''

ਬਸ ਹੋਰ ਕੁਝ ਨਹੀਂ ਬੋਲੇ। ਖਬਰ ਸੁਣ ਕੇ ਆਏ ਰਿਸ਼ਤੇਦਾਰਾਂ ਅਤੇ ਗਵਾਂਢੀਆਂ ਦੇ ਮਾਤਮ ਦੇ ਸ਼ਬਦ ਸੁਣਦੇ ਕਟਹਿਰੇ ਦੇ ਰੁੱਖ ਹੇਠ ਖੂਹ ਦੇ ਬੰਨੇ ਤੇ ਸਿਰ ਸੁੱਟੀ ਬੈਠੇ ਰਹੇ।

''ਰਾਜਿਆਂ ਵਰਗਾ ਪਿਆਰਾ ਲੜਕਾ।''

''ਮੇਲੋਝੱਤੂ ਘਰ ਵਿਚ ਉਸ ਵਰਗਾ ਸੋਹਣਾ ਹੋਰ ਕੋਈ ਨਹੀਂ ਸੀ।''

''ਮਾਤੁਕੱਟੀ ਭਈਆ ਦੇ ਪਰ ਕਟ ਗਏ।''

''ਪ੍ਰਭੂ ਜੋ ਕਰਦੇ ਹਨ, ਸਹਿਣਾ ਹੀ ਪਏਗਾ।''

''ਪੁੱਤਟੁਨਾਕਰਾ ਆਦਮੀ ਭੇਜਿਆ ਹੈ ?''

''ਪਤਾ ਨਹੀਂ।''

''ਉਸ ਲੜਕੀ ਨੂੰ ਕੀ ਆਖਣਗੇ ?''

''ਉਹ, ਉਹ ਕਿਵੇਂ ਬਰਦਾਸ਼ਤ ਕਰੇਗੀ ?''

''ਕਿਸਮਤ ਹੈ।''

ਇਕ ਤਰ੍ਹਾਂ ਇਹ ਉਸ ਦੇ ਖੋਟੇ ਭਾਗਾਂ ਦਾ ਫਲ ਹੈ। ਜਨਮ ਪੱਤ੍ਰੀ, ਨਛੱਤ੍ਰਾਂ ਦਾ ਮੇਲ ਆਦਿ ਮਜ਼ਾਕ ਦੀਆਂ ਗੱਲਾਂ ਨਹੀਂ।

''ਇਹ ਤਾਰ ਵੇਖ ਕੇ ਹੀ ਯਕੀਨ ਨਹੀਂ ਕਰ ਲੈਣਾ ਚਾਹੀਦਾ। ਸ਼ਾਇਦ......''

''ਸ਼ਾਇਦ ਦੀ ਕੋਈ ਗੱਲ ਨਹੀਂ। ਮੌਤ ਹੋ ਗਈ ਹੈ।''

ਕੁੱਟੀਅੰਮਾ ਆ ਕੇ ਕੁੰਏਨਾਚੰਨ ਦੀ ਮੰਜੀ ਤੇ ਬੈਠ ਗਈ।

''ਦਾਦਾ ਜੀ।''

''ਹਿਲਦੇ ਨਹੀਂ।''

ਹਿਲਾਇਆ। ਫਿਰ ਵੀ ਨਹੀਂ ਜਾਗੇ। ਅੱਖਾਂ ਖੁਲ੍ਹੀਆਂ ਹਨ। ਮੂੰਹ ਵੀ ਖੁਲ੍ਹਾ ਹੈ। ਚਿਹਰੇ ਵੱਲ ਦੇਖਿਆਂ ਡਰ ਲਗਦਾ ਹੈ।

''ਦਾਦਾ ਜੀ।''

ਚੌਂਕ ਕੇ ਅੱਖਾਂ ਖੋਲ੍ਹੀਆਂ—

''ਜਾ ਬੇਟੀ ਜਾ। ਪਾਟੇ ਹੋਏ ਕਪੜੇ ਪਾਈ ਮੈਂ ਮਿੱਟੀ ਵਿਚ ਪਿਆ ਹਾਂ। ਮੈਨੂੰ ਨੰਗੇ ਨੂੰ ਵੇਖਣ ਤੂੰ ਕਿਉਂ ਆਈ ? ਜਾ......''

ਕੁੱਟੀਅੰਮਾ ਫਟੀਆਂ-ਫਟੀਆਂ ਅੱਖੀਆਂ ਨਾਲ ਸਭ ਪਾਸੇ ਵੇਖਦੀ ਬੈਠੀ ਰਹੀ।

''ਹੇ ਪ੍ਰਭੂ ! ਈਸ਼ਵਰ। ਤੂੰ ਮੈਨੂੰ ਕਿਉਂ ਛੱਡ ਦਿੱਤਾ ? ਮੇਰੀ ਪੁਕਾਰ, ਮੇਰੀ ਕੁਰਲਾਣ ਦੀ ਆਵਾਜ਼ ਕਿਉਂ ਨਹੀਂ ਸੁਣਦਾ ? ਐ ਇਜਰਾਈਲ ਦੀ ਸਤੁਤੀ ਦੇ ਦੇ ਸਿੰਘਾਸਨ ਤੇ ਬਿਰਾਜਮਾਨ। ਤੂੰ ਤਾਂ ਪਵਿੱਤਰ ਹੈਂ। ਸਾਡੇ ਪਰਖਾ ਤੇਰੇ ਤੇ ਭਰੋਸਾ ਰਖਦੇ ਹਨ। ਤੂੰ ਉਨ੍ਹਾਂ ਨੂੰ ਛੁਡਾਉਂਦਾ ਵੀ ਸੀ। ਮੈਂ ਤਾਂ ਮਨੁੱਖ ਨਹੀਂ, ਕੇਵਲ ਇਕ ਕੀੜਾ ਮਾਤਰ ਹਾਂ। ਮਨੁੱਖਾਂ ਵਿਚ ਮੇਰਾ ਨਾਂ ਬਹੁਤ ਛੋਟਾ ਹੈ। ਲੋਕਾਂ ਦੁਆਰਾ ਤ੍ਰਿਸਕਾਰਿਆ ਤੇ ਅਪਮਾਨਿਤ ਕੀਤਾ ਜਾਂਦਾ ਹਾਂ। ਜੋ ਵੀ ਵੇਖਦਾ ਹੈ ਮੇਰਾ ਮਜ਼ਾਕ

ਉਡਾਉਂਦਾ ਹੈ। ਪਰ ਤੂੰ ਹੀ ਮੈਨੂੰ ਗਰਭ 'ਚੋਂ ਜਨਮ ਦਿੱਤਾ ਸੀ।"

"ਬਾਬੂ ਜੀ......"

"ਪਿਤਾ ਜੀ।"

"ਦਾਦਾ ਜੀ।"

"ਕੀ ਇਹ ਸਾਰੇ ਦੁਖ ਕਾਫੀ ਨਹੀਂ ਹਨ ?"

"ਤਾਂ ਮੈਂ ਕੀ ਕਰਾਂ ? ਮੈਨੂੰ ਕਿਉਂ ਧਰਤੀ ਦਾ ਬੋਝ ਬਣਾ ਕੇ ਇਥੇ ਹੀ ਰਖ ਛਡਿਆ ਹੈ ? ਮੇਰਾ ਬੱਚਾ ਕਿਥੇ ਗਿਆ ? ਜਾ ਕੇ ਉਸ ਨੂੰ ਲਿਆਓ।"

"ਲਿਆਵਾਂਗੇ। ਪਿਤਾ ਜੀ ਚੁਪ ਲੇਟੇ ਰਹੋ।"

ਥੋੜੀ ਦੇਰ ਬਾਅਦ ਮਾਤੁਕੁੱਟੀ ਆ ਗਿਆ। ਪੈਦਲ ਹੀ। ਨਾਲ ਧਰਮ ਪ੍ਰਦੇਸ਼ ਦੇ ਪਾਦਰੀ ਦੇ ਬਿਨਾਂ ਸਤ ਅੱਠ ਆਦਮੀ ਹੋਰ ਹਨ। ਵਿਹੜੇ ਜਾਂ ਬਰਾਮਦੇ ਵਿਚ ਜਮ੍ਹਾਂ ਹੋਏ ਲੋਕਾਂ ਵਲ ਵੇਖਿਆ ਹੀ ਨਹੀਂ। ਪਿਤਾ ਜੀ ਦੀ ਮੰਜੀ ਦੇ ਕੋਲ ਜਾ ਕੇ ਸਿਰ ਝੁਕਾ ਕੇ ਬੈਠ ਗਿਆ। ਮੰਜੀ ਤੇ ਸਿਰ ਟਿਕਾ ਕੇ ਸਿਸਕ-ਸਿਸਕ ਕੇ ਰੋਣ ਲਗ ਪਿਆ। ਪਰ ਕੁਝ ਪਲਾਂ 'ਚ ਦੁਖ ਮਨ ਦੇ ਅੰਦਰ ਦਬਾ ਲਿਆ। ਉਠ ਕੇ ਪਥਰਾਈ ਹੋਈ ਆਵਾਜ਼ ਵਿਚ ਕਹਿਣ ਲੱਗਾ—

"ਅਸੀਂ ਪ੍ਰਾਰਥਨਾ ਕਰੀਏ, ਫਾਦਰ।"

ਫਾਦਰ "ਈਸ਼ਵਰ, ਪੁੱਤਰ ਅਤੇ ਪਵਿੱਤਰ ਆਤਮਾ ਦੇ ਲਈ" ਵਾਲੀ ਪ੍ਰਾਰਥਨਾ ਸੁਣਾਉਣ ਲਗ ਪਏ। ਪਰ ਸਿਸਕੀਆਂ ਤੇ ਹੌਕਿਆਂ ਦੀ ਆਵਾਜ਼ ਵਿਚ ਪ੍ਰਾਰਥਨਾ ਦੀ ਆਵਾਜ਼ ਦੱਬੀ ਰਹੀ।

ਪਲਟਨ ਦੇ ਡੇਰੇ ਤੋਂ ਰਾਜਨ ਦੀ ਪੇਟੀ ਆਈ। ਉਸ ਨੂੰ ਸ਼ਾਂਤੰਮਾ ਨੇ ਹੀ ਦਸਤਖਤ ਕਰਕੇ ਲਿਆ ਸੀ। ਜਿਸ ਦਿਨ ਮੌਤ ਦੀ ਖਬਰ ਆਈ ਉਸ ਤੋਂ ਦਸਵੇਂ ਦਿਨ ਪੇਟੀ ਆਈ। ਤਦ ਤਕ ਸ਼ਾਂਤੰਮਾ ਲੋੜੀਂਦੀ ਸਹਿਣ ਸ਼ਕਤੀ ਪ੍ਰਾਪਤ ਕਰ ਚੁਕੀ ਸੀ। ਉਸ ਦ੍ਰਿਸ਼ ਦਾ ਮੁਕਾਬਲਾ ਉਸ ਕੀਤਾ। ਕੁੰਏਨਾਚੰਨ ਦੀ ਮੰਜੀ ਦੇ ਹੇਠ ਦੂਜਿਆਂ ਦੀ ਮੌਜੂਦਗੀ ਵਿਚ ਹੀ ਪੇਟੀ ਖੋਲ੍ਹ ਕੇ ਇਕ-ਇਕ ਚੀਜ਼ ਬਾਹਰ ਕੱਢ ਕੇ ਵੇਖਦੀ ਤੇ ਰਖਦੀ ਜਾਂਦੀ ਸੀ। ਉਸ ਵੇਲੇ ਵੀ ਉਹ ਨਾ ਰੋਈ। ਸਿਸਿਲੀ ਮੁੰਨੀ ਸ਼ਾਂਤੰਮਾ ਨਾਲ ਲਿਪਟੀ ਖੜੀ ਸੀ। ਦੀਨਾਮਾ ਤੇ ਕੁਟੀਅੰਮਾ ਕੋਲ ਸਨ। ਹਰੇਕ ਚੀਜ਼ ਵੇਖ ਕੇ ਸਿਸਿਲੀ ਮੁੰਨੀ ਆਖਦੀ—

"ਰਾਜਨ ਭਈਆ ਦਾ ਸ਼ੇਵਿੰਗ ਬੁਰਸ਼......"

"ਰਾਜਨ ਭਈਆ ਦੀ ਨੱਕ ਤੇ ਲਾਉਣ ਵਾਲੀ ਐਨਕ।"

"ਰਾਜਨ ਭਈਆ......"

ਦੀਨਾਮਾ ਬੋਲੀ—

"ਚੁਪ ਰਹੋ ਬਿਟੀਆ।"

ਸੰਦੂਕ ਵਿਚ ਸ਼ਾਂਤੰਮਾ ਵਲ ਰਾਜਨ ਦਾ ਲਿਖਿਆ ਹੋਇਆ ਇਕ ਅਧੂਰਾ ਖ਼ਤ ਵੀ ਸੀ। ਉਸ ਨੂੰ ਹੱਥ ਵਿਚ ਲੈ ਲਿਆ ਤੇ ਪੇਟੀ ਬੰਦ ਕਰਕੇ ਮੰਜੀ ਦੇ ਹੇਠ ਰਖ ਦਿਤੀ। ਥੋੜੀ ਦੇਰ ਸਿਰਹਾਣੇ ਵਿਚ ਮੂੰਹ ਛੁਪਾਈ ਲੇਟੀ ਰਹੀ। ਸਬਰ ਦਾ ਜਤਨ ਤਾਂ

ਕਰਦੀ ਹੈ, ਪਰ ਜਲਦੀ ਹੀ ਦਿਲ ਹੌਲਾ ਪੈ ਜਾਂਦਾ ਹੈ।......

ਖਬਰ ਦੇਣ ਬੇਬੀ ਗਿਆ ਸੀ। ਪਤੀ ਦਾ ਸਭ ਤੋਂ ਪੱਕਾ ਮਿਤਰ। ਲੜਕੀ ਵੇਖਣ ਲਈ ਵੀ ਉਹ ਹੀ ਨਾਲ ਆਇਆ ਸੀ। ਖੁਸ਼ੀ ਨਾਲ ਭਰਪੂਰ ਉਹ ਬੇਬੀ ਦਾ ਸਵਾਗਤ ਕਰਨ ਬਾਹਰ ਦੌੜੀ ਆਈ। ਬੇਬੀ ਨੇ ਆਪਣੇ ਚਿਹਰੇ ਦੀ ਪਰੇਸ਼ਾਨੀ ਲੁਕਾਉਣ ਦੀ ਬਹੁਤ ਕੋਸ਼ਿਸ਼ ਕੀਤੀ। ਸ਼ਾਂਤਮਾ ਨੇ ਇਸ ਵਲ ਧਿਆਨ ਨਹੀਂ ਦਿੱਤਾ।

ਬੈਠੋ ਬੇਬੀ ਭਈਆ। ਸੋਮਵਾਰ ਖ਼ਤ ਆਇਆ ਸੀ। 15 ਨੂੰ ਸਕੀਮ ਪੂਰੀ ਹੋ ਜਾਏਗੀ। 20 ਤਾਰੀਖ ਛੁਟੀ ਤੇ ਆਉਣਗੇ।"

"ਸ਼ਾਂਤਮਾ।"

ਹੱਸਦੀ-ਹੱਸਦੀ ਗੱਲਾਂ ਕਰ ਰਹੀ ਸੀ ਕਿ ਯਕਾਯਕ ਗਲ੍ਹ ਤੇ ਜਿਵੇਂ ਤਮਾਚਾ ਵੱਜਿਆ। ਚੌਂਕ ਪਈ। ਇਹ ਕੀ ? ਬੇਬੀ ਭਈਆ ਦੀਆਂ ਅੱਖੀਆਂ ਭਰੀਆਂ ਹੋਈਆਂ ਹਨ।

ਹੁਣ ਯਾਦ ਨਹੀਂ ਆਉਂਦਾ ਕਿ ਬੇਬੀ ਨੇ ਕੀ ਆਖਿਆ ਸੀ ਤੇ ਉਸ ਨੇ ਕੀ ਸੁਣਿਆ ਸੀ। ਮਾਨੋ ਯਕਾਯਕ ਆਸਮਾਨ ਹੀ ਟੁਟ ਪਿਆ।

ਇਸ ਦੇ ਬਾਅਦ ਇਕ ਕਿਸਮ ਦਾ ਪਾਗਲਪਨ। ਪਹਿਲਾਂ ਪਾਏ ਹੋਏ ਮੈਲੇ ਕਪੜਿਆਂ ਵਿਚ ਹੀ ਬਾਹਰ ਵਲ ਦੌੜ ਪਈ—

ਝੂਠ। ਸੁਣੀਆਂ ਸਭ ਗੱਲਾਂ ਝੂਠ ਹਨ। ਆਪਣਾ ਰਾਜਨ ਭਈਆ ਜ਼ਿੰਦਾ ਹੈ। ਉਹ ਉਸ ਨੂੰ ਕਿਧਰੋਂ ਵੀ ਲੱਭ ਲਿਆਵੇਗੀ। ਇਕੱਲੀ ਹੀ ਜਾਏਗੀ...ਪਤਾ ਨਹੀਂ, ਕਿਸ-ਕਿਸ ਨੇ ਪਕੜ ਕੇ ਗੱਡੀ ਵਿਚ ਬਿਠਾਇਆ। ਰਸਤੇ ਵਿਚ ਇਕ ਅੱਧ ਵਾਰ ਗੱਡੀ 'ਚੋਂ ਕੁੱਦਣ ਦੀ ਕੋਸ਼ਿਸ਼ ਵੀ ਕੀਤੀ। ਗੱਡੀ ਮੇਲਾਝਤੂ ਦੇ ਬੂਹੇ ਅੱਗੇ ਪਹੁੰਚੀ ਤਾਂ ਉਸ 'ਚੋਂ ਕੁੱਦ ਕੇ ਬਾਹਰ ਨਿਕਲੀ ਭੱਜਦੀ-ਭੱਜਦੀ ਬਰਾਮਦੇ ਤੇ ਚੜ੍ਹ ਗਈ। ਉਸ ਦੇ ਰਾਜਨ ਭਈਆ ਇਥੇ ਹੀ ਕਿਧਰੇ ਹੋਣਗੇ।

ਜਾਣਗੇ ਕਿਥੇ...ਬਸ, ਕੁਝ ਹੋਰ ਯਾਦ ਨਹੀਂ ਆਉਂਦਾ। ਤਾਰ ਮਿਲਣ ਦੇ ਪੰਜਵੇਂ ਦਿਨ ਪ੍ਰਧਾਨ ਮੰਤਰੀ ਤੇ ਥਲ ਸੈਨਾਪਤੀ ਵਲੋਂ ਭੇਜਿਆ ਕਮਾਂਡਿੰਗ ਅਫਸਰ ਦਾ ਪੱਤਰ ਮਿਲਿਆ।

......ਆਪ ਦੇ ਪਤੀ ਦੀ ਇਸ ਬੇਵਕਤੀ ਮੌਤ ਨਾਲ ਅਸੀਂ ਦਿਲੋਂ ਦੁਖੀ ਹਾਂ। ਭਗਵਾਨ ਆਪ ਨੂੰ ਇਸ ਅਸਹਿ ਦੁਖ ਨੂੰ ਸਹਿਣ ਦੀ ਸ਼ਕਤੀ ਤੇ ਸਾਹਸ ਬਖਸ਼ੇ—

ਕਿੰਨੀ ਹੀ ਕੋਸ਼ਿਸ਼ ਕਰਦੀ। ਫਿਰ ਵੀ ਅੱਖੀਆਂ ਭਰ ਆਈਆਂ। ਅੱਖਾਂ ਪੂੰਝਦੀ ਨੇ ਪੱਤਰ ਪੜ੍ਹਿਆ—

"ਕਲ ਤੇਰੇ ਲਈ ਕੁਝ ਲਿਖ ਨਹੀਂ ਸਕਿਆ। ਪੂਰਾ ਦਿਨ ਹੀ 'ਸਟੈਂਡ ਟੂ' ਰਿਹਾ। ਰਾਤ ਨੂੰ ਲੈਟ ਆਊਟ। ਅਸਲੀ ਲੜਾਈ ਹੀ ਸਮਝੋ। ਪਹਾੜ ਦੇ ਉਸ ਪਾਸੇ ਚੌਧਵੀਂ ਬਟਾਲੀਅਨ ਨੇ ਮੋਰਚਾ ਮੱਲਿਆ ਹੋਇਆ ਹੈ। ਇਸ ਪਾਰ ਸਾਡੀ ਰੈਜਮੈਂਟ ਹੈ। ਕਲ੍ਹ ਸਵੇਰੇ ਹੀ, ਹਰੇ-ਹਰੇ ਪੱਤੇ, ਹੈਲਮਟ ਤੇ ਵਰਦੀ ਵਿਚ ਫਸਾ ਕੇ ਲੁਕ-ਲੁਕ ਕੇ

ਅੱਜ ਦੀ ਪੋਜ਼ੀਸ਼ਨ ਵਿਚ ਪਹੁੰਚੇ ਹਾਂ। ਉਪਰ ਦੀ ਪਹਾੜੀ ਤੋਂ ਤੋਪਖਾਨਾ ਕਵਰਿੰਗ ਫਾਇਰ ਕਰ ਰਿਹਾ ਸੀ। ਜ਼ਮੀਨ ਤੋਂ ਦੋ ਫੁਟ ਉਚਾ ਉਠਿਆ ਕਿ ਗੋਲੀ ਲੱਗੀ। ਅਨੰਤਨਾਰਾਇਣ ਰਸਤੇ ਵਿਚ ਡਿਗ ਗਿਆ। ਸਟੇਚਰ ਤੇ ਪਾ ਉਸ ਨੂੰ ਲੈ ਗਏ। ਵਿਚਾਰਾ। ਤਾਕਤ ਨਹੀਂ ਰਹੀ। ਤੇਰਾ ਖ਼ਤ ਮਿਲਣ ਦਾ ਦਿਨ ਹੈ। ਆਇਆ ਹੋਵੇਗਾ। ਪਰ ਮੇਰੇ ਹੱਥ ਕਲ੍ਹ ਹੀ ਲਗੇਗਾ......

28 ਜੁਲਾਈ

"ਤੇਰੀ ਚਿਠੀ ਅੱਜ ਵੀ ਨਹੀਂ ਮਿਲੀ। ਹੋਇਆ ਕੀ ? ਮੈਨੂੰ ਪਤਾ ਹੈ ਕਿ ਤੂੰ ਚਿਠੀ ਪਾਏ ਬਗੈਰ ਨਹੀਂ ਰਹਿਣ ਲਗੀ। ਹਰ ਤੀਜੇ ਦਿਨ ਤੇਰੀ ਚਿਠੀ ਨਾ ਮਿਲੇ ਤਾਂ ਚੈਨ ਨਹੀਂ ਪੈਂਦਾ। ਸੋਚਣ ਲੱਗ ਪੈਣਾ ਕਿ ਕਿਧਰੇ ਦਾਦਾ ਜੀ ਦੀ ਤਬੀਅਤ ਜ਼ਿਆਦਾ ਖਰਾਬ ਤਾਂ ਨਹੀਂ ਹੋ ਗਈ। ਬੜੇ ਧਿਆਨ ਨਾਲ ਉਨ੍ਹਾਂ ਦੀ ਸੇਵਾ ਕਰਨੀ। ਸਭ ਨੂੰ 'ਏ ਲੜਕੀ', 'ਏ ਛੋਕਰੇ' ਆਦਿ ਹੀ ਬੁਲਾਉਂਦੇ ਹਨ। ਇਹ ਨਾ ਸਮਝਣਾ ਕਿ ਪਿਆਰ ਦੀ ਕਮੀ ਕਾਰਨ ਇਉਂ ਬੁਲਾਉਂਦੇ ਨੇ। ਆਪਣੇ ਬੱਚਿਆਂ ਤੇ ਪੋਤਿਆਂ ਲਈ ਦਾਦਾ ਜੀ ਨੇ ਜ਼ਿੰਦਗੀ ਭਰ ਕਸ਼ਟ ਝਲਿਆ ਹੈ। ਛੋਟਾ ਹੁੰਦਾ ਮੈਂ ਦਾਦਾ ਜੀ ਤੋਂ ਬਹੁਤ ਡਰਦਾ ਹੁੰਦਾ ਸਾਂ—

"ਕਲ੍ਹ ਤੇ ਪਰਸੋਂ ਸਕੀਮ ਦੀ ਬੜੀ ਖਤਰਨਾਕ ਸਿਖਲਾਈ ਹੈ। ਅਸੀਂ ਦੁਸ਼ਮਨ ਦੀ ਇਕ ਚੌਂਕੀ ਤੇ ਕਬਜ਼ਾ ਕਰਨ ਜਾ ਰਹੇ ਹਾਂ। ਦੁਸ਼ਮਨ ਦਾ ਮਤਲਬ ਸਾਡੀ ਆਪਣੀ ਫ਼ੌਜ ਦੇ ਹੀ ਬੰਦੇ ਹਨ। ਦੁਸ਼ਮਨ ਫ਼ੌਜ ਦਾ ਅਭਿਨੈ ਕਰਦੇ ਪਏ ਨੇ। ਚੌਂਕੀ ਤੇ ਕਬਜ਼ਾ ਕਰਨ ਲਈ ਮੈਂ ਆਪਣੇ ਆਪ ਨੂੰ ਵਾਲੰਟੀਅਰ ਕੀਤਾ ਹੈ। ਜਿਵੇਂ ਕਿ ਪਹਿਲਾਂ ਲਿਖਿਆ ਸੀ 15 ਤਾਰੀਖ ਨੂੰ ਸਕੀਮ ਖਤਮ ਹੋ ਜਾਏਗੀ ਤੇ 20 ਨੂੰ ਚਲ ਪਵਾਂਗਾ। ਨਾਲ ਆਉਣ ਲਈ ਤਿਆਰ ਰਹਿਣਾ......"

"ਤਿਆਰ ਰਹਿਣਾ" ਉਸ ਨੇ ਉਹ ਪੱਤਰ ਹੱਥ ਵਿਚ ਪਕੜ ਕੇ ਮਰੋੜ ਦਿਤਾ।

"ਬਿਟੀਆ !"

"ਜੀ।"

"ਏਧਰ ਆ।"

ਸ਼ਾਂਤੰਮਾ ਉਠ ਕੇ ਦਾਦਾ ਜੀ ਦੇ ਪਾਸ ਗਈ।

"ਬੈਠ।"

ਸ਼ਾਂਤੰਮਾ ਦਾਦਾ ਜੀ ਦੀ ਮੰਜੀ ਤੇ ਬੈਠ ਗਈ।

"ਸੁੱਕੀ ਡਾਲੀ ਵਾਲਾ, ਬੁੱਢਾ ਬਾਂਝ ਜਿਹਾ ਰੁੱਖ ਮੈਂ ਇਥੇ ਖੜਾ ਹਾਂ। ਢੇਰਾਂ ਦੇ ਢੇਰ ਫਲ ਦੇਣ ਵਾਲਾ ਪੌਦਾ ਉਖੜ ਗਿਆ ਹੈ।"

ਸ਼ਾਂਤੰਮਾ ਨੇ ਕੁਝ ਨਹੀਂ ਆਖਿਆ।

"ਤੂੰ ਰੁੱਖ ਨਾਲ ਲਿਪਟੀ ਅੰਗੂਰ ਦੀ ਵੇਲ ਹੈਂ। ਰੁੱਖ ਡਿਗ ਪਿਆ ਹੈ। ਦਿਨ ਰਾਤ ਮੈਨੂੰ ਤੇਰੀ ਹੀ ਸੋਚ ਰਹਿੰਦੀ ਹੈ।"

"......"

"ਹੁਣ ਤੇਰਾ ਸਹਾਰਾ ਕੌਣ ਹੈ ?"

"ਪ੍ਰਭੂ ।"

"ਹਾਂ ਪ੍ਰਭੂ ਵਾਸਤੇ ਕੁਝ ਵੀ ਅਸੰਭਵ ਨਹੀਂ । ਹੇ ਪ੍ਰਭੂ ਮੇਰਾ ਉਦਾਰ ਕਰ । ਮੈਂ ਡੂੰਘੇ ਪਾਣੀ ਵਿਚ ਆ ਗਿਆ ਹਾਂ ਤੇ ਇਸ ਦੀ ਧਾਰ ਵਿਚ ਡੁਬਦਾ ਜਾ ਰਿਹਾ ਹਾਂ । ਮੈਂ ਡੂੰਘੇ ਚਿੱਕੜ ਵਿਚ ਫਸਿਆ ਹਾਂ । ਮੈਂ ਡੂੰਘੇ ਪਾਣੀ ਵਿਚ ਡੁਬ ਰਿਹਾ ਹਾਂ......"

"ਦਾਦਾ ਜੀ ਇੰਨੇ ਦੁਖੀ ਨਾ ਹੋਵੋ ।"

"ਬੇਟੀ ਕਿਵੇਂ ਦੁਖੀ ਨਾ ਹੋਵਾਂ । ਜ਼ਿੰਦਗੀ ਦੇ ਕਿਲ੍ਹੇ ਦੇ ਦਵਾਰ ਦੇ ਬਾਹਰ ਤੈਨੂੰ ਲਿਆ ਕੇ ਖੜਾ ਕਰਕੇ ਦਰਵਾਜ਼ਾ ਬੰਦ ਕਰ ਦਿਤਾ ਗਿਆ ਹੈ ਨਾ ? ਹੁਣ ਤੂੰ ਕਿਧਰ ਜ ਏਂਗੀ ?"

"ਆਪਣਾ ਰਾਹ ਮੈਂ ਲਭ ਲਿਆ ਹੈ ।"

ਕੁੰਏਨਾਚੰਨ ਨੇ ਇਹ ਨਹੀਂ ਸੁਣਿਆ ।

"ਮੈਂ ਤੇਲ ਖਤਮ ਹੋਣ ਤੇ ਟਿਮਟਿਮਾਂਦਾ ਦੀਵਾ ਹਾਂ । ਵਧ ਤੋਂ ਵਧ ਹੋਰ ਅੱਧੀ ਘੜੀ । ਮੇਰੇ ਪਿਛੋਂ ਤੇਰਾ ਸਹਾਰਾ ਵੀ ਚਲ ਵੱਸੇਗਾ । ਫਿਰ ਤੇਰਾ ਕੌਣ ਹੋਵੇਗਾ ? ਕੀ ਤੈਨੂੰ ਇਕ ਬੱਚਾ ਵੀ ਦਿਤਾ ਕਿ ਗਲੇ 'ਚ ਮੰਗਲ ਸੂਤਰ ਬੰਨ੍ਹਣ ਵਾਲੇ ਦੇ ਬਾਰੇ ਯਾਦ ਕਰਦੀ ਦੁਖੀ ਜੀਵਨ ਬਿਤਾ ਲੈਂਦੀ ।"

"ਦਾਦਾ ਜੀ ।"

"ਏਲੀਮਲੇਕ ਦੀ ਪਤਨੀ ਨੇਵੋਮੀ ਨੇ ਜੋ ਆਪਣੀਆਂ ਦੋ ਬਹੂਆਂ ਨੂੰ ਕਿਹਾ ਸੀ ਉਹੀ ਮੈਂ ਤੈਨੂੰ ਆਖਦਾ ਹਾਂ—ਤੂੰ ਆਪਣੀ ਮਾਂ ਦੇ ਘਰ ਜਾ । ਮਰੇ ਹੋਏ ਆਦਮੀ ਤੇ ਮੇਰੇ ਨਾਲ ਜਿਸ ਤਰ੍ਹਾਂ ਕੀਤਾ ਹੈ, ਉਸੇ ਤਰ੍ਹਾਂ ਯਹੋਵਾ ਤੇਰੇ ਤੇ ਵੀ ਦਇਆ ਕਰਨਗੇ ।"

"ਇਹ ਨਹੀਂ ਹੋ ਸਕਦਾ ਦਾਦਾ ਜੀ ।"

"ਹੂੰ ।"

"ਇਕ ਆਦਮੀ ਮੇਰਾ ਹੱਥ ਪਕੜ ਕੇ ਇਸ ਘਰ ਲੈ ਆਇਆ । ਹੁਣ ਮੇਰੇ ਲਈ ਦੂਜਾ ਕੋਈ ਘਰ ਨਹੀਂ ।"

"ਇਸ ਛੋਟੀ ਉਮਰ ਵਿਚ ਤੈਨੂੰ ਵਿਧਵਾ ਦੇ ਰੂਪ ਵਿਚ ਕਿਵੇਂ ਵੇਖਦਾ ਰਹਿ ਸਕਾਂਗਾ, ਬੇਟੀ ।"

ਗੱਲਾਂ ਸੁਣ ਕੇ ਦੀਨਾਮਾ ਆ ਗਈ ।

"ਪਿਤਾ ਜੀ ਈਸ਼ਵਰ ਵਾਸਤੇ ਕੁਝ ਚੁਪ ਰਹੋ । ਦਵਾ ਕਰਨ ਨਾਲ ਥੋੜ੍ਹਾ ਜਿਹਾ ਆਰਾਮ ਆਇਆ ਸੀ । ਹੁਣ ਫਿਰ ਹਾਲਤ ਹੋਰ ਵੀ ਵਿਗੜ ਜਾਵੇਗੀ । ਬੱਚਿਆਂ ਵਾਂਗ ਬੋਲੀ ਹੀ ਜਾਂਦੇ ਹੋ ।"

ਕੁੰਏਨਾਚੰਨ ਨੇ ਸੋਚਿਆ—

"ਮੈਂ ਕੀ ਬਕਬਕ ਕਰੀ ਜਾਂਦਾ ਹਾਂ ? ਸੱਚ ਕਿਸੇ ਨੂੰ ਚੰਗਾ ਨਹੀਂ ਲਗਦਾ । ਸੋਚਿਆ ਕਿ ਭਵਿਖ ਵਿਚ ਇਸ ਲੜਕੀ ਦੀ ਕੀ ਹਾਲਤ ਹੋਵੇਗੀ । ਕੋਟੰਪਲੀ ਦੀ ਇਕ

ਚਾਚੀ ਪਹਿਲਾਂ ਬਟਾਈ ਦੇ ਚੌਲ ਇਕੱਠੇ ਕਰਨ ਲਈ ਦਰ-ਦਰ ਤੇ ਮਾਰੀ-ਮਾਰੀ ਫਿਰਦੀ ਸੀ। ਉਹ ਬਾਂਝ ਸੀ। ਇਕ ਚਾਚੇ ਦੀ ਪਤਨੀ। ਚਾਚਾ ਮਰ ਗਏ ਤਾਂ ਆਪਣੇ ਹਿੱਸੇ ਦਾ ਦਸ ਪਰਾ ਖੇਤ ਛੋਟੇ ਦਿਓਰ ਨੂੰ ਸੌਂਪ ਦਿਤਾ ਤੇ ਇਕ ਛੋਟੀ ਭੈਣ ਕੋਲ ਰਹਿਣ ਲਗ ਪਈ। ਸਾਲ ਵਿਚ ਇਕ ਦਿਨ ਬਟਾਈ ਦੇ ਚੌਲ ਦੀ ਵਸੂਲੀ ਵਾਸਤੇ ਆਉਂਦੀ। ਚਾਲਾਕ ਤੇ ਪਿੰਡ ਦਾ ਮੁਖੀਆ ਛੋਟਾ ਦਿਓਰ ਪੁਛਦਾ—ਖੇਤ ? ਕਿਸ ਦਾ ਖੇਤ ? ਚਾਹੇ ਤਾਂ ਇਥੇ ਹੀ ਬੈਠੀ ਖਾਂਦੀ ਰਹਿ।''

''ਚਾਚੀ ਘਰ-ਘਰ ਸ਼ਕਾਇਤ ਕਰਦੀ। ਸਭ ਨੂੰ ਉਸ ਨਾਲ ਨਫ਼ਰਤ ਸੀ। ਉਹ ਪਿਤਾ ਜੀ ਕੋਲ ਸ਼ਕਾਇਤ ਲੈ ਕੇ ਆਈ ਸੀ। ਯਾਦ ਹੈ। ਉਦੋਂ ਪਿਤਾ ਜੀ ਨੇ ਪੁਛਿਆ—ਨਹੀਂ ਤਾਂ ਕੀ ਕੋਚੁਵਕੀ ਝੂਠ ਆਖਦਾ ਹੈ ? ਪਰਿਵਾਰ ਦੇ ਖੇਤ 'ਚੋਂ ਜੋ ਚੌਲ ਮਿਲਦੇ ਹਨ ਉਹ ਕੋਟੰਪਲੀ ਦੇ ਲੋਕਾਂ ਦੇ ਖਾਣ ਵਾਸਤੇ ਨਹੀਂ। ਭਟਕਦੀ-ਭਟਕਦੀ ਉਹ ਔਰਤ ਗਲੀ ਦੇ ਕੁੱਤਿਆਂ ਦੀ ਮੌਤ ਮੋਈ। ਕਿਸੇ ਨੇ ਲਿਜਾ ਕੇ ਪਨਚੋਮੁਟ੍ਟ ਗਿਰਜੇ ਦੀਆਂ ਕਬਰਾਂ ਵਿਚ ਦਫਨਾ ਦਿਤਾ। ਮੈਂ ਖੁਦ ਵੇਖ ਚੁਕਾ ਹਾਂ। ਕਿਵੇਂ ਚੁਪ ਰਹਾਂ ?...''

ਸਤਾਰਾਂ ਅਠਾਰਾਂ ਸਾਲ ਦੀ ਲੜਕੀ। ਰੂਥ ਸਾਸ ਨੋਵਾਰੀ ਦੇ ਨਾਲ ਗਈ ਸੀ। ਉਸ ਨੇ ਸੱਸ ਨੂੰ ਆਖਿਆ—''ਜਿਥੇ ਤੁਸੀਂ ਜਾਉਗੇ ਉਥੇ ਹੀ ਮੈਂ ਵੀ ਜਾਵਾਂਗੀ। ਜਿਥੇ ਤੁਸੀਂ ਰਹੋਗੇ ਉਥੇ ਹੀ ਮੈਂ ਵੀ ਰਹਾਂਗੀ। ਤੁਸੀਂ ਲੋਕ ਹੀ ਮੇਰੇ ਰਿਸ਼ਤੇਦਾਰ ਹੋ। ਜਿਥੇ ਤੁਹਾਡੀ ਮੌਤ ਹੋਵੇਗੀ ਉਥੇ ਹੀ ਮੈਂ ਵੀ ਮਰਾਂਗੀ ਤੇ ਉਸੇ ਮਿੱਟੀ ਵਿਚ ਦਫਨਾਈ ਜਾਵਾਂਗੀ।'' ਜੇ ਰੂਥ ਵਾਂਗ ਇਹ ਛੋਟੀ ਜਿਹੀ ਲੜਕੀ ਵੀ ਤੇਰੇ ਨਾਲ ਰਹੇ ਤਾਂ ਉਸ ਦਾ ਭਵਿਖ ਕੀ ਹੋਵੇਗਾ। ਰੂਥ ਦਾ ਜ਼ਮਾਨਾ ਈਸ਼ਵਰ ਦੀ ਕਿਰਪਾ ਦਾ ਜ਼ਮਾਨਾ ਸੀ। ਪ੍ਰਭੂ ਆਪਣੇ ਜਨ ਇਜ਼ਰਾਈਲ ਦੇ ਨਾਲ ਸਨ। ਨੇਵੋਮੀ ਦੇ ਪਰਿਵਾਰ ਵਿਚ ਇਕ ਲਖਪਤੀ ਰਿਸ਼ਤੇਦਾਰ ਸੀ। ਉਸ ਦਾ ਨਾਂ ਸੀ ਬੋਵਜ। ਰੂਥ ਨੇ ਨੋਵਾਮੀ ਨੂੰ ਪੁਛਿਆ—''ਕੀ ਮੈਂ ਖੇਤ ਵਿਚ ਜਾ ਕੇ ਸਿੱਟੇ ਚੁਣ ਲਿਆਵਾਂ ?'' ਉਸ ਕਿਹਾ—''ਜਾਓ ਬੇਟੀ'' ਉਹ ਗਈ ਤੇ ਕਟਾਈ ਵਾਲਿਆਂ ਦੇ ਪਿਛੇ ਸਿੱਟੇ ਚੁਨਣ ਲਗ ਪਈ। ਸੁਭਾਗ ਵੱਸ ਉਹ ਖੇਤ ਬੋਵਜ ਦਾ ਸੀ। ਉਸ ਨੇ ਕਟਾਈ ਕਰਨ ਵਾਲਿਆਂ 'ਚੋਂ ਮੁਖੀਆ ਨੌਕਰ ਨੂੰ ਪੁਛਿਆ ਕਿ ਇਹ ਮੁਟਿਆਰ ਕੌਣ ਹੈ ? ਉਸ ਨੇ ਜਵਾਬ ਦਿਤਾ ਕਿ ਇਹ ਨੇਵੋਮੀ ਦੇ ਨਾਲ ਆਈ ਮੋਆਬ ਦੇਸ਼ ਦੀ ਮੁਟਿਆਰ ਹੈ। ਇਹ ਸੁਣ ਕੇ ਬੋਵਜ ਨੇ ਰੂਥ ਨੂੰ ਆਖਿਆ—''ਬੇਟੀ ਸਿੱਟੇ ਚੁਨਣ ਲਈ ਤੂੰ ਕਿਸੇ ਹੋਰ ਖੇਤ ਵਿਚ ਨਾ ਜਾਣਾ। ਤੂੰ ਮੇਰੀਆਂ ਨੌਕਰਾਨੀਆਂ ਦੇ ਨਾਲ ਰਹਿਣਾ।'' ਇਸ ਬਾਅਦ ਉਸ ਨੇ ਉਸ ਦੇ ਚਰਨਾਂ ਤੇ ਨਮਸਕਾਰ ਕੀਤਾ ਤੇ ਪੁਛਿਆ—''ਤੁਹਾਨੂੰ ਮੇਰੇ ਤੇ ਇੰਨੀ ਦਇਆ ਕਿਵੇਂ ਆਈ ਹੈ ?'' ਬੋਵਜ ਨੇ ਉਸ ਨੂੰ ਕਿਹਾ—''ਮੈਂ ਸੁਣਿਆ ਹੈ ਕਿ ਤੂੰ ਪਤੀ ਦੇ ਮਰਨ ਦੇ ਬਾਅਦ ਸੱਸ ਦੀ ਸੇਵਾ ਕੀਤੀ ਹੈ। ਤੇ ਆਪਣੇ ਮਾਂ-ਪਿਓ ਤੇ ਦੇਸ ਨੂੰ ਛਡ ਕੇ ਗੈਰ ਲੋਕਾਂ ਵਿਚ ਆ ਕੇ ਰਹਿੰਦੀ ਹੈਂ। ਇਜ਼ਰਾਈਲ ਦੇ ਦੇਵਤਾ ਯਹੋਵਾ ਦੀ ਛਤਰ ਛਾਇਆ ਦੀ ਸ਼ਰਨ ਵਿਚ ਆਈ ਤੈਨੂੰ ਪੂਰਨ ਫਲ ਦੇਵੇ।'' ਰੂਥ ਨੇਵੋਮੀ ਦੇ ਉਪਦੇਸ਼ ਅਨੁਸਾਰ ਅਸ਼ਨਾਨ ਕਰ ਸੁਗੰਧੀ ਇਤਰ ਨਾਲ ਸੁਗੰਧਿਤ ਕਪੜੇ ਪਾ ਕੇ ਬੋਵਜ ਦੇ ਕੋਲ ਬੈਠੀ।

ਉਸ ਨੇ ਉਸ ਦਾ ਉਦਾਰ ਕੀਤਾ । ਉਸ ਨੇ ਬੋਵਜ ਲਈ ਇਕ ਬੱਚੇ ਨੂੰ ਜਨਮ ਦਿੱਤਾ। ਉਹ ਬੱਚਾ ਦਾਊਦ ਦਾ ਦਾਦਾ ਓਬੇਦ ਸੀ। ਉਹ ਮਸੀਹ ਦੀ ਵੰਸ਼ ਦਾ ਹੈ। ਦਾਊਦ ਤੋਂ ਸੁਲੇਮਾਨ ਪੈਦਾ ਹੋਇਆ । ਰਹਬਿਯਾਮ ਤੋਂ ਅਬੀਯਾਵ ਹੋਇਆ । ਅਬੀਯਾਵ ਤੋਂ ਪੈਦਾ ਹੋਇਆ ਆਸ ਤੇ ਆਸ ਤੋਂ ਯਹੋਸ਼ਾਪਾਦ। ਉਸ ਤੋਂ ਯੋਰਾਮ ਤੇ ਯੋਰਾਮ ਤੋਂ ਅੱਸੀਯਾਵ । ਅੱਸੀਯਾਵ ਦਾ ਪੁੱਤਰ ਯੋਥਾਨ ਸੀ ਤੇ ਯੋਥਾਨ ਦਾ ਆਹਾਸ । ਆਹਾਸ ਤੋਂ ਪੈਦਾ ਹੋਇਆ ਹਿਸਕੀਯਾਵ । ਹਿਸਕੀਯਾਵ ਤੋਂ ਜਨਮਿਆ ਮਨੱਸੇ—ਇਸੇ ਕ੍ਰਮ ਵਿਚ ਮੰਥਾਨ ਦੇ ਪੁਤਰ ਯਾਕੂਬ ਤੋਂ ਮਰੀਆ ਦਾ ਪਤੀ ਜੋਸੇਫ ਪੈਦਾ ਹੋਇਆ ਸੀ।

ਆਦਮੀ ਕੇਵਲ ਆਦਮੀ ਨੂੰ ਹੀ ਜਨਮ ਦੇ ਸਕਦਾ ਹੈ। ਪਰ ਪ੍ਰਾਣ ਯਹੋਵਾ ਦੇ ਹੱਥ ਵਿਚ ਹੀ ਹਨ। ਉਹ ਜਦ ਖੁਦ ਚਾਹੁੰਦਾ ਹੈ ਵਾਪਸ ਲੈ ਲੈਂਦਾ ਹੈ। ਮ੍ਰਿਤਕਾਂ ਨੂੰ ਜਿਵਾਨਾ—ਹਾਂ ਪੁਰਾਣੇ ਨਿਯਮ ਦੇ ਨਬੀਆਂ ਨੇ ਇਹ ਵੀ ਕੀਤਾ ਹੈ। ਨਵੇਂ ਨਿਯਮਾਂ ਦੇ ਦਿਨਾਂ ਵਿਚ ਪ੍ਰਭੂ ਨੇ ਵੀ ਤਾਂ ਇਹ ਕੀਤਾ ਹੈ। ਲਾਸਰ ਨੂੰ ਮਕਬਰੇ 'ਚੋਂ ਜਿਵਾ ਕੇ ਉਠਾਇਆ ਸੀ। ਈਸਾ ਨੇ ਮਾਰਥਾ ਨੂੰ ਆਖਿਆ—"ਮੈਂ ਪੁਨਰ ਉਥਾਨ ਤੇ ਪ੍ਰਾਣ ਹਾਂ। ਮੇਰੇ 'ਚ ਵਿਸ਼ਵਾਸ ਰਖਣ ਵਾਲੇ ਮਰਨ ਦੇ ਬਾਅਦ ਵੀ ਜ਼ਿੰਦਾ ਰਹਿੰਦੇ ਹਨ।" ਉਸ ਦੇ ਬਾਅਦ ਉਸ ਨੇ ਮਕਬਰੇ ਦੇ ਕੋਲ ਜਾ ਕੇ ਆਕਾਸ਼ ਵਲ ਵੇਖਦੇ ਹੋਏ ਪ੍ਰਾਰਥਨਾ ਕੀਤੀ—ਉਚੀ ਆਵਾਜ਼ ਵਿਚ ਆਖਿਆ—"ਲਾਸਰ ਬਾਹਰ ਆਓ।" ਉਹ ਕਬਰ ਵਿਚੋਂ ਉਠ ਕੇ ਬਾਹਰ ਆ ਗਿਆ।

ਓਹ ! ਪ੍ਰਭੂ ਦਾ ਉਹ ਰੂਪ। ਯਾਦ ਕਰਦਿਆਂ ਹੀ ਡਰ ਲਗਦਾ ਹੈ। ਚੋਗਾ, ਤੇਜਵਾਨ ਮੁੱਖ, ਨਿਰਭੈ ਦ੍ਰਿਸ਼ਟੀ, ਆਗਿਆ ਸ਼ਕਤੀ......

ਲਾਹਰ ਬਾਹਰ ਆਓ—

"ਬਾਬੂ ਜੀ।"

"ਹੂੰ"

"ਕੀ ਕਹਿ ਰਹੇ ਹੋ ?"

"ਕਈ ਗੱਲਾਂ ਯਾਦ ਆ ਰਹੀਆਂ ਹਨ।"

"ਕਲ ਰਾਤ ਵੀ ਨੀਂਦ ਵਿਚ ਕੁਝ ਕਹਿ ਰਹੇ ਸਾਓ।"

"ਹਾਂ, ਕਲ ਰਾਤ ਭਰ ਤੇਰੀ ਸੱਸ ਇਸ ਦਵਾਰ ਤੇ ਪਹਿਰਾ ਦੇ ਰਹੀ ਸੀ। ਪੁਛਿਆ—ਇੰਨੀ ਦੇਰ ਕਿਉਂ ? ਕੀ ਵੇਖਦੇ ਨਹੀਂ ਮੈਂ ਤਰੇਲ ਵਿਚ ਭਿੱਜ ਰਹੀ ਹਾਂ ? ਬੁਢਾਪੇ ਵਿਚ ਇੰਨੀ ਤਿਆਰੀ ਦੀ ਕੀ ਲੋੜ ਹੈ ?"

"ਮੈਂ ਆਖਿਆ...ਇਧਰ ਆ..."

ਦੀਨਾਮਾ ਹੱਸ ਪਈ।

"ਬਾਬੂ ਜੀ ਇਹ ਕੀ ਕਹੀ ਜਾਂਦੇ ਹੋ।"

"ਛੋਟੀ ਬਹੂ ਕਿਧਰ ਹੈ ?"

"ਇਥੇ ਹੀ ਹੈ।"

"ਤੇਰਾ ਪਤੀ ਕਿਧਰ ਹੈ ?"

"ਨਾਕੇ ਨੂੰ ਗਏ, ਕਿਉਂ ?"

"ਲਗਦਾ ਹੈ ਕਿ ਵਕਤ ਆ ਗਿਆ ਹੈ। ਸਤ ਨਾਰਾਂ ਨੂੰ ਸੱਜੇ ਹੱਥ ਵਿਚ ਲਈ ਦੇਵਦੂਤ ਸਤ ਸਵਰਾਦੀਆਂ ਦੇ ਵਿਚ ਖੜਾ ਹੈ। ਮੈਂ ਵੇਖ ਰਿਹਾ ਹਾਂ।"

"ਬਾਬੂ ਜੀ ਨੂੰ ਸਭ ਭਰਮ ਹੈ।"

"ਜੇ ਇਹ ਚਾਹੁੰਦੀ ਹੋਵੇ ਤਾਂ ਇਸ ਨੂੰ ਦੂਜੇ ਵਿਆਹ ਦੀ ਆਗਿਆ ਦੇ ਦੇਣੀ ਚਾਹੀਦੀ ਹੈ। ਅਸਾਂ ਦਾਜ ਕੋਈ ਨਹੀਂ ਲਿਆ ਹੋਇਆ। ਇਸ ਲਈ ਹਿਸਾਬ ਕਰਨ ਦੀ ਕੋਈ ਲੋੜ ਹੀ ਨਹੀਂ। ਉਸ ਨੂੰ ਸਿਰਫ ਆਪਣੇ ਕਪੜੇ ਲੱਤੇ ਲੈ ਕੇ ਵਿਦਾ ਹੋਣਾ ਹੈ।"

"ਬਸ। ਨਾ ਮਾਤਰ ਹੀ ਉਸ ਦੀ ਪਹਿਲੀ ਸ਼ਾਦੀ ਹੋਣ ਤੇ ਬੱਚਾ ਨਾ ਹੋਣ ਕਾਰਨ ਉਹ ਜਵਾਨ ਹੈ। ਇਸ ਲਈ ਉਸ ਨੂੰ ਕੋਈ ਨਾ ਕੋਈ ਖੁਦ ਆ ਕੇ ਪਸੰਦ ਕਰ ਲਏਗਾ।"

"ਬਾਬੂ ਜੀ ਕੀ ਚੁਪ ਨਹੀਂ ਰਹਿ ਸਕਦੇ ?"

"ਕੂੰਜੇਨਾਮਾਪਿਲਾ ਕੀ ਕਹਿ ਰਹੇ ਹਨ ?"

ਦੀਨਾਮਾ ਨੇ ਮੁੜ ਕੇ ਵੇਖਿਆ—

"ਕੁਰੁਪ।"

ਦੀਨਾਮਾ ਬੋਲੀ—

"ਲਓ, ਸਾਥੀ ਆ ਗਏ। ਗੱਲਬਾਤ ਲਈ ਸਾਥ ਨਾ ਹੋਣ ਤੇ ਹੀ ਅਜਿਹੀਆਂ ਬੇਕਾਰ ਗੱਲਾਂ ਸੁਝਦੀਆਂ ਹਨ।"

"ਦਸ ਦਿਨ ਦੀ ਦੋਸਤੀ। ਥਕਾਨ ਦੇ ਮਾਰੇ ਸਰਾਂ ਵਿਚ ਬੈਠ ਗਏ ਤੇ ਦੋਸਤ ਆ ਜਾਂਦਾ ਹੈ। ਪੋਟਲੀ ਖੋਲ੍ਹ ਕੇ ਪਾਨ ਇਕੱਠੇ ਖਾਂਦੇ ਹਨ। ਕਈ ਕਹਾਣੀਆਂ ਸੁਣਾਉਂਦੇ ਨਾਲ-ਨਾਲ ਚਲਦੇ ਹਨ। ਅਗਲੇ ਮੋੜ ਤੇ ਵਿਦਾ ਹੋ ਜਾਂਦੇ ਹਨ......"

"ਅੱਛਾ ਨਮਸਕਾਰ। ਇਹ ਹੀ ਹੈ ਨਾ ਕੁਰੁਪ ਜੀ।"

ਸੱਚੀ ਗੱਲ ਇਹ ਹੀ ਹੈ। ਭਗਵਾਨ ਕ੍ਰਿਸ਼ਨ ਆਖਦੇ ਹਨ। ਮੇਰੀ ਅਦਭੁਤ ਗੁਣ ਤ੍ਰੈਰੂਪ ਦੀ ਮਾਇਆ ਦਾ ਅਤਿਕ੍ਰਮਣ ਕਰਨਾ ਬਹੁਤ ਮੁਸ਼ਕਿਲ ਹੈ। ਜੋ ਮੇਰੀ ਹੀ ਸ਼ਰਨ ਵਿਚ ਆਉਂਦਾ ਹੈ ਉਹ ਇਸ ਮਾਇਆ ਦੇ ਅਤਿਕ੍ਰਮਣ ਕਰਦਾ ਹੈ।"

"ਕੌਣ ਕਿਥੇ ਅਤਿਕ੍ਰਮਣ ਕਰਦਾ ਹੈ ? ਬੰਨ੍ਹਦਾ ਹੈ ? ਕਿਸੇ ਨੇ ਅਜ ਤਕ ਨਹੀਂ ਲੰਘਿਆ। ਅਧਰਮੀ ਹੋਵੇ ਜਾਂ ਦੁਸ਼ਟ, ਭਲਾ, ਸ਼ੁਧ ਜਾਂ ਅਸ਼ੁਧ, ਯੱਗ ਕਰਨ ਵਾਲੇ ਜਾਂ ਨਾ ਕਰਨ ਵਾਲੇ, ਸਭ ਦੀ ਇਕ ਦਸ਼ਾ ਹੀ ਹੁੰਦੀ ਹੈ। ਜੋ ਕੁਝ ਸੂਰਜ ਦੇ ਹੇਠ ਕੀਤਾ ਜਾਂਦਾ ਹੈ ਉਸ ਨੂੰ ਗਿਆਨ ਨਾਲ ਸਮਝਣ ਦਾ ਮੈਂ ਪ੍ਰਯਤਨ ਕੀਤਾ ਹੈ। ਇਹ ਮਨੁਖ ਨੂੰ ਪਰਮਾਤਮਾ ਦਾ ਦਿੱਤਾ ਦੁਖ ਹੈ। ਹੈ ਨਾ ਰੇ ?"

'ਰੇ' ਦਾ ਸੰਬੋਧਨ ਸੁਣ ਕੇ ਕੁਰੁਪ ਹੈਰਾਨ ਰਹਿ ਗਿਆ। ਅਜ ਤਕ ਇਸ ਤਰ੍ਹਾਂ ਕਦੀ ਸੰਬੋਧਨ ਨਹੀਂ ਕੀਤਾ। ਫਿਰ ਵੀ ਉਸ ਦੀ ਪਰਵਾਹ ਕੀਤੇ ਬਗੈਰ ਬੋਲਿਆ—

"ਹਾਂ, ਸਭ ਮਾਇਆ ਹੀ ਹੈ।"

"ਸਾਨੂੰ ਦੋਹਾਂ ਨੂੰ ਇਕ ਦੂਜੇ ਨਾਲ ਪਰਿਚਿਤ ਹੋਇਆਂ ਕਿੰਨੇ ਸਾਲ ਹੋਏ ਹਨ ?"

"ਦੋ ਸਾਲ।"

ਵਾਹ।......ਪੰਜਾਹ ਈਸਵੀ ਵਿਚ ਅਸਾਂ ਦੋਹਾਂ ਨੇ ਮੁੱਲਤਰਾ ਦੇ ਮਾਲਕ ਦੇ ਖੇਤਾਂ ਵਿਚ ਬਟਾਈ ਦੀ ਖੇਤੀ ਸਾਂਝੇਦਾਰੀ ਤੇ ਕੀਤੀ ਸੀ ਨਾ। ਈਮਾਨਦਾਰ ਆਦਮੀ ਤੂੰ ਭੁਲ ਗਿਆ ਹੈਂ ਨਾ ?

ਕੁਰੁਪ ਸਮਝ ਗਿਆ ਕਿ ਕੁਝ ਗੜਬੜੀ ਹੈ। ਆਦਮੀ ਦਾ ਦਿਮਾਗ ਠਿਕਾਣੇ ਨਹੀਂ। ਕੁੰਯੇਨਾਮਾਪਿਲਾ ਦਾ ਮਨ ਇਥੇ ਕਿਧਰੇ ਨਹੀਂ। ਪਰ ਉਸ ਨੇ ਠੀਕ ਵੇਖਿਆ ਸੀ, ਪਛਾਣਿਆ ਵੀ ਸੀ।

"ਤੂੰ ਕਿਵੇਂ ਮੈਨੂੰ ਭੁਲਦਾ ? ਤੇਰੀ ਵੱਡੀ ਲੜਕੀ ਦੀ ਸ਼ਾਦੀ ਤੇ ਦਾਜ ਲੈਣ ਲਈ ਜਦ ਮੁੰਡੇ ਵਾਲੇ ਆਉਣ ਵਾਲੇ ਸਨ ਤਾਂ ਤੂੰ ਇਹ ਕਹਿੰਦਾ ਹੋਇਆ ਚਿੱਤ ਲੇਟ ਗਿਆ ਸੈਂ ਕਿ 'ਹਾਏ, ਪਾਪੀ ਜ਼ਮੀਨ ਵਿਚ ਗੱਡਿਆ ਜਾ ਰਿਹਾ ਹੈ।' ਉਸ ਸਮੇਂ ਤੇਰੀ ਮਦਦ ਕਰਨ ਲਈ ਮੇਲੋਝਤੂ ਕੁੰਏਨੈਨਾ ਹੀ ਸੀ। ਤੂੰ ਭੁਲ ਗਿਆ ਏਂ ਰੇ ?"

ਕੁੰਯੇਨਾਮਾਪਿਲਾ।

"ਹੂੰ।"

"ਇਹ ਤਾਂ ਮੈਂ ਹਾਂ। ਸ਼ਿਵਰਾਮ ਕੁਰੁਪ।"

"......"

"ਕੁੰਯੇਨਾਮਾਪਿਲਾ।"

ਫਿਰ ਵੀ ਹਿਲੇ ਨਹੀਂ।

ਅੱਖੀਆਂ ਬੰਦ ਹਨ। ਘੁਰਾੜੇ ਮਾਰੀ ਜਾ ਰਹੇ ਹਨ, ਜਿਵੇਂ ਗੂੜ੍ਹੀ ਨੀਂਦ ਸੁਤੇ ਹੋਣ।

ਕੁੰਏਨਾਚੰਨ ਨੇ ਜਦ ਅੱਖਾਂ ਖੋਲ੍ਹ ਕੇ ਵੇਖਿਆ ਤਾਂ ਘਰ ਵਿਚ ਲੋਕਾਂ ਦੀ ਭੀੜ ਲਗੀ ਹੋਈ ਸੀ। ਕਾਲੀ ਪੋਸ਼ਾਕ ਵਿਚ ਪਾਦਰੀ। ਅਗਰਬੱਤੀ ਜਗਾਈ ਖੜਾ ਸੀ ਸਹਾਇਕ ਮੱਤਾਯੀ। ਔਰਤਾਂ, ਬੱਚੇ......

ਪਾਦਰੀ ਨੇ ਮੂੰਹ ਨੀਵਾਂ ਕਰਕੇ ਕੁੰਏਨਾਚੰਨ ਨੂੰ ਗੌਰ ਨਾਲ ਵੇਖਿਆ ਤੇ ਕਿਹਾ—

"ਤੈਲਾਭਿਸ਼ੇਕ ਕਰਾਂ ਕੁੰਏਨਾਚੰਨ। ਕੀ ਤਿਆਰ ਨਹੀਂ ਹੋ ?"

ਸਿਰ ਹਿਲਾ ਕੇ ਮਨਜ਼ੂਰੀ ਦਿਤੀ।

ਪਾਦਰੀ ਨੇ ਸਿਰ ਤੇ ਹਥ ਰਖ ਕੇ ਪ੍ਰਾਰਥਨਾ ਕੀਤੀ—

ਹੇ ਪਿਤ੍ਰਪੁਤ੍ਰ ਪਰਿਸੁਧਆਤਮਾ ਦੇਵ, ਤੇਰੀ ਸਸਕਤ ਤੇ ਸਹਾਇਤਾ ਪੂਰਣ ਦਖਨੀ ਭੁਜਾ ਇਸ ਦਾਸ ਦੇ ਉਤੇ ਰਖਣ ਵਾਸਤੇ ਆਪਣਾ ਦੁਰਬਲ ਹੱਥ ਇਸ ਪਵਿਤਰ ਨਾਂ ਦੇ ਉਤੇ ਰਖਦਾ ਹਾਂ।

ਪਾਦਰੀ ਨੇ ਸਿਰ ਝੁਕਾ ਕੇ ਕਿਹਾ—

ਮੋਦਯੋਨਯਸੋ, ਪ੍ਰਾਰਥਨਾ ਦੋਹਰਾ ਕੇ ਪਾਪਾਂ ਨੂੰ ਸਵੀਕਾਰ ਕਰਨਾ ਚਾਹੀਦਾ ਹੈ।

ਕੁੰਏਨਾਚੰਨ ਦੇ ਹੋਠ ਬੁਦਬੁਦਾਏ।

ਪਾਦਰੀ ਨੇ ਫਿਰ ਪ੍ਰਾਰਥਨਾ ਕੀਤੀ—

"ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਂ ਤੂੰ ਪਵਿੱਤਰ ਹੋ ਜਾ। ਤੂੰ ਜਾਣ ਬੁਝ ਕੇ ਜਾਂ ਅਨਜਾਨ ਜੋ ਅਪਰਾਧ ਕੀਤੇ ਉਹ ਮਾਫ ਕੀਤੇ ਜਾਣ। ਤੇਰੇ ਸਾਰੇ ਦੁਰਵਿਕਾਰ ਅਤੇ ਕੁਕਰਮੀ ਵਪਾਰ ਤੇਰੇ ਨਾਂ ਤੋਂ ਮਿਟਾ ਦਿਤੇ ਜਾਣ।"

ਪਲਕਾਂ ਉਤੇ ਸਲੀਬ ਦੀ ਸ਼ਕਲ ਵਿਚ ਇਤਰ ਲਗਾ ਕੇ ਪਾਦਰੀ ਨੇ ਪ੍ਰਾਰਥਨਾ ਕੀਤੀ—

"ਇਸ ਪੂਰਣ ਸ਼ੁਧ ਤੇਲ ਅਤੇ ਤੇਰੀ ਕਿਰਪਾ ਦੇ ਕਾਰਨ ਅੱਖਾਂ ਨਾਲ ਕੀਤੇ ਗਏ ਸਭ ਅਪਰਾਧਾਂ ਦੀ ਈਸ਼ਵਰ ਖਿਮਾ ਪ੍ਰਦਾਨ ਕਰਨੀ।"

ਇਸ ਦੇ ਬਾਅਦ ਨੱਕ, ਹੋਠਾਂ, ਕੰਨਾਂ, ਹੱਥਾਂ, ਪੈਰਾਂ ਤੇ ਧੁੰਨੀ ਤੇ ਸਲੀਬ ਦੀ ਸ਼ਕਲ ਵਿਚ ਇਤਰ ਲਗਾ ਕੇ ਪ੍ਰਾਰਥਨਾ ਦੋਹਰਾਈ।

ਤੇਲਅਭਿਸ਼ੇਕ ਦੇ ਬਾਅਦ ਪਾਦਰੀ ਅਤੇ ਸਹਾਇਕ ਨੂੰ ਦੱਛਣਾ ਦੇ ਕੇ ਵਿਦਾ ਕੀਤਾ ਗਿਆ। ਸਭ ਰਿਸ਼ਤੇਦਾਰ ਇਕ-ਇਕ ਕਰਕੇ ਚਲੇ ਗਏ। ਕੀਵਰੀਤ, ਕੁੱਟੀਅੰਮਾ, ਥਾਮਸ ਮਾਸਟਰ ਅਤੇ ਘਰ ਦੇ ਹੀ ਬਾਕੀ ਲੋਕ ਪਿਛੇ ਰਹਿ ਗਏ।

ਥਾਮਸ ਮਾਸਟਰ ਨੇ ਕਿਹਾ—

"ਦਵਾ ਅਤੇ ਖ਼ੁਰਾਕ ਠੀਕ ਤਰ੍ਹਾਂ ਨਾ ਲੈਣ ਕਾਰਨ ਹੀ ਰੋਗ ਵਧਿਆ ਹੈ।"

ਕੀਵਰੀਤ ਨੇ ਆਖਿਆ—

"ਹੁਣ ਇਸ ਹਾਲਤ ਵਿਚ ਖ਼ੁਰਾਕ ਕਹੀ, ਬੇਟਾ ?"

"ਇਹ ਗੱਲ ਨਹੀਂ, ਬਾਬੂ ਜੀ। ਡਾਕਟਰ ਨੇ ਆਖਿਆ ਸੀ ਕਿ ਦਾਦਾ ਜੀ ਦੀ ਸਿਹਤ ਉਮਰ ਦੀ ਥਕਾਨ ਨਾਲ ਨਹੀਂ ਖਰਾਬ ਹੋਈ।"

"ਇਹ ਤਾਂ ਠੀਕ ਹੈ। ਇਸ ਸੱਤਰ ਸਾਲ ਦੀ ਉਮਰ ਵਿਚ ਇਸ ਪਿੰਡ ਵਿਚ ਇੰਨਾ ਸਵਸਥ ਆਦਮੀ ਹੋਰ ਕੌਣ ਸੀ ?"

ਮਾਤੁਕੁੱਟੀ ਨੇ ਆਖਿਆ—

"ਖ਼ੁਰਾਕ ਲਈ ਅਸੀਂ ਆਖੀਏ, ਪਰ ਪਿਤਾ ਜੀ ਮੰਨਣ ਨਾ ਤਾਂ ਕੀ ਕੀਤਾ ਜਾਏ ?"

"ਦਾਦਾ ਜੀ ਮੇਰੀ ਗੱਲ ਮੰਨਣਗੇ। ਡਾਕਟਰ ਨੂੰ ਦਸ ਕੇ ਦਵਾਈ ਲੈ ਆਵਾਂਗਾ।"

"ਅੱਛਾ, ਕੋਸ਼ਿਸ਼ ਕਰ ਵੇਖੋ।"

ਕੀਵਰੀਤ ਮਾਤੁਕੁੱਟੀ ਨੂੰ ਲੈ ਕੇ ਵਿਹੜੇ ਵਿਚ ਉਤਰ ਗਿਆ। ਕਟਹਿਰ ਦੀਆਂ ਫੈਲੀਆਂ ਹੋਈਆਂ ਜੜ੍ਹਾਂ ਤੇ ਜਾ ਬੈਠਾ। ਥੋੜ੍ਹੀ ਦੇਰ ਚੁਪਚਾਪ ਕਟਹਿਰ ਦੀ ਪੱਤੀ ਨਾਲ ਜ਼ਮੀਨ ਤੇ ਲਕੀਰਾਂ ਖਿਚਦਾ ਰਿਹਾ।

"ਜੋ ਹੋ ਗਿਆ ਸੋ ਹੋ ਗਿਆ। ਪਿਤਾ ਜੀ ਦੀ ਇਹ ਹਾਲਤ ਹੈ ਕਿ ਪਤਾ ਨਹੀਂ ਕਦ ਅੱਖਾਂ ਮੀਟ ਜਾਣ। ਹੁਣ ਤੇਰਾ ਕੀ ਬਣੇਗਾ ?"

ਮਾਤੁਕੁੱਟੀ ਨੇ ਕੋਈ ਜਵਾਬ ਨਹੀਂ ਦਿਤਾ। ਆਸਮਾਨ ਵੱਲ ਵੇਖਦਾ ਰਿਹਾ ਮਾਨੋ ਇਹ ਹੀ ਦੱਸ ਰਿਹਾ ਹੋਵੇ ਕਿ ਆਪਣਾ ਸਹਾਰਾ ਤਾਂ ਯਹੋਵਾ ਹੀ ਹੈ।

"ਹੁਣ ਤੱਕ ਤੂੰ ਲਾਪਰਵਾਹ ਹੋ ਕੇ ਆਪਣੀ ਇੱਛਾ ਅਨੁਸਾਰ ਚਲ ਸਕਦਾ

ਸੈਂ । ਬੇਟਾ ਜੋ ਕੁਝ ਭੇਜਦਾ ਦੀਨਾਮਾ ਉਸ ਨਾਲ ਗੁਜ਼ਾਰਾ ਕਰ ਲੈਂਦੀ ਸੀ । ਹੁਣ ਕੀ ਕਰੇਂਗਾ ?''

''ਕਰਨਾ ਕੀ ਹੈ ? ਜੋ ਹੋਣਾ ਹੈ ਸੋ ਹੋਣਾ ਹੀ ਹੈ ।''

''ਇਹ ਤਾਂ ਠੀਕ ਹੈ । ਤੂੰ ਅਜੇ ਵੀ ਜ਼ਿੰਮੇਵਾਰੀ ਨਹੀਂ ਸੰਭਾਲਣੀ ਚਾਹੁੰਦਾ ।''

''ਤਾਂ ਮੈਂ ਕੀ ਕਰਾਂ ? ਸਭ ਕਿਸਮਤ ਦਾ ਖੇਲ ਹੈ ।''

''ਹੁਣ ਕੋਈ ਕੰਮ ਕਰਨਾ ਪਏਗਾ ਤੈਨੂੰ ।''

''ਕੰਮ ਕਰਨ ਲਈ ਕੀ ਰੁਪਿਆ ਨਹੀਂ ਚਾਹੀਦਾ ?''

''ਰੁਪਏ ਦਾ ਇੰਤਜ਼ਾਮ ਕਿਧਰੋਂ ਕਰਨਾ ਹੀ ਪਏਗਾ । ਤੂੰ ਹੀ ਆਖਿਆ ਸੀ ਪਲਟਨ ਦੇ ਦਫਤਰੋਂ ਹਜ਼ਾਰ ਰੁਪਏ ਮਿਲਣਗੇ । ਉਨ੍ਹਾਂ ਨਾਲ ਕਿਸੇ ਕੋਲੋਂ ਕੁਝ ਉਧਾਰ ਲੈ ਕੇ ਨਾਕੇ ਤੇ ਦੁਕਾਨ ਖੋਲ੍ਹ ਲੈ ।''

''ਦੋ ਹਜ਼ਾਰ ਦਾ ਕਰਜ਼ਾ ਕੌਣ ਦੇਵੇਗਾ ? ਸਾਡੇ ਵਿਚੋਂ ਕੇਵਲ ਫਿਲਿਪਿਓਸ ਦੀ ਆਰਥਿਕ ਹਾਲਤ ਚੰਗੀ ਹੈ । ਕੀ ਉਹ ਦੇ ਦੇਵੇਗਾ ?''

'ਮੈਂ ਉਸ ਨੂੰ ਇਹ ਆਖਿਆ ਸੀ । ਪਰ ਉਹ ਟੱਸ ਤੋਂ ਮੱਸ ਨਹੀਂ ਹੁੰਦਾ । ਉਸ ਨੂੰ ਅਜੇ ਭਰਾ ਦਾ ਰਿਸ਼ਤਾ ਨਹੀਂ ਸੁਝਾ ।''

''ਇਹੀ ਤਾਂ ਮੈਂ ਕਹਿੰਦਾ ਹਾਂ ।''

''ਅੱਛਾ ! ਮੈਂ ਇਕ ਹਿਸੇਦਾਰ ਦਿਆਂਗਾ । ਕੀ ਤੂੰ ਜ਼ਿੰਮੇਵਾਰੀ ਨਾਲ ਸਾਰਾ ਕੰਮ ਸੰਭਾਲੇਂਗਾ ?''

''ਕੌਣ ?''

''ਸ਼ਿਵਰਾਮ ਕੁਰੁਪ । ਉਸ ਮੈਨੂੰ ਆਖਿਆ ਸੀ । ਉਹ ਵਪਾਰ ਦਾ ਢੰਗ ਜਾਣਦਾ ਹੈ । ਕਿੰਨੇ ਦਿਨਾਂ ਤੋਂ ਸ਼ਨਮਖਮਪਿਲੇ ਦੀ ਦੁਕਾਨ ਤੇ ਮੁਨੀਮੀ ਕਰਦਾ ਆ ਰਿਹਾ ਏ ਨਾ ?''

ਕੁਝ ਦੇਰ ਤਕ ਮਾਤੁਕੁੱਟੀ ਚੁਪ ਰਿਹਾ । ਪਰਚੂਨ ਦੀ ਸਲਾਹ ਚੰਗੀ ਹੈ । ਰਾਮਕ੍ਰਿਸ਼ਨ ਦੀ ਦੁਕਾਨ ਹੁਣ ਤਕਰੀਬਨ ਬੰਦ ਹੀ ਸਮਝੋ । ਇਸ ਮੁਹੱਲੇ ਵਿਚ ਹੋਰ ਕੋਈ ਪਰਚੂਨ ਦੀ ਦੁਕਾਨ ਨਹੀਂ । ਜੇ ਸੌਦਾ ਉਧਾਰ ਨਾ ਦਿੱਤਾ ਜਾਏ ਤਾਂ ਨਿਰਬਾਹ ਹੋ ਸਕੇਗਾ । ਪਰ......

''ਉਸ ਬੇਵਕੂਫ ਕੁਰੁਪ ਦੇ ਨਾਲ ਕੀ ਹਿੱਸੇਦਾਰੀ ਦੀ ਦੁਕਾਨ ਠੀਕ ਰਹੇਗੀ ? ਕੀ ਜਾਣੀਏ ।''

''ਓ, ਓ, ਉਹ ਹੋਵੇ ਪਿਆ ਬੇਵਕੂਫ । ਕਬਜ਼ਾ ਤਾਂ ਤੇਰਾ ਰਹੇਗਾ । ਇਸੇ ਵਿਚ ਹੁਸ਼ਿਆਰੀ ਹੈ ।''

ਦੋਵੇਂ ਭਰਾ ਥੋੜ੍ਹੀ ਦੇਰ ਚੁਪ ਰਹੇ । ਕੀਵਰੀਤ ਨੇ ਕਿਹਾ—

''ਕਲ ਉਸ ਨਾਲ ਮਿਲ ਕੇ ਇਕ ਵਾਰ ਫਿਰ ਗੱਲ ਕਰਾਂਗਾ । ਉਸ ਦੇ ਬਾਅਦ ਫੈਸਲਾ ਕਰਾਂਗੇ । ਹੁਣ ਉਸ ਲੜਕੀ ਦਾ ਕੀ ਹੋਵੇਗਾ ?''

''ਲੜਕੀ ਦੀ ਗੱਲ ।''

"ਕੀ ਉਸ ਦੀ ਮਾਂ ਨੇ ਕੁਝ ਆਖਿਆ ।"

"ਕੀ ?"

"ਉਹ ਤਾਂ ਛੋਟੀ ਜਹੀ ਲੜਕੀ ਹੈ । ਉਸ ਨੂੰ ਇਥੇ ਰੋਕ ਰਖਣਾ ਠੀਕ ਨਹੀਂ ।"

ਮਾਤੁਕੁੱਤੀ ਕੁਝ ਨਹੀਂ ਬੋਲਿਆ—

"ਮੇਰੇ ਖਿਆਲ ਵਿਚ ਉਹ ਆਪਣੇ ਘਰ ਚਲੀ ਜਾਏ । ਅਸੀਂ ਤਾਂ ਲੁਟੇ ਗਏ । ਉਹ ਕਿਉਂ ਜ਼ਿੰਦਗੀ ਬਰਬਾਦ ਕਰੇ ।"

"ਮੈਂ ਆਪਣਾ ਫੈਸਲਾ ਕਰ ਚੁਕੀ ਹਾਂ ਬਾਬੂ ਜੀ ।"

"ਹੂੰ ।"

ਮੁੜ ਕੇ ਵੇਖਿਆ । ਸ਼ਾਂਤੰਮਾ ਖੂਹ ਦੇ ਬੰਨੇ ਉਤੇ ਨਿੰਬੂ ਦੇ ਪੌਦੇ ਕੋਲ ਸਿਰ ਝੁਕਾਈ ਖੜੀ ਸੀ । ਉਹ ਇਕ ਪੱਤੀ ਤੋੜ ਕੇ ਉਂਗਲੀਆਂ ਵਿਚ ਮਸਲ ਰਹੀ ਸੀ ।

"ਹੁਣ ਜ਼ਿੰਦਗੀ ਭਰ ਮੇਰੇ ਲਈ ਹੋਰ ਕੋਈ ਰਿਸ਼ਤਾ ਨਹੀਂ ਹੋ ਸਕਦਾ । ਨਾ ਹੀ ਦੂਜਾ ਘਰ ।"

"ਸੋਚ ਵਿਚਾਰ ਕੇ ਫੈਸਲਾ ਕਰਨਾ ਬੇਟੀ ।"

"ਅੱਛੀ ਤਰ੍ਹਾਂ ਸੋਚ ਕੇ ਹੀ ਮੈਂ ਤੇ ਕੀਤਾ ਹੈ ਪਿਤਾ ਜੀ ।"

ਉਸ ਨੇ ਉਸੇ ਸਮੇਂ ਸਿਰ ਚੁਕ ਕੇ ਨਿਰਸੰਕੋਚ ਦੋਹਾਂ ਨੂੰ ਵਾਰੀ ਵਾਰੀ ਵੇਖਿਆ । ਉਸ ਦੇ ਮੁਖ ਮੰਡਲ ਤੇ ਗੰਭੀਰ ਤੇਜ ਸੀ । ਇਹ ਨਿਰਣਾ—

"ਬੇਟੀ ਤੂੰ ਅੰਦਰ ਜਾ ।"

ਸ਼ਾਂਤੰਮਾ ਖੂਹ ਦੇ ਪਿਛਲੇ ਪਾਸਿਉਂ ਚੌਂਕੇ ਵਿਚ ਚਲੀ ਗਈ । ਅਚਾਨਕ ਹੀ ਫਿਲਿਪਿਓਸ ਸਾਈਕਲ ਤੇ ਆ ਨਿਕਲਿਆ । ਸਾਈਕਲ ਤੇਜ਼ ਚਲਾਉਣ ਕਾਰਨ ਪਸੀਨੇ ਨਾਲ ਤਰ ਹੋਇਆ ਹੋਇਆ ਸੀ ।

"ਕੀ ਤੈਲਅਭਿਸ਼ੇਕ ਹੋ ਗਿਆ ਹੈ ?"

"ਹਾਂ, ਤੂੰ ਕਿਥੇ ਸੀ ?"

"ਕਿਥੇ ਸਾਂ ? ਸੜਦੀ ਪੂਛਲ ਵਾਲੇ ਕੁੱਤੇ ਵਾਂਗ ਕਈ ਜਗ੍ਹਾ ਤੇ ਨੱਸਦਾ ਭੱਜਦਾ ਰਿਹਾ ਹਾਂ । ਗੱਡੀ ਵਰਕਸ਼ਾਪ ਵਿਚ ਹੈ । ਕੀ ਉਡ ਸਕਦਾ ਹਾਂ ?"

"ਓ, ਬਸ ਪੁਛਿਆ ਹੀ ਹੈ ਕਿ ਕਿਥੇ ਸੈਂ । ਵਿਗੜਨ ਕਿਉਂ ਲਗ ਪਿਆ ਹੈਂ ?"

"ਅੱਛਾ ਵਿਗੜਨ ਲਗ ਪਿਆ । ਪਿਤਾ ਜੀ ਦੀ ਤਬੀਅਤ ਕੈਸੀ ਹੈ ?"

"ਪਏ ਹਨ ।"

ਫਿਲਿਪਿਓਸ ਪਿਤਾ ਜੀ ਦੀ ਮੰਜੀ ਵੱਲ ਤੁਰ ਪਿਆ ।

ਕੀਵਰੀਤ ਨੇ ਬੁਲਾਇਆ—

"ਫਿਲਿਪਿਓਸ ।"

ਫਿਲਿਪਿਓਸ ਮੁੜ ਕੇ ਖੜਾ ਹੋ ਗਿਆ ।

"ਪਿਛਲੇ ਹਫਤੇ ਮੈਂ ਤੇਰੇ ਨਾਲ ਮਾਤੁਕੱਟੀ ਬਾਰੇ ਗੱਲ ਕੀਤੀ ਤਾਂ ਤੂੰ ਕੋਈ

ਜਵਾਬ ਨਹੀਂ ਸੀ ਦਿਤਾ। ਕਿਸੇ ਕੰਮ ਧੰਦੇ ਬਿਨਾਂ ਉਹ ਕਿਵੇਂ ਜ਼ਿੰਦਾ ਰਹਿ ਸਕੇਗਾ ?"

"ਕੀ ਜਾਣਾ। ਮੈਨੂੰ ਪੁਛੋ ਤਾਂ ਮੈਂ ਕੀ ਕਰ ਸਕਦਾ ਹਾਂ। ਤਿੰਨ ਹਜ਼ਾਰ ਦੀ ਗੱਲ ਹੈ। ਕੰਮ ਤਿੰਨ ਚੌਥਾਈ ਹੋ ਚੁਕਾ ਹੈ, ਪਰ ਅਜੇ ਤੱਕ ਦਮੜੀ ਨਹੀਂ ਮਿਲੀ। ਇਕ ਬੜਾ ਲਾਲਚੀ ਇੰਜੀਨੀਅਰ ਆਇਆ ਹੈ। ਰਿਸ਼ਵਤ ਦਿੱਤੇ ਬਗੈਰ ਉਹ ਬਿਲ ਪਾਸ ਨਹੀਂ ਕਰਨ ਲੱਗਾ। ਜਿਥੋਂ ਵੀ ਕਰਜ਼ਾ ਮਿਲਦਾ ਹੈ ਲੈ ਕੇ ਕੰਮ ਚਲਾ ਰਿਹਾ ਰਿਹਾ ਹਾਂ......"

"ਉਹ ਤਾਂ ਹੋਈ ਭਈਆ ਤੇਰੀ ਗੱਲ।"

"ਹਾਂ......ਮੇਰੀ ਗੱਲ।"

"ਠੀਕ ਹੈ। ਤੀ ਹਜ਼ਾਰ ਚਾਲ੍ਹੀ ਹਜ਼ਾਰ ਦਾ ਹਿਸਾਬ ਕੌਣ ਮੰਗਦਾ ਏ ? ਜੇ ਨਹੀ ਦੇਣਾ ਤਾਂ ਕਹਿ ਦੇ।"

"ਕਹਿ ਤਾਂ ਦਿਤਾ ਏ।"

"ਹਾਂ......ਗਲਤੀ ਕੀਵਰੀਤ ਭਈਆ ਦੀ ਹੀ ਹੈ। ਛੋਟੇ ਭਰਾ ਦੀ ਮਦਦ ਦਾ ਚੰਗਾ ਰਸਤਾ ਲਭਿਆ।"

ਫਿਲਿਪਿਓਸ ਕੋਈ ਜਵਾਬ ਦਿੱਤੇ ਬਗੈਰ ਕੁੰਏਨਾਚੰਨ ਦੀ ਚਾਰਪਾਈ ਕੋਲ ਚਲਾ ਗਿਆ। ਦੀਵਾ ਜਲ ਚੁਕਿਆ ਸੀ। ਮੰਜੀ ਦੇ ਕੋਲੋਂ ਸੰਧਿਆ ਕੀਰਤਨ ਦੀ ਇਕ ਉਚੀ ਜਹੀ ਆਵਾਜ਼ ਸੁਣਾਈ ਦਿੱਤੀ।

ਲਗਦਾ ਸੀ ਮੌਤ ਦਰਵਾਜ਼ਾ ਖੜਕਾ ਰਹੀ ਸੀ। ਫਿਰ ਵੀ ਕੁੰਏਨਾਚੰਨ ਦੇ ਸਵਾਸਥ ਵਿਚ, ਭਾਵੇਂ ਅਸਥਾਈ ਰੂਪ ਵਿਚ ਹੀ, ਕੁਝ ਸੁਧਾਰ ਹੋ ਗਿਆ। ਉਸ ਦਾ ਕਾਰਨ ਦਵਾ ਤੇ ਖ਼ੁਰਾਕ ਨਹੀਂ ਸੀ। ਵੱਡੀ ਗੱਲ ਸੀ ਸ਼ਾਤੰਮਾ ਦੀ ਸੇਵਾ। ਸ਼ਾਤੰਮਾ ਦੀ ਜ਼ਿੰਦਗੀ ਵਿਚ ਜੋ ਕਹਿਰ ਦੀ ਚੋਟ ਵੱਜੀ ਉਸ ਤੋਂ ਉਠਣਾ ਅਸੰਭਵ ਨਜ਼ਰ ਆਉਂਦਾ ਸੀ ਪਰ ਤਾਂ ਵੀ ਉਹ ਇਕ ਨਵੀਂ ਜੋਤੀ ਵਾਂਗ ਉਠ ਖੜੀ ਹੋਈ। ਇਹ ਉਸ ਲਈ ਇਕ ਨਵਾਂ ਜਨਮ ਸੀ। ਉਸ ਦੀ ਅੰਤਰ ਆਤਮਾ ਨੇ ਕਿਹਾ ਕਿ ਜੋ ਖੁੱਸ ਗਿਆ ਹੈ, ਉਹ ਤੁਛ ਹੈ, ਜੋ ਹਾਸਿਲ ਕਰਨਾ ਹੈ, ਉਹ ਬਹੁਤ ਮਹੱਤਵਪੂਰਣ ਹੈ। ਸ਼ਾਸਵਤ ਪ੍ਰੀਤਮ ਅਜੇ ਆਉਣ ਵਾਲਾ ਹੈ। ਤੇਲ ਭਰਿਆ ਦੀਪ ਲੈ ਕੇ ਉਸ ਦਾ ਰਾਹ ਦੇਖਣਾ ਹੈ। ਇਹ ਹੀ ਉਸ ਦੇ ਜੀਵਨ ਦੀ ਮੰਜ਼ਿਲ ਹੈ। ਈਸ਼ਵਰ ਨੇ ਕਿਹਾ ਹੈ ਕਿ ਸਵਰਗ ਵਿਚਲੇ ਪਤੀ ਦੇ ਸਵਾਗਤ ਵਿਚ ਹੱਥ ਵਿਚ ਦੀਪਕ ਲੈ ਕੇ ਦਸ ਕਵਾਰੀਆਂ ਕੰਨਿਆਵਾਂ ਜਾਂਦੀਆਂ ਹਨ। ਉਨ੍ਹਾਂ 'ਚੋਂ ਪੰਜ ਹੁਸ਼ਿਆਰ ਸਨ ਤੇ ਪੰਜ ਮੂਰਖ। ਮੂਰਖ ਕੰਨਿਆਵਾਂ ਨੇ ਹੱਥ ਵਿਚ ਦੀਪਕ ਲੈ ਲਿਆ ਪਰ ਹੋਰ ਵਾਧੂ ਤੇਲ ਨਹੀਂ ਲਿਆ। ਹੁਸ਼ਿਆਰ ਕੰਨਿਆਵਾਂ ਨੇ ਇਕ ਹੱਥ ਵਿਚ ਦੀਪਕ ਤੇ ਦੂਜੇ ਹੱਥ ਵਿਚ ਤੇਲ ਦਾ ਡੱਬਾ ਲੈ ਲਿਆ। ਜਦ ਦੂਲ੍ਹੇ ਦੇ ਆਉਣ ਵਿਚ ਦੇਰ ਹੋਣ ਲਗੀ ਤਾਂ ਸਭ ਨੂੰ ਨੀਂਦ ਆਉਣ ਲਗੀ। ਦੂਲ੍ਹਾ ਅੱਧੀ ਰਾਤ ਵੇਲੇ ਪੁਜਾ। ਸ਼ੋਰ ਮੱਚਿਆ ਕਿ ਸਵਾਗਤ ਕਰਨ ਚਲੋ। ਇਹ ਸੁਣ ਸਭ ਨੇ ਉਠ ਕੇ ਦੀਵਾ ਤੇਜ਼ ਕੀਤਾ। ਇਸ ਤੇ ਮੂਰਖ ਕੰਨਿਆਵਾਂ ਨੇ ਹੁਸ਼ਿਆਰ ਕੰਨਿਆਵਾਂ ਨੂੰ ਆਖਿਆ—ਸਾਡੇ ਦੀਪਕ ਬੁਝ ਰਹੇ ਹਨ, ਸੋ ਆਪਣੇ ਤੇਲ 'ਚੋਂ ਥੋੜ੍ਹਾ

ਜਿਹਾ ਤੇਲ ਸਾਨੂੰ ਦੇ ਦਿਓ। ਪਰ ਹੁਸ਼ਿਆਰ ਕੰਨਿਆਵਾਂ ਕਹਿਣ ਲੱਗੀਆਂ—ਕਿਧਰੇ ਇਹ ਨਾ ਹੋਵੇ ਕਿ ਦੋਹਾਂ ਦਾ ਹੀ ਤੇਲ ਘਟ ਜਾਏ। ਇਸ ਲਈ ਤੁਸੀਂ ਜਾ ਕੇ ਦੁਕਾਨਦਾਰ ਕੋਲੋਂ ਤੇਲ ਲੈ ਆਓ। ਉਹ ਤੇਲ ਖਰੀਦਣ ਗਈਆਂ ਤਾਂ ਦੂਲ੍ਹਾ ਆ ਗਿਆ। ਜੋ ਤਿਆਰ ਸਨ ਉਹ ਉਸ ਨਾਲ ਸ਼ਾਦੀ ਦੀ ਦਾਅਵਤ ਵਿਚ ਸ਼ਾਮਿਲ ਹੋ ਗਈਆਂ। ਦਰਵਾਜ਼ਾ ਬੰਦ ਹੋ ਗਿਆ। ਬਾਅਦ ਵਿਚ ਦੂਜੀਆਂ ਕੰਨਿਆਵਾਂ ਆਈਆਂ, ਕਹਿਣ ਲੱਗੀਆਂ--"ਪ੍ਰਭੂ ਸਾਡੇ ਲਈ ਦਰਵਾਜ਼ਾ ਖੋਹਲੋ।" ਉਸ ਅੱਗੋਂ ਜਵਾਬ ਦਿੱਤਾ ਕਿ ਮੈਂ ਤੁਹਾਨੂੰ ਜਾਣਦਾ ਹੀ ਨਹੀਂ। ਸ਼ਾਤੰਮਾ ਦੀਪਕ ਅਤੇ ਤੇਲ ਦੇ ਡੱਬੇ ਵਾਲੀ ਕੰਨਿਆ ਬਣ ਗਈ। ਖੁਦ ਪ੍ਰਭੂ ਦਾ ਇੰਤਜ਼ਾਰ ਕਰਦੀ। ਦੂਜਿਆਂ ਨੂੰ ਇੰਤਜ਼ਾਰ ਦਾ ਉਪਦੇਸ਼ ਵੀ ਦਿੰਦੀ ਰਹੀ। ਉਪਦੇਸ਼ ਸੁਣਨ ਸੁਣਾਨ ਲਈ ਆਲੇ ਦੁਆਲੇ ਦੇ ਪਿੰਡਾਂ ਵਿਚ ਜਾਂਦੀ। ਬਹੁਤ ਸਵੇਰੇ ਜਾਗਦੀ। ਕੁੰਏਨਾਚੰਨ ਦੀ ਮੰਜੀ ਦੇ ਕੋਲ ਬੈਠ ਕੇ ਪ੍ਰਾਰਥਨਾ ਦੇ ਗੀਤ ਗਾਉਂਦੀ। ਸ਼ਾਤੰਮਾ ਦਾ ਗੀਤ ਸੁਣ ਕੇ ਪਨਚੀਮੁਟ ਪਿੰਡ ਜਾਗ ਪੈਂਦਾ।

ਪ੍ਰਾਰਥਨਾ ਦੇ ਬਾਅਦ ਉਹ ਘਰ ਦਾ ਸਭ ਕੰਮ ਕਰਦੀ। ਕੁੰਏਨਾਚੰਨ ਨੂੰ ਦਵਾ, ਕਾਫੀ ਵਗੈਰਾ ਦਿੰਦੀ। ਇਸ ਦੇ ਬਅਦ ਸਭਿਆਚਾਰ ਦੇ ਪ੍ਰਚਾਰ ਦਾ ਕੰਮ ਕਰਨ ਪਿੰਡਾਂ ਵਿਚ ਚਲੀ ਜਾਂਦੀ। ਵਾਪਸ ਆਉਣ ਤਕ ਕਈ ਵਾਰ ਦੁਪਹਿਰ ਹੋ ਜਾਂਦੀ। ਦੀਨਾਮਾ ਨੂੰ ਕੇਵਲ ਇਕ ਵਾਰ ਦਾ ਖਾਣਾ ਤਿਆਰ ਕਰਨ ਦਾ ਕੰਮ ਕਰਨਾ ਪੈਂਦਾ ਸੀ। ਸ਼ਾਤੰਮਾ ਪਿੰਡ ਤੋਂ ਆ ਕੇ ਬਾਕੀ ਕੰਮ ਦੀ ਜ਼ਿੰਮੇਵਾਰੀ ਖੁਦ ਸੰਭਾਲ ਲੈਂਦੀ।......

ਕੁੰਏਨਾਚੰਨ ਦੀ ਤਬੀਅਤ ਜੋ ਇਸ ਵਾਰ ਸੁਧਰੀ ਸੀ ਉਹ ਕੇਵਲ ਕੁਝ ਸਮੇਂ ਦੀ ਹੀ ਗੱਲ ਸੀ। ਦੀਵੇ ਵਿਚੋਂ ਤੇਲ ਖਤਮ ਹੋ ਰਿਹਾ ਸੀ, ਆਖਰੀ ਲੌ ਜਗ ਰਹੀ ਸੀ। ਦਵਾਈ ਕੁਝ ਦਿਨ ਹੋਰ ਖਾਂਦੇ ਰਹੇ ਤਾਂ ਪੇਟ ਖਰਾਬ ਹੋ ਗਿਆ। ਹਾਜਮਾ ਠੀਕ ਨਹੀਂ ਰਿਹਾ। ਕਮਜ਼ੋਰੀ ਵਧ ਗਈ। ਉਠ ਕੇ ਖਲੋਂਦੇ ਤਾਂ ਚੱਕਰ ਆ ਜਾਂਦਾ। ਵਿਚ ਵਿਚ ਬੇਹੋਸ਼ੀ ਵੀ ਹੋ ਜਾਂਦੀ। ਬੋਲਣ ਕਰਨ ਲੱਗ ਪੈਂਦੇ। ਗੱਲ ਕਿਸੇ ਨਾਲ ਕਰਦੇ ਤਾਂ ਉਸ ਨੂੰ ਕੋਈ ਹੋਰ ਹੀ ਸਮਝ ਲੈਂਦੇ।...ਛੋਟੇ ਬੱਚਿਆਂ ਵਾਂਗ ਹਠ ਕਰਦੇ।

ਹੁਣ ਕੇਵਲ ਸ਼ਾਤੰਮਾ ਦੀ ਸੇਵਾ ਹੀ ਕੁੰਏਨਾਚੰਨ ਦਾ ਇਕ ਸਹਾਰਾ ਰਹਿ ਗਈ ਸੀ। ਹਰ ਤੀਜੇ ਦਿਨ ਪਾਣੀ ਗਰਮ ਕਰਕੇ ਤੇਲ ਦੀ ਮਾਲਿਸ਼ ਕਰਕੇ ਅਸ਼ਨਾਨ ਕਰਾਉਂਦੀ। ਸਵੇਰੇ ਠੰਡ ਵੇਲੇ ਅੰਗੀਠੀ ਲਗਾਉਂਦੀ। ਰਾਤ ਨੂੰ ਤਿੰਨ ਚਾਰ ਵਾਰ ਗਰਮ ਕਾਫੀ ਪਿਆਉਂਦੀ।

ਦਿਲ ਜਦ ਚੰਗਾ ਹੁੰਦਾ ਤਾਂ ਕੁੰਏਨਾਚੰਨ ਆਖਦੇ—"ਕਿਸ ਨੇ ਸੋਚਿਆ ਸੀ ਕਿ ਆਖਰੀ ਦਿਨਾਂ ਵਿਚ ਮੇਰਾ ਸਹਾਰਾ ਇਕੱਲੀ ਤੂੰ ਹੀ ਹੋਵੇਂਗੀ। ਤੈਨੂੰ ਦੇਣ ਲਈ ਮੇਰੇ ਕੋਲ ਕੁਝ ਵੀ ਨਹੀਂ।"

"ਇਸ ਤਰ੍ਹਾਂ ਕਹਿਣ ਨਾਲ ਕੰਮ ਨਹੀਂ ਚਲਣ ਲੱਗਾ ਦਾਦਾ ਜੀ।"

"ਮੇਰੇ ਕੋਲ ਕੀ ਹੈ, ਬੇਟੀ।"

"ਆਸ਼ੀਰਵਾਦ।"

''ਆਸ਼ੀਰਵਾਦ ? ਮੇਰੇ ਆਸ਼ੀਰਵਾਦ ਨਾਲ ਕੀ ਬਣੇਗਾ ? ਮੇਰੇ ਆਸ਼ੀਰਵਾਦ ਦੇ ਬਾਵਜੂਦ ਮਾਲਕ ਨੇ ਤੇਰੀ ਮਿੱਟੀ ਦੀ ਝੌਂਪੜੀ ਦਾ ਸਤਿਆਨਾਸ ਕਰ ਦਿੱਤਾ। 'ਕਲ ਨਿਕਲਾਂਗੇ' ਵਾਲਾ ਪੱਤਰ ਹੱਥ ਵਿਚ ਰਖੀਂ......''

''ਬਸ ਦਾਦਾ ਜੀ। ਇਸ ਤਰ੍ਹਾਂ ਨਾ ਆਖੋ, ਈਸ਼ਵਰ ਦੇ ਰਾਹ ਕੋਈ ਨਹੀਂ ਜਾਣਦਾ। ਕਿਸ ਨੇ ਸੋਚਿਆ ਸੀ ਕਿ ਮੈਂ ਦਾਦਾ ਜੀ ਦੀ ਬਹੂ ਬਣਾਂਗੀ। ਸ਼ਾਦੀ ਦਾ ਫੈਸਲਾ ਬਦਲਣ ਦੀ ਗੱਲ ਤੇ ਦਾਦਾ ਜੀ ਹੀ ਚਿਠੀ ਲਿਖਵਾਉਣ ਲਗੇ ਸਨ ਨਾ ?''

''ਹਾਂ।''

''ਤਾਂ ਇਹ ਸਭ ਪ੍ਰਭੂ ਦੀ ਇੱਛਾ ਏ। ਉਸ ਦੇ ਪਵਿੱਤਰ ਨਾਂ ਦੀ ਜੈ ਹੋਵੇ।''

ਸੌੜੀ ਪੱਗਡੰਡੀ ਤੇ ਸ਼ਾਤੰਮਾ ਅਦ੍ਰਿਸ਼ ਤੇ ਅਗਿਆਤ ਰੱਬੀ ਸੰਕੇਤ ਦੀ ਤਲਾਸ਼ ਵਿਚ ਜਾ ਰਹੀ ਸੀ। ਜਦ ਕਦੀ ਕਿਸੇ ਮਦਦ ਦੀ ਲੋੜ ਪੈਂਦੀ ਤਾਂ ਬੇਬੀ ਹੀ ਮਦਦ ਕਰਦਾ। ਫ਼ੌਜ ਦੇ ਦਫਤਰ ਨਾਲ ਲਿਖਾ ਪੜ੍ਹੀ ਕਰਨੀ, ਸ਼ਹਿਰੋਂ ਜ਼ਰੂਰੀ ਚੀਜ਼ਾਂ ਲਿਆ ਦੇਣੀਆਂ, ਪੁੱਤਨਾਟੁੱਕਰਾ ਜਾ ਕੇ ਸ਼ਾਤੰਮਾ ਦੀ ਮਾਂ ਦੀ ਸੁਖਸਾਂਦ ਪੁਛਣੀ ਸਭ ਕੁਝ ਬੇਬੀ ਹੀ ਕਰਜਾ ਸੀ। ਰਾਜਨ ਦੀ ਮੌਤ ਦੇ ਬਾਅਦ ਬੇਬੀ ਘਟ ਬੋਲਣ ਲੱਗ ਪਿਆ ਸੀ, ਗੰਭੀਰ ਹੋ ਗਿਆ ਸੀ। ਸ਼ਾਤੰਮਾ ਨੂੰ ਕਈ ਵਾਰ ਯਾਦ ਆਉਂਦਾ ਕਿ ਸ਼ਾਦੀ ਦੇ ਬਾਅਦ ਰਾਜਨ ਦੇ ਵਾਪਸ ਆਉਣ ਤੱਕ ਦੋਵੇਂ ਕਈ ਮਜ਼ੇਦਾਰ ਗੱਲਾਂ ਕਰਦੇ ਤੇ ਹੱਸਦੇ ਹੁੰਦੇ ਸਨ।''

ਬੇਬੀ ਹੁਣ ਲੀਲਾਮਾ ਨੂੰ ਲੈ ਕੇ ਅਲੱਗ ਕਿਰਾਏ ਦੇ ਮਕਾਨ ਵਿਚ ਰਹਿੰਦਾ ਸੀ। ਮਾਂ, ਦੋ ਛੋਟੀਆਂ ਭੈਣਾਂ, ਲੀਲਾਮਾ ਤੇ ਇਕ ਦੋ ਮਹੀਨੇ ਦਾ ਬੱਚਾ......ਇਹ ਹੀ ਸਨ ਉਸ ਪਰਿਵਾਰ ਦੇ ਕੁਲ ਮੈਂਬਰ। ਆਮਦਨੀ ਤਾਂ ਕੇਵਲ ਤਨਖਾਹ ਦੀ ਹੀ ਸੀ। ਪਰਿਵਾਰ ਦੇ ਝੰਜਟ ਤੇ ਪਿਆਰੇ ਮਿਤਰ ਦੀ ਬੇਵਕਤੀ ਮੌਤ ਨੇ ਹਸਮੁਖ ਦਿਲ ਨੂੰ ਬੁਰੀ ਤਰ੍ਹਾਂ ਜ਼ਖਮੀ ਕਰ ਦਿੱਤਾ ਸੀ।

ਇਕ ਦਿਨ ਦੀ ਗੱਲ ਹੈ। ਸ਼ਾਤੰਮਾ ਚਾਰ ਪੰਜ ਮੀਲ ਦੀ ਦੂਰੀ ਦੀ ਕਨਵੈਨਸ਼ਨ ਦੇ ਬਾਅਦ ਘਰ ਮੁੜੀ ਤਾਂ ਵੇਖਿਆ ਘਰ ਚੌਂਕੇ ਵਿਚ ਲੀਲਾਮਾ ਬੱਚੇ ਨੂੰ ਗੋਦ ਵਿਚ ਲਈ ਬੈਠੀ ਹੈ। ਦੀਨਾਮਾ ਵੀ ਕੋਲ ਹੀ ਹੈ। ਆਉਂਦਿਆਂ ਹੀ ਉਸ ਬੱਚੇ ਵਾਸਤੇ ਹੱਥ ਅੱਗੇ ਕੀਤੇ।

ਦੋਹਾਂ ਦੇ ਚਿਹਰੇ ਵੱਲ ਧਿਆਨ ਨਹੀਂ ਸੀ ਦਿੱਤਾ। ਹੱਥ ਵਧਾਉਂਦੀ ਹੋਈ ਬੋਲੀ—

''ਲੀਲਾ ਚਾਚੀ ਕਈ ਦਿਨਾਂ ਤੋਂ ਨਹੀਂ ਵੇਖੀ, ਬੇਬੀ ਭਈਆ ਪੈਨਸ਼ਨ ਦੇ ਕਾਗਜ਼ ਭਰਵਾ ਕੇ ਲੈ ਗਏ ਸਨ, ਇਕ ਹਫ਼ਤਾ ਹੋ ਗਿਆ ਹੈ।''

''ਬੇਬੀ ਭਈਆ ਨੂੰ ਦੇਖੇ ਬਗੈਰ ਨੀਂਦ ਨਹੀਂ ਆਉਂਦੀ ਤਾਂ ਬੁਲਾ ਕੇ ਇਥੇ ਹੀ ਵਸਾ ਲੈ ਆਪਣੇ ਕੋਲ।''

ਦੀਨਾਮਾ ਨੇ ਉਚੀ ਬੋਲ ਕੇ ਕਿਹਾ—''ਲੀਲਾਮਾ ਬਦਤਮੀਜ਼ੀ ਦੀਆਂ ਗੱਲਾਂ ਨਾ ਕਰ। ਕਿਸੇ ਨਾਲਾਇਕ ਦੀ ਮਨਘੜਤ ਗੱਲ ਹੈ। ਮੈਂ ਤੈਨੂੰ ਦੱਸਿਆ

ਨਹੀਂ ?''

''ਵਾਹ । ਜੋ ਕਰਦੇ ਨੇ ਉਹ ਕਿਥੇ ਦੀ ਸ਼ਰਾਫਤ ਹੈ ?''

ਸ਼ਾਤੰਮਾ ਨੇ ਪੁਛਿਆ—

''ਬੇਇਜ਼ਤੀ ਦਾ ਕਿਹੜਾ ਕੰਮ ਕੀਤਾ ਹੈ ?''

''ਕੀ ਮੈਨੂੰ ਦੱਸਣਾ ਪਏਗਾ ?''

''ਦੱਸੇ ਬਗੈਰ ਪਤਾ ਕਿਵੇਂ ਲਗੇ ?''

ਦੀਨਾਮਾ ਨੇ ਉਤਾਵਲੀ ਹੋ ਕੇ ਆਖਿਆ—

''ਚੁਪ ਰਹੋ । ਆਖਿਆ ਹੈ ਨਾ । ਜਾ ਲੀਲਾਮਾ । ਹੋਰ ਤਾਂ ਹੋਰ ਜ਼ਰਾ ਸੋਚ ਪਿਤਾ ਜੀ ਅੰਦਰ ਬਿਮਾਰ ਪਏ ਨੇ । ਉਹ ਮਨ ਵਿਚ ਬਹੁਤ ਦੁਖ ਸਹਿ ਰਹੀ ਹੈ ।''

''ਕੀ ਇਹ ਸਭ ਗੱਲਾਂ ਮੈਨੂੰ ਹੀ ਯਾਦ ਰਖਣ ਦੀ ਲੋੜ ਹੈ ?''

''ਸਭ ਨੂੰ ਯਾਦ ਰਖਣੀਆਂ ਚਾਹੀਦੀਆਂ ਨੇ । ਲੀਲਾਮਾ ਜਾ । ਮੈਂ ਤੇਰੀ ਚਾਚੀ ਹਾਂ ਨਾ ? ਮੇਰੀ ਗੱਲ ਮੰਨ ।''

ਸ਼ਾਤੰਮਾ ਨੂੰ ਗੱਲ ਦਾ ਪੂਰਾ ਪਤਾ ਤੇ ਨਹੀਂ ਪਰ ਉਸ ਨੂੰ ਕੁਝ ਅੰਦਾਜ਼ਾ ਹੋ ਗਿਆ ਹੈ । ਉਸ ਦੀਨਾਮਾ ਵਲ ਵੇਖ ਕੇ ਕਿਹਾ—

''ਚਾਚੀ ਤੁਸੀਂ ਕਿਉਂ ਘਬਰਾਂਦੇ ਹੋ ? ਮੈਂ ਵੀ ਸੁਣ ਤਾਂ ਲਵਾਂ ਉਹ ਕੀ ਕਹਿਣਾ ਚਾਹੁੰਦੀ ਹੈ ?''

ਲੀਲਾਮਾ ਜਿੱਤ ਦੀ ਸੁਰ ਵਿਚ ਬੋਲੀ—

''ਵੇਖਿਆ ? ਉਸ ਨੂੰ ਉਕਾ ਘਬਰਾਹਟ ਨਹੀਂ । ਸੁਣਿਆ ਦੀਨਾ ਚਾਚੀ ? ਸੁਣੀ ਸੁਣਾਈ ਗੱਲ ਨਹੀਂ ਵੇਖਿਆ ?''

''ਕੀ ਵੇਖਿਆ ਹੈ, ਪੁਛਨੀ ਆਂ ।''

''ਉਹ ਅੱਜਕਲ ਨਾ ਖਾਂਦੇ ਨੇ, ਨਾ ਸੌਂਦੇ ਨੇ । ਮੈਨੂੰ ਫੁੱਟੀ ਅੱਖ ਨਾਲ ਵੀ ਨਹੀਂ ਵੇਖਦੇ ।''

''ਤਾਂ ਫਿਰ ਇਸ ਲਈ ਇਹ ਵਿਚਾਰੀ ਕੀ ਕਰੇ ?''

''ਓਹ । ਇਹ ਲੋੜ ਮਹਿਸੂਸ ਹੋਵੇ ਤਾਂ ਇਕ ਵਾਰ ਫਿਰ ਸ਼ਾਦੀ ਕਰ ਲਏ । ਧਰਮਸ਼ਾਸਤ੍ਰ ਹੱਥ ਵਿਚ ਲੈ ਕੇ ਪੂਰੇ ਮੁਲਕ ਵਿਚ ਬਣ-ਠਣ ਕੇ ਚਲਣਾ ਕੀ ਕਾਫ਼ੀ ਨਹੀਂ ? ਹੋਰਨਾਂ ਨੂੰ ਕਿਉਂ ਤੰਗ ਕਰਨੀ ਏਂ ?''

ਦੀਨਾਮਾ ਰਹਿ ਨਾ ਸਕੀ ।

''ਨੀ ਕੁਲੱਛਣੀਏ । ਫਾਲਤੂ ਬਕੇ ਬਗੈਰ ਮੇਰੇ ਘਰ 'ਚੋਂ ਨਿਕਲ ਜਾ ।''

''ਤੂੰ ਹੀ ਸਿਖਾਇਆ ਹੋਵੇਗਾ ।''

ਦੀਨਾਮਾ ਲਪਕ ਕੇ ਉਠੀ ਤੇ ਬੋਲੀ—

''ਝਾੜੂ ਕਿਥੇ ਹੈ ? ਇਸ ਅਕਲ ਦੀ ਮਾਰੀ ਨੂੰ ਝਾੜੂ ਮਾਰ-ਮਾਰ ਕੇ ਕੱਢਾਂ ।''

ਸ਼ਾਤੰਮਾ ਨੇ ਦੀਨਾਮਾ ਦਾ ਹੱਥ ਪਕੜ ਕੇ ਆਖਿਆ—

''ਨਹੀਂ ਚਾਚੀ । ਕੁਝ ਨਾ ਕਹੋ । ਕੁਝ......''

''ਓਹ ਕੀ ? ਜਾਨਣਾ ਹੀ ਚਾਹੀਦਾ ਹੈ ਨਾ ਕਿ ਕਿਸ ਮਾਂ ਦੀ ਧੀ ਏ ?''

ਕੰਦੇਨਾਚੰਨ ਨੇ ਆਵਾਜ਼ ਦਿਤੀ—"ਕੀ ਹੋ ਗਿਆ ਹੈ ਬੇਟੀ ? ...ਝੂੰ...... ਕੀ ਹੈ ?"

"ਕੁਝ ਨਹੀਂ ਬਾਬੂ ਜੀ, ਕੁਝ ਨਹੀਂ ।"

"ਬੋਲੋ ਨੀ, ਕੀ ਏ ?"

"ਆਖਿਆ ਏ ਨਾ ਕੁਝ ਨਹੀਂ ।"

ਲੀਲਾਮਾ ਬੁੜਬੁੜ ਕਰਦੀ ਚਲੀ ਗਈ । ਵਿਹੜੇ ਵਲ ਵੇਖਿਆ ਤਾਂ ਵਾੜੇ ਦੇ ਕੋਲ ਗਵਾਂਢ ਦੀਆਂ ਔਰਤਾਂ ਖੜੀਆਂ ਸਨ । ਸ਼ਾਤੰਮਾ ਕੰਦੇਨਾਚੰਨ ਦੇ ਕੋਲ ਗਈ । ਧਰਮ ਸ਼ਾਸਤਰ ਛਾਤੀ ਦੇ ਨਾਲ ਲਾਈ ਕੁਝ ਦੇਰ ਉਨ੍ਹਾਂ ਦੀ ਪਵਾਂਦੀ ਵਲ ਝੁਕ ਕੇ ਖਲੋਤੀ ਰਹੀ । ਮੂੰਹ ਉਪਰ ਚੁਕ ਕੇ ਦੁਪੱਟੇ ਦੇ ਪੱਲੇ ਨਾਲ ਪੂੰਝਿਆ । ਉਧਰ ਕੰਦੇਨਾਚੰਨ ਬਰਾਬਰ ਪੁਛੀ ਜਾ ਰਹੇ ਸਨ......" ਕੌਣ ਆਇਆ ਸੀ ? ਗੱਲ ਦੱਸ ਨਾ ।"

ਸ਼ਾਤੰਮਾ ਨੇ ਆਖਿਆ—

"ਧਰਮ ਪੋਥੀ ਪੜ੍ਹਾਂ ਦਾਦਾ ਜੀ । 27 ਵਾਲਾ ਨੀਤੀ ਵਚਨ......ਯਹੋਵਾ ਨਿਆਇ ਸੁਣ । ਮੇਰੀ ਚਿੱਲਾਹਟ ਸੁਣ । ਨਿਸ਼ਕਪਟ ਹੋਠਾਂ 'ਚੋਂ ਨਿਕਲੀ ਮੇਰੀ ਪ੍ਰਾਰਥਨਾ ਸੁਣ ।.........ਸ਼ਾਤੰਮਾ ਨੂੰ ਪੜ੍ਹਦਿਆਂ ਸੁਣ ਕੇ ਸੁੰਞੇਪਨ ਵਿਚ ਅੱਖੀਆਂ ਨਾਲ ਅਣੋ ਸੰਕੇਤ ਲਭਦੇ ਕੰਦੇਨਾਚੰਨ ਲੇਟੇ ਰਹੇ..,...।

ਦੂਜੇ ਦਿਨ ਸ਼ਾਮ ਨੂੰ ਬੇਬੀ ਆਇਆ । ਦੋ ਮੀਲ ਦੂਰ ਰਾਜਨ ਦੀ ਕੰਪਨੀ ਦਾ ਇਕ ਸਿਪਾਹੀ ਛੁਟੀ ਤੇ ਆਇਆ ਸੀ । ਪੈਨਸ਼ਨ ਬਾਰੇ ਪੁਛਣ ਆਇਆ ਸੀ ।

ਸਾਰੀਆਂ ਗੱਲਾਂ ਸਮਝਣ ਦੇ ਬਾਅਦ ਕਿਹਾ—

"ਕੋਲੰਮ ਦੇ ਡਿਸਟ੍ਰਿਕਟ ਸੋਲਜਰਜ ਬੋਰਡ ਤੋਂ ਇਕ ਸਰਟੀਫਿਕੇਟ ਲੈਣਾ ਹੈ । ਕਲ ਦੁਪਹਿਰ ਦੇ ਬਾਅਦ ਜਾਵਾਂਗਾ ।"

"ਨਹੀਂ ਜਾਣਾ, ਬੇਬੀ ਭਈਆ ।"

"ਹੂੰ ।"

"ਪੈਨਸ਼ਨ ਨਹੀਂ ਮਿਲਦੀ ਤਾਂ ਜਾਣ ਦਿਉ । ਜੇ ਚਾਹੁੰਦੇ ਹੋ ਕਿ ਦੋਸਤ ਦੀ ਪਤਨੀ ਖੁਸ਼ ਰਹੇ ਤਾਂ ਇਸ ਤੋਂ ਬਾਅਦ......"

"ਇਸ ਤੋਂ ਬਾਅਦ ?"

"ਬੇਬੀ ਭਈਆ ਮੇਰਾ ਹਾਲ ਚਾਲ ਪੁਛਣ ਇਥੇ ਨਾ ਆਇਆ ਕਰੋ ।"

ਇਸ ਦੇ ਬਾਅਦ ਸ਼ਾਤੰਮਾ ਉਥੇ ਖੜੀ ਨਾ ਰਹਿ ਸਕੀ । ਬੇਬੀ ਦੇ ਚਿਹਰੇ ਵਲ ਵੇਖਣ ਦੀ ਉਸ ਵਿਚ ਤਾਕਤ ਨਹੀਂ ਸੀ ਰਹੀ । ਉਹ ਕਮਰੇ ਦੇ ਅੰਦਰ ਜਾ ਕੇ ਮੰਜੀ ਉਤੇ ਡਿਗ ਪਈ ਤੇ ਸਿਸਕ ਸਿਸਕ ਕੇ ਰੋਣ ਲੱਗ ਪਈ ।

## ਬਾਰ੍ਹਾਂ

ਪਨੱਚਿਮੂਟ ਪਿੰਡ ਵਿਚ ਰਾਮਕ੍ਰਿਸ਼ਨਨ ਦੀ ਦੁਕਾਨ ਦੇ ਸਾਹਮਣੇ ਹੀ ਮਾਤੁਕੁੱਟੀ ਦੀ ਪਰਚੂਨ ਦੀ ਦੁਕਾਨ ਖੁਲ੍ਹ ਗਈ। ਅੱਧੋ ਅੱਧ ਦੇ ਹਿੱਸੇ ਵਿਚ ਸ਼ਿਵਰਾਮ ਕੁਰੁਪ ਨੇ ਦੋ ਹਜ਼ਾਰ ਰੁਪਏ ਪਾਏ। ਮਾਤੁਕੁੱਟੀ ਕੋਲ ਰਾਜਨ ਦੀ ਤਨਖਾਹ ਦੇ ਬਕਾਏ ਤੇ ਪ੍ਰਾਵੀਡੈਂਟ ਫੰਡ 'ਚੋਂ ਮਿਲੇ ਇਕ ਹਜ਼ਾਰ ਰੁਪੈ ਜਮ੍ਹਾਂ ਸਨ। ਐਨ ਵਕਤ ਤੇ ਫਿਲਿਪਿਓਸ ਨੇ ਇਕ ਹਜ਼ਾਰ ਰੁਪਏ ਦੇ ਦਿੱਤੇ। ਕੁਲ ਚਾਰ ਹਜ਼ਾਰ ਰੁਪੈ ਦੀ ਰਾਸ ਲੱਗੀ। ਕਾਯੰਕੁਲਮ ਦੇ ਉਣੁੱਣੀ ਦੀ ਥੋਕ ਦੀ ਦੁਕਾਨ ਤੋਂ ਕੁਝ ਸਾਮਾਨ ਹੁਦਾਰ ਮਿਲ ਗਿਆ। ਕੁਲ ਮਿਲਾ ਕੇ ਇਕ ਚੰਗੀ ਦੁਕਾਨ ਬਣ ਗਈ। ਰਾਮਕ੍ਰਿਸ਼ਨਨ ਦੀ ਦੁਕਾਨ ਦਾ ਇਕ ਪੁਰਾਣਾ ਨੌਕਰ ਵਿਕਰੀ ਵਿਚ ਸਹਾਇਕ ਦੇ ਰੂਪ ਵਿਚ ਰਖ ਲਿਆ। ਮੁਹੱਲੇ ਵਿਚ ਹੋਰ ਕੋਈ ਦੁਕਾਨ ਨਹੀਂ ਸੀ। ਮਾਤੁਕੁੱਟੀ ਤੇ ਲੋਕਾਂ ਨੂੰ ਭਰੋਸਾ ਵੀ ਸੀ। ਇਸ ਲਈ ਅੱਛੀ ਵਿਕਰੀ ਸ਼ੁਰੂ ਹੋ ਗਈ।

ਮੇਜਪੋਸ਼ ਵਿਛੇ ਹੋਏ ਮੇਜ ਦੇ ਪਿਛੇ ਮਾਤੁਕੁੱਟੀ ਮਾਲਕ ਬਣ ਕੇ ਬੈਠਦਾ ਹੈ। ਉਹ ਬਿਲ ਦੇ ਪੈਸੇ ਗਾਹਕਾਂ ਕੋਲੋਂ ਲੈ ਕੇ ਗੱਲੇ ਵਿਚ ਰਖ ਲੈਂਦਾ ਹੈ। ਹਿਸਾਬ ਕਿਤਾਬ ਤੇ ਮਾਲ ਦੀ ਖਰੀਦ ਦਾ ਕੰਮ ਸ਼ਿਵਰਾਮ ਕੁਰੁਪ ਕਰਦਾ ਹੈ। ਹਰ ਪੱਖੋਂ ਮੇਲੋਝੱਤੂ ਵਾਲਿਆਂ ਦੀ ਦੁਕਾਨ ਮੁਹੱਲੇ ਦੀ ਚਰਚਾ ਦਾ ਵਿਸ਼ਾ ਬਣ ਗਈ ਹੈ।

ਵਪਾਰ ਸ਼ੁਰੂ ਕਰਨ ਤੇ ਮਾਤੁਕੁੱਟੀ ਦਾ ਆਦਰ ਮਾਨ ਵਧ ਗਿਆ। ਪਿੰਡ ਦੇ ਨੇਤਾ ਮਹੱਤਵਪੂਰਣ ਗੱਲਾਂ ਸੰਬੰਧੀ ਸਲਾਹ ਮਸ਼ਵਰਾ ਕਰਨ ਲਈ ਦੁਕਾਨ ਤੇ ਆਉਣ ਲੱਗ ਪਏ। ਕੋਈ ਜ਼ਰੂਰੀ ਗੱਲ ਹੁੰਦੀ ਤਾਂ ਉਸ ਨੂੰ ਮੋਟਰ ਵਿਚ ਲੈ ਵੀ ਜਾਂਦੇ।

ਦੁਸ਼ਮਨਾਂ ਨੇ ਸੋਚਿਆ ਸੀ ਕਿ ਬੇਟੇ ਦੀ ਮੌਤ ਦੇ ਸਦਮੇ ਨਾਲ ਮਾਤੁਕੁੱਟੀ ਉਕਾ ਢਹਿ ਢੇਰੀ ਹੋ ਜਾਏਗਾ। ਉਹ ਇਕ ਪ੍ਰਭਾਵਸ਼ਾਲੀ ਸ਼ਖਸੀਅਤ ਹੈ, ਇਸ ਲਈ ਉਸ ਦੇ ਕੁਝ ਦੁਸ਼ਮਨ ਵੀ ਹਨ। ਪਰ ਜਿਹਾ ਕਿ ਭਜਨ ਸੰਹਿਤਾ ਵਿਚ ਕਿਹਾ ਹੈ, ਯਹੋਵਾ ਦੀ ਕਿਰਪਾ ਦ੍ਰਿਸ਼ਟੀ ਪੈ ਗਈ। ਦੁਸ਼ਮਨਾਂ ਤੇ ਦੁਸ਼ਟਾਂ ਦੀਆਂ ਇਛਾਵਾਂ ਪੂਰੀਆਂ ਨਾ ਹੋਈਆਂ। ਯਹੋਵਾ ਦੇ ਮਹੱਤਵ ਨੇ ਉਸ ਦੀ ਬਹੁਤ ਹੀ ਉਨਤੀ ਕੀਤੀ। ਬੇਟੇ ਦੀ ਪੈਨਸ਼ਨ ਹਰ ਮਹੀਨੇ ਅ ਉਂਦੀ ਸੀ, ਰਕਮ ਭਾਵੇਂ ਛੋਟੀ ਹੀ ਸੀ। ਦੁਕਾਨ ਤੋਂ ਵੀ ਚੰਗੀ ਆਮਦਨੀ ਹੋ ਜਾਂਦੀ ਸੀ। ਝੰਜਟ ਨਹੀਂ ਕਰਨਾ ਪੈਂਦਾ। ਦੀਨਾਮਾ ਵਿਚ ਵੀ ਹੁਣ ਪਹਿਲਾਂ ਨਾਲੋਂ ਵਧੀਕ ਉਤਸ਼ਾਹ ਹੈ, ਤੇਜ ਵੀ ਹੈ। ਘਰ ਦੀ ਹਕੂਮਤ ਬੜੀ ਲਗਣ ਤੇ ਚੁਸਤੀ ਨਾਲ ਕਰਦੀ ਹੈ। ਸ਼ਾਤੰਮਾ ਦੁਨੀਆਦਾਰੀ ਦੀਆਂ ਗੱਲਾਂ ਤੋਂ ਵਿਮੁਖ ਹਮੇਸ਼ਾ ਹੀ ਹੱਥ ਵਿਚ ਧਰਮ ਪੋਥੀ ਲਈ ਫਿਰਦੀ ਹੈ। ਦੀਨਾਮਾ ਉਸ ਨੂੰ ਕਿਸੇ ਤਰ੍ਹਾਂ ਵੀ ਚਿੰਤਿਤ ਨਹੀਂ ਹੋਣ ਦਿੰਦੀ।

ਇਕ ਦਿਨ ਕੁੰਯੁਚੇਰੁਕਨ ਮਾਤੁਕੁੱਟੀ ਦੀ ਦੁਕਾਨ ਤੇ ਆ ਗਿਆ। ਦੁਕਾਨ ਤੇ ਕਾਫੀ ਭੀੜ ਸੀ। ਕੁੰਯੁਚੇਰੁਕਨ ਵੀ ਉਥੇ ਹੀ ਸੀ। ਇਹ ਤਾਂ ਰੋਜ਼ ਦੀ ਹੀ ਗੱਲ ਸੀ। ਦੁਕਾਨ ਖੁਲ੍ਹਣ ਤੇ ਉਸ ਨੇ ਸ਼ਿਵਰਾਮ ਕੁਰੁਪ ਨਾਲ ਦੋਸਤੀ ਕਰ ਲਈ ਸੀ। ਚੌਲ ਜਾਂ

ਮੁੰਗੀ ਦੀ ਬੋਰੀ ਤੇ ਬੈਠ ਜਾਂਦਾ। ਉਸ ਦੇ ਬਾਅਦ ਕਿਸੇ ਦੇ ਕਹੇ ਬਗੈਰ ਖੁਦ ਹੀ ਹਕੂਮਤ ਸ਼ੁਰੂ ਕਰ ਦਿੰਦਾ। ਲਖਮੀ ਜਦ ਸਾਮਾਨ ਲੈਣ ਆਈ ਤਾਂ ਚਾਰ ਆਨੇ ਘਟ ਗਏ। ਸਹਾਇਕ ਨੂੰ ਆਖਿਆ ਕਿ ਜੇ ਪੈਸੇ ਘਟ ਹਨ ਤਾਂ ਸਾਮਾਨ ਵੀ ਘਟ ਲੈ। ਤਾਂ ਕੁੰਯੁਚੇਰੁਕਨ ਆਪਣਾ ਭਾਸ਼ਨ ਸ਼ੁਰੂ ਕਰ ਦਿੰਦਾ—ਲਖਮੀ! ਉਸ ਨੇ ਇਹ ਦੁਕਾਨ ਬਾਪ ਦੇ ਖਜ਼ਾਨੇ ਨਾਲ ਨਹੀਂ ਖੋਲ੍ਹੀ। ਕਿਸੇ ਪਰਾਏ ਕੋਲੋਂ ਚੰਗੇ ਵਿਆਜ ਤੇ ਕਰਜ਼ਾ ਲੈ ਕੇ ਹੀ ਦੁਕਾਨ ਖੋਲ੍ਹੀ ਹੈ। ਉਧਾਰ ਨਹੀਂ ਚਲਣ ਲੱਗਾ।

ਹਰ ਗੱਲ ਤੇ ਇਸੇ ਤਰ੍ਹਾਂ ਹੀ ਕਰਦਾ। ਜੇ ਹੋਰ ਕੋਈ ਗੱਲ ਨਾ ਹੁੰਦੀ ਤਾਂ ਉਦਾਹਰਣਾਂ ਦੇ ਕੇ ਆਪਣੇ ਪਰਿਵਾਰ ਦੀ ਵਡਿਆਈ ਦਾ ਭਾਸ਼ਨ ਸ਼ੁਰੂ ਕਰ ਦਿੰਦਾ।

"ਪਿਤਾ ਜੀ ਮੇਚੈਰੀ ਦੇ ਖੇਤਾਂ ਵਿਚ ਖੇਤੀ ਕਰ ਰਹੇ ਸਨ। ਕੋਸ਼ੀ ਦੇ ਦਰਵਾਜ਼ੇ ਤੋਂ ਤਾਲਾਬ ਤੱਕ ਬਾਈ ਪਰਾ ਜ਼ਮੀਨ ਇਕ ਲੰਮੇ ਪੇੜ ਦੇ ਤਣੇ ਵਾਂਗ ਫੈਲੀ ਹੋਈ ਹੈ। ਇਸ ਸਾਲ ਮੁੰਗੀ ਨੂੰ ਖੂਬ ਸਿੱਟੇ ਪਏ। ਫ਼ਸਲ ਇੰਨੀ ਸੰਘਣੀ ਤੇ ਮੋਟੀ ਕਿ ਖੇਤ ਵਿਚ ਜੇ ਹਾਥੀ ਵੀ ਵੜ ਜਾਏ ਤਾਂ ਨਜ਼ਰ ਨਾ ਆਵੇ। ਮੁੰਗੀ ਪੱਕੀ ਹੀ ਸੀ ਕਿ ਇਕ ਦਿਨ ਖੇਤ ਦਾ ਬੰਨਾ ਟੁੱਟ ਗਿਆ। ਕੀ ਕਰਦੇ?"

ਸੁਨਣ ਵਾਲਿਆਂ ਦਾ ਕੀ ਨੁਕਸਾਨ? ਕੁੰਯੁਚੇਰੁਕਨ ਇਸ ਦੀ ਚਿੰਤਾ ਥੋੜ੍ਹੀ ਕਰਦਾ ਸੀ। ਹੁਕਮ ਚਲਾਉਂਦਾ। ਭਾਸ਼ਨ ਦਿੰਦਾ। ਉਹ ਕਾਫੀ ਰਾਤ ਗਏ ਤੱਕ ਉਥੇ ਹੀ ਬੈਠਾ ਰਹਿੰਦਾ ਤੇ ਜਦ ਚਲਣ ਲਗਦਾ ਤਾਂ ਆਖਦਾ—

"ਦੋ ਪੌਂਡ ਗੁੜ ਦੇ ਦੇ।"

ਉਹ ਲੈ ਕੇ ਪੋਟਲੀ ਬਣਾ ਕੇ ਘਰ ਟੁਰ ਪੈਂਦਾ। ਪੈਸਾ ਮੰਗਣ ਦੀ ਆਗਿਆ ਨਹੀਂ। ਪੈਸਾ ਜੇ ਮੰਗ ਲਿਆ ਤਾਂ ਗੱਲ ਇਕ ਦਮ ਵਿਗੜ ਜਾਏਗੀ। ਮਾਤੁਕੁੱਟੀ ਇਹ ਸੋਚ ਕੇ ਹੀ ਚੁਪ ਰਹਿੰਦਾ ਕਿ ਜਦੋਂ ਦਏਗਾ ਉਦੋਂ ਹੀ ਲੈ ਲਵਾਂਗੇ। ਨਹੀਂ ਤਾਂ ਭਤੀਜਿਆਂ ਤੋਂ ਲੈ ਲਵਾਂਗੇ......

ਕੁੰਯੁਚੇਰੁਕਨ ਆਪਣੇ ਵਿਖਿਆਨ ਦਾ ਮਜ਼ਾ ਆਪ ਹੀ ਲੈ ਰਿਹਾ ਸੀ ਕਿ ਫਿਲਿਪਿਓਸ ਆ ਗਿਆ। ਉਸ ਵੇਲੇ ਦੁਕਾਨ ਤੇ ਸ਼ਿਵਰਾਮ ਕੁਰੁਪ ਨਹੀਂ ਸੀ। ਕੁੰਯੁਚੇਰੁਕਨ ਨੇ ਪੁਛਿਆ—"ਕੀ ਸਮਾਚਾਰ ਹੈ?"

ਫਿਲਿਪਿਓਸ ਉਸ ਦੀ ਪ੍ਰਵਾਹ ਨਾ ਕਰਦਾ ਹੋਇਆ ਬੋਲਿਆ—

"ਖਾਸ ਕੁਝ ਨਹੀਂ।"

"ਪਿਤਾ ਜੀ ਬਿਲਕੁਲ ਕਮਜ਼ੋਰ ਹਨ। ਮੈਂ ਸਵੇਰੇ ਵੇਖਣ ਗਿਆ ਸਾਂ।"

"ਹੂੰ। ਮਾਤੁਕੁੱਟੀ ਇਧਰ ਆ ਨਾ।"

ਫਿਲਿਪਿਓਸ ਸੜਕ ਵਲ ਮੁੜ ਗਿਆ। ਮਾਤੁਕੁੱਟੀ ਪਿਛੇ-ਪਿਛੇ ਟੁਰ ਪਿਆ। ਸੋਚਿਆ ਕਿ ਸੜਕ ਤੇ ਬੋੜ੍ਹ ਦੇ ਹੇਠ ਖੜੇ ਹੋ ਕੇ ਗੱਲਾਂ ਕਰਾਂਗੇ। ਪਰ ਇਥੇ ਬੇਲਾਯੁਧਨ ਤੇ ਦੋ ਹੋਰ ਆਦਮੀ ਆਪਸ ਵਿਚ ਕੋਈ ਖਾਸ ਗੱਲ ਕਰ ਰਹੇ ਸਨ। ਇਸ ਲਈ ਪੂਰਬ ਦਿਸ਼ਾ ਵਲ ਕੁਝ ਦੂਰ ਚਲੇ ਗਏ। ਇਕ ਪਗਡੰਡੀ ਤੇ ਪਹੁੰਚੇ।

ਮਾਤੁਕੁੱਟੀ ਨੇ ਪੁਛਿਆ—"ਕੀ ਗੱਲ ਏ ਭਈਆ?"

ਫਿਲਿਪਿਓਸ ਨੇ ਤੁਰੰਤ ਕੋਈ ਉਤਰ ਨਹੀਂ ਦਿਤਾ। ਛਾਤੀ ਨੂੰ ਤਲੀ ਨਾਲ

ਦਬਾਈ ਕੋਲ ਹੀ ਮਿੱਟੀ ਦੀ ਦੀਵਾਰ ਤੇ ਬੈਠ ਗਿਆ ।

"ਕੀ ਤੂੰ ਦੋ ਦਿਨ ਲਈ ਦੁਕਾਨ ਛਡ ਸਕਦਾ ਹੈਂ ?"

"ਗੱਲ ਕੀ ਏ ?"

"ਵਾਯਨਾਡ ਤੱਕ ਜਾਣਾ ਹੈ ।"

"ਹੂੰ ?"

ਫਿਲਿਪਿਓਸ ਫਿਰ ਚੁਪ । ਕਾਫੀ ਦੇਰ ਬਾਅਦ ਬੋਲਿਆ—"ਉਹ ਉਥੇ ਗਲਤ ਤਰੀਕੇ ਨਾਲ ਰਹਿ ਰਿਹਾ ਹੈ । ਸਾਡੀ ਨੌਕਰਾਨੀ ਉਸ ਦੇ ਨਾਲ ਹੈ । ਕੀ ਤੂੰ ਨਹੀਂ ਸੁਣਿਆ ?"

"ਹਾਂ, ਬੱਚੇ ਕੁਝ ਕਹਿ ਰਹੇ ਸਨ ।"

"ਉਸ ਦੀ ਮਾਂ ਦਾ ਮਾਨਸਿਕ ਕਸ਼ਟ ਵਧ ਗਿਆ ਹੈ । ਉਹ ਤਿੰਨ ਚਾਰ ਦਿਨਾਂ ਦੀ ਬੀਮਾਰ ਹੈ । ਦਿਮਾਗ਼ ਦਾ ਸੰਤੁਲਨ ਵਿਗੜ ਗਿਆ ਹੈ । ਉਸ ਨੂੰ ਕਮਰੇ 'ਚ ਬੰਦ ਕੀਤਾ ਹੋਇਆ ਹੈ ।"

"ਅੱਜ ਕਹਿ ਰਹੀ ਹੈ ਕਿ ਮੈਂ ਉਸ ਦੇ ਬੱਚੇ ਨੂੰ ਕਿਧਰੇ ਲਿਜਾ ਕੇ ਮਾਰ ਦਿੱਤਾ ਹੈ । ਕੀ ਕੀਤਾ ਜਾਏ ? ਮੈਂ ਬੜੀ ਮਿਹਨਤ ਕਰਕੇ ਚਾਰ ਪੈਸੇ ਤਾਂ ਕਮਾਏ ਹਨ ਪਰ ਚੈਨ ਨਾਲ ਰਾਤ ਨੂੰ ਸੌਣਾ ਮੇਰੀ ਕਿਸਮਤ ਵਿਚ ਨਹੀਂ ।"

"ਕੀਵਰੀਤ ਭਈਆ ਨੂੰ ਦਸਿਆ ਹੈ ?"

"ਕੀ ਦਸਣਾ ਹੈ ? ਦੱਸਾਂ ਤਾਂ ਵੀ ਉਹ ਕੀ ਕਰੇਗਾ ? ਦਸ ਆਦਮੀ ਹੋਰ ਸੁਨਣਗੇ ਤੇ ਬੇਇਜ਼ਤੀ ਹੋਵੇਗੀ । ਇਸ ਤੋਂ ਵਧ ਕੇ ਕੀ ਫਾਇਦਾ ਹੋਣਾ ਹੈ ?"

"ਕੀ ਮੇਰੇ ਕਹਿਣ ਨਾਲ ਉਹ ਮੰਨ ਜਾਏਗਾ ?"

"ਤੇਰੇ ਕਹਿਣ ਤੇ ਹੀ ਮੰਨੇਗਾ । ਨਾਲ ਹੀ ਲਈ ਆਉਣਾ । ਜੇ ਬੇਇਜ਼ਤੀ ਵਾਲੀ ਕੋਈ ਗੱਲ ਹੋ ਗਈ ਤਾਂ ਬਾਅਦ ਵਿਚ ਪਛਤਾਉਣ ਤੇ ਰੋਣ ਦਾ ਕੋਈ ਲਾਭ ਨਹੀਂ ਹੋਣਾ ।"

ਮਾਤੁਕੁੱਟੀ ਨੇ ਸੋਚਿਆ । ਅਪਮਾਨ ਦੀ ਗੱਲ ਤਾਂ ਪਹਿਲਾਂ ਹੀ ਪੂਰੀ ਹੋ ਚੁਕੀ ਹੈ । ਬਾਕੀ ਕੀ ਰਹਿ ਗਿਆ ਹੈ । ਫਿਰ ਵੀ ਉਸ ਆਖਿਆ, "ਜੋ ਵੀ ਹੋਵੇ ਕਲ ਸਵੇਰੇ ਚਲਾ ਜਾਵਾਂਗਾ ।"

"ਗੱਡੀ ਵੀ ਲੈ ਜਾਣੀ ।"

"ਹੂੰ ।"

ਫਿਲਿਪਿਓਸ ਪਗਡੰਡੀ ਤੇ ਅੱਗੇ ਵਧਿਆ । ਉਸ ਨੂੰ ਜਾਂਦਿਆਂ ਵੇਖ ਕੇ ਮਾਤੁਕੁੱਟੀ ਪਲ ਕੁ ਉਥੇ ਹੀ ਖੜਾ ਰਿਹਾ । ਕੀਵਰੀਤ ਭਈਆ ਨੇ ਫਿਲਿਪਿਓਸ ਨੂੰ ਜੋ ਭਰਾਵਾਂ ਸੰਬੰਧੀ ਨਾ ਪਿਆਰ ਕਰਨ ਵਾਲਾ ਆਖਿਆ ਸੀ, ਉਹ ਗੱਲ ਠੀਕ ਨਹੀਂ ਸੀ । ਐਨ ਮੌਕੇ ਤੇ ਫਿਲਿਪਿਓਸ ਨੇ ਭਾਈਚਾਰਾ ਨਿਭਾਹਿਆ ਹੈ । ਦੂਜੇ ਮੌਕਿਆਂ ਤੇ ਉਹ ਅਜਿਹੀਆਂ ਸੁਣਾਉਂਦਾ ਮਾਨੋ ਉਹ ਕੌਡੀ-ਕੌਡੀ ਨੂੰ ਮੋਹਤਾਜ ਹੋਵੇ । ਗੱਲ ਇਸ ਤਰ੍ਹਾਂ ਕਰਦਾ ਜਿਵੇਂ ਉਹ ਜ਼ਿੰਦਗੀ ਵਿਚ ਪਹਿਲੀ ਵਾਰ ਹੀ ਮਿਲਿਆ ਹੋਵੇ । ਪਰ ਅੰਦਰੋਂ ਹੋਰ ਤਰ੍ਹਾਂ ਦਾ ਹੈ । ਧਨੀ ਤੇ ਸੁਖੀ ਅਖਵਾਉਣ ਦੇ ਬਾਵਜੂਦ ਵੀ ਦੂਜੇ ਦੋਹਾਂ

ਭਰਾਵਾਂ ਨਾਲੋਂ ਫਿਲਿਪਿਓਸ ਨੂੰ ਹੀ ਵਧੀਕ ਮਾਨਸਿਕ ਕਸ਼ਟ ਝਲਣਾ ਪੈ ਰਿਹਾ ਹੈ।......

ਮਾਤੁਕੁੱਟੀ ਜਦ ਦੁਕਾਨ ਤੇ ਵਾਪਸ ਆਇਆ ਤਾਂ ਸ਼ਿਵਰਾਮ ਕੁਰੁਪ ਮਾਲਕ ਦੀ ਕੁਰਸੀ ਤੇ ਬੈਠਾ ਸੀ। ਕਾਯੰਕੁਲਮ ਤੋਂ ਮਾਲ ਆਇਆ ਸੀ, ਬੈਲ ਗੱਡੀਆਂ 'ਚੋਂ ਮਾਲ ਦੁਕਾਨ ਦੇ ਅੰਦਰ ਉਤਾਰਿਆ ਜਾ ਰਿਹਾ ਸੀ। ਕੁੰਯੁਚੇਰੁਕਨ ਅਤੇ ਕੁਰੁਪ ਬੜੇ ਜ਼ੋਰ-ਜ਼ੋਰ ਦੀ ਗੱਲ ਕਰ ਰਹੇ ਸਨ।

ਮਾਤੁਕੁੱਟੀ ਨੇ ਪੁਛਿਆ—

"ਦੇਰ ਕਿਵੇਂ ਹੋਈ ?"

"ਉਣੂਣੀਮਾਪਿਲਾ ਕੋਚੀਨ ਗਏ ਸਨ। ਉਨ੍ਹਾਂ ਦੇ ਆਉਣ ਦੇ ਬਾਅਦ ਮਾਲ ਕਢਵਾਉਣ ਕਾਰਨ ਦੇਰ ਹੋ ਗਈ।"

"ਹੂੰ। ਮੈਂ ਦੋ ਦਿਨ ਇਥੇ ਨਹੀਂ ਰਹਿਣ ਲੱਗਾ। ਕਲ ਤਾਂ ਐਤਵਾਰ ਹੈ ਦੁਕਾਨੇ ਖੁਲ੍ਹਣੀ ਹੀ ਨਹੀਂ। ਪਰਸੋਂ ਸ਼ਾਮ ਤਕ ਆਉਣ ਦੀ ਕੋਸ਼ਿਸ਼ ਕਰਾਂਗਾ।"

"ਚੰਗੀ ਗੱਲ ਏ। ਹੋ ਆਓ।"

ਕੁੰਯੁਚੇਰੁਕਨ ਨੇ ਪੁੱਛਿਆ—

"ਕਿਥੇ ਜਾਣਾ ਹੈ ?"

"ਮਾਲਾਬਾਰ ਜਾਣਾ ਹੈ।"

"ਫਿਲਿਪਿਓਸ ਦੇ ਬਾਗਾਂ 'ਚ ?"

"ਹੂੰ।"

"ਬੇਟੇ ਨੂੰ ਬੁਲਾ ਕੇ ਲਿਆਉਣਾ ਹੈ ਨਾ ? ਇਹ ਹੀ ਦੱਸਣ ਲਈ ਏਕਾਂਤ ਵਿਚ ਲੈ ਗਿਆ ਸੀ ? ਮੇਰੇ ਸੁਣਿਆਂ ਆਫਤ ਆ ਜਾਣੀ ਸੀ ਨਾ ? ਉਹ ਗੱਲ ਸੁਣ, ਬੱਚਿਆਂ ਨੂੰ ਭੋਜਨ ਦੇ ਨਾਲ ਜ਼ਬਤ ਦੀ ਸਿਖਿਆ ਵੀ ਦੇਣੀ ਹੁੰਦੀ ਹੈ।"

"ਬਸ, ਬਸ ! ਇਹੋ ਜਿਹੀਆਂ ਗੱਲਾਂ ਸੜਕ ਤੇ ਨਹੀਂ ਕੀਤੀਆਂ ਜਾਂਦੀਆਂ।"

"ਨਹੀਂ, ਮੈਂ ਕੁਝ ਨਹੀਂ ਆਖਦਾ। ਪਰ ਕੀ ਲੋਕ ਜਾਣਦੇ ਨਹੀਂ ?"

ਦੁਕਾਨ ਦੇ ਗਾਹਕ ਵਧ ਰਹੇ ਸਨ। ਇਸ ਲਈ ਇਸ ਵਿਸ਼ੇ ਤੇ ਗੱਲਬਾਤ ਰੁਕ ਗਈ। ਸ਼ਿਵਰਾਮ ਕੁਰੁਪ ਨੇ ਵਹੀ ਖੋਲ੍ਹ ਕੇ ਸਾਰਾ ਹਿਸਾਬ ਦਰਜ ਕੀਤਾ। ਮਾਤੁਕੁੱਟੀ ਦੂਜੇ ਕੰਮਾਂ 'ਚ ਰੁੱਝ ਗਿਆ। ਕੁੰਯੁਚੇਰੁਕਨ ਨੇ ਵੇਖਿਆ ਕਿ ਹੁਣ ਬੈਠੇ ਰਹਿਣ ਨਾਲ ਖੈਰੀਅਤ ਨਹੀਂ। ਘਰ ਚਲਾ ਗਿਆ।

ਸਵੇਰੇ ਤੜਕੇ ਹੀ ਉਠਣਾ ਚਾਹਿਆ ਸੀ। ਪਰ ਦੀਨਾਮਾ ਦੇ ਜਗਾਣ ਤੇ ਹੀ ਮਾਤੁਕੁੱਟੀ ਦੀ ਅੱਖ ਖੁਲ੍ਹੀ।

"ਕਹੀ ਨੀਂਦ ਸੌਂ ਰਹੇ ਹੋ ? ਪੰਜ ਵਜੇ ਤੋਂ ਫਿਲਿਪਿਓਸ ਭਈਆ ਦੀ ਗੱਡੀ ਦਰਵਾਜ਼ੇ ਤੇ ਖੜੀ ਹੈ।"

"ਕਿੰਨੇ ਵਜੇ ਨੇ ?"

"ਛੇ ਵਜ ਗਏ।"

"ਹਾਂ, ਨਹਾਣ ਲਈ ਜਰਾ ਪਾਣੀ ਭਰ ਦੇ...ਜਲਦੀ।"

ਰਾਤ ਦੋ ਵਜੇ ਹੀ ਸੁੱਤਾ ਸੀ। ਜਿਸ ਕੰਮ ਤੇ ਜਾ ਰਿਹਾ ਸੀ ਉਸ ਨੂੰ ਨਿਪਟਾਣ ਲਈ ਕਈ ਇੰਤਜ਼ਾਮ ਕਰਨੇ ਸਨ। ਆਪਣੇ ਨਾਲ ਲੈ ਜਾਣ ਲਈ ਦੋ ਆਦਮੀਆਂ ਦਾ ਪ੍ਰਬੰਧ ਕੀਤਾ ਜੋ ਹਰ ਪ੍ਰਸਥਿਤੀ ਵਿਚ ਕੰਮ ਆ ਸਕਣ। ਕੋਲੱਨ ਜਾ ਕੇ ਇਕ ਆਦਮੀ ਨੂੰ ਲਿਆ ਤੇ ਡੀ. ਐਸ. ਪੀ. ਦੇ ਨਾਂ ਇਕ ਚਿਠੀ ਲੈ ਲਈ। ਸੁਣਿਆ ਸੀ ਕਿ ਜੋਣੀਕੁੱਟੀ ਨੇ ਪੁਲਸ ਦੇ ਛੋਟੇ ਦਰੋਗਾ ਨੂੰ ਆਪਣੇ ਵਲ ਕਰ ਲਿਆ ਹੋਇਆ ਸੀ। ਇਨ੍ਹਾਂ ਸਭ ਪ੍ਰਬੰਧਾਂ ਦੇ ਕਰਨ ਵਿਚ ਕਾਫੀ ਸਮਾਂ ਬੀਤ ਗਿਆ ਤੇ ਰਾਤ ਦੇ ਦੋ ਵਜ ਗਏ। ਦਿਨ ਚੜ੍ਹਨ ਦਾ ਪਤਾ ਹੀ ਨਹੀਂ ਸੀ ਲੱਗਾ।

ਸਫਰ ਵਾਸਤੇ ਤਿਆਰ ਹੋ ਕੇ ਮਾਤੁਕੁੱਟੀ ਕੁੰਏਨਾਚੰਨ ਦੇ ਕੋਲ ਗਿਆ ਤੇ ਕਹਿਣ ਲੱਗਾ—

"ਪਿਤਾ ਜੀ। ਮੈਂ ਜ਼ਰਾ ਮਾਲਾਬਾਰ ਜਾ ਰਿਹਾ ਹਾਂ।"

"........"

"ਪਰਸੋਂ ਵਾਪਸ ਆਵਾਂਗਾ।"

ਕੁੰਏਨਾਚੰਨ ਨੇ ਕੁਝ ਨਹੀਂ ਸੁਣਿਆ। ਸ਼ਾਤੰਮਾ ਅੰਗੀਠੀ ਵਿਚ ਕੋਲੇ ਬਾਲ ਰਹੀ ਸੀ। ਉਸ ਕੰਨ ਦੇ ਕੋਲ ਮੂੰਹ ਕਰਕੇ ਜਦ ਦੋਬਾਰਾ ਦਸਿਆ ਤਾਂ ਗੱਲ ਸਮਝ ਆਈ।

"ਕਿਉਂ ਓਦੇ ?"

"ਫਿਲਿਪਿਓਸ ਭਈਆ ਦੇ ਬਾਗ ਵੇਖਣ।"

"ਉਸ ਲਈ ਤਾਂ ਉਸ ਦਾ ਮੁੰਡਾ ਉਥੇ ਹੀ ਹੈ।"

ਫਸ ਗਿਆ। ਹੁਣ ਸ਼ੁਰੂ ਤੋਂ ਸਾਰੀ ਰਾਮ ਕਹਾਣੀ ਸੁਣਾਏ ਬਗੈਰ ਛੁੱਟ ਨਹੀਂ ਸਕਦਾ।

"ਉਹ ਛੋਟਾ ਮੁੰਡਾ ਏ ਨਾ ?"

"ਹੂੰ।"

"ਉਹ ਇਕੱਲਾ ਹੀ ਏ ਨਾ ਪਿਤਾ ਜੀ ?"

"ਨਹੀਂ, ਨਹੀਂ, ਆਪਣੇ ਘਰ ਦੀ ਨੌਕਰਾਨੀ ਨੂੰ ਉਸ ਨਾਲ ਰਖ ਲਿਆ ਹੈ।"

"ਪਿਤਾ ਜੀ ਨੂੰ ਕਿਸ ਦਸਿਆ ਹੈ ?"

"ਖ਼ੁਦਾ ਨੇ। ਜਾ ਕੇ ਵੇਖ ਲੈ।"

ਸ਼ਾਤੰਮਾ ਨੇ ਪੁਛਿਆ—

"ਤਾਂ ਇਸ ਨਾਲ ਦਾਦਾ ਜੀ ਨੂੰ ਕੀ ?"

"ਮੈਨੂੰ ਕੁਝ ਨਹੀਂ। ਵੈਸੇ ਗੱਲ ਹੀ ਕੀਤੀ ਹੈ।"

ਮਾਤੁਕੁੱਟੀ ਬਾਹਰ ਜਾਣ ਨੂੰ ਤਿਆਰ ਹੋ ਰਿਹਾ ਸੀ। ਵਿਹੜੇ ਵਿਚ ਸ਼ੋਰ-ਗੁਲ ਸੁਣਾਈ ਦਿੱਤਾ। ਮੁੰਡਿਆਂ ਦਾ ਠਾਹਕਾ ਤੇ ਸ਼ੋਰ।

ਫਿਲਿਪਿਓਸ ਦੀ ਪਤਨੀ ਅੱਨਾਮਾ।

ਲਾਲ ਗੋਟੇ ਵਾਲੀ ਸਾੜ੍ਹੀ ਬੇਢਬੇ ਢੰਗ ਨਾਲ ਲਾਈ ਹੋਈ ਹੈ। ਗਲੇ ਵਿਚ

ਚਾਰ ਪੰਜ ਹਾਰ ਹਨ। ਕੰਨਾਂ ਵਿਚ ਵੱਡੀਆਂ-ਵੱਡੀਆਂ ਵਾਲੀਆਂ।

"ਅੱਛਾ। ਅਜੇ ਤਿਆਰ ਨਹੀਂ ਹੋਏ ? ਚਾਰ ਘੜੀਆਂ ਹੋ ਗਈਆਂ ਮੈਨੂੰ ਇੰਤਜ਼ਾਰ ਕਰਦਿਆਂ। ਆਓ।"

"ਭਾਬੀ।"

"ਭਾਬੀ ਵਾਹ। ਇਹ ਕੀ ਮਜ਼ਾਕ ਏ ? ਮੇਰੀ ਉਮਰ ਕਿੰਨੀ ਏ ? ਉਨੀ। ਵੇਖੋ ਤਾਂ। ਹੂੰ।"

ਮੂੰਹ ਤੇ ਕੁਝ ਅਜੀਬ ਜਿਹੇ ਭਾਵ। ਨਖਰੇ ਤੇ ਠਹਾਕਾ।

ਦੀਨਾਮਾ ਬਾਹਰ ਆ ਗਈ।

"ਆਨਾਮਾ ਚਾਚੀ।"

"ਅੱਛਾ। ਇਹ ਗੱਲ ਹੈ ? ਹੂੰ ਆਪਣੇ ਕੋਲ ਜ਼ਬਰਦਸਤੀ ਰੋਕ ਰਖਿਆ ਏ ਨਾ। ਘਟ ਨਹੀਂ ਤੂੰ ਜੋ...ਮੈਂ ਛੁਰਾ ਮਾਰ ਕੇ ਆਂਦਰਾਂ ਕੱਢ ਦੇਵਾਂਗੀ। ਸਾਨੂੰ ਹੁਣ ਹੋ ਆਉਣ ਦੇ। ਏਟਤਵਾ ਦੇ ਗਿਰਜੇ ਦੇ ਮੇਲੇ 'ਚ ਜਾ ਰਹੇ ਹਾਂ। ਜਲਦੀ ਚਲੋ।"

ਵਿਹੜੇ ਵਿਚ ਜਮ੍ਹਾਂ ਹੋਏ ਮੁੰਡਿਆਂ ਨੇ ਸੀਟੀ ਵਜਾਈ, ਰੌਲਾ ਰੱਪਾ ਪਾਇਆ।

ਅੰਨਾਮਾ ਦਾ ਹੱਥ ਫੜ ਕੇ ਖਿਚਦੀ ਹੋਈ ਸ਼ਾਤੰਮਾ ਬੋਲੀ—

"ਚਾਚੀ ਆਓ, ਅੰਦਰ ਆਓ।"

ਹੱਥ ਛੁਡਾਂਦਿਆਂ ਹੋਇਆਂ ਅੰਨਾਮਾ ਨੇ ਆਖਿਆ—

"ਹੱਥ। ਛੱਡ ਹੱਥ......।"

ਨਾਲ ਹੀ ਗੰਦੀ ਜਹੀ ਗਾਲ੍ਹ ਵੀ ਕੱਢ ਦਿਤੀ। ਸ਼ਾਤੰਮਾ ਹੈਰਾਨ ਰਹਿ ਗਈ। ਉਸ ਦੇ ਮੂੰਹੋਂ ਨਿਕਲ ਗਿਆ—"ਹਾਏ ਭਈਆ।"

"ਉਹ ਬੁੱਢੇ। ਲੜਕਿਆਂ ਨੂੰ ਢੰਗ ਸਿਰ ਨਹੀਂ ਪਾਲਿਆ। ਤੂੰ ਵੀ ਕੀ ਨੇਕ ਬੰਦਾ ਸੀ। ਤੇਰੀ ਵੀ ਇਕ ਰਖੇਲ ਸੀ ਨਾ। ਸ਼ਿਗਾਰੀ......"

ਹੁਣ ਉਹ ਰੁਕੇ ਨਹੀਂ। ਦੀਨਾਮਾ ਤੇ ਮਾਤੁਕੁੱਟੀ ਨੇ ਉਸ ਨੂੰ ਜ਼ਬਰਦਸਤੀ ਫੜ ਕੇ ਕਮਰੇ ਦੇ ਅੰਦਰ ਲੈ ਜਾਣ ਦੀ ਕੋਸ਼ਿਸ਼ ਕੀਤੀ। ਅੰਨਾਮਾ ਨੇ ਮਾਤੁਕੁੱਟੀ ਦੇ ਹੱਥ ਤੇ ਜ਼ੋਰ ਦੀ ਦੰਦੀ ਵੱਢੀ। ਇੰਨੇ ਵਿਚ ਫਿਲਿਪਿਓਸ ਤੇ ਅਠ ਦਸ ਹੋਰ ਆਦਮੀ ਦੌੜਦੇ ਹੋਏ ਆ ਪੁਜੇ।

ਫਿਲਿਪਿਓਸ ਨੇ ਆਵਾਜ਼ ਦਿਤੀ—

"ਕਿਥੇ ਵੇਂ......ਦੀ ਬੱਚੀ ? ਕਰ ਦਿਓ ਖਤਮ ਇਸ ਨੂੰ।"

ਇਕ ਸਾਥੀ ਨੇ ਆਖਿਆ—

"ਉਸ ਨੂੰ ਛੁਹਣਾ ਨਹੀਂ। ਦਿਮਾਗ ਵਿਗੜ ਗਿਆ ਹੈ ਨਾ ?" ਬਾਹਰ ਲਿਆਉਣ ਵਿਚ ਬੜੀ ਤਕਲੀਫ ਹੋਈ।

"ਮੋਟਰ ਵਿਚ ਬੈਠਾ ਕੇ ਲੈ ਚਲਣੇ ਆਂ।"

"ਮਾਤੁਕੁੱਟੀ ਤੂੰ ਵੀ ਬੈਠ ਜਾ।"

ਗੱਡੀ ਚਲੀ ਤਾਂ ਮੁੰਡੇ ਸੀਟੀਆਂ ਵਜਾਂਦੇ ਹੋਏ ਪਿਛੇ ਦੌੜਨ ਲਗ ਪਏ।

ਕੁੰਏਨਾਚੰਨ ਮਾਨੋ ਇਕ ਸੁਫਨਾ ਵੇਖ ਰਹੇ ਸਨ।

"ਇਹ ਕੀ ਏ ਬੇਟੀ ? ਕਹੀ ਹਨੇਰ ਨਗਰੀ ਹੈ ? ਕੁਝ ਸਮਝ ਵਿਚ ਨਹੀਂ ਆਇਆ ।"

"ਕੁਝ ਨਹੀਂ ਪਿਤਾ ਜੀ ।"

"ਕੀ ਕੁਝ ਨਾ ਹੋਣ ਤੇ ਹੀ ਕਾਲਾਯੀ ਦੀ ਬਹੂ ਸਾੜ੍ਹੀ ਲਪੇਟੀ ਆਈ ਸੀ ?"

"ਚਾਚੀ ਦੀ ਤਬੀਅਤ ਠੀਕ ਨਹੀਂ ਪਿਤਾ ਜੀ ।"

"ਕੀ ਪਾਗਲ ਹੋ ਗਈ ਹੈ ?"

ਦੀਨਾਮਾ ਨੇ ਕਿਹਾ—

"ਮਨ ਦੀ ਤਕਲੀਫ ਬਹੁਤ ਵਧ ਗਈ ਏ ਬਾਬੂ ਜੀ ।"

"ਜ਼ਹਿਰ ? ਕਿਸ ਨੇ ਜ਼ਹਿਰ ਦਿਤਾ ਹੈ ?"

"ਚੁਪ ਰਹੋ ਬਾਬੂ ਜੀ ।"

"ਨੀ ਉਸ ਨੂੰ ਬੁਲਾ ਲਿਆ ।"

"ਮੋਟਰ ਵਿਚ ਲੈ ਗਏ ਨੇ । ਕੋਈ ਗੱਲ ਨਹੀਂ ਬਾਬੂ ਜੀ । ਮੁੰਡੇ ਦੀਆਂ ਗੱਲਾਂ ਸੋਚਦੇ-ਸੋਚਦੇ ਦਿਲ ਦਾ ਸਦਮਾ ਵਧ ਗਿਆ ਹੈ । ਬੇਟੀ ਦੇ ਪਿਤਾ ਜੀ ਜੋਣੀਕੁੱਟੀ ਨੂੰ ਲੈਣ ਗਏ ਹਨ । ਉਸ ਨੂੰ ਵੇਖ ਕੇ ਚਾਚੀ ਠੀਕ ਹੋ ਜਾਏਗੀ ।"

"ਉਸ ਨਹੀਂ ਆਉਣਾ ਨੀ ।"

"ਇਥੋਂ ਦੇ ਲੋਕਾਂ ਨੂੰ ਉਹ ਬਹੁਤ ਪਿਆਰ ਕਰਦਾ ਹੈ । ਇਸ ਲਈ ਬੁਲਾਇਆਂ ਆ ਜਾਏਗਾ ।"

"ਪਿਆਰ ਕਰਦਾ ਹੈ । ਕਿਹੋ ਜਿਹਾ ਪਿਆਰ ?"

"......"

"ਕੀ ਉਸ ਲੜਕੀ ਦੇ ਪਿਆਰ ਨਾਲੋਂ ਵੀ ਜ਼ਿਆਦਾ ? ਕਿਉਂ ਬੇਇਜ਼ਤੀ ਕਰਵਾਉਣ ਚਲਿਆ ਹੈ ?"

"ਪਿਤਾ ਜੀ ਨੂੰ ਕੁਝ ਵੀ ਕਹਿਣਾ ਮੁਸ਼ਕਿਲ ਹੈ । ਇਹ ਮੰਨੇ ਕਿ ਦਿਨ ਕਟਣੇ ਚਾਹੀਦੇ ਨੇ ਕਿ ਕੁਝ ਨਹੀਂ ਵੇਖਿਆ, ਕੁਝ ਨਹੀਂ ਸੁਣਿਆ ।"

"ਨਹੀਂ ਵੇਖਿਆ, ਨਹੀਂ ਸੁਣਿਆ । ਅੱਖਾਂ ਤੇ ਕੰਨਾਂ ਦੇ ਹੁੰਦਿਆਂ ਇਹ ਕਿਵੇਂ ਹੋ ਸਕਦਾ ਹੈ ?"

ਦੀਨਾਮਾ ਉਤਰ ਦਿਤੇ ਬਗੈਰ ਚੌਂਕੇ ਵਿਚ ਚਲੀ ਗਈ ।

ਸ਼ਾਂਤੰਮਾ ਨੇ ਆਖਿਆ—"ਸਿਸਿਲੀ ਮੁੰਨੀ ਨਾਲ ਮੈਂ ਗਿਰਜਾਘਰ ਹੋ ਆਵਾਂ ?"

"ਕੀ ਅੱਜ ਐਤਵਾਰ ਹੈ ?"

"ਹਾਂ ।"

"ਵਾਝੱਪਲੀ ਦੇ ਪਾਦਰੀ ਹੋਏ ਤਾਂ ਛੇਤੀ ਹੀ ਮਿਸੇ ਭੋਗ ਦੀ ਪੂਜਾ ਸ਼ੁਰੂ ਕਰ ਦੇਣਗੇ ।"

ਕੁੰਏਨਾਚੰਨ ਨੂੰ ਧਾਰਮਿਕ ਗੀਤ ਗਾਉਂਦਿਆਂ ਸੁਣ ਕੇ ਦੀਨਾਮਾ ਫਿਰ ਬਾਹਰ ਆ ਗਈ, ਨੱਕ ਤੇ ਉਂਗਲੀ ਰਖ ਹੌਲੀ ਜਹੀ ਬੋਲੀ—

"ਹੇ ਈਸ਼ਵਰ ! ਬਾਬੂ ਜੀ ਦਾ ਦਿਮਾਗ ਵੀ ਵਿਗੜਿਆ ਹੋਇਆ ਲਗਦਾ ਹੈ। ਨਹੀਂ ਤਾਂ ਇਹ ਸਭ ਕੁਝ ਵੇਖ ਕੇ ਵੀ ਲੇਟੇ-ਲੇਟੇ ਇਸ ਤਰ੍ਹਾਂ ਗਾਉਂਦੇ ?"

ਸ਼ਾਤੰਮਾ ਨੇ ਆਖਿਆ—

"ਕਲ ਸਾਰੀ ਰਾਤ ਸੰਧਿਆ-ਪ੍ਰਣਾਪ ਦੀ ਪ੍ਰਾਰਥਨਾ ਦੋਹਰਾ ਰਹੇ ਸਨ। ਸ਼ਬਦ ਸਾਫ਼ ਨਹੀਂ ਸਨ ਸੁਣਾਈ ਦਿੰਦੇ।"

"ਇਹ ਹੀ ਪ੍ਰਾਰਥਨਾ ਹੈ ਕਿ ਹੋਰ ਤਕਲੀਫ ਨਾ ਹੋਵੇ।"

"ਨਹੀਂ ਚਾਚੀ। ਦਾਦਾ ਜੀ ਨੂੰ ਈਸ਼ਵਰ ਹੋਰ ਤਕਲੀਫ ਨਹੀਂ ਦੇਵੇਗਾ।"

ਸਿਸਿਲੀ ਅਸ਼ਨਾਨ ਕਰ, ਫਰਾਕ ਪਾਈ ਸਿਰ ਤੇ ਰੁਮਾਲ ਬੰਨ੍ਹੀ, ਇਕ ਛੋਟੀ ਜਹੀ ਦੇਵਦੂਤਨ ਵਾਂਗ ਨਚਦੀ ਕੁੱਦਦੀ ਆ ਗਈ ਤੇ ਬੋਲੀ—

"ਸ਼ਾਤਾਂਮਾਮੀ, ਜਲਦੀ ਤਿਆਰ ਹੋ ਜਾਓ। ਵਕਤ ਹੋ ਗਿਆ ਹੈ।"

ਕੁੰਏਨਾਚੰਨ ਨੇ ਪੁਛਿਆ—

"ਮੁੰਨੀ ਆਈ ਹੈ ?"

"ਹਾਂ, ਪਿਤਾ ਜੀ।"

"ਮੁੰਨੀ ਹੁਣ ਮੇਰੇ ਕੋਲ ਨਹੀਂ ਆਉਂਦੀ। ਮੇਰੇ ਨਾਲ ਬੋਲਦੀ ਵੀ ਨਹੀਂ ?"

"ਕੀ ਠੀਕ ਹੈ ਬੇਟੀ ?"

"ਮੈਨੂੰ ਡਰ ਲਗਦਾ ਏ ਮਾਂ, ਉਸ ਦਿਨ ਮੈਨੂੰ ਕਹਿਣ ਲੱਗੇ—ਕਵਣੀ ਤੇ ਚੱਟਾ ਪਾ ਆ, ਮੈਂ ਵੇਖਾਂ।"

"ਅੱਛਾ, ਤਾਂ ਹੀ ਤੇ ਬੱਚੀ ਕੋਲ ਨਹੀਂ ਆਉਂਦੀ।"

"ਗਿਰਜਾਘਰ ਜਾ ਕੇ ਬੱਚਿਆਂ ਨਾਲ ਲੜਨਾ ਨਹੀਂ। ਮੇਰੀ ਕੰਨੀ ਫੜ ਕੇ ਵੀ ਨਹੀਂ ਖਲੋਤੀ ਰਹਿਣਾ। ਸੱਜੇ ਪਾਸੇ ਇਸਤ੍ਰੀਆਂ ਦੇ ਅੱਗੇ ਭਗਤੀਭਾਵ ਨਾਲ ਹੱਥ ਜੋੜ ਕੇ ਖੜੀ ਹੋ ਜਾਣਾ......"

"ਨੀਤੀਵਾਨ ਤਾਈ ਵਾਂਗ ਪੱਲਵਿਤ ਹੋਵੇਗਾ।"

ਹੱਲੇਲੂਈਆ।

ਉਹ ਲੇਬਾਨੋਨ ਦੇ ਰੁੱਖ ਵਾਂਗ ਵੱਡਾ ਹੋਵੇਗਾ।

ਹੱਲੇਲੂਈਆ।

ਬੁੱਧਤਾ ਵਿਚ ਵੀ ਉਹ ਪੱਲਵਿਤ ਵਿਕਸਿਤ ਹੋਵੇਗਾ।

ਹੱਲੇਲੂਈਆ।

ਉਨ੍ਹਾਂ ਦੀ ਤੁਸ਼ਟੀ ਪੁਸ਼ਟੀ ਸ੍ਰੀਵਰਿਦ ਹੋਵੇਗੀ।

ਬਾਰਕਮੋਰ।

ਫਿਰ ਮਿੱਸਾ ਦੇ ਗੀਤ ਤੇ ਪ੍ਰਾਰਥਨਾ ਦੋਹਰਾਈ।

......ਭਰਾਵੋ, ਅਸੀਂ ਸਭ ਭੈ, ਬਿਨੈ, ਮਵੱਛਤਾ, ਸਨੇਹ, ਸੱਤਵਿਸ਼ਵਾਸ ਅਤੇ ਈਸ਼ਵਰ ਭਗਤੀ ਨਾਲ ਖੜੇ ਹੋ ਕੇ ਇਸ ਆਦਰਨੀਯ ਵੇਦਿਕ ਦੇ ਹੱਥਾਂ ਤੋਂ......

ਓ ਹਾਂ। ਗਿਰਜੇ ਵਿਚ ਹੀ ਤਾਂ ਹੈ। ਬਪਤਿਸਮਾ ਦੇ ਪੱਥਰ ਹੇਠ ਖਲੋਤੇ ਰਹਿਣਾ ਮੁਸ਼ਕਿਲ ਹੈ। ਅੱਜ ਮਿੱਸਾ ਵਿਚ ਹਿੱਸਾ ਲੈਣਾ ਹੈ। ਮਤਬਹਾ ਦੀ ਪੌੜੀ ਤੇ

ਪਾਦਰੀ ਪਿਲਾਸਾ ਹੱਥ ਵਿਚ ਲਈ ਖੜੇ ਹਨ। ਇਕ ਆਦਮੀ ਹੱਥ ਦਾ ਸਹਾਰਾ ਦੇ ਕੈ ਉਠਾ ਕੇ ਲਈ ਜਾ ਰਿਹਾ ਹੈ। ਮਿੱਸਾ ਵਿੱਚ ਹਿੱਸਾ ਲੈਣ ਤੋਂ ਬਾਅਦ ਆਖਿਆ—

"ਪਿਤਾ ਜੀ, ਚਲੋ।"

ਹੁਣ ਹੱਥ ਦਾ ਸਹਾਰਾ ਦੇਣ ਵਾਲੇ ਵਿਅਕਤੀ ਦੇ ਚਿਹਰੇ ਵਲ ਵੇਖਿਆ। ਕੁੰਯੋਮਾ।

"ਕੀ ਤੂੰ ਗਿਰਜੇ ਵਿਚ ਸੀ ?"

"ਹਾਂ, ਹਰ ਐਤਵਾਰ ਨੂੰ ਮੈਂ ਆਉਣਾ ਵਾਂ ਪਿਤਾ ਜੀ।"

"ਅੱਛਾ ?"

"ਮੈਨੂੰ ਵੇਖ ਨਹੀਂ ਸਕਦੇ। ਮਰਨ ਦੇ ਬਾਅਦ ਸਰੀਰ ਨਹੀਂ ਰਹਿੰਦਾ, ਇਸ ਲਈ ਰੂਪਹੀਨ ਹਾਂ। ਪਰ ਆਤਮਾ ਹਰ ਜਗ੍ਹਾ ਜਾ ਸਕਦੀ ਹੈ। ਹਰ ਰੋਜ਼ ਘੱਟੋ ਘੱਟ ਇਕ ਵਾਰ ਪਿਤਾ ਜੀ ਦੀ ਮੰਜੀ ਕੋਲ ਆਉਣਾ ਵਾਂ।"

"ਪਰ ਮੈਂ ਤਨੂੰ ਵੇਖ ਰਿਹਾ ਹਾਂ।"

"ਇਸ ਦਾ ਵੀ ਕਾਰਨ ਹੈ। ਮੇਰੇ ਨਾਲ ਆਉਣ ਦਾ ਪਿਤਾ ਜੀ ਦਾ ਵਕਤ ਹੋ ਗਿਆ ਹੈ।"

"ਤੇਰੀ ਔਰਤ ਤੇ ਬੇਟਾ ਕਲ ਮੈਨੂੰ ਮਿਲਣ ਆਏ ਸਨ। ਮੁਰਗੇ ਦਾ ਮਾਸ ਚੰਗੀ ਤਰ੍ਹਾਂ ਕੱਟ ਭੁੰਨ ਕੇ ਪੱਤਲ ਵਿਚ ਲਿਆਏ ਸਨ। ਦੰਦਾਂ ਦੇ ਬਗੈਰ ਜੁਬਾੜਿਆਂ ਨਾਲ ਕਿਵੇਂ ਖਾਂਦਾ ?"

"ਮੈਂ ਵੀ ਉਨ੍ਹਾਂ ਦੇ ਨਾਲ ਸਾਂ। ਮਾਤੁਕੁੱਟੀ ਦੀ ਬਹੂ ਨੇ ਹੀ ਪ੍ਰਾਰਥਨਾ ਕੀਤੀ ਸੀ ਨਾ ?"

"ਹਾਂ, ਹਾਂ। ਕੀਵਰੀਤ ਨੂੰ ਕੋਈ ਤਕਲੀਫ ਨਹੀਂ।"

"ਹੂੰ"

"ਮਾਤੁਕੁੱਟੀ ਨੇ ਨਾਕੇ ਤੇ ਇਕ ਦੁਕਾਨ ਖੋਲ੍ਹੀ ਹੈ। ਵੇਖੀ ਆ ?"

"ਹਾਂ, ਹਾਂ।"

"ਭਾਈਵਾਲੀ ਦੀ ਦੁਕਾਨ ਹੈ।"

"ਹਾਂ, ਸਾਂਝੀ ਦੁਕਾਨ।"

"ਸਾਂਝੀਦਾਰੀ ਨੂੰ ਜਾਣਨਾ ਏਂ ?"

"ਕਿਉਂ ਨਹੀਂ ਜਾਣਦਾ ?"

"ਬਾਗਡੋਰ ਮਾਤੁਕੁੱਟੀ ਦੇ ਹੱਥ ਵਿਚ ਹੈ।"

"ਕਿਸ ਨੇ ਪਿਤਾ ਜੀ ਨੂੰ ਆਖਿਆ ? ਉਸ ਦੇ ਹੱਥ ਵਿਚ ਖਾਕ ਹੈ।"

"ਉਲੂ ਦਾ ਪੱਠਾ।"

"ਤੂੰ ਇਸ ਤਰ੍ਹਾਂ ਕਿਉਂ ਆਖਿਆ ਹੈ ?"

"ਪਿਤਾ ਜੀ ਨੇ ਕੀ ਵੇਖਿਆ ਹੈ ? ਸਭ ਪਾਸੇ ਹਨੇਰਾ ਹੈ। ਇਕ ਬੱਤੀ ਜਗਾ ਕੇ ਸਮਝਦੇ ਨੇ ਕਿ ਸਭ ਕੁਝ ਵੇਖ ਲਿਆ ਹੈ। ਪਿਤਾ ਜੀ ਨੇ ਕੁਝ ਨਹੀਂ ਵੇਖਿਆ, ਕੁਝ ਨਹੀਂ, ਸਮਝੇ।......"

''ਕਿਸ ਨੇ ਪਿਤਾ ਜੀ ਨੂੰ ਆਖਿਆ ? ਉਸ ਦੇ ਹੱਥ ਵਿਚ ਖਾਕ ਹੈ।''

''ਉੱਲੂ ਦਾ ਪੱਠਾ''

''ਤੂੰ ਇਸ ਤਰ੍ਹਾਂ ਕਿਉਂ ਆਖਿਆ ਹੈ ?''

''ਪਿਤਾ ਜੀ ਨੇ ਕੀ ਵੇਖਿਆ ਹੈ ? ਸਭ ਪਾਸੇ ਹਨੇਰਾ ਹੈ। ਇਕ ਬੱਤੀ ਜਗਾ ਕੇ ਸਮਝਦੇ ਨੇ ਕਿ ਸਭ ਕੁਝ ਵੇਖ ਲਿਆ ਹੈ। ਪਿਤਾ ਜੀ ਨੇ ਕੁਝ ਨਹੀਂ ਵੇਖਿਆ, ਕੁਝ ਨਹੀਂ, ਸਮਝੇ।......''

''ਬਾਬੂ ਜੀ''

''ਹੈਂ''

''ਵੇਖੋ ਕੌਣ ਆਇਆ ਹੈ ? ਬਾਬੂ ਜੀ ਨੂੰ ਵੇਖਣ ਲਈ ਇਹ ਕਿੰਨੀ ਦੇਰ ਤੋਂ ਖੜਾ ਹੈ।''

''ਕੁੰਯੁਚੇਰੁਕਨ ਭਈਆ ਦਾ ਲੜਕਾ—ਕੁੰਯਚੱਨ।''

''ਕੀ ਵੱਡਾ ?''

''ਨਹੀਂ, ਦੂਸਰਾ। ਉਹ ਕਲ ਬੰਬਈ ਤੋਂ ਆਇਆ ਹੈ।''

ਕੁੰਯਚੱਨ, ਕੁੰਏਨਾਚੰਨ ਦੀ ਮੰਜੀ ਤੇ ਬੈਠ ਗਿਆ। ਝੁਰੜੀਆਂ ਵਾਲਾ ਹੱਥ ਆਪਣੇ ਹੱਥ ਵਿਚ ਲੈ ਕੇ ਸਵਾਰਦਾ ਰਿਹਾ।

ਕੁਯਚੱਨ ਨੇ ਦੀਨਾਮਾ ਵਲ ਵੇਖਿਆ—

ਦੀਨਾਮਾ ਨੇ ਹੌਲੀ ਜਹੀ ਆਖਿਆ—''ਬਾਬੂ ਜੀ ਨੂੰ ਕੁਝ ਨਾ ਦੱਸਣਾ।''

ਇਸ ਦੇ ਬਾਅਦ ਜ਼ੋਰ ਦੀ ਕਹਿਣ ਲਗਾ—

''ਬੰਬਈ 'ਚ ਹੈ।''

''ਕਿੰਨੀ ਸਜ਼ਾ ਹੋਈ ?''

''ਓ। ਨਹੀਂ।''

''ਹੁਣ ਤੂੰ ਕਦੋਂ ਜਾਣਾ ਹੈ ?''

''ਇਕ ਅੱਧ ਮਹੀਨੇ ਬਾਅਦ ਹੀ ਜਾਵਾਂਗਾ।''

''ਤੇਰੇ ਵੱਡੇ ਭਰਾ ਕੋਲੋਂ ਮੈਂ ਕੁਝ ਮੰਗਿਆ ਨਹੀਂ ਸੀ, ਉਹ ਖੁਦ ਅੱਧੀ ਰਾਤ ਵੇਲੇ ਇਥੇ ਆ ਗਿਆ।''

''ਕੀ ਕੁੰਯਚਨ ਨੇ ਇਸ ਬਾਰੇ ਪਿਤਾ ਜੀ ਤੋਂ ਕੁਝ ਪੁਛਿਆ ਹੈ ?''

''ਹਾਂ,—ਉਸ ਜਦ ਪੈਸੇ ਦਿਤੇ ਤਾਂ ਮੈਂ ਨਹੀਂ ਸਨ ਲਏ, ਬਹੂ ਨੇ ਹੀ ਲਏ ਸਨ।''

''ਚੁਪ ਰਹੋ, ਬਾਬੂ ਜੀ।''

''ਮੈਂ ਚਲਦਾ ਹਾਂ। ਫੇਰ ਆਵਾਂਗਾ ਦਾਦਾ ਜੀ।''

ਦੀਨਾਮਾ ਕੁੰਯਚੱਨ ਦੇ ਨਾਲ ਦਰਵਾਜ਼ੇ ਤੱਕ ਗਈ।

''ਬੇਟਾ ਕੀ ਇਥੇ ਹੀ ਕਿਧਰੇ ਨੌਕਰੀ ਦੀ ਕੋਸ਼ਿਸ਼ ਨਹੀਂ ਕਰ ਸਕਦਾ ?''

''ਕੈਸੀ ਨੌਕਰੀ ਚਾਚੀ। ਕਿਸਮਤ ਦੀ ਗੱਲ ਹੈ।''

ਚਾਰ ਕਦਮ ਚਲਣ ਦੇ ਬਾਅਦ ਮੁੜ ਕੇ ਬੋਲਿਆ—

"ਮੈਨੂੰ ਦਾਦਾ ਜੀ ਕੋਲ ਖਾਲੀ ਹੱਥ ਆਉਣਾ ਪਿਆ।"

"ਓਹ, ਪਿਤਾ ਜੀ ਨੂੰ ਹੁਣ ਕਿਸ ਗੱਲ ਦੀ ਬੁਝ ਨਹੀਂ। ਇਸ ਬਾਰੇ ਚਿੰਤਾ ਨਾ ਕਰੋ।"

ਦੀਨਾਮਾ ਕੁੰਜਚੱਨ ਨੂੰ ਜਾਂਦਿਆਂ ਵੇਖਦੀ ਕਿੰਨਾ ਹੀ ਚਿਰ ਦਰਵਾਜ਼ੇ ਤੇ ਖੜੀ ਰਹੀ। ਵਿਚਾਰਾ। ਕਿੰਨੇ ਲੋਕਾਂ ਦੀ ਮਦਦ ਲੈ ਕੇ, ਮਿੰਨਤਾਂ ਕਰ-ਕਰ ਕੇ ਨੌਕਰੀ ਮਿਲੀ ਸੀ, ਉਹ ਵੀ ਹੁਣ ਛੁੱਟ ਗਈ। ਫਿਰ ਤੋਂ ਨੌਕਰੀ ਵਾਸਤੇ ਬੰਬਈ ਸ਼ਹਿਰ ਦੀ ਖਾਕ ਛਾਣ ਮਾਰੀ। ਹੁਣ ਨਿਰਾਸ਼ ਹੋ ਕੇ ਵਾਪਸ ਪਿੰਡ ਆ ਗਿਆ ਹੈ। ਇਸ ਆਫਤ ਦਾ ਕਾਰਨ ਹੈ ਵੱਡਾ ਭਰਾ। ਛੋਟੇ ਭਰਾ ਦੇ ਕਮਰੇ ਵਿਚ ਉਸ ਚੋਰੀ ਦਾ ਮਾਲ ਜਮ੍ਹਾ ਕਰ ਰਖਿਆ ਸੀ, ਤੇ ਪੁਲਿਸ ਵਾਲਿਆਂ ਛਾਪਾ ਮਾਰ ਕੇ ਮਾਲ ਬਰਾਮਦ ਕਰ ਲਿਆ। ਵੱਡੇ ਭਰਾ ਨੂੰ ਤਿੰਨ ਸਾਲ ਦੀ ਕੈਦ। ਇਹ ਕੋਈ ਨਵੀਂ ਗੱਲ ਨਹੀਂ ਸੀ। ਇਸ ਤੋਂ ਪਹਿਲਾਂ ਵੀ ਉਹ ਤਿੰਨ ਚਾਰ ਵਾਰ ਜੇਲ੍ਹ ਜਾ ਚੁਕਾ ਸੀ। ਕਈ ਚੋਰ ਬਾਜ਼ਾਰ ਟੋਲੀਆਂ ਦਾ ਮੈਂਬਰ ਸੀ। ਜੋ ਫਸ ਜਾਂਦਾ ਹੈ, ਉਸ ਦੇ ਪਰਿਵਾਰ ਨੂੰ ਬਾਕੀ ਲੋਕ ਗੁਪਤ ਰੂਪ ਵਿਚ ਸਹਾਇਤਾ ਪਹੁੰਚਾਉਂਦੇ ਰਹਿੰਦੇ ਹਨ। ਬਿਨਾਂ ਕਿਸੇ ਅਪਰਾਧ ਦੇ ਕਿਸਮਤ ਦੇ ਮਾਰੇ ਛੋਟੇ ਭਰਾ ਦੀ ਨੌਕਰੀ ਛੁਟ ਗਈ। ਬਦਨਾਮ ਵੀ ਹੋਇਆ ਕਿ ਚੋਰ ਬਾਜ਼ਾਰੀ ਕਰਦਾ ਹੈ......

"ਬਹੂ"

"ਜੀ"

"ਸ਼ਾਮ ਹੋ ਰਹੀ ਹੈ ਨਾ।"

"ਨਹੀਂ ਬਾਬੂ ਜੀ। ਸਵੇਰ ਵੇਲੇ ਗਿਰਜਾਘਰ ਵਿਚ ਮਿੱਸਾ ਸ਼ੁਰੂ ਹੋਇਆ ਹੈ।"

"ਸਭ ਧੁੰਧਲਕਾ ਜਿਹਾ ਲਗਦਾ ਹੈ।"

"ਝਪਕੀ ਆ ਜਾਣ ਕਾਰਨ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ। ਪ੍ਰਾਰਥਨਾ ਕਰਦੇ ਲੇਟੇ ਰਹੋ। ਮੈਂ ਦੁਪਹਿਰ ਲਈ ਕੁਝ ਤਿਆਰੀ ਕਰਾਂ।"

ਦਿਮਾਗ ਸੁਸਤ ਹੈ। ਭਾਰਾ-ਭਾਰਾ ਲਗਦਾ ਹੈ। ਹੱਥ ਪੈਰ ਦੁਖਦੇ ਹਨ। ਮਨ ਦੇ ਅੰਦਰ ਘਬਰਾਹਟ ਹੈ। ਅਫੀਮ ਦਾ ਵਕਤ ਹੋਣ ਤੇ ਇਹ ਸਾਰੀਆਂ ਪ੍ਰਤਿਕ੍ਰਿਆਵਾਂ ਹੁੰਦੀਆਂ ਹਨ। ਸਿਰਹਾਣੇ ਦੇ ਹੇਠੋਂ ਅਫੀਮ ਦੀ ਪੋਟਲੀ ਕੱਢੀ। ਸਿਰਫ਼ ਇਕੋ ਗੋਲੀ ਸੀ, ਸੋ ਨਿਗਲ ਲਈ।

ਬਹੂ ਆਖਦੀ ਹੈ ਕਿ ਪ੍ਰਾਰਥਨਾ ਕਰਦੇ ਰਹੋ। ਪ੍ਰਾਰਥਨਾ ਦੇ ਸ਼ਬਦ ਮਨ ਦੇ ਅੰਦਰ ਰੂੰ ਦੇ ਫਾਹਿਆਂ ਵਾਂਗ ਉਡਦੇ ਫਿਰਦੇ ਹਨ। ਕਿਸੇ ਤੇ ਕਾਬੂ ਨਹੀਂ ਰਿਹਾ। ਕੋਈ ਉਸ ਦੀ ਪਰਵਾਹ ਨਹੀਂ ਕਰਦਾ, ਧਿਆਨ ਨਹੀਂ ਦਿੰਦਾ। ਪੱਟਾ ਪੁਰਾਣਾ ਹੋ ਚੁਕਾ ਹੈ। ਮੁੰਨੀ ਤਕ ਵੀ ਨਹੀਂ ਮੰਨਦੀ। ਸੰਧਿਆ ਨਮਸਕਾਰ ਵਿਚ ਕਿਹਾ ਹੈ— ਵਿਦਵੇਸ਼ ਦੇ ਡੰਡੇ ਤੋਂ, ਅਚਾਨਕ ਮੌਤ ਤੋਂ, ਕਰੋਪ ਤੋਂ ਮੈਨੂੰ ਬਚਾ ਲੈ। ਇਕ ਹੋਰ ਜਗ੍ਹਾ ਕਿਹਾ ਹੈ ਆਯੂ ਦੇ ਵਿਚ ਹੀ ਮੈਨੂੰ ਇਸ ਦੁਨੀਆਂ ਤੋਂ ਉਠਾ ਨਹੀਂ ਲੈਣਾ। ਤਾਂ ਵੀ ਕੀ ਇਸ ਤਰ੍ਹਾਂ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਧੁੰਦ ਆਉਂਦੇ ਰਹਿਣ ਦੇ ਬਦਲੇ ਤੇਲ ਦੇ ਹੁੰਦਿਆਂ ਹੀ ਬੱਤੀ ਬੁਝਾ ਦੇਣੀ ਚਾਹੀਦੀ ਹੈ। ਪੱਕੇ ਵਾਲ, ਘਰ ਦਾ ਬਜ਼ੁਰਗ

ਆਦਿ ਸ਼ਬਦ ਤਾਂ ਸਿਰਫ਼ ਰਸਮੀ ਹਨ। ਦੌੜ ਭੱਜ ਹੀ ਹੈ। ਦੌੜਦਿਆਂ-ਦੌੜਦਿਆਂ ਥੱਕ ਕੇ ਰਸਤੇ ਵਿਚ ਰੁੱਖ ਦੀ ਛਾਂ ਹੇਠ ਬੈਠਾ ਹੌਂਕਦਾ ਪਿਆ ਹੈ। ਡਿਗ ਕੇ ਝਪਕੀ ਲੈਂਦਾ ਹੈ। ਫੁਰ-ਫੁਰ ਕਰਦਾ ਹੈ। ਕੌਣ ਵੇਖੇ ਉਸ ਨੂੰ ? ਮਖੌਟਾ ਪਾਈ ਘੋੜੇ ਵਾਂਗ ਦੌੜੀ ਜਾਂਦਾ ਹੈ, ਨਾ ਸੱਜੇ ਵੇਖਦਾ ਹੈ ਨਾ ਖੱਬੇ। ਅਨਜਾਣ ਉਪਜਾਊ ਭੂਮੀ ਤੇ ਜਾ ਕੇ ਝੰਡਾ ਗੱਡ ਦਿੰਦਾ ਹੈ। ਸਾਰੀ ਜ਼ਮੀਨ ਮੇਰੀ ਹੈ। ਸ਼ੈਤਾਨ ਨੇ ਈਸ਼ਵਰ ਨੂੰ ਪਰਬਤ ਦੀ ਚੋਟੀ ਤੇ ਲਿਜਾ ਖੜਾ ਕਰ ਦਿੱਤਾ ਤੇ ਆਖਿਆ ਸੀ—ਇਹ ਸਭ ਕੁਝ ਮੇਰਾ ਹੈ। ਪਰ ਗੱਲ ਸਿਰਫ਼ ਪਲ ਭਰ ਦੀ ਹੈ। ਉਹ ਉਸ ਵੇਲੇ ਪਛਾਣਦੇ ਨਹੀਂ ਸਨ। ਪਿੱਛੇ ਦੌੜੇ ਆਉਂਦੇ ਤਕੜੇ ਆਦਮੀ ਬਾਰੇ ਨਹੀਂ ਜਾਣਦਾ। ਉਹ ਤੁਰਾ ਸਭ ਕੁਝ ਖੋਹ ਕੇ ਆਪਣਾ ਬਣਾ ਲੈਂਦਾ ਹੈ—ਤੇਰੇ ਡੰਗਰ, ਖੇਤ ਤੇ ਦਾਖਵਾੜੀ।...ਉਹ ਸ਼ਕਤੀਸ਼ਾਲੀ ਤੈਨੂੰ ਥੱਕੇ ਹੋਏ ਨੂੰ ਆਖਦਾ ਹੈ—ਆਪਣੀ ਦਾਖਵਾੜੀ ਮੈਨੂੰ ਸਬਜ਼ੀ ਆਦਿ ਉਗਾਉਣ ਲਈ ਦੇ ਦੇ। ਪੁਰਾਣੇ ਨਿਯਮ ਦੇ ਜ਼ਮਾਨੇ ਵਿਚ ਸਮਰੀਆ ਦੇ ਰਾਜਾ ਆਹਾਬ ਨੇ ਇਜ਼ਰਾਈਲ ਦੇ ਨਾਬੋਨ ਨੂੰ ਇਸੇ ਤਰ੍ਹਾਂ ਹੀ ਆਖਿਆ ਸੀ। ਇਹ ਸੁਣ ਕੇ ਨਾਬੋਨ ਬੋਲਿਆ—ਆਪਣੇ ਬਜ਼ੁਰਗਾਂ ਦੀ ਜਾਇਦਾਦ ਤੈਨੂੰ ਕਿਉਂ ਦੇਵਾਂ। ਆਹਾਬ ਇਹ ਸੁਣ ਕੇ ਉਦਾਸ ਹੋ ਗਿਆ। ਬਿਨਾਂ ਭੋਜਨ ਕੀਤੇ ਮੰਜੀ ਤੇ ਮੂੰਹ ਫੇਰੀ ਲੇਟਿਆ ਰਿਹਾ। ਤਾਂ ਆਹਾਬ ਦੀ ਪਤਨੀ ਈਸਾਬੇਲ ਆਈ। ਉਸ ਨੇ ਪਤਨੀ ਨੂੰ ਸਾਰੀ ਗੱਲ ਦੱਸੀ। ਉਸ ਨੇ ਉਸ ਨੂੰ ਆਖਿਆ—ਕੀ ਤੁਸੀਂ ਰਾਜ ਕਰਦੇ ਹੋ ਕਿ ਨਹੀਂ ? ਉਠ ਕੇ ਭੋਜਨ ਤਾਂ ਕਰੋ। ਉਪਾ ਮੈਂ ਕਰਾਂਗੀ। ਉਸ ਨੇ ਨਾਬੋਨ ਦੇ ਪ੍ਰਮੁਖ ਨਾਗਰਿਕਾਂ ਨੂੰ ਪੱਤਰ ਲਿਖਿਆ—ਦੋ ਅੱਛੇ ਆਦਮੀਆਂ ਕੋਲੋਂ ਝੂਠੀ ਗਵਾਹੀ ਦਿਵਾਓ ਕਿ ਨਾਬੋਨ ਨੇ ਈਸ਼ਵਰ ਤੇ ਰਾਜਾ ਦੀ ਨਿੰਦਿਆ ਕੀਤੀ ਹੈ। ਇਸ ਦੇ ਬਾਅਦ ਉਸ ਨੂੰ ਨਗਰ ਦੇ ਬਾਹਰ ਲੈ ਜਾਓ ਤੇ ਪੱਥਰ ਮਾਰ ਮਾਰ ਕੇ ਮਾਰ ਦਿਓ। ਈਸਾਬੇਲ ਨੇ ਪੱਤਰ ਆਹਾਬ ਵਲੋਂ ਲਿਖਿਆ ਤੇ ਉਸ ਦੀ ਮੋਹਰ ਲਾ ਕੇ ਭੇਜਿਆ। ਨਗਰ ਦੇ ਪ੍ਰਮੁਖ ਲੋਕਾਂ ਨੇ ਲਿਖੇ ਅਨੁਸਾਰ ਹੀ ਕੀਤਾ। ਪੱਥਰ ਮਾਰ-ਮਾਰ ਕੇ ਜਾਨ ਕੱਢਣੀ ਕਿੰਨੀ ਡਰਾਉਣੀ ਗੱਲ ਹੈ। ਇਕ-ਇਕ ਪੱਥਰ ਦੇ ਲੱਗਣ ਨਾਲ ਮੂੰਹ ਟੁਟਦਾ ਹੈ, ਨੱਕ ਟੁੱਟਦਾ ਹੈ, ਖ਼ੂਨ ਵਗਦਾ ਹੈ। ਹਰ ਪੱਥਰ ਦੀ ਚੋਟ ਨਾਲ ਆਦਮੀ ਥੋੜ੍ਹਾ-ਥੋੜ੍ਹਾ ਕਰਕੇ ਮਰਦਾ ਹੈ। ਖੈਰ ਦੋ ਹਾਥੀਆਂ ਦੇ ਪੈਰਾਂ ਨਾਲ ਆਦਮੀ ਦੇ ਪੈਰ ਬੰਨ੍ਹਵਾ ਦੇਣਾ ਜਾਂ ਦੋ ਹਾਥੀਆਂ ਤੋਂ ਅੱਡ-ਅੱਡ ਪਾਸੇ ਖਿਚਵਾ ਕੇ ਆਦਮੀ ਨੂੰ ਚਿਰਵਾ ਦੇਣਾ, ਇਹ ਵੇਖਿਆ ਹੀ ਨਹੀਂ ਸੁਣਿਆ ਹੈ ਕਿ ਬੇਲੁੱਤਪੀ ਕਲਣਾ ਅਜਿਹੀ ਸਜ਼ਾ ਦਿੰਦੇ ਹੁੰਦੇ ਸਨ। ਪਰ ਹਾਥੀ ਸ੍ਰੀਕੰਠ ਨੂੰ ਮਹਾਵਤ ਪਾਚੁਕੁਰੁਪ ਨੂੰ ਦੰਦਾਂ ਨਾਲ ਮਾਰਦੇ ਵੇਖਿਆ ਹੈ। ਪਾਚੂ ਹਾਥੀ ਨੂੰ ਬਹੁਤ ਤੰਗ ਕਰਦਾ ਸੀ। ਨਾਲ ਹੀ ਪਾਚੂ ਦਾ ਛੋਟਾ ਭਰਾ ਪਾਕਰਨ ਰਹਿੰਦਾ ਸੀ। ਹਾਥੀ ਨੇ ਖਾਰ ਖਾਧੀ ਹੋਈ ਸੀ। ਅੱਖ ਦੇ ਕੋਨੇ 'ਚੋਂ ਵੇਖਿਆ ਤੇ ਪਾਚੂ ਨੂੰ ਸੁੰਡ ਤੇ ਚੁਕ ਲਿਆ। ਪਾਚੂ ਸਮਝ ਗਿਆ ਕਿ ਹਾਥੀ ਉਸ ਨੂੰ ਖਤਮ ਕਰਨਾ ਚਾਹੁੰਦਾ ਹੈ। ਉਹ ਚੀਕਿਆ—"ਪਾਕਰਨ।" ਪਾਕਰਨ ਬਹੁਤ ਵੱਡਾ ਛੁਰਾ ਲਈ ਤਿਆਰ ਸੀ। ਸ੍ਰੀਕੰਠ ਜਦ ਪਾਚੂ ਨੂੰ ਜ਼ਮੀਨ ਤੇ ਰਖ ਉਸ 'ਤੇ ਦੰਦ ਦਾ ਵਾਰ ਕਰਨ ਲੱਗਾ ਤਾਂ ਪਾਕਰਨ ਨੇ ਉਸ ਦੀ ਪੂਛ ਤੇ ਜ਼ੋਰ ਦੀ ਛੁਰਾ ਮਾਰ ਦਿੱਤਾ। ਪਾਚੂ ਨੂੰ ਛੱਡ ਕੇ ਸ੍ਰੀਕੰਠ ਪਾਕਰਨ ਦੇ ਪਿੱਛੇ

ਨੱਸਿਆ। ਪਾਕਰਨ ਨੇ ਆਵਾਜ਼ ਦਿਤੀ—''ਭਈਆ! ਦੌੜ ਜਾਓ, ਬਚ ਜਾਓ।'' ਹਾਥੀ ਸਮਝ ਗਿਆ। ਉਹ ਮੁੜ ਕੇ ਪਿੱਛੇ ਨੱਸਿਆ ਤੇ ਪਾਚੂ ਨੂੰ ਪਕੜ ਲਿਆ। ਪਾਕਰਨ ਨੇ ਇਕ ਵਾਰ ਫਿਰ ਪੂਛ ਤੇ ਛੁਰਾ ਮਾਰਿਆ। ਪਰ ਹੁਣ ਸ੍ਰੀਕੰਠ ਨੇ ਪਾਚੂ ਦੀ ਪਰਵਾਹ ਨਹੀਂ ਕੀਤੀ। ਉਸ ਨੇ ਆਪਣੇ ਦੰਦ ਸਿੱਧੇ ਉਸ ਦੀ ਛਾਤੀ ਵਿਚ ਗੱਡ ਦਿੱਤੇ—''ਹਾਏ ਭਈਆ...ਮਾਂ...ਪਾਣੀ'' ਚਿਲਾਇਆ......

ਥੋੜ੍ਹੀ ਕਾਂਜੀ ਮਿਲ ਜਾਂਦੀ ਤਾਂ ਚੰਗਾ ਹੁੰਦਾ—ਗਲਾ ਸੱਕ ਰਿਹਾ ਹੈ।

''ਬਹੂ''

ਸੁਣਿਆ ਨਹੀਂ। ਫੁਰਸਤ ਨਹੀਂ। ਵਰਨਾ ਵਿਚ-ਵਿਚ ਆ ਕੇ ਪੁਛਦੀ ਕਿ ਕਾਂਜੀ ਦੇਵਾਂ, ਕਾਫੀ ਦੇਵਾਂ, ਉਹ ਇਕੱਲੀ ਕੀ ਕਰੇ? ਹਰ ਜਗ੍ਹਾ ਉਸੇ ਦਾ ਹੱਥ ਲੱਗਣਾ ਹੰਦਾ ਹੈ। ਮਾਤੁਕੁੱਟੀ ਉਸ ਦੀ ਹੁਸ਼ਿਆਰੀ ਨਾਲ ਕੰਮ ਚਲਾ ਰਿਹਾ ਹੈ। ਘਰ ਦੇ ਬਾਰੇ ਉਸ ਨੂੰ ਕੁਝ ਪਤਾ ਹੀ ਨਹੀਂ। ਜਿਸ ਨੂੰ ਨਾਲਾਇਕ ਝਗੜਾਲੂ ਔਰਤ ਮਿਲੇ ਉਹ ਤਰੱਕੀ ਨਹੀਂ ਕਰ ਸਕਦਾ। ਬਰਸਾਤ ਵਾਲੇ ਦਿਨ ਪਾਣੀ ਦਾ ਲਗਾਤਾਰ ਟਪਕਣਾ ਤੇ ਝਗੜਾਲੂ ਔਰਤ ਦੋਵੇਂ ਇਕੋ ਜਿਹੇ ਹੁੰਦੇ ਹਨ। ਜੋ ਉਸ ਨੂੰ ਰੋਕਣ ਦੀ ਕੋਸ਼ਿਸ਼ ਕਰਦਾ ਹੈ, ਮਾਨੋ ਉਹ ਹਵਾ ਨੂੰ ਰੋਕਣ ਦੀ ਕੋਸ਼ਿਸ਼ ਕਰਦਾ ਹੈ, ਸੱਜੇ ਹੱਥ ਨਾਲ ਤੇਲ ਨੂੰ ਫੜਨ ਦੀ ਕੋਸ਼ਿਸ਼ ਕਰਦਾ ਹੈ। ਨੇਕ ਔਰਤ ਤਾਂ ਘਰ ਲਈ ਵਰਦਾਨ ਹੈ। ਪਹਿਲਾਂ ਤੋਨਕਾਟ ਦੇ ਇਕ ਅਧਿਆਪਕ ਇਥੇ ਪੜ੍ਹਾਇਆ ਕਰਦੇ ਸਨ। ਸਤ ਬੱਚੇ ਸਨ। ਸੱਤੇ ਦੀਆਂ ਸੱਤੇ ਲੜਕੀਆਂ। ਉਹ ਖੁਦ ਬਹੁਤ ਨਿਕੰਮਾ ਸੀ। ਪਾਨ ਖਾ ਕੇ, ਪਾਨ ਦਾ ਰਸ ਵਗੀ ਜਾਂਦਾ ਤੇ ਉਹ ਦਾੜ੍ਹੀ ਮੁੱਛ ਵਧਾ ਕੇ ਭੌਂਦਾ ਫਿਰਦਾ ਸੀ। ਉਸ ਘਰ ਸੱਤ ਦਿਨ ਚੁਲ੍ਹਾ ਨਾ ਭਖਦਾ ਤਾਂ ਵੀ ਕਿਸੇ ਨੂੰ ਪਤਾ ਨਾ ਲਗਦਾ। ਉਸ ਦੀ ਪਤਨੀ ਇੰਨੀ ਸੁਯੋਗ ਸੀ। ਬੱਚੀਆਂ ਰਾਜ ਕੁਮਾਰੀਆਂ ਲਗਦੀਆਂ ਸਨ......

''ਹਾਏ ਗਲਾ ਸੜ ਰਿਹਾ ਹੈ।''

''ਬੇਟੀ!''

ਬਹੁਤ ਘਬਰਾਹਟ।

ਜੀਭ ਸੁੱਕਦੀ ਜਾ ਰਹੀ ਹੈ। ਬਹੂ ਕਿਥੇ ਗਈ? ਕਿਧਰੇ ਬੀਮਾਰ ਤਾਂ ਨਹੀਂ ਪਈ? ਦਿਨ ਵੇਲੇ ਸੌਂਦੀ ਤਾਂ ਹੈ ਨਹੀਂ—ਜ਼ੋਰ ਦੀ ਆਵਾਜ਼ ਦਿਤੀ—

''ਬਹੂ''

ਆਵਾਜ਼ ਬਿਲਕੁਲ ਨਿਕਲਦੀ ਹੀ ਨਹੀਂ। ਇੰਨਾ ਜ਼ੋਰ ਲਾਉਣ ਤੇ ਵੀ ਆਵਾਜ਼ ਬਾਹਰ ਨਹੀਂ ਆਉਂਦੀ। ਗਲਾ ਇਕਦਮ ਸੁੱਕ ਚੱਲਿਆ ਹੈ। ਉਠ ਕੇ ਵੇਖਾਂ। ਜੇ ਚਕਰਾ ਕੇ ਡਿਗ ਪਿਆ ਤਾਂ? ਸੋਟੀ ਕਿਥੇ? ਸੰਜੋਗ ਨੂੰ ਬੱਚੇ ਨਹੀਂ ਲੈ ਗਏ ਹੋਏ। ਮੰਜੀ ਦੇ ਸਿਰਹਾਣੇ ਪਈ ਹੈ। ਹੌਲੀ ਜਿਹੀ ਉਠੇ। ਪੈਰ ਜ਼ਮੀਨ ਤੇ ਜੰਮਦਾ ਨਹੀਂ। ਬੈਠ ਗਏ—

''ਬਹੂ''

ਫੇਰ ਉਠੇ। ਦੀਵਾਰ ਦੇ ਸਹਾਰੇ ਹੌਲੀ-ਹੌਲੀ ਚਲਣ ਲਗ ਪਏ। ਦਰਵਾਜ਼ਾ ਬੰਦ ਸੀ। ਚਿਟਕਨੀ ਨਹੀਂ ਸੀ ਲੱਗੀ। ਦਰਵਾਜ਼ੇ ਦੀ ਚੁਗਾਠ ਫੜ ਕੇ ਦਰਵਾਜ਼ੇ ਨੂੰ

ਧੱਕਾ ਮਾਰ ਕੇ ਖੋਲ੍ਹਿਆ ।

"ਬਹੂ"

ਕੌਣ ਹੈ ?......ਹੂੰ ? ਇਕ ਦੂਜੇ ਨਾਲ ਲਿਪਟੇ ਪਏ ਹਨ । ਕਾਲਾ ਜੰਗਲੀ ਭੈਂਸੇ ਵਰਗਾ ਨੰਗਾ ਕਰੂਪ । ਗੋਰੀ ਰਿਸ਼ਟ-ਪੁਸ਼ਟ ਦੀਨਾਮਾ ਬਹੂ । ਤੜਫ ਕੇ ਉਠ ਪਈ । ਕਪੜੇ ਲੈ ਕੇ ਲਪੇਟ ਲਏ ।

"ਹੇ ਪ੍ਰਭੂ ।"

ਠੋਕਰ ਖਾ ਕੇ ਡਿਗਦੇ ਹਨ । ਦੌੜਦੇ ਹਨ । ਸੋਟੀ ਕਿਥੇ ? ਹੱਥ ਵਿਚ ਹੀ ਤਾਂ ਹੈ । ਤੂਫ਼ਾਨ ਦੀ ਸੀਟੀ । ਮਾਨੋ ਲੋਕਾਂ ਦੀ ਇਕ ਵੱਡੀ ਭੀੜ ਗੱਜੀ, ਮਜ਼ਾਕ ਉਡਾਉਂਦੀ ਆ ਰਹੀ ਹੋਵੇ । ਕਿਸੇ ਚੀਜ਼ ਨੂੰ ਘੁੱਟ ਕੇ ਫੜਨਾ ਹੈ ਨਹੀਂ ਤਾਂ ਉਡ ਜਾਵਾਂਗਾ । ਕੀ ਸ਼ੈਤਾਨ ਨੂੰ ਕੈਦਖਾਨੇ 'ਚੋਂ ਰਿਹਾਅ ਕਰ ਦਿੱਤਾ । ਕੀ ਉਹ ਪ੍ਰਿਥਵੀ ਦੀਆਂ ਚੌਹਾਂ ਦਿਸ਼ਾਵਾਂ ਦੀਆਂ ਜਾਤੀਆਂ ਵਿਚ ਸਮੁੰਦਰ ਤਟ ਦੇ ਰੇਤ ਦੇ ਕਣਾਂ ਵਾਂਗ ਅਨਗਿਣਤ ਲੋਕਾਂ ਨੂੰ ਲੜਾਈ ਵਾਸਤੇ ਆਪਣੇ ਨਾਲ ਲੈ ਚਲਿਆ ਹੈ ? ਆਸਮਾਨ 'ਚੋਂ ਅੱਗ ਕਿਉਂ ਨਹੀਂ ਵਸਦੀ ?

ਇਹ ਕੀ ਬੜਾ ਵੱਡਾ ਸ਼ੋਰ ਸ਼ਰਾਬਾ ਸੁਣਾਈ ਦਿੰਦਾ ਹੈ ? ਸ਼ੈਤਾਨ ਦਾ ਆਗਮਨ ? ਨਹੀਂ । ਸਵਰਗ ਵਿਚ ਯਹੋਵਾ ਦਾ ਆਗਮਨ ਹੈ । 'ਹੱਲਿਲੂਯਾਹ' ਗਾਉਂਦੇ ਹਨ । ਵੇਸਵਾ ਬ੍ਰਿਤੀ ਤੋਂ ਪ੍ਰਿਥਵੀ ਨੂੰ ਕਲੰਕਿਤ ਕਰਦੀ ਮਹਾਂਵੇਸਵਾ ਤੋਂ ਆਪਣਾ ਖ਼ੂਨ ਮੰਗ ਕੇ ਬਦਲਾ ਲੈਣ ਆਏ ਹਨ ।

ਹੱਲਿਲੂਯਾਹ—ਈਸ਼ਵਰ ਦੇ ਨਾਂ ਦੀ ਸਤੁਤੀ ਹੋਵੇ । ਹੜ੍ਹ ਦੀ ਗੜਗੜਾਹਟ ਜਹੀ ਪਥਰਾਈ ਬੱਦਲ ਦੀ ਗਰਜਨ ਸੀ......

ਹੱਲਿਲੂਯਾਹ ।......

ਜਦ ਅੱਖੀਆਂ ਖੁਲ੍ਹੀਆਂ ਤਾਂ ਸਭ ਪਾਸੇ ਲੋਕਾਂ ਦੀ ਭੀੜ ਸੀ । ਕੋਹਰਾਮ ਜਿਹਾ ਮੱਚਿਆ ਹੋਇਆ ਸੀ । ਆਦਮੀ ਪਛਾਣਿਆ ਨਹੀਂ ਜਾਂਦਾ । ਮਰਦ, ਔਰਤਾਂ, ਬੱਚੇ......

"ਪਿਤਾ ਜੀ !......"

ਸਿਰ ਮੁੜਿਆ ਹੋਇਆ । ਕੰਨਾਂ ਤੇ ਪੱਕੇ ਵਾਲ । ਕੁੰਨਾਚੰਨ ਬੁੜਬੁੜਾਏ—

"ਕੀਵਰੀਤ ।"

"ਮੈਂ ਹਾਂ ਪਿਤਾ ਜੀ । ਕੁਝ ਕਾਫੀ ਪੀਓਗੇ ।"

"ਮਾਤੁਕੁੱਟੀ ਕਿਥੇ ਹੈ ?"

"ਉਹ ਮਾਲਾਬਾਰ ਗਿਆ ਏ ਨਾ ।......ਦੀਨਾਮਾ ਥੋੜ੍ਹੀ ਕਾਫੀ ਲਿਆ ।"

"ਚਮਚ ਨਾਲ ਪਿਲਾਉਣਾ ।"

"ਸਹਾਰਾ ਦੇ ਕੇ ਬੈਠਾਵਾਂ ।"

"ਮਾਂ ਜੀ, ਜ਼ਰਾ ਹਟ ਜਾਓ, ਮੈਂ ਸਹਾਰਾ ਦੇਵਾਂਗਾ ।"

"ਦੀਨਾਮਾ ਤੂੰ ਹੀ ਪਿਲਾ ਦੇ ।"

ਹੁਣ ਵੇਖ ਸਕਦਾ ਹਾਂ । ਤੇਰਾ ਚੇਹਰਾ ਭੱਖ ਉਠਿਆ ਹੈ । ਕੀ ਬਦਨ ਤੇ

ਕਪੜੇ ਹਨ ? ਤੇਰਾ ਦਿੱਤਾ ਪਾਣੀ ਕਿਵੇਂ ਵਿਸ਼ਵਾਸ ਕਰਕੇ ਪੀਵਾਂ। ਹੱਥ ਉਠਦਾ ਨਹੀਂ। ਬੜੀ ਤਕਲੀਫ ਨਾਲ ਹੱਥ ਚੁਕਿਆ। ਇਕ ਧੱਕਾ। ਗਲਾਸ ਤੇ ਚਮਚ ਹੱਥ 'ਚੋਂ ਛੁਟ ਕੇ ਹੇਠ ਡਿਗ ਪਏ। ਮਨ ਨੂੰ ਖੁਸ਼ੀ ਹੋਈ—

"ਹਾਏ ਇਹ ਕੀ ?"

"ਬਾਬੂ ਜੀ ਮੈਂ ਹਾਂ।"

"ਹਾਂ, ਤੂੰ ਹੀ ਹੈਂ। ਤਾਈਓਂ ਤੇ। ਜਾ ਮੇਰੇ ਸਾਹਮਣਿਓਂ।"

"ਸ਼ਾਇਦ ਪਛਾਣ ਨਹੀਂ ਸਕਦੇ।"

"ਕੀਵਰੀਤ !"

"ਕੀ ਏ ਪਿਤਾ ਜੀ।"

"ਇਸ ਨੱਬੇ ਵਰ੍ਹੇ ਦੀ ਉਮਰ ਵਿਚ ਵੀ ਮੈਂ ਅੰਨ੍ਹਾ ਹੀ ਰਹਿ ਗਿਆਂ ਓਏ।"

"ਪਿਤਾ ਜੀ ਖੂਬ ਵੇਖ ਸਕਦੇ ਨੇ।"

"ਨਹੀਂ ਓਏ......"

ਅੱਗੇ ਕੁਝ ਕਹਿਣ ਲੱਗੇ ਤਾਂ ਦੀਨਾਮਾ ਬੜੀ ਉਚੀ ਆਵਾਜ਼ ਵਿਚ ਬੋਲੀ, ਜਿਸ ਕਾਰਨ ਉਨ੍ਹਾਂ ਦੀ ਆਵਾਜ਼ ਸੁਣਾਈ ਨਾ ਦੇ ਸਕੇ—

"ਬੇਹੋਸ਼ੀ ਵਿਚ ਕੁਝ ਬੜਬੜਾ ਰਹੇ ਹਨ।"

"ਠੀਕ ਗੱਲ ਏ। ਨਹੀਂ ਤਾਂ ਚਾਚੀ ਦੀ ਦਿੱਤੀ ਹੋਈ ਕਾਫੀ ਕਿਉਂ ਹੱਥੋਂ ਸੁਟਵਾ ਦਿੰਦੇ ?"

"ਉਹ ਬਦਮਾਸ਼ ਕਿਥੇ ਹੈ ?"

"ਕੌਣ, ਪਿਤਾ ਜੀ।"

ਦੀਨਾਮਾ ਫਿਰ ਉਤਾਵਲੀ ਹੋ ਬੋਲੀ—

"ਭਈਆ, ਇਸ ਤਰ੍ਹਾਂ ਕੋਈ ਗੱਲ ਪੁੱਛਣ ਨਾਂਲ ਹੀ ਬੜਬੜਾਂਦੇ ਹਨ। ਕੁਝ ਪੁੱਛੋ ਨਾ। ਚੁਪਚਾਪ ਪਏ ਰਹਿਣ।"

"ਮੈਂ ਆਪਣੇ ਬੇਟੇ ਨੂੰ ਵੇਖਣਾ ਹੈ—ਮਾਤੁਕੁੱਟੀ ਨੂੰ। ਉਹ ਕਿਥੇ ਹੈ ? ਮੇਰਾ ਪੁਰਾਣਾ ਚਾਕੂ ਉਸ ਦੇ ਹੱਥ ਵਿਚ ਹੈ।"

ਸ਼ਾਂਤੰਮਾ ਕੋਲ ਜਾ ਕੇ ਬੋਲੀ—

"ਕਲ ਜਾਂ ਪਰਸੋਂ ਆਉਣਗੇ ਭਈਆ, ਦਾਦਾ ਜੀ।"

"ਕੀ ਛੋਟੀ ਬਹੂ ਹੈ ?"

"ਹਾਂ।"

"ਨੇੜੇ ਆ।"

ਉਸ ਦਾ ਹੱਥ ਆਪਣੇ ਹੱਥ ਵਿਚ ਪਕੜ ਲਿਆ।

"ਤੂੰ ਕਿਥੇ ਸੈਂ ?"

"ਗਿਰਜਾਘਰ ਗਈ ਸਾਂ। ਦਾਦਾ ਜੀ ਨੂੰ ਦੱਸ ਕੇ ਹੀ ਗਈ ਸਾਂ ਨਾ ?"

"ਅੱਗੋਂ ਕਿਧਰੇ ਨਾ ਜਾਣਾ।"

"ਕਿਉਂ ?"

"ਚੋਰ।"

ਸ਼ਾਤੰਮਾ ਦੀ ਸਮਝ ਵਿਚ ਕੁਝ ਨਹੀਂ ਆਇਆ। ਉਹ ਚਵੀਂ ਪਾਸੀਂ ਤੱਕਦੀ ਰਹੀ।

"ਸਿੱਕੇ ਦੇ ਖੋਟੇ ਹੋਣ ਦਾ ਪਤਾ ਫਰਸ਼ ਤੇ ਸੁਟਦਿਆਂ ਆਵਾਜ਼ ਤੋਂ ਲਗੇਗਾ। ਕਟਹਿਰ ਨੂੰ ਛੇਦ ਕਰਕੇ ਜਾਂਚਿਆਂ ਬੁਰਾਈ ਦਾ ਪਤਾ ਲਗਦਾ ਹੈ। ਪਰ ਔਰਤ ਦੇ ਦਿਲ ਨੂੰ ਕਿਵੇਂ ਸਮਝਿਆ ਜਾ ਸਕਦਾ ਹੈ ?"

ਕੁੰਏਨਾਚੰਨ ਦੀਆਂ ਅੱਖੀਆਂ ਭਰ ਆਈਆਂ।

"ਥੋੜ੍ਹਾ ਪਾਣੀ ਪਿਲਾ ਦੇ।"

ਸ਼ਾਤੰਮਾ ਨੇ ਕਾਫੀ ਦਿੱਤੀ ਤਾਂ ਪੀ ਗਏ। ਸੁੱਕੇ ਗਲੇ 'ਚੋਂ ਕਣਕੁੱਟੀ ਜਿਹੀ ਕਾਫੀ ਹੇਠ ਉਤਰੀ ਤਾਂ ਕੁਝ ਆਰਾਮ ਮਹਿਸੂਸ ਕੀਤਾ। ਅੱਖੀਆਂ ਨੂੰ ਰੋਸ਼ਨੀ ਮਿਲੀ।

ਚਵੀਂ ਪਾਸੀਂ ਵੇਖਿਆ। ਹੁਣ ਹਰੇਕ ਚਿਹਰੇ ਨੂੰ ਪਛਾਣ ਸਕਦੇ ਸਨ। ਦੀਨਾਮਾ ਦੇ ਚਿਹਰੇ ਤੇ ਅੱਖੀਆਂ ਗੱਡੀਆਂ ਤਾਂ ਉਹ ਸਹਿਮ ਗਈ। ਕੁੰਏਨਾਚੰਨ ਨੇ ਵੀ ਇਹ ਵੇਖ ਲਿਆ।

"ਕੀਵਰੀਤ।"

"ਕੀ ?"

"ਉਹ ਕੁਰੁਪ ਕਿਥੇ ਹੈ ਓ ?"

"ਆਪਣੇ ਘਰ ਹੋਣਗੇ। ਅਜ ਐਤਵਾਰ ਹੈ, ਇਸ ਲਈ ਦੁਕਾਨ ਨਹੀਂ ਖੋਲ੍ਹਣੀ।"

ਦੀਨਾਮਾ ਫਿਰ ਬੋਲ ਪਈ—

"ਪਿਤਾ ਜੀ ਨੂੰ ਸ਼ੱਕ ਹੈ ਕਿ ਸਿਸਿਲੀ ਮੁੰਨੀ ਦੇ ਪਿਤਾ ਜੀ ਜਾਂਦੇ ਹੋਏ ਪਤਾ ਨਹੀਂ ਸਭ ਪ੍ਰਬੰਧ ਕਰ ਗਏ ਹਨ ਕਿ ਨਹੀਂ। ਇਸ ਉਮਰ ਵਿਚ ਵੀ ਘਰ ਗ੍ਰਹਿਸਥੀ ਤੇ ਬੇਟਿਆਂ ਦੀ ਚਿੰਤਾ ਹੈ।"

ਦੀਨਾਮਾ ਦੀਆਂ ਗੱਲਾਂ ਕੁੰਏਨਾਚੰਨ ਨੂੰ ਸਾਫ਼-ਸਾਫ਼ ਨਹੀਂ ਸੁਣਾਈ ਦਿਤੀਆਂ। ਉਨ੍ਹਾਂ ਨੇ ਫਿਰ ਆਪਣੀ ਨਜ਼ਰ ਉਸ ਦੇ ਮੂੰਹ ਵਲ ਜਮਾਈ। ਮੋਹਕ ਰਮਣੀ ਦੀ ਅੱਖ। ਸ਼ੱਕਰ ਵਰਗੀ ਮਿੱਠੀ ਗਲ। ਮਾਦਕ ਰੂਪ। ਤੂੰ ਪੁਰਸ਼ਾਂ ਦਾ ਸ਼ਿਕਾਰ ਕਰਦੀ ਹੈਂ। ਤੇਰੇ ਜਾਲ ਵਿਚ ਫਸੇ ਹੋਏ ਮਰਦ ਦਾ ਸਰਵਨਾਸ਼ ਹੁੰਦਾ ਹੈ। ਕੋਈ ਆਦਮੀ ਕਪੜੇ ਨੂੰ ਜਲਾਏ ਬਗੈਰ ਗੋਦ ਵਿਚ ਅੱਗ ਨਹੀਂ ਰਖ ਸਕਦਾ। ਪੈਰਾਂ ਨੂੰ ਸਾੜੇ ਬਗੈਰ ਅੱਗ ਤੇ ਚਲ ਨਹੀਂ ਸਕਦਾ। ਇਸੇ ਤਰ੍ਹਾਂ ਜੋ ਤੇਰੇ ਮੋਹ-ਜਾਲ ਵਿਚ ਫਸੇਗਾ ਨਸ਼ਟ ਹੋਏ ਬਗੈਰ ਨਹੀਂ ਰਹਿ ਸਕਦਾ......"

ਧੁੱਪ ਚੜ੍ਹੀ ਹੀ ਸੀ ਕਿ ਬੱਦਲ ਦਾ ਟੁਕੜਾ ਸੂਰਜ ਨੂੰ ਢੱਕਣ ਲੱਗ ਪਿਆ। ਰੋਸ਼ਨੀ ਫਿਰ ਮੱਧਮ ਹੋਣ ਲੱਗੀ। ਕਿਧਰੇ ਸ਼ਾਮ ਤਾਂ ਨਹੀਂ ਹੋ ਰਹੀ ?

ਕੁਝ ਵਿਖਾਈ ਨਹੀਂ ਦਿੰਦਾ ! ਤਾਂ ਖੁਦ ਕੀ ਵੇਖਿਆ ? ਕੀ ਕੁਝ ਵੇਖਿਆ ? ਭਰਮ ਹੋ ਸਕਦਾ ਹੈ ਜਾਂ ਸੁਫਨਾ। ਨਹੀਂ ਉਹ ਇਸ ਤਰ੍ਹਾਂ ਨਹੀਂ ਕਰਨ ਲੱਗੀ—

"ਜੇ ਸ਼ੱਕ ਹੋਵੇ ਤਾਂ ਪਰਖ ਵੀ ਹੋ ਸਕਦੀ ਹੈ।"

ਰੋਸ਼ਨੀ। ਕੇਵਲ ਇਕ ਆਦਮੀ ਨੂੰ ਵੇਖਣ ਜੋਗੀ ਰੋਸ਼ਨੀ।

"ਕੌਣ ?"

"ਮੈਂ ਹਾਂ ਮੂਸਾ। ਇਜ਼ਰਾਈਲ ਦੀ ਜਨਤਾ ਦਾ ਨੇਤਾ। ਤੈਨੂੰ ਕੀ ਸ਼ੱਕ ਹੈ ? ਯਹੋਵਾ ਨੇ ਸ਼ੱਕ ਦੂਰ ਕਰਨ ਦੀ ਪਰਖ ਦੱਸੀ ਹੋਈ ਹੈ। ਉਸ ਨੂੰ ਬੁਲਾ।"

ਬੁਲਾਉਣ ਵਾਸਤੇ ਜਾਣਾ ਨਹੀਂ ਪਿਆ। ਉਹ ਸਿਰ ਝੁਕਾਈ ਕਦਮ ਤੇ ਕਦਮ ਵਧਾਉਂਦੀ ਵਧਦੀ ਆ ਰਹੀ ਹੈ।

"......ਕਿਸੇ ਪੁਰਸ਼ ਦੀ ਇਸਤ੍ਰੀ ਕੁਚਾਲ ਚਲ ਕੇ ਉਸ ਨਾਲ ਦਗਾ ਕਰੇ, ਕੋਈ ਪੁਰਸ਼ ਉਸ ਇਸਤ੍ਰੀ ਨਾਲ ਕੁਕਰਮ ਕਰੇ ਤਾਂ ਉਹ ਇਹ ਗੱਲ ਅਸਲੀ ਪਤੀ ਤੋਂ ਛੁਪਾਏ। ਉਹ ਅਸ਼ੁਧ ਹੋ ਜਾਏ ਤਾਂ ਉਸ ਦੇ ਪਤੀ ਦਾ ਕਰਤੱਵ ਹੈ ਕਿ ਪਤਨੀ ਨੂੰ ਪੁਰੋਹਿਤ ਦੇ ਕੋਲ ਲੈ ਜਾਏ। ਉਸ ਵਾਸਤੇ ਜੌਂ ਦਾ ਮੈਦਾ ਚੜ੍ਹਾਵੇ ਲਈ ਲੈ ਜਾਣਾ। ਉਸ ਤੇ ਨਾ ਤਾਂ ਤੇਲ ਪਾਉਣਾ ਨਾ ਹੀ ਲੋਬਾਨ ਰਖਣਾ। ਉਹ ਸੰਦੇਹ ਦੀ ਅੰਨ ਬਲੀ ਹੈ। ਯਾਚਕ ਨੂੰ ਇਕ ਮਿੱਟੀ ਦੇ ਭਾਂਡੇ ਵਿਚ ਸਾਫ਼ ਪਾਣੀ ਲੈਣਾ ਚਾਹੀਦਾ ਹੈ। ਇਸ ਦੇ ਬਾਅਦ ਉਸ ਦੇ ਕੇਸ ਖੋਲ੍ਹ ਕੇ ਅਪਰਾਧ ਗਿਆਪਨ ਦਾ ਭੋਜਨਯਾਰਾ ਉਸ ਦੀ ਤਲੀ ਤੇ ਰਖ ਦੇਵੇ। ਪੁਰੋਹਿਤ ਹੱਥ ਵਿਚ ਸਰਾਪਦਾਇਕ ਕੌੜਾ ਪਾਣੀ ਲਈ ਰੱਖੇ। ਉਹ ਜਲ ਉਸ ਇਸਤ੍ਰੀ ਨੂੰ ਪਿਲਾਉਣਾ ਚਾਹੀਦਾ ਹੈ। ਜੇ ਉਸ ਇਸਤ੍ਰੀ ਨੇ ਅਸ਼ੁਧ ਹੋ ਕੇ ਪਤੀ ਨਾਲ ਛਲ ਕੀਤਾ ਹੋਵੇ ਤਾਂ ਕੌੜਾ ਪਾਣੀ ਪੀਣ ਤੇ ਉਸ ਦਾ ਪੇਟ ਫੁਲ ਜਾਏਗਾ ਤੇ ਲੱਤਾਂ ਸੜਨ ਲਗ ਪੈਣਗੀਆਂ—ਕੀ ਪਰੀਖਿਆ ਕਰੀਏ ?"

"ਹਾਂ ਸਰਕਾਰ। ਇਸ ਦੀ ਪਰਖ ਕਰਨੀ ਹੈ।"

ਪਰਖ ਚਲਦੀ ਹੈ। ਅਜੀਬ ਗੱਲ ਹੈ। ਵੇਖਦਿਆਂ ਹੀ ਵੇਖਦਿਆਂ ਪੇਟ ਫੁਲ ਜਾਂਦਾ ਹੈ, ਲੱਤਾਂ ਸੜਨ ਲਗ ਪੈਂਦੀਆਂ ਹਨ। ਚਿਹਰਾ ਠੰਡਾ ਹੋ ਜਾਂਦਾ ਹੈ—

"ਇਸ ਨੂੰ ਪੱਥਰਾਂ ਨਾਲ ਮਾਰ ਦੇਣਾ ਚਾਹੀਦਾ ਹੈ। ਪੱਥਰ ਮਾਰ-ਮਾਰ ਕੇ ਮਾਰ ਦੇਣਾ ਚਾਹੀਦਾ ਹੈ।"

"ਬਾਬੂ ਜੀ"

"ਪਿਤਾ ਜੀ"

ਰੋਸ਼ਨੀ ਫ਼ਿਰ ਧੁੰਦਲੀ ਜਿਹੀ ਹੁੰਦੀ ਜਾ ਰਹੀ ਹੈ।

ਰੋਸ਼ਨੀ ਕਦੀ ਵਧ ਜਾਂਦੀ ਕਦੀ ਧੁੰਦਲਾ ਜਾਂਦੀ। ਕੁੰਏਨਾਚੰਨ ਨੇ ਇਸੇ ਧੁੱਪ ਛਾਂ ਵਿਚ ਰਾਤ ਬਿਤਾਈ।

ਬੇਟੇ, ਪੋਤੇ, ਭਾਈ ਬੰਧੂ ਤੇ ਮੁਹੱਲੇ ਵਾਲੇ ਆਉਂਦੇ ਜਾਂਦੇ ਰਹੇ...

ਰਾਤ ਨੂੰ ਸ਼ਾਤੰਮਾ ਸੁੱਤੇ ਬਗੈਰ ਕੁੰਏਨਾਚੰਨ ਦੀ ਸੇਵਾ ਕਰਦੀ ਰਹੀ। ਬੇਹੋਸ਼ੀ ਦੂਰ ਹੋਣ ਤੇ ਛੁਪਦੀ ਛੁਪਾਂਦੀ ਦੀਨਾਮਾ ਬੜੀ ਚਤੁਰਾਈ ਨਾਲ ਕੋਲ ਹੀ ਖੜੀ ਰਹੀ। ਵਿਆਕੁਲ ਹਿਰਦੇ ਨਾਲ ਪ੍ਰਾਰਥਨਾ ਕੀਤੀ—

"ਹੇ ਪਿਤਾ ! ਕਿਸੇ ਤਰ੍ਹਾਂ ਕੋਈ ਭੜਕਾ ਨਾ ਦੇਵੇ। ਕੀਵਰੀਤ ਤੇ ਕੁੱਟੀਅੰਮਾ ਮੇਲੋਭੱਤੂ ਘਰ ਵਿਚ ਹੀ ਸੌਂ ਗਏ।"

ਕੁੰਏਨਾਚੰਨ ਦੀ ਅੱਖ ਸਵੇਰ ਵੇਲੇ ਕੁਝ ਲੱਗ ਗਈ। ਦੀਨਾਮਾ ਕਾਫੀ ਤਿਆਰ

ਕਰ ਰਹੀ ਸੀ। ਕੀਵਰੀਤ ਚੌਂਕੇ ਦੇ ਦਰਵਾਜ਼ੇ ਅੱਗੇ ਜਾ ਕੇ ਬੋਲਿਆ—''ਦੀਨਾਮਾ ਇਧਰ ਆ।''

ਦੀਨਾਮਾ ਚੌਂਕ ਗਈ। ਰਾਤ ਉਸ ਦੇ ਸੁਤਿਆਂ ਪਿਤਾ ਜੀ ਨੇ ਕਿਧਰੇ ਪੁੱਤਰ ਨੂੰ ਦੱਸ ਤਾਂ ਨਹੀਂ ਦਿਤਾ ? ਚੋਰੀ ਪਕੜੀ ਗਈ ਹੈ ਤੇ ਕਿਧਰੇ ਜਵਾਬ ਤਲਬੀ ਲਈ ਤਾਂ ਨਹੀਂ ਬੁਲਾਇਆ। ਕੋਲ ਗਈ। ਨਿੰਬੂ ਦੇ ਬੂਟੇ ਦੇ ਕੋਲ ਪੁੱਜ ਕੇ ਕੀਵਰੀਤ ਨੇ ਪੁਛਿਆ—

''ਪਿਤਾ ਜੀ ਕਿਵੇਂ ਡਿਗੇ, ਮੈਨੂੰ ਦੱਸ ਤਾਂ।''

''ਮੈਂ ਚੌਂਕੇ ਵਿਚ ਕੋਈ ਕੰਮ ਕਰ ਰਹੀ ਸਾਂ ਭਈਆ। ਆਵਾਜ਼ ਸੁਣ ਕੇ ਆਈ ਤਾਂ ਵੇਖਿਆ......''

''ਹੂੰ, ਸਾਵਧਾਨ ਰਹਿਣਾ ਸੀ। ਖੈਰ ! ਹਰ ਆਫ਼ਤ ਦਾ ਕੋਈ ਕਾਰਨ ਹੁੰਦਾ ਏ ਨਾ ?''

''ਜਦ ਵੀ ਬੁਲਾਉਂਦੇ ਮੈਂ ਦੌੜੀ ਆਉਂਦੀ ਸਾਂ। ਰਾਤ ਵੀ ਚਾਰ ਪੰਜ ਵਾਰ ਜਾ ਕੇ ਵੇਖਦੀ ਹਾਂ।''

ਦੀਨਾਮਾ ਦਾ ਗਲਾ ਭਰ ਆਇਆ। ਅੱਖੀਆਂ ਵੀ ਛਲਕ ਪਈਆਂ।

''ਹਾਂ—ਕਿਸ ਨੇ ਆਖਿਆ ਏ ਕਿ ਤੂੰ ਨਹੀਂ ਵੇਖਦੀ। ਅੱਜ ਤੱਕ ਤੂੰ ਹੀ ਤਾਂ ਉਨ੍ਹਾਂ ਦੀ ਟਹਿਲ ਸੇਵਾ ਕੀਤੀ ਹੈ।''

ਕੀਵਰੀਤ ਘਰ ਵਲ ਜਾ ਰਿਹਾ ਸੀ ਕਿ ਕੁਰੁਪ ਮਿਲ ਗਿਆ।

''ਕੀ ਹਾਲ ਏ ਕੀਵਰੀਤਮਾਪਿਲਾ ?''

''ਉਫ ! ਕਿਵੇਂ ਰਹਿਣ। ਡਿਗਣ ਤੇ ਕੋਈ ਅੰਦਰਲੀ ਸੱਟ ਲੱਗੀ ਹੋਵੇਗੀ। ਖੈਰ ਜੋ ਹੋਣਾ ਸੀ ਹੋ ਗਿਆ। ਹਾਂ, ਅਫੀਮ ਖਤਮ ਹੋ ਗਈ ਹੈ। ਕਿਧਰੋਂ ਲਿਆ ਦੇਣੀ। ਉਸ ਦੇ ਨਾ ਖਾਣ ਕਾਰਨ ਹੀ ਇੰਨੀ ਕਮਜ਼ੋਰੀ ਹੈ।''

''ਅੱਛਾ, ਲਿਆ ਦੇਵਾਂਗਾ।''

''ਮੈਂ ਘਰ ਹੋ ਆਵਾਂ।''

''ਹੋ ਆਓ।''

ਕੀਵਰੀਤ ਚਲਾ ਗਿਆ। ਕੁਰੁਪ ਨੇ ਹੌਲੀ ਜਿਹੀ ਕਿਹਾ—''ਕਿਉਂ ਬੇਜ਼ਾਰ ਏਂ ? ਕੁਝ ਗੜਬੜ ਹੋ ਗਈ ਹੈ ?''

ਦੀਨਾਮਾ ਨੇ ਜਵਾਬ ਨਹੀਂ ਦਿਤਾ। ਉਹ ਅੱਖਾਂ ਘੂਰ ਕੇ ਕੁਰੁਪ ਨੂੰ ਤਾੜਦੀ ਰਹੀ।

''ਇਸ ਤਰ੍ਹਾਂ ਕਿਉਂ ਵੇਖਦੀ ਏਂ ?''

''ਆਖਰੀ ਵਾਰ ਵੇਖ ਰਹੀ ਹਾਂ......।''

''ਆਖਰੀ ਵਾਰ ?''

''ਹਾਂ। ਕਲ ਮੇਰੀ ਲਾਸ਼ ਮਿਲੇਗੀ।''

''ਪਾਗਲਪਨ ਦੀਆਂ ਗੱਲਾਂ ਨਾ ਕਰ।''

''ਪਾਗਲਪਨ ? ਹਟ ਜਾਓ ਮੇਰੇ ਸਾਹਮਣਿਉਂ। ਨਹੀਂ ਤੇ ਖੁਦ ਹੀ ਆਪਣੀ

ਛਾਤੀ ਕੁੱਟ-ਕੁੱਟ ਕੇ ਤੇਰੇ ਸਾਹਮਣੇ ਹੀ ਜਾਨ ਦੇ ਦੇਵਾਂਗੀ। ਕਿੰਨਾ ਰੋਕਿਆ ਸੀ। ਦੋ ਸਾਲ ਤੋਂ ਛੁਪਾਂਦੀ ਰਹੀ ਹਾਂ। ਹੁਣ ਜੱਲਾਦਾਂ ਦੇ ਹੱਥ ਸੌਂਪ ਦਿਤਾ ਈ ਨਾ ?''

''ਚੁਪ ਰਹੋ। ਸਿਰਫ ਸ਼ੱਕ ਹੀ ਹੈ। ਕੁੰਏਨਾਮਾਪਿਲਾ ਕੁਝ ਨਹੀਂ ਸਮਝਿਆ। ਮੈਂ ਜ਼ਰਾ ਵੇਖ ਆਵਾਂ ?''

''ਜਾ ਪਾਜੀ। ਜੇ ਕਿਸੇ ਵੇਖ ਲਿਆ ਤਾਂ ਸਾਰੀ ਗੱਲ ਹੁਣੇ ਹੀ ਖਤਮ ਹੋ ਜਾਏਗੀ।''

ਕੁਰੁਪ ਕੁਝ ਦੇਰ ਸੋਚਦਾ ਖੜਾ ਰਿਹਾ। ਸ਼ਰਨਾਰਥੀ ਵਾਂਗ ਦੀਨਾਮਾ ਵਲ ਵੇਖ ਰਿਹਾ ਸੀ। ਫਿਰ ਮੁੜ ਪਿਆ। ਪਿਛੇ ਦੀਨਾਮਾ ਦੀ ਫੁਸਫੁਸ ਸੁਣੀ—

''ਬੇਹੋਸ਼ੀ ਜਦ ਵੀ ਕੁਝ ਹਟਦੀ ਤਾਂ ਉਹੀ ਗੱਲ ਸ਼ੁਰੂ ਕਰ ਦਿੰਦੇ। ਕਿਸੇ ਤੇ ਇਸ ਗੱਲ ਦੇ ਖੁਲ੍ਹਣ ਤੋਂ ਪਹਿਲਾਂ ਹੀ ਜ਼ਹਿਰ ਖਾ ਕੇ ਮਰ ਜਾਵਾਂ।''

ਸ਼ਿਵਰਾਮ ਕੁਰੁਪ ਚਲਾ ਗਿਆ। ਪੈਰ ਲੜਖੜਾ ਰਹੇ ਸਨ। ਚਾਲ ਵਿਗੜ ਰਹੀ ਸੀ। ਘਬਰਾਇਆ ਹੋਇਆ ਸੀ।

ਉਸ ਦੀ ਸ਼ਰਾਫਤ ਦਾ ਪਹਿਰਾਵਾ ਪਾਟ ਗਿਆ ਹੈ। ਉਹ ਹੁਣ ਨੰਗਾ ਖੜਾ ਹੈ। ਨਿਆਇਆਧੀਸ਼ ਦੀ ਹੀ ਜੇਬ 'ਚੋਂ ਚੋਰੀ ਦਾ ਮਾਲ ਬਰਾਮਦ ਹੋ ਗਿਆ ਹੈ— ਹੁਣ ਕੀ ਕਰੇ ?

ਬੜੀ ਚਤੁਰਾਈ ਤੇ ਯੋਜਨਾਬੰਦੀ ਨਾਲ ਤਿਆਰ ਕੀਤਾ ਮੋਰਚਾ ਟੁੱਟ ਗਿਆ ਹੈ। ਹੁਣ ਮੋਰਚੇ ਦੀ ਮੁਰੰਮਤ ਕਰਨੀ ਹੋਵੇਗੀ। ਕਿਵੇਂ ?......

ਕਿੰਨੀ ਹੀ ਵਾਰ ਹਿਸਾਬ ਲਾਇਆ ਪਰ ਹਰ ਵਾਰ ਇਕ ਹਿੰਦਸੇ ਦੀ ਗਲਤੀ ਲੱਗ ਹੀ ਜਾਂਦੀ ਹੈ।

ਉਸ ਸੋਚਿਆ—

ਉਹਨੀਂ ਦਿਨੀਂ ਕੇਸ਼ਵਪਿੱਲਾ ਦੀ ਬੇਟੀ ਨੂੰ ਤਲਾਕ ਦਿਤਾ ਸੀ। ਘਾਟ ਤੇ ਅਸ਼ਨਾਨ ਕਰਕੇ ਪਿਛਲੀ ਰਾਤ ਵੇਖੀ ਦੁਰੋਯੋਧਨਬਧ ਕਥਾਕਲੀ ਦਾ ਗੀਤ ਗੁਣਗੁਣਾਂਦਾ ਆ ਰਿਹਾ ਸਾਂ। ਉਤਮ ਦੇ ਦਿਨ ਸਨ। ਉਸ ਦੇ ਗੁਣਗੁਣਾਏ ਗੀਤ ਦੀ ਤਾਲ ਤੇ ਹੀ ਥੋੜ੍ਹੀ ਦੂਰ ਬਾਘ ਦੇ ਖੇਲ ਦਾ ਵਾਜਾ ਵੱਜ ਰਿਹਾ ਸੀ। ਤੰਗ ਗਲੀ 'ਚੋਂ ਜਾ ਰਿਹਾ ਸਾਂ ਕਿ ਸਾਹਮਣਿਓਂ ਇਕ ਇਸਤ੍ਰੀ...ਸਾਫ ਸਫੇਦ ਲੁੰਗੀ, ਚੋਲੀ, ਦੁਪੱਟਾ...ਹੱਥ ਵਿਚ ਕਾਲੀ ਜਿਲਦ ਵਾਲੀ ਕਿਤਾਬ, ਨਾਲ ਤਿਤਲੀ ਵਰਗੀ ਸੁੰਦਰ ਬੱਚੀ। ਨੇੜੇ ਆਉਣ ਤੇ ਪਛਾਣ ਲਿਆ। ਕੁੰਯੇਨਾਮਾਪਿਲਾ ਦੀ ਬਹੂ...ਮਾਤੁਕੁੱਟੀ ਦੀ ਔਰਤ।... ਕੁੰਏਨਾਮਾਪਿਲਾ ਨਾਲ ਤਾਂ ਪਹਿਲਾਂ ਹੀ ਜਾਣ ਪਛਾਣ ਸੀ।...ਸੋਟੀ ਨਾਲ ਹੀ ਚਲਦੇ ਸਨ। ਫਿਰ ਵੀ ਪੂਰੇ ਪਿੰਡ ਵਿਚ ਉਨ੍ਹਾਂ ਦਾ ਰੋਹਬ ਸੀ।...

''ਮਾਂ ਤੇ ਬੇਟੀ ਕਿਥੇ ਚਲੀਆਂ ਨੇ ?''

ਮੂੰਹ ਤੋੜ ਜਵਾਬ—

''ਕੀ ਜਵਾਬ ਦਿਤਿਆਂ ਹੀ ਪਤਾ ਲਗੇਗਾ ? ਐਤਵਾਰ ਵਾਲੇ ਦਿਨ ਸਵੇਰੇ-ਸਵੇਰੇ ਪ੍ਰਾਰਥਨਾ ਦੀ ਪੁਸਤਕ ਹੱਥ ਵਿਚ ਲਈ ਹੋਈ ਵੇਖ ਕੇ ਵੀ ?''

ਸੋਚਿਆ ਸੀ ਅਭਿਲਾਸ਼ਾ ਦੀ ਕੜੀ ਟੁੱਟ ਗਈ ਹੈ। ਪਰ ਫਿਰ ਜੁੜ ਗਈ।

ਕੁਏਨਾਚੰਨ ਹੀ ਇਸ ਦਾ ਕਾਰਨ ਸੀ। ਕੁਏਨਾਚੰਨ ਨਹੀਂ—ਅਫੀਮ।

ਇਕ ਦਿਨ ਮੁਹੱਲੇ ਦੇ ਚੌਰਾਹੇ ਵਿਚ ਕੁਏਨਾਚੰਨ ਨੇ ਅਫੀਮ ਦੀ ਗੱਲ ਛੇੜੀ ਤਾਂ ਮਨ ਹੀ ਮਨ ਵਿਚ ਗੋਂਦ ਗੁੰਦੀ। ਇਹ ਹੈ ਕੁੰਡੀ। ਥੋੜ੍ਹੀ ਤਕਲੀਫ ਝੱਲ ਕੇ ਸਹੀ—ਮਾਲ ਲਿਆ ਦਿਤਾ। ਆਉਣ ਜਾਣ ਦਾ ਰਸਤਾ ਨਿਕਲ ਆਇਆ।

ਅੱਗੇ ਨਵੀਂ ਤੋਂ ਨਵੀਂ ਚਾਲ। ਸਭ ਗੱਲਾਂ ਯਾਦ ਆਈਆਂ। ਬੱਚੇ ਨਾਲ ਮੁਲਾਕਾਤ...ਤੋਹਫਾ। ਮਾਤੁਕੁੱਟੀ ਦੀ ਆਰਥਿਕ ਸਹਾਇਤਾ...

ਇਕ ਦਿਨ ਮਨ ਵਿਚ ਦ੍ਰਿੜ੍ਹਤਾ ਨਾਲ ਆਜ਼ਮਾਇਆ। ਉਹ ਦ੍ਰਿਸ਼... ਦੁਪਹਿਰ ਨੂੰ ਕੁਏਨਾਚੰਨ ਅਫੀਮ ਖਾ ਕੇ ਬੇਹੋਸ਼ ਪਏ ਸਨ ਬਾਂਹ ਤੇ ਹੱਥ ਰਖ ਦਿਤਾ—

ਹੱਥ ਕੰਬਦਾ ਜਿਹਾ।

ਪੁੱਛਲ ਤਾਰਾ ਜਿਹਾ—

ਅੰਗਿਆਰੇ ਜਿਹੀਆਂ ਅੱਖੀਆਂ

ਫੜਕਦੇ ਹੋਠ।

"ਇਸ ਵਾਸਤੇ ਕੋਈ ਹੋਰ ਜਗ੍ਹਾ ਵੇਖ ਲਵੋ। ਵਾਹ ! ਇਹੋ ਜਿਹੇ ਹੋ ?"

ਗਲ੍ਹ ਨਾਲ ਹੱਥ ਰਖ ਕੇ ਰੋ ਪਿਆ। ਚੰਗੀ ਤਰ੍ਹਾਂ...

"ਬੇਇਜ਼ਤ ਨਾ ਕਰਨਾ। ਗਲਤੀ ਹੋ ਗਈ, ਕਿਸੇ ਅੱਗੇ ਗੱਲ ਨਾ ਕਰਨੀ।"

"ਕਿਸੇ ਨੂੰ ਨਹੀਂ ਪਤਾ ਲੱਗਣ ਲੱਗਾ ਪਰ ਅੱਗੋਂ ਫਿਰ ਨਾ ਇੰਝ ਕਰਨਾ।"

"ਅੱਗੋਂ ਮੁੜ ਨਾ ਕਰਨਾ...ਇਹ ਤਾਂ ਇਕ ਤਰ੍ਹਾਂ ਦੀ ਗੱਲ ਹੀ ਸੀ। ਆਖਰ ਕਾਬੂ ਆ ਹੀ ਗਈ। ਮੰਨ ਗਈ...

ਸਭ ਛੇਦ ਬੰਦ ਸਨ।

ਸਭ ਸ਼ੱਕ ਦੂਰ ਕਰ ਦਿਤੇ ਸਨ।

ਫਿਰ ਵੀ ਫਸ ਗਏ।

ਬੇੜੀ ਕਿਨਾਰੇ ਲਗ ਰਹੀ ਸੀ ਕਿ ਡੁੱਬ ਗਈ।

ਹੁਣ ਕਿਵੇਂ ਰਸਤਾ ਨਿਕਲੇ ?

"ਏ ?"

"ਲਓ ਪਿਤਾ ਜੀ ! ਖਾਓ। ਆਰਾਮ ਮਿਲੇਗਾ।"

ਅੱਖੀਆਂ ਖੋਲ੍ਹ ਕੇ ਕੁਏਨਾਚੰਨ ਨੇ ਕੀਵਰੀਤ ਨੂੰ ਵੇਖਿਆ। ਆਪਣੇ ਪਿਆਰ ਸਾਧਨ ਨੂੰ ਪ੍ਰਾਪਤ ਕਰਕੇ ਦਿਲ ਤਾਜ਼ਾ ਹੋ ਗਿਆ। ਲੈ ਕੇ ਖਾ ਲਈ।

ਮਨ ਵਿਚ ਇੱਛਾ ਹੋ ਰਹੀ ਹੈ ਕਿ ਬਹੁਤ ਕੁਝ ਕਹਿ ਦੇਵੇ। ਆਵਾਜ਼ ਨਹੀਂ ਨਿਕਲਦੀ। ਸਭ ਕੁਝ ਅੰਦਰ ਹੀ ਗੜਬੜ ਹੋ ਰਿਹਾ ਹੈ—

"ਮਾਤੁਕੁੱਟੀ ?"

"ਉਸ ਨੂੰ ਕਲ ਹੀ ਆਉਣਾ ਚਾਹੀਦਾ ਸੀ। ਅੱਜ ਸ਼ਾਮ ਤੱਕ ਜ਼ਰੂਰ ਆ ਜਾਏਗਾ।"

"ਉਸ ਦੇ ਆਉਣ ਤੇ ਮੈਂ ਉਸ ਨੂੰ ਕੁਝ ਕਹਿਣਾ ਹੈ।"

"ਕੀ ਏ ਪਿਤਾ ਜੀ ?"

"ਹੈਂ।"

"ਮੈਨੂੰ ਦੱਸੋ।"

"ਪਾਣੀ ਪਿਲਾ। ਅੰਦਰ ਬਹੁਤ ਜਲਨ ਹੈ।"

"ਪੇਟ ਖਾਲੀ ਹੈ ਨਾ ?"

ਸ਼ਾਤੰਮਾ ਨੇ ਕਾਫੀ ਪਿਲਾਈ। ਚਮਚ ਨਾਲ ਦੇ ਰਹੀ ਸੀ। ਹੋਰ-ਹੋਰ ਮੰਗੀ ਹੀ ਗਏ। ਬਹੁਤ ਜਲਨ। ਸਿਰ ਹੱਥ ਵਿਚ ਸੰਭਾਲ ਕੇ ਕਾਫੀ ਹੱਥ 'ਚੋਂ ਫੜਾ ਦਿਤੀ। ਅੰਤੜੀਆਂ ਵਿਚ ਕੰਡੇ ਜਿਹੇ ਖਿਚੇ ਜਾ ਰਹੇ ਸਨ। ਬਹੁਤ ਬੇਚੈਨੀ। ਜਲਨ ਉਤੇ ਵਲ ਵਧ ਰਹੀ ਹੈ। ਅੱਖੀਆਂ 'ਚ ਹਨੇਰਾ...

ਕਿੰਨੀ ਜਲਦੀ ਹਨੇਰਾ ਫੈਲ ਰਿਹਾ ਹੈ ? ਜਲਦੀ ਜਾਣਾ ਹੈ। ਨਾ ਹੱਥ ਵਿਚ ਬੱਤੀ ਹੈ ਤੇ ਨਾ ਹੀ ਚਾਂਦਨੀ। ਤੇਜ਼-ਤੇਜ਼ ਚਲ ਪਿਆ।

"ਰੁਕ ਜਾਓ।"

ਕੋਈ ਪਿਛੇ ਅੰਗੋਛਾ ਪਕੜ ਕੇ ਖਿੱਚਦਾ ਹੈ। ਕੌਣ ? ਇਕ ਮਰਦ ਤੇ ਇਕ ਔਰਤ। ਔਰਤ ਨੂੰ ਪਹਿਲਾਂ ਕਿਧਰੇ ਵੇਖਿਆ ਹੈ। ਪੇਨੰਮਾ। ਪੁਰਸ਼ ?...

"ਕੀ ਸੋਚਦੇ ਸਾਓ ਕਿ ਨੱਸ ਜਾਓਗੇ ?"

"ਹੂੰ, ਕੀ ਚਾਹੀਦਾ ਏ ?"

"ਤੂੰ ਇਸ ਨੂੰ ਪਛਾਣਦਾ ਏਂ ?"

"ਨਹੀਂ ਪਛਾਣਦਾ।"

"ਅੱਖਾਂ 'ਚ ਘੱਟਾ ਪਾਉਣ ਦੀ ਕੋਸ਼ਿਸ਼ ਨਾ ਕਰ। ਹਿਸਾਬ ਚੁਕਾਉਣਾ ਪਏਗਾ। ਘਰ ਵਿਚ ਮਰਦ ਦੀ ਗੈਰ ਹਾਜ਼ਰੀ ਵਿਚ ਲੁਕ ਛਿਪ ਕੇ ਆਇਆ ਤੇ ਲੁਭਾ ਫੁਸਲਾ ਕੇ ਸੜਕ ਦੀ ਭਿਖਾਰਣ ਬਣਾ ਦਿਤਾ ਨਾ ?"

"ਮੈਂ ਨਹੀਂ। ਧੋਤੀ ਛੱਡ ਦੇ।"

ਠਹਾਕਾ।

"ਕਰਜ਼ਾ ਕਿਸੇ ਦਿਨ ਅਦਾ ਕਰਨਾ ਹੀ ਪਏਗਾ। ਤੂੰ ਨਹੀਂ ਤਾਂ ਤੇਰੀ ਸੰਤਾਨ। ਸਮਝਿਆ ?"

"ਕੀ ?"

"ਤੂੰ ਲਿਆ। ਬੇਟੇ ਦਿਤਾ...ਹੈ ਨਾ ?"

ਫਿਰ ਠਹਾਕਾ।

"ਹਨੇਰਾ ਹੋ ਗਿਆ। ਮੈਂ ਜਾਣਾ ਹੈ। ਰੋਸ਼ਨੀ ਵੀ ਨਹੀਂ।"

ਇਹ ਕੀ ? ਆਸਮਾਨ ਤੋਂ ਇਕ ਚਿੱਟਾ ਘੋੜਾ ਤੇਜ਼ ਦੌੜਦਾ ਆ ਰਿਹਾ ਹੈ। ਉਸ ਤੇ ਸਵਾਰ ਵਿਅਕਤੀ ਦੀਆਂ ਅੱਖੀਆਂ ਅੱਗ ਦੀਆਂ ਲਪਟਾਂ ਵਰਗੀਆਂ ਹਨ। ਸਿਰ ਤੇ ਕਈ ਰਾਜ ਮੁਕਟ ਹਨ। ਉਸ ਦਾ ਚੋਗਾ ਖੂਨ ਦੀਆਂ ਬੂੰਦਾਂ ਨਾਲ ਲਾਲ ਹੋਇਆ-ਹੋਇਆ ਹੈ। ਉਸ ਦੇ ਮੂੰਹ 'ਚੋਂ ਤੇਜ਼ ਤਲਵਾਰ ਜਾਤੀਆਂ ਨੂੰ ਮਾਰ ਦੇਣ ਲਈ ਨਿਕਲ ਗਈ ਹੈ। ਇਕ ਹੀ ਵਾਰ ਵਿਚ ਹਜ਼ਾਰਾਂ ਗਲੇ ਕੱਟ ਕੇ ਹੇਠਾਂ ਡਿਗ ਪਏ। ਖੂਨ ਦੀ ਨਦੀ ਵਗ ਪਈ। ਵਗਦੀ-ਵਗਦੀ ਆਸਮਾਨ ਦੀ ਸੀਮਾ ਤੱਕ ਫੈਲ ਜਾਂਦੀ

ਹੈ। ਹਰ ਜਗ੍ਹਾ ਲਾਲ ਰੰਗ। ਭੜਕੀਲੀ ਲਾਲੀ। ਕੀ ਨਵਾਂ ਸਵੇਰਾ ਨਿਕਲ ਰਿਹਾ ਹੈ ? ਤੋਤੇ ਚਿੜੀਆਂ ਚਹਿਕ ਰਹੇ। ਮੁਰਗਾ ਬੋਲ ਰਿਹਾ ਹੈ।

ਬਹੁਤ ਸਾਰੀਆਂ ਚੀਜ਼ਾਂ ਵਿਖਾਈ ਦੇ ਰਹੀਆਂ ਹਨ। ਪਰ ਕੁਝ ਵੀ ਸਾਫ਼ ਨਹੀਂ। ਅੱਖੀਆਂ ਦੇ ਸਾਹਮਣੇ ਮਹੀਨ ਸਫੇਦ ਕਪੜੇ ਦਾ ਪੜਦਾ ਛਾ ਗਿਆ ਹੈ। ਇਧਰ ਉਧਰ ਚਲਦੇ ਲੋਕ ਪਰਛਾਈਆਂ ਹਨ। ਰੋਣ ਕੁਰਲਾਣ ਦੀ ਆਵਾਜ਼ ਕਿਧਰੇ ਦੂਰ ਸੁਣਾਈ ਦੇਣ ਦੀ ਹਲਕੀ ਜਿਹੀ ਪ੍ਰਤਿਧੁਨੀ ਜਿਹੀ ਆ ਰਹੀ ਹੈ—

"ਪਿਤਾ ਜੀ।"

"ਦਾਦਾ ਜੀ।"

"ਅੱਖੀਆਂ ਖੋਲੋ।"

"ਪਿਤਾ ਜੀ।"

"ਸ਼ੋਰ ਨਾ ਕਰੋ।"

"ਵੈਦਿਕ ਨੂੰ ਬੁਲਾ ਕੇ ਇਕ ਵਾਰ ਫਿਰ ਤੇਲ ਅਭਿਸ਼ੇਕ ਕਰਵਾਈਏ।"

"ਕਿਸੇ ਨੂੰ ਭੇਜੋ।"

"ਓਹ, ਨਹੀਂ ਚਾਹੀਦਾ। ਏਹੋ ਜਹੀ ਬੇਹੋਸ਼ੀ ਕਿਈ ਵਾਰ ਹੋ ਜਾਂਦੀ ਹੈ।"

ਪਰਦੇ ਦਾ ਰੰਗ ਹੁਣ ਚਾਂਦਨੀ ਵਰਗਾ ਹੈ। ਪੁੰਨਿਆਂ ਦੀ ਚਾਂਦਨੀ। ਵਗਦੀ ਖਿਲਰਦੀ ਚਾਂਦਨੀ। ਨਹੀਂ, ਨਹੀਂ। ਪਰਦੇ ਦੇ ਸਤ ਰੰਗ ਹਨ। ਪਰਦਾ ਉਪਰ ਉਠਦਾ ਹੈ। ਸੋਨੇ ਦੀ ਗੱਦੀ ਵਿਖਾਈ ਦਿੰਦੀ ਹੈ। ਗੱਦੀ ਤੇ ਬੈਠੇ ਵਿਅਕਤੀ ਦੇ ਸੱਜੇ ਹੱਥ ਵਿਚ ਅੰਦਰ ਬਾਹਰ ਲਿਖੀ ਸਤ ਮੋਹਰਾਂ ਦੀ ਇਕ ਪੁਸਤਕ।

ਪਹਿਲੀ ਮੋਹਰ ਖੋਲ੍ਹੀ ਤਾਂ ਇਕ ਚਿੱਟਾ ਘੋੜਾ ਨਜ਼ਰੀਂ ਪਿਆ। ਉਸ ਤੇ ਬੈਠੇ ਆਦਮੀ ਦੇ ਹੱਥ ਵਿਚ ਕਮਾਨ ਹੈ।

ਦੂਜੀ ਮੋਹਰ ਖੋਲ੍ਹੀ ਤਾਂ ਲਾਲ ਘੋੜਾ ਆਇਆ। ਉਸ ਤੇ ਬੈਠੇ ਵਿਅਕਤੀ ਦੇ ਹੱਥ ਵਿਚ ਤਲਵਾਰ ਹੈ।

ਤੀਜੀ ਮੋਹਰ ਤੋੜੀ ਤਾਂ ਕਾਲਾ ਘੋੜਾ ਨਿਕਲਿਆ। ਉਸ ਤੇ ਬੈਠੇ ਵਿਅਕਤੀ ਦੇ ਹੱਥ ਵਿਚ ਤਰਾਜੂ ਹੈ।

ਰੋਣ ਦੀ ਆਵਾਜ਼ ਉਠੀ। ਕੋਲ ਦੌੜੀ ਆਉਂਦੀ ਅਪਾਰ ਭੀੜ ਦੇ ਚਿੱਲਾਣ ਦੀ ਆਵਾਜ਼। ਆਵਾਜ਼ ਨੇੜੇ ਹੀ ਹੁੰਦੀ ਜਾ ਰਹੀ ਹੈ। ਕੀ ਵੇਖਦੇ ਹਨ ? ਸਮੁੰਦਰ ਧਰਤੀ ਤੇ ਕਬਜ਼ਾ ਕਰਨ ਆ ਰਿਹਾ ਹੈ। ਲਹਿਰਾਂ ਆਸਮਾਨ ਨੂੰ ਛੂੰਹਦੀਆਂ ਝੂਲ ਰਹੀਆਂ ਹਨ। ਪਲ ਭਰ ਵਿਚ ਸਮੁੰਦਰ ਉਸ ਭੀੜ ਨੂੰ ਨਿਗਲ ਗਿਆ। ਉਨ੍ਹਾਂ ਦਾ ਰੋਣਾ ਧੋਣਾ ਆਕਾਸ਼ ਵਿਚ ਗੂੰਜ ਉਠਿਆ। ਉਠਦਿਆਂ-ਉਠਦਿਆਂ ਉਚੀ ਥਾਂ ਤੇ ਪੁਜਣਾ ਹੈ। ਜਿਉਂ-ਜਿਉਂ ਉਪਰ ਉਠਣ ਦੀ ਕੋਸ਼ਿਸ਼ ਕਰਦੇ ਹਨ, ਤਿਉਂ-ਤਿਉਂ ਗਰਦਨ ਤੇ ਇਕ ਭਾਰੀ ਪੱਥਰ ਦੇ ਬੰਨ੍ਹ ਦੇਣ ਜਿਹਾ ਅਨੁਭਵ ਹੁੰਦਾ ਹੈ। ਹੇਠਾਂ ਧੱਸੀ ਜਾ ਰਿਹਾ ਹੈ। ਪਰ ਛੱਡਣਾ ਕਿਵੇਂ ? ਫਿਰ ਹੱਥ ਪੈਰ ਮਾਰ ਕੇ ਉਪਰ ਉਠਿਆ। ਥੱਕਾ-ਟੁੱਟਾ ਉਪਰਲੀ ਸਤਹ ਤੇ ਪੁੱਜ ਗਿਆ। ਆਸਮਾਨ ਦੀ ਛੱਤ ਨੂੰ ਹੱਥ ਨਾਲ ਛੂਹ ਸਕਦੇ ਹਾਂ। ਅਸਤ ਹੋਣ ਵਾਲੇ ਸੂਰਜ ਨੂੰ ਵੇਖ ਸਕਦੇ ਹਾਂ। ਚਵੀਂ ਪਾਸੀਂ ਲੋਕ ਹੀ

ਲੋਕ । ਇਹ ਕਿਉਂ ਨਹੀਂ ਜਾਂਦੇ ?......

"ਮੇਰੇ ਦਾਦਾ ਜੀ, ਜ਼ਰਾ ਅੱਖਾਂ ਖੋਲੋ ।"

"ਵੇਖੋ ਇਹ ਕੌਣ ਆਇਆ ਹੈ ?"

"ਕਿਵੇਂ ਖੋਲ੍ਹਾਂ ਬੇਟੀ ? ਪਲਕਾਂ ਜਿਵੇਂ ਸੀਪ ਗਈਆਂ ਹਨ ।"

"ਮੈਂ ਹਾਂ ਦਾਦਾ ਜੀ ਕੁੱਟੀਅੰਮਾ ।"

"ਜਾਣਦਾ ਹਾਂ । ਜ਼ਰਾ ਪਹਿਲਾਂ ਆਉਂਦੀ ਤਾਂ ਤੇਰੇ ਨਾਲ ਇਕ ਗੱਲ ਕਰਨੀ ਸੀ । ਹੁਣ ਦੇਰ ਹੋ ਗਈ ਹੈ ।"

ਫਿਰ ਲਹਿਰਾਂ ਵਿਚ ਫਸ ਗਏ । ਹੱਥ ਪੈਰ ਦੁਖ ਰਹੇ ਹਨ । ਨਹੀਂ...

ਮੇਲੋਝੱਤੂ ਘਰ ਵਿਚ ਵਿਹੜੇ ਅੰਦਰ ਤੇ ਅਹਾਤੇ ਅੰਦਰ ਲੋਕਾਂ ਦੀ ਭੀੜ ਹੈ । ਮੁਹੱਲੇ ਦੇ ਸਭ ਜਾਤੀਆਂ, ਧਰਮਾਂ ਦੇ ਇਸਤ੍ਰੀ ਪੁਰਸ਼ਾਂ ਨੇ ਕੁੰਏਨਾਚੰਨ ਨੂੰ ਆ ਕੇ ਵੇਖਿਆ । ਉਸ ਪਿੰਡ ਦੇ ਸਭ ਤੋਂ ਵੱਡੇ ਬਜ਼ੁਰਗ ਸਨ । ਬੇਟੇ, ਪੋਤੇ, ਪੜਪੋਤਿਆਂ ਦੇ ਭਰੇ ਬਹੁਤ ਵੱਡੇ ਪਰਿਵਾਰ ਦੇ ਮੁਖੀਆ ।

ਦੋ ਆਦਮੀ ਮਿਲਦੇ ਤਾਂ ਆਪਸ ਵਿਚ ਗੱਲਾਂ ਕਰਦੇ—

"ਮੇਲੋਝੱਤੂ ਦੇ ਕੁੰਏਨਾਚੰਨ ਦੀ ਤਬੀਅਤ ਬਹੁਤ ਖਰਾਬ ਹੈ ।"

"ਸਿਰਫ ਇਕ ਸਾਹ ਹੀ ਅੜਿਆ ਹੋਇਆ ਹੈ ।"

"ਮਾਤੁਕੁੱਟੀ ਮਾਲਾਬਾਰ ਗਿਆ ਏ । ਅਜੇ ਮੁੜਿਆ ਨਹੀਂ ।"

ਛੋਟੀ ਬਹੂ ਟਹਿਲ ਸੇਵਾ ਕਰਦੀ ਏ । ਕਿੰਨੇ ਦਿਨਾਂ ਤੋਂ ਉਹ ਦਾਦੇ ਦੀ ਸੇਵਾ ਦੀ ਤਕਲੀਫ ਝਲ ਰਹੀ ਏ । ਉਹ ਸ਼ਰੀਫ ਲੜਕੀ ।

ਇਸ ਭੀੜ-ਭੜੱਕੇ ਤੇ ਸ਼ੋਰ ਗੁਲ ਵਿਚ ਕੁਰੁਪ ਵੀ ਕਈ ਵਾਰ ਆਇਆ, ਪਰਿਵਾਰ ਦੇ ਬੰਦਿਆਂ ਵਾਂਗ ਹੀ ਪੁਛਗਿੱਛ ਕਰਦਾ ਰਿਹਾ ।

ਜਦ ਯਕੀਨ ਹੋ ਗਿਆ ਕਿ ਹੁਣ ਨਹੀਂ ਬਚਣ ਲੱਗੇ ਤਾਂ ਇਕ ਵਾਰ ਅੰਤਿਮ ਪਰਮ ਸਸਕਾਰ ਕੀਤਾ ।

ਵਿਹੜੇ ਵਿਚ ਪੰਡਾਲ ਬਣਿਆ ਹੈ । ਉਸ ਦੀ ਦੇਖ-ਰੇਖ ਕੁਰੁਪ ਹੀ ਕਰ ਰਿਹਾ ਸੀ । ਦੀਨਾਮਾ ਪੰਡਾਲ ਵਿਚ ਖੜੀ ਭਰੇ ਹੋਏ ਗਲੇ ਨਾਲ ਕੁਝ ਰਿਸ਼ਤੇਦਾਰਾਂ, ਔਰਤਾਂ ਨਾਲ ਬੀਮਾਰੀ ਦੀ ਗੱਲ ਕਰ ਰਹੀ ਸੀ । ਕੁਰੁਪ ਨੇ ਕੋਲ ਜਾ ਕੇ ਆਖਿਆ—

"ਸਿਸਿਲੀ ਮੁੰਨੀ ਦੀ ਮਾਂ ਜ਼ਰਾ ਇਧਰ ਆਉਣਾ ।"

ਦੀਨਾਮਾ ਕੋਲ ਗਈ । ਇਕ ਨਿਰਜਨ ਕੋਨੇ ਵਿਚ ਪਹੁੰਚ ਕੇ ਫੁਸਫੁਸਾਂਦੀ ਆਵਾਜ਼ ਵਿਚ ਪੁਛਿਆ—

"ਹੁਣ ਮਨ ਨੂੰ ਸ਼ਾਂਤੀ ਆ ਗਈ ?"

"ਬੁਰੀ ਗੱਲ ਮੂੰਹ 'ਚੋਂ ਨਾ ਕੱਢੋ । ਜਾਣਦੇ ਹੋ ਬਾਬੂ ਜੀ ਮੈਨੂੰ ਕਿੰਨਾ ਚਾਹੁੰਦੇ ਸਨ ? ਵਿਚਾਰੇ । ਮੈਂ ਹੀ...ਹੇ ਪਿਤਾ ! ਮੇਰੇ 'ਤੇ ਅੱਗ ਤੇ ਗੰਧਕ ਕਿਉਂ ਨਹੀਂ ਵਸਾਉਂਦੇ ? ਪਰਮਾਤਮਾ ਦੀ ਕਸਮ ਅੱਗੋਂ ਮੈਨੂੰ ਮਿਲਣ ਕਦੀ ਨਾ ਆਉਣਾ । ਕਰੁਣਾਸ਼ੀਲ ਯਹੋਵਾ...

"ਯਹੋਵਾ ਨੇ ਨਹੀਂ ਮੈਂ ਹੀ ਬਚਾਇਆ ਹੈ ।"

"ਹੂੰ ?"

ਸ਼ਿਵਰਾਮ ਕੁਰੁਪ ਦੇ ਚੇਹਰੇ ਤੋਂ ਇਕ ਬਦਮਾਸ਼ੀ ਦੀ ਹੱਸੀ ਝਲਕ ਪਈ। ਹੌਲੀ ਜਿਹੀ ਬੋਲਿਆ—

"ਮੈਂ ਹੀ ਕੰਮ ਠੀਕ ਕੀਤਾ ਏ।"

"ਕੀ ?"

"ਹੂੰ ?"

"ਕੀ ਕੰਮ ਠੀਕ ਕੀਤਾ ਏ ?"

"ਇਕ ਚਾਲ ਚੱਲੀ।"

"ਬੋਲੋ ਕੀ ਚਾਲ ਚੱਲੀ ?"

"ਅਫੀਮ ਦੇ ਨਾਲ ਇਕ ਚੀਜ਼ ਮਿਲਾ ਦਿੱਤੀ। ਰੱਤੀ ਭਰ ਜ਼ਹਿਰ।"

"ਮੁਕਤੀਦਾਤਾ।"

"ਦੀਨਾਮਾ ਦਾ ਰੋਣ ਗਲੇ ਵਿਚ ਹੀ ਦਬ ਕੇ ਰਹਿ ਗਿਆ।"

"ਹੋਰ ਕੀ ? ਸਵੇਰੇ ਤੂੰ ਮੈਨੂੰ ਆਖਿਆ ਸੀ ਨਾ ਕਿ ਇੱਜ਼ਤ ਗਈ ਤਾਂ ਜ਼ਿੰਦਾ ਨਹੀਂ ਰਹਾਂਗੀ।"

ਦੀਨਾਮਾ ਨੂੰ ਅਜਿਹਾ ਗੁੱਸਾ ਆਇਆ ਕਿ ਲੱਗਿਆ ਉਸ ਨੂੰ ਨੋਚ ਕੇ ਖਾ ਜਾਏ। ਗਰਜਨ ਦੀ ਇੱਛਾ ਹੋਈ। ਘੋਰ ਪਾਪੀ। ਰਾਖਸ਼ਸ਼। ਪੀਣ ਦੇ ਪਾਣੀ ਵਿਚ ਵੀ ਛਲ ਕਰਨ ਵਾਲੇ। ਹੱਟ ਜਾ ਮੇਰੇ ਸਾਹਮਣਿਉਂ। ਨਹੀਂ ਤਾਂ ਮੈਂ ਤੈਨੂੰ ਮਾਰ ਦੇਵਾਂਗੀ—

ਸਭ ਕੁਝ ਮਨ ਵਿਚ ਛੁਪਾਈ ਦੀਨਾਮਾ ਕੁੰਏਨਾਚੰਨ ਦੀ ਮੰਜੀ ਕੋਲ ਮੁੜ ਆਈ। ਬੜੀ ਦੇਰ ਤੱਕ ਉਨ੍ਹਾਂ ਦੇ ਚਿਹਰੇ ਨੂੰ ਗੌਰ ਨਾਲ ਵੇਖਦੀ ਰਹੀ। ਹੁਣ ਰਹਿ ਨਹੀਂ ਸਕੀ। ਦੀਨਾਮਾ ਮੰਜੀ ਉਤੇ ਮੂੰਹ ਭਾਰ ਡਿੱਗ ਪਈ ਤੇ ਕੁੰਏਨਾਚੰਨ ਦੇ ਪੈਰ ਫੜ ਕੇ ਫੁੱਟ-ਫੁੱਟ ਕੇ ਰੋ ਪਈ। ਚਵੀਂ ਪਾਸੇ ਖਲੋਤੇ ਲੋਕ ਵੇਖ ਕੇ ਦੰਗ ਰਹਿ ਗਏ। ਕੀ ਗੱਲ ਏ, ਇਸ ਤਰ੍ਹਾਂ ਯਕਦਮ ਰੋ ਪਈ ਹੈ ?

ਇਕ ਬਜ਼ੁਰਗ ਔਰਤ ਨੇ ਆਖਿਆ—

"ਵਿਚਾਰੀ। ਅਜ ਤੱਕ ਇਹ ਹੀ ਦਿਨ ਰਾਤ ਟਹਿਲ ਸੇਵਾ ਕਰਦੀ ਰਹੀ ਏ ਨਾ ?"

ਕੀਵਰੀਤ ਨੇ ਆਖਿਆ—

"ਦੀਨਾਮਾ ਇਸ ਤਰ੍ਹਾਂ ਰੋ ਕੇ ਦੂਜਿਆਂ ਨੂੰ ਪ੍ਰੇਸ਼ਾਨ ਨਾ ਕਰ।"

ਕੁੰਯੁਚੇਰੁਕਨ ਨੇ ਆਖਿਆ—

"ਮਾਤੁਕੁੱਟੀ ਅਜੇ ਵੀ ਨਹੀਂ ਆਇਆ। ਉਹ ਹਮੇਸ਼ਾ ਹੀ ਇੰਝ ਕਰਦਾ ਏ। ਕਿਧਰੇ ਜਾ ਕੇ ਕਦੀ ਵਕਤ ਸਿਰ ਨਹੀਂ ਮੁੜਦਾ।"

ਥਾਮਸ ਮਾਸਟਰ ਨੇ ਆਖਿਆ—

"ਡਾਕਟਰ ਨੂੰ ਇਕ ਵਾਰ ਫਿਰ ਬੁਲਾ ਲਿਆਵਾਂ ?"

"ਓ ! ਕਿਉਂ ਬੇਟਾ ?"

ਕੁੰਯਪੀ ਵੀ ਬੋਲਿਆ—

"ਹੁਣ......"

'ਇਹ ਗੱਲ ਨਹੀਂ। ਉਮਰ ਦੇ ਵਧਣ ਨਾਲ ਇਉਂ ਸੋਚਣਾ ਠੀਕ ਨਹੀਂ। ਕਿਸ ਨੂੰ ਪਤਾ ਕਿ ਆਦਮੀ ਦੀ ਉਮਰ ਕਿੰਨੀ ਹੁੰਦੀ ਹੈ।"

"ਹੂੰ। ਸਾਲੇ ਨੂੰ ਜੇ ਇਹ ਹੀ ਜਚਦਾ ਹੈ ਤਾਂ ਮੋਟਰ ਲੈ ਕੇ ਜਲਦੀ ਬੁਲਾ ਲਿਆ।"

ਥਾਮਸ ਮਾਸਟਰ ਜਾਣ ਹੀ ਵਾਲਾ ਸੀ ਕਿ ਅਚਾਨਕ ਕੁੰਏਨਾਚੰਨ ਤੜਫ ਉਠੇ। ਕਰਾਹਣ ਦੀ ਆਵਾਜ਼ ਆਈ। ਇਕ ਅੱਧ ਹਿਚਕੀ...

"ਮੰਜੀ ਤੋਂ ਹੇਠ ਉਤਾਰ ਲਈਏ..."

"ਪਕੜੋ।"

"ਪਿਤਾ ਜੀ।"

"ਮੇਰੇ ਪਿਆਰੇ ਦਾਦਾ ਜੀ।"

ਅੰਤਿਮ ਵਾਰ ਜਲ ਦਾ ਆਚਮਨ ਕਰਾਇਆ।

ਨਵਾਂ ਆਸਮਾਨ ਤੇ ਨਵੀਂ ਧਰਤੀ ਵਿਖਾਈ ਦੇ ਰਹੀ ਹੈ। ਨੱਬੇ ਵਰ੍ਹੇ ਦੇਖੀ ਪੁਰਾਣੀ ਜ਼ਮੀਨ ਤੇ ਪੁਰਾਣਾ ਆਸਮਾਨ ਹੁਣ ਦੂਰ ਹੋ ਗਿਆ ਹੈ। ਦੂਰ ਸਵੰਰਨ ਸਿੰਘਾਸਨ ਤੋਂ ਇਕ ਮਹਾਨਾਦ ਸੁਣਾਈ ਦੇ ਰਿਹਾ ਹੈ। ਮੇਰੇ ਡੇਰੇ 'ਚ ਆ। ਹੁਣ ਤੂੰ ਮੇਰੇ ਨਾਲ ਰਹੇਂਗਾ। ਹੁਣ ਤੋਂ ਤੂੰ ਮੇਰੇ ਜਨਾਂ 'ਚੋਂ ਇਕ ਹੋਵੇਂਗੀ। ਮੈਂ ਤੇਰੇ ਅੱਥਰੂ ਪੂੰਝ ਦੇਵਾਂਗਾ। ਹੁਣ ਤੋਂ ਤੈਨੂੰ ਦੁਖ ਕਸ਼ਟ ਨਹੀਂ ਝਲਣਾ ਪੈਣ ਲੱਗਾ।

ਕੋਲ ਗਿਆ। ਬਾਂਹਾਂ ਖਿਲਾਰੀਆਂ। ਛਾਤੀ ਨਾਲ ਲਾ ਕੇ ਘੁੱਟ ਲਿਆ। ਮੱਥਾ ਚੁੰਮਿਆ।

ਕੁੰਏਨਾਚੰਨ ਇਕ ਵਾਰ ਫਿਰ ਕੰਬਿਆ। ਮੂੰਹ ਖੁਲ੍ਹਾ। ਸਿਰ ਇਕ ਪਾਸੇ ਲਟਕ ਗਿਆ।

ਇਕੱਠੇ ਹੋਏ ਸਭ ਜਣੇ ਚੀਕ ਉਠੇ। ਸਭ ਤੋਂ ਉੱਚੀ ਆਵਾਜ਼ ਦੀਨਾਮਾ ਦੀ ਸੀ।

"ਮੇਰੇ ਪਿਆਰੇ ਬਾਬੂ ਜੀ......ਸਾਡੇ ਬਾਬੂ ਜੀ।"

ਬਾਕੀ ਦੀ ਗੱਲ ਉਸ ਦੇ ਗਲ ਵਿਚ ਹੀ ਅਟਕੀ ਰਹੀ।

ਰੋਣਾ ਸੁਣ ਕੇ ਲੋਕਾਂ ਦੀ ਭੀੜ ਇਕੱਠੀ ਹੋ ਗਈ। ਇਕ ਬਜ਼ੁਰਗ ਆਦਮੀ ਨੇ ਆਖਿਆ—

"ਜਿਹਾ ਕਿ ਯਹੋਵਾ ਨੇ ਆਬਰਾਹਮ ਨੂੰ ਕਿਹਾ ਸੀ, ਕੁੰਏਨਾਚੰਨ ਸ਼ਾਂਤੀਪੂਰਵਕ ਆਪਣੇ ਬਜ਼ੁਰਗਾਂ ਨੂੰ ਜਾ ਮਿਲੇ ਹਨ। ਚੰਗੀ ਬ੍ਰਿਧ ਅਵਸਥਾ ਵਿਚ ਬੁਲਾਏ ਗਏ ਹਨ। ਭਾਗਾਂ ਵਾਲੇ ਹਨ।"

ਉਸ ਵੇਲੇ ਵੀ ਦੀਨਾਮਾ ਦੇ ਰੋਣ ਦੀ ਉੱਚੀ ਆਵਾਜ਼ ਸੁਣਾਈ ਦੇ ਰਹੀ ਸੀ।

---

ਛਾਪਕ : ਜਨਤਕ ਪ੍ਰੈਸ, 159, ਲਾਜਪਤ ਰਾਇ ਮਾਰਕੀਟ, ਚਾਂਦਨੀ ਚੌਕ, ਦਿੱਲੀ-6